# ਲੁਕਿਆ ਸੱਚ

(ਕੂਕਾ ਅੰਦੋਲਨ ਨਾਲ ਸੰਬੰਧਤ ਪੰਜਾਬ ਸਟੇਟ ਆਰਕਾਈਵਜ਼ ਪਟਿਆਲਾ ਵਿਚ ਮੌਜੂਦ

ਉਰਦੂ-ਫਾਰਸੀ ਦਸਤਾਵੇਜ਼ਾਂ ਦਾ ਪੰਜਾਬੀ ਅਨੁਵਾਦ)

## ਲੇਖਿਕਾ ਦਾ ਸਾਹਿਤਕ ਸਫਰ

## ਛਪੀਆਂ ਪੁਸਤਕਾਂ ਦਾ ਵੇਰਵਾ

| | | |
|---|---|---|
| 1) | ਤ੍ਰਿਸ਼ਨਾ (ਕਹਾਣੀਆਂ) | 1987 |
| 2) | ਰੂਹ ਪੰਜਾਬ ਦੀ (ਜੀਵਨੀ ਮਹਾਰਾਣੀ ਜਿੰਦ ਕੌਰ) (ਬਾਲ -ਸਾਹਿਤ) | 1990 ਤੇ 2011 |
| 3) | ਮਹਾਂਬਲੀ ਰਣਜੀਤ ਸਿੰਘ (ਜੀਵਨੀ ਮਹਾਰਾਜਾ ਰਣਜੀਤ ਸਿੰਘ) (ਬਾਲ -ਸਾਹਿਤ) | 1991 ਤੇ 2011 |
| 4) | ਵਡ-ਪ੍ਰਤਾਪੀ ਸਤਿਗੁਰੂ (ਜੀਵਨੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) (ਬਾਲ -ਸਾਹਿਤ) | 1991 ਤੇ 2011 |
| 5) | ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਾਗਬਾਨੀ ਪ੍ਰਤੀ ਦੇਣ (ਖੋਜ-ਪੱਤਰ) ਪੈਂਫਲਟ | 1995 |
| 6) | ਬਖਸ਼ਿਸ਼ (ਕਵਿਤਾਵਾਂ) | 1996 |
| 7) | ਪ੍ਰਕਾਸ਼-ਪੁੰਜ ਭਾਗ ਪਹਿਲਾ (ਜੀਵਨੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) | 1997 |
| 8) | ਤੂੰ ਹੀ ਤੂੰ (ਕਵਿਤਾਵਾਂ) | 2000 |
| 9) | ਬੰਸਾਵਲੀ-ਸ੍ਰੀ ਸਤਿਗੁਰੂ ਰਾਮ ਸਿੰਘ ਜੀ | 2006 |
| 10) | ਕੂਕਾ ਅੰਦੋਲਨ ਦੇ ਮਹਾਨ ਸੁਤੰਤਰਤਾ ਸੰਗਰਾਮੀ ਨਾਮਧਾਰੀ ਸ਼ਹੀਦ | 2008 |
| 11) | ਗੋਪਾਲ ਰਤਨ | 2011 |
| 12) | ਪ੍ਰਕਾਸ਼ ਪੁੰਜ ਭਾਗ ਦੂਜਾ (ਜੀਵਨੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) | 2011 |
| 13) | ਗੋਪਾਲ ਰਤਨ (ਹਿੰਦੀ) | 2012 |
| 14) | ਦੇਸ਼ ਦੇਸ਼ਾਂਤਰ (ਸਫਰਨਾਮੇ) | 2012 |
| 15) | ਪ੍ਰਕਾਸ਼ ਪੁੰਜ ਭਾਗ 1 (ਅੰਗਰੇਜ਼ੀ) ਵੈਬਸਾਈਟ ’ਤੇ | 2012 |
| 16) | ਅੰਮ੍ਰਿਤਸਰ ਸਾਕੇ ਦੇ ਨਾਮਧਾਰੀ ਸ਼ਹੀਦ (ਇਤਿਹਾਸ ਅਤੇ ਬੰਸਾਵਲੀਆਂ) | 2018 |
| 17) | ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਖਸ਼ਿਸ਼ ਦੇ ਪਾਤਰ-ਸੰਤ ਕੇਹਰ ਸਿੰਘ ਰੋਪੜ | 2018 |
| 18) | ਲੁਕਿਆ ਸੱਚ : (ਕੂਕਾ ਅੰਦੋਲਨ ਨਾਲ ਸੰਬੰਧਤ ਸਰਕਾਰੀ ਦਸਤਾਵੇਜ਼) | 2020 |
| 19) | ਲੁਧਿਆਣਾ ਅਤੇ ਰਾਏਕੋਟ ਸਾਕੇ ਦੇ ਨਾਮਧਾਰੀ ਸ਼ਹੀਦ (ਛਪ ਰਹੀ) | |
| 20) | ਮਲੇਰ ਕੋਟਲਾ ਸਾਕੇ ਦੇ ਨਾਮਧਾਰੀ ਸ਼ਹੀਦ (ਛਪ ਰਹੀ) | |
| 21) | ਸ੍ਰੀ ਸਤਿਗੁਰੂ ਰਾਮ ਸਿੰਘ ਜੀ (ਬਾਲ ਸਹਿਤ) ਛਪ ਰਹੀ | |
| 22) | ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ (ਬਾਲ ਸਹਿਤ) ਛਪ ਰਹੀ | |
| 23) | ਪ੍ਰਕਾਸ਼ ਪੁੰਜ ਭਾਗ ਤੀਜਾ (ਜੀਵਨੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਛਪ ਰਹੀ | |

# ਲੁਕਿਆ ਸੱਚ

(ਕੂਕਾ ਅੰਦੋਲਨ ਨਾਲ ਸੰਬੰਧਤ ਪੰਜਾਬ ਸਟੇਟ ਆਰਕਾਈਵਜ਼ ਪਟਿਆਲਾ ਵਿਚ ਮੌਜੂਦ ਉਰਦੂ–ਫਾਰਸੀ ਦਸਤਾਵੇਜ਼ਾਂ ਦਾ ਪੰਜਾਬੀ ਅਨੁਵਾਦ)

**ਸੂਬਾ ਸੁਰਿੰਦਰ ਕੌਰ ਖਰਲ**

# Lukia Sach

**(Punjabi Translation of Urdu-Persion documents relating to kuka Movement available in Punjab State Archives, Patiala)**

By
Suba Surinder Kaur Kharal
338, Mohalla Namdhari
Roopnagar (Punjab)-140001
Mobile: - 98157-03588,
94173-76345,
94172-73345,
Website: www.subasurinderkaur.com
E-mail. subakharal952@yahoo.com

© 2020 subasurinderkaurkharal

# ਸਮਰਪਣ:

## ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ 200ਵੇਂ ਪ੍ਰਕਾਸ਼-ਪੁਰਬ ਨੂੰ

## ਅਤੇ

## ਪਰਮ-ਪੂਜ, ਹਿਰਦੇ-ਸਮਰਾਟ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ

## ਪਾਵਨ ਪਵਿੱਤਰ ਯਾਦ ਨੂੰ

**ਆਜ ਯਾਦ ਆਤੇਂ ਹੈਂ ਸ਼ਹੀਦਾਂ-ਨੇ-ਵਤਨ**

**ਅਪਨੇ ਖ਼ੂਨ ਸੇ ਚਿਰਾਗੋਂ ਕੋ ਜਲਾਨੇ ਵਾਲੇ**

# ਤਤਕਰਾ

## ਮੁੱਢਲੇ ਪੰਨੇ


| | | | ਪੰਨਾ ਨੰ: |
|---|---|---|---|
| 1) | ਆਸ਼ੀਰਵਾਦ | ਸ੍ਰੀ ਸਤਿਗੁਰੂ ਉਦੇ ਸਿੰਘ ਜੀ | 9 |
| 2) | ਸੱਚ ਲੁਕਾਇਆ ਕਿਉਂ ਗਿਆ | ਸ੍ਰੀ ਅਸ਼ਵਨੀ ਕੁਮਾਰ ਦੇ ਵਿਸ਼ੇਸ਼ ਸੰਪਾਦਕੀ ਲੇਖ ਦਾ ਇੱਕ ਅੰਸ਼ | 10 |
| 3) | ਭੂਮਿਕਾ | ਡਾ. ਸਰਦਾਰਾ ਸਿੰਘ ਜੌਹਲ, ਚਾਂਸਲਰ, ਸੈਂਟਰਲ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ | 11-12 |
| 4) | ਪ੍ਰਸਤਾਵਨਾ | ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ, ਸੀਨੀਅਰ ਐਡਵੋਕੇਟ, ਪੰਜਾਬ ਐਂਡ ਹਰਿਆਣਾ ਹਾਈ ਕੋਰਟ ਚੰਡੀਗੜ੍ਹ | 13-14 |
| 5) | ਜਾਣ-ਪਛਾਣ | ਸ. ਸੁਵਰਨ ਸਿੰਘ ਵਿਰਕ, ਕਰੀਵਾਲਾ (ਜ਼ਿਲ੍ਹਾ ਸਰਸਾ) | 15-20 |
| 6) | ਮੁੱਖ ਬੰਦ | ਸੂਬਾ ਸੁਰਿੰਦਰ ਕੌਰ ਖਰਲ | 21-30 |


## ਕੂਕਾ ਅੰਦੋਲਨ ਦਾ ਇਤਿਹਾਸ


1) ਕੂਕਾ ਅੰਦੋਲਨ (ਸੰਖੇਪ ਵਿਚ) 31

2) ਅੰਮ੍ਰਿਤਸਰ ਦਾ ਸਾਕਾ 34

3) ਰਾਏਕੋਟ ਦਾ ਸਾਕਾ ਅਤੇ ਰਾਏਕੋਟ ਤੇ ਲੁਧਿਆਣੇ ਦਾ ਸ਼ਹੀਦੀ- ਕਾਂਡ 35

4) ਮਲੇਰ ਕੋਟਲਾ ਦਾ ਸਾਕਾ, 37-40

- i) ਸ਼ਹੀਦੀ ਜੱਥੇ ਦੇ ਸਿੰਘਾਂ ਨੇ ਆਪ ਆਪਣੀਆਂ ਗ੍ਰਿਫਤਾਰੀਆਂ ਦਿੱਤੀਆਂ 41
- ii) ਸ਼ਹੀਦੀ ਸਾਕੇ ਤੋਂ ਪਹਿਲਾਂ 43
- iii) 66 ਕੂਕੇ ਸਿੰਘਾਂ ਨੂੰ ਤੋਪਾਂ ਨਾਲ ਸ਼ਹੀਦ ਕੀਤਾ ਗਿਆ 47
- iv) ਕੂਕੇ ਸਿੰਘ ਆਪ ਤੋਪਾਂ ਅੱਗੇ ਆ ਕੇ ਸ਼ਹੀਦ ਹੋਏ 48
- v) ਬਾਲਕ ਬਿਸ਼ਨ ਸਿੰਘ ਪਿੰਡ ਰੜ ਦੀ ਸ਼ਹੀਦੀ 49
- vi) ਸ. ਵਰਿਆਮ ਸਿੰਘ ਪਿੰਡ ਮਹਿਰਾਜ ਦੀ ਸ਼ਹੀਦੀ 50

5) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਮਲੇਰ ਕੋਟਲਾ ਦੇ ਸਾਕੇ ਮਗਰੋਂ ਗ੍ਰਿਫਤਾਰ ਕਰਕੇ ਪਹਿਲਾਂ ਨਜ਼ਰਬੰਦ ਤੇ ਫਿਰ ਜਲਾਵਤਨ ਕੀਤਾ ਗਿਆ 51

6) ਨਾਮਧਾਰੀ ਪੰਥ ਬਾਗੀ ਕਰਾਰ 52

# ਦਸਤਾਵੇਜ਼ੀ ਫਾਇਲਾਂ

ਪਟਿਆਲਾ ਰਿਆਸਤ ਨਾਲ ਸੰਬੰਧਤ ਦਸਤਾਵੇਜ


| | | | |
|---|---|---|---|
| 1 | Mad No: - 1-86/1923- | ਮਹਾਰਾਜਾ ਪਟਿਆਲਾ ਨੂੰ ਕੂਕਾ ਅੰਦੋਲਨ ਨੂੰ ਆਪਣੇ ਇਲਾਕੇ ਵਿਚ ਦਬਾਉਣ ਦਾ ਇੰਤਜਾਮ ਕਰਨ ਵਾਸਤੇ ਸੰਨ 1866 ਨੂੰ ਅੰਗ੍ਰੇਜ ਸਰਕਾਰ ਵੱਲੋਂ ਲਿਖਵਾਏ ਗਏ ਦਸਤਾਵੇਜ਼ੀ ਖਤ | 53-70 |
| 2 | History 10 R | ਅੰਮ੍ਰਿਤਸਰ, ਰਾਏਕੋਟ ਅਤੇ ਲੁਧਿਆਣੇ ਸਾਕੇ ਨਾਲ ਸੰਬੰਧਤ ਦਸਤਾਵੇਜ਼ੀ ਚਿੱਠੀਆਂ | 71-84 |
| 3 | H 92 M Part -1 | ਮਲੇਰਕੋਟਲਾ ਸਾਕੇ ਨਾਲ ਸੰਬੰਧਤ ਦਸਤਾਵੇਜ਼ੀ ਚਿੱਠੀਆਂ | 85-294 |
| 4 | H 92 M Part –II | -ਮਲੇਰਕੋਟਲਾ ਸਾਕੇ ਨਾਲ ਸੰਬੰਧਤ ਦਸਤਾਵੇਜ਼ੀ ਚਿੱਠੀਆਂ | 295-528 |
| 5 | History 9 R (Arrest of Kukas) | -ਇੰਤਜਾਮੀਆਂ ਸੰਮਤ 1930 (ਸੰਨ 1873) ਦੀਆਂ ਚਿੱਠੀਆਂ ਜਿਨ੍ਹਾਂ ਵਿਚ ਗ੍ਰਿਫਤਾਰ ਕੂਕਿਆਂ ਦੇ ਬਿਆਨਾਂ ਤੇ ਹੁਲੀਆਂ ਦੀ ਸੂਚੀ ਦਰਜ ਹੈ। | 529-534 |
| 6 | History 67 G | -ਅੰਗ੍ਰੇਜ ਸਰਕਾਰ ਦੁਆਰਾ ਮਹਾਰਾਜਾ ਪਟਿਆਲਾ ਦੇ ਵਿਦੇਸ਼ ਵਿਭਾਗ ਨੂੰ ਸੰਨ 1879 ਨੂੰ ਲਿਖੇ ਗਏ ਪੱਤਰ, ਇਹ ਜਾਣਕਾਰੀ ਪ੍ਰਾਪਤ ਕਰਨ ਲਈ ਕਿ ਮਲੇਰਕੋਟਲਾ ਸਾਕੇ ਸਮੇਂ ਕੂਕਿਆਂ ਦੀ ਗ੍ਰਿਫਤਾਰੀ ਕਰਨ ਸਮੇਂ ਕਿਹੜੇ ਕਿਹੜੇ ਅਫ਼ਸਰ ਨਿਯੁਕਤ ਸਨ। | 535-540 |
| | 7-History of Nabha- | ਸੰਨ 1872 ਨੂੰ ਮਲੇਰਕੋਟਲਾ ਸਾਕੇ ਸਮੇਂ ਅੰਗ੍ਰੇਜ ਸਰਕਾਰ ਦੁਆਰਾ ਮਹਾਰਾਜਾ ਨਾਭਾ ਨੂੰ ਮਦਦ ਵਜੋਂ ਫੌਜ, ਰਸਦ ਅਤੇ ਤੋਪ ਆਦਿ ਭੇਜ ਕੇ ਸਹਿਯੋਗ ਦੇਣ ਲਈ ਲਿਖੇ ਗਏ ਪੱਤਰ ਅਤੇ ਇਸ ਸਾਕੇ ਮਗਰੋਂ ਸਹਿਯੋਗ ਦੇਣ ਲਈ ਧੰਨਵਾਦ ਵਜੋਂ ਲਿਖੇ ਗਏ ਖਤ। | 541-546 |
| | ਲੇਖਿਕਾ ਬਾਰੇ ਜਾਣਕਾਰੀ | | 547-549 |

# ਆਸ਼ੀਰਵਾਦ
# ਸ੍ਰੀ ਸਤਿਗੁਰੂ ਉਦੇ ਸਿੰਘ ਜੀ

'ਲੁਕਿਆ ਸੱਚ' (ਕੂਕਾ ਅੰਦੋਲਨ ਨਾਲ ਸੰਬੰਧਤ ਪੰਜਾਬ ਸਟੇਟ ਆਰਕਾਈਵਜ਼ ਪਟਿਆਲਾ ਵਿਚ ਮੌਜੂਦ ਉਰਦੂ-ਫਾਰਸੀ ਦਸਤਾਵੇਜ਼ਾਂ ਦਾ ਪੰਜਾਬੀ ਅਨੁਵਾਦ), ਸੂਬਾ ਸੁਰਿੰਦਰ ਕੌਰ ਜੀ ਵੱਲੋਂ ਸੰਪਾਦਿਤ ਵੱਡ- ਅਕਾਰੀ ਪੁਸਤਕ, ਇੱਕ ਮਹੱਤਵਪੂਰਨ ਅਤੇ ਸ਼ਲਾਘਾਯੋਗ ਕਾਰਜ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਸੂਬਾ ਜੀ ਨੇ ਇਹ ਮਹੱਤਵਪੂਰਨ ਦਸਤਾਵੇਜ਼ ਸਟੇਟ ਆਰਕਾਈਵਜ਼ ਪਟਿਆਲਾ ਵਿਚੋਂ ਕਢਵਾ ਕੇ ਉਨ੍ਹਾਂ ਦਾ ਪੰਜਾਬੀ ਅਨੁਵਾਦ ਕਰਵਾਇਆ ਕਿਉਂਕਿ ਇਹ ਸਾਰੀਆਂ 7 ਫਾਇਲਾਂ ਉਰਦੂ ਭਾਸ਼ਾ ਵਿੱਚ ਸ਼ਾਹਮੁਖੀ ਲਿਪੀ ਵਿਚ ਹਨ।

ਇਨ੍ਹਾਂ ਦਸਤਾਵੇਜ਼ਾਂ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਜਦੋਂ ਨਾਮਧਾਰੀ ਸਿੱਖ ਬਰਤਾਨਵੀ ਸਮਾਰਾਜ ਨਾਲ ਸੰਘਰਸ਼ ਕਰ ਰਹੇ ਸਨ ਤਾਂ ਉਸ ਵੇਲੇ ਰਿਆਸਤੀ ਰਾਜੇ,ਸਫੈਦ ਪੋਸ਼ ਅਤੇ ਸਮਾਜ ਦੇ ਮੋਹਤਬਿਰ ਵਿਅਕਤੀ ਅੰਗਰੇਜ਼ਾਂ ਦੇ ਪਿੱਠੂ ਬਣ, ਕੂਕਿਆਂ ਦੇ ਦੁਸ਼ਮਣ ਬਣੇ ਬੈਠੇ ਸਨ।

ਇਹ ਦਸਤਾਵੇਜ਼ , ਵਿਸ਼ੇਸ਼ ਕਰਕੇ ਸੰਨ 1866 ਨੂੰ ਕੂਕਾ ਲਹਿਰ ਨੂੰ ਅੰਗਰੇਜ ਸਰਕਾਰ ਵਲੋਂ ਕੁਚਲੇ ਜਾਣ ਦੇ ਪ੍ਰਯਤਨ ਅਤੇ ਸੰਨ 1871 ਤੋਂ 1872 ਤੱਕ ਸ਼ਹੀਦੀ ਸਾਕਿਆਂ ਸਮੇਂ ਅਤੇ ਉਸ ਤੋਂ ਬਾਅਦ ਵੀ ਕੂਕਿਆਂ 'ਤੇ ਸਰਕਾਰੀ ਦਮਨ- ਚੱਕਰ ਦੇ ਚਸ਼ਮਦੀਦ ਗਵਾਹ ਹਨ। ਇਹ ਦਸਤਾਵੇਜ਼ 'ਲੁਕਿਆ ਸੱਚ'ਜਿਸ ਨੂੰ ਪਰਗਟ ਕਰਨ ਲਈ ਸੂਬਾ ਸੁਰਿੰਦਰ ਕੌਰ ਖਰਲ ਦੀ ,ਕਈ ਵਰ੍ਹਿਆਂ ਦੀ ਮੇਹਨਤ ਹੈ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਵੱਲੋਂ ਪੰਥ ਦੀ ਵਾਗਡੋਰ ਸੰਭਾਲਣ ਸਮੇਂ (ਸੰਨ 1872) ਤੋਂ ਹੀ ਹੋਰ ਸਖਤੀਆਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ।ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦੋ ਸੌ ਸਾਲਾ ਪ੍ਰਕਾਸ਼ -ਵਰ੍ਹੇ ਦੌਰਾਨ ਇਹ ਪੁਸਤਕ ਪ੍ਰਕਾਸ਼ਿਤ ਹੋਣੀ,ਹੋਰ ਵੀ ਮਹੱਤਵਪੂਰਨ ਕਾਰਜ ਹੈ, ਜੋ ਕਿ ਇਤਿਹਾਸ ਲੇਖਕਾਂ ਲਈ ਇੱਕ ਪ੍ਰਮਾਣਿਕ ਸੰਧਰਭ ਪੁਸਤਕ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਕਿਰਪਾ ਕਰਨ,ਸੂਬਾ ਸੁਰਿੰਦਰ ਕੌਰ ਏਸੇ ਤਰ੍ਹਾਂ ਹੀ ਪੰਥ ਦੀ ਸੇਵਾ ਕਰਦੇ ਰਹਿਣ।

---

# ਸੱਚ ਲੁਕਾਇਆ ਕਿਉਂ ਗਿਆ

ਮਹਾਤਮਾ ਗਾਂਧੀ ਨੂੰ ਪੂਰਨ ਆਦਰ ਸਤਿਕਾਰ ਭੇਂਟ ਕਰਦਿਆਂ ਮੈਂ ਇਹ ਆਖਣਾ ਚਾਹੁੰਦਾ ਹਾਂ ਕਿ ਨਾ ਕੇਵਲ ਭਾਰਤ ਵਿਚ ਸਗੋਂ ਵਿਦੇਸ਼ਾਂ ਵਿਚ ਲੱਖਾਂ ਲੋਕ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਗਏ ਹਨ ਕਿ ਸੁਤੰਤਤਰਤਾ ਸੰਗਰਾਮ ਵਿਚ ਜਿਹੜੇ ਵੀ ਕਾਰਜਕ੍ਰਮ ਬਾਪੂ ਜੀ ਵੱਲੋਂ ਸੁਝਾਏ ਗਏ,ਉਨ੍ਹਾਂ ਵਿਚ ਕੋਈ ਵੀ ਕਾਰਜਕ੍ਰਮ ਉਨ੍ਹਾਂ ਦਾ ਮੌਲਿਕ ਜਾਂ ਆਪਣਾ ਨਹੀਂ ਸੀ।

15 ਕੁ ਸਾਲ ਪਹਿਲਾਂ ਇੱਕ ਅਮਰੀਕਨ ਸੋਧ – ਕਰਤਾ ਨੇ ਜਦੋਂ ਕੁੱਝ ਮਹੱਤਵਪੂਰਨ ਤੱਥ ਮੇਰੇ ਸਾਹਮਣੇ ਰੱਖੇ ਤਾਂ ਮੈਂ ਹੈਰਾਨ ਰਹਿ ਗਿਆ।ਆਪਣੇ ਸੋਧ ਵਿਚ ਉਸ ਨੇ ਪ੍ਰਸਿੱਧ ਪੱਤਰਕਾਰ ਸਰਦਾਰ ਖੁਸ਼ਵੰਤ ਸਿੰਘ ਦੀ ਪੁਸਤਕ ' History of Sikhs' ਦਾ ਜ਼ਿਕਰ ਵੀ ਥੋੜ੍ਹਾ ਜਿਹਾ ਕੀਤਾ ਸੀ।

ਜਿਉਂ ਜਿਉਂ ਮੇਰੀ ਇਸ ਵਿਸ਼ੇ ਸੰਬੰਧੀ ਦਿਲਚਸਪੀ ਵਧੀ ਅਤੇ ਜੋ ਕੁੱਝ ਵੀ ਮਿਲਿਆ, ਉਸ ਦਾ ਮੈਂ ਬੜੀ ਦਿਲਚਸਪੀ ਨਾਲ ਅਧਿਐਨ ਕੀਤਾ।

ਅੱਜ ਮੈਨੂੰ ਇਹ ਕਹਿਣ ਵਿਚ ਜ਼ਰਾ ਵੀ ਸੰਕੋਚ ਨਹੀਂ ਹੈ ਕਿ ਇਹ ਅਹਿੰਸਾ, ਵਿਦੇਸ਼ੀ ਕੱਪੜਿਆਂ ਦੀ ਹੋਲੀ ਬਾਲਣੀ ਅਤੇ ਉਨ੍ਹਾਂ ਦਾ ਬਾਈਕਾਟ, ਖਿਮਾ, ਭੁੱਖ ਹੜਤਾਲ,ਸਤਿਆਗ੍ਰਹਿ, ਚਰਖਾ ਕੱਤ ਕੇ ਕੇਵਲ ਖਾਦੀ ਧਾਰਨ ਕਾਰਨ ਦਾ ਹੁਕਮ, ਨਾ-ਫਰਮਾਨੀ ਅੰਦੋਲਨ, ਵਿਦੇਸ਼ੀ ਡਾਕ ਸਿਸਟਮ ਦਾ ਬਾਈਕਾਟ, ਇਹ ਸਾਰੇ ਦੇ ਸਾਰੇ ਕਾਰਜਕ੍ਰਮ ਬਾਪੂ ਜੀ ਤੋਂ 85 ਸਾਲ ਪਹਿਲਾਂ, ਡੂੰਘੀ ਤਪੱਸਿਆ ਤੋਂ ਬਾਅਦ ਕੂਕਾ ਅੰਦੋਲਨ ਦੇ ਜਨਮਦਾਤਾ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਨਾ ਕੇਵਲ ਬਣਾਏ ਗਏ ਸਨ ਸਗੋਂ ਨਾਮਧਾਰੀ ਕੂਕਿਆਂ ਨੂੰ ਇਹ ਸਹੁੰ ਵੀ ਲੈਣੀ ਪੈਂਦੀ ਸੀ ਕਿ ਉਹ ਹਰ ਹਾਲਤ ਵਿਚ ਇਸ ਤੋਂ ਪਿੱਛੇ ਨਹੀਂ ਹੱਟਣਗੇ।ਉਹ ਇਸ ਮਾਰਗ 'ਤੇ ਚੱਲਣ ਲਈ ਵਚਨਬੱਧ ਸਨ।

ਕੂਕਾ ਅੰਦੋਲਨ ਪੂਰੀ ਤਰ੍ਹਾਂ ਅਹਿੰਸਕ ਸੀ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਜਾਣ ਦੇ ਅੱਠ ਦਹਾਕਿਆਂ ਬਾਅਦ ਕੂਕਾ ਅੰਦੋਲਨ ਦੀ ਜੂਠਨ ਨੂੰ 'ਮੌਲਿਕਤਾ' ਦਾ ਰੰਗ ਦੇ ਕੇ ਇਸ ਦੇਸ਼ ਵਿਚ ਗਾਂਧੀਵਾਦ ਪਰੋਸਿਆ ਗਿਆ।ਆਖਰ ਇਹ ਨਾ ਕੇਵਲ ਦੁੱਖ ਦੀ ਗੱਲ ਹੈ ਸਗੋਂ ਪੀੜਾਦਾਇਕ ਵੀ ਹੈ।ਜੇਕਰ ਇਸ ਗੱਲ ਦਾ ਜ਼ਿਕਰ ਬਾਪੂ ਜੀ ਨੇ ਆਪਣੀ ਆਤਮ ਕਥਾ ਵਿਚ ਕੀਤਾ ਹੁੰਦਾ ਤਾਂ ਸ਼ਾਇਦ ਉਸ ਆਤਮ – ਕਥਾ ਵਿਚ ਏਸ ਸੱਚ ਦੀ ਝਲਕ ਜ਼ਰੂਰ ਹੁੰਦੀ।

ਕੂਕਾ ਅੰਦੋਲਨ ਫਿਰ ਵੀ ਅਹਿੰਸਕ ਨਾ ਰਹਿ ਸਕਿਆ।ਬੁੱਚੜਾਂ ਦੁਆਰਾ ਮਲੇਰ ਕੋਟਲਾ ਵਿੱਚ ਰੋਜ਼ ਰੋਜ਼ ਗਊ ਬੱਧ ਦੀਆਂ ਘਟਨਾਵਾਂ ਨੂੰ ਵੇਖਦਿਆਂ ਕੂਕੇ ਵੀਰਾਂ ਦੀ ਆਤਮਾ ਕੁਰਲਾ ਉੱਠੀ ਤੇ ਉਨ੍ਹਾਂ ਨੇ ਦਿਨ ਦਿਹਾੜੇ ਹਮਲਾ ਕਰਕੇ ਬੁੱਚੜਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਸ੍ਰੀ ਅਸ਼ਵਨੀ ਕੁਮਾਰ ਜੀ,
(ਸੰਪਾਦਕ ਪੰਜਾਬ ਕੇਸਰੀ, ਦਿੱਲੀ
ਸਾਬਕਾ ਮੈਂਬਰ ਪਾਰਲੀਮੈਂਟ)
ਦੇ ਵਿਸ਼ੇਸ਼ ਸੰਪਾਦਕੀ ਲੇਖ ਦਾ ਇੱਕ ਅੰਸ਼।

# ਭੂਮਿਕਾ

ਬੜੀ ਖੁਸ਼ੀ ਦੀ ਗੱਲ ਹੈ ਕਿ ਪਟਿਆਲਾ ਰਿਆਸਤ ਦੇ ਸਰਕਾਰੀ ਰਿਕਾਰਡ ਵਿਚੋਂ ਕੂਕਾ ਮੂਵਮੈਂਟ ਸੰਬੰਧੀ ਡਾਕੂਮੈਂਟਸ ਦੀਆਂ ਫਾਇਲਾਂ ਦੇ ਪੰਜਾਬੀ ਅਨੁਵਾਦ ਨੂੰ ਛਪਵਾ ਕੇ ਪਾਠਕਾਂ ਸਾਹਮਣੇ ਲਿਆਂਦਾ ਜਾ ਰਿਹਾ ਹੈ। ਇਹ ਦਸਤਾਵੇਜ਼ ਮਹਾਰਾਜਾ ਪਟਿਆਲਾ ਅਤੇ ਅੰਗ੍ਰੇਜ਼ਾਂ ਦਰਮਿਆਨ ਦੇਸ਼ ਭਗਤੀ ਦੀ ਮਹਾਨ ਲਹਿਰ- ਨਾਮਧਾਰੀ ਅਥਵਾ ਕੂਕਾ ਮੂਵਮੈਂਟ ਸੰਬੰਧੀ ਲਿਖੇ ਗਏ ਖਤ-ਪੱਤਰਾਂ ਦੀਆਂ ਗੁਪਤ ਫਾਇਲਾਂ ਹਨ। ਇਨ੍ਹਾਂ ਚਿੱਠੀਆਂ ਦੀ ਲਿਸਟ ਲਿਖੀ ਹੋਈ ਹੈ ਕਿ ਕਿਹੜੀ ਚਿੱਠੀ, ਕਿਸ ਸੰਨ ਤੇ ਤਾਰੀਖ ਨੂੰ, ਕਿਸ ਨੂੰ ਲਿਖੀ ਹੋਈ ਹੈ। ਕਈਆਂ ਚਿੱਠੀਆਂ ਵਿੱਚ ਦਿਨ ਅਤੇ ਵਕਤ ਵੀ ਲਿਖਿਆ ਹੋਇਆ ਹੈ ਕਿ ਕਿੰਨੇ ਵਜੇ ਲਿਖੀ ਹੈ।

ਇਹ ਸਾਰੇ ਬੜੇ ਹੀ ਦੁਰਲੱਭ ਅਤੇ ਮਹੱਤਵਪੂਰਨ ਦਸਤਾਵੇਜ਼ ਹਨ। ਇਨ੍ਹਾਂ ਫਾਇਲਾਂ ਵਿਚੋਂ ਕੂਕਾ ਮੂਵਮੈਂਟ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਬਹੁਤ ਸਾਰੀਆਂ ਨਵੀਆਂ ਜਾਣਕਾਰੀਆਂ ਜੋ ਪਹਿਲੋਂ ਨਹੀਂ ਪਤਾ ਸਨ, ਇਨ੍ਹਾਂ ਦਸਤਾਵੇਜ਼ਾਂ ਵਿਚ ਦਰਜ ਹਨ। ਉਦਾਹਰਨ ਵੱਜੋਂ 17-18 ਜਨਵਰੀ ਸੰਨ 1872 ਨੂੰ ਮਲੇਰਕੋਟਲਾ ਸਾਕੇ ਦੇ ਤੋਪਾਂ ਨਾਲ ਉਡਾਏ ਗਏ 66 ਨਾਮਧਾਰੀ ਸ਼ਹੀਦਾਂ ਦੀ ਲਿਸਟ ਜੋ ਪਹਿਲੋਂ ਦਸਤਾਵੇਜ਼ੀ ਰੂਪ 'ਚ ਕਿਧਰੇ ਨਹੀਂ ਸੀ ਮਿਲੀ, ਇਨ੍ਹਾਂ ਦਸਤਾਵੇਜ਼ਾਂ ਵਿਚੋਂ ਪ੍ਰਾਪਤ ਹੋਈ ਹੈ। ਸ਼ਹੀਦਾਂ ਦੇ ਨਾਮ,ਪਿਤਾ ਦੇ ਨਾਂ, ਪਿੰਡ, ਥਾਣਾਂ, ਤਹਿਸੀਲ ਅਤੇ ਕਿਹੜੇ-ਕਿਹੜੇ ਤੋਪਾਂ ਨਾਲ ਉਡਾਉਣ ਤੋਂ ਪਹਿਲੋਂ ਜਖ਼ਮੀ ਸਨ, ਸਾਰਾ ਵੇਰਵਾ ਲਿਖਿਆ ਹੋਇਆ ਹੈ। ਇਸ ਸਾਕੇ ਦੇ ਸ਼ਹੀਦਾਂ ਦੀ ਕੁਰਕ ਕੀਤੀ ਜਾਇਦਾਦ ਦੇ ਵੇਰਵੇ ਲਿਖੇ ਹੋਏ ਹਨ। ਉਨ੍ਹਾਂ ਦੀ ਹਰ ਕਿਸਮ ਦੀ ਜਾਇਦਾਦ ਸਰਕਾਰ ਵੱਲੋਂ ਜਬਤ ਕਰਨ ਦਾ ਹੁਕਮ ਕੀਤਾ ਗਿਆ। ਲਿਖਿਆ ਹੋਇਆ ਹੈ ਕਿ ਸ਼ਹੀਦਾਂ ਦੇ ਘਰਾਂ ਵਿਚ ਕੁੱਝ ਨਹੀਂ ਛੱਡਿਆ ਗਿਆ। ਇਥੋਂ ਤੀਕ ਕਿ ਅਨਾਜ, ਸਰੌਂ, ਜੌਂ, ਕਣਕ, ਮੱਕੀ, ਸੌਂਫ (1ਛਟਾਂਕ), ਕਾਲੀ ਮਿਰਚ (ਦੋ ਤੋਲੇ), ਚਾਰਪਾਈਆਂ, ਤਖਤਪੋਸ਼, ਰੂੰ, ਘਰ ਦੇ ਕੱਪੜੇ, ਭਾਂਡੇ, ਗਰਮ ਤੇ ਠੰਡੇ ਦੁੱਧ ਦੇ ਭਾਂਡਿਆ ਯਾਨੀ ਘਰਾਂ ਵਿਚ ਜੋ ਵੀ ਨਿੱਕਾ ਮੋਟਾ ਸਮਾਨ ਪਿਆ ਸੀ, ਸਰਕਾਰ ਵੱਲੋਂ ਜ਼ਬਤ ਕਰ ਲਿਆ ਗਿਆ। ਇਹ ਸਾਰਾ ਕੁੱਝ ਵੇਰਵੇ ਸਹਿਤ ਲਿਖਿਆ ਹੋਇਆ ਹੈ।

ਮਲੇਰਕੋਟਲਾ ਸਾਕੇ ਤੋਂ ਬਾਅਦ ਪਿੰਡ ਰੜ੍ਹ (ਰੁੜ੍ਹਗੜ੍ਹ) ਤੋਂ ਗ੍ਰਿਫਤਾਰ ਹੋਏ ਕੂਕਿਆਂ ਦੇ ਖੂਨ ਨਾਲ ਲਥਪਥ ਕੱਪੜਿਆਂ ਦੀ, ਹਥਿਆਰਾਂ ਦੀ ਤੇ ਉਨ੍ਹਾਂ ਦੇ ਹੋਰ ਫੁੱਟਕਲ ਸਮਾਨ ਦੀਆਂ ਲਿਸਟਾਂ ਦਰਜ ਹਨ।

ਪਿੰਡ ਰੜ੍ਹ ਤੋਂ ਜਿੰਨਾਂ ਗੱਡਿਆਂ 'ਤੇ ਜ਼ਿਆਦਾ ਜ਼ਖਮੀ ਕੂਕਿਆਂ ਨੂੰ ਮਲੇਰਕੋਟਲਾ ਵਿਖੇ ਸ਼ਹੀਦ ਕਰਨ ਲਈ ਲਿਆਂਦਾ ਗਿਆ, ਉਸ ਦਾ ਖਰਚਾ ਤੇ ਹੋਰ ਖਰਚਿਆਂ ਦੇ ਸਾਰੇ ਵੇਰਵੇ, ਉਸ ਵੇਲੇ ਚਲਦੇ ਪੈਸਿਆਂ-ਪਾਈ, ਆਨੇ ਤੇ ਰੁਪਇਆਂ ਵਿਚ ਲਿਖੇ ਹੋਏ ਹਨ।

5 ਅਗਸਤ 1871 ਨੂੰ ਜਿਸ ਦਿਨ ਰਾਏਕੋਟ ਸਾਕੇ ਦੇ ਤਿੰਨ ਕੂਕੇ ਸਿੱਖ ਫਾਂਸੀ ਦੇ ਕੇ ਸ਼ਹੀਦ ਕੀਤੇ ਗਏ, ਉਸ ਦਿਨ ਦੇ ਦਸਤਾਵੇਜ਼ ਵੀ ਹਨ। ਅੰਮ੍ਰਿਤਸਰ, ਰਾਏਕੋਟ ਅਤੇ ਲੁਧਿਆਣੇ ਸਾਕੇ ਨਾਲ ਸੰਬੰਧਿਤ ਦਸਤਾਵੇਜ਼ਾਂ ਤੋਂ ਇਲਾਵਾ ਜ਼ਿਆਦਾਤਰ ਦਸਤਾਵੇਜ਼ ਮਲੇਰ ਕੋਟਲਾ ਸਾਕੇ ਨਾਲ ਸੰਬੰਧਿਤ ਫਾਇਲਾਂ H 92 M ਭਾਗ ਪਹਿਲਾ ਅਤੇ ਭਾਗ ਦੂਜਾ ਵਿਚ ਹਨ। 17-18 ਜਨਵਰੀ 1872 ਨੂੰ ਜਿਸ ਦਿਨ 65 ਕੂਕੇ ਸਿੱਖ ਤੋਪਾਂ ਨਾਲ ਅਤੇ ਇੱਕ ਬਾਲਕ ਬਿਸ਼ਨ ਸਿੰਘ ਨੂੰ ਤਲਵਾਰਾਂ ਨਾਲ ਕੱਟ ਕੇ ਸ਼ਹੀਦ ਕੀਤਾ ਗਿਆ, ਉਸ ਦਿਨ ਦੇ ਅੰਗ੍ਰੇਜ਼ਾਂ ਅਤੇ ਮਹਾਰਾਜਾ ਪਟਿਆਲਾ ਦਰਮਿਆਨ ਲਿਖੇ ਗਏ ਖਤ-ਪੱਤਰ ਅਤੇ ਮਹਾਰਾਜਾ ਪਟਿਆਲਾ ਨੂੰ ਉਨ੍ਹਾਂ ਦੇ ਅਹਿਲਕਾਰਾਂ ਵੱਲੋਂ ਲਿਖੇ ਗਏ ਖਤ, ਇਨ੍ਹਾਂ ਦਸਤਾਵੇਜ਼ਾਂ ਵਿਚ ਸ਼ਾਮਲ ਹਨ।

## ਲੁਕਿਆ ਸੱਚ

---

ਅੰਗ੍ਰੇਜ਼ ਸਰਕਾਰ ਦੁਆਰਾ ਕੂਕੇ ਸਿੱਖਾਂ 'ਤੇ ਕੀਤੀ ਸਖਤੀ ਤੇ ਜ਼ੁਲਮਾਂ ਦੀ ਦਾਸਤਾਨ, ਕੂਕਾ ਮੂਵਮੈਂਟ ਦੇ ਸੁਤੰਤਰਤਾ ਸੰਗ੍ਰਾਮੀ ਹੋਣ ਦਾ ਪੱਖ ਪੂਰਦੀ ਹੈ। ਦਸਤਾਵੇਜ਼ਾਂ ਵਿਚ ਲਿਖਿਆ ਹੈ–

"ਕੂਕਿਆਂ ਵੱਲੋਂ ਇਸ ਮਾਰਧਾੜ ਤੇ ਫਸਾਦ ਦਾ ਕਾਰਨ ਮੁਲਕ ਨੂੰ ਫਤਿਹ ਕਰਨਾ ਹੈ।"

"ਪੁਲਿਸ ਨੂੰ ਤਾਕੀਦ ਨਾਲ ਹਦਾਇਤ ਕੀਤੀ ਜਾਵੇ ਕਿ ਉਹ ਕਿਸੇ ਥਾਂ ਇਨ੍ਹਾਂ ਕੂਕਿਆਂ ਨੂੰ ਇਕੱਠੇ ਨਾ ਹੋਣ ਦੇਵੇ ਅਤੇ ਜੇ ਕਿਸੇ ਥਾਂ ਇਕੱਠੇ ਵੇਖੇ ਤਾਂ ਫੌਰਨ ਗ੍ਰਿਫਤਾਰ ਕਰਕੇ ਅਦਾਲਤ ਕੋਲ ਚਲਾਣ ਪੇਸ਼ ਕਰੇ ਤਾਂ ਕਿ ਉਨ੍ਹਾਂ ਨੂੰ ਕਾਨੂੰਨੀ ਸਜ਼ਾ ਦਿੱਤੀ ਜਾਵੇ।"

ਜਿੱਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਕੂਕੇ ਸਿੱਖ ਦੇਸ਼ ਦੀ ਅਜ਼ਾਦੀ ਲਈ ਜੂਝ ਰਹੇ ਸਨ, ਜ਼ੁਲਮ ਸਹਿ ਰਹੇ ਸਨ, ਸ਼ਹੀਦੀਆਂ ਦੇ ਰਹੇ ਸਨ, ਉੱਥੇ ਪਟਿਆਲਾ, ਨਾਭਾ, ਜੀਂਦ ਤੇ ਮਲੇਰਕੋਟਲਾ ਰਿਆਸਤ ਦੇ ਮਹਾਰਾਜੇ ਤੇ ਆਗੂ, ਅੰਗ੍ਰੇਜ਼ਾਂ ਨਾਲ ਵਫਾਦਾਰੀ ਨਿਭਾ ਕੇ ਦੇਸ਼ ਅਤੇ ਦੇਸ਼ -ਭਗਤਾਂ ਨਾਲ ਗੱਦਾਰੀ ਕਰ ਰਹੇ ਸਨ। 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਧੀਨ ਅੰਗ੍ਰੇਜ਼ਾ ਨੇ ਭਰਾਵਾਂ ਹੱਥੋਂ ਭਰਾ ਸ਼ਹੀਦ ਕਰਵਾ ਦਿੱਤੇ।

ਅੰਗ੍ਰੇਜ਼ਾਂ ਨੇ ਜੋ ਕੁੱਝ ਲਿਖਿਆ, ਆਪਣੇ ਨਜ਼ਰੀਏ ਤੋਂ ਲਿਖਿਆ। ਉਨ੍ਹਾਂ ਦੀਆਂ ਨਜ਼ਰਾਂ 'ਚ ਜੋ ਕੂਕੇ ਬਾਗੀ ਸਨ, ਉਹ ਅੱਜ ਸਾਡੀਆਂ ਨਜ਼ਰਾਂ 'ਚ ਸੁਤੰਤਰਤਾ ਸੰਗ੍ਰਾਮ ਦੇ ਸ਼ਾਨਦਾਰ ਇਤਿਹਾਸ ਦੇ ਨਾਇਕ, ਭਾਰਤ ਦੇ **'ਮਹਾਨ ਸ਼ਹੀਦ'** ਹਨ।

ਹੋਰ ਵੀ ਬੇਸ਼ੁਮਾਰ ਕੀਮਤੀ ਰਿਕਾਰਡ ਹੈ, ਜਿਸ ਨੂੰ ਇਹ ਫਾਇਲਾਂ ਪੜ੍ਹਿਆਂ ਤੋਂ ਹੀ ਪਤਾ ਲਗੇਗਾ। ਮਲੇਰਕੋਟਲਾ ਸਾਕੇ ਤੋਂ ਬਾਅਦ ਫੜੇ ਗਏ ਕੂਕੇ ਸਿੱਖ ਅਤੇ ਜਿਹੜੇ ਮਾਘੀ ਦੇ ਮੇਲੇ 'ਤੇ ਗਏ ਸਨ, ਉਨ੍ਹਾਂ ਦੇ ਬਿਆਨ, ਮਲੇਰਕੋਟਲਾ ਸਾਕੇ ਤੋਂ ਬਾਅਦ ਅੰਗ੍ਰੇਜ਼ਾਂ ਵਿਰੁੱਧ ਬਗਾਵਤ ਦੀ ਸਾਜਿਸ਼ ਦੀ ਬਣਾਈ ਗਈ ਕੂਕੇ ਸਿੱਖਾਂ ਦੀ ਸਕੀਮ (ਜਿਹੜੀ ਅੰਗ੍ਰੇਜ਼ਾਂ ਦੀ ਚਲਾਕੀ ਕਾਰਣ ਅਸਫਲ ਹੋਈ), ਅੰਗ੍ਰੇਜ਼ ਸਰਕਾਰ ਵੱਲੋਂ ਮਹਾਰਾਜਾ ਪਟਿਆਲਾ ਦਾ ਧੰਨਵਾਦ, ਰਾਏਕੋਟ, ਮਲੇਰਕੋਟਲਾ ਆਦਿ ਸਾਕਿਆਂ ਤੋਂ ਬਾਅਦ ਦਿੱਤੇ ਗਏ ਇਨਾਮ ਅਤੇ ਮਾਨ-ਸਨਮਾਨ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕੀਤੇ ਜਾਣ ਬਾਰੇ ਲਿਖਤਾਂ, ਗੱਲ ਕੀ ਇਨ੍ਹਾਂ ਦਸਤਾਵੇਜ਼ਾਂ ਵਿਚ ਬਹੁਤ ਕੁੱਝ ਅਜਿਹਾ ਸਾਹਮਣੇ ਆਇਆ ਹੈ ਜੋ ਲੂੰ ਕੰਡੇ ਖੜੇ ਕਰ ਦੇਣ ਵਾਲਾ ਹੈ। ਨਾਭਾ ਰਿਆਸਤ ਦੀ ਹੱਥ ਲਿਖਤ ਫਾਇਲ ਵੀ ਹੈ।

ਕੋਈ ਵੀ ਦਸਤਾਵੇਜ਼ ਛੱਡਣ ਵਾਲਾ ਨਹੀਂ, ਸਾਰੇ ਹੀ ਕੀਮਤੀ ਹਨ। ਕਈ ਥਾਂ ਦੁਹਰਾਓ ਤਾਂ ਹੋ ਸਕਦਾ ਹੈ ਕਿਉਂਕਿ ਥੱਲੇ ਵਾਲਾ ਇਕ ਅਫਸਰ, ਉੱਪਰਲੇ ਅਫਸਰ ਨੂੰ ਘਟਨਾ ਲਿਖਦਾ ਹੈ, ਉੱਪਰਲਾ ਅਫਸਰ ਉਹੀ ਘਟਨਾ ਆਪਣੇ ਤੋਂ ਉੱਪਰਲੇ ਅਫਸਰ ਨੂੰ ਲਿਖਦਾ ਹੈ।

ਕੁੱਲ ਮਿਲਾ ਕੇ ਬਹੁਤ ਮਿਹਨਤ ਤੇ ਲਗਨ ਨਾਲ ਤਿਆਰ ਕੀਤੀ ਗਈ ਇਸ ਲਿਖਤ ਦਾ ਛਪਣਾ ਸੁਤੰਤਰਤਾ ਸੰਗ੍ਰਾਮ ਦੇ ਇਤਿਹਾਸ-ਲੇਖਣ ਵਿੱਚ ਸ਼ਲਾਘਾ ਯੋਗ ਕਦਮ ਹੈ।

ਮੈਂ ਤਕਰੀਬਨ 25 ਸਾਲਾਂ ਤੋਂ ਸੂਬਾ ਸੁਰਿੰਦਰ ਕੌਰ ਦੀ ਕੂਕਾ ਮੂਵਮੈਂਟ ਤਵਾਰੀਖ ਦੀ ਖੋਜ ਵਿਚ ਲਗਨ ਨੂੰ ਵੇਖਦਾ ਆ ਰਿਹਾ ਹਾਂ। ਇਹ ਇਕ ਸਿਰ-ਸੁੱਟ ਅਤੇ ਗੰਭੀਰ ਖੋਜਾਰਥਣ ਹੈ। ਕੂਕਾ ਇਤਿਹਾਸ ਦੀਆਂ ਇਸ ਨੇ ਉਹ ਪਰਤਾਂ ਫੋਲੀਆਂ ਹਨ ਜੋ ਬੇਮਿਸਾਲ ਹਨ। ਕੋਈ ਵੀ ਲਿਖਤ ਕਿਆਸ-ਅਰਾਈ 'ਤੇ ਮੁਨਹਸਰ ਨਹੀਂ। ਜੋ ਵੀ ਲਿਖਿਆ ਹੈ, ਪੂਰੀ ਖੋਜ ਅਤੇ ਰੈਫਰੈਂਸ ਦੇ ਕੇ ਹੀ ਲਿਖਿਆ ਹੈ। ਨਾਮਧਾਰੀਆਂ ਦੀ ਸੁਤੰਤਰਤਾ ਸੰਘਰਸ਼ ਨੂੰ ਦੇਣ ਬਾਰੇ ਜੋ ਬਹੁੱਮਲੀ ਖੋਜ ਹੈ, ਬੇਮਿਸਾਲ ਤਵਾਰੀਖੀ ਮਹੱਤਤਾ ਰੱਖਦੀ ਹੈ।

ਦਸਤਵੇਜ਼ਾਂ ਦੀ ਪੇਸ਼ਕਾਰੀ ਦਾ ਢੰਗ ਵੀ ਬਹੁਤ ਵਧੀਆ ਹੈ। ਮਲੇਰ ਕੋਟਲਾ ਦੇ ਸਾਕੇ ਦੇ ਦਸਤਾਵੇਜ਼ਾਂ ਦਾ ਵਰਗੀਕਰਨ ਕਰਕੇ ਪੇਸ਼ ਕਰਨ ਕਾਰਨ ਪਾਠਕ ਸਹਿਜੇ ਹੀ ਹਰ ਇਤਿਹਾਸਕ ਗੱਲ ਨੂੰ ਸਮਝ ਸਕਦਾ ਹੈ। ਵੱਡੀ ਗਿਣਤੀ ਵਿਚ ਬੇ-ਤਰਤੀਬ ਦਸਤਾਵੇਜ਼ਾਂ ਨੂੰ ਤਰਤੀਬ ਅਨੁਸਾਰ ਲਿਖਣਾ ਬਹੁਤ ਘਾਲਣਾ ਵਾਲਾ ਕੰਮ ਹੈ।

ਮੇਰੀ ਪ੍ਰਮਾਤਮਾ ਅਗੇ ਅਰਦਾਸ ਹੈ ਕਿ ਇਸ ਸਿਰ ਸੁੱਟ, ਖੋਜਾਰਥਣ ਨੂੰ ਹੋਰ ਬਲ ਬਖਸ਼ੇ ਤਾਂ ਜੋ ਇਨ੍ਹਾਂ ਦੀ ਕਲਮ ਦੇਸ਼ ਅਤੇ ਸਮਾਜ ਦੇ ਹਿੱਤ ਵਿੱਚ ਇਦਾਂ ਹੀ ਚਲਦੀ ਰਹੇ।

(ਡਾ.) ਸਰਦਾਰਾ ਸਿੰਘ ਜੌਹਲ (ਪਦਮ ਭੂਸ਼ਨ ਐਵਾਰਡੀ)
ਮੌਜੂਦਾ ਚਾਂਸਲਰ, ਸੈਂਟਰਲ ਯੂਨੀਵਰਸਿਟੀ ਆਫ ਪੰਜਾਬ (ਬਠਿੰਡਾ)

# ਪ੍ਰਸਤਾਵਨਾ

ਟਕਸਾਲੀ ਇਤਿਹਾਸ ਦਾ ਜਿੰਨਾ ਮੂਲ ਆਧਾਰ, ਸਮਕਾਲੀ ਰਿਕਾਰਡ ਹੁੰਦਾ ਹੈ, ਓਨਾ ਸ਼ਾਇਦ ਹੀ ਕੋਈ ਹੋਰ ਸਰੋਤ ਹੋਵੇਗਾ, ਉਹ ਇਸ ਲਈ ਕਿ ਚਲੰਤ ਮਾਮਲਿਆਂ ਨੂੰ ਕਲਮਬੰਦ ਕਰਨ ਵਾਲਾ ਅਸਲ ਵਿੱਚ ਉਸ ਮੌਕੇ ਦੇ ਹਾਲਾਤ, ਸੰਬੰਧਤ ਵਿਅਕਤੀਆਂ ਦੀ ਭੂਮਿਕਾ ਆਦਿ ਨੂੰ ਹੀ ਲਿਖਤੀ ਰੂਪ ਦੇ ਰਿਹਾ ਹੁੰਦਾ ਹੈ: ਹਾਲਾਂਕਿ ਇਸ ਵਿਚ ਰਤੀ ਭਰ ਵੀ ਸ਼ੰਕਾ ਨਹੀ ਕਿ ਅਜੇਹਾ ਲਿਖਾਰੀ ਕਿਸੇ ਨਾ ਕਿਸੇ ਤਰ੍ਹਾਂ ਦੇ ਪੱਖਪਾਤ ਤੋਂ ਲਾਜ਼ਮੀ ਪ੍ਰੇਰਿਤ ਹੁੰਦਾ ਹੈ, ਜਿਵੇਂ ਕਿ ਬਹੁਤੇ ਰਿਕਾਰਡ ਸਰਕਾਰੀ ਹੀ ਹੁੰਦੇ ਹੋਏ, ਉਹ ਸਰਕਾਰੀ ਨਜ਼ਰੀਏ ਨੂੰ ਹੀ ਦਰਸਾਉਂਦੇ ਹਨ, ਸਿੱਟੇ ਵੱਜੋਂ ਅਕਸਰ ਹੀ ਹਾਕਮਾਂ ਦਾ 'ਖਲਨਾਇਕ', ਲੋਕਾਂ ਦਾ ਨਾਇਕ ਹੁੰਦਾ ਹੈ।

ਇਸ ਸਭ ਕਾਸੇ ਦੇ ਹੁੰਦਿਆ ਵੀ ਸੂਝਵਾਨ ਖੋਜੀ ਅਜੇਹੀਆਂ ਪ੍ਰਾਚੀਨ ਲਿਖਤਾਂ ਦੇ 'ਤੂੜੀ ਤੰਦ' 'ਚੋਂ 'ਅਨਾਜ' ਨਖੇੜ ਲੈਂਦਾ ਹੈ। ਏਸ ਤਰ੍ਹਾਂ ਅਸੀਂ ਕਿਸੇ ਅਜੇਹੀ ਲਿਖਤ ਜਾਂ ਬਿਆਨ ਵਿਚੋਂ ਗੁੱਝੇ ਸੰਕੇਤ ਟੋਲ ਕੇ ਉਹਨੂੰ ਤੱਥ ਦੇ ਰੂਪ ਵਿਚ ਸਵੀਕਾਰਦੇ ਹਾਂ।

ਮੇਰੀ ਜਾਣਕਾਰੀ ਅਨੁਸਾਰ ਨਾਮਧਾਰੀ ਇਤਿਹਾਸ ਦੇ ਸੰਦਰਭ ਵਿੱਚ ਭਾਈ ਨਾਹਰ ਸਿੰਘ ਜੀ ਨੇ ਗਾਡੀ ਭੂਮਿਕਾ ਨਿਭਾਈ ਹੋਈ ਹੈ, ਤੇ ਘਟੋ-ਘੱਟ (ਤੇ ਇਹ ਕੋਈ ਮਾਮੂਲੀ ਗੱਲ ਨਹੀਂ) ਹਿੰਦ ਸਰਕਾਰ ਦੇ ਦਿੱਲੀ ਸਥਿਤ ਮਿਸਲਖਾਨੇ (National Archives of India) ਵਿੱਚ ਉਪਲੱਬਧ ਕੁੱਝ ਲਿਖਤਾਂ ਪ੍ਰਾਪਤ ਕਰਕੇ ਆਪਣੀ ਟਕਸਾਲੀ ਰਚਨਾ REBELS AGAINST THE BRITISH RULE (Gooro Ram Singh and the Kooka Sikhs) ਵਿੱਚ ਸੂਤਰਬੱਧ ਕੀਤੀਆਂ ਹੋਈਆਂ ਹਨ। ਦਾਸ ਨੂੰ ਭਾਈ ਸਾਹਿਬ ਦੀ ਨੇੜਲੀ ਸੰਗਤ ਦਾ ਲਗਭਗ ਦਸ ਸਾਲ ਦਾ ਸੁਭਾਗ ਮਿਲਿਆ ਹੈ ਤੇ ਉਹਨਾਂ ਦੀ ਉਕਤ ਪੁਸਤਕ ਦਾ ਅੱਖਰ-ਅੱਖਰ ਘੋਖ ਕੇ ਸੰਨ 1998 ਵਿੱਚ ਦਾਸ ਨੇ ਕੂਕਾ ਲਹਿਰ ਬਾਰੇ ਇਕ ਕਾਂਡ ਖੋਜ-ਪੱਤਰ ਵੱਜੋਂ ਲਿਖਿਆ ਸੀ (ਜੋ ਮਾਨਯੋਗ ਐਚ.ਐਸ.ਹੰਸਪਾਲ ਜੀ ਦੇ ਆਦੇਸ਼ ਤੇ 'ਸਤਿਯੁਗ' 'ਚ ਲੜੀਵਾਰ ਅੰਗ੍ਰੇਜ਼ੀ ਵਿਚ ਛਪਿਆ ਸੀ) ਏਸ ਆਧਾਰ 'ਤੇ ਦਾਸ ਨੂੰ ਇਹ ਕਹਿਣ 'ਚ ਕੋਈ ਸੰਕੋਚ ਨਹੀਂ ਕਿ ਇਹ ਪੁਸਤਕ ਨਾਮਧਾਰੀ ਲਹਿਰ ਦੇ ਹਰ ਜਗਿਆਸੂ ਲਈ ਪੜ੍ਹਣੀ ਲਾਜ਼ਮੀ ਹੈ।

ਪਰ ਚੂੰਕਿ ਭਾਈ ਸਾਹਿਬ ਸੰਨ 1988 ਤੱਕ ਦਿੱਲੀ ਹੀ ਰਹੇ, ਇਸ ਲਈ ਉਹ, ਇਹ ਜਾਣਦਿਆਂ ਹੋਇਆਂ ਵੀ ਕਿ ਦਿੱਲੀ ਤੋਂ ਇਲਾਵਾ ਦੂਸਰਾ ਦਸਤਾਵੇਜ਼ੀ ਖਜ਼ਾਨਾ ਪਟਿਆਲਾ ਦਾ ਰਿਆਸਤੀ ਮਿਸਲਖਾਨਾ ਹੈ, ਵਡੇਰੀ ਅਵਸਥਾ ਹੋ ਜਾਣ ਕਰਕੇ ਉੱਥੇ ਪਹੁੰਚ ਨਹੀਂ ਕਰ ਸਕੇ।

ਇਸ ਪਰਥਾਏ ਮੈਂ ਇੱਕ ਨਿੱਜੀ ਅਨੁਭਵ ਦਾ ਜ਼ਿਕਰ ਕਰਨ ਦੀ ਖੁੱਲ੍ਹ ਲੈ ਰਿਹਾ ਹਾਂ। 17-18 ਜਨਵਰੀ 1872 ਦੇ ਮਲੇਰਕੋਟਲਾ ਵਾਲੇ ਨਾਮਧਾਰੀ ਸ਼ਹੀਦਾਂ ਦੀ ਕੋਈ ਪ੍ਰਮਾਨਿਤ ਸੂਚੀ, ਦਿੱਲੀ ਦੇ ਰਿਕਾਰਡ ਵਿੱਚ ਉਪਲਬਦ ਹੀ ਨਾ ਹੋਣ ਕਰਕੇ, ਭਾਈ ਸਾਹਿਬ ਦੀ ਰਚਨਾ ਵਿੱਚ ਇਹ ਪ੍ਰਸਤੁਤ ਨਹੀਂ ਸੀ ਕੀਤੀ ਜਾ ਸਕੀ, ਖਾਸ ਕਰਕੇ 17-ਜਨਵਰੀ ਵਾਲੇ 49-50 ਸ਼ਹੀਦਾਂ ਦੀ, ਕਿਉਂਕਿ 17 ਜਨਵਰੀ ਸ਼ਾਮੀਂ ਜਦੋਂ 68 ਕੂਕੇ ਰੜ੍ਹ ਤੋਂ ਗ੍ਰਿਫਤਾਰ ਕਰਕੇ ਡੀ.ਸੀ.ਕਾਵਨ ਮੂਹਰੇ ਪੇਸ਼ ਕੀਤੇ ਗਏ ਤਾਂ ਉਸ ਨੇ ਬਗੈਰ ਕਿਸੇ ਕਾਨੂੰਨੀ/ਕਾਗਜ਼ੀ ਕਾਰਵਾਈ ਦੇ ਉਹਨਾਂ ਨੂੰ ਤੋਪਾਂ ਅੱਗੇ ਖੜ੍ਹੇ ਕਰਕੇ ਉਡਾਉਣਾ ਸ਼ੁਰੂ ਕਰ ਦਿੱਤਾ ਸੀ, ਹਾਲਾਂਕਿ 18-ਜਨਵਰੀ ਵਾਲੇ 16 ਸ਼ਹੀਦਾਂ ਦੇ ਨਾਂ ਅਤੇ ਉੱਘੜ-ਦੁੱਘੜ ਜਿਹੇ ਵੇਰਵੇ ਦਿੱਲੀ ਰਿਕਾਰਡ ਵਿੱਚ ਮੌਜੂਦ ਸਨ, ਜੋ ਭਾਈ ਸਾਹਿਬ ਦੀ ਰਚਨਾ ਵਿੱਚ ਵੀ ਦਰਸਾਏ ਗਏ ਹੋਏ ਹਨ।

ਪਰ ਚੂੰਕਿ ਸਤਿਗੁਰੂ ਜਗਜੀਤ ਸਿੰਘ ਸਾਹਿਬ ਨੇ ਭੈਣੀ ਸਾਹਿਬ ਵਿਖੇ ਖੁੱਲ੍ਹੇ ਦਰਬਾਰ ਵਿੱਚ ਦਾਸ ਨੂੰ ਇਹ ਸੇਵਾ ਸੌਂਪੀ ਹੋਈ ਸੀ, ਸੋ ਪਟਿਆਲੇ ਦਾ ਰਿਕਾਰਡ ਦੇਖਣਾ ਲਾਜ਼ਮੀ ਸੀ। ਉਰਦੂ ਮੇਰੀ ਪੜ੍ਹਾਈ ਦੀ ਪਹਿਲੀ ਭਾਸ਼ਾ ਹੋਣ ਕਰਕੇ ਮੈਨੂੰ ਪਟਿਆਲੇ ਵਾਲੇ ਰਿਕਾਰਡ ਨੂੰ, ਜਿਹੜਾ ਲਗਭਗ ਸਾਰੇ ਦਾ ਸਾਰਾ ਉਰਦੂ ਭਾਸ਼ਾ ਵਿੱਚ ਹੀ ਹੈ, ਪੜ੍ਹਣ

ਵਿੱਚ ਕੋਈ ਮੁਸ਼ਕਿਲ ਨਹੀਂ ਸੀ। ਮੈਨੂੰ ਲੋੜੀਂਦੀ ਜਾਣਕਾਰੀ ਪਟਿਆਲੇ ਦੂਜੀ ਤੀਜੀ ਫੇਰੀ ਦੌਰਾਨ ਅਪ੍ਰੈਲ 2005 ਵਿੱਚ ਮਿਲ ਗਈ ਸੀ।

ਇਸ ਖੋਜ ਪੜਤਾਲ ਦੇ ਸਿਲਸਿਲੇ 'ਚ ਮੈਨੂੰ ਕਈ ਮਿਸਲਾਂ ਵੇਖਣੀਆਂ ਪਈਆਂ, ਜਿਸ ਦੌਰਾਨ ਮੈਂ ਅਕਸਰ ਵੇਖਦਾ ਹੀ ਰਹਿ ਜਾਂਦਾ ਕਿ ਇਹ ਸਾਰਾ ਰਿਕਾਰਡ ਆਪਣੇ ਅੰਦਰ ਨਾਮਧਾਰੀ ਇਤਿਹਾਸ ਬਾਰੇ ਕਿੰਨੇ ਅਨਮੋਲ-ਵਚਿੱਤਰ ਤੱਥ ਸਮੋਈ ਬੈਠਾ ਹੈ।

ਬੜੀ ਹੀ ਸੰਤੁਸ਼ਟੀ ਵਾਲੀ ਗੱਲ ਹੈ ਕਿ ਸੂਬਾ ਸੁਰਿੰਦਰ ਕੌਰ ਖਰਲ ਹੋਰਾਂ ਨੇ ਆਪਣੀਆਂ ਪਿਛਲੀਆਂ ਵੱਡੀਆਂ ਪ੍ਰਾਪਤੀਆਂ ਦੀ ਲੜੀ ਵਿੱਚ ਇਕ ਹੋਰ ਮਾਅਰਕਾ ਮਾਰਿਆ ਹੈ, ਜੋ ਇਸ ਸਾਰੇ ਉਰਦੂ ਰਿਕਾਰਡ ਵਿਚੋਂ ਅਹਿਮ ਦਸਤਾਵੇਜ਼ ਛਾਂਟ ਕੇ ਵਿਚੋਂ ਪ੍ਰਾਸੰਗਿਕ ਹਵਾਲੇ ਨਾ ਸਿਰਫ ਉਪਲੱਬਧ ਹੀ ਕਰਵਾਏ ਹਨ, ਬਲਕਿ ਪਾਠਕਾਂ ਦੀ ਸਹੂਲਤ ਲਈ ਉਹਨਾਂ ਦਾ ਪੰਜਾਬੀ 'ਚ ਅਨੁਵਾਦ ਵੀ ਕਰਵਾ ਲਿਆ ਹੈ।

ਮੈਂ ਦੋਵੇਂ ਭਾਸ਼ਾਵਾਂ ਜਾਣਦੇ ਹੋਏ ਮੂਲ (ਉਰਦੂ) ਲਿਖਤਾਂ ਤੇ ਉਹਨਾ ਦੇ ਪੰਜਾਬੀ ਅਨੁਵਾਦਾਂ ਦਾ ਤੁਲਨਾਤਮਕ ਮੁਲਾਂਕਣ ਕਰਕੇ, ਇਸ ਅਨੁਵਾਦ ਨੂੰ ਪੂਰੀ ਤਰ੍ਹਾਂ ਤਸੱਲੀ-ਬਖਸ਼ ਪਾਇਆ ਹੈ, ਜੋ ਕਿ ਇਤਿਹਾਸਕ ਦਸਤਾਵੇਜ਼ਾਂ ਦੇ ਸੰਧਰਵ ਵਿੱਚ ਬੁਨਿਆਦੀ ਅਹਿਮੀਅਤ ਰਖਦਾ ਹੈ।

ਕੁੱਲ ਮਿਲਾ ਕੇ ਹੁਣ ਜਿੰਨੀ ਕੁ ਮੈਨੂੰ ਦਿੱਲੀ ਵਾਲੇ ਰਿਕਾਰਡ ਦੀ ਜਾਣਕਾਰੀ ਹੈ ਤੇ ਪਟਿਆਲੇ ਵਾਲੇ ਸਰੋਤਾਂ ਬਾਰੇ ਵੀ ਲੋੜੀਂਦਾ ਅਨੁਭਵ ਹੈ, ਇਸ ਆਧਾਰ 'ਤੇ ਮੈਨੂੰ ਇਹ ਕਹਿਣ ਵਿੱਚ ਰੱਤੀ ਭਰ ਵੀ ਸੰਕੋਚ ਨਹੀਂ ਕਿ ਇਹ ਦੋਵੇਂ ਤਰ੍ਹਾਂ ਦੇ ਸਰੋਤ ਇੱਕ-ਦੂਜੇ ਦੇ ਪੂਰਕ (Complementary) ਹਨ। ਇਕ ਲਿਹਾਜ਼ ਨਾਲ ਪਟਿਆਲੇ ਵਾਲਾ ਸਰੋਤ ਹੋਰ ਵੀ ਮਹੱਤਵਪੂਰਨ ਹੈ ਕਿਉਂਕਿ ਜਿੰਨੇ ਵਿਸਥਾਰ ਤੇ ਇਚੀ-ਬਿਚੀ ਵਿੱਚ ਇਹ ਵਿਚਰਦਾ ਹੈ, ਉਹ ਸ਼ਾਇਦ ਹੀ ਦਿੱਲੀ ਵਾਲੀਆਂ ਮਿਸਲਾਂ ਵਿੱਚ ਉਬਲੱਬਧ ਹੋਵੇਗਾ, ਜਿਵੇਂ ਕਿਸੇ ਮੌਕੇ 'ਤੇ ਬਰਾਮਦ ਹੋਏ ਹਥਿਆਰ, ਫੜੇ ਗਏ ਤੇ ਮੌਕੇ 'ਤੇ ਮੌਜੂਦ ਵਿਅਕਤੀਆਂ ਦੇ ਵੇਰਵੇ, ਜ਼ਖਮੀਆਂ ਦੀਆਂ ਸੱਟਾਂ-ਫੇਟਾਂ ਬਾਰੇ, ਬਰਾਮਦ ਹੋਏ ਕੱਪੜੇ ਤੇ ਹੋਰ ਸਮੱਗਰੀ ਬਾਰੇ ਵਿਸਥਾਰਪੂਰਨ ਜਾਣਕਾਰੀ ਮਿਲਦੀ ਹੈ।

ਇੱਕ ਗੱਲ ਹੋਰ ਧਿਆਨਯੋਗ ਹੈ, ਉਹ ਇਹ ਕਿ ਇਸ ਖਰੜੇ ਨੂੰ ਸਰਸਰੀ ਤੌਰ 'ਤੇ ਪੜ੍ਹਦਿਆਂ ਵਿੱਚ-ਵਿੱਚ ਅਜੇਹਾ ਵੀ ਲੱਗਦਾ ਹੈ ਜਿਵੇਂ ਉਹੀ ਗੱਲ ਬਾਰ-ਬਾਰ ਦੋਹਰਾਈ ਜਾ ਰਹੀ ਹੈ, ਜੋ ਆਪਣੇ ਆਪ ਵਿਚ ਪੂਰੀ ਗਲਤ ਵੀ ਨਹੀਂ, ਪਰ ਇੰਜ ਹੋਣਾ ਸੁਭਾਵਕ ਹੀ ਹੈ, ਕਿਉਂਕਿ ਹੇਠਲਾ ਅਧਿਕਾਰੀ ਆਪਣੇ ਤੋਂ ਉੱਪਰ ਵਾਲੇ ਨੂੰ ਪੱਤਰ ਲਿਖਦਾ ਹੈ ਅਤੇ ਆਪਣੇ ਨਜ਼ਰੀਏ ਤੇ ਪਦਵੀ ਅਨੁਸਾਰ, ਅਗੋਂ ਉਹ ਅਧਿਕਾਰੀ ਆਪਣੇ ਹਿਸਾਬ ਨਾਲ ਸੰਬੋਧਤ ਹੁੰਦਾ ਹੈ-ਪਰ ਇਨ੍ਹਾਂ 'ਚ ਕੋਈ ਵੀ ਪੱਤਰ ਜਾਂ ਦਸਤਾਵੇਜ਼ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਹੈ। ਵੈਸੇ ਅਜੇਹੇ ਦੁਹਰਾਓ ਭਾਈ ਨਾਹਰ ਸਿੰਘ ਜੀ ਵਾਲੀ ਪੁਸਤਕ ਵਿੱਚ ਵੀ ਮੌਜੂਦ ਹਨ।

ਮੇਰੀ ਸਮਝ ਅਨੁਸਾਰ ਸੁਯੋਗ ਲੇਖਿਕਾ ਸੂਬਾ ਸੁਰਿੰਦਰ ਕੌਰ ਖਰਲ ਨੇ ਪੂਰੀ ਲਗਨ, ਸਿਰੜ ਅਤੇ ਵਿਵੇਕਸ਼ੀਲਤਾ ਨਾਲ ਇਹ ਖਰੜਾ ਸਿਰਜਿਆ ਹੈ, ਜੋ ਨਾਮਧਾਰੀ ਇਤਿਹਾਸ ਦੇ ਸਾਧਾਰਨ ਪਾਠਕਾਂ ਅਤੇ ਖੋਜੀਆਂ (ਦੋਹਾਂ) ਲਈ ਅਤੀ ਲਾਭਕਾਰੀ ਹੋਵੇਗਾ।

**ਮਲਵਿੰਦਰ ਜੀਤ ਸਿੰਘ ਵੜੈਚ,**
**ਸੀਨੀਅਰ ਐਡਵੋਕੇਟ**
**ਪੰਜਾਬ ਐਂਡ ਹਰਿਆਣਾ ਹਾਈ ਕੋਰਟ,ਚੰਡੀਗੜ੍ਹ**
**ਈਮੇਲ: mjswaraich29@gmail.com** ਫੋਨ ਨੰ. 0172-25566314, 6576116,

# ਜਾਣ -ਪਛਾਣ

ਕੌਮੀ ਮੁਕਤੀ ਸੰਗ੍ਰਾਮ ਦੇ ਪੰਜਾਬ ਅਧਿਆਇ ਵਿਚ ਕੂਕਾ ਅੰਦੋਲਨ ਦੀ ਪ੍ਰਮੁੱਖ ਭੂਮਿਕਾ ਹੈ। ਵੈਸਾਖੀ ਦੇ ਦਿਨ 12 ਅਪ੍ਰੈਲ 1857 ਈ.ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ (ਲੁਧਿਆਣਾ) ਵਿਖੇ ਨਾਮਧਾਰੀ ਸੰਤ ਖਾਲਸਾ ਦੀ ਸਥਾਪਨਾ, ਸੁਤੰਤਰਤਾ ਪ੍ਰਾਪਤੀ ਅਤੇ ਸਿੱਖ ਪੁਨਰ-ਜਾਗਰਣ ਦੇ ਦੂਹਰੇ ਉਦੇਸ਼ਾਂ ਵਾਸਤੇ ਕੀਤੀ ਸੀ। ਲੋਕ ਮਾਨਸ ਵਿਚ ਲਹਿਰ ਦੇ ਤੌਰ 'ਤੇ ਉੱਕਰੇ ਕੂਕਾ ਸੰਗਰਾਮ ਦੇ ਨਿਸ਼ਾਨੇ ਬੜੇ ਸਾਫ ਸਨ। ਕੋਈ 60-65 ਸਾਲ, ਪੰਜਾਬ ਵਿਚ ਭਾਰੀ ਕੁਰਬਾਨੀਆਂ ਦੇਣ ਤੋਂ ਬਾਅਦ ਮਿਲੀ ਰਾਜ ਸੱਤਾ ਭੋਗਣ ਸਦਕਾ, ਸਾਮੰਤਸ਼ਾਹੀ ਦੁਆਰਾ ਸਿੱਖੀ ਜੀਵਨ ਮੁੱਲਾਂ ਨੂੰ ਵੀ ਤਿਲਾਂਜਲੀ ਦਿਤੀ ਗਈ ਜਿਸ ਸਦਕਾ ਸਾਂਝੇ ਪੰਜਾਬੀ ਰਾਜ ਦੇ ਗੌਰਵ ਤੋਂ ਵੀ ਉਹ ਵੰਚਿਤ ਹੋ ਗਏ। ਫਲਸਰੂਪ ਲਾਹੌਰ ਦਰਬਾਰ ਦੇ ਮਹਾਰਾਜਾ ਰਣਜੀਤ ਸਿੰਘ ਤੋਂ ਮਗਰਲੇ ਦਰਬਾਰੀਆਂ ਨੇ ਵੀ ਅਤੇ ਫੂਲਕੀਆਂ ਮਿਸਲ ਦੀਆਂ ਵੱਖ-ਵੱਖ ਸਿੱਖ ਰਿਆਸਤਾਂ ਨੇ ਵੀ ਕੰਪਨੀ ਸਰਕਾਰ ਨਾਲ ਆਪਣੀ ਤਕਦੀਰ ਜੋੜੀ ਰੱਖਣਾਂ ਮੁਨਾਸਿਬ ਸਮਝਿਆ। ਫੂਲਕੀਆਂ ਵਾਲੇ ਤਾਂ ਮਹਾਰਾਜਾ ਦਾ ਪੰਜਾਬ ਵਿਚ ਰਾਜ ਸਥਾਪਿਤ ਹੋਣ ਤੋਂ ਝਬਦੇ ਮਗਰੋਂ ਹੀ ਅੰਗਰੇਜ਼ੀ ਸ਼ਰਨ ਵਿਚ ਚਲੇ ਗਏ ਸਨ ਜਿਸ ਕਾਰਨ ਦਰਿਆ ਸਤਿਲੁਜ, ਮਹਾਰਾਜਾ ਦੇ ਰਾਜ ਦੀ ਆਖਰੀ ਸੀਮਾ ਬਣ ਗਿਆ। ਮਾਰਚ 1849 ਈ. ਤੱਕ ਅੰਗਰੇਜ਼ ਪੂਰੀ ਤਰ੍ਹਾਂ ਪੰਜਾਬ ਦੇ ਹੁਕਮਰਾਨ ਬਣ ਗਏ। ਭਾਈ ਮਹਾਰਾਜ ਸਿੰਘ ਅਤੇ ਹੋਰ ਜੂਝਣ ਵਾਲੇ ਸਿੱਖ ਸਰਦਾਰਾਂ ਨੂੰ, ਦੇਸ਼ ਨਿਕਾਲਾ ਮਿਲ ਗਿਆ। ਇਸ ਸਮੇਂ ਘੋਰ ਨਿਰਾਸ਼ਤਾ ਦੇ ਆਲਮ ਵਿਚ, ਪੰਜਾਬੀ ਲੋਕਾਂ ਲਈ ਆਸ਼ਾ ਦੀ ਕਿਰਣ ਦੇ ਰੂਪ ਵਿਚ ਨਿਕਲਣ ਵਾਲੀ, ਆਜ਼ਾਦੀ ਦੀ ਜੁਆਲਾ, ਲੋਕ ਹਿਰਦਿਆਂ ਵਿਚ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਕੂਕਾ ਸੰਗਰਾਮੀਆਂ ਨੇ ਪਰਚੰਡ ਕੀਤੀ ਸੀ।

ਸਤਿਗੁਰੂ ਰਾਮ ਜੀ ਨੂੰ, ਸਰਕਾਰ ਨੇ ਪੰਦਰਾਂ ਸਾਲਾਂ ਤੋਂ ਵੀ ਇਕ ਤਿਮਾਹੀ ਘੱਟ ਸਮਾਂ ਹੀ ਪੰਜਾਬ ਵਿਚ ਵਿਚਰ ਕੇ ਆਪਣਾਂ ਕੰਮ ਕਰਨ ਦਿਤਾ। ਕੂਕਾ ਅੰਦੋਲਨ ਦਾ ਪ੍ਰਭਾਵ ਅਟਕ ਦਰਿਆ ਤੋਂ ਜਮਨਾਂ ਨਦੀ ਤੱਕ ਫੈਲ ਚੁੱਕਾ ਸੀ। ਸਤਿਗੁਰੂ ਜੀ ਦੇ ਅਨੰਦ ਮਰਿਆਦਾ ਵਰਗੇ ਸਮਾਜ ਸੁਧਾਰਕ ਕੰਮਾਂ ਵਿਚੋਂ ਵੀ, ਸਰਕਾਰ ਨੂੰ ਆਪਣੇ ਰਾਜ ਦੀ ਸਲਾਮਤੀ ਦਾਅ 'ਤੇ ਲੱਗਦੀ ਨਜ਼ਰ ਆਉਂਦੀ ਸੀ। ਇਸ ਲਈ 1863 ਈ. ਤੋਂ 1866 ਈ. ਤੱਕ ਆਪ ਜੀ ਨੂੰ ਭੈਣੀ ਸਾਹਿਬ ਵਿਖੇ ਹੀ ਜੂਹ ਬੰਦ ਰੱਖਿਆ ਗਿਆ। ਸੰਨ 1867 ਈ. ਦੇ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਸਮੇਂ ਸਰਕਾਰ ਨੂੰ ਮਜਬੂਰਨ ਪਾਬੰਦੀਆਂ ਚੁੱਕਣੀਆਂ ਪਈਆਂ। ਸਰਕਾਰੀ ਅਨੁਮਾਨਾਂ ਮੁਤਾਬਿਕ ਉਸ ਸਮੇਂ 8-10 ਹਜ਼ਾਰ ਨਾਮਧਾਰੀ, ਆਪ ਦੇ ਨਾਲ ਦਸਮ ਗੁਰੂ ਜੀ ਦੇ ਅਸਥਾਨ 'ਤੇ ਸੀਸ ਨਿਵਾਉਣ ਗਏ। ਕੂਕਾ ਸਰੋਤ ਇਹ ਸੰਖਿਆ 20-25 ਹਜ਼ਾਰ ਤੱਕ ਦੱਸਦੇ ਹਨ। ਆਪ ਦੇ ਸੰਗਤ ਵਿਚ ਪਾਏ ਜਾਂਦੇ ਸ਼ਰਧਾ ਸਤਿਕਾਰ ਤੋਂ, ਬਚਨ ਮੰਨਣ ਤੋਂ ਅਤੇ ਜ਼ਾਬਤਾ ਬੱਧ ਹੋ ਕੇ, ਹਜਾਰਾਂ ਕੂਕਿਆਂ ਦੇ ਉੱਥੇ ਵਿਚਰਨ ਨੂੰ, ਸਰਕਾਰ ਨੇ ਗੰਭੀਰਤਾ ਨਾਲ ਲਿਆ। ਇਹੋ ਕੁਝ ਇਸੇ ਵਰ੍ਹੇ ਅੰਮ੍ਰਿਤਸਰ ਦੇ ਦੀਵਾਲੀ ਪੁਰਬ ਸਮੇਂ ਵਾਪਰਿਆ। ਪਿੰਡ ਤੋਂ ਲੈ ਕੇ ਕੂਕਾ ਕੇਂਦਰ ਭੈਣੀ ਸਾਹਿਬ ਤਕ ਵਿਆਪਕ ਸੰਗਠਨ, ਸੂਬਾ ਪ੍ਰਣਾਲੀ ਤਹਿਤ ਉਸਾਰਿਆ ਗਿਆ। ਰੂਸ, ਅਫਗਾਨਿਸਤਾਨ, ਨੈਪਾਲ ਆਦਿ ਗੁਆਂਢੀ ਮੁਲਕਾਂ ਅਤੇ ਹਿੰਦੁਸਤਾਨ ਦੀਆਂ ਕੁੱਝ ਰਿਆਸਤਾਂ ਨਾਲ ਕੂਕਿਆਂ ਨੇ ਸਤਿਗੁਰੂ ਜੀ ਦੇ ਆਦੇਸ਼ਾਂ ਅਨੁਸਾਰ ਵੱਖ-ਵੱਖ ਸੂਬਿਆਂ ਦੀ ਜ਼ਿੰਮੇਵਾਰੀ ਹੇਠ ਕੂਟਨੀਤਿਕ ਸਬੰਧ ਕਾਇਮ ਕੀਤੇ। ਜੰਮੂ ਕਸ਼ਮੀਰ ਆਦਿ ਕੁਝ ਰਿਆਸਤਾਂ ਵਿਚ ਕੂਕਿਆਂ ਦੀ ਸੈਨਿਕ ਸਿਖਲਾਈ ਨੂੰ ਵੀ ਏਜੰਡੇ ਤੇ ਲਿਆ ਕੇ, ਆਮ ਤੌਰ 'ਤੇ ਪੁਰ ਅਮਨ ਚੱਲ ਰਹੇ ਕੂਕਾ ਅੰਦੋਲਨ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਵਿਦੇਸ਼ੀ ਵਸਤੂਆਂ ਅਤੇ ਸੰਸਥਾਵਾਂ ਨਾਲ ਨਾ ਮਿਲਵਰਤਣ ਦਾ ਨਾਹਰਾ ਦੇ ਕੇ ਸਵਦੇਸ਼ੀ ਦਾ ਪਰਚਾਰ ਕੀਤਾ ਗਿਆ। ਕੌਮ ਵਿਚੋਂ ਪਸਤ ਹਿੰਮਤੀ ਦੂਰ ਕਰਨ ਲਈ, ਨਸ਼ਾ ਮੁਕਤੀ, ਨਾਰੀ ਮੁਕਤੀ ਅਤੇ ਰਿਣ ਮੁਕਤੀ 'ਤੇ ਜੋਰ ਦਿਤਾ ਗਿਆ। ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਵਿਚ ਹਰ ਆਮ ਖਾਸ

ਲਈ ਗੁਰੂ ਕਾ ਲੰਗਰ ਸਦਾਵਰਤ ਜ਼ਾਰੀ ਕਰਕੇ, ਲੋੜਵੰਦਾਂ ਦੀ ਉਦਰ ਪੂਰਤੀ ਸ਼ੁਰੂ ਕਰਵਾਈ। ਧਨ ਦੌਲਤ ਦੇ ਵਿਖਾਵੇ ਵਾਲੀਆਂ ਸਮਾਜਿਕ ਕੁਰੀਤੀਆਂ ਬੰਦ ਕਰਵਾਕੇ ਧਨੀ ਪੁਰਖਾਂ ਨੂੰ, ਆਪਣੇ ਨਿਰਧਨ ਭਰਾਵਾਂ ਦਾ ਸਤਰ ਉੱਚਾ ਚੁੱਕਣ ਵਿਚ, ਯੋਗਦਾਨ ਪੁਆ ਕੇ, ਸਤਿਗੁਰੂ ਜੀ ਇਕ ਸਮਤਾ ਮੂਲਕ ਭਾਈਚਾਰੇ ਦੀ ਸਥਾਪਨਾ ਵਾਲੇ ਸਿੱਖੀ ਦੇ ਬੁਨਿਆਦੀ ਲਕਸ਼ ਵੱਲ ਵੱਧ ਰਹੇ ਸਨ।

ਸਤਿਗੁਰੂ ਜੀ ਦੀ ਧਾਰਮਿਕ ਸਿੱਖਿਆ ਵਿਚ ਗੁਰਬਾਣੀ ਦਾ ਪਠਨ ਪਾਠਨ, ਨਾਮ ਸਿਮਰਨ, ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨਾਂ, ਘਰ ਆਏ ਹਰ ਲੋੜਵੰਦ ਦੀ ਯਥਾ ਸੰਭਵ ਸੇਵਾ ਸਹਿਯੋਗ ਕਰਨਾਂ, ਉੱਚੀ ਰਹਿਣੀ ਬਹਿਣੀ, ਸਾਦਾ ਸੰਜਮੀ ਅਤੇ ਸਾਫ ਜੀਵਨ ਸ਼ੈਲੀ ਸ਼ਾਮਿਲ ਸੀ। ਉਹਨਾਂ ਦੀ ਸਿੱਖਿਆ ਸਾਰ ਤੱਤ ਗਊ ਅਤੇ ਗਰੀਬ ਦੀ ਰਾਖੀ ਕਰਨੀ ਸੀ। ਭਾਰਤ ਦੀ ਸਦੀਆਂ ਤੋਂ ਚਲਦੀ ਆ ਰਹੀ ਕ੍ਰਿਸ਼ੀ ਅਰਥ ਵਿਵਸਥਾ ਦਾ ਆਧਾਰ, ਗਊ ਅਤੇ ਉਸ ਦੇ ਜਾਏ ਬੈਲ ਅਤੇ ਗਰੀਬ ਮਜ਼ਦੂਰ, ਕਿਸਾਨ ਹੀ ਤਾਂ ਸਨ। ਇਹਨਾਂ ਦਾ ਪੁਨਰ ਉਥਾਨ ਅਤੇ ਮੁਕੰਮਲ ਬੰਦ ਖਲਾਸੀ, ਸਤਿਗੁਰੂ ਜੀ ਦਾ ਉਪਦੇਸ਼ ਸੀ। ਅੰਗਰੇਜ਼ ਹਾਕਮਾਂ ਨੇ ਪੰਜਾਬ ਵਿਚ ਆਪਣੇ ਰਾਜ ਦੀ ਕਾਇਮੀ ਤੋਂ ਕੁਝ ਮਹੀਨੇ ਬਾਅਦ ਹੀ ਗਊ ਘਾਤ ਲਈ ਬੁੱਚੜ ਖਾਨੇ ਖੋਹਲਣ ਦੀ ਮਨਜ਼ੂਰੀ ਦੇ ਕੇ ਇਕ ਤਾਂ ਹਿੰਦੂ ਅਤੇ ਸਿੱਖ ਭਾਈਚਾਰੇ ਨੂੰ, ਗੁਲਾਮ ਹੋਣ ਦਾ ਅਹਿਸਾਸ ਕਰਵਾਕੇ ਉਹਨਾਂ ਦੀ ਕੌਮੀ ਅਣਖ ਨੂੰ ਵੰਗਾਰਿਆ, ਦੂਸਰਾ ਇਸ ਪ੍ਰਕਾਰ ਪੰਜਾਬ ਦੀ ਮੁਸਲਿਮ ਅਤੇ ਗੈਰ ਮੁਸਲਿਮ ਵਸੋਂ ਵਿਚ ਪਾੜਾ ਪਾ ਕੇ ਸੰਪ੍ਰਦਾਇਕ ਪੱਤੇ ਨੂੰ, ਆਪਣੇ ਰਾਜ ਦੀ ਸਲਾਮਤੀ ਲਈ ਵਰਤਿਆ। ਗੈਰਤ ਨੂੰ ਟੁੰਬਣ ਵਾਲੀ ਇਸ ਘਟਨਾ ਬਾਰੇ ਵੀ ਕੂਕਿਆਂ ਨੇ ਸੰਨ 1871-1872 ਵਿਚ ਆਪਣਾ ਹਥਿਆਰਬੰਦ ਪ੍ਰਤੀਕਰਮ ਕੀਤਾ। ਅੰਮ੍ਰਿਤਸਰ, ਰਾਏਕੋਟ, ਮੋਰਿੰਡਾ ਆਦਿ ਥਾਵਾਂ ਵਿਚ ਰਾਤ ਦੇ ਸੰਨਾਟੇ ਵਿਚ ਅਤੇ ਮਲੇਰਕੋਟਲਾ ਸ਼ਹਿਰ ਵਿਚ ਚਿੱਟੇ ਦਿਨ ਦੇ ਚਾਨਣ ਵਿਚ। ਨਤੀਜੇ ਦੇ ਤੌਰ ’ਤੇ ਕੂਕੇ ਸਿੰਘ, ਫਾਂਸੀਆਂ ’ਤੇ ਲਟਕਾਏ ਗਏ, ਮਲੇਰਕੋਟਲੇ ਦੇ ਰੱਕੜ ਵਿਚ ਤੋਪਾਂ ਨਾਲ ਉਡਾਏ ਗਏ, ਕਾਲੇ ਪਾਣੀ ਭੇਜ ਦਿੱਤੇ ਗਏ। ਜਾਇਦਾਦਾਂ ਜਬਤ ਕੀਤੀਆਂ। ਘਰ ਘਾਟ ਢਾਹ ਦਿੱਤੇ ਗਏ। ਸਤਿਗੁਰੂ ਰਾਮ ਸਿੰਘ ਜੀ ਅਤੇ ਪ੍ਰਮੁੱਖ ਸੂਬਿਆਂ ਨੂੰ ਜਲਾਵਤਨ ਕਰ ਦਿੱਤਾ। ਕੂਕਾ ਕੇਂਦਰ ਭੈਣੀ ਸਾਹਿਬ ਵਿੱਚ ਪੁਲਿਸ ਚੌਕੀ ਅੱਧੀ ਸਦੀ ਤੋਂ ਵੱਧ ਬੈਠਾਈ ਰੱਖੀ। ਸਮੁੱਚੇ ਨਾਮਧਾਰੀ ਸਮੁਦਾਇ ਨੂੰ ਸਰਕਾਰ ਦਾ ਬਾਗੀ ਫਿਰਕਾ ਕਰਾਰ ਦੇ ਕੇ, ਪੰਜ ਜਾਂ ਇਸ ਤੋਂ ਵੱਧ ਕੂਕਿਆਂ ਦੇ, ਇਕ ਥਾਂ ਜੁੜਨ ਤੇ ਪਾਬੰਦੀ ਲਾ ਦਿਤੀ। ਸਤਿਗੁਰੂ ਰਾਮ ਸਿੰਘ ਜੀ ਨਾਲ ਉਹਨਾਂ ਦੇ ਅਸਥਾਨ ’ਤੇ ਸ੍ਰੀ ਭੈਣੀ ਸਾਹਿਬ ਬਿਰਾਜਮਾਨ ਹੋਣ ਵਾਲੇ, ਆਪਦੇ ਛੋਟੇ ਭਰਾਤਾ ਗੁਰੂ ਹਰੀ ਸਿੰਘ ਜੀ, ਜਾਂ ਹੋਰ ਕੂਕੇ ਸਿੱਖਾਂ ਨੂੰ ਨਿੱਜੀ ਮੁਲਾਕਾਤਾਂ ਤਾਂ ਕੀ, ਖਤ ਪੱਤਰੀ ਸਹੂਲਤ ਵੀ ਉਪਲੱਬਧ ਨਾਂ ਹੋਣ ਦਿਤੀ ਤਾਂ ਕਿ ਉਹ ਆਪਣੇ ਪਿਆਰਿਆਂ ਦੇ ਦੁੱਖ-ਸੁੱਖ ਦਾ ਕੋਈ ਸੁਨੇਹਾ ਵੀ ਲੈ ਦੇ ਕੇ, ਹਿਰਦਾ ਸ਼ਾਂਤ ਕਰ ਸਕਣ। ਫਿਰ ਵੀ ਇਕ ਸੈਂਕੜਾ ਦੇ ਕਰੀਬ ਕੂਕੇ ਗੁਪਤ ਰੂਪ ਵਿਚ ਭੇਸ, ਨਾਂ, ਥਾਂ ਬਦਲ ਕੇ ਆਪ ਦੇ ਦਰਸ਼ਨ ਕਰਦੇ ਅਤੇ ਆਪ ਪਾਸੋਂ ਸੰਗਤ ਦੇ ਨਾਮ ਕ੍ਰਿਪਾ ਪੱਤਰ (ਹੁਕਮਨਾਮੇ) ਲੈ ਕੇ ਆਉਂਦੇ ਰਹੇ। 1857 ਤੋਂ 1907 ਈ. ਦੇ ਪਗੜੀ ਸੰਭਾਲ ਜੱਟਾ, ਬਾਰ ਦੇ ਕਿਸਾਨ ਅੰਦੋਲਨ ਤੱਕ ਸੁਤੰਤਰਤਾ ਸੰਗਰਾਮ ਵਿਚ ਚੱਲਣ ਵਾਲਾ ਇਕ ਮਾਤਰ, ਵਿਆਪਕ ਪ੍ਰਭਾਵ ਵਾਲਾ ਕੂਕਾ ਅੰਦੋਲਨ ਹੀ ਸੀ। ਇਸ ਦੇ ਜਿੰਮੇਂਵਾਰ ਆਗੂਆਂ ਦੀ, ਇਸ ਦੇ ਪ੍ਰਭਾਵ ਵਾਲੇ ਪਿੰਡਾਂ ਦੀ ਸਰਕਾਰੀ ’ਤੌਰ ਤੇ ਬੜੀ ਸਖਤ ਨਿਗਰਾਨੀ ਰੱਖੀ ਜਾਂਦੀ ਸੀ। ਕੂਕਿਆਂ ਨੇ ਅੰਗਰੇਜ਼ਾਂ ਨਾਲ ਜੋ ਅਸਹਿਯੋਗ ਦੀ ਨੀਤੀ ਅਪਣਾਈ, ਪ੍ਰਸਿੱਧ ਗਦਰੀ, ਬਾਬਾ ਸੋਹਨ ਸਿੰਘ ਭਕਨਾ ਜੋ 14 ਸਾਲ ਨਾਮਧਾਰੀਆਂ ਵਿਚ ਸਰਗਰਮ ਰਹੇ ਸਨ, ਅਮਰੀਕਾ ਜਾਣ ਤੋਂ ਪਹਿਲਾਂ, ਉਹ ਉਸ ਨੂੰ ਮਹਾਤਮਾ ਗਾਂਧੀ ਦੇ ਅਸਹਿਯੋਗ ਤੋਂ, ਉੱਚਾ ਦਰਜਾ ਦਿੰਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਵਿਚ ਨਾਮਧਾਰੀਆਂ ਜਾਂ ਕੂਕਿਆਂ ਨੇ ਆਪਦੇ ਛੋਟੇ ਭਾਈਆਂ ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਦੀ ਅਗਵਾਈ ਹੇਠ ਆਜ਼ਾਦੀ ਲਈ ਲੜੇ ਜਾ ਰਹੇ ਕਾਂਗਰਸ ਦੇ ਅੰਦੋਲਨਾਂ ਵਿਚ ਨੁਮਾਇਆ ਹਿੱਸਾ ਪਾਇਆ। ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ (ਫਤੂਹੀ ਚੱਕੀਆ), ਸੰਤ ਨਿਧਾਨ ਸਿੰਘ ਆਲਿਮ,

---

ਪੰਡਿਤ ਮਨਸ਼ਾ ਸਿੰਘ ਕੌਮੀ, ਸੰਤ ਇੰਦਰ ਸਿੰਘ ਚੱਕਰਵਰਤੀ ਆਦਿ ਉੱਘੇ ਕੂਕਾ ਆਗੂਆਂ ਦਾ, ਕੌਮੀ ਮੁਕਤੀ ਲਈ ਨਾਂ ਸਿਰਫ ਤਕਰੀਰੀ ਅਤੇ ਤਹਿਰੀਰੀ ਯੋਗਦਾਨ ਸੀ, ਸਗੋਂ ਉਹਨਾਂ ਜਿਹਲਾਂ ਵੀ ਕੱਟੀਆਂ ਅਤੇ ਭੂਮੀਗਤ ਜੀਵਨ ਦੀਆਂ ਦੁਸ਼ਵਾਰੀਆਂ ਵੀ ਝੱਲੀਆਂ। ਗੁਰਦੁਆਰਾ ਭੈਣੀ ਸਾਹਿਬ ਸੰਨ 1947 ਤੋਂ ਪਹਿਲਾਂ, ਹਰ ਰੰਗ ਦੇ ਦੇਸ਼ ਭਗਤ ਲਈ ਸੁਰੱਖਿਅਤ ਪਨਾਹ ਗਾਹ ਵੀ ਬਣੀ ਰਹੀ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਵਿਚ ਨਾਮਧਾਰੀ ਇਤਿਹਾਸ ਨੂੰ ਸੰਭਾਲਣ ਦਾ ਕਾਰਜ ਆਰੰਭ ਹੋਇਆ। ਨਾਮਧਾਰੀਆ ਦਾ ਅਖਬਾਰ 'ਕੂਕਾ' ਰੋਜ਼ਾਨਾ ਲਹੌਰ ਤੋਂ ਅਤੇ 'ਸਤਿਜੁਗ' ਸਪਤਾਹਿਕ ਪਹਿਲਾਂ ਲਾਹੌਰ ਤੋਂ, ਫਿਰ 1929 ਈ.ਤੋਂ ਸ੍ਰੀ ਭੈਣੀ ਸਾਹਿਬ ਤੋਂ ਛਪਣਾ ਸ਼ੁਰੂ ਹੋਇਆ। ਨਾਮਧਾਰੀ ਇਤਿਹਾਸ ਦੀਆਂ ਕਈ ਹਿਰਦੇ ਵੇਧਕ ਘਟਨਾਵਾਂ ਦੇ ਵਰਣਨ ਸਦਕਾ, ਇਸ ਨੂੰ ਕਈ ਵੇਰ ਜ਼ਬਤੀਆਂ ਅਤੇ ਸੰਪਾਦਕਾਂ ਦੇ ਖਿਲਾਫ, ਕਾਨੂੰਨੀ ਕਾਰਵਾਈਆਂ ਝੱਲਣੀਆ ਪਈਆਂ। ਸੰਤ ਇੰਦਰ ਸਿੰਘ ਚੱਕਰਵਰਤੀ ਕਿਹਾ ਕਰਦੇ ਸੀ ਕਿ ਕਰੀਏ ਕੀ ਸਾਡਾ ਇਤਿਹਾਸ ਹੀ ਅਜਿਹਾ ਹੈ ਜਦੋਂ ਵੀ ਇਸ 'ਤੇ ਕਲਮ ਚਲਾਈ ਦੀ ਹੈ ਇਹ ਹਿੰਦ ਸੁਰੱਖਿਆ ਅਧਿਨਿਯਮ (D.I.R.) ਦੀ, ਕਿਸੇ ਨਾ ਕਿਸੇ ਧਾਰਾ ਦੀ ਜ਼ੱਦ ਵਿਚ ਆ ਜਾਂਦਾ ਹੈ। ਨਾਮਧਾਰੀ ਇਤਿਹਾਸ ਦੇ ਪ੍ਰਮਾਣੀਕ ਸਰੋਤਾਂ ਲਈ ਭਾਈ ਸੰਤੋਖ ਸਿੰਘ ਬਾਹੋਵਾਲ ਦੇ ਸਤਿਗੁਰੂ ਬਿਲਾਸ ਤੋਂ ਇਲਾਵਾ, ਸਾਡੇ ਇਤਿਹਾਸ ਨੂੰ ਸਮਕਾਲੀ ਅੰਗਰੇਜ਼ ਹਾਕਮਾਂ ਨੇ, ਸਾਂਭਣ ਦਾ ਕੰਮ ਵੀ ਉਹਨਾਂ ਲਿਖਤਾਂ ਵਿਚ ਕੀਤਾ ਹੈ, ਜੋ ਇਕ ਤੋਂ ਦੂਜੇ ਅਧਿਕਾਰੀਆਂ ਨੂੰ ਭੇਜੀਆਂ ਜਾਂਦੀਆਂ ਸਨ। ਦੇਸ਼ ਬਟਵਾਰੇ ਤੋਂ ਪਹਿਲਾਂ 'ਕੂਕਾ ਆਊਟ ਬਰੇਕ' ਦੇ ਨਾਂ ਹੇਠ ਮਿਲਦੇ ਕੁੱਝ ਦਸਤਾਵੇਜ਼ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਯਤਨਾਂ ਨਾਲ, ਇੰਗਲੈਂਡ ਤੋਂ ਮੰਗਵਾਏ ਗਏ ਸਨ। ਦੇਸ਼ ਬਟਵਾਰੇ ਤੋਂ ਬਾਅਦ ਸਤਿਗੁਰੂ ਜੀ ਨੇ, ਸ. ਨਾਹਰ ਸਿੰਘ ਐਮ.ਏ.ਦੀ ਡਿਊਟੀ ਇਸ ਕੰਮ 'ਤੇ ਲਾਈ। ਉਹਨਾਂ ਸਤਿਗੁਰੂ ਪਰਤਾਪ ਸਿੰਘ ਜੀ ਦੀ ਨਿਗਰਾਨੀ ਹੇਠ, ਸੰਨ 1955 ਵਿਚ ਸਰਕਾਰੀ ਦਸਤਾਵੇਜ਼ਾਂ ਤਕ ਪਹੁੰਚ ਕਰਕੇ 'ਨਾਮਧਾਰੀ ਇਤਿਹਾਸ' ਨਾਂ ਦੀ ਪੁਸਤਕ ਵੀ ਲਿਖੀ ਅਤੇ ਕੂਕਿਆਂ ਬਾਰੇ ਉਪਲਬਧ ਸਰਕਾਰੀ ਦਸਤਾਵੇਜ਼ਾਂ ਨੂੰ, ਨੈਸ਼ਨਲ ਆਰਕਾਈਵਜ਼ ਆਫ ਇੰਡੀਆ ਨਵੀਂ ਦਿੱਲੀ, ਵਿੱਚੋਂ ਪ੍ਰਾਪਤ ਕਰਕੇ, ਪਹਿਲਾਂ ਤਿੰਨ ਜਿਲਦਾਂ ਵਿਚ ਛਪਵਾਇਆ ਅਤੇ ਫੇਰ ਸ.ਕਿਰਪਾਲ ਸਿੰਘ ਨਾਲ ਮਿਲਕੇ ਉਪਰ ਵਰਣਿਤ ਤਿੰਨ ਕਿਤਾਬਾਂ ਇਕੋ ਥਾਂ 'ਰੀਬੈਲਜ ਅਗੇਂਸਟ ਦਾ ਬ੍ਰਿਟਿਸ਼ ਰੂਲ' ਨਾਂ ਹੇਠ ਸੰਨ 1989 ਵਿਚ ਛਾਪ ਦਿੱਤੀਆਂ। ਆਪ ਜੀ ਦੇ ਇਸ ਵਡਮੁੱਲੇ ਕਾਰਜ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਮੇਸ਼ਾ ਸਹਾਇਕ ਰਹੇ। ਸਤਿਗੁਰੂ ਜੀ ਨੇ ਹੀ ਜਸਵਿੰਦਰ ਸਿੰਘ ਐਮ.ਏ.ਹਿਸਟੋਰੀਅਨ ਨਾਂ ਦੇ ਇਕ ਨਾਮਧਾਰੀ ਯੁਵਕ ਨੂੰ ਸਰਕਾਰੀ ਨੌਕਰੀ ਛੁਡਵਾ ਕੇ, ਦਸਤਾਵੇਜ਼ ਸੰਗ੍ਰਹਿ ਦਾ ਕਾਰਜ ਅੱਗੇ ਤੋਰਨ 'ਤੇ ਲਾਇਆ । ਜਸਵਿੰਦਰ ਸਿੰਘ ਨੇ 'ਕੂਕਾਜ ਆਫ ਨੋਟ ਇਨ ਦਾ ਪੰਜਾਬ-1880' ਅਤੇ 'ਕੂਕਾ ਮੂਵਮੈਂਟ ਫਰੀਡਮ ਸਟਰਗਲ ਇਨ ਪੰਜਾਬ' ਦੋ ਪੁਸਤਕਾਂ ਸੰਨ 1985 ਵਿਚ ਛਪਵਾਈਆਂ। ਜਿੱਥੇ ਨਾਹਰ ਸਿੰਘ, ਕਿਰਪਾਲ ਸਿੰਘ ਹੋਰਾਂ ਵਾਲੇ ਦਸਤਾਵੇਜ਼ ਸੰਨ 1863 ਤੋਂ 1880 ਤਕ ਦੀਆਂ ਸਰਕਾਰੀ ਰਿਪੋਰਟਾਂ 'ਤੇ ਆਧਾਰਿਤ ਸਨ, ਉੱਥੇ ਜਸਵਿੰਦਰ ਸਿੰਘ ਵਾਲੇ ਦਸਤਾਵੇਜ਼ਾਂ ਦਾ ਕਾਲ ਖੰਡ, 1880 ਤੋਂ 1903 ਈ. ਤੱਕ ਸੀ। "ਲਾਇਲ ਸਰਵਿਜ਼ਸ ਆਫ ਸ. ਅਤਰ ਸਿੰਘ ਭਦੌੜ" ਨਾਂ ਦੀ ਇਕ ਦਸਤਾਵੇਜ਼ੀ ਮਹੱਤਵ ਦੀ, ਜਸਵਿੰਦਰ ਸਿੰਘ ਹੋਰਾਂ ਦੀ ਇਕ ਹੋਰ ਪ੍ਰਕਾਸ਼ਨਾ, ਸੰਨ 2013 ਵਿਚ ਆਈ ਹੈ। ਇਹ ਸ੍ਰ.ਅੱਤਰ ਸਿੰਘ ਭਦੌੜ, ਕੂਕਿਆਂ ਬਾਰੇ ਗੁਪਤ ਸੂਚਨਾਵਾਂ ਦਾ ਆਦਾਨ-ਪ੍ਰਦਾਨ, ਅੰਗਰੇਜ਼ ਸਰਕਾਰ ਦੇ ਪੰਜਾਬ ਵਿਚਲੇ ਉੱਚ ਅਧਿਕਾਰੀਆਂ ਨਾਲ ਕਰਦਾ ਰਹਿੰਦਾ ਸੀ। ਇਸ ਲਈ ਇਹ ਵੀ ਜਸਵਿੰਦਰ ਸਿੰਘ ਦੁਆਰਾ ਸੰਪਾਦਿਤ ਮਹੱਤਵਪੂਰਨ ਰਚਨਾ ਹੈ।

ਉੱਪਰ ਵਰਣਿਤ ਸਾਰੀਆਂ ਦਸਤਾਵੇਜ਼ੀ ਕਿਤਾਬਾਂ, ਅੰਗਰੇਜ਼ ਸਰਕਾਰ ਦੇ ਦਸਤਾਵੇਜਾਂ 'ਤੇ ਆਧਾਰਿਤ ਅੰਗਰੇਜ਼ੀ ਵਿਚ ਹੀ ਉੱਪਲਬਧ ਹਨ। ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਕੂਕਾ ਸਰਗਰਮੀਆਂ ਦੇ ਦੌਰ ਵਿਚ, ਕੂਕਿਆਂ ਦੀ ਵੱਡੀ ਖਾਸੀ ਗਿਣਤੀ ਪੰਜਾਬ ਦੀਆਂ ਦੇਸੀ ਰਿਆਸਤਾਂ ਨਾਭਾ, ਪਟਿਆਲਾ, ਜੀਂਦ,

---

ਫਰੀਦਕੋਟ, ਮਲੇਰਕੋਟਲਾ ਆਦਿ ਵਿੱਚ ਵੀ ਵੱਸਦੀ ਸੀ। ਇਹਨਾਂ ਰਿਆਸਤਾਂ ਦੇ ਹੁਕਮਰਾਨਾਂ ਨੇ ਕੂਕਿਆਂ ਵਿਰੁੱਧ ਅੰਗਰੇਜ਼ ਸਰਕਾਰ ਵਲੋਂ ਚਲਾਏ ਦਮਨਤੰਤਰ ਵਿਚ ਉਸ ਦਾ ਪੂਰਾ- ਪੂਰਾ ਸਾਥ ਦਿੱਤਾ। ਕਿਹਾ ਜਾ ਸਕਦਾ ਹੈ ਕਿ ਕੂਕਿਆਂ ਨੂੰ ਦਬਾਉਣ ਵਿੱਚ ਉਹ ਅੰਗਰੇਜ਼ਾਂ ਤੋਂ ਵੀ ਦੋ ਕਦਮ ਅੱਗੇ ਲੰਘ ਗਏ ਸਨ। ਦਰਅਸਲ ਇਹ ਰਿਆਸਤੀ ਰਾਜੇ ਮਹਾਰਾਜੇ ਆਪਣੀ ਬ੍ਰਿਟਿਸ਼ ਤਾਜ ਪ੍ਰਤੀ ਕੋਈ ਵੀ ਵਫਾਦਾਰੀ, ਪਰਦਰਸ਼ਿਤ ਕਰਨ ਦਾ ਮੌਕਾ, ਖੁੰਝਾਉਣਾ ਨਹੀਂ ਸਨ ਚਾਹੁੰਦੇ। ਸੰਨ 1857 ਦੇ ਪਹਿਲੇ ਜਨ ਵਿਦਰੋਹ ਸਮੇਂ ਅਤੇ ਫਿਰ ਪੰਜਾਬ ਵਿੱਚ ਕੂਕਾ ਵਿਦਰੋਹ ਸਮੇਂ ਉਹਨਾਂ ਨੇ ਸਰਕਾਰ ਬਰਤਾਨੀਆਂ ਦੇ ਵਿਰੋਧੀਆਂ ਨੂੰ ਕੁਚਲਣ ਵਿਚ, ਰਤਾ ਸੰਕੋਚ ਨਹੀਂ ਕੀਤਾ। ਮਲੇਰਕੋਟਲਾ ਦੇ ਕੂਕਿਆਂ ਦੇ ਸ਼ਹੀਦੀ ਸਾਕੇ ਸਮੇਂ ਇਹਨਾਂ ਰਿਆਸਤਾਂ ਨੇ ਨੌ ਤੋਪਾਂ ਅਤੇ 750 ਸੈਨਿਕ ਭੇਜ ਕੇ, ਕੂਕਿਆਂ ਦੇ ਲਹੂ ਦੇ ਤਿਹਾਏ, ਲੁਧਿਆਣਾ ਦੇ ਤਦੋਂ ਦੇ ਡਿਪਟੀ ਕਮਿਸ਼ਨਰ ਐਲ.ਕਾਵਨ ਨੂੰ, ਉਸ ਦੀਆਂ ਸ਼ੈਤਾਨੀ ਕਾਰਵਾਈਆਂ ਵਿਚ ਮੁਕੰਮਲ ਸਾਥ ਹੀ ਨਹੀਂ ਦਿਤਾ ਸਗੋਂ ਇਸ ਤੋਂ ਬਾਅਦ, ਜਦੋਂ ਬਰਤਾਨਵੀ ਪਾਰਲੀਮੈਂਟ ਵਿਚ, ਇਸ ਨਰ ਸੰਘਾਰ ਵਿਰੁੱਧ ਰੌਲਾ ਪਿਆ ਅਤੇ ਕਾਵਨ ਨੂੰ ਨੌਕਰੀ ਤੋਂ ਲਾਹ ਦਿਤਾ ਗਿਆ ਤਾਂ ਮਹਾਰਾਜਾ ਮਹਿੰਦਰ ਸਿੰਘ ਵਾਲੀਏ ਪਟਿਆਲਾ ਨੇ, ਅੰਗਰੇਜ਼ ਸਰਕਾਰ ਨੂੰ, ਉਸ ਨੂੰ ਨੌਕਰੀ ਤੋਂ ਨਾਂ ਹਟਾਉਣ ਦੀ ਅਪੀਲ ਵੀ ਕੀਤੀ ਸੀ। ਇਹ ਰਿਆਸਤਾਂ ਆਪਣੇ ਇਲਾਕਿਆਂ ਵਿਚ ਕੂਕਿਆਂ ਦੀ ਧਰ ਪਕੜ ਲਈ ਬਹੁਤ ਚੁਸਤੀ- ਫੁਰਤੀ ਵਿਖਾਉਂਦੀਆਂ ਰਹੀਆਂ। ਕੂਕਿਆਂ ਨੂੰ ਉਹਨਾਂ ਦੇ ਅਕੀਦਿਆਂ ਤੋਂ ਡੁਲਾਉਣ ਲਈ ਹਰ ਤਰ੍ਹਾਂ ਦੀ ਜੋਰ ਜ਼ਬਰਦਸਤੀਆਂ ਕਰਦੀਆਂ ਰਹੀਆਂ। ਇਹ ਸਾਰੀਆਂ ਕਾਰਵਾਈਆਂ ਕਿਹੋ ਜਿਹੀਆਂ ਸਨ, ਕਿੱਥੇ, ਕਿੱਥੇ, ਕਦੋਂ- ਕਦੋਂ ਹੋਈਆਂ, ਇਹਨਾਂ ਦਾ ਅੰਗਰੇਜ਼ ਸਰਕਾਰ ਦੇ ਦਸਤਾਵੇਜ਼ਾਂ ਵਿਚ ਕੋਈ ਵਰਨਣ ਨਹੀਂ ਸੀ। ਜ਼ਾਹਿਰ ਹੈ ਕਿ ਇਹ ਸਭ ਪਟਿਆਲਾ ਜਾਂ ਹੋਰ ਰਿਆਸਤਾਂ ਦੇ ਮੁਹਾਫਿਜ਼ਖਾਨਿਆਂ ਵਿਚੋਂ ਹੀ ਲੱਭਿਆ ਜਾ ਸਕਦਾ ਸੀ। ਲੰਮਾ ਸਮਾਂ ਇਤਿਹਾਸ ਖੋਜੀਆਂ ਦਾ ਇਧਰ ਧਿਆਨ ਨਹੀਂ ਗਿਆ। ਇਸ ਲਈ ਮਲੇਰਕੋਟਲਾ ਵਿਚ ਸ਼ਹੀਦ ਹੋਣ ਵਾਲੇ 66 ਨਾਮਧਾਰੀ ਸਿੰਘਾਂ ਦੀ ਪ੍ਰਮਾਣਿਤ ਸੂਚੀ ਵੀ ਨਹੀਂ ਮਿਲਦੀ ਸੀ। ਆਪੋ ਆਪਣੇ ਤੌਰ 'ਤੇ ਭਾਈ ਸੰਤੋਖ ਸਿੰਘ ਬਾਹੋਵਾਲ, ਭਾਈ ਕਾਲ੍ਹਾ ਸਿੰਘ ਨੰਗਲ, ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਨਿਧਾਨ ਸਿੰਘ ਆਲਮ ਤੇ ਭਾਈ ਨਾਹਰ ਸਿੰਘ ਐਮ.ਏ.ਨੇ ਆਪਣੀਆਂ ਲਿਖਤਾਂ ਵਿਚ, ਇਹ ਸੂਚੀ ਦਿਤੀ ਸੀ ਪਰ ਕਈ ਨਾਵਾਂ-ਥਾਵਾਂ ਦਾ ਫਰਕ ਮਿਲਦਾ ਸੀ। ਸਾਡੇ ਲਈ ਇਹ ਬੜੀ ਖੁਸ਼ੀ ਅਤੇ ਤਸੱਲੀ ਦੀ ਗੱਲ ਹੈ ਕਿ ਪਟਿਆਲਾ ਸਮੇਤ ਕੁੱਝ ਹੋਰ ਰਿਆਸਤਾਂ ਦੇ ਕੂਕਿਆਂ ਬਾਰੇ ਮਿਲਦੇ ਦਸਤਾਵੇਜ਼ਾਂ ਨੂੰ ਉਰਦੂ ਤੋਂ ਪੰਜਾਬੀ ਵਿੱਚ ਉਲਥਾ ਕਰਕੇ, ਪਾਠਕਾਂ ਤੱਕ ਪਹੁੰਚਾਉਣ ਦਾ ਕਾਰਜ ਨਾਮਧਾਰੀ ਵਿਦਵਾਨ (ਬੀਬੀ) ਸੂਬਾ ਸੁਰਿੰਦਰ ਕੌਰ ਖਰਲ ਹੋਰਾਂ ਦੀ ਭਾਰੀ ਮਿਹਨਤ ਬਾਅਦ ਸੰਪਨ ਹੋਇਆ ਹੈ। ਹੁਣ ਪੰਜਾਬੀ ਜਾਣਦੇ ਪਾਠਕਾਂ ਲਈ ਕੂਕਾ ਇਤਿਹਾਸ ਨਾਲ ਸੰਬੰਧਿਤ ਬੇਸ਼ਕੀਮਤੀ ਸਮੱਗਰੀ ਦੇ ਖਜ਼ਾਨੇ ਦਾ ਪਹਿਲੀ ਵੇਰ ਬੂਹਾ ਖੁੱਲ੍ਹ ਰਿਹਾ ਹੈ। ਬੇਸ਼ਕ ਇਨ੍ਹਾਂ ਦਸਤਾਵੇਜ਼ਾਂ ਦਾ ਵੱਡਾ ਭਾਗ ਸਾਕਾ ਮਲੇਰਕੋਟਲਾ ਨਾਲ ਸਬੰਧਿਤ ਹੈ ਫਿਰ ਵੀ ਇਸ ਵਿਚ ਕੁਝ ਘਟਨਾਵਾਂ ਸੰਨ 1866 ਈ.ਦੇ ਸਮੇਂ ਤੋਂ ਵੀ ਦਰਜ਼ ਹਨ। ਮਲੇਰਕੋਟਲਾ ਦੇ ਸਾਕੇ ਨਾਲ ਸੰਬੰਧਿਤ ਚਿੱਠੀਆਂ ਦੇ ਕਾਗਜਾਂ ਪੱਤਰਾਂ ਦੀ ਗਿਣਤੀ 487 ਹੈ ਜੋ 3 ਮਾਘ 1928 ਤੋਂ 24 ਹਾੜ 1930 ਬਿਕ੍ਰਮੀ ਦੇ ਸਮੇਂ ਵਿਚ ਇਸ ਸਾਕੇ ਦੇ ਸਬੰਧ ਵਿਚ ਰਿਆਸਤੀ ਅਹਿਲਕਾਰਾਂ ਵੱਲੋਂ ਲਿਖੀਆਂ ਗਈਆਂ ਸਨ। ਸਿੱਖ ਰਿਆਸਤਾਂ ਵਿਚ ਸਰਕਾਰੀ ਤਾਰੀਖਾਂ, ਦੇਸੀ ਮਹੀਨਿਆਂ ਅਤੇ ਬ੍ਰਿਕਮੀ ਸੰਮਤ ਮੁਤਾਬਿਕ ਚਲਦੀਆਂ ਸਨ। ਇਤਿਹਾਸਕਾਰ ਥੋੜ੍ਹੀ ਮਿਹਨਤ ਕਰਕੇ ਇਹਨਾਂ ਦੇ ਬਦਲ ਵਿੱਚ ਅੰਗਰੇਜ਼ੀ ਸੰਨ ਤੇ ਤਰੀਖਾਂ ਲੱਭ ਸਕਦੇ ਹਨ। ਇਸ ਸਾਰੀ ਸਮੱਗਰੀ ਦਾ ਅਧਿਐਨ ਕਰਨ 'ਤੇ ਇਸ ਸਾਕੇ ਦੀਆਂ ਕਈ ਹਨੇਰੀਆਂ ਗੁੱਠਾ 'ਤੇ ਪਹਿਲੀ ਵਾਰ ਪ੍ਰਕਾਸ਼ ਪੈਂਦਾ ਹੈ। ਕੂਕਿਆਂ ਦੇ ਉੱਚੇ-ਸੁੱਚੇ ਆਚਰਣ ਦੇ ਨਮੂਨੇ ਅੰਗਰੇਜ਼ੀ ਸਰਕਾਰ ਅਤੇ ਉਸ ਦੇ ਚਾਟੜੇ ਦੇਸੀ ਰਾਜੇ ਰਜਵਾੜਿਆ ਦੇ ਵਿਰੁੱਧ ਅਥਾਹ ਨਫਰਤ ਦੇ ਸਬੂਤ ਕੂਕੇ ਮਸਤਾਨਿਆਂ ਦੇ ਬੋਲਾਂ ਵਿਚੋਂ ਥਾਂ-ਥਾਂ ਪ੍ਰਗਟ ਹੁੰਦੇ ਹਨ।

-----------------------------------------------------------

ਪਟਿਆਲਾ ਰਿਆਸਤ ਦੇ ਸਹਿਯੋਗ ਨਾਲ ਹੀ ਰਾਏਕੋਟ ਦੇ ਸਾਕੇ ਵਾਲੇ ਕੂਕੇ ਸਿੰਘਾਂ ਦੀ ਗ੍ਰਿਫਤਾਰੀ ਹੋਈ ਸੀ। ਉਨ੍ਹਾਂ ਸਿੰਘਾਂ ਨੂੰ 5 ਅਗਸਤ ਸੰਨ 1871 ਨੂੰ ਸਵੇਰੇ ਪੰਜ ਵਜੇ ਰਾਏਕੋਟ ਵਿਖੇ ਸਥਿਤ ਬੁੱਚੜ ਖਾਨੇ ਦੀ ਇਕ ਕੋਠੜੀ ਵਿਚ ਹੀ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ ਸੀ ਅਤੇ ਸ਼ਹੀਦਾਂ ਦੀਆਂ ਦੇਹਾਂ ਬਾਅਦ ਵਿਚ ਸ਼ਹੀਦ ਗੁਰਮੁਖ ਸਿੰਘ ਦੇ ਚਾਚੇ ਚੰਦ ਸਿੰਘ ਨੂੰ, ਜੋ ਫਾਂਸੀ ਸਮੇਂ ਹਾਜ਼ਰ ਸੀ ਨੂੰ ਦੇ ਦਿੱਤੀਆਂ ਗਈਆਂ। ਉਸ ਨੇ ਗੱਡੇ 'ਤੇ ਪਿੱਥੋਂ ਪਿੰਡ ਲਿਜਾ ਕੇ ਤਿੰਨਾਂ ਸ਼ਹੀਦਾਂ ਦਾ ਸਸਕਾਰ ਕਰ ਦਿੱਤਾ ਸੀ। ਇਸ ਤਰ੍ਹਾਂ ਰਾਏਕੋਟ ਕੇਸ ਵਿਚ ਲੋੜੀਂਦੇ ਸੂਬਾ ਗਿਆਨੀ ਰਤਨ ਸਿੰਘ ਦੀ ਗ੍ਰਿਫਤਾਰੀ ਲਈ ਪਟਿਆਲਾ ਰਿਆਸਤ ਦੀ ਪੁਲਿਸ ਕਾਫੀ ਨੱਠ ਭੱਜ ਕਰ ਰਹੀ ਸੀ ਕਿਉਂਕਿ ਗਿਆਨੀ ਜੀ ਫੂਲਕੀਆ ਰਿਆਸਤਾਂ ਵਿਚ ਵਿਚਰਣ ਵਾਲੇ ਪ੍ਰਮੁੱਖ ਕੂਕਾ ਸੂਬਾ ਸਨ। ਉਨ੍ਹਾਂ ਦੀ ਗ੍ਰਿਫਤਾਰੀ ਨੂੰ ਰਿਆਸਤੀ ਅਹਿਲਕਾਰ ਆਪਣੀ ਵੱਡੀ ਸਫਲਤਾ ਗਰਦਾਨ ਰਹੇ ਸਨ ਅਤੇ ਕਮਿਸ਼ਨਰ ਅੰਬਾਲਾ ਅਤੇ ਡੀ.ਆਈ.ਜੀ. ਮੈਕ ਐਂਡਰਿਊ ਨੂੰ ਉਸ ਦੀ ਗ੍ਰਿਫਤਾਰੀ ਦੀ ਖਬਰ ਮਿਲਣੀ 20 ਅਗਸਤ ਸੰਨ 1871 ਨੂੰ ਸੰਭਵ ਹੋਈ। ਗਿਆਨੀ ਰਤਨ ਸਿੰਘ ਹੋਰਾਂ ਨੂੰ ਰਿਆਸਤ ਬੀਕਾਨੇਰ ਦੇ ਪਿੰਡ ਲਾਲਗੜ੍ਹ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਇਹ ਸਾਰੇ ਮਹੱਤਵਪੂਰਨ ਵੇਰਵੇ ਸਿਰਫ ਪਹਿਲੀ ਵੇਰ ਇਨ੍ਹਾਂ ਕਾਗਜਾਂ ਵਿਚ ਹੀ ਮਿਲਦੇ ਹਨ। ਇਸੇ ਤਰ੍ਹਾਂ ਸੰਨ 1863-66 ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਵਿਚ ਨਜ਼ਰਬੰਦ ਰੱਖਿਆ ਗਿਆ ਸੀ। ਅੰਗਰੇਜ਼ ਸਰਕਾਰ ਦੀ ਹਿਦਾਇਤ 'ਤੇ ਰਿਆਸਤੀ ਫੌਜਾਂ ਵਿਚੋਂ ਕੂਕਿਆਂ ਦਾ ਪਤਾ ਲੱਗਣ 'ਤੇ ਛਾਂਟੀ ਕਰ ਦਿੱਤੀ ਜਾਂਦੀ ਸੀ। ਉਹਨਾਂ ਦੇ ਦੀਵਾਨ ਜਾਂ ਇਕੱਠ ਵੀ ਰਿਆਸਤ ਦੀ ਹਦੂਦ ਵਿਚ ਨਹੀਂ ਹੋਣ ਦਿੱਤੇ ਜਾਂਦੇ ਸਨ। ਇਹੋ ਕਾਰਨ ਹੈ ਕਿ ਭਾਈ ਸੰਤੋਖ ਸਿੰਘ ਹੋਰਾਂ ਦੀ ਲਿਖਤ ਮੁਤਾਬਿਕ ਸੂਬਾ ਕਾਹਨ ਸਿੰਘ ਚੱਕ ਵਾਲਿਆਂ ਨੂੰ ਦਿਨ ਛਿਪਦੇ ਪਟਿਆਲਾ ਸ਼ਹਿਰ ਵਿੱਚੋਂ ਸਿੰਘਾਂ ਸਮੇਤ ਹੀ ਕੱਢ ਦਿੱਤਾ ਸੀ। ਪਟਿਆਲਾ ਰਿਆਸਤ ਦੇ ਅਹਿਲਕਾਰ ਕੂਕਿਆਂ ਵਿਰੁੱਧ ਆਪਣੀਆਂ ਕਾਰ ਵਾਈਆਂ ਨੂੰ ਬਾਬਾ ਫੂਲਾ ਸਿੰਘ ਅਤੇ ਬਹਾਦੁਰ ਸਿੰਘ ਬਟੌਰ (ਬਟਵਰ) ਵਾਲੇ ਸੂਰਮੇ ਸਿੰਘਾਂ ਦੇ ਖਿਲਾਫ ਰਿਆਸਤਾਂ ਵੱਲੋਂ ਕੀਤੀਆਂ ਕਾਰਵਾਈਆਂ ਨਾਲ ਜੋੜ ਕੇ ਵੇਖ ਰਹੇ ਸਨ। ਮਲੇਰਕੋਟਲਾ ਦੇ ਸਾਕੇ ਵਿਚ ਸ਼ਹੀਦ ਹੋਣ ਵਾਲੇ ਕੂਕਿਆਂ ਪਾਸੋਂ ਬਰਾਮਦ ਲੀੜੇ ਕਪੜੇ ਅਤੇ ਹੋਰ ਸਮਾਨ ਦੀ ਸੂਚੀ ਅਤੇ ਜਬਤਸ਼ੁਦਾ ਜਾਇਦਾਦਾਂ ਦੇ ਵੇਰਵੇ ਵੀ ਇਤਿਹਾਸ ਖੋਜੀਆਂ ਨੂੰ ਇਨ੍ਹਾਂ ਦਸਤਾਵੇਜ਼ਾਂ ਵਿਚੋਂ ਪਹਿਲੀ ਵੇਰ ਪੜ੍ਹਨ ਨੂੰ ਮਿਲਣਗੇ। ਕੂਕਾ ਇਤਿਹਾਸ ਦੇ ਨਾਲ ਨਾਲ ਸਿੱਖ ਰਿਆਸਤਾਂ ਅਤੇ ਅੰਗਰੇਜ਼ੀ ਸਰਕਾਰ ਦੇ ਸਬੰਧਾਂ 'ਤੇ ਵੀ ਇਹ ਕਾਗਜ਼ ਪੱਤਰ ਨਵੀਂ ਰੋਸ਼ਨੀ ਪਾਉਣ ਵਾਲਾ ਸਿੱਧ ਹੋਏਗਾ।

ਸੂਬਾ ਸੁਰਿੰਦਰ ਕੌਰ ਖਰਲ, ਨਾਮਧਾਰੀ ਇਤਿਹਾਸ ਵਿੱਚ ਖੋਜ ਅਤੇ ਲੇਖਨ ਵਿੱਚ ਇੱਕ ਉੱਘਾ ਨਾਮ ਹਨ। ਉਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲਾ ਸਾਕਿਆਂ ਦੇ ਕੂਕਾ ਸ਼ਹੀਦਾਂ ਦੇ ਪਿੰਡਾਂ ਵਿਚ ਜਾ ਜਾ ਕੇ, ਸ਼ਹੀਦ ਪਰਿਵਾਰਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਦੇ ਵੰਸ਼ਿਜਾਂ ਦੀ ਖੋਜ ਕੀਤੀ ਹੈ। ਸੂਬਾ ਖਰਲ ਦਾ ਇਹ ਕਾਰਜ 20ਵੀਂ ਸਦੀ ਦੇ ਆਰੰਭ ਵਿੱਚ ਨਾਮਧਾਰੀ ਲੇਖਕ ਕਵੀ ਬਾਬਾ ਕਾਲ੍ਹਾ ਸਿੰਘ ਨੰਗਲ ਅਤੇ ਉਨ੍ਹਾਂ ਦੇ ਸਪੁੱਤਰ ਭਾਈ ਬਿਸ਼ਨ ਸਿੰਘ ਹਿਸਟੋਰੀਅਨ ਜੀ ਦੁਆਰਾ ਆਰੰਭੇ ਕਾਰਜ ਦਾ ਹੀ ਅਗਲੇਰਾ ਵਿਸਥਾਰ ਹੈ। ਸੂਬਾ ਸਰਿੰਦਰ ਕੌਰ ਖਰਲ ਨੇ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਅਨੇਕ ਪੁਸਤਕਾਂ ਅਤੇ ਖੋਜ ਪੱਤਰ ਵੀ ਲਿਖੇ ਹਨ। ਉਹ ਬਹੁਤ ਵਧੀਆ ਕਵਿੱਤਰੀ ਵੀ ਹੈ। ਪੰਜਾਬੀ ਸਹਿਤ ਸੰਸਾਰ ਵਿਚ ਸੂਬਾ ਸੁਰਿੰਦਰ ਕੌਰ ਖਰਲ ਦਾ ਨਾਮ ਹੁਣ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ।

ਉਨ੍ਹਾਂ ਦੁਆਰਾ ਅਨੇਕ ਸਾਹਿਤਕ ਵੰਨਗੀਆਂ ਨੂੰ ਆਪਣੀਆਂ ਲਿਖਤਾਂ ਵਿਚ ਲਿਆਂਦਾ ਗਿਆ ਹੈ। ਪਟਿਆਲਾ ਤੇ ਹੋਰ ਸਿੱਖ ਰਿਆਸਤਾਂ ਦੀ ਕੂਕਿਆਂ ਨਾਲ ਸਬੰਧਤ ਦਸਤਾਵੇਜ਼ੀ ਸਮੱਗਰੀ ਦੀ ਖੋਜ ਭਾਲ ਅਤੇ ਇਸ ਨੂੰ ਪ੍ਰਕਾਸ਼ਿਤ ਕਰਵਾਉਣ ਸਦਕਾ ਸੂਬਾ ਸੁਰਿੰਦਰ ਕੌਰ ਖਰਲ, ਭਾਈ ਨਾਹਰ ਸਿੰਘ, ਕ੍ਰਿਪਾਲ ਸਿੰਘ ਅਤੇ ਸ. ਜਸਵਿੰਦਰ ਸਿੰਘ ਹਿਸਟੋਰੀਅਨ ਹੋਰਾਂ ਦੇ ਵਡਮੁੱਲੇ ਇਤਿਹਾਸਕ ਕਾਰਜ ਦੇ ਨਾਲ ਦਾ ਕੰਮ ਕਰਨ ਦੇ ਯੋਗ ਹੋਏ ਹਨ।

---

ਇਸ ਆਸ ਨਾਲ ਕਿ ਸਤਿਗੁਰੂ ਰਾਮ ਸਿੰਘ ਜੀ, ਉਨ੍ਹਾਂ ਦੁਆਰਾ ਅਰੰਭੀ ਪੰਜਾਬ ਦੀ ਧਰਤੀ ’ਤੇ ਚੱਲਣ ਵਾਲੀਆਂ ਲੋਕ ਲਹਿਰਾਂ ਵਿਚੋਂ ਇਕ ਪ੍ਰਮੁੱਖ ਲਹਿਰ ਕੂਕਾ ਲਹਿਰ ਦੀ ਕੀਰਤੀ ਅਤੇ ਉਸ ਦੇ ਵਿਦੇਸ਼ੀ ਬਸਤੀਵਾਦ ਅਤੇ ਦੇਸੀ ਸਾਮੰਤਾਂ ਵਿਰੁੱਧ ਵਿੱਢੇ ਕੂਕਾ ਲੋਕ ਸੰਗ੍ਰਾਮ ਨੂੰ ਰਾਜਨੀਤਿਕ ਜਾਵੀਏ ਤੋਂ ਵੇਖਣ ਲਈ ਇਨ੍ਹਾਂ ਦਸਤਾਵੇਜ਼ਾਂ ਦੀ ਅਹਿਮ ਭੂਮਿਕਾ ਹੋਵੇਗੀ।

**– ਸੁਵਰਨ ਸਿੰਘ ਵਿਰਕ**

**(ਆਪ ਪ੍ਰਸਿੱਧ ਲਿਖਾਈ ਅਤੇ ਬੁਲਾਰੇ ਹਨ।)**

**ਪਿੰਡ ਤੇ ਡਾਕ. ਕਰੀਵਾਲਾ, ਜਿਲ੍ਹਾ ਸਿਰਸਾ, (ਹਰਿਆਣਾ)**

ਫੋਨ ਨੰ.099963-71716, 01698-274562

# ਮੁੱਖ –ਬੰਦ

ਸੁਤੰਤਰਤਾ ਸੰਗ੍ਰਾਮ ਦੀ ਮਹਾਨ ਲਹਿਰ 'ਕੂਕਾ ਮੂਵਮੈਂਟ' (ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਅਪਰੈਲ 1857 ਨੂੰ ਆਰੰਭੀ ਸੀ) ਸੰਬੰਧੀ ਸਰਕਾਰੀ ਦਸਤਾਵੇਜ਼ਾਂ ਦੀ ਇਸ ਪੁਸਤਕ ਨੂੰ ਛਾਪਣ ਦੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨੂੰ ਪੂਰਾ ਕਰਦਿਆਂ ਮੇਰੇ ਮਨ ਨੂੰ ਅਥਾਹ ਸੰਤੁਸ਼ਟੀ ਤੇ ਖ਼ੁਸ਼ੀ ਦਾ ਅਹਿਸਾਸ ਹੋ ਰਿਹਾ ਹੈ। ਮੇਰੇ ਲਈ ਇਹ ਅਤਿਅੰਤ ਸਕੂਨ ਦੇ ਛਿਣ ਹਨ।

ਇਸ ਕਿਤਾਬ ਨੂੰ ਤਿਆਰ ਕਰਨ ਅਤੇ ਛਪਵਾਉਣ ਵਿੱਚ ਬਹੁਤ ਲੰਮਾ ਸਮਾਂ ਅਤੇ ਅਣਥੱਕ ਮਿਹਨਤ ਲੱਗੀ ਹੈ ਪਰ ਇਹ ਸਭ ਕੁੱਝ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੀ ਸੰਭਵ ਹੋ ਸਕਿਆ ਹੈ।

ਸਟੇਟ ਆਰਕਾਈਵਜ਼ ਪਟਿਆਲਾ (ਪੁਰਾ ਲੇਖਾ ਵਿਭਾਗ ਜੋ ਉਦੋਂ ਬਾਰਾਂਦਰੀ ਵਿਚ ਸੀ') ਤੋਂ ਕੂਕਾ ਮੂਵਮੈਂਟ ਬਾਰੇ ਸਰਕਾਰੀ ਦਸਤਾਵੇਜ਼ਾਂ ਦੀਆਂ ਸੱਤ ਫਾਈਲਾਂ ਮੈਂ ਪੰਜ ਮਾਰਚ ਸੰਨ 2004 ਤੋਂ ਲੈ ਕੇ ਸੰਨ 2005 ਦੇ ਆਖੀਰ ਤੱਕ ਕਢਵਾਈਆਂ ਸਨ। ਇਹ ਦਸਤਾਵੇਜ਼ ਸੰਨ 1866 ਤੋਂ ਸੰਨ 1879 ਤਕ ਦੇ ਹਨ।

ਇਹ ਦਸਤਾਵੇਜ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਦੇ ਵਿਦੇਸ਼ ਵਿਭਾਗ ਦੀਆਂ ਉਰਦੂ-ਭਾਸ਼ਾ 'ਚ ਲਿਖੀਆਂ ਗੁਪਤ ਫਾਇਲਾਂ (Confidencial files of foriegn Deptt.) ਹਨ। ਕ੍ਰੀਬ 2200 ਪੰਨਿਆਂ ਦੀਆਂ ਇਨ੍ਹਾਂ ਫਾਇਲਾਂ ਵਿੱਚ, ਕੂਕਾ ਅੰਦੋਲਨ ਵਿਰੁੱਧ ਮਹਾਰਾਜਾ ਪਟਿਆਲਾ ਅਤੇ ਅੰਗ੍ਰੇਜ਼ ਸਰਕਾਰ ਦਰਮਿਆਨ ਲਿਖੇ ਗਏ ਚਿੱਠੀ ਪੱਤਰਾਂ ਦੇ, ਮਹਾਰਾਜਾ ਪਟਿਆਲਾ ਨੂੰ ਉਨ੍ਹਾਂ ਦੇ ਅਹਿਲਕਾਰਾਂ ਵੱਲੋਂ ਘਟਨਾਵਾਂ ਤੇ ਵੇਰਵਿਆਂ ਸੰਬੰਧੀ ਅਤੇ ਅੰਗਰੇਜ਼ ਅਫਸਰਾਂ ਨਾਲ ਹੋਈ ਗੱਲਬਾਤ ਦੀ ਜਾਣਕਾਰੀ ਦਿੰਦੇ ਹੋਏ, ਵੱਡੀ ਗਿਣਤੀ 'ਚ ਖਤਾਂ ਦਾ ਰਿਕਾਰਡ ਸੰਭਾਲਿਆ ਹੋਇਆ ਹੈ। ਮਲੇਰਕੋਟਲਾ ਸਾਕੇ ਨਾਲ ਸੰਬੰਧਿਤ ਦੋ ਫਾਇਲਾਂ H.92M. i ਅਤੇ H.92M ii ਵਿਚ ਹੀ 487 ਚਿੱਠੀਆਂ ਹਨ।

ਕੱਢਵਾਈਆਂ ਗਈਆਂ ਸੱਤ ਫਾਇਲਾਂ ਇਹ ਹਨ:-

1) ਮੱਦ ਨੰ 1/86- ਸੰਨ 1866 ਵਿੱਚ ਕੂਕਾ ਅੰਦੋਲਨ ਨੂੰ ਦਬਾਉਣ ਲਈ ਸਹਿਯੋਗ ਦੇਣ ਵਾਸਤੇ ਅੰਗਰੇਜ਼ਾਂ ਵੱਲੋਂ ਮਹਾਰਾਜਾ ਪਟਿਆਲਾ ਨੂੰ ਲਿਖਵਾਏ ਗਏ ਪੱਤਰ।
2) ਹਿਸਟਰੀ 10 ਆਰ- ਸੰਨ 1871-72 ਵਿੱਚ ਸੂਬਾ ਗਿਆਨੀ ਰਤਨ ਸਿੰਘ ਦੀ ਗ੍ਰਿਫਤਾਰੀ ਅਤੇ ਅੰਮ੍ਰਿਤਸਰ, ਰਾਏਕੋਟ ਅਤੇ ਲੁਧਿਆਣਾ ਸਾਕੇ ਨਾਲ ਸੰਬੰਧਿਤ ਦਸਤਾਵੇਜ਼ੀ ਚਿੱਠੀਆਂ।
3) ਐਚ.92 ਐਮ. ਭਾਗ ਪਹਿਲਾ- ਸੰਨ 1872 ਵਿੱਚ ਮਲੇਰ ਕੋਟਲਾ ਸਾਕੇ ਨਾਲ ਸੰਬੰਧਿਤ ਦਸਤਾਵੇਜ਼ੀ ਖਤ
4) ਐਚ. 92 ਐਮ. ਭਾਗ ਦੂਜਾ- ਸੰਨ 1872 ਵਿੱਚ ਮਲੇਰਕੋਟਲਾ ਸਾਕੇ ਨਾਲ ਸੰਬੰਧਿਤ ਦਸਤਾਵੇਜ਼ੀ ਖਤ
5) ਹਿਸਟਰੀ 9 ਆਰ- ਇੰਤਜਾਮੀਆਂ ਸੰਮਤ 1930 (ਸੰਨ 1873) ਦੀਆਂ ਚਿੱਠੀਆਂ ਜਿਨ੍ਹਾਂ ਵਿਚ ਗ੍ਰਿਫਤਾਰ ਕੂਕਿਆਂ ਦੇ ਬਿਆਨਾਂ ਤੇ ਹੁਲੀਆਂ ਦੀ ਸੂਚੀ ਦਰਜ ਹੈ।
6) ਐਚ. 67 ਜੀ- ਸੰਨ 1873 (ਇੰਤਜਾਮੀਆ ਸੰਮਤ 1930 ਸੰਬੰਧੀ ਕਾਗਜਾਤ)
7) ਹਿਸਟਰੀ ਔਫ ਨਾਭਾ - ਸੰਨ 1872 ਵਿੱਚ ਮਲੇਰ ਕੋਟਲਾ ਸਾਕੇ ਸਮੇਂ ਅੰਗਰੇਜ਼ਾਂ ਦੁਆਰਾ ਰਾਜਾ ਹੀਰਾ

---

ਸਿੰਘ ਨਾਭਾ ਤੋਂ ਮਦਦ ਮੰਗਣ ਅਤੇ ਮਦਦ ਭੇਜੇ ਜਾਣ ਮਗਰੋਂ ਧੰਨਵਾਦ ਕਰਨ ਸੰਬੰਧੀ ਪੱਤਰ।

ਇਨ੍ਹਾਂ ਦਸਤਾਵੇਜ਼ ਦਾ ਅਨੁਵਾਦ ਕਰਵਾਇਆਂ ਬਹੁਤ ਸਾਰੀਆਂ ਨਵੀਆਂ ਜਾਣਕਾਰੀਆਂ ਉੱਭਰ ਕੇ ਸਾਹਮਣੇ ਆਈਆਂ ਹਨ। ਸਭ ਤੋਂ ਜ਼ਿਆਦਾ ਖ਼ੁਸ਼ੀ ਮੈਨੂੰ ਇਸ ਗੱਲ ਦੀ ਹੋਈ ਹੈ ਕਿ ਮਲੇਰਕੋਟਲਾ ਸਾਕੇ ਦੇ ਤੋਪਾਂ ਨਾਲ ਉਡਾ ਕੇ ਸ਼ਹੀਦ ਕੀਤੇ ਗਏ 66 ਨਾਮਧਾਰੀ ਸਿੰਘਾਂ ਦੀ ਲਿਸਟ ਇੰਨ੍ਹਾਂ ਦਸਤਾਵੇਜਾ ਵਿੱਚੋਂ ਮਿਲੀ ਹੈ, ਜੋ ਪਹਿਲਾਂ ਉਪਲੱਭਦ ਨਹੀਂ ਸੀ।

ਮੈਂ ਇਨ੍ਹਾਂ ਸ਼ਹੀਦਾਂ ਦੇ ਪਹਿਵਾਰਾਂ ਦੀ ਇਨ੍ਹਾਂ ਦੇ ਪਿੰਡਾਂ ਵਿਚ ਜਾ ਜਾ ਕੇ, ਕਈ ਸਾਲ ਇਨ੍ਹਾਂ ਦੀ ਖੋਜ ਪੜਤਾਲ ਕਰਨ ਵਿਚ ਲਗਾਏ ਹਨ। ਮੈਂ ਸ਼ਹੀਦਾਂ ਦੀ Original Documentry ਲਿਸਟ ਦੀ ਭਾਲ ਵਿਚ ਸੀ।

ਕਢਵਾਏ ਗਏ ਦਸਤਾਵੇਜ਼ਾਂ ਦੀਆਂ ਸੱਤ ਫਾਇਲਾਂ ਵਿੱਚੋਂ, ਛੇ ਫਾਇਲਾਂ ਪਟਿਆਲਾ ਰਿਆਸਤ ਨਾਲ ਅਤੇ ਇਕ ਫਾਇਲ ਨਾਭਾ ਰਿਆਸਤ ਨਾਲ ਸੰਬੰਧਤ ਹੈ।

ਪਟਿਆਲਾ ਰਿਆਸਤ ਨਾਲ ਸੰਬੰਧਿਤ ਫਾਇਲਾਂ ਵਿਚ, ਜਿਸ ਵੀ ਚਿੱਠੀ ’ਤੇ ਗਰੀਬ ਪਰਵਰ! ਸਲਾਮਤ! ਲਿਖਿਆ ਹੋਇਆ ਹੈ ਉਹ ਚਿੱਠੀ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੂੰ ਲਿਖੀ ਹੋਈ ਹੈ।

ਕਈ ਚਿੱਠੀਆਂ ਉੱਪਰ ਸਿਰਲੇਖ ਨਹੀਂ ਲਿਖੇ ਹਨ ਕਿਉਂਕਿ ਉੱਪਰ ਵਾਲੇ ਸੰਬੋਧਨ ਤੋਂ ਅਤੇ ਥੱਲੇ ਲਿਖੇ ਨਾਂ ਤੋਂ ਪਤਾ ਲਗ ਜਾਂਦਾ ਹੈ ਕਿ ਇਹ ਚਿੱਠੀ ਕਿਸ ਨੇ ਕਿਸ ਨੂੰ ਲਿਖੀ ਹੋਈ ਹੈ।

ਕੂਕਾ ਮੂਵਮੈਂਟ ਸਬੰਧੀ ਡਾਕੂਮੈਂਟਸ ਕੱਢਵਾ ਕੇ ਛਪਵਾਉਣ ਦੀ ਪਹਿਲ ਸ. ਨਾਹਰ ਸਿੰਘ ਐਮ. ਏ . ਨੇ ਕੀਤੀ।

ਉੱਘੇ ਰਿਸਰਚ ਸਕਾਲਰ ਸ.ਨਾਹਰ ਸਿੰਘ ਨੂੰ ਇਤਿਹਾਸ ਦੀ ਖੋਜ ਵਿਚ ਦਿਲਚਸਪੀ ਸੀ। ਆਪ ‘ਹਿਸਟਰੀ ਆਫ ਫਰੀਡਮ ਮੂਵਮੈਂਟ ਬੋਰਡ ਪੰਜਾਬ’ ਦੇ ਸੰਨ 1954 ਤੋਂ 61 ਤੱਕ ਮੈਂਬਰ ਰਹੇ। ਸੁਤੰਤਰਤਾ ਸੰਗਰਾਮ ਦੇ ਦਸਤਾਵੇਜ਼ ‘ਨੈਸ਼ਨਲ ਆਰਕਾਈਵਜ ਆਫ ਇੰਡੀਆ’ ਦਿੱਲੀ ਵਿਖੇ ਲੱਭਦਿਆਂ, ਉਨ੍ਹਾਂ ਨੇ ਕੂਕਾ ਅੰਦੋਲਨ ਸੰਬੰਧੀ ਦਸਤਵੇਜ਼ ਵੇਖੇ।

ਸ. ਨਾਹਰ ਸਿੰਘ ਪਹਿਲੀ ਵਾਰ ਦਿੱਲੀ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮਿਲੇ ਅਤੇ ਅਰਜ਼ ਕੀਤੀ ਕਿ ‘ਨੈਸ਼ਨਲ ਆਰਕਾਈਵਜ਼ ਆਫ ਇੰਡੀਆ’ ਦਿੱਲੀ ਵਿਖੇ ਨਾਮਧਾਰੀ ਇਤਿਹਾਸ ਦਾ ਬਹੁਤ ਵੱਡਾ ਰਿਕਾਰਡ ਪਿਆ ਹੈ। ਆਉਣ ਵਾਲੀਆਂ ਨਸਲਾਂ ਲਈ ਤੁਹਾਨੂੰ ਇਹ ਇਤਿਹਾਸ ਕਢਵਾ ਕੇ ਛਪਵਾਉਣਾ ਚਾਹੀਦਾ ਹੈ। ਮੈਂ ਰਿਸਰਚ ਕਰ ਕੇ ਇਹ ਰਿਕਾਰਡ ਕਢਵਾ ਦਿਆਂਗਾ। ਪਰ ਇਸ ’ਤੇ ਖਰਚਾ ਬਹੁਤ ਆਵੇਗਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫਰਮਾਇਆ, ‘‘ਖਰਚੇ ਦੀ ਚਿੰਤਾ ਨਹੀਂ ਕਰਨੀਂ। ਤੁਸੀ ਦਸਤਾਵੇਜ਼ ਕਢਵਾਓ , ਖੀਸਾ ਮੇਰਾ ਅਤੇ ਹੱਥ ਥੋੜਾ (ਤੁਹਾਡਾ)’’

ਸ.ਨਾਹਰ ਸਿੰਘ ਨੇ ਅਰਜ਼ ਕੀਤੀ, ‘ਸੱਚੇ ਪਾਤਸ਼ਾਹ ਜੀ, ਮੇਰਾ ਹੱਥ ਬਹੁਤ ਲੰਬਾ ਹੈ।’

ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ,’ ਮੇਰਾ ਖੀਸਾ ਵੀ ਬਹੁਤ ਵੱਡਾ ਹੈ।’

## ਲੁਕਿਆ ਸੱਚ

---

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ: ਨਾਹਰ ਸਿੰਘ ਨੂੰ ਇਹ ਰਿਕਾਰਡ ਕਢਵਾਉਣ ਦੀ ਕੇਵਲ ਪਰਵਾਨਗੀ ਹੀ ਨਹੀਂ ਦਿੱਤੀ ਸਗੋਂ ਉਤਸ਼ਾਹਿਤ ਵੀ ਕੀਤਾ। ਇਹ ਦਸਤਾਵੇਜ਼ ਅੰਗਰੇਜੀ ਵਿਚ ਲਿਖੇ ਹੋਏ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਸ. ਨਾਹਰ ਸਿੰਘ ਦੀ ਡਾਕੂਮੈਂਟਸ ਦੀ ਪੁਸਤਕ ਸੰਨ 1989 ਵਿਚ ਛਪੀ - Gooro Ram Singh & The Kooka Sikhs volume I, II &IIIrd ਬਾਅਦ 'ਚ ਇਨ੍ਹਾਂ ਤਿੰਨ ਪੁਸਤਕਾਂ ਦੀ ਇਕ ਪੁਸਤਕ ਛਪਵਾਈ ਗਈ Rebels against the British Rule.

ਸ. ਨਾਹਰ ਸਿੰਘ ਦੀ ਦਸਤਾਵੇਜ਼ਾਂ 'ਤੇ ਆਧਾਰਿਤ ਇੱਕ ਪੁਸਤਕ 'ਨਾਮਧਾਰੀ ਇਤਿਹਾਸ ਭਾਗ ਪਹਿਲਾ (ਹਿੰਦੀ ਅਤੇ ਪੰਜਾਬੀ ) ਵਿੱਚ ਛਪੀ। Namdharies (booklet) ਅਤੇ ਸ਼ਹੀਦ ਗਿਆਨੀ ਰਤਨ ਸਿੰਘ ਅਤੇ ਸ਼ਹੀਦ ਰਤਨ ਸਿੰਘ ਨਾਈਵਾਲਾ (ਪੈਂਫਲਟ) ਛਪੇ।

(ਜਿੰਨਾ ਚਿਰ ਸ. ਨਾਹਰ ਸਿੰਘ ਜਿਉਂਦੇ ਰਹੇ,ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਨ੍ਹਾਂ ਦਾ ਪੂਰਾ ਧਿਆਨ ਰੱਖਿਆ। ਮਾਇਆ ਤੇ ਪਦਾਰਥ ਭੇਜਦੇ ਰਹੇ)। ਸ. ਨਾਹਰ ਸਿੰਘ ਦੀ ਮੌਤ 11 ਮਾਰਚ 1998 ਨੂੰ ਹੋਈ।

ਸ. ਨਾਹਰ ਸਿੰਘ ਨੇ ਮੈਨੂੰ ਉਤਸਾਹਿਤ ਕੀਤਾ ਕਿ ਮੈਂ ਸਟੇਟ ਆਰਕਾਈਵਜ਼ ਪਟਿਆਲਾ ਤੋਂ ਕੂਕਾ ਅੰਦੋਲਨ ਸੰਬੰਧੀ ਦਸਤਾਵੇਜ਼ ਲੱਭਾਂ,ਕਿਉਂਕਿ ਇਹ ਕੰਮ ਉਹ ਨਹੀਂ ਕਰ ਸਕੇ ਸਨ। ਉਨ੍ਹਾਂ ਮੈਨੂੰ ਆਖਿਆ ਕਿ ਤੁਸੀਂ ਹੀ ਇਹ ਕੰਮ ਕਰ ਸਕਦੇ ਹੋ, ਤੁਸੀਂ ਇਹ ਕੰਮ ਜਰੂਰ ਕਰਨਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਦੱਸਿਆ ਹੈ ਕਿ 'ਬੀਬੀ ਬਹੁਤ ਮਿਹਨਤ ਕਰਦੀ ਹੈ।' ਲੋਕ ਤੁਹਾਨੂੰ ਨਜ਼ਰ ਅੰਦਾਜ਼ ਕਰਦੇ ਹਨ ਪਰ ਤੁਸੀਂ ਆਪਣੀ ਮਿਹਨਤ ਨਾਲ ਆਪਣੀ ਥਾਂ ਬਣਾ ਲਈ ਹੈ। ਤੁਸੀਂ ਆਪਣੀ ਕਲਮ ਨਾਲ ਅਗਾਂਹ ਆਏ ਹੋ। ਮੇਰੇ ਬਾਅਦ ਸਿਰਫ ਤੁਸੀਂ ਹੀ ਹੋ ਜੋ ਇਹ ਕੰਮ (ਦਸਤਾਵੇਜ਼ਾਂ ਦਾ ) ਕਰ ਸਕਦੇ ਹੋ।

ਮੈਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ, ਸ. ਨਾਹਰ ਸਿੰਘ ਵੱਲੋਂ ਆਖੀਆਂ ਗੱਲਾਂ ਬਾਰੇ ਅਰਜ਼ ਕੀਤੀ ਅਤੇ ਉਨ੍ਹਾਂ ਦੀ ਪ੍ਰਵਾਨਗੀ ਤੇ ਆਸ਼ੀਰਵਾਦ ਸਦਕਾ ਸਟੇਟ ਆਰਕਾਈਵਜ਼ ਪਟਿਆਲਾ ਗਈ। 5 ਮਾਰਚ ਸੰਨ 2004 ਤੋਂ 2005 ਦੇ ਆਖੀਰ ਤੱਕ,ਕੂਕਾ ਮੂਵਮੈਂਟ ਨਾਲ ਸਬੰਧਿਤ ਇਹ 7 ਫਾਇਲਾਂ (ਕਰੀਬ 2200 ਪੰਨੇ) ਕੱਢਵਾਈਆਂ।

ਇਨ੍ਹਾਂ ਫਾਇਲਾਂ ਵਿਚਲੇ ਦਸਤਾਵੇਜ਼ ਮੂਲ ਰੂਪ ਵਿਚ ਉਰਦੂ ਵਿਚ ਲਿਖੇ ਹੋਏ ਹਨ। ਅਨੁਵਾਦ ਕਰਨਾ ਬਹੁਤ ਮੁਸ਼ਕਿਲ ਸੀ ਕਿਉਂਕਿ ਇਕ ਤਾਂ ਉਰਦੂ ਦੇ ਨਾਲ ਨਾਲ ਅਰਬੀ ਤੇ ਫਾਰਸੀ ਸ਼ਬਦਾਂ ਦਾ ਇਸਤੇਮਾਲ ਵੀ ਇਨ੍ਹਾਂ ਦਸਤਾਵੇਜਾਂ ਵਿਚ ਹੈ ਅਤੇ ਦੂਜੀ ਔਖੀ ਗੱਲ ਸੀ ਕਿ ਇਹ ਸ਼ਿਕਸਤਾ( ਟੁੱਟਿਆ ਫੁੱਟਿਆ, ਬਿਨ੍ਹਾਂ ਲੱਗ ਮਾਤਰਾ ਤੋਂ ) ਲਿਖਿਆ ਹੋਇਆ ਹੈ।

5 ਮਾਰਚ ਸੰਨ 2004 ਵਿਚ ਜਿੰਨੇ ਦਸਤਾਵੇਜ਼ ਅਸੀਂ ਕਢਵਾ ਸਕੇ, ਅਸੀਂ ਸੋਚਿਆ ਇਨ੍ਹਾਂ ਦਸਤਾਵੇਜ਼ਾਂ ਦਾ ਪੰਜਾਬੀ ਅਨੁਵਾਦ ਕਰਵਾ ਲਈਏ।

6 ਤੋਂ 9 ਮਾਰਚ 2004 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਲੇ ਦਾ ਮੇਲਾ ਸੀ।

---

17 ਮਾਰਚ ਨੂੰ ਅਸੀਂ ਰੋਪੜ ਵਿਖੇ ਸਾਡੇ ਘਰ ਦੇ ਨੇੜੇ ਰਹਿੰਦੇ ਬਜ਼ੁਰਗ ਸ਼੍ਰੀ ਕਰਤਾਰ ਚੰਦ ਨੂੰ ਇਹ ਦਸਤਾਵੇਜ਼ ਵਿਖਾਏ,ਉਨ੍ਹਾਂ ਤੋਂ ਚੰਗੀ ਤਰ੍ਹਾਂ ਪੜ੍ਹੇ ਨਹੀਂ ਗਏ।

28 ਮਾਰਚ ਨੂੰ ਅਸੀਂ ਰਾਮਪੁਰਾ ਫੂਲ ਵਿਖੇ ਗਏ।ਉਥੇ ਇਹ ਦਸਤਾਵੇਜ਼ ,ਰਿਟਾ.ਪਟਵਾਰੀ ਗੁਰਦੇਵ ਸਿੰਘ ਨੂੰ ਵਿਖਾਏ,ਉਰਦੂ ਵਿਚ ਫਾਰਸੀ ਤੇ ਅਰਬੀ ਦੇ ਸ਼ਬਦ ਹੋਣ ਕਾਰਣ, ਇਹ ਉਨ੍ਹਾਂ ਤੋਂ ਪੜ੍ਹੇ ਨਹੀਂ ਜਾ ਸਕੇ।

29 ਮਾਰਚ ਨੂੰ ਅਸੀਂ ਨਾਮਧਾਰੀ ਸ਼ਹੀਦਾਂ ਦੇ ਰਿਕਾਰਡ ਕਢਵਾਉਣ ਲਈ ਸੰਗਰੂਰ ਵਿਖੇ ਡੀ .ਸੀ. ਦੇ ਦਫਤਰ 'ਚ ਗਏ।ਏ. ਡੀ. ਸੀ.ਸਾਹਿਬ ਨੇ ਸਾਨੂੰ ਰਿਕਾਰਡ ਰੂਮ ਵਿਚ ਭੇਜ ਦਿੱਤਾ।ਉਥੇ ਸਾਨੂੰ ਪਿੰਡ ਚੂੰਘਾ (ਜ਼ਿਲ੍ਹਾ ਸੰਗਰੂਰ) ਦੇ ਪਟਵਾਰੀ ਹਰੀ ਰਾਮ ਮਿਲੇ।ਉਨ੍ਹਾਂ ਨੇ ਕਿਹਾ ਕਿ ਦਸਤਾਵੇਜ਼ਾਂ ਦੇ ਕੁੱਝ ਪੇਪਰ ਮੈਨੂੰ ਦੇ ਜਾਓ, ਮੈਂ ਇੱਕ ਹਫਤੇ 'ਚ ਇਨ੍ਹਾਂ ਦਾ ਪੰਜਾਬੀ ਅਨੁਵਾਦ ਕਰ ਦਿਆਂਗਾ।

**ਬਾਅਦ** 'ਚ ਉਨ੍ਹਾਂ ਨੇ ਮਲੇਰ ਕੋਟਲੇ ਸਾਕੇ ਨਾਲ ਸਬੰਧਿਤ ਕੁਝ ਦਸਤਾਵੇਜ਼ਾਂ ਦਾ ਅਨੁਵਾਦ ਹਿੰਦੀ ਤੇ ਉਰਦੂ ਲਹਿਜੇ ਵਿਚ ਕੀਤਾ,ਜਿਸ ਨੂੰ ਮੈਂ ਪੰਜਾਬੀ ਵਿਚ ਲਿਖ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸੁਣਾਇਆ।ਪਟਵਾਰੀ ਹਰੀ ਰਾਮ ਨੂੰ ਬਾਕੀ ਪੇਪਰ ਅਸੀਂ ਨਹੀਂ ਦਿੱਤੇ ਕਿਉਂਕਿ ਉਹ ਉਨ੍ਹਾਂ ਦਾ ਅਨੁਵਾਦ ਵਧੀਆ ਤਰੀਕੇ ਨਾਲ ਠੇਠ ਪੰਜਾਬੀ ਵਿਚ ਨਹੀਂ ਸਨ,ਕਰ ਸਕਦੇ।

ਅਗਲੇ ਦਿਨ 30 ਮਾਰਚ 2004 ਨੂੰ ਅਸੀਂ ਮਲੇਰ ਕੋਟਲਾ ਵਿਖੇ ਸ਼ਹੀਦਾਂ ਦਾ ਰਿਕਾਰਡ ਲੱਭਣ ਗਏ।ਉਥੇ ਐਸ.ਡੀ.ਐਮ. ਡਾ.ਇੰਦੂ ਮਲਹੋਤਰਾ ਨੂੰ ਮਿਲੇ।ਉਨ੍ਹਾਂ ਨੇ ਨਾਇਬ ਤਹਿਸੀਲਦਾਰ ਸੁਰਿੰਦਰਪਾਲ (ਵਾਸੀ ਰੋਪੜ) ਨੂੰ ਕਿਹਾ ਕਿ ਸਾਨੂੰ ਕਿਸੇ ਕਾਨੂੰਗੋ ਨਾਲ ਪੁਰਾਣੇ ਰਿਕਾਰਡ ਰੂਮ ਵਿਚ ਭੇਜ ਦੇਣ।ਰਿਟਾ.ਕਾਨੂੰਗੋ ਪੰ.ਗਿਰੀਸ਼ ਪ੍ਰਸ਼ਾਦ ਨਾਲ ਅਸੀਂ ਰਿਕਾਰਡ ਰੂਮ 'ਚ ਗਏ।ਉਥੋਂ ਦੇ ਇੰਚਾਰਜ ਸ੍ਰੀ ਫਕੀਰ ਚੰਦ ਨੇ ਸਾਨੂੰ ਇੱਕ ਬਜ਼ੁਰਗ ਮੁਹੰਮਦ ਅਲੀ ਨਾਲ ਮਿਲਾਇਆ।ਸ਼ਹੀਦਾਂ ਦਾ ਰਿਕਾਰਡ ਵੀ ਇਥੋਂ ਨਹੀਂ ਮਿਲ ਸਕਿਆ ਤੇ ਨਾ ਹੀ ਦਸਤਾਵੇਜ਼ਾਂ ਦੇ ਪੰਜਾਬੀ ਅਨੁਵਾਦ ਦੀ ਗੱਲ ਬਣ ਸਕੀ।ਉਸੇ ਦਿਨ ਨਾਮਧਾਰੀ ਸ਼ਹੀਦੀ ਸਮਾਰਕ ਮਲੇਰ ਕੋਟਲਾ ਤੋਂ ਅਸੀਂ ਮਹੰਤ ਸੰਤੋਖ ਸਿੰਘ ਅਤੇ ਉਨ੍ਹਾਂ ਦੇ ਬੇਟੇ ਹਰਮੇਸ਼ ਸਿੰਘ ਨੂੰ ਨਾਲ ਲੈ ਕੇ ਮਲੌਦ ਦਾ ਕਿਲ੍ਹਾ ਵੇਖਿਆ।

1 ਅਪਰੈਲ ਸੰਨ 2004 ਨੂੰ ਅਸੀਂ ਮਹੰਤ ਸੰਤੋਖ ਸਿੰਘ ਨਾਲ 'ਨਵਾਬ ਸ਼ੇਰ ਮੁਹੰਮਦ ਖਾਂ ਇੰਨਸਟੀਚਿਊਟ ਆਫ ਐਡਵਾਂਸ ਸਟਡੀਜ਼ ਇਨ ਪਰਸ਼ੀਅਨ, ਉਰਦੂ ਐਂਡ ਅਰਬੀ ਮਲੇਰ ਕੋਟਲਾ' ਵਿਖੇ ਗਏ।ਇਥੋਂ ਦੇ ਮੁਖੀ ਡਾ. ਜੀਨਤ ਅਲੀ ਨੂੰ ਮਿਲੇ।ਇਨ੍ਹਾਂ ਨੇ ਸਾਨੂੰ ਦੱਸਿਆ ਕਿ ਡਾ.ਅਮਰਵੰਤ ਸਿੰਘ ਖੰਨਾ ਬਹੁਤ ਵਧੀਆ ਅਨੁਵਾਦਕ ਹਨ।ਉਹ ਇਨ੍ਹਾਂ ਦਸਤਾਵੇਜ਼ਾਂ ਦਾ ਪੰਜਾਬੀ ਅਨੁਵਾਦ ਕਰ ਦੇਣਗੇ।ਡਾ ਅਮਰਵੰਤ ਸਿੰਘ ਦਾ ਫੋਨ ਨੰਬਰ ਉਨ੍ਹਾਂ ਨੇ ਸਾਨੂੰ ਦਿੱਤਾ।ਲੈਕਚਰ ਦੇਣ ਇਸ ਇੰਸਟੀਚਿਯੂਟ ਵਿਖੇ ਆਏ ਡਾ.ਖਾਲਿਦ ਕਿਫਾਇਤ ਸਾਨੂੰ ਮਿਲੇ।ਉਨ੍ਹਾਂ ਨੇ ਕਿਹਾ ਕਿ ਮੈਂ ਇਹ ਦਸਤਾਵੇਜ਼ ਪੜ ਸਕਦਾ ਹਾਂ।ਤੁਸੀਂ ਮੈਨੂੰ ਕੁੱਝ ਪੇਪਰ ਦੇ ਦਿਓ, ਮੈਂ ਅਨੁਵਾਦ ਕਰ ਦਿਆਂਗਾ।

ਪ੍ਰੋ. ਡਾ. ਖਾਲਿਦ ਕਿਫਾਇਤ ਨੂੰ ਅਸੀਂ ਇਹ ਦਸਤਾਵੇਜ਼ 16 ਅਪਰੈਲ 2004 ਨੂੰ ਅਨੁਵਾਦ ਕਰਣ ਲਈ ਭੇਜੇ। 19 ਜੁਲਾਈ ਸੰਨ 2004 ਨੂੰ ਉਨ੍ਹਾਂ ਨੇ ਇਹ ਲਿਖ ਕੇ ਸਾਨੂੰ ਸਾਰੇ ਪੇਪਰ ਵਾਪਸ ਕਰ ਦਿੱਤੇ ਕਿ ਇਹ ਦਿਨਾਂ, ਹਫਤਿਆਂ, ਮਹੀਨਿਆਂ ਦਾ ਨਹੀਂ ਸਗੋਂ ਸਾਲਾਂ ਦਾ ਕੰਮ ਹੈ ਅਤੇ ਇਸ 'ਤੇ ਖਰਚਾ ਬਹੁਤ ਆਵੇਗਾ।

8 -9 ਜੂਨ 2004 ਨੂੰ ਅਸੀਂ ਆਪਣੀ ਜ਼ਿਲ੍ਹਾ ਲਿਖਾਰੀ ਸਭਾ (ਰਜਿ.) ਰੂਪਨਗਰ ਦੇ ਬਜ਼ੁਰਗ ਮੈਂਬਰ ਸ.ਦੀਦਾਰ ਸਿੰਘ ਬਾਗੀ ਨੂੰ ਦਸਤਾਵੇਜ਼ ਵਿਖਾਏ।ਅਨੁਵਾਦ ਕਰਵਾਉਣ 2-3 ਦਿਨ ਉਨ੍ਹਾਂ ਦੇ ਘਰ ਜਾਂਦੇ ਰਹੇ।ਪਰ ਉਹ ਵੀ ਕੁੱਝ ਪੇਪਰ ਬੋਲ ਬੋਲ ਕੇ ਅਨੁਵਾਦ ਕਰਵਾ ਸਕੇ।

10 ਜੁਲਾਈ 2004 ਨੂੰ ਅਸੀਂ ਰੋਪੜ ਰਹਿੰਦੇ ਸ.ਸਤਨਾਮ ਸਿੰਘ ਰਿਟਾਇਰਡ D.R.O (Distt.

Revenu Officer) ਕੋਲ ਦਸਤਾਵੇਜ਼ ਪੜ੍ਹਾਉਣ ਗਏ। ਕਈ ਦਿਨ ਉਨ੍ਹਾਂ ਕੋਲ ਜਾਂਦੇ ਰਹੇ। ਉਨ੍ਹਾਂ ਨੇ ਕੁੱਝ ਕੁ ਪੇਪਰ ਅਨੁਵਾਦ ਕੀਤੇ ਅਤੇ ਅੰਗਰੇਜ਼ੀ ਵਿਚ ਲਿਖੀਆ ਚਿੱਠੀਆਂ, ਜੋ ਠੀਕ ਤਰ੍ਹਾਂ ਪੜ੍ਹੀਆਂ ਨਹੀਂ ਸੀ ਜਾ ਰਹੀਆਂ,ਪੜ੍ਹ ਕੇ ਦੱਸੀਆਂ,ਜਿੰਨਾ ਨੂੰ ਮੈਂ ਸਮਝ ਕੇ ਆਪ ਠੀਕ ਤਰ੍ਹਾਂ ਲਿਖਿਆ।

5, 6 ਸਤੰਬਰ 2005 ਨੂੰ ਸਾਡਾ ਉਤਰਾਂਚਲ ਜਾਣ ਦਾ ਮੌਕਾ ਬਣਿਆ। ਇਥੇ ਗਦਰਪੁਰ (ਜ਼ਿਲ੍ਹਾ ਰੁਦਰਪੁਰ) ਵਿਖੇ ਅਸੀਂ ਸਰਵ ਸ਼੍ਰੀ ਹਾਫਿਜ਼ ਅਬਦਾਲ ਹਾਫਿਜ਼, ਮੌਲਾਨਾ ਆਫਤਾਬ ਆਲਮ (ਮਦਰਸੇ ਦੇ ਅਧਿਆਪਕ) ਅਤੇ ਮੁਬਾਰਕ ਹੁਸੈਨ ਨੂੰ ਮਿਲੇ। ਪਰ ਗੱਲ ਨਹੀਂ ਬਣੀ। ਮੌਲਾਨਾ ਆਫਤਾਬ ਆਲਮ ਨੇ ਤਿੰਨ ਸਫਿਆ ਦਾ ਹਿੰਦੀ 'ਚ ਅਨੁਵਾਦ ਕੀਤਾ।

ਇਹ ਜੋ ਕੁੱਝ ਵੀ ਹੋਇਆ ,ਅਸੀਂ ਨਾਲ ਦੀ ਨਾਲ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕਰਦੇ ਰਹੇ। ਜਿੰਨਾਂ ਕੁ ਮਾੜਾ ਮੋਟਾ ਅਨੁਵਾਦ ਹੋ ਸਕਿਆ,ਉਹ ਵੀ ਅਸੀਂ ਸ੍ਰੀ ਸਤਿਗੁਰੂ ਜੀ ਨੂੰ ਸੁਣਾਉਂਦੇ ਰਹੇ।

30 ਮਈ 2005 ਤੋਂ ਅਸੀਂ ਡਾ. ਅਮਰਵੰਤ ਸਿੰਘ ਖੰਨਾ ਨਾਲ ਗੱਲ-ਬਾਤ ਸ਼ੁਰੂ ਕੀਤੀ। ਕਈ ਵਾਰ ਉਨ੍ਹਾਂ ਕੋਲ ਖੰਨੇ ਗਏ। ਉਨ੍ਹਾਂ ਨੇ ਕਿਹਾ ਕਿ ਹੈ ਤਾਂ ਬਹੁਤ ਔਖਾ ਕੰਮ ਪਰ ਮੈਂ ਕਰ ਦਿਆਂਗਾ ਕਿਉਂਕਿ ਇਹ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਣ ਵਾਲੀ ਮਹਾਨ ਦੇਸ਼ ਭਗਤੀ ਦੀ ਲਹਿਰ ਕੂਕਾ ਅੰਦੋਲਨ ਦਾ ਇਤਿਹਾਸ ਹੈ,ਸੋ ਮੈਂ ਇਹ ਅਨੁਵਾਦ ਕਰਾਂਗਾ। ਹੋਰ ਕਿਸੇ ਨੇ ਇਹ ਕੰਮ ਕਰ ਵੀ ਨਹੀਂ ਸਕਣਾ।

ਡਾ. ਅਮਰਵੰਤ ਸਿੰਘ ਨੇ ਸਾਰੇ ਦਸਤਾਵੇਜ਼ਾਂ (ਕ੍ਰੀਬ 2200 ਪੰਨੇ) ਦਾ ਅਨੁਵਾਦ (1 ਅਕਤੂਬਰ 2005 ਤੋਂ ਸ਼ੁਰੂ ਕਰਕੇ 12 ਫਰਵਰੀ 2006 ਤੀਕ) ਠੇਠ ਪੰਜਾਬੀ ਵਿਚ ਬਹੁਤ ਵਧੀਆ ਤਰੀਕੇ ਨਾਲ ਕਰ ਦਿੱਤਾ।

ਬਾਅਦ ਵਿਚ ਵੀ ਜਿਹੜਾ ਕੋਈ ਪੇਪਰ ਰਹਿ ਗਿਆ, ਉਸਦਾ ਅਨੁਵਾਦ ਕਰਵਾਉਣ ਅਸੀਂ ਜਾਂਦੇ ਰਹੇ।

ਡਾ. ਅਮਰਵੰਤ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਫਾਰਸੀ ਦੇ ਪ੍ਰੋਫੈਸਰ (ਗੋਲਡ ਮੈਡਲਿਸਟ) ਰਹੇ। ਯੂਨੀਵਰਸਿਟੀਆਂ ਰਾਹੀਂ ਫਾਰਸੀ ਦੀਆਂ ਪੁਸਤਕਾਂ ਦਾ ਅਨੁਵਾਦ ਇਨ੍ਹਾਂ ਤੋਂ ਕਰਵਾਇਆ ਜਾਂਦਾ ਰਿਹਾ। ਡਾ. ਅਮਰਵੰਤ ਸਿੰਘ, ਭਾਰਤ ਦੇ ਉਰਦੂ-ਫਾਰਸੀ ਦੇ ਨਾਮਵਰ ਵਿਦਵਾਨ ਸਨ।

ਡਾ. ਅਮਰਵੰਤ ਸਿੰਘ ਦੀਆਂ ਲਿਖੀਆਂ ਬਹੁਤ ਮਸ਼ਹੂਰ ਪੁਸਤਕਾਂ ਇਹ ਹਨ - ਅਰਬੀ-ਫਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦਾਵਲੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਅਰਬੀ -ਫਾਰਸੀ ਸ਼ਬਦਾਵਲੀ।

ਜਦੋਂ 30 ਮਈ 2005 ਨੂੰ ਅਸੀਂ ਇਨ੍ਹਾਂ ਨੂੰ ਪਹਿਲੀ ਵਾਰ ਮਿਲੇ, ਇਹ ਪਿੰਡ ਰਾਜੇਵਾਲ ਵਿਖੇ ਭਗਤ ਪੂਰਨ ਸਿੰਘ ਮੈਮੋਰੀਅਲ ਗਰਲਜ਼ ਕਾਲਜ ਵਿਖੇ ਪ੍ਰਿੰਸੀਪਲ ਸਨ।

ਅਸੀਂ ਖੰਨੇ ਜਾ ਕੇ ਥੋੜ੍ਹੇ ਜਿਹੇ ਦਸਤਾਵੇਜ਼ ਦੇ ਆਉਂਦੇ ਸੀ ਅਤੇ ਉਨ੍ਹਾਂ ਦਾ ਅਨੁਵਾਦ ਲੈ ਕੇ ਅਗਲੇ ਕੁੱਝ ਪੰਨੇ ਹੋਰ ਦੇ ਆਉਂਦੇ ਸੀ। ਉਪਰੋਕਤ ਸਾਰਾ ਕੰਮ ਅਸੀਂ ਬੱਸਾਂ ਰਾਹੀਂ ਸਫਰ ਕਰ ਕੇ ਕੀਤਾ।

ਜਦੋਂ ਡਾ. ਅਮਰਵੰਤ ਸਿੰਘ ਇਨ੍ਹਾਂ ਦਸਤਾਵੇਜ਼ਾਂ ਦਾ ਅਨੁਵਾਦ ਕਰ ਰਹੇ ਸਨ ਤਾਂ **ਇਸ ਅਨੁਵਾਦ ਨੂੰ ਨਾਲੋ ਨਾਲ ਪੜ੍ਹ ਕੇ ਸ੍ਰੀ ਸਤਿਗੁਰੁ ਜਗਜੀਤ ਸਿੰਘ ਜੀ ਨੂੰ ਸੁਣਾਇਆ ਗਿਆ। ਇਹ ਦਸਤਾਵੇਜ਼ ਸਮੇਂ- ਸਮੇਂ 'ਤੇ ਸ੍ਰੀ ਸਤਿਗੁਰੂ ਜੀ ਨੂੰ ਕਦੇ ਹਜ਼ੂਰੀ ਸੇਵਕ ਰਛਪਾਲ ਸਿੰਘ ਤੇ ਕਦੇ ਹਜ਼ੂਰੀ ਸੇਵਕ ਹਰਪਾਲ ਸਿੰਘ ਸੁਣਾਉਂਦੇ ਰਹੇ। ਸ੍ਰੀ ਸਤਿਗੁਰੂ ਜੀ ਬੜੇ ਧਿਆਨ ਨਾਲ ਸੁਣਦੇ ਸਨ। ਕਈ ਵੇਰਾਂ ਤਾਂ ਸ੍ਰੀ ਉਦੇ ਸਿੰਘ ਜੀ (ਵਰਤਮਾਨ ਸ੍ਰੀ ਸਤਿਗੁਰੂ ਜੀ) ਵੀ ਹਾਜ਼ਰ ਹੁੰਦੇ ਸਨ।**

**24 ਅਕਤੂਬਰ ਸੰਨ** 2005 **ਨੂੰ ਸ੍ਰੀ ਸਤਿਗੁਰੂ ਜੀ ਨੇ ਇਹ ਦਸਤਾਵੇਜ਼ ਸੁਣਦਿਆਂ, ਮੈਨੂੰ ਤੇ ਮੇਰੇ ਜੀਵਨ - ਸਾਥੀ ਸੰਤ ਭਗਵੰਤ ਸਿੰਘ (ਜੋ ਮੇਰੇ ਇਸ ਕੰਮ 'ਚ ਸਦਾ ਮੇਰੇ ਨਾਲ ਰਹੇ) ਨੂੰ ਖੁਸ਼ੀਆਂ ਬਖਸ਼ਦਿਆਂ ਫਰਮਾਇਆ,**

---

"ਬਹੁਤ ਮਿਹਨਤ ਕਰਦੇ ਹੋ,ਬਹੁਤ ਵਧੀਆ ਕੰਮ ਕੀਤਾ ਹੈ।

ਸ਼ਾਬਾਸ਼ ਬੇਟਾ ! ਸ਼ਾਬਾਸ਼ !"

ਸ਼ਹੀਦਾਂ ਦੀਆਂ ਜ਼ਮੀਨ ਜਾਇਦਾਦਾਂ ਦੇ ਜਬਤ ਕੀਤੇ ਜਾਣ ਵਾਲੇ ਡਾਕੂਮੈਂਟਸ ਵਿਚ ਲਿਖੇ ਹੋਏ ਇਨ੍ਹਾਂ ਦਸਤਾਵੇਜ਼ਾਂ ਨੂੰ ਸੁਣ ਕੇ ਕਿ ਸ਼ਹੀਦਾਂ ਦੇ ਘਰਾਂ ਵਿਚਲੇ ਬਾਕੀ ਸਮਾਨ ਤੋਂ ਇਲਾਵਾ ਗਰਮ ਤੇ ਠੰਡੇ ਦੁੱਧ ਦੇ ਭਾਂਡੇ ਤੀਕ ਵੀ ਜਬਤ ਕੀਤੇ ਗਏ ਅਤੇ ਉਨ੍ਹਾਂ ਦੇ ਘਰਾਂ ਵਿਚ ਕੁਝ ਵੀ ਨਹੀਂ ਛੱਡਿਆ ਗਿਆ, ਸੁਣ ਕੇ ਸ੍ਰੀ ਸਤਿਗੁਰੂ ਜੀ ਬਹੁਤ ਪ੍ਰਭਾਵਿਤ ਹੋਏ ਅਤੇ ਹੁਕਮ ਕੀਤਾ।

"ਇਸ ਇਤਿਹਾਸ ਦੀ ਸੱਚਾਈ ਨੂੰ ਦੁਨੀਆਂ ਦੇ ਸਾਹਮਣੇ ਲਿਆਓ, ਇਸ ਨੂੰ ਛਪਵਾਓ।"

ਇਨ੍ਹਾਂ ਦਸਤਾਵੇਜ਼ਾਂ ਨੂੰ ਛਪਵਾਉਣ ਲਈ ਇਹ ਜਰੂਰੀ ਸੀ ਕਿ ਇਨ੍ਹਾਂ ਨੂੰ ਕੰਪਿਊਟਰ 'ਤੇ ਟਾਈਪ ਕੀਤਾ ਜਾਵੇ। ਸੋ ਮੈਂ ਇਹ ਦਸਤਾਵੇਜ਼ ਆਪਣੇ ਕੰਪਿਊਟਰ ਤੇ ਟਾਇਪ ਕਰਵਾਉਣ ਦਾ ਕੰਮ ਆਰੰਭ ਲਿਆ।

ਦਸਤਾਵੇਜ਼ਾਂ ਦਾ ਕੰਮ ਕਰਦਿਆਂ, ਮੇਰੀਆਂ ਦੋ ਕਿਤਾਬਾਂ ਛਪ ਗਈਆਂ।ਪਹਿਲੀ ਪੁਸਤਕ 'ਬੰਸਾਵਲੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ' 16 ਮਾਰਚ ਸੰਨ 2006 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ ਕਮਲਾਂ ਨਾਲ ਸ੍ਰੀ ਭੈਣੀ ਸਾਹਿਬ ਵਿਖੇ, ਹੋਲੇ ਦੇ ਮੇਲੇ ਸਮੇਂ ਰੀਲੀਜ਼ ਕੀਤੀ ਗਈ।

ਦੂਜੀ ਕਿਤਾਬ 'ਕੂਕਾ ਲਹਿਰ ਦੇ ਨਾਮਧਾਰੀ ਸ਼ਹੀਦ ਅਤੇ ਸੁਤੰਤਰਤਾ ਸੰਗਰਾਮੀ' ਸ੍ਰੀ ਭੈਣੀ ਸਾਹਿਬ ਵਿਖੇ ਬਸੰਤ ਪੰਚਮੀ ਦੇ ਮੇਲੇ 'ਤੇ 11 ਫਰਵਰੀ 2008 ਨੂੰ ਸ. ਪ੍ਰਕਾਸ਼ ਸਿੰਘ ਬਾਦਲ (ਉਸ ਵੇਲੇ ਮੁੱਖ ਮੰਤਰੀ ਪੰਜਾਬ) ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਰੀਲੀਜ਼ ਕੀਤੀ।

ਇਸ ਬੰਸਤ ਪੰਚਮੀ ਦੇ ਸਮਾਗਮ 'ਤੇ ਆਏ ਹੋਏ ਡਾ. ਦੀਪਕ ਮਨਮੋਹਨ ਸਿੰਘ (ਉਦੋਂ ਮੁਖੀ,ਬਾਬਾ ਫਰੀਦ ਚੇਅਰ,ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਅਤੇ ਡਾ. ਆਰ. ਸੀ. ਸੋਬਤੀ (ਉਦੋਂ ਵੀ. ਸੀ. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਨੂੰ ਮੈਂ ਆਪਣੀ ਪੁਸਤਕ 'ਨਾਮਧਾਰੀ ਸ਼ਹੀਦ' ਦਿੱਤੀ।ਇਸ ਕਿਤਾਬ ਵਿਚ ਮੈਂ ਸਟੇਟ ਆਰਕਾਈਵਜ਼ ਪਟਿਆਲਾ ਤੋਂ ਕਢਵਾਏ ਹੋਏ ਕੁੱਝ **ਅਸਲ** ਦਸਤਾਵੇਜ਼ ਦਿੱਤੇ ਹੋਏ ਸਨ।ਮੈਂ ਦੱਸਿਆ ਕਿ ਮੈਂ ਕੂਕਾ ਮੂਵਮੈਂਟ ਨਾਲ ਸੰਬੰਧਿਤ ਸਾਰੇ ਦਸਤਾਵੇਜ਼ ਆਰਕਾਈਜ਼ ਵਿਚੋਂ ਕਢਵਾ ਕੇ ਪੰਜਾਬੀ ਅਨੁਵਾਦ ਕਰਵਾ ਲਿਆ ਹੈ।

ਡਾ. ਦੀਪਕ ਮਨਮੋਹਨ ਸਿੰਘ ਨੇ ਕਿਹਾ ਕਿ ਇਹ ਬੜੇ ਮਹੱਤਵਪੂਰਨ ਦਸਤਾਵੇਜ਼ ਹਨ, ਇਹ ਯੂਨੀਵਰਸਿਟੀ ਤੋਂ ਛਪਵਾਏ ਜਾਣੇਂ ਚਾਹੀਦੇ ਹਨ।

7 ਮਈ 2008 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੈਨੇਟ ਹਾਲ ਵਿਚ ਇੱਕ ਸੈਮੀਨਾਰ ਹੋਇਆ।ਵਿਸ਼ਾ ਸੀ –ਨਾਮਧਾਰੀ ਲਹਿਰ ਦੇ 150 ਸਾਲ –ਇੱਕ ਪੁਨਰ ਵਿਵੇਚਨ' ਅਯੋਜਕ ਸੀ-ਪੰਜਾਬ ਇਤਿਹਾਸ ਅਧਿਐਨ ਵਿਭਾਗ,ਪੰਜਾਬੀ ਯੂਨੀਵਰਸਿਟੀ ਪਟਿਆਲਾ।ਇਸ ਵਿਭਾਗ ਦੇ ਮੁਖੀ ਡਾ. ਨਵਤੇਜ ਸਿੰਘ ਸਨ।

ਇਸ ਸਮਾਗਮ ਸਮੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵੀ. ਸੀ. ਡਾ. ਜਸਪਾਲ ਸਿੰਘ ਨੇ ਕਿਹਾ,

'ਨਾ ਮਿਲਵਰਤਣ ਲਹਿਰ ਜਿਸ ਰਾਹੀਂ ਅਸੀਂ ਅਜ਼ਾਦੀ ਹਾਸਲ ਕਰਣ ਦਾ ਦਾਅਵਾ ਕਰਦੇ ਹਾਂ, ਉਸ ਦੇ ਬੀਜ ਨਾਮਧਾਰੀ ਮੂਵਮੈਂਟ ਵਿਚ ਪਏ ਹੋਏ ਹਨ।ਨਾਮਧਾਰੀ ਮੂਵਮੈਂਟ ਨੂੰ High Light ਕਰਨਾ ਤੇ ਇਸ ਦੀ ਸਹੀ ਢੰਗ ਨਾਲ ਪੇਸ਼ਕਾਰੀ ਕਰਨੀ ਸਾਡੀ ਜ਼ੁੰਮੇਵਾਰੀ ਹੈ।ਸਾਡੀ ਯੂਨੀਵਰਸਿਟੀ ਦਾ ਇੱਕ ਪ੍ਰੋਜੇਕਟ ਹੋਵੇਗਾ ਕਿ ਸੰਨ 2008 ਵਿਚ ਕੂਕਾ ਮੂਵਮੈਂਟ ਬਾਰੇ ਡਾਕੂਮੈਂਟਸ ਦੀ ਇੱਕ ਕਿਤਾਬ ਛਾਪੀ ਜਾਵੇਗੀ।'

---

ਵੀ.ਸੀ.ਡਾ.ਜਸਪਾਲ ਸਿੰਘ ਨੇ ਜੋ ਗੱਲਾਂ ਸੈਮੀਨਾਰ ਵਿਖੇ ਆਖੀਆਂ ਸਨ, ਉਹ ਮੈਂ ਉਸੇ ਵੇਲੇ ਸ੍ਰੀ ਸਤਿਗੁਰੂ ਜੀ ਨੂੰ ਟੈਲੀਫੋਨ 'ਤੇ ਅਰਜ਼ ਕਰ ਦਿੱਤੀਆਂ।

ਸੰਨ 2008 ਵਿਚ ਮੈਂ ਸਾਰੇ ਦਸਤਾਵੇਜ਼ ਟਾਇਪ ਕਰਵਾ ਕੇ ਰੱਖ ਲਏ ਤੇ ਸੋਚਿਆ ਕਿ ਜਦੋਂ ਸੰਭਵ ਹੋਇਆ ਕਿਤਾਬ ਛਾਪ ਲਈ ਜਾਵੇਗੀ।

ਮੈਂ ਆਪਣੀਆਂ ਅਗਲੀਆਂ ਕਿਤਾਬਾਂ ਲਿਖਣ ਦਾ ਕੰਮ ਸ਼ੁਰੂ ਕਰ ਲਿਆ।

ਸੰਨ 2011 -12 ਵਿਚ ਮੇਰੀਆਂ ਚਾਰ ਕਿਤਾਬਾਂ ਛਪਕੇ ਰੀਲੀਜ਼ ਹੋ ਗਈਆਂ- ਗੋਪਾਲ ਰਤਨ,ਪੰਜਾਬੀ ਵਿੱਚ (17 ਜਨਵਰੀ, 2011 ਨੂੰ), ਪ੍ਰਕਾਸ਼-ਪੁੰਜ ਭਾਗ ਦੂਜਾ ( 15 ਅਕਤੂਬਰ, 2011 ਨੂੰ), ਦੇਸ਼-ਦੇਸ਼ਾਂਤਰ (5 ਜੁਲਾਈ, 2012) ਨੂੰ, ਗੋਪਾਲ ਰਤਨ ਹਿੰਦੀ ਵਿੱਚ (5 ਜੁਲਾਈ, 2012) ਨੂੰ ਰੀਲੀਜ਼ ਹੋਈਆਂ।

ਤਿੰਨ ਬਾਲ-ਸਹਿਤ ਦੀਆਂ ਕਿਤਾਬਾਂ ਦੇ ਅਗਲੇ ਐਡੀਸ਼ਨ ਛਪ ਕੇ ਰੀਲੀਜ਼ ਹੋਏ- ਵੱਡ ਪ੍ਰਤਾਪੀ ਸਤਿਗੁਰੂ (22 ਮਾਰਚ 2011 ਨੂੰ), ਰੂਹ ਪੰਜਾਬ ਦੀ (5 ਜੁਲਾਈ, 2012 ਨੂੰ ), ਮਹਾਂਬਲੀ ਰਣਜੀਤ ਸਿੰਘ (5 ਜੁਲਾਈ, 2012 ਨੂੰ) ਰੀਲੀਜ਼ ਹੋਈਆਂ।

ਸੰਨ 2012 ਵਿੱਚ ਹੀ ਮੈਂ ਆਪਣੀ ਵੈਬਸਾਈਟ www.subasurinderkaur.com ਬਣਵਾਈ ਅਤੇ ਆਪਣੀਆਂ ਸਾਰੀਆਂ ਕਿਤਾਬਾਂ ਉਸ ਵਿਚ ਪਵਾ ਲਈਆਂ।ਪ੍ਰਕਾਸ਼ ਪੁੰਜ ਭਾਗ ਪਹਿਲਾ ਦੀ ਅੰਗਰੇਜ਼ੀ ਟਰਾਂਸਲੇਸ਼ਨ ਕਰਵਾ ਕੇ ਉਸ ਵੈਬਸਾਈਟ 'ਚ ਪਵਾ ਦਿੱਤੀ।

1 ਨਵੰਬਰ 2012 ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਭਾਸ਼ਾ ਭਵਨ ਵਿਖੇ, ਪੰਜਾਬੀ ਸਪਤਾਹ 2012 ਦਾ ਉਦਘਾਟਨੀ ਸਮਾਰੋਹ ਹੋਇਆ।ਸਮਾਰੋਹ ਦੀ ਸਮਾਪਤੀ ਮਗਰੋਂ ਅਸੀਂ ਸਮਾਗਮ ਦੀ ਪ੍ਰਧਾਨਗੀ ਕਰਨ ਆਏ ਡਾ. ਜਸਪਾਲ ਸਿੰਘ (ਵੀ.ਸੀ.ਪੰਜਾਬੀ ਯੂਨੀਵਰਸਿਟੀ ਪਟਿਆਲਾ) ਨੂੰ ਮਿਲੇ।ਮੈਂ ਵੀ.ਸੀ ਸਾਹਿਬ ਨੂੰ ਡਾਕੂਮੈਂਟਸ ਨੂੰ ਯੂਨੀਵਰਸਿਟੀ ਵੱਲੋਂ ਛਪਵਾਏ ਜਾਣ ਦੀ ਗੱਲ ਕੀਤੀ। ਡਾ.ਦੀਪਕ ਮਨਮੋਹਨ ਸਿੰਘ (ਉਦੋਂ ਡਾਇਰੈਕਟਰ,ਵਰਲਡ ਪੰਜਾਬੀ ਸੈਂਟਰ) ਵੀ ਉਨ੍ਹਾਂ ਦੇ ਨਾਲ ਸਨ।ਵੀ.ਸੀ.ਸਾਹਿਬ ਨੇ ਕਿਹਾ ਕਿ ਤੁਸੀਂ ਕੱਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਆ ਕੇ ਮੈਨੂੰ ਮਿਲਣਾ।

2 ਨਵੰਬਰ 2012 ਨੂੰ ਅਸੀਂ ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਜਾ ਕੇ ਮਿਲੇ।ਵੀ.ਸੀ ਸਾਹਿਬ ਨੇ ਸਾਰੇ ਡਾਕੂਮੈਂਟਸ ਸਾਡੇ ਕੋਲੋਂ ਲੈ ਲਏ।ਕਿਹਾ ਕਿ ਅਸੀਂ ਪੜ੍ਹ ਕੇ ਵੇਖਾਂਗੇ ਕਿ ਇਨ੍ਹਾਂ ਵਿੱਚ ਕੋਈ ਇਤਰਾਜ਼ਯੋਗ ਗੱਲ ਤਾਂ ਨਹੀਂ।

17 ਅਪਰੈਲ 2013 ਨੂੰ ਅਸੀਂ ਪੰਜਾਬੀ ਯੂਨੀਵਰਸਿਟੀ ਗਏ।ਵੀ.ਸੀ.ਡਾ.ਜਸਪਾਲ ਸਿੰਘ ਨੂੰ ਡਾਕੂਮੈਂਟਸ ਬਾਰੇ ਪੁੱਛਿਆ।ਉਨ੍ਹਾਂ ਨੇ ਕਿਹਾ ਕਿ ਡਾਕੂਮੈਂਟਸ ਮੈਂ ਡਾ.ਕੁਲਬੀਰ ਸਿੰਘ ਢਿੱਲੋਂ ਮੁਖੀ ਇਤਿਹਾਸ ਵਿਭਾਗ (Deptt. History of Punajb Historical Studies) ਨੂੰ ਪੜ੍ਹਨ ਲਈ ਦਿੱਤੇ ਹੋਏ ਹਨ, ਤੁਸੀਂ ਉਨ੍ਹਾਂ ਕੋਲ ਜਾ ਕੇ ਵਿਚਾਰ-ਵਟਾਂਦਰਾ ਕਰ ਲਵੋ।ਅਸੀਂ ਡਾ. ਕੁਲਬੀਰ ਸਿੰਘ ਢਿੱਲੋਂ ਕੋਲ ਗਏ। ਉਨ੍ਹਾਂ ਨੇ ਸਾਨੂੰ ਕਿਹਾ ਕਿ ਤੁਸੀਂ ਏਨੇ ਪੇਪਰ (ਡਾਕੂਮੈਂਟਸ ਦੇ) ਪਤਾ ਨਹੀਂ ਕਿਵੇਂ ਆਰਕਾਈਵਜ਼ ਵਿਚੋਂ ਕਢਵਾ ਲਏ ਹਨ।ਮੈਂ ਵੀ ਇਹ ਕੰਮ ਕੀਤਾ ਹੈ।ਕਈ ਵਾਰ ਆਰਕਾਈਵਜ਼ 'ਚ ਗਿਆ ਹਾਂ।ਤਿੰਨ -ਚਾਰ ਪੇਪਰ ਵੀ ਮਸੀਂ ਦਿੰਦੇ ਹਨ।ਉਹ ਵੀ ਕਹਿੰਦੇ ਹਨ ਕਿ ਇਥੇ ਹੀ ਬੈਠ ਕੇ ਪੜ੍ਹ ਲਵੋ ।ਮੈਂ ਡਾ਼ ਸਾਹਿਬ ਨੂੰ ਦੱਸਿਆ ਕਿ ਇਹ ਸਾਰੀ ਕਿਰਪਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੋਈ ਹੈ।

ਉਨ੍ਹਾਂ ਨੇ ਕਿਹਾ ਕਿ ਡਾਕੂਮੈਂਟਸ ਮੈਂ ਪੜ੍ਹ ਲਏ ਹਨ, ਤੁਸੀਂ ਇਹਨਾਂ ਨੂੰ ਲੈ ਜਾਵੋ।ਇੱਕ ਤਾਂ ਤੁਸੀਂ ਆਰਕਾਈਵਜ਼ ਵਿਚ ਜਾ ਕੇ ਡਾਇਰੈਕਟਰ ਆਰਕਾਈਵਜ਼ ਤੋਂ ਇਨ੍ਹਾਂ ਨੂੰ ਛਾਪਣ ਦੀ ਇਜਾਜ਼ਤ ਲੈ ਲਵੋ।ਦੂਜਾ ਇਨ੍ਹਾਂ ਦਾ Preface ਲਿਖ ਲਵੋ ਅਤੇ ਇੱਕ ਦੋ ਵਿਦਵਾਨਾਂ ਤੋਂ ਭੂਮਿਕਾ ਲਿਖਵਾ ਲਵੋ। ਤੀਜਾ ਇਨ੍ਹਾਂ ਡਾਕੂਮੈਂਟਸ ਦਾ ਵਰਗੀਕਰਣ (Classification) ਕਰ ਲਵੋ।

# ਲੁਕਿਆ ਸੱਚ

---

ਅਸੀਂ ਡਾਇਰੈਕਟਰ ਆਰਕਾਈਵਜ਼ ਪੰਜਾਬ ਚੰਡੀਗੜ੍ਹ ਪਾਸੋਂ ਦਸਤਾਵੇਜ਼ਾਂ ਦੀ ਕਿਤਾਬ ਛਪਵਾਉਣ ਦੀ ਪਰਵਾਨਗੀ ਲੈਣ ਲਈ 5 ਨਵੰਬਰ 2013 ਨੂੰ ਪੱਤਰ ਲਿਖਿਆ ਅਤੇ 2 ਦਸਬੰਰ 2013 ਨੂੰ ਉਨ੍ਹਾਂ ਵਲੋ ਪਰਵਾਨਗੀ ਦਾ ਪੱਤਰ ਸਾਨੂੰ ਮਿਲ ਗਿਆ।

21 ਮਈ, 2014 ਨੂੰ ਪੁਸਤਕ 'ਲੁਕਿਆ ਸੱਚ' (ਕੂਕਾ ਅੰਦੋਲਨ ਨਾਲ ਸੰਬੰਧਤ ਪੰਜਾਬ ਸਟੇਟ ਆਰਕਾਈਵਜ਼ ਪਟਿਆਲਾ ਵਿਚ ਮੌਜੂਦ ਉਰਦੂ-ਫਾਰਸੀ ਦਸਤਾਵੇਜ਼ਾਂ ਦਾ ਪੰਜਾਬੀ ਅਨੁਵਾਦ) ਦਾ ਖਰੜਾ ਲੈ ਕੇ ਅਸੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਡਾ. ਕੁਲਬੀਰ ਸਿੰਘ ਢਿੱਲੋਂ ਕੋਲ ਗਏ। ਡਾ. ਸਾਹਿਬ ਨੇ ਕਿਹਾ ਕਿ ਮੇਰੀ ਵੀ. ਸੀ. ਸਾਹਿਬ ਨੇ ਡਿਊਟੀ ਲਾਈ ਸੀ ਕਿ ਮੈਂ ਡਾਕੂਮੈਂਟਸ ਪੜ੍ਹ ਕੇ ਵੇਖ ਲਵਾਂ ਕਿ ਕੋਈ ਇਤਰਾਜ ਯੋਗ ਗੱਲ ਤਾਂ ਨਹੀਂ। ਮੇਰੇ ਵੱਲੋਂ ਸਾਰੇ ਦਸਤਾਵੇਜ਼ ਠੀਕ ਹਨ। ਪਰ ਮੇਰੀ ਥਾਂ ਹੁਣ ਡਾ. ਜਸਪਾਲ ਕੌਰ, ਇਤਿਹਾਸ ਵਿਭਾਗ ਦੇ ਮੁਖੀ ਬਣ ਗਏ ਹਨ, ਸੋ ਤੁਸੀਂ ਉਨ੍ਹਾਂ ਨਾਲ ਗੱਲ ਕਰੋ।

ਸੋ ਅਸੀਂ ਉਸੇ ਵੇਲੇ ਡਾ. ਜਸਪਾਲ ਕੌਰ ਕੋਲ ਗਏ। ਉਨ੍ਹਾਂ ਨੇ ਦਸਤਾਵੇਜ਼ਾਂ ਦੀ ਇਸ ਪੁਸਤਕ ਦਾ ਖਰੜਾ ਵੇਖਿਆ। ਮੁੱਢਲੇ ਪੰਨੇ ਵੇਖ ਕੇ ਉਹ ਬਹੁਤ ਪ੍ਰਭਾਵਿਤ ਹੋਏ ਅਤੇ ਕਿਹਾ ਕਿ ਮੈਂਨੂੰ ਇਹ ਦਸਤਾਵੇਜ਼ ਬਹੁਤ ਵਧੀਆ ਲੱਗੇ ਹਨ। ਤੁਸੀਂ ਇਹ ਸਾਰੇ ਦਸਤਾਵੇਜ਼ ਮੇਰੇ ਕੋਲ ਛੱਡ ਦਿਓ, ਮੈਂਨੂੰ ਤਿੰਨ-ਚਾਰ ਦਿਨ ਦਿਓ, ਮੈਂ ਪੜ੍ਹ ਕੇ ਤੁਹਾਨੂੰ ਫੋਨ ਕਰਾਂਗੀ।

12 ਜੂਨ, 2014 ਨੂੰ ਡਾ. ਜਸਪਾਲ ਕੌਰ ਦਾ ਫੋਨ ਆ ਗਿਆ ਕਿ ਮੇਰੇ ਵੱਲੋਂ ਸਾਰੇ ਡਾਕੂਮੈਂਟਸ ਠੀਕ ਹਨ, ਤੁਸੀਂ ਕਿਸੇ ਦਿਨ ਯੂਨੀਵਰਸਿਟੀ ਆ ਕੇ ਲੈ ਜਾਣਾ।

30 ਜੂਨ, 2014 ਨੂੰ ਅਸੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਡਾ. ਜਸਪਾਲ ਕੌਰ (ਮੁਖੀ ਇਤਿਹਾਸ ਵਿਭਾਗ) ਕੋਲ ਗਏ। ਡਾ. ਜਸਪਾਲ ਕੌਰ ਨੇ ਸਾਨੂੰ ਕਿਹਾ ਕਿ ਦਸਤਾਵੇਜ਼ੀ ਚਿੱਠੀਆਂ ਉੱਪਰ ਲਿਖੋ ਕਿ ਕਿਹੜੀ ਚਿੱਠੀ ਕਿਸ ਨੂੰ ਲਿਖੀ ਹੈ।ਸਾਰੇ ਦਸਤਾਵੇਜ਼ਾਂ ਦਾ ਵਰਗੀਕਰਣ (Classification) ਕਰੋ। ਇਹ ਸਾਰੀਆਂ ਤਬਦੀਲੀਆਂ ਕਰ ਕੇ, ਡਾਕੂਮੈਂਟਸ ਲੈ ਆਉਣਾ। ਡਾ. ਜਸਪਾਲ ਕੌਰ ਨੇ ਸਾਰੇ ਡਾਕੂਮੈਂਟਸ ਸਾਨੂੰ ਵਾਪਸ ਕਰ ਦਿੱਤੇ ਅਤੇ ਇਹ ਵੀ ਕਿਹਾ ਕਿ ਇਹ ਬਹੁਤ ਮਹੱਤਵਪੂਰਨ ਦਸਤਾਵੇਜ਼ ਹਨ, ਮੈਂ ਵੀ. ਸੀ. ਸਾਹਿਬ ਨੂੰ ਸਿਫਾਰਸ਼ ਕਰਾਂਗੀ ਕਿ ਇਹ ਜਰੂਰ ਛਾਪੇ ਜਾਣ।

ਡਾ. ਜਸਪਾਲ ਕੌਰ ਦੇ ਕਹੇ ਮੁਤਾਬਕ ਮੈਂ ਕੰਮ ਕਰਨਾ ਸ਼ੁਰੂ ਕਰ ਲਿਆ। ਸੱਭ ਤੋਂ ਔਖਾ ਕੰਮ ਸੀ ਦਸਤਾਵੇਜ਼ਾਂ ਦਾ ਵਰਗੀਕਰਣ (Classification) ਕਰਨਾ ਕਿਉਂਕਿ ਸਾਰੀਆਂ ਦਸਤਵੇਜ਼ੀ ਚਿੱਠੀਆਂ ਕ੍ਰਮ ਅਨੁਸਾਰ ਅਤੇ ਤਰੀਕ ਅਨੁਸਾਰ ਨਹੀਂ ਸਨ।ਇਕੱਲੇ ਮਲੇਰ ਕੋਟਲੇ ਨਾਲ ਸੰਬੰਧਿਤ ਦੋ ਫਾਇਲਾਂ ਐੱਚ. 92 ਐੱਮ. ਭਾਗ ਪਹਿਲਾ ਅਤੇ ਐੱਚ. 92 ਐੱਮ. ਭਾਗ ਦੂਜਾ ਵਿੱਚ ਹੀ 487 ਚਿੱਠੀਆਂ ਬੇਤਰਤੀਬੀਆਂ ਸਨ। ਸੱਭ ਦਾ ਅੱਡੋ ਅੱਡ ਵਿਸ਼ਾ ਸੀ। ਬਹੁਤ ਜਿਆਦਾ ਔਖਾ ਕੰਮ ਸੀ। ਬਹੁਤ ਮਿਹਨਤ ਕਰਕੇ ਮੈਂ ਇਨ੍ਹਾਂ ਦਾ ਵਰਗੀਕਰਣ (Classification) ਕਰਕੇ ਇਨ੍ਹਾਂ ਨੂੰ ਸਿਰਲੇਖਾਂ ਅਨੁਸਾਰ ਅਤੇ ਤਰਤੀਬਵਾਰ ਕੀਤਾ। ਇਨ੍ਹਾਂ ਸਿਰਲੇਖਾਂ ਵਿੱਚ ਸਿਰਲੇਖਾਂ ਨਾਲ ਸਬੰਧਿਤ ਦਸਤਾਵੇਜ਼ ਹਨ। ਹਰ ਫਾਇਲ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਲਿਖਿਆ ਹੋਇਆ ਹੈ ਕਿ ਇਸ ਫਾਇਲ ਵਿੱਚ ਕੀ ਹੈ।

ਮੈਂ ਐੱਚ. 92 ਐੱਮ. ਭਾਗ ਪਹਿਲਾ ਦੇ 22 ਸਿਰਲੇਖ ਅਤੇ ਐੱਚ. 92 ਐੱਮ. ਭਾਗ ਦੂਜਾ ਦੇ 16 ਸਿਰਲੇਖ ਬਣਾਏ। ਸਾਰੇ ਸਿਰਲੇਖਾਂ ਨੂੰ ਅੱਡੋ - ਅੱਡ ਪਲਾਸਟਿਕ ਦੀਆਂ ਫਾਈਲਾਂ ਵਿੱਚ ਪਾਇਆ। ਦਸਤਾਵੇਜ਼

ਪੜ੍ਹਨੇ ਸ਼ੁਰੂ ਕੀਤੇ ਅਤੇ ਜਿਸ ਫਾਈਲ ਨਾਲ ਜਿਹੜੀ ਚਿੱਠੀ ਸਬੰਧਿਤ ਸੀ ਉਸ ਨੂੰ ਉਸੇ ਫਾਈਲ ਦੇ ਸਿਰਲੇਖ (ਹੈਡਿੰਗ) ਅਨੁਸਾਰ ਪਾਇਆ। ਕਰੀਬ 2½ ਸਾਲ, ਇਸ ਕੰਮ ਨੂੰ ਲੱਗ ਗਏ।

ਕਿਸੇ ਕਾਰਣ ਇਹ ਦਸਤਾਵੇਜ਼ ਪੰਜਾਬੀ ਯੂਨੀਵਰਸਟੀ ਪਟਿਆਲਾ ਤੋਂ ਨਹੀਂ ਛਪ ਸਕੇ। ਪਰ ਮੈਨੂੰ ਯੂਨੀਵਰਸਿਟੀ ਵਿਚ ਜਾਣ ਦਾ ਇਹ ਫਾਇਦਾ ਹੋਇਆ ਕਿ ਸਾਰੇ ਦਸਤਾਵੇਜ਼ਾਂ ਦਾ ਮੈ ਵਰਗੀਕਰਣ ਕਰ ਲਿਆ। ਮੈਂ ਡਾ ਕੁਲਬੀਰ ਸਿੰਘ ਢਿੱਲੋਂ ਅਤੇ ਡਾ ਜਸਪਾਲ ਕੌਰ ਦੀ ਹਾਰਇਕ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਮੈਨੂੰ ਆਪਣੇ ਕੀਮਤੀ ਸੁਝਾਅ ਦਿਤੇ।

ਮੈਂ ਸਾਰੇ ਦਸਤਾਵੇਜ਼ਾਂ ਨੂੰ ਛਪਣਯੋਗ ਕਰ ਕੇ ਰੱਖ ਲਿਆ। ਇਸ ਮਗਰੋਂ ਮੈਂ ਅਗਲੀਆਂ ਕਿਤਾਬਾਂ ਦਾ ਕੰਮ ਸ਼ੁਰੂ ਕਰ ਲਿਆ। 15 ਅਕਤੂਬਰ, 2018 ਨੂੰ ਮੇਰੀਆਂ ਦੋ ਨਵੀਆਂ ਛਪੀਆਂ ਪੁਸਤਕਾਂ :-

1. ਅੰਮ੍ਰਿਤਸਰ ਸਾਕੇ ਦੇ ਨਾਮਧਾਰੀ ਸ਼ਹੀਦ (ਇਤਿਹਾਸ ਅਤੇ ਬੰਸਾਵਲੀਆਂ) ਅਤੇ
2. ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਖਸ਼ਿਸ਼ ਦੇ ਪਾਤਰ- ਸੰਤ ਕੇਹਰ ਸਿੰਘ ਨਾਮਧਾਰੀ, ਰੋਪੜ (ਡੈਹਿਰ ਵਾਲੇ), ਅੱਸੂ ਦੇ ਮੇਲੇ 'ਤੇ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਕਰ-ਕਮਲਾਂ ਦੁਆਰਾ ਰਿਲੀਜ਼ ਕੀਤੀਆਂ।

ਇਸ ਮਗਰੋ ਮੈਂ ਵਿਚਾਰ ਕੀਤੀ ਕਿ ਹੁਣ ਮੈਂ ਦਸਤਾਵੇਜ਼ਾਂ ਵਾਲੀ ਕਿਤਾਬ 'ਲੁਕਿਆ ਸੱਚ' ਛਪਵਾ ਲਵਾਂ। ਬਹੁਤ ਲੰਮਾ ਸਮਾਂ ਸੰਘਰਸ਼ ਕਰਨ ਤੋਂ ਮਗਰੋਂ ਜੇ ਇਹ ਕਿਤਾਬ ਛਪ ਰਹੀ ਹੈ ਤਾਂ ਇਹ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਹੀ ਹੈ।ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੇਰੇ ਕੋਲੋ ਇਏ ਕੰਮ ਕਰਵਾਉਣਾ ਸੀ।

ਮੈਂ ਵਰਤਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਸ਼ੁੱਕਰਗੁਜ਼ਾਰ ਹਾਂ ਕਿ ਉਨ੍ਹਾਂ ਦੇ ਆਸ਼ੀਰਵਾਦ ਸਦਕਾ ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਦਾ ਪਾਲਣਾ ਕਰਦਿਆਂ, ਇਹ ਦਸਤਾਵੇਜ਼ ਛਪਵਾ ਰਹੀ ਹਾਂ।

ਉਸ ਵੇਲੇ ਜਦੋਂ ਮੈਂ ਦਸਤਾਵੇਜ਼ ਕਢਵਾਏ ਸਟੇਟ ਆਰਕਾਈਵ ਪਟਿਆਲਾ ਦੇ ਇੰਚਾਰਜ ਸ੍ਰੀ ਸ਼ਮਸ਼ਾਦ ਅਲੀ ਖਾਨ ਸਨ। ਇਨ੍ਹਾਂ ਦੀ ਰਿਹਾਇਸ਼ ਨਾਭਾ ਵਿਖੇ, ਹਜ਼ੂਰੀ ਰਾਗੀ ਸੰਤ ਖਜ਼ਾਨ ਸਿੰਘ ਦੇ ਘਰ ਦੇ ਨਾਲ ਵਾਲੇ ਘਰ ਵਿਚ ਸੀ। ਖਾਨ ਸਾਹਿਬ ਕੂਕਾ ਮੂਵਮੈਂਟ ਬਾਰੇ ਚੰਗੀ ਤਰ੍ਹਾਂ ਜਾਣਦੇ ਸਨ। ਇਨ੍ਹਾਂ ਨੇ ਦਸਤਾਵੇਜ਼ ਕਢਵਾਉਣ ਵਿਚ ਸਾਡੀ ਬਹੁਤ ਮਦਦ ਕੀਤੀ । (ਇਨ੍ਹਾਂ ਦੀ ਮੌਤ 10 ਮਈ 2007 ਨੂੰ ਹੋਈ।) ਸ੍ਰੀ ਸ਼ਮਸ਼ਾਦ ਅਲੀ ਖਾਂ ਦੇ ਦੋ ਸਹਾਇਕਾਂ ਮਹੀਓਦੀਨ ਅਤੇ ਨਜ਼ਾਬਤ ਅਲੀ ਨੇ ਵੀ ਸਾਡਾ ਪੂਰਾ ਸਾਥ, ਦਸਤਾਵੇਜ਼ ਕੱਢਵਾਉਣ ਸਮੇਂ ਦਿੱਤਾ। ਮੈਂ ਇੰਚਾਰਜ ਸ੍ਰੀ ਸ਼ਮਸ਼ਾਦ ਅਲੀ ਖਾਨ ਅਤੇ ਇਨ੍ਹਾਂ ਦੇ ਸਹਾਇਕਾਂ ਦੀ ਅਤਿਅੰਤ ਧੰਨਵਾਦੀ ਹਾਂ।

ਮੈਂ ਡਾ ਅਮਰਵੰਤ ਸਿੰਘ ਜੀ ਦੀ ਧੰਨਵਾਦੀ ਹਾਂ। ਇਨ੍ਹਾਂ ਨੇ ਸ਼ੁੱਧ ਪੰਜਾਬੀ ਵਿਚ ਸਾਰੇ ਦਸਤਾਵੇਜ਼ਾਂ ਦਾ ਅਨੁਵਾਦ ਕੀਤਾ।

ਡਾ. ਸਰਦਾਰਾ ਸਿੰਘ ਜੌਹਲ (ਚਾਂਸਲਰ, ਸੈਂਟਰਲ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ) ਨੇ ਵੀ ਇਹ ਸਾਰੇ ਡਾਕੂਮੈਂਟਸ ਪੜ੍ਹੇ। ਆਪ ਇਹ ਪੜ੍ਹ ਕੇ ਬਹੁਤ ਪ੍ਰਭਾਵਿਤ ਹੋਏ ਕਿ ਸ਼ਹੀਦਾਂ ਦੇ ਪਰਿਵਾਰਾਂ ਦੇ ਘਰਾਂ ਵਿਚੋਂ ਸੌਂਫ,ਹਰੜ ਇੱਕ ਛਟਾਂਕ,ਕਾਲੀ ਮਿਰਚ 2 ਤੋਲੇ,ਚੌਲ,ਲੱਕੜ ਦਾ ਵੱਡਾ ਤਖਤਪੋਸ਼ ਆਦਿ ਸਾਰਾ ਨਿੱਕਾ ਮੋਟਾ ਸਮਾਨ ਵੀ ਜਬਤ ਕੀਤਾ ਗਿਆ। ਜੌਹਲ ਜੀ ਨੇ ਕਿਹਾ ਕਿ ਤੁਸੀਂ ਇਹ ਦਸਤਾਵੇਜ਼ ਕਢਵਾ ਕੇ ਅਨੁਵਾਦ ਕਰਵਾ ਕੇ ਛਪਾ ਰਹੇ

ਹੋ,ਬਹੁਤ ਵੱਡਾ ਕੰਮ ਕਰ ਰਹੇ ਹੋ। ਜੌਹਲ ਜੀ ਨੇ ਇਸ ਪੁਸਤਕ ਲਈ ਭੂਮਿਕਾ ਲਿਖੀ। ਮੈਨੂੰ ਬਹੁਤ ਖੁਸ਼ੀ ਹੋਈ, ਮੈਂ ਇਨ੍ਹਾਂ ਦੀ ਹਾਰਦਿਕ ਧੰਨਵਾਦੀ ਹਾਂ।

ਮੈਂ ਹਜੂਰੀ ਸੇਵਕ ਰਛਪਾਲ ਸਿੰਘ ਅਤੇ ਸੇਵਕ ਹਰਪਾਲ ਸਿੰਘ ਦੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਹ ਦਸਤਾਵੇਜ਼ ਕੱਢਵਾਉਣ, ਅਨੁਵਾਦ ਕਰਵਾਉਣ ਅਤੇ ਛਪਵਾਉਣ ਵਿਚ ਸਹਿਯੋਗ, ਉਤਸ਼ਾਹ ਅਤੇ ਪ੍ਰੇਰਨਾ ਦਿਤੀ, ਇਹ ਦਸਤਾਵੇਜ਼ ਚੰਗੀ ਤਰ੍ਹਾਂ ਆਪ ਪੜ੍ਹੇ ਅਤੇ ਸਮੇਂ ਸਮੇਂ 'ਤੇ ਸ੍ਰੀ ਸਤਿਗੁਰੂ ਜੀ ਨੂੰ ਸੁਣਾਉਣੇ ਰਹੇ।

ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਅਤੇ ਸ. ਸੁਵਰਨ ਸਿੰਘ ਵਿਰਕ ਦੀ ਮੈਂ ਹਾਰਦਿਕ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਲਈ ਆਪਣੇ ਕੀਮਤੀ ਸ਼ਬਦ ਲਿਖੇ।

ਮੈਂ, ਨੰਬਰਦਾਰ ਗੁਰਦੇਵ ਸਿੰਘ ਸੰਤਨਗਰ ਦੀ ਧੰਨਵਾਦੀ ਹਾਂ, ਇਨ੍ਹਾਂ ਨੇ ਮੈਂਨੂੰ ਆਖਿਆ ਕਿ ਜਦੋਂ ਸੰਨ 2004,2005 ਤੇ 2006 ਵਿਚ ਇਹ ਸਾਰੇ ਦਸਤਾਵੇਜ਼ ਥੋੜ੍ਹੇ- ਥੋੜ੍ਹੇ ਕਰਕੇ ਪਰਮਪੂਜ ਸ੍ਰੀ ਸਤ੍ਰਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜੀ ਨੂੰ ਹਜੂਰੀ ਸੇਵਕਾਂ ਹਰਪਾਲ ਸਿੰਘ ਅਤੇ ਰਛਪਾਲ ਸਿੰਘ ਵੱਲੋਂ ਸ੍ਰੀ ਭੈਣੀ ਸਾਹਿਬ ਵਿਖੇ ਕੋਠੀ ਵਿੱਚ ਵਾਰੀ ਵਾਰੀ ਸੁਣਾਏ ਜਾਂਦੇ ਰਹੇ,ਉਦੋਂ ਕਈ ਹੋਰ ਸਿੱਖ ਸਾਧ ਵੀ ਉਥੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੈਠੇ ਹੁੰਦੇ ਸਨ, ਮੈਂ ਵੀ ਉਨ੍ਹਾਂ ਵਿਚੋਂ ਇੱਕ ਸੀ। ਮੈਂ ਸ੍ਰੀ ਸਤਿਗੁਰੂ ਜੀ ਦੇ ਕੋਲ ਬੈਠਿਆਂ ਇਹ ਸਾਰੇ ਦਸਤਾਵੇਜ਼ ਸੁਣੇ ਹਨ। ਮੇਰਾ ਵੀ ਬੜਾ ਜੀਅ ਕਰਦਾ ਸੀ ਕਿ ਇੰਨੇ ਮਹੱਤਵਪੂਰਨ ਦਸਤਾਵੇਜ਼ ਜਲਦੀ ਛਪ ਜਾਣ। ਹੁਣ ਜਦੋਂ ਦਸਤਾਵੇਜ਼ਾਂ ਦੀ ਇਹ ਪੁਸਤਕ 'ਲੁਕਿਆ ਸੱਚ' ਛਪ ਰਹੀ ਹੈ ਤਾਂ ਮੈਨੂੰ ਬਹੁਤ ਜ਼ਿਆਦਾ ਖੁਸ਼ੀ ਹੋਈ ਹੈ।

ਮੈਂ ਡਾ. ਕੁਲਦੀਪ ਸਿੰਘ (ਮੁਖੀ, ਸਤਿਗੁਰੂ ਰਾਮ ਸਿੰਘ ਚੇਅਰ, ਸੈਂਟਰਲ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ) ਦਾ ਵੀ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਇਸ ਪੁਸਤਕ ਦੇ ਖਰੜੇ ਨੂੰ ਪੜ੍ਹ ਕੇ ਆਪਣੇ ਕੀਮਤੀ ਸੁਝਾਅ ਮੈਨੂੰ ਦਿੱਤੇ।

ਮੈਂ ਆਪਣੇ ਜੀਵਨ ਸਾਥੀ ਸੰਤ ਭਗਵੰਤ ਸਿੰਘ ਦੀ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਹਰ ਕੰਮ ਵਿਚ ਮੈਨੂੰ ਪੂਰਾ ਸਾਥ ਅਤੇ ਸਹਿਯੋਗ ਦਿਤਾ ਹੈ। ਹਰ ਥਾਂ ਅਸੀਂ ਇੱਕਠੇ ਜਾਂਦੇ ਰਹੇ ਹਾਂ।

ਇਨ੍ਹਾਂ ਦਸਤਾਵੇਜ਼ਾਂ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ ਕੂਕਾ ਅੰਦੋਲਨ ਦੇ ਇਤਿਹਾਸ ਨੂੰ ਪੜ੍ਹਿਆ ਜਾਵੇ। ਸੋ ਮੈਂ ਕਿਤਾਬ ਦੇ ਆਰੰਭ ਵਿਚ ਪਹਿਲਾਂ ਕੂਕਾ ਅੰਦੋਲਨ ਦੇ ਇਤਿਹਾਸ ਦੇ ਵਰਣਨ ਉਪਰੰਤ, ਕਢਵਾਏ ਗਏ ਦਸਤਾਵੇਜ਼ਾਂ ਦੀਆਂ ਸੱਤ ਫਾਇਲਾਂ ਪ੍ਰਸਤੁਤ ਕਰ ਰਹੀ ਹਾਂ।

**-ਸੂਬਾ ਸੁਰਿੰਦਰ ਕੌਰ ਖਰਲ**

**ਟਰੱਸਟੀ , ਕੂਕਾ ਸ਼ਹੀਦ ਯਾਦਗਾਰੀ ਟਰੱਸਟ (ਰਜਿ .)**

# ਕੂਕਾ ਅੰਦੋਲਨ ਦਾ ਇਤਿਹਾਸ

## ਕੂਕਾ ਅੰਦੋਲਨ

### (ਸੰਖੇਪ ਵਿਚ)

'ਕੂਕਾ ਅੰਦੋਲਨ', ਸੁਤੰਤਰਤਾ ਸੰਗਰਾਮ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸੰਨ 1857 ਵਿਚ ਚਲਾਈ ਗਈ ਦੇਸ਼ ਭਗਤੀ ਦੀ ਇਕ ਮਹਾਨ ਲਹਿਰ ਸੀ।

ਭਾਰਤ ਦੀ ਅਜ਼ਾਦੀ ਦੀ ਲੜਾਈ ਦਾ ਮੁੱਢ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ, ਅੰਗ੍ਰੇਜ਼ ਸਰਕਾਰ ਵਿਰੁੱਧ ਨਾਮਿਲਵਰਤਣ ਲਹਿਰ ਚਲਾ ਕੇ ਬੰਨ੍ਹਿਆ। ਅੰਗ੍ਰੇਜ਼ ਸਰਕਾਰ ਦੀ ਨੌਕਰੀ, ਉਨ੍ਹਾਂ ਦੇ ਚਲਾਏ ਸਕੂਲ, ਅਦਾਲਤਾਂ, ਸਾਰੀਆਂ ਵਿਦੇਸ਼ੀ ਵਸਤਾਂ ਦੇ ਬਾਈਕਾਟ ਦੇ ਨਾਲ-ਨਾਲ, ਰੇਲ, ਤਾਰ ਤੇ ਡਾਕ ਦਾ ਵੀ ਬਾਈਕਾਟ ਕੀਤਾ ਗਿਆ।

ਅੰਗ੍ਰੇਜ਼ੀ ਵਸਤਾਂ ਦੀ ਥਾਂ ਭਾਰਤੀ ਘਰੇਲੂ ਵਸਤੂਆਂ ਦੇ ਪ੍ਰਯੋਗ ਕਰਨ ਦੇ ਆਦੇਸ਼ ਨਾਲ ਸਵਦੇਸ਼ੀ ਦਾ ਪ੍ਰਚਾਰ ਹੋਇਆ। ਇਸ ਸਾਰੇ ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਸਾਰੇ ਇਲਾਕਿਆਂ ਵਿਚ ਸੂਬੇ ਨਿਯੁਕਤ ਕਰਨੇ, ਆਪਣਾ 'ਕੂਕਾ ਡਾਕ ਪ੍ਰਬੰਧ' ਕਾਇਮ ਕਰਨਾ, ਦੇਸੀ ਰਿਆਸਤਾਂ ਨਾਲ ਗੱਠ ਜੋੜ, ਫ਼ੌਜੀ ਸਿੱਖਿਆ ਲਈ ਕਸ਼ਮੀਰ ਰਾਜ ਵਿਚ "ਕੂਕਾ ਪਲਟਨ" ਦੀ ਸਥਾਪਨਾ ਅਤੇ ਵਿਦੇਸ਼ਾਂ ਵਿਚ ਗੁਆਂਢੀ ਦੇਸ਼ਾਂ ਨੇਪਾਲ, ਰੂਸ ਅਤੇ ਅਫ਼ਗਾਨਿਸਤਾਨ ਨਾਲ ਰਾਜਨੀਤਿਕ ਸੰਬੰਧ ਬਣਾਉਣੇ, ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਰਹਿਨੁਮਾਈ ਹੇਠ ਨਾਮਧਾਰੀ ਸਿੱਖਾਂ ਨੇ ਆਪਣੀ ਸਰਕਾਰ ਬਣਾ ਕੇ ਸਵੈਰਾਜ ਸਥਾਪਿਤ ਕਰ ਲਿਆ ਸੀ।

''(ਗੁਰੂ) ਰਾਮ ਸਿੰਘ ਸਿੱਖ ਫਿਲਾਸਫਰ ਤੇ ਸੁਧਾਰਕ ਅਤੇ ਅੰਗਰੇਜ਼ ਵਪਾਰੀ ਨਾਲ ਅਤੇ ਨੌਕਰੀਆਂ ਪ੍ਰਤੀ ਨਾ ਮਿਲ ਵਰਤਣ ਤੇ ਬਾਈਕਾਟ ਨੂੰ ਰਾਜਨੀਤਕ ਸ਼ਕਤੀ ਦਾ ਹਥਿਆਰ ਬਣਾ ਕੇ ਵਰਤਣ ਵਾਲਾ ਪਹਿਲਾ ਭਾਰਤੀ ਹੈ।''

-(ਐਨਸਾਈਕਲੋਪੀਡੀਆ ਆਫ ਬ੍ਰਿਟੇਨਿਕਾ, ਜਿਲਦ 8, ਪੰਨਾ 142)

ਡੀ.ਆਈ.ਜੀ. ਮੈਕ ਐਂਡਰੀਊ ਲਿਖਦਾ ਹੈ, "(ਗੁਰੂ) ਰਾਮ ਸਿੰਘ ਦੇ ਪ੍ਰਚਾਰ ਨੇ ਪੰਜਾਬ ਵਿਚ ਤਰੱਥਲੀ ਮਚਾ ਦਿਤੀ ਹੈ।"

ਸ੍ਰੀ ਸਤਿਗੁਰੂ ਰਾਮ ਸਿੰਘ ਨੇ ਭਾਰਤ ਵਿਚੋਂ ਅੰਗਰੇਜ਼ੀ ਸਾਮਰਾਜ ਦੀਆਂ ਜੜਾਂ ਹਿਲਾ ਦਿਤੀਆਂ ਸਨ।

ਸ੍ਰੀ ਸਤਿਗੁਰੂ ਰਾਮ ਜੀ ਨੇ ਅੰਗ੍ਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' (Divide & Rule) ਦੀ ਕੁਟਿਲ ਨੀਤੀ ਦੇ ਵਿਰੁੱਧ 'ਜੁੜੋ ਤੇ ਲੜੋ' (Unite & Fight) ਦੀ ਨੀਤੀ ਦਾ ਐਲਾਨ ਕੀਤਾ। ਸ੍ਰੀ ਸਤਿਗੁਰੂ ਜੀ ਨੇ 12 ਅਪ੍ਰੈਲ 1857 ਨੂੰ ਵਿਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਵਿਖੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ 'ਸੰਤ ਖਾਲਸਾ' ਦੀ ਸਿਰਜਣਾ ਕਰ ਕੇ ਮੁਰਝਾ ਚੁੱਕੀ ਸਿੱਖੀ ਨੂੰ ਸੁਰਜੀਤ ਕੀਤਾ, ਆਪ ਜੀ ਨੇ ਬਾਣੀ ਪੜ੍ਹਨ ਅਤੇ ਨਾਮ ਸਿਮਰਨ ਕਰਨ ਲਈ ਲੋਕਾਂ ਨੂੰ

---

ਪ੍ਰੇਰ ਕੇ ਗੁਰਮਤ ਵੱਲ ਲਾਇਆ। ਸ੍ਰੀ ਸਤਿਗੁਰੂ ਜੀ ਦੇ ਤੇਜ-ਪ੍ਰਤਾਪ ਨਾਲ ਜਿੱਧਰ ਜਾਂਦੇ ਹਜ਼ਾਰਾਂ ਦੇ ਗਿਣਤੀ ਵਿਚ ਸਿੱਖ ਸਜ ਜਾਂਦੇ। ਪਿੰਡਾਂ ਦੇ ਪਿੰਡ ਸਿੱਖ ਸਜ ਗਏ। ਦਸ ਸਾਲਾਂ ਵਿਚ ਸੱਤ ਲੱਖ ਦੀ ਗਿਣਤੀ ਵਿਚ ਸਿੱਖ ਸਜ ਗਏ।

ਸਮਾਜਕ ਖੇਤਰ ਵਿਚ ਇਸਤਰੀ ਜਾਤੀ ਦੀ ਦਸ਼ਾ ਦੇ ਸੁਧਾਰ ਲਈ ਸਾਰਥਕ ਕਦਮ ਚੁੱਕ ਕੇ, ਸ੍ਰੀ ਸਤਿਗੁਰੂ ਜੀ ਨੇ ਬਹੁਤ ਵੱਡਾ ਉਪਕਾਰ ਕੀਤਾ। ਜੰਮਦੀਆਂ ਕੁੜੀਆਂ ਨੂੰ ਮਾਰਨ, ਵੇਚਣ, ਵੱਟਾ ਕਰਨ ਤੇ ਬਾਲ ਵਿਆਹ ਕਰਨ ਤੋਂ ਲੋਕਾਂ ਨੂੰ ਰੋਕਿਆ। ਸਤੀ ਪ੍ਰਥਾ ਨੂੰ ਬੰਦ ਕਰਨ ਅਤੇ ਵਿਧਵਾ ਦਾ ਮੁੜ ਵਿਆਹ ਕਰਨ ਲਈ ਪ੍ਰੇਰਿਆ। ਜੂਨ ਸੰਨ 1863 (ਸੰਮਤ 1920) ਵਿਚ ਸ੍ਰੀ ਸਤਿਗੁਰੂ ਜੀ ਨੇ ਇਸਤਰੀਆਂ ਨੂੰ ਅੰਮ੍ਰਿਤ ਛਕਾਇਆ। ਇਸੇ ਸਾਲ ਛੇ ਅੰਤਰਜਾਤੀ ਜੋੜਿਆਂ ਦੇ ਵਿਆਹ ਕਰ ਕੇ, ਸ੍ਰੀ ਸਤਿਗੁਰੂ ਜੀ ਨੇ ਗੁਰਮਤ ਆਨੰਦ-ਕਾਰਜ ਕਰਨ ਦੀ ਮਰਿਯਾਦਾ ਆਰੰਭੀ।

ਭਾਰਤਵਾਸੀਆਂ ਦੀਆਂ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾ ਕੇ, ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣ ਲਈ ਅਤੇ ਹਿੰਦੂ, ਸਿੱਖ/ਮੁਸਲਮਾਨਾਂ ਵਿਚ ਦਰਾੜ ਪਾ ਕੇ ਉਨ੍ਹਾਂ ਨੂੰ ਇਕ ਦੂਜੇ ਨਾਲ ਲੜਾਉਣ ਦੇ ਮਨੋਰਥਾਂ ਹਿਤ, ਅੰਗ੍ਰੇਜ਼ ਸਰਕਾਰ ਨੇ ਅੰਮ੍ਰਿਤਸਰ, ਮਲੇਰਕੋਟਲਾ ਅਤੇ ਰਾਏਕੋਟ ਵਿਖੇ ਗੁਰੂ-ਧਾਮਾਂ ਨੇੜੇ ਬੁੱਚੜਖਾਨੇ ਖੁਲ੍ਹਵਾ ਦਿੱਤੇ। ਗਊ ਭਾਰਤ ਦੇ ਹਿੰਦੂ ਤੇ ਸਿੱਖ ਸਮਾਜ ਲਈ ਮਾਂ ਦਾ ਦਰਜਾ ਰੱਖਦੀ ਸੀ ਅਤੇ ਹੁਣ ਵੀ ਰਖਦੀ ਹੈ। ਅੰਗਰੇਜ਼ ਹਾਕਮਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਗਊ ਹੱਤਿਆ ਤੋਂ ਲਗੀ ਪਾਬੰਦੀ ਨੂੰ ਤੋੜ ਕੇ ਗਊ ਹੱਤਿਆ ਦੀ ਆਗਿਆ ਦੇ ਕੇ ਇਕ ਕੋਝੀ ਚਾਲ ਚਲੀ ਸੀ। ਗਊ-ਬਧ ਕਰਕੇ, ਗਊ ਮਾਸ ਵੇਚਿਆ ਹੀ ਨਹੀਂ ਜਾਣ ਲੱਗਾ ਸਗੋਂ ਸਿੱਖਾਂ ਅਤੇ ਹਿੰਦੂਆਂ ਦੇ ਪੂਜਨੀਕ ਧਾਰਮਕ ਅਸਥਾਨਾਂ ਨੂੰ ਮਾਸ ਤੇ ਹੱਡੀਆਂ ਸੁੱਟ ਕੇ ਅਪਵਿੱਤਰ ਕੀਤਾ ਜਾਣ ਲੱਗਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਤੋਂ ਇਹ ਸਹਿਣ ਨਹੀਂ ਹੋਇਆ। ਬੁੱਚੜਖਾਨਿਆਂ 'ਤੇ ਹਮਲਾ ਕਰ ਕੇ ਨਾਮਧਾਰੀਆਂ ਨੇ ਅੰਗ੍ਰੇਜ਼ਾਂ ਨਾਲ ਸਿੱਧੀ ਟੱਕਰ ਲਈ।

ਗਊਆਂ ਨੂੰ ਬੁੱਚੜਖਾਨਿਆਂ ਵਿਚੋਂ ਛੁਡਾਉਣ ਦੇ ਜੁਰਮ ਵਿਚ, ਅੰਗ੍ਰੇਜ਼ ਹਕੂਮਤ ਵੱਲੋਂ ਸੰਨ 1871 ਨੂੰ ਅੰਮ੍ਰਿਤਸਰ ਵਿਖੇ ਚਾਰ, ਰਾਏਕੋਟ ਵਿਖੇ ਤਿੰਨ ਅਤੇ ਲੁਧਿਆਣਾ ਵਿਖੇ ਦੋ ਨਾਮਧਾਰੀ ਸਿੱਖਾਂ ਨੂੰ, ਸਿਰਫ਼ ਭਾਰਤੀ ਲੋਕਾਂ ਦੇ ਮਨਾਂ ਵਿਚ ਦਹਿਸ਼ਤ ਪੈਦਾ ਕਰਨ ਲਈ, ਸ਼ਰੇਆਮ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਇਹਨਾਂ ਸਿੱਖਾਂ ਨੇ ਫਾਂਸੀ ਦੇ ਫੰਦੇ ਆਪ ਆਪਣੇ ਗਲਾਂ ਵਿਚ ਪਾਏ।

ਮਲੇਰਕੋਟਲਾ ਵਿਖੇ 17-18 ਜਨਵਰੀ ਸੰਨ 1872 (6-7 ਮਾਘ ਸੰਮਤ 1928) ਨੂੰ ਇਸੇ ਦੋਸ਼ ਅਧੀਨ ਬਿਨਾਂ ਮੁਕੱਦਮਾ ਚਲਾਏ 66 ਨਾਮਧਾਰੀ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। 17 ਜਨਵਰੀ ਸੰਨ 1872 ਨੂੰ, ਮਲੇਰਕੋਟਲਾ ਦੇ ਰੱਕੜ ਵਿਚ ਸੱਤ ਤੋਪਾਂ ਸੱਤ ਵਾਰ ਚਲੀਆਂ ਅਤੇ 49 ਸਿੱਖ ਨੱਸ-ਨੱਸ ਕੇ ਆਪ ਤੋਪਾਂ ਅੱਗੇ ਆ ਕੇ ਸ਼ਹੀਦ ਹੋ ਗਏ। 50ਵਾਂ ਸ਼ਹੀਦ ਹੋਇਆ ਸਿੱਖ ਇਕ 12 ਸਾਲ ਦਾ ਬਾਲਕ ਬਿਸ਼ਨ ਸਿੰਘ ਸੀ। ਇਸ ਨੂੰ ਤਲਵਾਰਾਂ ਨਾਲ ਕੱਟ ਕੇ ਸ਼ਹੀਦ ਕੀਤਾ ਗਿਆ ਸੀ ਕਿਉਂਕਿ ਇਸ ਨੇ ਗੁੱਸੇ ਵਿਚ ਅੰਗ੍ਰੇਜ਼ ਅਫ਼ਸਰ ਕਾਵਨ ਦੀ ਦਾੜ੍ਹੀ ਨੂੰ ਜਾ ਹੱਥ ਪਾਇਆ ਸੀ। ਬਾਕੀ ਦੇ 16 ਸਿੱਖਾਂ ਨੂੰ 18 ਜਨਵਰੀ 1872 ਨੂੰ ਤੋਪਾਂ ਨਾਲ ਸ਼ਹੀਦ ਕੀਤਾ ਗਿਆ।

# ਲੁਕਿਆ ਸੱਚ

---

ਇਕ ਅੰਗਰੇਜ ਹੈਨਰੀ ਕਾਟਨ ਜੋ ਭਾਰਤ ਵਿਚ ਉਸ ਵੇਲੇ ਸੈਰ ਕਰਨ ਆਇਆ ਹੋਇਆ ਸੀ, ਨੇ ਆਪਣੇ ਸਫਰਨਾਮੇ ਵਿਚ ਲਿਖਿਆ ਹੈ, "ਯੂਰਪ ਵਾਲੇ ਇਕ ਈਸਾ 'ਤੇ ਮਾਣ ਕਰਦੇ ਹਨ, ਮੈਂ ਅਨੇਕ ਈਸਾ ਨੱਸ ਨੱਸ ਕੇ ਤੋਪਾਂ ਸਾਹਮਣੇ ਆਉਂਦੇ ਤੇ ਮੌਤ ਨੂੰ ਗਲਵੱਕੜੀ ਪਾਉਂਦੇ ਵੇਖੇ ਹਨ।'

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਬਖ਼ਸ਼ਿਸ਼ ਨਾਲ ਨਾਮਧਾਰੀ ਸ਼ਹੀਦ ਮੌਤ ਦੇ ਡਰ ਤੋਂ ਮੁਕਤ ਹੋ ਗਏ ਸਨ। ਉਹ ਹੱਸ-ਹੱਸ ਕੇ ਤੋਪਾਂ ਅੱਗੇ ਆਉਂਦੇ ਸਨ ਅਤੇ ਫਾਂਸੀ ਦੇ ਫੰਦੇ ਆਪ ਆਪਣੇ ਗਲਾਂ ਵਿਚ ਪਾਉਂਦੇ ਸਨ। ਅੰਗ੍ਰੇਜ਼ਾਂ ਨੇ, ਨਾਮਧਾਰੀ ਸਿੱਖਾਂ ਨੂੰ ਅਨੇਕ ਪ੍ਰਕਾਰ ਦੇ ਤਸੀਹੇ ਦੇ ਕੇ, ਸਮੁੰਦਰ 'ਚ ਡੋਬ ਕੇ, ਕਾਲੇ ਪਾਣੀ ਕੈਦ ਕਰਕੇ ਅਤੇ ਹੋਰ ਕਈ ਪ੍ਰਕਾਰ ਨਾਲ ਸ਼ਹੀਦ ਕੀਤਾ।

ਸ਼ਹੀਦ ਸਿੱਖਾਂ ਦੀਆਂ ਜਮੀਨ ਜਾਇਦਾਤਾਂ ਜਬਤ ਕਰ ਕੇ ਉਨ੍ਹਾਂ ਦੇ ਪਰਿਵਾਰਾਂ ਨੂੰ ਤੰਗ ਕੀਤਾ ਗਿਆ। ਉਨ੍ਹਾਂ ਦੇ ਘਰਾਂ ਵਿਚੋਂ ਸਾਰਾ ਸਮਾਨ ਇਥੋਂ ਤੀਕ ਕਿ ਗਰਮ ਤੇ ਠੰਡੇ ਦੁੱਧ ਦੇ ਭਾਂਡੇ ਤੱਕ ਅੰਗ੍ਰੇਜ਼ ਸਰਕਾਰ ਵੱਲੋਂ ਜਬਤ ਕਰ ਲਏ ਗਏ। ਉਹਨ੍ਹਾਂ ਦੇ ਘਰਾਂ ਵਿਚ ਕੁਝ ਨਹੀਂ ਛੱਡਿਆ।

ਮਲੇਰਕੋਟਲਾ ਸਾਕੇ ਦੇ ਫੌਰਨ ਮਗਰੋਂ 18 ਜਨਵਰੀ 1872 ਤੋਂ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ, ਸੰਨ 1818 ਦੇ ਰੈਗੂਲੇਸ਼ਨ III ਐਕਟ ਤਹਿਤ ਉਨ੍ਹਾਂ ਦੇ ਨਿਜੀ ਸੇਵਕ ਭਾਈ ਨਾਨੂੰ ਸਿੰਘ ਅਤੇ ਪ੍ਰਮੁੱਖ ਸੂਬੇ ਸਾਹਿਬਾਨ ਸਮੇਤ ਅਲਾਹਾਬਾਦ ਕਿਲੇ ਵਿਚ ਨਜ਼ਰਬੰਦ ਰਖਿਆ ਗਿਆ। ਉਥੋਂ, 16 ਮਾਰਚ 1872 ਨੂੰ, ਸ੍ਰੀ ਸਤਿਗੁਰੂ ਜੀ ਨੂੰ ਉਨ੍ਹਾਂ ਦੇ ਨਿਜੀ ਸੇਵਕ ਸਮੇਤ, ਕਲਕੱਤੇ ਤੋਂ ਰੰਗੂਨ (ਬਰਮਾ) ਵਿਖੇ ਕੈਦ ਵਿਚ ਭੇਜ ਦਿੱਤਾ। ਉਥੋਂ ਵੀ ਕ੍ਰੀਬ ਸਾਢੇ 8 ਸਾਲ ਬਾਅਦ ਸ੍ਰੀ ਸਤਿਗੁਰੂ ਜੀ ਨੂੰ, ਦੇਸ਼ ਨਾਲੋਂ ਹੁਕਮਨਾਮਿਆਂ ਰਾਹੀਂ ਨਾਤਾ ਤੋੜਨ ਲਈ, ਮਰਗੋਈ ਟਾਪੂ (ਬਰਮਾ) ਵਿਖੇ ਭੇਜ ਦਿੱਤਾ ਗਿਆ। ਸੂਬਿਆਂ ਨੂੰ ਵੱਖੋ ਵੱਖ ਥਾਵਾਂ 'ਤੇ ਭੇਜ ਕੇ ਕੈਦ ਰਖਿਆ ਗਿਆ ।

ਸ੍ਰੀ ਸਤਿਗੁਰੂ ਜੀ ਦੇ ਪ੍ਰਦੇਸ ਗਵਨ ਪਿਛੋਂ, ਸ੍ਰੀ ਭੈਣੀ ਸਾਹਿਬ ਦੀ ਡਿਉੜੀ ਅੱਗੇ ਪੁਲਿਸ ਚੌਕੀ ਬਿਠਾ ਦਿੱਤੀ ਗਈ, ਜਿਹੜੀ ਕਰੀਬ 51 ਸਾਲ (ਸੰਨ 1872 ਤੋਂ 1923 ਤੀਕ) ਰਹੀ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਜਿਵੇਂ ਅੰਗ੍ਰੇਜ਼ ਸਰਕਾਰ ਨੇ ਨਾਮਧਾਰੀ ਪੰਥ 'ਤੇ ਸਖ਼ਤੀਆਂ ਅਤੇ ਜ਼ੁਲਮ ਕੀਤੇ, ਇਹ ਇਕ ਰੌਂਗਟੇ ਖੜੇ ਕਰਨ ਵਾਲਾ ਗੌਰਵਮਈ ਇਤਿਹਾਸ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਨਾ-ਮਿਲਵਰਤਣ ਲਹਿਰ ਨੂੰ ਕ੍ਰੀਬ 50 ਸਾਲ ਬਾਅਦ ਕਾਂਗਰਸੀਆਂ ਨੇ ਅਪਣਾਇਆ ਅਤੇ ਦੇਸ਼ ਦੀ ਸੁਤੰਤਰਤਾ ਪ੍ਰਾਪਤੀ ਵੱਲ ਕਦਮ ਚੁੱਕੇ। ਕ੍ਰੀਬ ਸਾਰੀਆਂ ਦੇਸ਼ ਭਗਤ ਪਾਰਟੀਆਂ ਨੇ ਕੂਕਾ ਅੰਦੋਲਨ ਤੋਂ ਪ੍ਰੇਰਨਾ ਲਈ।

# ਅੰਮ੍ਰਿਤਸਰ ਦਾ ਸਾਕਾ

14 ਜੂਨ 1871 ਦੀ ਅੱਧੀ ਰਾਤ ਨੂੰ ਨਾਮਧਾਰੀ ਸਿੱਖਾਂ ਦੇ ਇਕ ਜੱਥੇ ਨੇ ਅੰਮ੍ਰਿਤਸਰ ਵਿਖੇ, ਬੁੱਚੜਖਾਨੇ 'ਤੇ ਹਮਲਾ ਕਰ ਕੇ ਗਊਆਂ ਦੇ ਰੱਸੇ ਵੱਢ ਕੇ ਉਨ੍ਹਾਂ ਨੂੰ ਛੁਡਾ ਦਿੱਤਾ ਅਤੇ ਤਲਵਾਰਾਂ ਅਤੇ ਗੰਡਾਸਿਆਂ ਨਾਲ , ਰੋਕਣ ਆਏ ਕਸਾਈਆਂ 'ਤੇ ਹਮਲਾ ਕਰ ਕੇ ਰਾਤ ਦੇ ਹਨੇਰੇ ਵਿਚ ਅਲੋਪ ਹੋ ਗਏ। ਸਿੱਖਾਂ ਦੇ ਇਸ ਜੱਥੇ ਵਿਚ ਸ਼ਾਮਿਲ ਸਨ – ਸਰਵ ਸ੍ਰੀ ਲਹਿਣਾ ਸਿੰਘ ਪੰਨਵ ਸਪੁੱਤਰ ਮੁਸੱਦਾ ਸਿੰਘ, ਬੀਹਲਾ ਸਿੰਘ ਨਾਰਲੀ, ਹਾਕਮ ਸਿੰਘ ਪਟਵਾਰੀ, ਫਤਿਹ ਸਿੰਘ ਦੁਕਾਨਦਾਰ, ਝੰਡਾ ਸਿੰਘ ਠੱਠਾ, ਸਿਪਾਹੀ ਲਾਲ ਸਿੰਘ, ਲਹਿਣਾ ਸਿੰਘ ਸਪੁੱਤਰ ਬੁਲਾਕਾ ਸਿੰਘ, ਭਗਵਾਨ ਸਿੰਘ ਅੜਬੰਗੀ ਪਿੰਡ ਮਰਾਣ੍ਹਾ, ਮਿਹਰ ਸਿੰਘ ਲੋਪੋਕੇ, ਲਛਮਣ ਸਿੰਘ ਗੁਰਦਾਸਪੁਰ ਅਤੇ ਗੁਲਾਬ ਸਿੰਘ ਚੂੜਚੱਕ। ਇਹ ਸਿੱਖ ਰਾਤ ਦੇ ਹਨੇਰੇ ਵਿਚ ਫੜ੍ਹੇ ਨਾ ਜਾ ਸਕੇ। ਅੰਗ੍ਰੇਜ਼ ਪੁਲਿਸ ਅਫ਼ਸਰ ਮਿਸਟਰ ਕ੍ਰਿਸਟੀ ਨੇ ਸ਼ੱਕ ਦੇ ਅਧਾਰ 'ਤੇ 12 ਬੇਕਸੂਰ ਵਿਅਕਤੀਆਂ ਨੂੰ ਫੜ ਲਿਆ ਤੇ ਅਜਿਹੇ ਭਿਆਨਕ ਤਸੀਹੇ ਦਿੱਤੇ ਕਿ ਉਨ੍ਹਾਂ ਨੇ ਆਪਣਾ ਜ਼ੁਰਮ ਕਬੂਲ ਕਰ ਲਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਮੰਨ ਕੇ, ਜਿਨ੍ਹਾਂ ਸਿੱਖਾਂ ਨੇ ਅੰਮ੍ਰਿਤਸਰ ਦਾ ਸਾਕਾ ਕੀਤਾ ਸੀ ਉਨ੍ਹਾਂ ਵਿਚੋਂ ਜੋ ਸਿੱਖ ਹਾਜ਼ਰ ਸਨ (ਕੁਝ ਜਣੇ ਰੂਪੋਸ਼ ਹੋ ਚੁੱਕੇ ਸਨ) ਕਚਹਿਰੀ ਵਿਚ ਪੇਸ਼ ਹੋ ਕੇ ਆਪਣੇ ਗੁਨਾਹ ਦਾ ਇਕਬਾਲ ਕਰ ਲਿਆ ਅਤੇ ਫੜੇ ਜਾ ਚੁੱਕੇ 12 ਬੇਗੁਨਾਹਾਂ ਨੂੰ ਛੁਡਵਾ ਦਿੱਤਾ। ਮੁਕੱਦਮਾ ਚੱਲਿਆ ਤੇ ਚਾਰ ਸਿੱਖਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ। ਦੋ ਸਿੱਖਾਂ ਨੂੰ ਕਾਲੇ ਪਾਣੀ ਦੀ ਕੈਦ ਵਿਚ ਭੇਜਿਆ ਗਿਆ, ਜਿੱਥੇ ਉਹ ਤਸੀਹੇ ਝੱਲਦਿਆਂ ਸ਼ਹੀਦ ਹੋ ਗਏ। ਝੰਡਾ ਸਿੰਘ ਠੱਠਾ, ਮਿਹਰ ਸਿੰਘ ਲੋਪੋਕੇ, ਲਛਮਣ ਸਿੰਘ ਗੁਰਦਾਸਪੁਰ ਅਤੇ ਭਗਵਾਨ ਸਿੰਘ ਅੜਬੰਗੀ ਨੂੰ ਭਗੌੜੇ ਕਰਾਰ ਦਿੱਤਾ ਗਿਆ। ਮੁਕੱਦਮੇ ਸਮੇਂ ਭਗੌੜਾ ਕਰਾਰ ਦਿੱਤਾ ਗਿਆ ਝੰਡਾ ਸਿੰਘ ਠੱਠਾ ਜਦੋਂ ਦੋ ਸਾਲ ਬਾਅਦ ਕਾਬਲ ਵੱਲੋਂ ਪਰਤਿਆ ਤਾਂ ਅੰਗ੍ਰੇਜ਼ ਹਕੂਮਤ ਵਲੋਂ ਫੜਿਆ ਗਿਆ ਅਤੇ ਉਸ ਨੂੰ ਇਕ ਦਿਨ ਮੁਕੱਦਮਾ ਚਲਾ ਕੇ 12 ਅਗਸਤ 1873 ਨੂੰ ਫਾਂਸੀ ਦੇ ਦਿੱਤੀ ਗਈ। ਇੰਜ ਇਸ ਸਾਕੇ ਦੇ 7 ਸ਼ਹੀਦ ਹੋਏ । ਇਸ ਸਾਕੇ ਦੇ ਚਾਰ ਸਿੱਖਾਂ – ਲਹਿਣਾ ਸਿੰਘ ਪੰਨਵ, ਬੀਹਲਾ ਸਿੰਘ ਨਾਰਲੀ, ਹਾਕਮ ਸਿੰਘ ਪਟਵਾਰੀ, ਫਤਿਹ ਸਿੰਘ ਦੁਕਾਨਦਾਰ ਨੂੰ 15 ਸਤੰਬਰ 1871 ਨੂੰ ਅੰਮ੍ਰਿਤਸਰ ਵਿਖੇ ਰਾਮ ਬਾਗ਼ ਦੇ ਇਕ ਵੱਡੇ ਬੋਹੜ ਦੇ ਟਾਹਣੇ ਨਾਲ ਸ਼ਰੇਆਮ ਫਾਂਸੀ ਦਿੱਤੀ ਗਈ। ਵੱਡੀ ਗਿਣਤੀ ਵਿਚ ਸ਼ਹਿਰ ਦੇ ਲੋਕ ਇਸ ਦ੍ਰਿਸ਼ ਨੂੰ ਵੇਖਣ ਆਏ। ਫਾਂਸੀ ਵਾਲੇ ਦਿਨ ਇਨ੍ਹਾਂ ਚਾਰੋ ਸਿੱਖਾਂ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਵਿਚ ਇਸ਼ਨਾਨ ਦੀ ਇੱਛਾ ਜਤਾਈ, ਜਿਸ ਦੀ ਪਵਿੱਤਰਤਾ ਦੀ ਰਾਖੀ ਲਈ ਇਨ੍ਹਾਂ ਨੇ ਸ਼ਹੀਦ ਹੋਣਾ ਸੀ ਅਤੇ ਇਹ ਵੀ ਕਿਹਾ ਕਿ ਗਊ ਦੀ ਤੰਦੀ ਦੇ ਬਣੇ ਰੱਸੇ ਉਹ ਆਪਣੇ ਸਰੀਰ ਨਾਲ ਨਹੀਂ ਲੱਗਣ ਦੇਣਗੇ ਅਤੇ ਜੱਲਾਦ ਉਹਨਾਂ ਨੂੰ ਹੱਥ ਨਾ ਲਗਾਵੇ, ਫਾਸੀਆਂ ਦੇ ਰੱਸੇ ਉਹ ਆਪ ਹੀ ਆਪਣੇ ਗਲਾਂ ਵਿਚ ਵਾਰੋ ਵਾਰੀ ਪਾਉਣਗੇ। ਸੋ ਵਿਸ਼ੇਸ਼ ਰੂਪ ਵਿਚ ਰੇਸ਼ਮ ਦੀ ਡੋਰੀ ਦੇ ਰੱਸੇ ਇਨ੍ਹਾਂ ਲਈ ਬਣਵਾਏ ਗਏ। ਇਸ਼ਨਾਨ ਕਰਨ ਉਪ੍ਰੰਤ ਇਹ ਸਿੱਖ ਇਹ ਸ਼ਬਦ ਪੜ੍ਹਦੇ ਹੋਏ ਫਾਂਸੀ ਵਾਲੀ ਥਾਂ ਪੁੱਜੇ–

"ਤੇਰੀ ਸਰਨ ਮੇਰੇ ਦੀਨ ਦਿਆਲਾ, ਸੁਖ ਸਾਗਰ ਮੇਰੇ ਗੁਰ ਗੋਪਾਲਾ
ਕਰ ਕਿਰਪਾ ਨਾਨਕ ਗੁਣ ਗਾਵੈ, ਰਾਖੋ ਸਰਣ ਅਸਾੜੀ ਜੀਓ"

ਇੰਜ ਕੀਰਤਨ ਕਰਦਿਆਂ ਆਪਣੇ ਹੱਥੀਂ ਫਾਂਸੀ ਦੇ ਰੇਸ਼ਮੀ ਰੱਸੇ ਆਪ ਆਪਣੇ ਗਲੇ 'ਚ ਪਾ ਇਨ੍ਹਾਂ ਚਾਰ ਸਿੱਖਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਅਤੇ ਅਮਰ ਹੋ ਗਏ।

# ਰਾਏਕੋਟ ਦਾ ਸਾਕਾ

1856 ਈ: ਵਿਚ ਲੁਧਿਆਣੇ ਜ਼ਿਲ੍ਹੇ ਦੇ ਅਫ਼ਸਰ ਰਿਕਟਸ ਨੇ ਰਾਏਕੋਟ ਵੀ ਬੁੱਚੜਖਾਨਾ ਖੋਲ੍ਹਣ ਦੀ ਮਨਜ਼ੂਰੀ ਦੇ ਦਿੱਤੀ ਸੀ। ਇਹ ਬੁੱਚੜਖਾਨਾ ਛੱਪੜ ਕੰਢੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਬਣਾਏ ਗਏ ਟਾਹਲੀਆਣਾ ਗੁਰਦੁਆਰਾ ਅਤੇ ਸੁਥਰਿਆਂ ਦੇ ਇਕ ਡੇਰੇ ਦੇ ਬਿਲਕੁਲ ਨੇੜ੍ਹੇ ਸੀ।

ਬੁਚੜਖਾਨੇ ਵਿਚ ਰਾਂਝਾ ਤੇ ਬੂਟਾ ਬੁੱਚੜ ਦਾ ਕੰਮ ਕਰਦੇ ਸਨ। ਉਹ ਗਊ ਦਾ ਮਾਸ ਲੈ ਕੇ ਡੇਰੇ ਅਗੋਂ ਲੰਘਦੇ। ਕਾਂ ਕੁੱਤੇ ਵੀ ਮਾਸ ਦੀਆਂ ਬੋਟੀਆਂ, ਛਿਛੜੇ, ਹੱਡੀਆਂ ਆਦਿ ਧੂਹੀ ਫਿਰਦੇ। ਪੰਛੀ ਤਾਂ ਡੇਰੇ ਉਤੇ ਬੈਠਕੇ ਵੀ ਚੂੰਡਦੇ। ਡੇਰੇ ਦਾ ਸੇਵਾਦਾਰ ਤੇ ਗਰੰਥੀ ਬੜੇ ਦੁਖੀ ਹੁੰਦੇ ਪਰ ਆਪਣੇ ਅੰਦਰ ਹੀ ਗੁੱਸਾ ਪੀ ਲੈਂਦੇ। ਕਸਾਈ ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਗੁਜਰਾਂ ਦੇ ਪਸ਼ੂ ਵੀ ਉਸ ਛਪੜ ਵਿਚ ਹੀ ਪਾਣੀ ਪੀਂਦੇ ਸਨ, ਹਲਾਲ ਕੀਤੀਆਂ ਗਈਆਂ ਗਊਆਂ ਦੀਆਂ ਹੱਡੀਆਂ ਛੱਪੜ ਵਿਚ ਹੀ ਸੁੱਟ ਦੇਂਦੇ।

ਰਾਏਕੋਟ ਬੁਚੜਖਾਨੇ 'ਤੇ 15 ਜੁਲਾਈ 1871 ਈ. ਮੁਤਾਬਿਕ 1 ਸਾਵਣ ਸੰਮਤ 1928 ਬਿ: ਦੀ ਰਾਤ ਨੂੰ ਨਾਮਧਾਰੀ ਸਿੱਖਾਂ ਦੇ ਜੱਥੇ ਹਮਲਾ ਕੀਤਾ। ਸਿੰਘਾਂ ਨੇ ਹਮਲਾ ਕਰਨ ਤੋਂ ਪਹਿਲਾ ਪਿੰਡ ਤਾਜਪੁਰੇ ਬੂਟਾ ਰਾਮ ਦੇ ਡੇਰੇ ਹਵਨ ਕੀਤਾ। ਰਾਤ 12 ਵਜੇ ਦੇ ਕਰੀਬ ਬੁਚੜਖਾਨੇ ਤੇ ਹੱਲਾ ਬੋਲਿਆ ਗਿਆ।

ਜਦੋਂ ਹਮਲਾ ਹੋਇਆ ਤਾਂ ਰਾਂਝਾ ਤੇ ਦੋ ਹੋਰ ਭੱਜ ਗਏ। ਇਕ ਆਦਮੀ ਦਸੌਂਧੀ ਤੇ ਔਰਤ ਬੱਸੀ ਮਾਰੇ ਗਏ, 7 ਜ਼ਖਮੀ ਹੋਏ। ਸਿੰਘਾਂ ਨੇ ਗਊਆਂ ਦੇ ਰੱਸੇ ਵੱਢ ਦਿੱਤੇ ਅਤੇ ਗਊਆਂ ਨੂੰ ਬਾਹਰ ਹਿੱਕ ਦਿੱਤਾ। ਰਾਤੋ ਰਾਤ ਸਿੰਘ ਫ਼ਰਾਰ ਹੋ ਗਏ। ਥਾਣਾ ਨੇੜੇ ਹੀ ਸੀ, ਪਰ ਉਸ ਰਾਤ ਬਰਸਾਤ ਹੋਣ ਕਾਰਣ ਅਤੇ ਹਨੇਰੀ ਝੱਖੜ ਝੂਲਣ ਕਾਰਣ ਮਸ਼ਾਲਾਂ ਵੀ ਨਹੀਂ ਸਨ ਬਾਲੀਆਂ ਜਾ ਸਕਦੀਆਂ। ਸਿਪਾਹੀ ਹੀ ਮੌਕੇ 'ਤੇ ਆਏ ਪਰ ਜਦ ਤੀਕ ਸਿੰਘ ਜਾ ਚੁਕੇ ਸਨ। ਚਿੱਕੜ ਕਾਰਨ ਪੈੜਾਂ ਵੀ ਨਹੀਂ ਸਨ ਲੱਭ ਸਕਦੀਆਂ ਸੋ ਰਾਤੀਂ ਪਿੱਛਾ ਨਾ ਕੀਤਾ ਜਾ ਸਕਿਆ।

ਸਰਕਾਰ ਨੇ ਦੋਸ਼ੀਆਂ ਦਾ ਪਤਾ ਲਾਉਣ ਲਈ 1000 ਰੁਪਏ ਦਾ ਇਨਾਮ ਰਖਿਆ। ਪਟਿਆਲੇ ਦੇ ਰਾਜੇ ਮਹਿੰਦਰ ਸਿੰਘ ਨੇ ਵੀ 250 ਰੁਪਏ ਦਾ ਇਨਾਮ ਰੱਖ ਦਿੱਤਾ। ਪਿੰਡ ਛੀਨੀਵਾਲ ਦਾ ਦਲ ਸਿੰਘ ਲਾਲਚ ਵਿਚ ਆ ਗਿਆ। ਉਸਨੇ ਪੁਲੀਸ ਨੂੰ ਖਬਰ ਕਰ ਦਿੱਤੀ। ਤੇਜਾ ਸਿੰਘ ਢਿਲਵਾਂ ਵਾਲੇ ਨੇ ਸਿੰਘਾਂ ਨੂੰ ਸਾਰੀ ਵਾਰਤਾ ਦੱਸੀ ਤੇ ਆਖਿਆ ਕੇ ਜੇਠੂਪੁਰੇ ਦਾ ਰਸਾਲਾ ਤੁਹਾਨੂੰ ਫੜ੍ਹਨ ਲਈ ਆ ਰਿਹਾ ਹੈ, ਤੁਸੀਂ ਆਪਣਾ ਪ੍ਰਬੰਧ ਕਰ ਲਵੋ। ਪਰ ਮਸਤਾਨ ਸਿੰਘ ਕਹਿਣ ਲਗਾ ਜੇ ਅਸੀਂ ਭੱਜ ਗਏ ਤਾਂ ਸਿਪਾਹੀ ਦੂਸਰੇ ਲੋਕਾਂ ਨੂੰ ਤੰਗ ਕਰਨਗੇ। ਦੁਪਿਹਰ ਤਕ ਪੁਲੀਸ ਵਾਲਿਆਂ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਮੁਕੱਦਮਾ ਬੱਸੀ ਚਲਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਇਸ ਮੁਕੱਦਮੇ ਦੇ ਸੰਬੰਧ ਵਿਚ 28 ਜੁਲਾਈ 1871 ਨੂੰ ਬੱਸੀਆਂ ਕੋਠੀ ਬੁਲਾਇਆ ਗਿਆ।

ਰਾਏਕੋਟ ਸਾਕੇ ਦੇ ਮੁਕੱਦਮੇ ਦੇ ਫੈਸਲੇ ਅਨੁਸਾਰ ਪਿੰਡ ਪਿੱਥੋ ਦੇ ਤਿੰਨ ਸਿੰਘਾਂ - ਸੰਤ ਮੰਗਲ ਸਿੰਘ, ਸੰਤ ਮਸਤਾਨ ਸਿੰਘ ਤੇ ਸੰਤ ਗੁਰਮੁਖ ਸਿੰਘ ਜੀ ਨੂੰ 5 ਅਗਸਤ 1871 ਈ: ਨੂੰ ਰਾਏਕੋਟ ਬੁੱਚੜਖਾਨੇ ਦੇ ਕੋਲ ਹੀ ਫਾਂਸੀ ਦੇ

ਦਿੱਤੀ ਗਈ। ਇਸੇ ਕੇਸ ਵਿਚ ਹੀ 28 ਜੁਲਾਈ 1871 ਈ: ਨੂੰ ਸੂਬਾ ਗਿਆਨੀ ਰਤਨ ਸਿੰਘ ਤੇ ਰਤਨ ਸਿੰਘ ਨਾਈਵਾਲਾ ਨੂੰ ਲੁਧਿਆਣੇ ਜ਼ੇਲ੍ਹ ਵਿਚ ਕੈਦ ਕਰ ਲਿਆ ਗਿਆ ਸੀ।

ਜੱਜ ਬੋਲੀਨਸ ਨੇ 11 ਨਵੰਬਰ 1871 ਨੂੰ ਲਿਖਿਆ ਕਿ ਗਵਾਹਾਂ ਦੇ ਬਿਆਨਾਂ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਇਹਨਾਂ ਦੋਵਾਂ ਸਿੰਘਾਂ ਦਾ ਹੱਤਿਆਵਾਂ ਵਿਚ ਕੋਈ ਹੱਥ ਸੀ, ਇਸ ਲਈ ਮੈਂ ਮੌਤ ਦੀ ਜਗ੍ਹਾ ਆਜੀਵਨ ਜੇਲ੍ਹ ਦੀ ਸਜ਼ਾ ਦੇਂਦਾ ਹਾਂ। ਪਰ ਜੱਜ ਕੈਂਪਬਲ ਨੇ 14 ਨਵੰਬਰ 1871 ਈ: ਨੂੰ ਮੌਤ ਦੀ ਸਜ਼ਾ ਬਹਾਲ ਰੱਖੀ। 23 ਨਵੰਬਰ 1871 ਈ: ਨੂੰ ਜੱਜ ਲਿੰਡਸੇ ਨੇ ਵੀ ਮੌਤ ਦੀ ਸਜ਼ਾ ਨੂੰ ਬਹਾਲ ਰੱਖਿਆ। ਅੰਤ 26 ਨਵੰਬਰ 1871 ਈ: ਨੂੰ ਸੂਬਾ ਗਿਆਨੀ ਰਤਨ ਸਿੰਘ ਜੀ ਤੇ ਸੰਤ ਰਤਨ ਸਿੰਘ ਜੀ ਨੂੰ ਸੈਂਟਰਲ ਜ਼ੇਲ੍ਹ ਲੁਧਿਆਣਾ ਦੇ ਬਾਹਰ ਫਾਂਸੀ ਦੇ ਦਿੱਤੀ ਗਈ।

ਉਨ੍ਹਾਂ ਨੇ ਫਾਂਸੀ ਦੇ ਰੇਸ਼ਮੀ ਰੱਸੇ ਆਪ ਆਪਣੇ ਗਲਾਂ ਵਿਚ ਪਾਏ ਅਤੇ ਸ਼ਹੀਦ ਹੋ ਗਏ।

# ਮਲੇਰਕੋਟਲੇ ਦਾ ਸਾਕਾ

12 ਜਨਵਰੀ ਸੰਨ 1872 ਨੂੰ ਸ੍ਰੀ ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਵਿਖੇ ਹੋਏ ਮਾਘੀ ਦੇ ਮੇਲੇ 'ਤੇ ਪਿੰਡ ਫਰਵਾਹੀ ਰਿਆਸਤ ਮਲੇਰਕੋਟਲਾ ਦੇ ਵਸਨੀਕ ਨੰਬਰਦਾਰ ਗੁਰਮੁਖ ਸਿੰਘ ਨਾਮਧਾਰੀ ਨੇ ਸੰਗਤ ਨੂੰ ਦੱਸਿਆ,

"ਮੈਂ ਆਪਣੇ ਪਿੰਡ ਫਰਵਾਹੀ ਦਾ ਮਾਮਲਾ ਤਾਰਨ ਲਈ ਮਲੇਰਕੋਟਲੇ ਜਾ ਰਿਹਾ ਸੀ, ਰਸਤੇ ਵਿਚ ਇਕ ਬੁੱਢੇ ਕਮਜ਼ੋਰ ਬਲਦ ਉੱਤੇ ਮੂਲੀਆਂ ਲੱਦ ਕੇ ਉਪਰ ਆਪ ਵੀ ਬੈਠੇ ਮੁਸਲਮਾਨ ਨੂੰ ਮੈਂ ਵੇਖਿਆ। ਮੈਂ ਉਸ ਬਲਦ 'ਤੇ ਤਰਸ ਖਾ ਕੇ ਉਸ ਮੁਸਲਮਾਨ ਨੂੰ ਕਿਹਾ ਕਿ 'ਭਾਈ ਬਲਦ 'ਤੇ ਕਾਫੀ ਭਾਰ ਲੱਦਿਆ ਹੈ, ਉਪਰ ਤੂੰ ਆਪ ਬੈਠਾ ਹੈਂ, ਚੰਗਾ ਹੋਵੇ ਜੇ ਤੂੰ ਆਪ ਉਤਰ ਜਾਵੇਂ ਤੇ ਪੈਦਲ ਚਲੇਂ।' ਏਨੀ ਗੱਲ 'ਤੇ ਝਗੜਾ ਹੋ ਗਿਆ।"

"ਬੋਲ ਬੁਲਾਰੇ ਦਾ ਕੇਸ ਮਲੇਰਕੋਟਲੇ ਦੇ ਕੋਤਵਾਲ ਕੋਲ ਪੁੱਜਾ। ਕੋਤਵਾਲੀ ਦੇ ਵਿੱਚ ਹੀ ਮੇਰੇ ਸਾਹਮਣੇ ਬਲਦ ਨੂੰ ਕਤਲ ਕਰ ਦਿੱਤਾ ਗਿਆ। ਬੈਲ ਨੂੰ ਚੀਖ਼ਦੇ ਅਤੇ ਤੜਫ਼ ਤੜਫ਼ ਕੇ ਪ੍ਰਾਣ ਦਿੰਦਿਆ ਵੇਖਣ ਲਈ ਮੈਨੂੰ ਮਜਬੂਰ ਕੀਤਾ ਗਿਆ।"

**ਇਸ ਬਾਰੇ ਪੁਸਤਕ** 'ਲਾਲ ਏਹਿ ਰਤਨ ਭਾਗ ਪਹਿਲਾ (ਸੰਪਾਦਕ ਪ੍ਰਿੰਸੀਪਲ ਬੇਅੰਤ ਕੌਰ,) ਦੇ ਪੰਨਾ ਨੰਬਰ 29 'ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਵਚਨ ਇਸ ਪ੍ਰਕਾਰ ਲਿਖੇ ਹੋਏ ਹਨ–

''ਭਾਈ ਗੁਰਮੁਖ ਸਿੰਘ ਜੀ ਤੁਰੇ ਆ ਰਹੇ ਹਨ–ਬਾਹਰ ਤੋਂ।ਉਨ੍ਹਾਂ ਤੁਰੇ ਆਉਂਦਿਆਂ ਨੇ ਰਸਤੇ ਦੇ ਵਿਚ ਦੇਖਿਆ ਬੈਲ ਦੇ ਉੱਤੇ ਮੂਲੀਆਂ ਲੈ ਕੇ ਇੱਕ ਪਠਾਣ ਚੜ੍ਹਿਆ ਹੋਇਆ ਸੀ,ਮੂਲੀਆਂ ਦੇ ਭਾਰ ਨਾਲ ਹੀ ਬੈਲ ਤੰਗ ਸੀ।ਇਹ ਭਾਈ ਹੋਰੀ ਨੰਬਰਦਾਰ ਸਨ,ਇਹਨਾਂ ਨੇ ਆਖਿਆ ,''ਭਾਈ ,ਓਇ ਮੀਆਂ ! ਬੈਲ ਅੱਗੇ ਹੀ ਤੰਗ ਹੈ,ਤੂੰ ਬੈਲ ਉੱਤੇ ਕਿਉਂ ਚੜ੍ਹਿਆ ਹੈਂ?

ਉਸਨੇ ਕਿਹਾ, '' ਓ ਸਿਖੜਿਆ ,ਤੇਰਾ ਇਸ ਨਾਲ ਕੀ ਤਅੱਲਕ।'' ਗਾਲ੍ਹਾਂ ਦੇਣ ਲੱਗ ਪਿਆ।ਸਿੱਖ ਵੀ ਅੱਗੋਂ ਬੋਲ ਪਿਆ।ਇਹ ਦੋਵੇਂ ਲੜੇ,ਅਖੀਰ ਨੂੰ ਕੋਤਵਾਲੀ ਦੇ ਸਾਹਮਣੇ ਆਏ।ਕੋਤਵਾਲ ਨੇ ਕਿਹਾ,'' ਤੂੰ ਸਿੱਖਾ,ਲਗਦਾ ਇਸ ਗੱਲ ਦਾ ਕੀ ਹੈ ?'' ਨਾਲੇ ਤੇ ਬਹੁਤ ਮਾਰਿਆ ਸਿੱਖ ਨੂੰ ਪੁਲੀਸ ਨੇ, ਨਾਲੇ ਕਹਿਣ ਲੱਗੇ, ''ਅਸੀਂ ਤੇਰੇ ਸਾਹਮਣੇ ਬੈਲ ਨੂੰ ਜ਼ਿਬ੍ਹਾ ਕਰਾਂਗੇ।'' ਉਹਦੇ ਸਾਹਮਣੇ ਬੈਲ ਦੇ ਗੱਲ ਉੱਤੇ ਛੁਰੀ ਫੇਰੀ ਗਈ।

ਉਹਦੀ ਉੱਥੇ ਕੋਈ ਪੇਸ਼ ਨਹੀਂ ਸੀ ਜਾਂਦੀ।ਇਹ ਇਸ ਦੁੱਖ ਦਾ ਮਾਰਿਆ ਓਥੋਂ ਤੁਰਿਆ ,ਆ ਕੇ ਹੀਰਾ ਸਿੰਘ ਨੂੰ ਕਿਹਾ, ''ਸਾਡੇ ਜਿਊਣ ਦਾ ਕੋਈ ਧਰਮ ਨਹੀਂ,ਜਦੋਂ ਬਿਲਕੁਲ ਬੇਜੁਬਾਨ ਪਸ਼ੂਆਂ ਉੱਤੇ ਔਰ ਨਿਹੱਥਿਆ ਉੱਤੇ ਇਹ ਗੱਲ ਹੁੰਦੀ ਹੈ।''

ਨੰਬਰਦਾਰ ਗੁਰਮੁਖ ਸਿੰਘ ਫਰਵਾਹੀ ਦੀ ਇਸ ਗੱਲ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ ਕਿਉਂਕਿ ਨਾਮਧਾਰੀ ਸਿੱਖ ਪਹਿਲੋਂ ਹੀ ਅੰਗ੍ਰੇਜ਼ ਸਰਕਾਰ ਦੀਆਂ ਦੇਸ਼ ਭਗਤੀ ਦੇ ਜੁਰਮ ਕਾਰਣ ਆਪਣੇ 'ਤੇ ਕੀਤੀਆਂ ਜਾ ਰਹੀਆਂ ਸਖਤੀਆਂ ਅਤੇ ਜ਼ੁਲਮਾਂ ਕਾਰਣ ਰੋਹ ਵਿਚ ਆਏ ਹੋਏ ਸਨ। ਉਦੋਂ ਤੀਕ ਬੁੱਚੜਖਾਨਿਆਂ ਉੱਤੇ ਹਮਲਾ ਕਰਕੇ ਗਊਆਂ ਨੂੰ ਛੁਡਾਉਣ ਬਦਲੇ ਅੰਗ੍ਰੇਜ਼ਾਂ ਦੁਆਰਾ – ਅੰਮ੍ਰਿਤਸਰ, ਰਾਏਕੋਟ ਅਤੇ ਲੁਧਿਆਣਾ ਵਿਖੇ ਨਾਮਧਾਰੀ ਸਿੱਖਾਂ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਜਾ ਚੁੱਕਾ ਸੀ।

13 ਜਨਵਰੀ 1872 ਨੂੰ ਪਿੰਡ ਸਕਰੌਦੀ ਦੇ ਸ. ਹੀਰਾ ਸਿੰਘ ਤੇ ਸ. ਲਹਿਣਾ ਸਿੰਘ (ਚਾਚੇ–ਤਾਏ ਦੇ ਪੁੱਤ ਭਰਾ) ਦੀ ਅਗਵਾਈ ਹੇਠ ਨਾਮਧਾਰੀ ਸਿੱਖਾਂ ਦਾ ਇਕ ਜੱਥਾ ਸ੍ਰੀ ਭੈਣੀ ਸਾਹਿਬ ਤੋਂ ਮਲੇਰਕੋਟਲੇ ਵੱਲ ਰਵਾਨਾ ਹੋਇਆ। ਇਥੋਂ ਚੱਲਣ ਤੋਂ ਪਹਿਲੋਂ ਸ. ਹੀਰਾ ਸਿੰਘ ਨੇ ਅਕਾਲ ਬੁੰਗੇ ਵਿਖੇ ਕਟਾਰ ਨਾਲ ਧਰਤੀ 'ਤੇ ਲਕੀਰ ਖਿੱਚ ਕੇ ਆਖ ਦਿੱਤਾ ਸੀ ਕਿ, "ਜਿਸ ਨੇ ਸੀਸ ਦੇਣਾ ਹੈ ਉਹੀ ਇਸ ਲਕੀਰ ਨੂੰ ਪਾਰ ਕਰੇ।"

---

140 ਸਿੱਖਾਂ ਦਾ ਜੱਥਾ ਜਿਸ ਵਿਚ ਦੋ ਬੀਬੀਆਂ- ਮਾਈ ਖੇਮ ਕੌਰ ਪਿੰਡ ਦਿੱਤੂਪੁਰਾ ਅਤੇ ਮਾਈ ਇੰਦ ਕੌਰ ਪਿੰਡ ਹੰਡਿਆਇਆ ਵੀ ਸ਼ਾਮਿਲ ਸਨ,13 ਜਨਵਰੀ 1871 ਨੂੰ ਦਿਨ ਸ਼ਨਿਚਰਵਾਰ ਵਾਲੇ ਦਿਨ ਦੁਪਹਿਰ ਢਲਦਿਆਂ ਹੀ ਸ੍ਰੀ ਭੈਣੀ ਸਾਹਿਬ ਤੋਂ ਮਲੇਰਕੋਟਲਾ ਵੱਲ ਨੂੰ ਚੱਲ ਪਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਬਾਬਤ ਥਾਣੇਦਾਰ ਨੂੰ ਸੂਚਿਤ ਕਰ ਦਿੱਤਾ ਸੀ ਕਿ ਇਹ ਮੇਰੇ ਕਹਿਣੇ ਵਿਚ ਨਹੀਂ,ਤੁਸੀਂ ਇਨ੍ਹਾਂ ਦਾ ਬੰਦੋਬਸਤ ਕਰੋ,ਫਿਰ ਨਾ ਕਹਿਣਾ ਕਿ ਇਤਲਾਹ ਨਹੀਂ ਦਿੱਤੀ।

ਸਾਹਨੇਵਾਲ ਦੇ ਥਾਣੇਦਾਰ ਨੇ ਕਲੰਦਰ ਖਾਨ ਹੌਲਦਾਰ, ਹਮੀਰ ਸਿੰਘ, ਸੁਖੁ ਲੰਬੜਦਾਰ, ਦੌਲਤ ਰਾਮ ਲੰਬੜਦਾਰ ਅਤੇ ਭਗਵਾਨਾ ਚੌਕੀਦਾਰ ਇਨ੍ਹਾਂ ਦੇ ਪਿਛੇ ਜੱਥੇ ਦੀਆਂ ਕਾਰਵਾਈਆਂ ਦਾ ਪਤਾ ਰੱਖਣ ਲਈ ਭੇਜ ਦਿੱਤੇ। ਭੈਣੀ ਤੋਂ ਚਾਲੇ ਪਾ ਕੇ ਲਾਟੋ ਥਾਂਈ ਹੁੰਦਾ ਹੋਇਆ ਇਹ ਜੱਥਾ ਪਿੰਡ ਕਟਾਣੀ ਤੋਂ ਰਾਮਪੁਰ ਰਿਆਸਤ ਪਟਿਆਲਾ ਵਿਚ ਪਹੁੰਚ ਗਿਆ। ਦੋਨੋਂ ਲੰਬੜਦਾਰ ਲਾਟੋ ਤੋਂ ਮੁੜ ਆਏ। ਇਸ ਤੇ ਅੰਗਰੇਜੀ ਇਲਾਕੇ ਦੀ ਪੁਲਿਸ ਦੇ ਆਦਮੀ ਵਾਪਸ ਸਾਹਨੇਵਾਲ ਆ ਗਏ ਅਤੇ ਥਾਣੇਦਾਰ ਨੂੰ ਇਸ ਦੀ ਰਿਪੋਰਟ ਕਰ ਦਿੱਤੀ। ਥਾਣੇਦਾਰ ਨੇ ਦੋਰਾਹਾ ਰਿਆਸਤ ਪਟਿਆਲਾ ਦੇ ਥਾਣੇਦਾਰ ਨੂੰ ਜਿਸ ਦੇ ਇਲਾਕੇ ਵਿਚ ਹੁਣ ਜੱਥਾ ਪਹੁੰਚ ਗਿਆ ਸੀ,ਇਹ ਖਬਰ ਭੇਜ ਦਿੱਤੀ।

ਮੇਲੇ ਸਬੰਧੀ ਅਤੇ ਮਸਤਾਨਿਆਂ ਦੇ ਜੱਥੇ ਦੇ ਮਨਸੂਬੇ ਬਾਬਤ ਆਪਣੀ ਰਿਪੋਰਟ ਦੇਣ ਲਈ ਥਾਣੇਦਾਰ ਸਰਫਰਾਜ਼ ਖਾਂ ਸ਼ਾਮ ਦੀ ਗੱਡੀ ਲੁਧਿਆਣੇ ਪਹੁੰਚ ਗਿਆ। ਆਉਂਦਿਆਂ ਹੀ ਉਸ ਨੇ ਆਪਣੀ ਮੁਕੰਮਲ ਰਿਪੋਰਟ ਜ਼ਿਲ੍ਹੇ ਦੇ ਪੁਲਿਸ ਕਪਤਾਨ ਨੂੰ ਦਿੱਤੇ। ਚੂੰਕਿ ਇਹ ਰਿਪੋਰਟ ਬਹੁਤ ਹੀ ਜ਼ਰੂਰੀ ਸੀ ਅਤੇ ਇਸ ਸਬੰਧ ਵਿਚ ਖਾਸ ਪੇਸ਼ ਬੰਦੀਆਂ ਦੀ ਲੋੜ ਸੀ, ਇਸ ਲਈ ਪੁਲਿਸ ਕਪਤਾਨ,ਡਿਪਟੀ ਕਮਿਸ਼ਨਰ ਨੂੰ ਸਾਰੀ ਗੱਲਬਾਤ ਦੱਸਣ ਲਈ ਥਾਣੇਦਾਰ ਨੂੰ ਆਪਣੇ ਨਾਲ ਹੀ ਲੈ ਗਿਆ। ਮਲੇਰ ਕੋਟਲੇ ਦੀ ਰਿਆਸਤ ਦੀ ਗੱਦੀ ਦਾ ਉਸ ਸਮੇਂ ਝਗੜਾ ਚੱਲ ਰਿਹਾ ਸੀ ਅਤੇ ਉਥੇ ਕੌਂਸਲ ਦਾ ਰਾਜ ਸੀ। ਇਹ ਕੌਂਸਲ ਡਿਪਟੀ ਕਮਿਸ਼ਨਰ ਲੁਧਿਆਣੇ ਦੇ ਹੀ ਅਧੀਨ ਸੀ। ਇਸ ਕਾਰਣ ਡਿਪਟੀ ਕਮਿਸ਼ਨਰ ਹੀ ਰਿਆਸਤ ਦੇ ਇੰਤਜ਼ਾਮ ਅਤੇ ਇਸ ਵਿਚ ਅਮਨ ਅਮਾਨ ਕਾਇਮ ਰੱਖਣ ਦਾ ਜ਼ਿੰਮੇਵਾਰ ਸੀ। ਡਿਪਟੀ ਕਮਿਸ਼ਨਰ ਮਿਸਟਰ ਕਾਵਨ ਨੇ ਸਾਰੀ ਰਿਪੋਰਟ ਸੁਣਕੇ ਥਾਣੇਦਾਰ ਨੂੰ ਹੁਕਮ ਦਿੱਤਾ ਕਿ ਉਹ ਖੁਦ ਜਾ ਕੇ ਫੂਲਕੀਆਂ ਰਿਆਸਤਾਂ ਦੇ ਲੁਧਿਆਣੇ ਵਿਚ ਰਹਿਣ ਵਾਲੇ ਵਕੀਲਾਂ ਨੂੰ, ਨਾਮਧਾਰੀਆਂ ਦੇ ਸ਼ਹੀਦੀ ਜੱਥੇ ਦੇ ਮਲੇਰਕੋਟਲੇ ਵੱਲ ਜਾਣ ਦੀ ਖਬਰ ਦੇ ਦੇਵੇ। ਰਾਤ ਦੇ 10-11 ਵਜ੍ਹੇ ਤੱਕ ਇਹ ਖਬਰ ਲੁਧਿਆਣੇ ਵਿਚ ਰਹਿਣ ਵਾਲੇ ਰਿਆਸਤਾਂ ਦੇ ਵਕੀਲਾਂ ਜਾਂ ਏਜੰਟਾਂ ਨੂੰ ਪਹੁੰਚਾਈ ਗਈ।

ਪੈਦਲ ਤੁਰਦਿਆਂ ਸ਼ਹੀਦੀ ਜੱਥਾ ਲਾਟੋਂ, ਕਟਾਣੀ,ਰਾਮਪੁਰ ,ਪਾਇਲ ਦੇ ਰਸਤੇ ਅੱਧੀ ਰਾਤ ਤੋਂ ਪਹਿਲੋਂ ਪਿੰਡ ਰੱਬੋਂ ਥਾਣਾ ਡੇਹਲੋ ਜ਼ਿਲ੍ਹਾ ਲੁਧਿਆਣਾ ਵਿਚ ਪਹੁੰਚ ਗਿਆ। 14 ਜਨਵਰੀ ਦੀ ਸ਼ਾਮ ਤੱਕ ਜੱਥਾ ਏਥੇ ਹੀ ਨਾਮਧਾਰੀਆਂ ਦੇ ਖੂਹ ਕੋਲ ਟਿਕਿਆ ਰਿਹਾ। ਜੱਥੇ ਅਤੇ ਪਿੰਡ ਦੇ ਨਾਮਧਾਰੀਆਂ ਨੇ ਏਥੇ ਹੀ ਲੰਗਰ ਬਣਾ ਕੇ ਛਕਿਆ। ਬਾਬਾ ਪਹਾੜਾ ਸਿੰਘ ਨਾਮਧਾਰੀ, ਮਲੌਦ ਦਾ ਹੀ ਜੰਮਪਲ ਸੀ। ਉਹ ਮਲੌਦ ਦੇ ਸਰਦਾਰ ਬਦਨ ਸਿੰਘ ਦਾ ਮਿੱਤਰ ਸੀ। ਜੱਥੇ ਦੇ ਨਾਲ ਦੇ ਦਿਆਲਗੜ੍ਹੀਏ ਸਰਦਾਰ, ਮਲੌਦੀਏ ਦੇ ਸਿੱਧੂ ਭਾਈਚਾਰੇ ਵਿਚੋਂ ਸਨ। ਸਰਦਾਰ ਬਦਨ ਸਿੰਘ ਇੱਕ ਵਾਰੀ ਸਤਿਗੁਰੂ ਰਾਮ ਸਿੰਘ ਜੀ ਪਾਸ ਸ੍ਰੀ ਭੈਣੀ ਸਾਹਿਬ ਵੀ ਹਾਜ਼ਰ ਹੋਇਆ ਸੀ ਅਤੇ ਸੇਵਾ ਲਈ ਅਰਜ਼ ਕੀਤੀ ਸੀ।

ਇਸ ਬਾਰੇ ਪੁਸਤਕ 'ਲਾਲ ਏਹਿ ਰਤਨ ਭਾਗ ਪਹਿਲਾ (ਸੰਪਾਦਕ ਪ੍ਰਿੰਸੀਪਲ ਬੇਅੰਤ ਕੌਰ) ਦੇ ਪੰਨਾ ਨੰ:285 ਤੋਂ 287 'ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਵਚਨਾਂ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ -

''ਸਰਦਾਰ ਬਦਨ ਸਿੰਘ ਨੇ ਸਤਿਗੁਰਾਂ ਕੋਲੋ ਭਜਨ ਪੁੱਛਿਆ ਸੀ – ਸਿੱਖ ਸੱਜਿਆ।
ਉਹਨੇ ਆਖਿਆ ,''ਸੱਚੇ ਪਾਤਸ਼ਾਹ ਕੋਈ ਸੇਵਾ।''

# ਲੁਕਿਆ ਸੱਚ

---

ਸੱਚੇ ਪਾਤਸ਼ਾਹ ਆਖਿਆ,''ਭਾਈ ਸਾਨੂੰ ਕੋਈ ਲੋੜ ਨਹੀਂ।''

ਹੀਰਾ ਸਿੰਘ ਹੋਰਾਂ ਆਖਿਆ,''ਕਿਸੇ ਵੇਲੇ ਵੇਲਾ ਆਇਆ ਤੇ ਅਸੀਂ ਭਾਈ ਦੱਸਾਂਗੇ।''

ਉਹ ਹੁਣ ਸਰਦਾਰ ਸੀ – ਜਾਗੀਰਦਾਰ ਸੀ,ਜਿਹਨੂੰ ਲੱਖ ਰੁਪਏ ਦੇ ਕਰੀਬ ਦੀ ਜਾਗੀਰ (ਅੰਗਰੇਜ਼ਾਂ ਕੋਲੋ) ਆਉਂਦੀ ਸੀ।ਉਹ ਕਿਸ ਤਰ੍ਹਾਂ ਅੰਗਰੇਜ਼ਾਂ ਨੂੰ ਛੱਡ ਕੇ ਇਨ੍ਹਾਂ ਦੇ ਵੱਲ ਹੋਣ ''

ਸ੍ਰੀ ਭੈਣੀ ਸਾਹਿਬ ਤੋਂ ਚਲਣ ਸਮੇਂ ਸ਼ਹੀਦੀ ਜੱਥੇ ਕੋਲ ਸਿਰਫ ਦਾਤਣਾਂ ਲਾਹੁਣ ਵਾਲੇ 3 ਟਕੂਏ ਹੀ ਸਨ।ਕਸਾਈਆਂ ਨਾਲ ਟਾਕਰਾ ਕਰਨ ਲਈ ਜ਼ਰੂਰੀ ਸੀ ਕਿ ਕੋਲ ਹਥਿਆਰ ਹੋਣ।

ਇਹ ਵਿਚਾਰਾਂ ਕਰਕੇ ਫੈਸਲਾ ਕੀਤਾ ਗਿਆ ਕਿ ਸਰਦਾਰ ਮਲੌਦ ਪਾਸੋਂ ਹਥਿਆਰ ਮੰਗੇ ਜਾਣ। ਰੱਬੋਂ ਤੋਂ ਸ਼ਾਮ ਨੂੰ ਚਲ ਕੇ ਸੂਰਜ ਛਿਪਣ ਪਿਛੋਂ ਜੱਥਾ ਮਲੌਦ ਪਹੁੰਚ ਗਿਆ। ਪਿਛਲੇ ਦਰਵਾਜ਼ੇ ਤੋਂ, ਜੱਥੇ ਦੇ ਕੁਲ ਬੰਦੇ ਕਿਲੇ ਵਿਚ ਸਰਦਾਰ ਬਦਨ ਸਿੰਘ ਪਾਸ ਆ ਗਏ। ਸਰਦਾਰ ਪਹਿਲੇ ਬੜੇ ਆਦਰ ਸਤਿਕਾਰ ਨਾਲ ਮਿਲਿਆ। ਪਰ ਜਦ ਹਥਿਆਰ ਦੇਣ ਦੀ ਗੱਲਬਾਤ ਚੱਲੀ, ਤਦ ਉਸਨੇ ਉੱਕਾ ਹੀ ਨਾਂਹ ਕਰ ਦਿੱਤੀ। ਇਸ 'ਤੇ ਪਹਾੜਾ ਸਿੰਘ ਮਲੌਦ ਵਾਲੇ ਅਤੇ ਜੱਥੇ ਦੇ ਆਦਮੀਆਂ ਦੀ ਸਰਦਾਰ ਨਾਲ ਤੂੰ ਤੂੰ ਮੈਂ ਮੈਂ ਹੋ ਪਈ। ਸਰਦਾਰ ਨੇ ਕੁਦਰਤੀ ਤੌਰ 'ਤੇ ਸਰਦਾਰੀ ਦਾ ਰੋਅਬ ਦਿਖਾਉਣਾ ਚਾਹਿਆ। ਇਸ 'ਤੇ ਹੰਡਿਆਏ ਵਾਲੀ ਮਾਈ ਇੰਦ ਕੌਰ ਨੇ ਸਰਦਾਰ ਨੂੰ ਟਕੂਆ ਮਾਰਿਆ, ਜਿਸ ਨਾਲ ਉਸ ਦੇ ਥੋੜ੍ਹੀ ਜਿਹੀ ਸੱਟ ਲੱਗੀ। ਉਹ ਛੇਤੀ ਨਾਲ ਅੰਦਰ ਜਾ ਵੜਿਆ। ਕਿਲੇ ਵਿਚ ਰੌਲਾ ਪੈ ਗਿਆ ਅਤੇ ਲੋਕੀਂ ਕੱਠੇ ਹੋ ਗਏ। ਨਾਮਧਾਰੀਆਂ ਨੇ ਸਰਦਾਰ ਦੀਆਂ ਦੋ ਤਿੰਨ ਤਲਵਾਰਾਂ ਅਤੇ ਉਸਦੇ ਨੌਕਰ ਜੈਮਲ ਸਿੰਘ ਦੀ ਇੱਕ ਦੁਨਾਲੀ ਬੰਦੂਕ ਲੈ ਲਈ, ਤਬੇਲੇ ਵਿਚੋ 4-5 ਘੋੜੇ ਮਿਲ ਗਏ।ਸਰਦਾਰ ਦੇ ਬੰਦਿਆਂ ਨੇ ਖਤਰੇ ਦਾ ਨਗਾਰਾ ਖੜਕਾ ਦਿੱਤਾ। ਨਾਲ ਦੇ ਪਿੰਡ ਖੇੜੀ ਦੇ ਲੰਬੜਦਾਰ ਅਤੇ ਅੱਸੀ ਨੱਬੇ ਆਦਮੀ ਮਲੌਦ ਆ ਗਏ । ਹੱਥੋਂ ਹੱਥੀਂ ਲੜਾਈ ਹੋਣ ਲੱਗੀ । ਸਰਦਾਰ ਦੇ ਦੋ ਆਦਮੀ ਬੂਟਾ ਤੇਲੀ ਕੋਚਵਾਨ ਅਤੇ ਮੁਨਸ਼ੀ ਨਬੀ ਬਖਸ਼ ਮਾਰੇ ਗਏ । ਸਰਦਾਰ ਬਦਨ ਸਿੰਘ ਅਤੇ ਇੱਕ ਹੋਰ ਬੰਦਾ ਨਿਹਾਲ ਸਿੰਘ ਜਖਮੀ ਹੋਏ। ਨਾਮਧਾਰੀਆਂ ਵਿਚੋਂ ਅਤਰ ਸਿੰਘ ਅਤੇ ਇੱਕ ਹੋਰ ਸਰੀਰ ਨੰਦ ਸਿੰਘ ਸ਼ਹੀਦ ਹੋ ਗਏ।''

'' ਉਹ ਨੰਦ ਸਿੰਘ ਜਿਹੜਾ –ਸਤਿਗੁਰੂ ਕਹਿੰਦੇ ਸੀ,''ਇਹ ਪਹਿਲਾਂ ਹੀ ਸਹੁਰਾ ਮਰੂਗਾ'' ਉਹ ਨੰਦ ਸਿੰਘ ਹੋਰੀ'ਉਥੇ ਸ਼ਹੀਦ ਹੋਏ''

– ਲਾਲ ਏਹ ਰਤਨ ਭਾਗ ਪਹਿਲਾ, ਪੰਨਾ ਨੰ: 286, ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਦੇ ਪ੍ਰਵਚਨਾਂ 'ਚੋਂ

ਚਾਰ ਸਿੱਖ ਕਾਫੀ ਜ਼ਖ਼ਮੀ ਹੋ ਗਏ। ਜ਼ਖ਼ਮੀ ਸਿੱਖਾਂ – ਭਗਵਾਨ ਸਿੰਘ, ਗਿਆਨ ਸਿੰਘ, ਥੰਮਣ ਸਿੰਘ ਅਤੇ ਮੇਹਰ ਸਿੰਘ ਨੂੰ ਫੜ ਲਿਆ ਗਿਆ। ਇਹਨਾਂ ਨੂੰ ਪਹਿਲਾਂ 19 ਜਨਵਰੀ 1872 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਬਾਅਦ ਵਿਚ ਇਹ ਸਜ਼ਾ ਕਾਲੇ ਪਾਣੀ ਵਿਚ ਬਦਲ ਦਿੱਤੀ ਗਈ। ਨਾਮਧਾਰੀ ਜੱਥੇ ਦੇ ਸਿੰਘ, ਕੁਝ ਤਲਵਾਰਾਂ, ਬੰਦੂਕਾਂ, ਗੋਲੀ-ਬਾਰੂਦ ਅਤੇ ਤਬੇਲੇ ਵਿਚੋਂ ਘੋੜੇ-ਘੋੜੀਆਂ ਲੈ ਕੇ ਮਲੌਦ ਤੋਂ ਰਾਤੋ ਰਾਤ ਮਲੇਰਕੋਟਲਾ ਪਹੁੰਚੇ। ਮਲੇਰਕੋਟਲਾ ਵਾਲਿਆਂ ਪਹਿਲੋਂ ਹੀ ਸੁਰੱਖਿਆ ਦੇ ਪ੍ਰਬੰਧ ਕਰ ਲਏ ਸਨ।

ਸ. ਹੀਰਾ ਸਿੰਘ ਤੇ ਸ. ਲਹਿਣਾ ਸਿੰਘ ਸਭ ਤੋਂ ਅੱਗੇ, ਘੋੜਿਆਂ 'ਤੇ ਚੜ੍ਹੇ ਹੋਏ, ਹੱਥਾਂ 'ਚ ਨੰਗੀਆਂ ਤਲਵਾਰਾਂ ਫੜੀ, ਸ਼ਹੀਦੀ ਜਥੇ ਦੀ ਅਗਵਾਈ ਕਰ ਰਹੇ ਸਨ। ਕੋਤਵਾਲੀ ਦੇ ਸਾਹਮਣੇ ਚੌਂਕ ਵਿਚ ਕਰੀਬ ਘੰਟਾ-ਸਵਾ ਘੰਟਾ ਡਟਵੀਂ ਲੜਾਈ ਹੋਈ। ਜਥੇ ਦਾ ਮੁਕਾਬਲਾ ਕਰਨ ਲਈ ਪੁਲੀਸ ਤੇ ਹੋਰ ਲੋਕ ਵੀ ਹਥਿਆਰਬੰਦ ਹੋ ਕੇ ਆ ਗਏ ਸਨ। ਕੋਤਵਾਲ ਅਹਿਮਦ ਖਾਂ ਤੇ ਉਸ ਦੇ ਸੱਤ ਸਿਪਾਹੀ ਮਾਰੇ ਗਏ, ਕਈ ਜਖ਼ਮੀ ਹੋਏ। ਨਾਮਧਾਰੀਆਂ ਵਿਚੋਂ ਕ੍ਰੀਬ ਅੱਠ ਜਣੇ ਸ਼ਹੀਦ ਹੋ ਗਏ ਅਤੇ ਕਾਫੀ ਜਣੇ ਜ਼ਖ਼ਮੀ ਹੋਏ।

ਮਲੇਰਕੋਟਲੇ ਵਿਖੇ ਹੋਈ ਲੜਾਈ ਮਗਰੋਂ, ਜਦੋਂ ਸ਼ਹੀਦੀ ਜਥੇ ਦੇ ਸਿੰਘ ਰੂੜਨ ਦੇ ਥੇਹ ਕੋਲ ਜਾ ਰਹੇ ਸਨ ਤਾਂ ਮਲੇਰਕੋਟਲਿਓਂ ਉਨ੍ਹਾਂ ਦਾ ਪਿੱਛਾ ਕਰਨ ਆਏ ਪਠਾਣ ਸਮੁੰਦ ਖਾਂ ਨੇ ਸ. ਹੀਰਾ ਸਿੰਘ ਨੂੰ ਲਲਕਾਰਿਆ ਤਾਂ ਸ . ਹੀਰਾ

---

ਸਿੰਘ ਨੇ ਪਹਿਲਾਂ ਵਾਰ ਕਰਨ ਦਾ ਮੌਕਾ ਦਿੱਤਾ। ਸਮੁੰਦ ਖਾਂ ਨੇ ਪਹਿਲਾਂ ਵਾਰ ਕੀਤਾ, ਸਿਰ ਵੱਲ ਤਲਵਾਰ ਚਲਾਈ। ਸ. ਹੀਰਾ ਸਿੰਘ ਨੇ ਢਾਲ ਨਾ ਹੋਣ ਕਾਰਨ ਖੱਬੀ ਬਾਂਹ ਅੱਗੇ ਕਰ ਦਿੱਤੀ, ਜਿਸ ਕਾਰਨ ਗੁੱਟ ਕੱਟਿਆ ਗਿਆ। ਫਿਰ ਸ. ਹੀਰਾ ਸਿੰਘ ਨੇ ਬਿਜਲੀ ਦੀ ਫੁਰਤੀ ਨਾਲ ਆਪਣੀ ਤਲਵਾਰ ਦੇ ਭਰਪੂਰ ਵਾਰ ਨਾਲ ਸਮੁੰਦ ਖਾਂ ਦਾ ਸਿਰ ਧੜ ਤੋਂ ਜੁਦਾ ਕਰ ਦਿੱਤਾ। ਕੋਟਲੇ ਵਾਲੇ ਭੱਜ ਗਏ ਪਰ ਜਾਂਦਿਆਂ-ਜਾਂਦਿਆਂ ਇਕ ਨੇ ਨਿਸ਼ਾਨਾ ਬੰਨ੍ਹ ਪਿਛੋਂ ਗੋਲੀ ਚਲਾ ਦਿੱਤੀ। ਗੋਲੀ ਸ. ਹੀਰਾ ਸਿੰਘ ਦੇ ਹੱਥ 'ਤੇ ਲਗ ਕੇ ਘੋੜੇ ਨੂੰ ਲੱਗੀ, ਘੋੜਾ ਪ੍ਰਾਣ ਤਿਆਗ ਗਿਆ।

*ਥੇਹ 'ਤੇ ਬਰਛੀ ਗੱਡ ਕੇ ਸ. ਹੀਰਾ ਸਿੰਘ ਨੇ ਆਖਿਆ 'ਅੱਗੋਂ ਅਸੀਂ ਕੱਖ ਨਹੀਂ ਕਰਨਾ' ਜੱਥੇ ਵਾਲੇ ਪੈਦਲ ਪਿੰਡ ਰੜ੍ਹ ਪੁੱਜੇ ਤੇ ਸ਼ਸਤਰ ਸੁੱਟ ਦਿੱਤੇ। ਸ. ਹੀਰਾ ਸਿੰਘ ਨੇ ਫਿਰ ਆਖਿਆ, "ਖਾਲਸਾ ਜੀ, ਅਸੀਂ ਜਿਸ ਕਾਰਜ ਵਾਸਤੇ ਚਲੇ ਸਾਂ ਉਹ ਪੂਰਾ ਹੋ ਗਿਆ ਹੈ। ਇਸ ਤੋਂ ਬਿਨਾਂ ਸਾਨੂੰ ਅਕਾਲ ਪੁਰਖ ਦਾ ਹੋਰ ਕੋਈ ਹੁਕਮ ਨਹੀਂ। ਇਸ ਲਈ ਹੁਣ ਜਿਨ੍ਹਾਂ ਨੇ ਸੀਸ ਦੇਣੇ ਹਨ, ਉਹ ਰਹਿਣ ਬਾਕੀ ਚਲੇ ਜਾਣ। ਅਸੀਂ ਤਾਂ ਆਪਣਾ ਇਹ ਪੰਜ ਭੂਤਕ ਠੀਕਰਾ ਗੋਰਿਆਂ ਦੇ ਸਿਰ ਭੰਨਣਾ ਹੈ ਤੇ ਜ਼ਾਲਮ ਰਾਜ ਦਾ ਨਾਸ ਕਰਨਾ ਹੈ।" ਉਸ ਵੇਲੇ ਜਿਨ੍ਹਾਂ ਨੇ ਜਾਣਾ ਸੀ, ਉਹ ਜੱਥੇ 'ਚੋਂ ਨਿਕਲ ਕੇ ਘਰਾਂ ਨੂੰ ਚਲੇ ਗਏ।

ਜਿਹੜੇ ਸਿੰਘ ਸ਼ਹੀਦੀ ਜੱਥੇ ਵਿਚੋਂ ਚਲੇ ਗਏ ਉਨ੍ਹਾਂ ਬਾਰੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਵਚਨ ਇਸ ਪ੍ਰਕਾਰ ਹਨ-

'' ਸ਼ਹੀਦ ਹੁੰਦੇ ਹਨ ਅੱਸੀ, ਸੀ ਸੱਤ ਵੀਹਾਂ।

'ਮਿਸਟਰ ਫੋਰਸਿਥ ਡਗਲਸ-ਕਮਿਸ਼ਨਰ ਵੀ ਆਪਣੀ ਕਿਤਾਬ ਵਿੱਚ ਇਹ ਗੱਲ ਮੰਨਦਾ ਹੈ ਕਿ ਸੱਤ ਵੀਹਾਂ ਆਦਮੀ ਸੀ।ਦੂਜੇ ਸਿਘ ਚਲੇ ਗਏ-ਜਿਨ੍ਹਾਂ ਵਿਚੋਂ ਕਈ-ਕਈ ਮਹਾਂਪੁਰਖਾਂ ਦੇ ਦਰਸ਼ਨ ਹੋਏ।ਇੱਕ ਭਾਈ ਹਜਾਰਾ ਸਿੰਘ ਜੀ- ਹਿੰਮਤਪੁਰੇ ਪਿੰਡ ਦੇ ਰਹਿਣ ਵਾਲੇ,ਬਹਾਵਲਪੁਰ ਵਿੱਚ- ਬੁਕਾਰੇ ਪਿੰਡ ਵਿੱਚ ਉਨ੍ਹਾਂ ਨੂੰ ਲੰਬੜਦਾਰੀ ਜਾ ਕੇ ਮਿਲੀ।

ਸੰਤ ਹੀਰਾ ਦਾਸ ਜੀ ਦੀ ਚਿੱਟੀ ਵਾਲੇ ਇੱਕ ਮਹਾਤਮਾ,ਜਿਨ੍ਹਾਂ ਦਾ ਕੱਦ ਕੋਈ ਸਾਡੇ ਛੇ ਫੁੱਟ ਦੇ ਕਰੀਬ ਹੋਵੇਗਾ,ਇੱਕ ਸੌ ਅੱਠ ਸਾਲ ਦੀ ਉਮਰ ਵਿੱਚ ਮੈਂ ਉਨ੍ਹਾਂ ਦਾ ਦਰਸ਼ਨ ਕੀਤਾ ਹੈ।

ਉਦਾਸੀ ਸਾਧੂ ਸੇ ਬਨੇ ਹੋਏ, ਉਸ ਵੇਲੇ।ਸਾਨੂੰ ਅੰਦਰ ਲਿਜਾਕੇ ਲੰਗਰ ਕੀਤਾ,ਕਹਿਣ ਲੱਗੇ ਸੋਟਾ ਫੜ ਕੇ, , ''ਭਾਈ ਜੇ ਇਉਂ ਅਟਕਣਾ ਹੈ ਤੇ ਇਉਂ ਨਹੀਂ ਅਸੀਂ ਜਾਣ ਨਹੀਂ ਦੇਣਾ। ਰਸਤੇ ਵਿੱਚ ਹੋਰ ਕਿਸੇ ਪਿੰਡ ਲੰਗਰ ਸੀ ਸਾਡਾ। ਰਸਤੇ 'ਚ ਰੋਕਿਆ-ਦੁਪਹਿਰੇ ਲੰਗਰ ਕੀਤਾ।ਜਿਸ ਵੇਲੇ ਬਹਿ ਕੇ ਵਿੱਚ ,ਪ੍ਰਸ਼ਾਦਾ ਛਕਣ ਲਗੇ,ਕਹਿਣ ਲੱਗੇ, ਸੱਠਾਂ-ਸੱਤਰਾਂ ਸਾਲਾਂ ਬਾਅਦ ਆਪਣੇ ਟੱਬਰ ਵਿਚ ਬਹਿ ਕੇ ਰੋਟੀ ਖਾਧੀ ਹੈ, ਅੱਖਾਂ 'ਚੋਂ ਜਲ ਆ ਗਿਆ।

ਇੱਕ ਮਹਾਂਪੁਰਖ ਗਿਲ੍ਹਾਂ ਦੇ ਸਨ- ਮਾਤਾ ਜੀ ਦੇ ਨਾਨਕਿਆਂ ਦੇ, ਉਹ ਮਾਤਾ ਜੀ ਨੂੰ 1921 ਨੂੰ ਰਾਵਲਪਿੰਡੀ ਪਿੰਡ ਮਿਲੇ ਹਨ। ਇੱਕ ਬਾਬਾ ਮਸਤਾਨ ਦਾਸ ਜੀ- ਜਿਹੜੇ ਪਟਿਆਲੇ ਰਹਿੰਦੇ ਸਨ ਬਸਤਰ ਨਹੀਂ ਸਨ ਰੱਖਦੇ -ਉਨ੍ਹਾਂ ਨੂੰ ਜਾ ਕੇ ਮਿਲੇ - ਮੈਂ ਉਸ ਸਾਲ (ਸੰਮਤ 1963, 20 ਸਾਵਣ, ਸੰਨ 1906 ) ਤੋਂ ਪਹਿਲਾਂ ਨਿਤਨੇਮ ਨਹਿਰ ਤੇ ਕੀਤਾ ਸੀ- ਨੇਤਰਾਂ ਵਿਚ ਜਲ ਆ ਗਿਆ, ਕਹਿਣ ਲੱਗੇ, ''ਭਾਈ ਆਪਣੇ ਟੱਬਰ ਦੀ ਜੋ ਗੱਲ ਸੁਣੀਏ ਤੇ ਫਿਰ ਖੁਸ਼ੀ ਹੁੰਦੀ ਹੀ ਹੈ ਨਾ।''

-ਲਾਲ ਏਹਿ ਰਤਨ ਭਾਗ ਪਹਿਲਾ (ਸੰਪਾਦਕ ਪ੍ਰਿੰ. ਬੇਅੰਤ ਕੌਰ ) ਪੰਨਾ ਨੰ: 287-288

ਜੱਥਾ ਪਿੰਡ ਰੜ ਜਾ ਪੁੱਜਾ, ਰੜ ਪਹੁੰਚਣ 'ਤੇ ਪਿੰਡ ਵਾਲੇ ਸਾਥੀ ਤਾਂ ਆਪੋ ਆਪਣੀ ਘਰੀਂ ਚਲੇ ਗਏ ਅਤੇ ਬਾਕੀ ਦੇ ਸਾਰੇ ਸਿੰਘਾਂ ਨੇ ਪਿੱਪਲ ਵਾਲੇ ਖੂਹ 'ਤੇ ਉਤਾਰਾ ਕੀਤਾ। ਤੇਲ ਕੜ੍ਹਾਹੀ ਵਿਚ ਚਾੜ੍ਹ ਕੇ ਉਬਾਲਿਆ ਗਿਆ। ਸਰਦਾਰ ਹੀਰਾ ਸਿੰਘ ਨੇ ਪਹਿਲਾਂ ਨਰਾਇਣ ਸਿੰਘ ਦਾ ਟੁੰਡ ਤਲਿਆ ਅਤੇ ਫੇਰ ਆਪਣਾ ਜਖਮੀਂ ਗੁੱਟ । ਸਰਦਾਰ ਹੀਰਾ ਸਿੰਘ ਦੇ ਰਿਸ਼ਤੇਦਾਰਾਂ ਨੇ ਅਤੇ ਹੋਰ ਪਿੰਡ ਵਾਲਿਆਂ ਨੇ ਸੇਵਾ ਕੀਤੀ। ਰਾਤ ਇਹ ਪਿੰਡ ਰੜ ਰਹੇ।

## ਸ਼ਹੀਦੀ ਜੱਥੇ ਦੇ ਸਿੰਘਾਂ ਨੇ ਆਪ ਆਪਣੀਆਂ ਗ੍ਰਿਫਤਾਰੀਆਂ ਦਿੱਤੀਆਂ

ਸ . ਹਰਨਾਮ ਸਿੰਘ ਪਿੰਡ ਬਗਲੀ ਕਲਾਂ ਜਿਲ੍ਹਾ ਲੁਧਿਆਣਾ ਦੀ ਸੰਮਤ 1891 ਵਿਚ ਛਪੀ ਪੁਸਤਕ 'ਸੰਤ ਤਵਾਰੀਖ' ਅਰਥਾਤ ਤਵਾਰੀਖ ਨਾਮਧਾਰੀ ਵਿਚ ਜੱਥੇ ਦੇ ਆਪਣੇ ਆਪ ਨੂੰ ਗ੍ਰਿਫਤਾਰ ਕਰਵਾਉਣ ਦਾ ਜ਼ਿਕਰ ਪੰਨਾ ਨੰ:37 'ਤੇ ਇਸ ਪ੍ਰਕਾਰ ਹੈ-

"ਸਾਡੇ ਪਿੰਡ ਬਗਲੀ ਦੇ ਰਾਮ ਸਹਾਈ ਤੇ ਸਮੁੰਦ ਸਿੰਘ ਜੋ ਉਸ ਵਕਤ ਰੜ ਪਿੰਡ ਗਏ ਹੋਏ ਸੀ,ਉਹ ਅਖੀਂ ਦੇਖਿਆ ਹਾਲ ਦੱਸਦੇ ਸਨ, ਕਿ ਜੱਥਾ ਸਲਾਹ ਕਰਦਾ ਸੀ ਕਿ ਜਲਦੀ ਸਰਕਾਰ ਪਾਸ ਚਲੋ ਤੇ ਸ਼ਹੀਦੀ ਪ੍ਰਾਪਤ ਕਰੋ . . . .. . . ਏਸ ਸ਼ਹੀਦੀ ਜੱਥੇ ਨੇ ਰੜ ਪਿੰਡ ਆ ਕੇ ਕੂਕਾਂ ਮਾਰ ਮਾਰ ਕੇ ਆਖਿਆ, ਅਸੀਂ ਮਰਨਾ ਚਾਹੁੰਦੇ ਹਾਂ,ਸਾਨੂੰ ਕੋਈ ਸੱਜਣ ਸਰਕਾਰ ਪਾਸ ਲੈ ਚਲੇ। ਅਸੀ ਕਿਸੇ ਨੂੰ ਮਾਰਨ ਦੀ ਬਹਾਦਰੀ ਨਹੀਂ ਸਮਝਦੇ ਸਗੋਂ ਖੁਦ ਮਰਨ ਨੂੰ ਬਹਾਦਰੀ ਸਮਝਦੇ ਹਾਂ।

ਰੜ ਪਿੰਡ ਵਿਚ ਥੋੜਾ ਸੁਸਤਾ ਕੇ ਅਤੇ ਪ੍ਰਸ਼ਾਦਾ ਛੱਕ ਕੇ ਜੱਥਾ ਨਾਲ ਦੇ ਥਾਣੇ ਸ਼ੇਰਪੁਰ ਵੱਲ ਨੂੰ ਚੱਲ ਪਿਆ। ਆਪਣੇ ਆਪ ਗ੍ਰਿਫਤਾਰ ਕਰਵਾਉਣ ਦੀ ਅਣਸੁਣੀ ਤੇ ਅਣਹੋਣੀ ਜਿਹੀ ਗੱਲ ਨੂੰ ਸੁਣਕੇ ਪਿੰਡ ਰੜ ਦੇ ਜੈਮਲ ਸਿੰਘ,ਉੱਤਮ ਸਿੰਘ ਅਤੇ ਹੋਰ ਕਈ ਬੰਦੇ ਅਤੇ ਰਾਮਨਗਰ ਦਾ ਲੰਬੜਦਾਰ ਪੰਜਾਬ ਸਿੰਘ ਵੀ ਜੱਥੇ ਦੇ ਨਾਲ ਹੀ ਤੁਰ ਪਏ। ਜੱਥੇ ਵਾਲੇ ਸਤਿ ਸ੍ਰੀ ਅਕਾਲ ਗਜਾਂਦੇ ਅਤੇ ਸ਼ਬਦ ਪੜ੍ਹਦੇ ਰਵਾਂ ਰਵੀ ਰਾਤ ਵੇਲੇ ਸ਼ੇਰਪੁਰ ਪਹੁੰਚ ਗਏ। ਠਾਣੇਦਾਰ ਨੂੰ ਸਾਰਾ ਬਰਤਾਂਤ ਸੁਣਾਕੇ ਅਤੇ ਇਕਬਾਲੀ ਬਿਆਨ ਦੇ ਕੇ ਸਿੰਘਾਂ ਨੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕਰ ਦਿੱਤਾ।

ਅਮਰਗੜ੍ਹ ਦਾ ਨਾਇਬ ਨਾਜ਼ਮ ਸੱਯਦ ਨਿਆਜ਼ ਅਲੀ ਵੀ ਉਸ ਵਕਤ ਸ਼ੇਰਪੁਰ ਹੀ ਸੀ। ਜੱਥੇ ਨੂੰ ਗੜ੍ਹੀ ਵਿਚ ਬੰਦ ਕਰ ਦਿੱਤਾ ਅਤੇ ਮਹਾਰਾਜਾ ਸਾਹਿਬ ਬਹਾਦੁਰ ਨੂੰ ਪਟਿਆਲੇ ਅਤੇ ਕੋਟਲੇ ਦੇ ਅਫਸਰਾਂ ਨੂੰ ਕੋਟਲੇ, ਜੱਥੇ ਦੀ ਗ੍ਰਿਫਤਾਰੀ ਦੀਆਂ ਖਬਰਾਂ ਭੇਜ ਦਿੱਤੀਆਂ ਗਈਆਂ। ਪਟਿਆਲੇ ਦੇ ਮੁਨਸ਼ੀਖਾਨੇ ਨੇ ਇਹ ਖਬਰ ਆਪਣੇ ਲੁਧਿਆਣੇ ਦੇ ਏਜੰਟ ਨੂੰ ਅੰਗ੍ਰੇਜ਼ੀ ਹਾਕਮਾਂ ਨੂੰ ਦੱਸਣ ਲਈ ਹੁਕਮ ਦਿੱਤਾ।"

- ਪੁਸਤਕ 'ਸੰਤ ਤਵਾਰੀਖ' ਲੇਖਕ ਸ. ਹਰਨਾਮ ਸਿੰਘ ਪਿੰਡ ਬਗਲੀ ਕਲਾਂ, ਪੰਨਾ ਨੰ: 37

**ਜੇ ਇਹ ਜੱਥਾ ਗ੍ਰਿਫ਼ਤਾਰ ਨਾ ਹੋਣਾ ਚਾਹੁੰਦਾ ਤਾਂ ਜੱਥੇ ਦੇ ਸਿੰਘ ਖਿੰਡ-ਪੁੰਡ ਵੀ ਸਕਦੇ ਸਨ। ਭੱਜ ਵੀ ਸਕਦੇ ਸਨ। ਸ. ਹੀਰਾ ਸਿੰਘ ਦੇ ਕਹਿਣ 'ਤੇ ਜਿਵੇਂ ਕੁਝ ਹੋਰ ਸਾਥੀ ਘਰੋ-ਘਰੀ ਚਲੇ ਗਏ ਸਨ, ਬਾਕੀ ਵੀ ਜਾ ਸਕਦੇ ਸਨ। ਅਜਿਹੀ ਸਥਿਤੀ ਵਿਚ ਇਸ ਜਥੇ ਦੇ ਸਿੰਘਾਂ ਨੇ ਸ਼ਹੀਦੀ ਦੇਣ ਦੀ ਗੱਲ ਮਨ ਵਿਚ ਧਾਰ ਕੇ ਹੀ ਗ੍ਰਿਫ਼ਤਾਰੀਆਂ ਦਿੱਤੀਆਂ ਸਨ।**

16 ਜਨਵਰੀ ਦੀ ਸ਼ਾਮ ਨੂੰ ਮਹਾਰਾਜਾ ਸਾਹਿਬ ਪਟਿਆਲਾ ਦੇ ਲੁਧਿਆਣੇ ਵਿੱਚ ਰਹਿਣ ਵਾਲੇ ਏਜੰਟ ਜਾਂ ਵਕੀਲ ਨੇ ਕਮਿਸ਼ਨਰ ਸਾਹਿਬ ਫੋਰਸਾਈਥ ਨੂੰ ਇਸ ਤਰ੍ਹਾਂ ਦੀ ਖਬਰ ਦਿੱਤੀ, "ਸੱਤਰ ਦੇ ਕਰੀਬ ਕੂਕਿਆਂ ਦਾ ਇੱਕ

---

ਟੋਲਾ, ਜਿਨ੍ਹਾਂ ਵਿਚੋਂ ਕਈਆਂ ਪਾਸ ਬੰਦੂਕਾਂ ਸਨ, ਕਈਆਂ ਪਾਸ ਤਲਵਾਰਾਂ, ਬਾਕੀ ਦਿਆਂ ਪਾਸ ਗੰਡਾਸੇ ਅਤੇ ਡਾਂਗਾ, ਮਲੇਰ ਕੋਟਲੇ ਤੋਂ ਸ਼ੇਰਪੁਰ ਪਹੁੰਚਿਆ।

ਸ਼ੇਰਪੁਰ, ਮਲੇਰ ਕੋਟਲੇ ਤੋਂ 13 ਕੁ ਮੀਲਾਂ 'ਤੇ ਹੈ ਅਤੇ ਉਨ੍ਹਾਂ ਨੇ ਆਪਣੇ ਆਪ ਨੂੰ ਅਮਰਗੜ੍ਹ ਦੇ ਨਾਜ਼ਿਮ ਦੇ ਹਵਾਲੇ ਕਰ ਦਿੱਤਾ ਹੈ। ਇਨ੍ਹਾਂ ਵਿਚੋਂ 30 ਕੁ ਆਦਮੀ ਫੱਟੜ ਹਨ। ਇਹ ਸਾਰੇ ਆਪਣੀ ਜਬਾਨੀ ਇਹ ਗੱਲ ਕਹਿੰਦੇ ਅਤੇ ਮੰਨਦੇ ਹਨ ਕਿ ਉਹ ਕੋਟਲੇ ਦੇ ਹੱਲੇ ਵਿਚ ਸ਼ਾਮਿਲ ਸਨ। ਉਨ੍ਹਾਂ ਦੀ ਗਿਣਤੀ 125 ਤੋਂ ਵੱਧ ਨਹੀਂ ਸੀ।"

–(ਕੂਕਾ ਆਉਟ ਬਰੇਕ)

ਸ. ਨਾਹਰ ਸਿੰਘ ਆਪਣੀ ਪੁਸਤਕ ਨਾਮਧਾਰੀ ਇਤਿਹਾਸ ਦੇ ਪੰਨਾ ਨੰ:193–94 ਤੇ ਲਿਖਦੇ ਹਨ,

" ਖੋਜ ਕਰਨ 'ਤੇ ਜੱਥੇ ਦੀ ਗ੍ਰਿਫ਼ਤਾਰੀ ਸਬੰਧੀ ਪਟਿਆਲਾ ਰਿਆਸਤ ਦੇ ਲੁਧਿਆਣੇ ਵਾਲੇ ਏਜੰਟ ਜਾਂ ਵਕੀਲ ਦੀ ਪਹਿਲੀ ਰਿਪੋਰਟ ਹੀ ਬਿਲਕੁਲ ਸਹੀ ਮਲੂਮ ਦਿੰਦੀ ਹੈ। ਸੱਯਦ ਨਿਆਜ਼ ਅਲੀ ਦੇ ਮਿਸਲਾਂ ਵਿਚ ਆਏ ਬਿਆਨ, ਆਪਣੀ ਦਲੇਰੀ ਅਤੇ ਮਹਾਰਾਜੇ ਦੇ ਨਾਮ ਦੇ ਇਕਬਾਲ ਦੀਆਂ ਗੱਲਾਂ ਕਰਕੇ ਨਾਮਧਾਰੀਆਂ ਨੂੰ ਗ੍ਰਿਫਤਾਰ ਕਰਨ ਦੀਆਂ ਕਹਾਣੀਆਂ, ਪਟਿਆਲੇਸ਼ਾਹੀ ਗੱਪਾਂ, ਤੇ ਰਿਆਸਤਾਂ ਦੀਆਂ ਪੁਲਸਾਂ ਦੀਆਂ ਮਨਘੜਤ ਰਿਪੋਰਟ ਤੋਂ ਵੱਧ ਹੈਸੀਅਤ ਨਹੀਂ ਰੱਖਦੀਆਂ।

ਅਸਲੀਅਤ ਇਹ ਜਾਪਦੀ ਹੈ ਕਿ ਨਿਆਜ਼ ਅਲੀ ਥਾਣੇਦਾਰ ਜਾਂ ਕੋਈ ਹੋਰ ਪੁਲਸੀਆ ਕੂਕਿਆਂ ਦੇ ਰੜ ਪਹੁੰਚਣ ਦੀ ਖਬਰ ਸੁਣ ਕੇ ਡਰ ਦਾ ਮਾਰਿਆ ਹੋਇਆ ਰੜ ਆਇਆ ਹੀ ਨਹੀਂ। ਕੂਕੇ ਸਿੰਘਾਂ ਦਾ ਡਰ ਤੇ ਦਹਿਸ਼ਤ ਉਸ ਵੇਲੇ ਬਹੁਤ ਸੀ। ਸ਼ਹੀਦੀ ਜੱਥੇ ਵਾਲੇ ਆਪਣੇ ਆਪ ਹੀ ਜੈਮਲ ਸਿੰਘ, ਪੰਜਾਬ ਸਿੰਘ ਲੰਬੜਦਾਰ ਰਾਮ ਨਗਰ ਵਾਲੇ ਅਤੇ ਹੋਰਨਾਂ ਨੂੰ ਨਾਲ ਲੈ ਕੇ ਸ਼ੇਰਪੁਰ ਪਹੁੰਚ ਗਏ ਸਨ।"

ਇਸੇ ਪੁਸਤਕ ਦੇ ਪੰਨਾ ਨੰਬਰ 444 'ਤੇ ਪਿੰਡ ਰੜ ਵਾਲੇ ਦਸਤਾਵੇਜ਼ ਵਾਲੇ ਚੈਪਟਰ ਵਿਚ ਇਕ ਦਸਤਾਵੇਜ ਵਿਚ ਲਿਖਿਆ ਹੈ–'ਦੋ ਰਿਆਸਤਾਂ ਤੋਂ ਤਾਂ ਇਹ ਗ੍ਰਿਫ਼ਤਾਰ ਨਾ ਕੀਤੇ ਗਏ, ਅਸੀਂ ਗ਼ਰੀਬ ਜ਼ਿਮੀਂਦਾਰ ਇਨ੍ਹਾਂ ਨੂੰ ਕਿਵੇਂ ਗ੍ਰਿਫ਼ਤਾਰ ਕਰ ਸਕਦੇ ਸੀ।'

# ਸ਼ਹੀਦੀ ਸਾਕੇ ਤੋਂ ਪਹਿਲਾਂ

ਸ਼ਹੀਦੀ ਜੱਥੇ ਦੇ ਮਲੌਂਦ ਤੋਂ ਚਲੇ ਜਾਣ ਪਿੱਛੋਂ, ਸਰਦਾਰ ਬਦਨ ਸਿੰਘ ਨੇ ਕੂਕਿਆਂ ਨਾਲ ਲੜਾਈ ਹੋਣ ਅਤੇ ਦੋਨੋ ਪਾਸਿਆਂ ਦੇ ਕੁੱਝ ਕੁ ਆਦਮੀਆਂ ਦੇ ਘਿਰ ਜਾਣ ਅਤੇ ਫੱਟੜ ਹੋਣ ਦੀ ਖਬਰ ਇਲਾਕੇ ਦੇ ਥਾਣੇਦਾਰ ਨੂੰ ਡੇਹਲੋਂ ਭੇਜੀ। ਸਰਦਾਰ ਦੀ ਇਤਲਾਹ ਮੁਤਾਬਿਕ ਇਹ ਖਬਰ ਪੁਲਿਸ ਕਪਤਾਨ ਨੂੰ ਭੇਜ ਦਿੱਤੀ ਗਈ। ਜਿਸ ਨੇ ਸਾਰੀ ਗੱਲ ਮਿਸਟਰ ਕਾਵਨ ਡਿਪਟੀ ਕਮਿਸ਼ਨਰ ਨਾਲ ਕੀਤੀ । ਮਿਸਟਰ ਕਾਵਨ ਨੂੰ ਇਹ ਖਬਰ ਸਵੇਰੇ ਹੀ ਮਿਲ ਗਈ।

ਇਸ ’ਤੇ ਮਿਸਟਰ ਕਾਵਨ ਅਤੇ ਜ਼ਿਲ੍ਹੇ ਦਾ ਪੁਲਿਸ ਕਪਤਾਨ ਲੈਫਟੀਨੈਂਟ ਕਰਨਲ ਪਾਰਕਿੰਨਜ਼ ਸਿਪਾਹੀਆਂ ਸਮੇਤ ਮਲੌਂਦ ਨੂੰ ਚਲ ਪਏ। ਜਿਲ੍ਹੇ ਦੇ ਸਿਵਲ ਸਰਜਨ ਮਿਸਟਰ ਜੇ. ਇਨਸ ਐਮ ਡੀ ਨੂੰ ਸਵੇਰੇ 8 ਵਜੇ 15 ਜਨਵਰੀ ਦਿਨ ਸੋਮਵਾਰ ਨੂੰ ਪੁਲਿਸ ਕਪਤਾਨ ਰਾਹੀਂ ਡਿਪਟੀ ਕਮਿਸ਼ਨਰ ਦੀ ਜ਼ਬਾਨੀ ਇਸ ਮਤਲਬ ਦੀ ਹਦਾਇਤ ਮਿਲੀ ਕਿ ਉਹ ਵੀ ਮਲੌਂਦ ਦੀ ਲੜਾਈ ਵਿਖੇ ਮੋਇਆਂ ਅਤੇ ਫੱਟੜਾਂ ਦਾ ਮੁਆਇਨਾ ਕਰਨ ਲਈ ਮਲੌਂਦ ਪਹੁੰਚ ਜਾਵੇ।

ਮਿਸਟਰ ਕਾਵਨ ਨੇ ਮਲੌਂਦ ਨੂੰ ਚੱਲਣ ਤੋਂ ਪਹਿਲਾਂ ਪੰਜਾਬ ਸਰਕਾਰ ਦੇ ਸਕੱਤਰ ਨੂੰ, ਜੋ ਉਸ ਸਮੇਂ ਲਾਟ ਸਾਹਿਬ ਨਾਲ ਦਿੱਲੀ ਫੌਜੀ ਜਲਸੇ ’ਤੇ ਆਇਆ ਹੋਇਆ ਸੀ, ਹੇਠ ਲਿਖੀ ਤਾਰ ਦਿੱਤੀ–

“ ਦੋ ਸੌ ਕੂਕਿਆਂ ਨੇ ਪਿਛਲੀ ਰਾਤ ਮਲੌਂਦ ਦੇ ਕਿਲ੍ਹੇ ਤੇ ਹਮਲਾ ਕੀਤਾ। ਸਰਦਾਰ ਬਦਨ ਸਿੰਘ ਨੂੰ ਜਖਮੀ ਕਰ ਦਿੱਤਾ ਅਤੇ ਦੋ ਬੰਦੇ ਜਾਨੋਂ ਮਾਰ ਦਿੱਤੇ, ਇੱਕ ਕੂਕਾ ਮਾਰਿਆ ਗਿਆ ਹੈ ਅਤੇ ਦੋ ਫੜੇ ਹੋਏ ਹਨ। ਮੈਂ ਹੁਣੇ ਹੀ ਜਾ ਰਿਹਾ ਹਾਂ,ਬਾਕੀ ਰਿਪੋਰਟ ਡਾਕ ਰਾਹੀਂ। ”

15 ਜਨਵਰੀ ਨੂੰ ਅੰਬਾਲੇ ਦੇ ਕਮਿਸ਼ਨਰ ਨੂੰ ਭੇਜੀ ਗਈ ਆਪਣੀ ਰਿਪੋਰਟ ਵਿਚ ਮਿਸਟਰ ਕਾਵਨ ਲਿਖਦਾ ਹੈ:–

ਮਹਾਰਾਜਾ ਪਟਿਆਲਾ ਨੂੰ ਤਾਰ ਅਤੇ ਚਿੱਠੀ ਰਾਹੀਂ ਇਤਲਾਹ ਦਿੱਤੀ ਗਈ ਹੈ ਕਿ ਸਕਰੌਂਦੀ ਵਾਲੇ ਹੀਰਾ ਸਿੰਘ ਅਤੇ ਲਹਿਣਾ ਸਿੰਘ ਇਸ ਜੱਥੇ ਦੇ ਆਗੂ ਦੱਸੇ ਜਾਂਦੇ ਹਨ ਅਤੇ ਉਨ੍ਹਾਂ ਨੂੰ(ਮਹਾਰਾਜਾ ਨੂੰ) ਕਿਹਾ ਗਿਆ ਹੈ,ਕਿ ਉਹ ਇਨ੍ਹਾਂ ਨੂੰ ਗ੍ਰਿਫਤਾਰ ਕਰੇ ਅਤੇ ਸਾਨੂੰ ਮਦਦ ਦੇਵੇ ? ਮੈਂ ਗੁਰੂ ਰਾਮ ਸਿੰਘ ਜੀ ਅਤੇ ਉਸ ਦੇ ਵੱਡੇ ਸੂਬਿਆਂ ਨੂੰ ਮਲੌਂਦ ਤਫਤੀਸ਼ ਕਰਨ ਲਈ ਬੁਲਾ ਭੇਜਿਆ ਹੈ, ਜਿਸ ਨਾਲ ਮੈਂ ਉਮੀਦ ਕਰਦਾ ਹਾਂ ਕਿ ਜੱਥੇ ਵਾਲੇ ਸਭ ਆਦਮੀ ਪਛਾਣੇ ਜਾਵਣਗੇ।

ਪੰਜਾਬ ਸਰਕਾਰ ਦੇ ਸਕੱਤਰ ਨੇ ਇਹ ਤਾਰ ਸਰਕਾਰ ਹਿੰਦ ਦੇ ਹੋਮ ਸਕੱਤਰ ਨੂੰ ਉਸੀ ਦਿਨ ਭੇਜ ਦਿੱਤੀ। ਉਸ ਨੇ ਇਸ ਵਿਚ ਆਪਣੀ ਵੱਲੋਂ ਇਹ ਅੱਖਰ ਵਧਾਏ।

“ਇਹ ਅਪਰਾਧ ਕੂਕਿਆਂ ਦੀ ਬਹੁਤ ਵੱਡੀ ਦਲੇਰੀ ਜ਼ਾਹਰ ਕਰਦਾ ਹੈ। ”

ਇਸ ਦੇ ਜਵਾਬ ਵਿਚ ਵਾਇਸਰਾਏ ਨੇ ਪੰਜਾਬ ਦੇ ਲਾਟ ਸਾਹਿਬ ਨੂੰ 16 ਜਨਵਰੀ ਨੂੰ ਇਹ ਤਾਰ ਦਿੱਤੀ–

## ਲੁਕਿਆ ਸੱਚ

---

"ਆਪ ਦੀ ਕੱਲ ਵਾਲੀ ਤਾਰ ਮਿਲੀ। ਹੁਣ ਇਹ ਗੱਲ ਲੋੜੀਂਦੀ ਹੈ ਕਿ ਸਭ ਤੋਂ ਜ਼ਿਆਦਾ ਤਜਰਬੇਕਾਰ ਅਫਸਰ ਲਭ ਕੇ, ਵਕੂਏ ਵਾਲੇ ਥਾਂ ਤੇ ਮਾਮਲੇ ਦੀ ਤਫਤੀਸ਼ ਲਈ ਭੇਜਿਆ ਜਾਵੇ। ਸਭ ਤੋਂ ਜ਼ਰੂਰੀ ਗੱਲ ਹੈ ਕਿ ਇਸ ਮੁਆਮਲੇ ਦੇ ਸਾਰੇ ਵਾਕਿਆਤ ਨੂੰ ਬਗੈਰ ਕਿਸੇ ਦੇਰੀ ਦੇ ਪੁਣਿਆ ਛਾਣਿਆ ਜਾਏ ਅਤੇ ਅਸਲੀਅਤ ਲੱਭੀ ਜਾਵੇ ਤਾਂ ਕਿ ਸਰਕਾਰ ਨੂੰ ਇਸ ਬਹੁਤ ਹੀ ਚਿੰਤਾਦਾਇਕ ਉੱਪਦਰਵ ਦੇ ਵਾਪਰਨ ਦੇ ਅਸਲੀ ਕਾਰਨਾਂ ਅਤੇ ਇਸ ਵਿਚ ਹਿੱਸਾ ਲੈਣ ਵਾਲੇ ਬੰਦਿਆਂ ਦੇ ਬਾਰੇ ਕਿਸੇ ਗਲਤ ਖਬਰ ਮਿਲਣ ਦਾ ਥੋੜ੍ਹਾ ਤੋਂ ਥੋੜ੍ਹਾ ਵੀ ਚਾਨਸ ਜਾਂ ਮੌਕਾ ਨ ਰਹਿ ਸਕੇ। "

ਡਿਪਟੀ ਕਮਿਸ਼ਨਰ ਅਤੇ ਪੁਲਿਸ ਵਾਲੇ ਅਜੇ ਮਲੌਦ ਪਹੁੰਚੇ ਹੀ ਨਹੀਂ ਸਨ ਕਿ ਰਿਆਸਤ ਕੋਟਲੇ ਦੇ ਇੱਕ ਸਵਾਰ ਨੇ ਡਿਪਟੀ ਕਮਿਸ਼ਨਰ ਨੂੰ ਖਬਰ ਦਿੱਤੀ ਕਿ ਉਸ ਦਿਨ ਸਵੇਰੇ ਹੀ ਕੂਕਿਆਂ ਨੇ ਮਲੇਰ ਕੋਟਲੇ 'ਤੇ ਹਮਲਾ ਕਰ ਦਿੱਤਾ ਹੈ। ਸਵਾਰ ਨੇ ਇਹ ਵੀ ਦੱਸਿਆ ਕਿ ਜਦ ਉਹ ਕੋਟਲੇ ਤੋਂ ਖਬਰ ਲੈ ਕੇ ਚੱਲਿਆ ਸੀ, ਉਸ ਵਕਤ ਕੂਕਿਆਂ ਨੇ ਸ਼ਹਿਰ ਦਾ ਘੇਰਾ ਘੱਤਿਆ ਹੋਇਆ ਸੀ ਅਤੇ ਆਪਸ ਵਿਚ ਬੜੀ ਗਹਿਗੱਡਵੀ ਲੜਾਈ ਹੋ ਰਹੀ ਸੀ। ਇਸ ਤੇ ਮਿਸਟਰ ਕਾਵਨ ਨੇ ਕਾਹਲੀ ਨਾਲ ਇੱਕ ਤਾਰ ਸਰਕਾਰ ਪੰਜਾਬ ਨੂੰ ਫੌਜ ਭੇਜਣ ਲਈ ਲਿਖੀ,ਅਤੇ ਕੋਟਲੇ ਤੋਂ ਆਏ ਸਵਾਰ ਨੂੰ ਹੀ ਇਹ ਤਾਰ ਦੇ ਕੇ ਲੁਧਿਆਣੇ ਦਫਤਰ ਵਿਚ ਭੇਜ ਦਿੱਤਾ, ਤਾਂ ਕਿ ਇਹ ਤਾਰ ਛੇਤੀ ਨਾਲ ਦੇ ਦਿੱਤੀ ਜਾਵੇ।

ਪੰਜਾਬ ਦਾ ਲਾਟ ਸਾਹਿਬ ਅਤੇ ਵੱਡਾ ਸਕੱਤਰ ਮਿਸਟਰ ਗਰਿਫਨ ਇਨ੍ਹਾਂ ਦਿਨਾਂ ਵਿਚ ਦਿੱਲੀ ਇੱਕ ਵੱਡੇ ਫੌਜੀ ਜਲਸੇ ਉੱਤੇ ਆਏ ਹੋਏ ਸਨ। ਮਹਾਰਾਜਾ ਮਹਿੰਦਰ ਸਿੰਘ ਸਾਹਿਬ ਪਟਿਆਲਾ ਵੀ ਦਿੱਲੀ ਹੀ ਸਨ।

15 ਜਨਵਰੀ ਨੂੰ ਦੁਪਹਿਰ ਦੇ ਕਰੀਬ ਮਿਸਟਰ ਕਾਵਨ, ਮਿਸਟਰ ਪਾਰਕਿੰਨਜ਼ ਅਤੇ ਪੁਲਿਸ ਦੇ ਆਦਮੀ ਮਲੌਦ ਪਹੁੰਚ ਗਏ। ਮਿਸਟਰ ਇਨਸ ਸਿਵਲ ਸਰਜਨ ਵੀ ਘੋੜੇ ਤੇ ਚੜ੍ਹ ਕੇ ਸ਼ਾਮ ਤੱਕ ਉਨ੍ਹਾਂ ਨੂੰ ਜਾ ਮਿਲਿਆ। ਮੀਂਹ ਪੈਣ ਕਾਰਨ ਸਿਵਲ ਸਰਜਨ ਨੂੰ ਪਿਛਲੇ ਪੈਂਡੇ ਵਿਚ ਕੁੱਝ ਦੇਰ ਲੱਗ ਗਈ। ਸਿਵਲ ਸਰਜਨ ਦਾ ਮਾਤੇਹਤ ਮਿਰਜ਼ਾ ਅਮੀਰ ਬੇਗ ਵੀ ਦਵਾਈਆਂ, ਡਾਕਟਰੀ ਦੇ ਸੰਦ ਅਤੇ ਡਾਕਟਰੀ ਮਰ੍ਹਮ ਪੱਟੀਆਂ ਲੈ ਕੇ ਸਿਵਲ ਸਰਜਨ ਦੇ ਨਾਲ ਹੀ ਮਲੌਦ ਪਹੁੰਚ ਗਿਆ ਸੀ। ਸਰਦਾਰ ਦੇ ਪੱਕੜ ਕੇ ਕੱਠੇ ਕੀਤੇ ਹੋਏ ਜਖਮੀ ਕੂਕੇ, ਪੁਲਿਸ ਨੇ ਆਪਣੀ ਹਿਰਾਸਤ ਵਿਚ ਲੈ ਲਏ।

16 ਜਨਵਰੀ ਮੰਗਲਵਾਰ ਵਾਲੇ ਦਿਨ ਦੁਪਹਿਰ ਤੋਂ ਪਹਿਲੇ 11 ਵੱਜ ਕੇ 50 ਮਿੰਟ ਤੇ ਪੰਜਾਬ ਦੇ ਲਾਟ ਸਾਹਿਬ ਨੇ ਦਿੱਲੀ ਤੋਂ ਵਾਇਸਰਾਏ ਨੂੰ ਕਲਕੱਤੇ ਹੇਠ ਲਿਖੀ ਤਾਰ ਦਿੱਤੀ।

"ਮਲੌਦ 'ਤੇ ਕੂਕਿਆਂ ਦੇ ਹਮਲੇ ਦੀ ਰਿਪੋਰਟ ਪਹਿਲੋਂ ਦਿੱਤੀ ਗਈ ਹੈ। ਇਸ ਦੇ ਨਾਲ ਲੱਗਦਿਆਂ ਹੀ ਕੂਕਿਆਂ ਨੇ ਸਵੇਰ ਸਾਰ ਕੋਟਲੇ 'ਤੇ ਹੱਲਾ ਬੋਲ ਦਿੱਤਾ। ਕੋਟਲੇ ਦੇ 7 ਬੰਦੇ ਮਾਰੇ ਗਏ ਹਨ। ਕੂਕਿਆਂ ਦੀ ਗਿਣਤੀ 500 ਕੁ ਸੀ। ਡਿਪਟੀ ਕਮਿਸ਼ਨਰ ਲੁਧਿਆਣਾ ਦੇ ਫੌਜ ਦੀ ਮੰਗ ਕਰਨ 'ਤੇ, ਇੱਕ ਦੇਸੀ ਪੈਦਲ ਰਜਮੈਂਟ , ਗੋਰਖਿਆਂ ਦੀ ਕੰਪਨੀ, ਰਸਾਲੇ ਦੇ ਦਸਤੇ , ਅੱਜ ਸਵੇਰੇ ਹੀ ਅੰਬਾਲੇ ਅਤੇ ਲੁਧਿਆਣੇ ਦੇ ਵਿਚਕਾਰ ਪਿੰਡ ਖੰਨਾ ਦੇ ਪੜਾਓ 'ਤੇ ਭੇਜ ਦਿੱਤੇ ਹਨ ਤੇ ਡਿਪਟੀ ਕਮਿਸ਼ਨਰ ਨੇ ਤਾਰ ਦਿੱਤੀ ਹੈ ਕਿ ਬਹੁਤ ਸਾਰੇ ਕੂਕੇ ਮਲੇਰਕੋਟਲੇ ਘੇਰ ਲਏ ਗਏ ਹਨ ਅਤੇ

ਨਾਭੇ ਤੋਂ ਰਸਾਲਾ ਵੀ ਉਸ ਪਾਸ ਪਹੁੰਚ ਗਿਆ ਹੈ,ਪਰ ਮੈਂ ਫੇਰ ਵੀ ਇਸ ਫੌਜ ਨੂੰ ਜਾਣੋਂ ਨਹੀਂ ਰੋਕਿਆ। ਪਹਿਲੀਆਂ ਘਟਨਾਵਾਂ ਦੇ ਨਾਲ ਲੱਗਦੇ ਹੀ ਇਨ੍ਹਾਂ ਉਪਦਰਾਵਾਂ ਦੇ ਹੋਣ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਇਸ ਫਿਰਕੇ ਦੇ ਆਗੂਆਂ ਨੇ ਇਕ ਖਤਰਨਾਕ ਅਤੇ ਨਾ ਠੀਕ ਹੋਣ ਵਾਲੀ ਸਾਜਿਸ਼ ਦੀ ਵਿਉਂਤ ਬਣਾਈ ਹੋਈ ਹੈ। ਜਦ ਤੱਕ ਇਹ ਆਗੂ ਖੁਲ੍ਹੇ ਹਨ, ਮੁਲਕ ਨੂੰ ਖਤਰਾ ਹੀ ਖਤਰਾ ਹੈ। ਇਸ ਲਈ ਮੈਂ ਆਪਣੀ ਵੱਲੋਂ ਮਿਸਟਰ ਫੋਰਸਾਈਥ ਨੂੰ ਗੁਰੂ ਰਾਮ ਸਿੰਘ ਅਤੇ ਵੱਡੇ ਸੂਬਿਆਂ ਨੂੰ ਗ੍ਰਿਫਤਾਰ ਕਰਨ ਦੇ ਅਧਿਕਾਰ ਦੇ ਦਿੱਤੇ ਹਨ। ਰਿਪੋਰਟ ਡਾਕ ਰਾਹੀਂ। ”

ਇਸ ਦੇ ਜਵਾਬ ਵਿਚ ਵਾਇਸਰਾਏ ਨੇ ਕਲਕੱਤੇ ਤੋਂ ਲਾਟ ਸਾਹਿਬ ਪੰਜਾਬ ਨੂੰ 16 ਜਨਵਰੀ 4 ਵਜ੍ਹੇ ਸ਼ਾਮ ਨੂੰ ਇਹ ਤਾਰ ਭੇਜੀ,“ ਤੁਹਾਡੀ ਕਾਰਵਾਈ ਦੀ ਪੂਰੀ ਪੂਰੀ ਪੁਸ਼ਟੀ ਕਰਦਾ ਹਾਂ। ਹੋਰ ਜਿਆਦਾ ਹਾਲਾਤ ਜਾਨਣ ਲਈ ਉਡੀਕਵਾਨ ਹਾਂ।”

17 ਤਾਰੀਖ ਦਿਨ ਬੁੱਧਵਾਰ ਨੂੰ ਮਹਾਰਾਜਾ ਪਟਿਆਲੇ ਨੇ ਪੰਜਾਬ ਸਰਕਾਰ ਨੂੰ ਦਿੱਲੀ, ਹੇਠ ਲਿਖੀ ਤਾਰ ਭੇਜੀ-

“ ਕੱਲ੍ਹ 16 ਜਨਵਰੀ ਨੂੰ 11 ਵੱਜੇ ਸਵੇਰੇ,ਮੇਰੇ ਅਮਰਗੜ੍ਹ ਦੇ ਨਾਇਬ ਨਾਜ਼ਮ ਨਿਆਜ਼ ਅਲੀ ਨੇ ਸਿਰਫ ਗਿਣਤੀ ਦੇ ਬੰਦੇ ਨਾਲ ਲੈ ਕੇ,ਬੜੀ ਦਲੇਰ ਨਾਲ ਉਨ੍ਹਾਂ68 ਕੂਕਿਆਂ ਨੂੰ ਫੜ ਲਿਆ ਹੈ, ਜਿਨ੍ਹਾਂ ਨੇ ਕੋਟਲੋ ਅਤੇ ਮਲੌਦ ਵਿਚ ਬਲਵੇ ਕੀਤੇ ਹਨ। ਉਨ੍ਹਾਂ ਵਿਚੋਂ 29 ਜਖਮੀ ਹਨ। ਉਨ੍ਹਾਂ ਦੇ ਆਗੂ ਹੀਰਾ ਸਿੰਘ ਅਤੇ ਲਹਿਣਾ ਸਿੰਘ ਵੀ ਫੜੇ ਗਏ ਹਨ। ਪੂਰਾ ਹਾਲ ਡਾਕ ਰਾਹੀਂ। ”

16 ਜਨਵਰੀ ਨੂੰ ਜਦ ਨਾਇਬ ਨਾਜ਼ਿਮ ਨਿਆਜ਼ ਅਲੀ ਮਿਸਟਰ ਕਾਵਨ ਨੂੰ ਮਿਲਿਆ,ਤਦ ਕਾਵਨ ਨੇ ਸ਼ੇਰਪੁਰ ਦੀ ਗੜ੍ਹੀ ਵਿਚ ਬੰਦ ਸਾਰੇ ਨਾਮਧਾਰੀਆਂ ਨੂੰ ਕੋਟਲੇ ਲਿਆਉਣ ਲਈ ਹੁਕਮ ਦਿੱਤਾ। ਕਾਵਨ ਸੋਚ ਰਿਹਾ ਸੀ ਕਿ ਕੂਕੇ ਕੈਦੀ ਸੂਰਜ ਚੜ੍ਹੇ ਤੋਂ ਪਹਿਲਾਂ ਹੀ ਮਲੇਰਕੋਟਲੇ ਪਹੁੰਚ ਜਾਣਗੇ ਅਤੇ ਉਹ ਉਨ੍ਹਾਂ ਨੂੰ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਮਾਰ ਮੁਕਾ ਕੇ ਵਿਹਲਾ ਹੋ ਜਾਵੇਗਾ, ਪਰ ਕੈਦੀ ਸੂਰਜ ਚੜ੍ਹਨ ਤੋਂ ਪਹਿਲਾਂ ਨਾ ਪਹੁੰਚੇ।

ਸ਼ਹੀਦੀ ਜੱਥੇ ਦੇ ਕੋਟਲੇ ਲਿਆਏ ਜਾਣ ਸਬੰਧੀ ਲੁਧਿਆਣੇ ਦਾ ਪੁਲਿਸ ਕਪਤਾਨ ਆਪਣੀ ਚਿੱਠੀ ਵਿਚ ਲਿਖਦਾ ਹੈ:-

“ਕਿਉਂਕਿ ਕੈਦੀ 12 ਵਜ੍ਹੇ ਤੱਕ ਪਹੁੰਚੇ ਨਹੀਂ ਸਨ, ਇਸ ਲਈ ਡਿਪਟੀ ਕਮਿਸ਼ਨਰ ਨਾਲ ਸਲਾਹ ਕਰਕੇ ਮੈਂ ਘੋੜ ਸਵਾਰਾਂ ਨੂੰ ਨਾਲ ਲੈ ਕੇ, ਕੈਦੀਆਂ ਨੂੰ ਹਿਫਾਜ਼ਤ ਨਾਲ ਲਿਆਉਂਣ ਲਈ, ਜੋ ਇਸ ਸਮੇਂ ਕੋਟਲੇ ਤੋਂ ਅਜੇ ਕੋਈ 6 ਕੁ ਮੀਲ ਤੇ ਦੱਸੀਦੇ ਸਨ,ਚੱਲ ਪਿਆ। ਸੜਕਾਂ ਬੜੀਆਂ ਹੀ ਭੈੜੀਆਂ ਸਨ ਅਤੇ ਟੁੱਟੀਆਂ ਪਈਆਂ ਸਨ। ਗੱਡਿਆਂ ਦੇ ਬੈਲ ਥੱਕੇ ਹੋਏ ਡਿੱਗ ਪੈਂਦੇ ਸਨ ਅਤੇ ਖੱਡਿਆਂ ਤੇ ਚਲ੍ਹਿਆਂ ਵਿਚ ਗੱਡੇ ਬੜੇ ਔਖੇ ਲੰਘਦੇ ਸਨ ।”

ਇੰਝ 68 ਸਰੀਰਾਂ ਦੇ ਸ਼ਹੀਦੀ ਜੱਥੇ ਨੂੰ ,ਜਿਹੜੇ ਤੁਰ ਸਕਦੇ ਸੀ, ਉਨ੍ਹਾਂ ਨੂੰ ਤੋਰ ਕੇ, ਜਿਹੜੇ ਘੱਟ ਜਾਂ ਵੱਧ ਜਖਮੀ ਸਨ,ਉਸ ਮੁਤਾਬਿਕ ਉਨ੍ਹਾਂ ਨੂੰ 8 ਗੱਡੇ ਗੱਡੀਆਂ ਅਤੇ 8 ਦੋਲਿਆਂ(ਮੰਜਿਆਂ) ’ਤੇ ਪਾ ਕੇ ਲਿਆਂਦਾ ਗਿਆ ਸੀ।

ਪੁਲਿਸ ਕਪਤਾਨ ਜੱਥੇ ਦੇ ਆਗੂਆਂ ਹੀਰਾ ਸਿੰਘ ਅਤੇ ਲਹਿਣਾ ਸਿੰਘ ਹੁਰਾਂ ਨੂੰ ਮਿਲਿਆ ਅਤੇ ਗੱਲਬਾਤ ਕਰਦਾ ਰਿਹਾ। ਹੀਰਾ ਸਿੰਘ ਹੁਰਾਂ ਕਪਤਾਨ ਨੂੰ ਇਹ ਵੀ ਦੱਸਿਆ ਕਿ ਉਨ੍ਹਾਂ ਦੇ ਜੱਥੇ ਦੇ ਸਾਰੇ ਆਦਮੀ ਗ੍ਰਿਫਤਾਰ ਹੋ

---

ਗਏ ਹਨ। ਮਿਸਟਰ ਪਾਰਕਿੰਨਜ਼ ਲਿਖਦਾ ਹੈ –

"ਹੀਰਾ ਸਿੰਘ ਅਤੇ ਲਹਿਣਾ ਸਿੰਘ ਨੇ ਬਹੁਤ ਵਧੀਆ ਪੁਸ਼ਾਕਾਂ ਪਈਆਂ ਹੋਈਆਂ ਹਨ ਅਤੇ ਉਹ ਅਮੀਰ ਆਦਮੀ ਹਨ। ਉਨ੍ਹਾਂ ਦੇ ਚਿਹਰੇ ਮੁਹਰਿਆਂ ਤੋਂ ਮਲੂਮ ਹੁੰਦਾ ਹੈ ਕਿ ਉਹ ਦਲੇਰ ਅਤੇ ਦ੍ਰਿੜ੍ਹ ਵਿਸ਼ਵਾਸ ਵਾਲੇ ਬੰਦੇ ਹਨ।" ਅੱਗੇ ਚਲ ਕੇ ਉਹ ਲਿਖਦਾ ਹੈ," ਕੈਦੀਆਂ ਵਿਚੋਂ ਬਹੁਤ ਸਾਰੇ ਗਾਲ੍ਹਾਂ ਕੱਢਦੇ ਸਨ ਅਤੇ ਖੁਲ੍ਹਮਖੁੱਲਾ ਕਹਿੰਦੇ ਸਨ ਕਿ ਅਸੀਂ ਇਹ ਸਰਕਾਰ ਨਹੀਂ ਰੱਖਣੀ, ਅਸੀਂ ਆਪਣੀ ਸਰਕਾਰ ਬਣਾਵਾਂਗੇ।''

ਜੱਥੇ ਦੇ ਬੰਦਿਆਂ ਦੀ ਗਿਣਤੀ 68 ਸੀ, ਜਿਨ੍ਹਾਂ ਵਿਚੋਂ 2 ਇਸਤਰੀਆਂ ਸਨ।

ਚਾਰ ਅਤੇ ਪੰਜ ਵਜੇ ਦੇ ਦਰਮਿਆਨ ਜੱਥੇ ਦੇ ਪਹੁੰਚਣ ਸਾਰ ਹੀ ਕੈਦੀਆਂ ਨੂੰ ਪਿੰਡ ਜਮਾਲਪੁਰ ਦੇ ਨਾਲ ਲੱਗਦੇ ਪਰੇਟ ਮਦਾਨ ਵਿਚ ਲਿਆਂਦਾ ਗਿਆ। ਪਟਿਆਲਾ , ਨਾਭਾ ਅਤੇ ਜੀਂਦ ਦੀਆਂ ਸਿੱਖ ਰਿਆਸਤਾਂ ਦੀਆਂ ਫੌਜਾਂ ਦੇ 750 ਸਿਪਾਹੀ ਅਤੇ ਅਫਸਰ 9 ਤੋਪਾਂ ਸਮੇਤ 16 ਤਾਰੀਖ ਨੂੰ ਹੀ ਕੋਟਲੇ ਪਹੁੰਚ ਚੁੱਕੇ ਸਨ।

ਮਿਸਟਰ ਕਾਵਨ ਨੇ ਜੱਥੇ ਦੇ ਆਗੂਆਂ ਹੀਰਾ ਸਿੰਘ ਅਤੇ ਲਹਿਣਾ ਸਿੰਘ ਨਾਲ ਗੱਲਾਂ-ਬਾਤਾਂ ਕੀਤੀਆਂ। ਆਪਣੀ 17 ਜਨਵਰੀ ਦੀ ਰਿਪੋਰਟ ਵਿਚ ਉਹ ਲਿਖਦਾ ਹੈ ਕਿ ਇਨ੍ਹਾਂ ਕੈਦੀਆਂ ਦਾ ਵਰਤਾਓ ਬਹੁਤ ਹੀ ਨਿਡਰਤਾ ਭਰਿਆ ਅਤੇ ਹੁਕਮਾਂ ਆਦਿ ਤੋਂ ਨਾ ਦਬਣ ਵਾਲਾ ਸੀ। ਉਹ ਅੰਗਰੇਜੀ ਸਰਕਾਰ ਅਤੇ ਦੇਸੀ ਰਿਆਸਤਾਂ ਦੇ ਰਾਜਿਆਂ ਨੂੰ ਗਾਲ੍ਹਾਂ ਕੱਢ ਰਹੇ ਸਨ। ਉਹ ਸਾਰੇ ਦੇ ਸਾਰੇ ਹੀ ਮੰਨਦੇ ਸਨ ਕਿ ਉਹ ਮਲੌਦ ਅਤੇ ਕੋਟਲੇ 'ਤੇ ਹੋਏ ਹਮਲਿਆਂ ਵਿਚ ਸ਼ਾਮਿਲ ਸਨ ਅਤੇ ਬੜੇ ਮਾਣ ਤਾਣ ਨਾਲ ਇਹ ਗੱਲ ਕਹਿੰਦੇ ਸਨ।

ਸਤਿਗੁਰੂ ਬਿਲਾਸ ਪੰਨਾ 418 ਤੇ ਇਸ ਦਾ ਹਾਲ ਇਸ ਤਰ੍ਹਾਂ ਦਿੱਤਾ ਹੈ-

"ਬਿੱਲੇ ਨੇ ਹੀਰਾ ਸਿੰਘ ਸੇ ਪੁੱਛਿਆ , ਤੁਮ ਨੇ ਕਿਉਂ ਗਦਰ ਮਚਾਇਆ ਹੈ, ਹੀਰਾ ਸਿੰਘ ਨੇ ਕਿਹਾ ਅਸੀਂ ਫਰੰਗੀਆਂ ਦਾ ਰਾਜ ਨਹੀਂ ਚਾਹੁੰਦੇ, ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ। ਜਦ ਤੱਕ ਥੋੜਾ ਰਾਜ ਨਹੀਂ ਮੁਕਦਾ, ਗਦਰ ਮਚਾਵਾਂਗੇ। ਸਿਰ ਲਵਾਂਗੇ ਤੇ ਦੇਵਾਂਗੇ, ਤੁਸੀਂ ਗਊ ਬਧ ਕਰਦੇ ਹੋ ਅਸੀਂ ਗਊ ਬਧ ਨਹੀਂ ਸਹਾਰ ਸਕਦੇ । ਬਿੱਲਾ ਬੋਲਿਆ,ਹਮ ਜਾਨਤੇ ਹੈ, ਤੁਮ ਨੇ ਰਾਜ ਕੇ ਲੀਏ ਗਦਰ ਮਚਾਇਆ ,ਪਰ ਰਾਜ ਸਾਨੂੰ ਖੁਦਾ ਕਾ ਦੀਆ ਹੋਇਆ ਹੈ , ਸਾਥੋਂ ਐਵੇ ਨਹੀਂ ਖੋਹਿਆ ਜਾ ਸਕਦਾ ।

ਹੀਰਾ ਸਿੰਘ ਨੇ ਕਿਹਾ ਸਮੁੰਦ ਖਾਂ ਪਠਾਨ ਦਾ ਕੋਈ ਲੜਕਾ ਹੈ। ਕਹਾ ਕੇ ਹੈ। ਕਹਾ ਕੇ ਮੰਗਵਾਵੋ। ਦੋ ਲੜਕੇ ਆਏ। ਦੋਨੋਂ ਦੇ ਸਿਰ ਪਰ ਹੱਥ ਧਰ ਕੇ ਬਚਨ ਕੀਤਾ,ਸਮੁੰਦ ਖਾਂ ਹੀ ਅਸਲੀ ਵੀਰ ਪਠਾਨ ਸੀ ਹੋਰ ਸਭ ਜੁਲਾਹੇ ਪੇਂਜੇ ਹੀ ਇੱਕਠੇ ਹੋਏ ਹਨ। ਜੇ ਕਿਸੇ ਨੂੰ ਇਨਾਮ ਦੇਣਾ ਹੈ ਤਾਂ ਇਨ੍ਹਾਂ ਲੜਕਿਆਂ ਨੂੰ ਦੇਣਾ ਚਾਹੀਦਾ ਹੈ।''

ਨਾਮਧਾਰੀ ਸਿੰਘਾਂ ਦੇ ਇਖਲਾਕ ਦੀ ਕਿਡੀ ਓਚੀ ਮਿਸਾਲ ਹੈ। ਸਰਦਾਰ ਹੀਰਾ ਸਿੰਘ ਗਰੇਵਾਲ ਸੂਰਮਾ ਆਦਮੀ ਸੀ,ਇਸ ਲਈ ਆਪਣੇ ਵੈਰੀ ਸਮੁਦ ਖਾਂ ਦੀ ਬਹਾਦਰੀ ਤੇ ਸੂਰਮਗਤੀ ਦੀ ਮਰਨ ਵਕਤ ਵੀ ਤਾਰੀਫ ਕੀਤੀ ਅਤੇ ਹਾਕਮਾਂ ਨੂੰ ਕਿਹਾ ਕਿ ਸਮੁੰਦ ਖਾਂ ਦੇ ਪੁੱਤਰਾਂ ਦੀ ਪਰਵਰਿਸ਼ ਦਾ ਖਿਆਲ ਰੱਖਣਾ ਜਰੂਰੀ ਹੈ ਕਿਉਂਕਿ ਇਹ ਸੂਰਮੇ ਪਠਾਨ ਦੇ ਪੁੱਤਰ ਹਨ।

--------------------------------------------------------

# 66 ਕੂਕੇ ਸਿੰਘਾਂ ਨੂੰ ਤੋਪਾਂ ਨਾਲ ਸ਼ਹੀਦ ਕੀਤਾ ਗਿਆ

9 ਤੋਪਾਂ ਬੀੜ ਕੇ ਗਾਰਦਾਂ ਲਾ ਦਿੱਤੀਆਂ ਗਈਆਂ ਅਤੇ ਫੜੇ ਨਾਮਧਾਰੀਆਂ ਨੂੰ ਲਿਆ ਕੇ ਮੈਦਾਨ ਵਿਚ ਗਾਰਦਾਂ ਦੇ ਪਹਿਰੇ ਵਿਚ ਤੋਪਾਂ ਦੇ ਨਜ਼ਦੀਕ ਬਿਠਾ ਦਿੱਤਾ ਗਿਆ। ਜੱਥੇ ਦੇ ਨਾਲ ਦੋ ਇਸਤਰੀਆਂ ਸਨ ਜਿਨ੍ਹਾਂ ਨੂੰ ਪਟਿਆਲੇ ਦੀਆਂ ਫੌਜਾਂ ਦੇ ਅਫਸਰ ਜਰਨੈਲ ਅਨਾਇਤ ਅਲੀ ਦੇ ਹਵਾਲੇ ਕਰ ਦਿੱਤਾ ਗਿਆ। ਨਾਮਧਾਰੀਆਂ ਨੂੰ ਵੀ ਹੁਕਮ ਸੁਣਾ ਦਿੱਤਾ ਗਿਆ ਕਿ ਉਨ੍ਹਾਂ ਵਿਚੋਂ ਪੰਜਾਹਾਂ ਨੂੰ ਇਸ ਥਾਂ ਤੇ ਤੋਪਾਂ ਨਾਲ ਉਡਾ ਦਿੱਤਾ ਜਾਵੇਗਾ।

ਕਮਿਸ਼ਨਰ ਮਿਸਟਰ ਫੌਰਸਾਇਥ ਨੇ ਡੀ .ਸੀ ਕਾਵਨ ਨੂੰ ਚਿੱਠੀ ਲਿਖੀ ਸੀ ਕਿ ਉਹ ਕਾਹਲੀ ਨਾ ਕਰੇ ਫੜੇ ਹੋਏ ਕੂਕਿਆਂ ਨੂੰ ਬੇਨਿਯਮੇ ਤੌਰ ’ਤੇ ਮਾਰ ਦੇਣ ਦੀ ਗਲਤੀ ਨਾ ਕਰੇ, ਲਿਖਿਆ ਸੀ ਕਿ ਮੈਂ ਛੇਤੀ ਮਲੇਰਕੋਟਲਾ ਆ ਰਿਹਾ ਹਾਂ ਪਰ ਡੀ . ਸੀ ਕਾਵਨ ਨੇ ਪਰਵਾਹ ਨਹੀਂ ਕੀਤੀ ਤੇ ਆਪਣੀ ਮਰਜੀ ਕਰ ਲਈ।

ਵੈਸੇ ਵੀ ਨਾਮਧਾਰੀਆਂ ਉੱਤੇ ਕਾਨੂੰਨ ਦੀ ਥਾਂ ਸਿਆਸਤ ਲਾਗੂ ਸੀ, ਕਿਉਂਕਿ ਉਨ੍ਹਾਂ ਨੇ ਬੁੱਚੜ ਵੱਢ ਕੇ ਸਰਕਾਰੀ ਹੁਕਮ ਤੋੜੇ ਸਨ ਅਤੇ ਸਰਕਾਰ ਦਾ ਵੱਕਾਰ ਮਿੱਟੀ ਵਿਚ ਮਿਲਾ ਦਿੱਤਾ ਸੀ।

17 ਜਨਵਰੀ 1872 ਨੂੰ ਮਲੇਰਕੋਟਲਾ ਦੇ ਇਸ ਰੱਕੜ ਵਿਚ ਡੀ. ਸੀ .ਕਾਵਨ ਨੇ ਇਹ ਇੰਤਜ਼ਾਮ ਕੀਤਾ ਕਿ ਦੋ ਤੋਪਾਂ ਫੌਜਾਂ ਅਤੇ ਗਾਰਦਾਂ ਦੀ ਰਖਵਾਲੀ ਲਈ ਭਰ ਕੇ ਤਿਆਰ ਰੱਖੀਆਂ ਜਾਣ। ਵਿਉਂਤ ਇਹ ਬਣਾਈ ਗਈ ਕਿ ਹਰ ਵਾਰ 7 ਨਾਮਧਾਰੀ 7 ਤੋਪਾਂ ਅੱਗੇ ਲਿਆਕੇ ਖੜੇ ਕੀਤੇ ਜਾਣ ਅਤੇ ਤੋਪਾਂ ਨੂੰ ਕੱਠੇ ਫਲੀਤੇ ਦੇ ਦਿੱਤੇ ਜਾਣ । ਬਾਕੀ ਦੋ ਤੋਪਾਂ ਭਰਕੇ ਪਰੇਟ ਮਦਾਨ ਦੀ ਰਾਖੀ ਲਈ ਤਿਆਰ ਕੀਤੀਆਂ ਗਈਆਂ ਤਾਂ ਕਿ ਜੇ ਲੋੜ ਪਵੇ ਤਦ ਇਹ ਵਰਤੀਆਂ ਜਾਣ। ਅਫਸਰਾਂ ਨੂੰ ਇਹ ਦੈਹਲ ਬੈਠਾ ਹੋਇਆ ਸੀ ਕਿ ਕਿਧਰੇ ਅਖੀਰ ਵੇਲੇ ਨਾਮਧਾਰੀਆਂ ਦੇ ਜੱਥੇ ਅਚਨਚੇਤ ਹੀ ਕਿਧਰੋਂ ਕਾਰਾ ਕਰਨ ਲਈ ਨਾ ਆ ਜਾਣ ਅਤੇ ਇਹ ਇੱਕ ਭਿਆਨਕ ਸਾਕਾ ਨਾ ਬਣ ਜਾਵੇ।

ਨਾਮਧਾਰੀਆਂ ਨੂੰ ਮੌਤ ਆਹਮੋ ਸਾਹਮਣੇ ਦੇਖ ਕੇ ਚਾਅ ਚੜ੍ਹ ਗਏ। ਉਹ ਸਤਿ ਸ੍ਰੀ ਅਕਾਲ ਦੇ ਜੈਕਾਰੇ ਗੱਜੌਣ ਲੱਗ ਪਏ। ਦੋ ਦਿਨ ਤੋਂ ਮੀਂਹ ਪੈ ਰਿਹਾ ਸੀ। ਰੱਕੜ ਵਿਚ ਪਾਣੀ ਖਲੋਤਾ ਸੀ। ਪਰੇਟ ਮਦਾਨ ਵਿਚ ਕੋਟਲੇ ਅਤੇ ਆਲੇ ਦੁਆਲੇ ਦੇ ਕਸਬਿਆਂ ਅਤੇ ਪਿੰਡਾਂ ਦੇ ਹਜਾਰਾਂ ਆਦਮੀ, ਇਸਤਰੀਆਂ, ਦੇਸ਼ ਭਗਤ ਸ਼ਹੀਦਾਂ ਦੀ ਮੌਤ ਦਾ ਨਜ਼ਾਰਾ ਦੇਖਣ ਲਈ, ਇੱਕਠੇ ਹੋ ਗਏ ਸਨ। ਥਾਉਂ ਥਾਈਂ ਖਬਰਾਂ ਪਹਿਲਾਂ ਹੀ ਪਹੁੰਚ ਗਈਆਂ ਸਨ, ਕਿ ਕੂਕੇ ਤੋਪਾਂ ਨਾਲ ਉਡਾਏ ਜਾਣਗੇ।

ਬਿਨ੍ਹਾਂ ਮੁਕੱਦਮਾ ਚਲਾਏ 66 ਨਾਮਧਾਰੀ ਸਿੱਖਾਂ ਨੂੰ ਸ਼ਹੀਦ ਕਰਕੇ ਕਾਵਨ ਸੋਚਦਾ ਸੀ ਕਿ ਉਹ ਕੂਕਾ ਅੰਦਲੋਨ ਨੂੰ ਖਤਮ ਕਰ ਦੇਵੇਗਾ ਪਰ ਮਲੇਰ ਕੋਟਲਾ ਦੇ ਰੱਕੜ ਵਿਚ ਵਗਿਆ ਕੂਕਿਆਂ ਦਾ ਖ਼ੂਨ ਆਜ਼ਾਦੀ ਦੇ ਬੀਜ ਨੂੰ ਪਾਣੀ ਦੇ ਰਿਹਾ ਸੀ।

ਮਲੇਰ ਕੋਟਲਾ ਸਾਕੇ ਦੇ ਕੁਲ 80 ਸ਼ਹੀਦ ਹੋਏ , 66 ਸਿੱਖ ਤੋਪਾਂ ਨਾਲ ਉਡਾਏ ਗਏ,2 ਸਿੱਖ ਮਲੌਦ ਅਤੇ 8 ਸਿੱਖ ਮਲੇਰ ਕੋਟਲਾ ਵਿਖੇ ਲੜਦਿਆਂ ਸ਼ਹੀਦ ਹੋਏ ਅਤੇ4 ਸਿੱਖ ਕਾਲੇ ਪਾਣੀ ਦੀ ਸਜ਼ਾ ਵਿਚ ਸ਼ਹੀਦ ਹੋਏ।

---

# ਕੂਕੇ ਸਿੱਖ ਆਪ ਤੋਪਾਂ ਅੱਗੇ ਆ ਕੇ ਸ਼ਹੀਦ ਹੋਏ

ਜਿਹੜੇ 65 ਕੂਕੇ ਸਿੱਖ, 17-18 ਜਨਵਰੀ 1872 ਨੂੰ, ਮਲੇਰ ਕੋਟਲਾ ਵਿਖੇ ਤੋਪਾਂ ਨਾਲ ਉਡਾ ਕੇ ਸ਼ਹੀਦ ਕੀਤੇ ਗਏ, ਉਨ੍ਹਾਂ ਨੂੰ ਅੰਗ੍ਰੇਜ ਅਫ਼ਸਰ ਡੀ. ਸੀ. ਕਾਵਨ ਦੇ ਹੁਕਮ ਨਾਲ ਤੋਪਾਂ ਸਾਹਮਣੇ ਖੜ੍ਹੇ ਕਰਕੇ ਉਡਾ ਦਿੱਤਾ ਗਿਆ ਸੀ। ਇਨ੍ਹਾਂ ਦਸਤਾਵੇਜ਼ਾਂ ਵਿਚ ਸਪਸ਼ੱਟ ਲਿਖਿਆ ਹੋਇਆ ਹੈ ਕਿ ਕੂਕਿਆਂ ਨੂੰ ਤੋਪਾਂ ਦੇ ਗੋਲਿਆਂ ਨਾਲ ਉਡਵਾ ਦਿੱਤਾ ਗਿਆ। ਇਨ੍ਹਾਂ ਵਿਚੋਂ 29 ਸਖਤ ਜਖਮੀ ਸਨ।

ਜੇ ਕੋਈ ਲੇਖਕ ਇਹ ਲਿਖਦਾ ਹੈ ਕਿ ਉਨ੍ਹਾਂ ਨੂੰ ਤੋਪਾਂ ਨਾਲ ਬੰਨ ਕੇ ਸ਼ਹੀਦ ਕੀਤਾ ਗਿਆ ਤਾਂ ਇਹ ਸਰਾਸਰ ਗਲਤ ਹੈ। ਨਾ ਹੀ ਉਨ੍ਹਾ ਦੇ ਹੱਥਕੜੀਆਂ ਜਾਂ ਬੇੜੀਆਂ ਲਾਈਆਂ ਹੋਈਆਂ ਸਨ, ਨਾ ਹੀ ਰੱਸਿਆ ਨਾਲ ਬੰਨੇ ਹੋਏ ਸਨ, ਉਹ ਆਪ ਤੋਪਾਂ ਸਾਹਮਣੇ ਸ਼ਹੀਦ ਹੋਣ ਲਈ ਗਏ। ਸਤਿਗੁਰੂ ਬਿਲਾਸ (ਲੇਖਕ ਭਾਈ ਸੰਤੋਖ ਸਿੰਘ ਬਾਹੋਵਾਲ) ਦੇ ਪੰਨਾ 419 'ਤੇ ਤੋਪਾਂ ਨਾਲ ਉਡਾਏ ਜਾਣ ਦਾ ਹਾਲ ਇਸ ਤਰ੍ਹਾਂ ਦਿੱਤਾ ਹੈ-

" ਰਾਜਿਆਂ ਦੀਆਂ ਫਰੰਗੀਆਂ ਨੇ ਤੋਪਾਂ ਮੰਗਵਾਇ ਲਈਆਂ। ਫਰੰਗੀ ਨੇ ਉਡਾਉਨੇ ਕਾ ਹੁਕਮ ਦੇ ਦੀਆ। ਪਟਿਆਲੇ ਕੀ ਤੋਪ ਤੇ ਨਾਭੇ ਕੀ ਤੋਪ, ਸੰਗਰੂਰਾਂ ਦੀ ਤੋਪ ਤੇ ਮਲੇਰਕੋਟਲੇ ਦੀ ਤੋਪ ਇਤਆਦਿਕ 9 ਤੋਪਾਂ ਬੀੜੀਆਂ। ਭਾਈ ਹੀਰਾ ਸਿੰਘ ਤੇ ਲਹਿਣਾ ਸਿੰਘ ਦੋਵੇਂ ਇਸ਼ਨਾਨ ਕਰਕੇ ਤੋਪ ਦੇ ਮੂਹਰੇ ਹੋਏ। ਬਿੱਲੇ ਨੇ ਨੀਚ ਕੋ ਕਿਹਾ ਕਿ ਇਨ ਕੋ ਰੱਸੇ ਪਾਇਕੇ ਅੱਗੇ ਖੜ੍ਹੇ ਕਰੇ। ਸਿੰਘਾਂ ਨੇ ਚੂਹੜੇ ਨੂੰ ਕਿਹਾ ਕਿ ਪਰੇ ਹੋਏ ਜਾ, ਅਸੀਂ ਆਪੇ ਈ ਜਾਇ ਖੜੋਵਾਂਗੇ। ਅੱਗੇ ਜਾਇ ਖੜੇ ਹੋਏ ਹਲਾ ਕਰਕੇ। ਬਿੱਲੇ ਨੇ ਕਿਹਾ,ਪਠ ਕਰੋ। ਸਿੰਘਾਂ ਬੋਲਾ ਕੀਤਾ ਪੀਠ ਨਹੀਂ ਕਰੇਂਗੇ ਸਨਮੁੱਖ ਹੋਇ ਕੇ ਚੜੇਂਗੇ। ਸਾਹਮਣੇ ਛਾਤੀਆਂ ਡਾਹ ਕੇ ਖੜ੍ਹੇ ਹੋਏ ਹੌਸਲਿਆਂ ਵਾਲੇ ਸਿੰਘ। ਤਿੰਨ ਵਾਰੀ ਬੱਤੀ ਲਾਈ ਤੋਪ ਪਲੀਤਾ ਚੱਟ ਗਈ, ਜਾਂ ਚੌਥੀ ਵਾਰ ਬੱਤੀ ਦਿੱਤੀ ਤਾਂ ਤੋਪ ਚਲੀ। ਜੋ ਜੋੜ ਸੇ, ਸੋ ਤਾਂ ਪੁਰਜਾ ਪੁਰਜਾ ਹੋਇਕੇ ਜਾਇ ਪਏ। ਜੋ ਸੀਸ ਸੀ ਹੀਰਾ ਸਿੰਘ ਕਾ, ਸਣੇ ਦਸਤਾਰ ਅਕਾਸ਼ ਨੂੰ ਉਡਿਆ। ਦੂਰ ਜਾਇ ਦਸ ਕਦਮ ਪਰ ਸੀਸ ਡਿੱਗਾ ਧਰਤੀ ਪਰ। ਤੀਨ ਵਾਰੀ ਧਰਤੀ ਤੋਂ ਉਛਲ ਕੇ ਗੇਂਦ ਵਾਂਗ, ਤਾਂ ਠੰਡਾ ਹੋਇਆ।.....ਇਸ਼ਨਾਨ ਕਰਕੇ ਸਿੰਘਾਂ ਨੇ ਆਪੇ ਈ ਅੱਗੇ ਜਾਇ ਖੜੋਵਣਾ। ਤੋਪ ਦਗਦੀ ਨਾਲ ਸਤਿ ਸ੍ਰੀ ਅਕਾਲ ਬੁਲਾਵਨੀ। ਤੋਪ ਲੱਗਣੇ ਸੇ ਸਿੰਘਾਂ ਕੇ ਸਰੀਰ ਪੁਰਜਾ ਪੁਰਜਾ ਹੋਇ ਕੇ ਜਾਇ ਪੈਣ ਫਰਕ ਨਾਲ। "

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨਾਂ ਅਨੁਸਾਰ -

"ਮਲੇਰ ਕੋਟਲਾ ਵਿਖੇ ਇਨ੍ਹਾਂ ਸਿੱਖਾਂ ਨੂੰ ਬਗੈਰ ਬੰਨਣ ਤੋਂ ਤੋਪਾਂ ਦੇ ਅੱਗੇ ਖੜੇ ਕਰ ਕਰ ਕੇ ਸੱਤ ਸੱਤ ਸਰੀਰ ਉਡਾਏ ਔਰ ਤੋਪਾਂ ਕਿਹਦੀਆਂ ਸਨ-ਨਾਭਾ,ਪਟਿਆਲਾ ਤੇ ਸੰਗਰੂਰ ਦੀਆਂ-ਸਿੱਖਾਂ ਮਹਾਰਾਜਿਆਂ ਦੀਆਂ-ਸਿੱਖਾਂ ਨੂੰ ਉਡਾਉਣ ਵਾਸਤੇ, ਕਿਉਂਕਿ ਅੰਗਰੇਜ਼ ਨੇ ਇਹੋ ਚੀਜ਼ ਸਿੱਖੀ ਸੀ-ਜਿਸ ਤਰ੍ਹਾਂ ਸੰਸਕ੍ਰਿਤ ਦਾ ਇੱਕ ਲਫਜ਼ ਹੈ 'ਉਸਟ ਲਸਟਿਕਾ' ਕਿ ਊਠ ਦੇ ਪਲਾਣੇ ਵਿਚੋਂ ਡੰਡਾ ਕੱਢ ਕੇ ਊਠ ਨੂੰ ਮਾਰਨਾ-ਉਨ੍ਹਾਂ ਇਹੋ ਕੁੱਝ ਸਿੱਖਿਆ ਸੀ। ਜੇ ਹਿੰਦੂ ਤਕੜੇ ਹੋਏ ਤਾਂ ਮੁਸਲਮਾਨ ਚੁੱਕੇ ਦਿੱਤੇ, ਜੇ ਸਿੱਖ ਤਕੜੇ ਹੋਏ ਤਾਂ ਹਿੰਦੂ ਚੁੱਕ ਦਿੱਤੇ ਬਈ ਆਪਸ ਵਿਚ ਫਟੇ ਰਹਿਣ, ਸਾਡਾ ਕੰਮ ਚਲਦਾ ਰਵ੍ਹੇ, ਪਾੜੋ ਤੇ ਰਾਜ ਕਰੋ।"

ਇੰਜ ਮਾਲੇਰ ਕੋਟਲਾ ਵਿਖੇ 17-18 ਜਨਵਰੀ ਸੰਨ 1872 ਨੂੰ,ਬਿਨ੍ਹਾਂ ਮੁਕੱਦਮੇ ਚਲਾਏ 66 ਨਾਮਧਾਰੀ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। 17 ਜਨਵਰੀ ਸੰਨ 1872 ਨੂੰ, ਮਲੇਰਕੋਟਲਾ ਦੇ ਰੱਕੜ ਵਿਚ 7 ਤੋਪਾਂ ਸੱਤ-ਸੱਤ ਵਾਰ ਚਲੀਆਂ ਅਤੇ 49 ਸਿੱਖ ਨੱਸ ਨੱਸ ਕੇ ਆਪ ਤੋਪਾਂ ਅੱਗੇ ਆ ਕੇ ਸ਼ਹੀਦ ਹੁੰਦੇ ਗਏ। ਵਾਰੋ ਵਾਰੀ ਸਿੰਘ ਆਪ ਹੀ ਦੀਵਾਨ ਵਿਚੋਂ ਅਰਦਾਸ ਕਰਕੇ ਉਠ ਕੇ ਆਉਂਦੇ ਤੇ ਤੋਪਾਂ ਦੇ ਅੱਗੇ ਛਾਤੀ ਤਾਣ ਕੇ ਖੜੇ ਹੋ ਜਾਂਦੇ। ਜਦੋਂ ਤੋਪ ਦਾ ਗੋਲਾ ਵੱਜਦਾ, ਸਰੀਰ ਦੇ ਟੋਟੇ ਟੋਟੇ ਕਰਕੇ ਅਕਾਸ਼ ਨੂੰ ਉੱਡਦਾ। 50ਵਾਂ ਸ਼ਹੀਦ ਹੋਇਆ ਸਿੱਖ ਇੱਕ 12 ਸਾਲ ਦਾ ਬਾਲਕ ਬਿਸ਼ਨ ਸਿੰਘ ਸੀ। ਇਸ ਨੂੰ ਤਲਵਾਰਾਂ ਨਾਲ ਕੱਟ ਕੇ ਸ਼ਹੀਦ ਕੀਤਾ ਗਿਆ ਸੀ ਕਿਉਂਕਿ ਇਸ ਨੇ ਗੁੱਸੇ ਵਿਚ ਅੰਗਰੇਜ਼ ਅਫਸਰ ਕਾਵਨ ਦੀ ਦਾੜੀ ਨੂੰ ਜਾ ਹੱਥ ਪਾਇਆ ਸੀ। ਬਾਕੀ ਦੇ 16 ਸਿੱਖਾਂ ਨੂੰ 18 ਜਨਵਰੀ 1872 ਨੂੰ ਤੋਪਾਂ ਨਾਲ ਸ਼ਹੀਦ ਕੀਤਾ ਗਿਆ।

---

# ਬਾਲਕ ਬਿਸ਼ਨ ਸਿੰਘ ਪਿੰਡ ਰੜ ਦੀ ਸ਼ਹੀਦੀ

**ਸ਼ਹੀਦ ਜੱਥੇ ਵਿਚ ਇਸ ਮਨਮੋਹਣੀ ਸੂਰਤ ਦੇ 12 ਸਾਲ ਦੇ ਬੱਚੇ ਬਿਸ਼ਨ ਸਿੰਘ ਨੂੰ ਵੇਖ ਕੇ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਕਾਵਨ (ਜਿਸ ਦੇ ਹੁਕਮ ਨਾਲ ਕੂਕੇ ਸਿੱਖ ਤੋਪਾਂ ਨਾਲ ਉਡਾ ਕੇ ਸ਼ਹੀਦ ਕੀਤੇ ਜਾ ਰਹੇ ਸਨ) ਦੀ ਪਤਨੀ ਦਾ ਦਿਲ ਪਸੀਜ ਗਿਆ। ਉਸ ਨੇ ਕਾਵਨ ਨੂੰ ਇਸ ਮਾਸੂਮ ਨੂੰ ਛੱਡ ਦੇਣ ਲਈ ਕਿਹਾ।**

ਕਾਵਨ ਨੇ ਕਿਹਾ ਕਿ ,**" ਇਹ ਕਹਿ ਦੇਵੇ ਕਿ ਇਹ (ਗੁਰੂ) ਰਾਮ ਸਿੰਘ ਦਾ ਸਿੱਖ ਨਹੀਂ, ਇਸ ਦੀ ਜਾਨ** ਬਖਸ਼ ਦਿਆਂਗੇ "

**ਬਿਸ਼ਨ** ਸਿੰਘ ਆਖਣ ਲੱਗਾ , **" ਮੈਂ ਸਾਹਬ ਦੇ ਕੰਨ ਵਿਚ ਗੱਲ ਕਰਨੀ ਹੈ। ਉਹ ਨੂੰ ਮੈਂ ਦੱਸ ਦਿਆਂਗਾ ਜਿਹੜੀ ਮੈਂ ਗੱਲ ਕਰਨੀ ਹੈ। "**

ਉਹ ਨੂੰ ਸਾਹਬ ਹੁਰਾਂ ਦੇ ਕੋਲ ਜਿਸ ਵੇਲੇ ਲੈ ਕੇ ਗਏ ਤੇ ਕਾਵਨ ਨੇ ਹੇਠਾਂ ਝੁਕ ਦੇ ਜਿਸ ਵੇਲੇ ਬੱਚੇ ਅੱਗੇ ਸਿਰ ਨੀਵਾਂ ਕਰਕੇ ਉਸ ਦੀ ਗੱਲ ਸੁਣਨ ਲਈ ਕੰਨ ਕੀਤਾ ਤਾਂ ਬਾਲਕ ਬਿਸ਼ਨ ਸਿੰਘ ਜੋ ਉਸ ਵੇਲੇ ਖੁਦ ਜਖਮੀ ਸੀ,ਨੇ ਕਾਵਨ ਦੀ ਲੰਮੀ ਦਾੜ੍ਹੀ ਫੜਕੇ ਬਹੁਤ ਜ਼ੋਰ ਨਾਲ ਝੰਝੋੜੀ।ਆਪਣੇ ਸਤਿਗੁਰੂ ਦੀ ਬੇਅਦਬੀ ਬਾਰੇ ਸੁਣ ਬਿਸ਼ਨ ਸਿੰਘ ਦੀਆਂ ਅੱਖਾਂ ਅੰਗਿਆਰ ਬਣ ਗਈਆਂ ਸਨ ਤਾਂ ਹੀ ਉਸ ਨੇ ਸ਼ੇਰ ਵਾਂਗ ਝਪਟ ਕੇ ਕਾਵਨ ਦੀ ਦਾੜ੍ਹੀ ਫੜ ਕੇ ਜ਼ਮੀਨ 'ਤੇ ਡੇਗ ਲਿਆ। ਅਚਾਨਕ ਹਮਲੇ ਤੋਂ ਘਬਰਾ ਕੇ ਕਾਵਨ ਨੇ ਪੁਕਾਰ ਕੀਤੀ।ਕੋਲ ਖੜ੍ਹੇ ਸਿਪਾਹੀ ਵੀ ਘਬਰਾ ਗਏ।

ਜ਼ਖਮੀ ਬਾਲਕ ਬਿਸ਼ਨ ਸਿੰਘ ਨੇ ਕਾਵਨ ਦੀ ਲੰਮੀ ਦਾੜ੍ਹੀ ਫੜ ਕੇ ਉਦੋਂ ਤੀਕ ਨਹੀਂ ਛੱਡੀ ਜਦ ਤੀਕ ਕਾਵਨ ਕੋਲ ਖੜ੍ਹੇ ਤਲਵਾਰਾਂ ਵਾਲੇ ਸਿਪਾਹੀਆਂ ਨੇ ਪਹਿਲਾਂ ਉਸ ਦੇ ਗੁੱਟ ਕੱਟ ਅਤੇ ਫਿਰ ਤਲਵਾਰਾਂ ਨਾਲ ਸੀਸ ਧੜ ਤੋਂ ਜੁਦਾ ਕਰ ਅਤੇ ਸਰੀਰ ਕੱਟ ਕੇ ਟੋਟੇ ਟੋਟੇ ਕਰਕੇ ਸ਼ਹੀਦ ਨਹੀਂ ਕਰ ਦਿੱਤਾ।

ਇਕ ਜਖ਼ਮੀ ,ਭੁੱਖੇ,ਪਿਆਸੇ ਤੇ ਥੱਕੇ ਹੋਏ ਬਾਰਾਂ ਸਾਲ ਦੇ ਨਾਮਧਾਰੀ ਬੱਚੇ ਤੋਂ ਅੰਗਰੇਜ਼ ਅਫਸਰ ਕਾਵਨ ਇਨ੍ਹਾਂ ਡਰ ਗਿਆ ਸੀ ਕਿ 17 ਜਨਵਰੀ 1872 ਨੂੰ ਸ਼ਾਮ ਦੀ ਲਿਖੀ ਰਿਪੋਰਟ ਵਿਚ ਉਸ ਨੇ ਲਿਖਿਆ ਕਿ:- "ਿ

**ਇੱਕ ਕੂਕੇ ਨੇ ਸਿਪਾਹੀਆਂ ਤੋਂ ਅੱਖ ਬਚਾ ਕੇ ਮੇਰੇ** 'ਤੇ ਬੜਾ ਜਬਤਦਸਤ ਹਮਲਾ ਕੀਤਾ, ਉਹ ਮੇਰੀ ਦਾਹੜੀ ਨੂੰ ਚਿੰਬੜ ਗਿਆ ਅਤੇ ਮੇਰੇ ਮੂੰਹ ਤੇ ਹੱਥ ਰੱਖ ਕੇ ਮੇਰਾ ਸਾਹ ਘੁੱਟਣ ਲੱਗਾ। ਉਹ ਬੜਾ ਹੀ ਤਾਕਤਵਾਰ ਸੀ, ਮੈਨੂੰ ਉਸ ਤੋਂ ਆਪਣੇ ਆਪ ਨੂੰ ਛੁਡਾਉਣ ਲਈ ਬਹੁਤ ਹੀ ਮੁਸ਼ਕਿਲ ਪੇਸ਼ ਆਈ।ਅੱਜ ਦਾ ਦਿਨ ਸੱਚਮੁਚ ਮੇਰੇ ਲਈ ਬਹੁਤ ਹੀ ਚੁਨੌਤੀਆਂ ਭਰਪੂਰ ਸੀ। - "

" **ਉਸ ਦਾ ਹਮਲਾ ਇਵੇਂ ਸੀ ਜਿਵੇਂ ਕਿ ਬਿਜਲੀ ਚਮਕੀ ਹੋਵੇ। ਮੇਰੀਆਂ ਅੱਖਾਂ ਅੱਗੇ ਭੰਬੂ** -ਤਾਰੇ ਨੱਚਣ ਲੱਗੇ।ਮੈਨੂੰ ਆਪਣੀ ਮੌਤ ਕਰੀਬ ਖਲੋਤੀ ਦਿਸੀ, ਮੈਂ ਆਪਣਾ ਅੰਤ ਸਮਾਂ ਆਇਆ ਜਾਣ ਪ੍ਰਭੂ ਯਿਸ਼ੂ ਨੂੰ ਯਾਦ ਕੀਤਾ।"

ਪਟਿਆਲਾ ਆਰਕਾਇਵਜ਼ ਤੋਂ ਕਢਵਾਏ ਡਾਕੂਮੈਂਟਸ ਅਨੁਸਾਰ- " **ਜਿਸ ਵੇਲੇ ਮਿਸਟਰ ਕਾਵਨ ਸਾਹਿਬ ਬਹਾਦੁਰ ਗ੍ਰਿਫਤਾਰ ਕੀਤੇ ਹੋਏ ਬਾਗੀਆਂ ਤੋਂ ਉਨ੍ਹਾਂ ਦਾ ਹਾਲ ਪੁੱਛ ਰਹੇ ਸਨ ਤਾਂ ਇੱਕ ਕੂਕਾ (12 ਸਾਲ ਦਾ ਜਖਮੀ ਬਾਲਕ ਬਿਸ਼ਨ** ਸਿੰਘ) ਹਮਲਾ ਕਰਕੇ ਕਾਵਨ ਸਾਹਿਬ ਡਿਪਟੀ ਕਮਿਸ਼ਨਰ ਨੂੰ ਚਿੰਬੜ ਗਿਆ। ਜੇ ਉੱਤਮ ਸਿੰਘ ਥਾਣੇਦਾਰ ਪਟਿਆਲਾ ਤੇ ਸ਼ੈਖ ਬਰਕਤ ਅਲੀ ਤਹਿਸੀਲਦਾਰ ਸ਼ੇਰਪੁਰ ਇਲਾਕਾ ਪਟਿਆਲਾ, ਉਸ ਨੂੰ ਨਾ ਫੜਦੇ ਤਾਂ ਉਹ ਆਪਣਾ ਹਮਲਾ ਪੂਰਾ ਕਰ ਚੁੱਕਿਆ ਸੀ। ਉਸ ਤੋਂ ਸਾਬਿਤ ਹੈ ਕਿ ਇਹ ਲੋਕ ਅੰਗਰੇਜ਼ਾਂ ਦੇ ਕਿੰਨੇ ਦੁਸ਼ਮਣ ਤੇ ਕਿੰਨੇ ਦ੍ਰਿੜ ਇਰਾਦੇ ਵਾਲੇ ਸਨ ਅਤੇ ਨਤੀਜਾ ਵੀ ਨਿਕਲਦਾ ਹੈ ਕਿ ਜੇ ਇਹ ਲੋਕ ਤੋਪਾਂ ਨਾਲ ਤੁਰੰਤ ਨਾ ਉਡਾਏ ਜਾਂਦੇ ਤਾਂ ਪਤਾ ਨਹੀ ਕਿੰਨਾ ਕੁ ਫ਼ਸਾਦ ਪਾਉਦੇ। "

''ਇਕ ਕੂਕੇ ਨੇ, ਜਦੋਂ ਉਨ੍ਹਾਂ ਨੂੰ ਤੋਪ ਵੱਲ ਲੈ ਚਲੇ, ਮੇਰੇ ਤੇ ਸਾਹਿਬ ਬਹਾਦੁਰ ਵੱਲ ਆ ਕੇ ਇਕ ਅਜਿਹਾ ਹਮਲਾ ਕੀਤਾ ਕਿ ਉਸ ਦੇ ਹੱਥ ਵਿੱਚ ਸਾਹਿਬ ਬਹਾਦੁਰ ਅਜਿਹੇ ਆ ਗਏ ਤੇ ਸਾਹਿਬ ਬਹਾਦੁਰ ਨਾਲ ਅਜਿਹਾ ਲਿਪਟ ਗਿਆ ਕਿ ਕੀ ਦੱਸਿਆ ਜਾਵੇ। ਸਾਹਿਬ ਬਹਾਦੁਰ ਨੇ ਜਿਹੜੇ ਅਤੀ ਤਨੋਮੰਦ (ਤਕੜੇ ਸ਼ਰੀਰ ਵਾਲੇ ਰਿਸ਼ਟ-ਪੁਸ਼ਟ ) ਹਨ, ਉਹ ਦੇ ਨਾਲ ਪੂਰਾ ਮੁਕਾਬਲਾ ਕੀਤਾ। ਫਿਰ ਉੱਤਮ ਸਿੰਘ ਥਾਣੇਦਾਰ ਸ਼ੇਰਪੁਰ ਤੇ ਸ਼ੇਖ਼ ਬਰਕਤ ਅਲੀ ਆਦਿ ਉਸ ਨੂੰ ਚਿਮਟ ਗਏ ਪਰ ਬੜੀ ਮੁਸ਼ਕਿਲ ਨਾਲ ਸਾਹਿਬ ਬਹਾਦੁਰ ਨੂੰ ਛੁਡਵਾਇਆ ਅਤੇ ਫ਼ਿਰ ਉਸ ਨੂੰ ਤਲਵਾਰਾਂ ਮਾਰ ਮਾਰ ਕੇ ਉੱਥੇ ਹੀ ਕਤਲ ਕਰ ਦਿੱਤਾ ਗਿਆ।''

ਜੇ ਇਸ ਕੂਕੇ ਬਾਲਕ ਬਿਸ਼ਨ ਸਿੰਘ ਦੇ ਹੱਥਕੜੀਆਂ ਲਈਆਂ ਜਾ ਬੇੜੀਆਂ ਪਾਈਆਂ ਹੁੰਦੀਆਂ ਜਾ ਰੱਸਿਆਂ ਨਾਲ ਬੰਨਿਆ ਹੁੰਦਾ ਤਾਂ ਉਹ ਕਿਵੇਂ ਆ ਕੇ ਕਾਵਨ 'ਤੇ ਹਮਲਾ ਕਰ ਸਕਦਾ ਸੀ?

# ਸ. ਵਰਿਆਮ ਸਿੰਘ ਪਿੰਡ ਮਹਿਰਾਜ ਦੀ ਸ਼ਹੀਦੀ

ਪਿੰਡ ਮਹਿਰਾਜ, ਤਹਿਸੀਲ ਫੂਲ, ਜ਼ਿਲ੍ਹਾ, ਬਠਿੰਡਾ ਦੇ ਤਿੰਨ ਸਿੱਖ ਮਲੇਰ ਕੋਟਲਾ ਦੇ ਸਾਕੇ ਵਿਚ ਤੋਪਾਂ ਰਾਹੀਂ ਸ਼ਹੀਦ ਹੋਏ।

ਇਨ੍ਹਾਂ ਵਿਚੋਂ ਸ.ਮੋਗਾ ਸਿੰਘ ਤੇ ਸ.ਅਤਰ ਸਿੰਘ 17 ਜਨਵਰੀ ਨੂੰ ਸ਼ਹੀਦ ਹੋਏ।ਸ਼ਹੀਦ ਵਰਿਆਮ ਸਿੰਘ, 18 ਜਨਵਰੀ 1872 ਨੂੰ ਤੋਪਾਂ ਨਾਲ ਸ਼ਹੀਦ ਕੀਤੇ ਗਏ 16 ਨਾਮਧਾਰੀ ਸਿੰਘਾਂ ਵਿਚੋਂ ਇੱਕ ਸਨ।ਇਹ ਮਹਾਰਾਜਾ ਪਟਿਆਲਾ ਦੇ ਖਾਨਦਾਨ ਵਿਚੋਂ ਸਨ। ਇਨ੍ਹਾਂ ਨੂੰ ਛੱਡ ਦੇਣ ਲਈ ਮਹਾਰਾਜਾ ਪਟਿਆਲਾ ਰਾਹੀਂ ਸਿਫਾਰਸ਼ ਆਈ ਸੀ।ਇਨ੍ਹਾਂ ਦਾ ਕੱਦ ਮੱਧਰਾ ਸੀ ਸੋ ਇਨ੍ਹਾਂ ਨੂੰ ਬਚਾਉਣ ਲਈ ਇਨ੍ਹਾਂ ਦੇ ਮੱਧਰੇ ਕੱਦ ਦਾ ਬਹਾਨਾ ਬਣਾ ਕੇ ਅੰਗਰੇਜ਼ ਹਾਕਮ ਨੇ ਵਰਿਆਮ ਸਿੰਘ ਨੂੰ ਕਿਹਾ,

" ਤੂੰ ਤੋਪ ਅੱਗੋਂ ਹੱਟ ਜਾ, ਤੇਰਾ ਕੱਦ ਛੋਟਾ ਹੈ ਜਿਸ ਕਰਕੇ ਤੋਪ ਦੇ ਸਾਹਮਣੇ ਤੇਰੀ ਛਾਤੀ ਮੇਚ ਨਹੀਂ ਆਉਂਦੀ "।

ਪਰ ਇਹ ਬਹਾਦੁਰ ਸੂਰਮਾ ਇੱਕ ਦਮ ਦੌੜਿਆ ਅਤੇ ਲਾਗਲੇ ਖੇਤਾਂ ਵਿਚੋਂ ਮਿੱਟੀ ਦੀਆਂ ਢੀਮਾਂ ਇੱਕਠੀਆਂ ਕਰ ਲਿਆਇਆ ਅਤੇ ਉਨ੍ਹਾਂ ਦਾ ਥੜਾ ਬਣਾ ਕੇ ਉਸ ਉੱਪਰ ਖੜਾ ਹੋ ਕੇ ਕਹਿਣ ਲੱਗਾ,

"ਵੇਖ ਬਿੱਲਿਆ ,ਹੁਣ ਤਾਂ ਮੇਰਾ ਕੱਦ ਛੋਟਾ ਨਹੀਂ,ਹੁਣ ਮੈਂ ਤੇਰੀ ਤੋਪ ਦੇ ਸਾਹਮਣੇ ਪੂਰਾ ਹਾਂ, ਤੂੰ ਤੋਪ ਚਲਾ "

ਤੋਪਚੀ ਨੇ ਤੋਪ ਚਲਾਈ ਅਤੇ ਵਰਿਆਮ ਸਿੰਘ, ਅੰਗਰੇਜ ਦੀ ਤੋਪ ਦਾ ਹਾਣੀ ਬਣ, ਤੂੰਬਾ -ਤੂੰਬਾ ਉੱਡ ਸ਼ਹੀਦ ਹੋ ਆਪਣੇ ਸਾਥੀਆਂ ਨਾਲ ਜਾ ਰਲਿਆ।ਜੇ ਬੰਨ੍ਹਿਆਂ ਹੁੰਦਾ ਤਾਂ ਢੀਮਾਂ ਇਕੱਠੀਆਂ ਕਰਨ ਲਈ ਕਿਵੇਂ ਦੌੜ ਸਕਦਾ ਸੀ?

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਮਲੇਰ ਕੋਟਲਾ ਸਾਕੇ ਤੋਂ ਮਗਰੋਂ ਅੰਗਰੇਜਾਂ ਦਾ ਵਿਵਹਾਰ

## (ਨਜ਼ਰਬੰਦੀ ਅਤੇ ਜਲਾਵਤਨੀ)

ਮਲੇਰ ਕੋਟਲਾ ਦੇ ਸ਼ਹੀਦੀ ਕਾਂਡ ਮਗਰੋਂ ਅੰਗ੍ਰੇਜ਼ ਹਕੂਮਤ ਵੱਲੋਂ, 18 ਜਨਵਰੀ ਸੰਨ 1872 ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ,ਸੰਨ 1818 ਦੇ ਰੈਗੂਲੇਸ਼ਨ ।।। ਐਕਟ ਤਹਿਤ ਉਨ੍ਹਾਂ ਦੇ ਨਿੱਜੀ ਸੇਵਕ ਭਾਈ ਨਾਨੂੰ ਸਿੰਘ ਅਤੇ 10 ਪ੍ਰਮੁੱਖ ਸੂਬੇ ਸਾਹਿਬਾਨ ਤੇ ਸ.ਮੰਗਲ ਸਿੰਘ ਬਿਸ਼ਨਪੁਰੀ ਸਮੇਤ ਕੈਦ ਕਰ ਕੇ ਅਲਾਹਬਾਦ ਭੇਜ਼ ਕੇ ਨਜ਼ਰਬੰਦ ਕੀਤਾ ਗਿਆ ਸੀ।

ਕ੍ਰੀਬ ਦੋ ਮਹੀਨੇ ਬਾਅਦ ਸ੍ਰੀ ਸਤਿਗੁਰੂ ਜੀ ਨੂੰ ਉਨ੍ਹਾਂ ਦੇ ਨਿੱਜੀ ਸੇਵਕ ਭਾਈ ਨਾਨੂੰ ਸਿੰਘ ਸਮੇਤ ਦੇਸ਼ ਤੋਂ ਜਲਾਵਤਨ ਕਰਕੇ ਕੇ ਬਰਮਾ (ਰੰਗੂਨ) ਵਿਖੇ ਕੈਦ ਵਿੱਚ ਭੇਜ਼ ਦਿੱਤਾ ਗਿਆ ਸੀ। ਸਰਕਾਰ ਨੇ ਇਸ ਗੱਲ ਦਾ ਧਿਆਨ ਰੱਖਿਆ ਕਿ ਸ੍ਰੀ ਸਤਿਗੁਰੂ ਜੀ ਦੇ ਨਾਲ ਕਿਲੇ 'ਚ ਨਜ਼ਰਬੰਦ ਸੂਬਿਆਂ ਨੂੰ ਵੀ ਨਾ ਪਤਾ ਲੱਗ ਸਕੇ ਕਿ ਉਨ੍ਹਾਂ ਨੂੰ ਕਿਥੇ ਭੇਜਿਆ ਜਾ ਰਿਹਾ ਹੈ।

ਰੰਗੂਨ ਵਿਖੇ ਸ੍ਰੀ ਸਤਿਗੁਰੂ ਜੀ ਦਾ ਭਾਰਤ ਦੇ ਸਿੱਖਾਂ ਨਾਲ ਵੱਧਦਾ ਸੰਪਰਕ ਵੇਖ ਕੇ ਅੰਗਰੇਜ਼ ਹਕੂਮਤ ਨੇ 18 ਸਤੰਬਰ ਸੰਨ 1880 ਨੂੰ ਰੰਗੂਨ ਤੋਂ ਆਨੰਦ ਨਾਂ ਦੇ ਜਹਾਜ਼ ਵਿਚ ਬਿਠਾ ਕੇ , ਸ੍ਰੀ ਸਤਿਗੁਰੂ ਜੀ ਤੇ ਸੇਵਕ ਨਾਨੂੰ ਸਿੰਘ ਨੂੰ 21 ਸਤੰਬਰ ਸੰਨ 1880 ਨੂੰ ਮਰਗੋਈ ਟਾਪੂ ਦੀ ਜ਼ੇਲ੍ਹ ਵਿਚ ਪਹੁੰਚਾ ਦਿੱਤਾ।

1. ਭਾਈ ਨਾਨੂੰ ਸਿੰਘ ਨੂੰ , ਮਰਗੋਈ ਟਾਪੂ ਤੋਂ ਅੰਗਰੇਜ਼ ਸਰਕਾਰ ਨੇ ਵਾਪਸ ਪੰਜਾਬ ਭੇਜ਼ ਦਿੱਤਾ। 14 ਨਵੰਬਰ 1881 ਨੂੰ ਭਾਈ ਨਾਨੂੰ ਸਿੰਘ ਨੂੰ ਮੌਲਮੀਨ (ਬਰਮਾ) ਤੋਂ ਪੰਜਾਬ ਭੇਜਣ ਲਈ, ਕੱਲਕਤਾ ਰਵਾਨਾ ਕੀਤਾ ਗਿਆ।

   10 ਪ੍ਰਮੁੱਖ ਸੂਬੇ ਸਾਹਿਬਾਨ ਵਿਚੋਂ :– ਅਲਾਹਾਬਾਦ ਕਿਲ੍ਹੇ ਤੋਂ
2. ਸੂਬਾ ਰੂੜ ਸਿੰਘ, ਸੂਬਾ ਮਲੂਕ ਸਿੰਘ ਅਤੇ ਸੂਬਾ ਪਹਾੜਾ ਸਿੰਘ ਨੂੰ 15 ਦਸੰਬਰ 1872 ਨੂੰ ਅਸੀਰਗੜ੍ਹ ਕਿਲੇ ਵਿਚ ਭੇਜ਼ ਦਿੱਤਾ ਗਿਆ।
3. ਸੂਬਾ ਮਾਨ ਸਿੰਘ ਤੇ ਹੁਕਮਾਂ ਸਿੰਘ ਨੂੰ 1 ਦਸੰਬਰ 1872 ਨੂੰ ਚੁਨਾਰ ਤੇ ਕਿਲ੍ਹੇ ਵਿਚ ਅਣਮਿਥੇ ਸਮੇਂ ਲਈ ਪਹੁੰਚਾਇਆ ਗਿਆ।
4. ਸੂਬਾ ਜਵਾਹਰ ਸਿੰਘ, ਲੱਖਾ ਸਿੰਘ ਤੇ ਬ੍ਰਹਮਾ ਸਿੰਘ 30 ਦਸੰਬਰ 1872 ਨੂੰ ਕੱਲਕਤੇ ਰਾਹੀਂ ਮੌਲਮੀਨ ਪਹੁੰਚਾਏ ਗਏ।
5. ਸੂਬਾ ਕਾਹਨ ਸਿੰਘ ਨਿਹੰਗ ਤੇ ਸੂਬਾ ਸਾਹਿਬ ਸਿੰਘ ਨੂੰ 12 ਫਰਵਰੀ 1873 ਨੂੰ ਅਦਨ ਜ਼ੇਲ੍ਹ ਭੇਜਿਆ ਗਿਆ।
6. ਮਹਾਰਾਜਾ ਮਹਿੰਦਰ ਸਿੰਘ ਦੀ ਸਿਫਾਰਸ਼ ਪਹੁੰਚ ਜਾਣ ਕਾਰਣ ਸ.ਮੰਗਲ ਸਿੰਘ ਬਿਸ਼ਨਪੁਰੀ ਨੂੰ 3 ਮਾਰਚ 1873 ਨੂੰ ਛੱਡ ਦਿੱਤਾ ਗਿਆ।

--------------------------------------------------

# ਨਾਮਧਾਰੀ ਪੰਥ ਬਾਗੀ ਕਰਾਰ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼-ਨਿਕਾਲੇ ਤੋਂ ਬਾਅਦ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਨਾਮਧਾਰੀ ਪੰਥ ਦਾ ਮਾਰਗ-ਦਰਸ਼ਨ ਕੀਤਾ। ਅੰਗਰੇਜ਼ਾਂ ਨੇ ਆਪ ਜੀ ਨੂੰ ਵੀ 20 ਸਾਲ ਤੋਂ ਵੱਧ ਸਮੇਂ ਲਈ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰਬੰਦ ਕਰ ਦਿੱਤਾ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਅੰਗਰੇਜ਼ ਸਰਕਾਰ ਨੇ ਨਾਮਧਾਰੀ ਪੰਥ 'ਤੇ ਸਖਤੀਆਂ ਅਤੇ ਜ਼ੁਲਮ ਕੀਤੇ।

ਨਾਮਧਾਰੀ ਸਿੱਖਾਂ ਦੇ ਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ ਗੁਰਦੁਆਰੇ ਦੀ ਡਿਉੜੀ ਅੱਗੇ ਪੁਲਿਸ ਚੌਕੀ ਬਿਠਾ ਦਿੱਤੀ, ਜੋ ਲਗਾਤਾਰ 51 ਸਾਲ (ਸੰਨ 1872-1923 ਈ) ਤਕ ਰਹੀ।ਗੁਰਦਵਾਰੇ ਅੰਦਰ ਦਰਸ਼ਨ ਕਰਨ ਜਾਣ ਵਾਲਿਆਂ ਨੂੰ ਰਜਿਸਟਰ ਵਿਚ ਨਾਮ ਦਰਜ਼ ਕਰ ਕੇ ਪੰਜ-ਪੰਜ ਦੀ ਗਿਣਤੀ ਵਿਚ ਅੰਦਰ ਜਾਣ ਦਿਤਾ ਜਾਂਦਾ।

ਸਮੂਹ ਨਾਮਧਾਰੀ ਸਿੱਖਾਂ ਨੂੰ ਬਾਗੀ ਕਰਾਰ ਦੇ ਕੇ, ਪਿੰਡੋ ਪਿੰਡੀਂ ਨਜ਼ਰਬੰਦ ਕਰ ਦਿੱਤਾ।ਪਿੰਡੋਂ ਬਾਹਰ ਜਾਣ ਲਈ, ਪੁਲਿਸ ਜਾਂ ਪਿੰਡ ਦੇ ਮੁਖੀ ਕੋਲ ਇਤਲਾਹ ਦੇਣਾ ਜ਼ਰੂਰੀ ਕਰ ਦਿੱਤਾ ਗਿਆ।ਨਾਮਧਾਰੀ ਸਿੱਖਾਂ ਦੇ ਦੀਵਾਨਾਂ ਅਤੇ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੇ ਪਾਠ ਕਰਨ 'ਤੇ ਪਾਬੰਦੀ ਲਾਗੂ ਕਰ ਦਿੱਤੀ। ਅਖੰਡ ਪਾਠ ਕਰਨਾ ਜ਼ੁਰਮ ਕਰਾਰ ਦੇ ਦਿੱਤਾ ਗਿਆ। ਪਾਠ ਕਰਨ ਦੇ ਜ਼ੁਰਮ ਵਿਚ ਪਾਠ ਕਰਨ ਅਤੇ ਕਰਾਉਣ ਵਾਲੀਆਂ ਦੋਹਾਂ ਧਿਰਾਂ ਨੂੰ ਜੇਲ ਯਾਤਰਾ ਅਤੇ ਜੁਰਮਾਨਾ ਸਹਿਣਾ ਪੈਂਦਾ ਸੀ।

ਸਮੂਹ ਨਾਮਧਾਰੀ ਸਿੱਖਾਂ ਨਾਲ ਜੁਰਾਇਮ ਪੇਸ਼ਾ ਲੋਕਾਂ ਵਾਲਾ ਸਲੂਕ ਸ਼ੁਰੂ ਹੋ ਗਿਆ। ਸੰਨ 1872 ਦੇ Criminal Procedure Act ਦੀ ਧਾਰਾ 504-505 ਤਹਿਤ ਸਰਕਾਰ ਪ੍ਰਤੀ ਨੇਕ ਚਲਣੀ ਲਈ ਜਮਾਨਤਾਂ ਮੰਗੀਆਂ ਜਾਂਦੀਆਂ।

"ਇਹਨਾਂ ਨਿਯਮਾਂ, ਕਾਨੂੰਨਾਂ ਦੀ ਉਲੰਘਣਾ ਕਰਨ ਦੇ ਜ਼ੁਰਮ ਅਤੇ ਅੰਗਰੇਜ਼ੀ ਸਰਕਾਰ ਵਿਰੁੱਧ ਪ੍ਰਚਾਰ ਕਰਨ ਕਰਕੇ ਹਜ਼ਾਰਾ ਨਾਮਧਾਰੀ ਸਿੱਖਾਂ ਦੀਆਂ ਜਾਇਦਾਦਾਂ ਜਬਤ ਜਾਂ ਨੀਲਾਮ ਕਰ ਦਿੱਤੀਆਂ ਗਈਆਂ। ਹਜ਼ਾਰਾਂ ਨੇ ਜੇਲ ਯਾਤਰਾਂ ਸਹੀਆਂ, ਅਣਗਿਣਤ ਨੂੰ ਕਾਲੇ-ਪਾਣੀ ਦੀਆਂ ਸਜਾਵਾਂ ਹੋ ਗਈਆਂ, ਸਮੁੰਦਰ ਵਿਚ ਡੋਬ ਕੇ ਮਾਰ ਦਿੱਤਾ ਗਿਆ। ਨਾਮਧਾਰੀ ਸਿੱਖਾਂ ਨੇ ਸਭ ਦੁੱਖ-ਤਕਲੀਫ਼ਾਂ ਸਹਾਰ ਲਈਆਂ, ਪਰ ਅੰਗਰੇਜ਼ੀ ਸਰਕਾਰ ਦੀ ਈਨ ਨਹੀਂ ਮੰਨੀ। ਇਹ ਸੱਚ ਹੈ ਕਿ ਕੂਕਿਆਂ ਲਈ ਅੰਗਰੇਜ਼ ਸਰਕਾਰ ਦੇ ਪ੍ਰਤੀ ਵਫਾਦਾਰ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।"

(ਲੁਧਿਆਣਾ-ਡਿਸਟ੍ਰਿਕਟ ਗਜਟੀਅਰ-1904)

# ਫਾਇਲ ਨੰ:1

## ਮਦ ਨੰ: 1-86/ ਸੰਮਤ 1923 (ਸੰਨ 1866)

ਚੰਡੀ ਦਾਸ ਵਕੀਲ ਅੰਬਾਲਾ ਦੇ ਉਨ੍ਹਾਂ ਬਿਨੈ-ਪੱਤਰਾਂ 'ਤੇ ਆਧਾਰਤ ਮੁਕੱਦਮੇ ਦੀ ਮਿਸਲ ਦੀ ਸੂਚੀ, ਜਿਨ੍ਹਾਂ ਰਾਹੀਂ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੂੰ, ਉਨ੍ਹਾਂ ਕੂਕਿਆਂ ਦਾ ਇੰਤਜ਼ਾਮ ਕਰਨ ਵਾਸਤੇ ਸਾਹਿਬ ਬਹਾਦੁਰ ਅੰਬਾਲਾ ਦੇ ਹੁਕਮ ਅਨੁਸਾਰ ਬੇਨਤੀ ਕੀਤੀ ਗਈ ਜਿਨ੍ਹਾਂ ਨੇ ਨਵਾਂ ਮਜ਼ਹਬ "ਕੂਕਾ" ਈਜਾਦ ਕੀਤਾ ਹੈ ਤੇ ਸਰਕਾਰ ਪਟਿਆਲਾ ਦੇ ਇਲਾਕੇ 'ਚ ਰਹਿੰਦੇ ਹਨ।

1) ਬਿਨੈ-ਪੱਤਰ ਚੰਡੀ ਦਾਸ ਵਕੀਲ ਅੰਬਾਲਾ, ਮਿਤੀ ਹਾੜ ਵਦੀ 12, ਸੰਮਤ 1923.
2) ਵਕੀਲ ਅੰਬਾਲਾ ਦੀ ਰਿਪੋਰਟ, ਮਿਤੀ ਹਾੜ ਸੁਦੀ 14, ਸੰਮਤ 1923.
3) ਜਗਦੀਸ਼ ਸਿੰਘ ਤੇ ਨਰਾਇਣ ਦਾਸ ਦਾ ਬਿਨੈ-ਪੱਤਰ, ਮਿਤੀ ਭਾਦੋਂ ਸੁਦੀ 10, ਸੰਮਤ 1923.
4) ਨਰਾਇਣ ਦਾਸ ਵਕੀਲ ਏਜੰਸੀ ਦਾ ਬਿਨੈ-ਪੱਤਰ, ਮਿਤੀ ਅੱਸੂ ਵਦੀ 15, ਸੰਮਤ 1923.
5) ਸੱਯਦ ਨਿਸਾਰ ਅਲੀ ਵਕੀਲ ਲੁਧਿਆਣਾ ਦਾ ਬਿਨੈ-ਪੱਤਰ, ਮਿਤੀ ਕੱਤਕ ਵਦੀ 12, ਸੰਮਤ 1923.
6) ਚੰਡੀ ਦਾਸ ਵਕੀਲ ਅੰਬਾਲਾ ਦਾ ਬਿਨੈ-ਪੱਤਰ, ਮਿਤੀ ਕੱਤਕ ਸੁਦੀ 3, ਸੰਮਤ 1923.
7) ਚੰਡੀ ਦਾਸ ਦੇ ਨਾਮ ਪਰਵਾਨੇ ਦਾ ਖਰੜਾ, ਮਿਤੀ ਕੱਤਕ ਸੁਦੀ 4, ਸੰਮਤ 1923.
8) ਸੱਯਦ ਮੁਹੰਮਦ ਹੁਸੈਨ ਵਕੀਲ ਲਾਹੌਰ ਦਾ ਬਿਨੈ-ਪੱਤਰ, ਮਿਤੀ ਕੱਤਕ ਸੁਦੀ 9, ਸੰਮਤ 1923.
9) ਕਿਸ਼ਨ ਨਰਾਇਣ ਸਰਿਸ਼ਤਾਦਾਰ ਮੁਨਸ਼ੀ ਖਾਨਾ ਦੀ ਰਿਪੋਰਟ, ਮਿਤੀ ਮੱਘਰ ਵਦੀ 9, ਸੰਮਤ 1923.
10) ਕਚਹਿਰੀ ਮੁਨਸ਼ੀ ਖਾਨਾ ਦੀ ਰੋਬਕਾਰ, ਮਿਤੀ ਮੱਘਰ ਵਦੀ 9, ਸੰਮਤ 1923.
11) ਵਕੀਲ ਲੁਧਿਆਣਾ ਦਾ ਪਰਚਾ, ਮਿਤੀ ਮੱਘਰ ਵਦੀ 11, ਸੰਮਤ 1923.
12) ਵਕੀਲ ਲੁਧਿਆਣਾ ਦੇ ਨਾਮ ਦੇ ਪਰਵਾਨੇ ਦਾ ਖਰੜਾ, ਮਿਤੀ ਮੱਘਰ ਵਦੀ 11, ਸੰਮਤ 1923.
13) ਚੰਡੀ ਦਾਸ ਵਕੀਲ ਅੰਬਾਲਾ ਦੀ ਰਿਪੋਰਟ, ਮਿਤੀ ਪੋਹ ਵਦੀ 6, ਸੰਮਤ 1923.

ਦਾਸ

ਅਜ਼ੀਜ਼ਉੱਦੀਨ,

ਇਸ ਫਾਇਲ ਮਦ ਨੰ: 1-86/ ਸੰਮਤ 1923 (ਸੰਨ 1866) ਵਿੱਚ ਮਹਾਨ ਦੇਸ਼ ਭਗਤੀ ਦੀ ਲਹਿਰ 'ਕੂਕਾ ਅੰਦੋਲਨ' ਨੂੰ ਦਬਾਉਣ ਲਈ ਸਹਿਯੋਗ ਦੇਣ ਵਾਸਤੇ ਅਤੇ ਆਪਣੇ ਇਲਾਕੇ 'ਚ ਕੂਕਿਆਂ ਦੀ ਨਿਗਰਾਨੀ ਦਾ ਇੰਤਜ਼ਾਮ ਕਰਨ ਵਾਸਤੇ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੂੰ ,ਮਿਸਟਰ ਬਾਰਕਲੀ ਸਾਹਿਬ ਡਿਪਟੀ ਕਮਿਸ਼ਨਰ ਜ਼ਿਲ੍ਹਾ ਅੰਬਾਲਾ ਨੇ ਇਹ ਚਿੱਠੀਆਂ ਚੰਡੀਦਾਸ ਵਕੀਲ ਅੰਬਾਲਾ ਕੋਲੋਂ ਸੰਨ 1866 ਨੂੰ ਲਿਖਵਾਈਆਂ।ਇਨ੍ਹਾਂ ਚਿੱਠੀਆਂ ਦੇ ਜਵਾਬ ਵਿਚ ਸਹਿਯੋਗ ਲਈ ਹਾਮੀ ਭਰਨ ਅਤੇ ਭਰੋਸਾ ਦਿਵਾਉਣ ਲਈ ਮਹਾਰਾਜਾ ਪਟਿਆਲਾ ਵੱਲੋਂ ਜਵਾਬੀ ਪਰਵਾਨੇ ਲਿਖਵਾਏ ਗਏ।

ਇਨ੍ਹਾਂ ਸਾਰੀਆਂ ਚਿੱਠੀਆਂ 'ਤੇ ਜੋ ਤਾਰੀਖ ਤੇ ਸੰਨ/ ਸੰਮਤ ਲਿਖੇ ਗਏ ਹਨ, ਉਹ ਮਹਾਰਾਜਾ ਪਟਿਆਲਾ ਵੱਲੋਂ ਜਵਾਬੀ ਚਿੱਠੀਆਂ 'ਤੇ ਲਿਖੀਆਂ ਤਾਰੀਖਾਂ ਤੇ ਸੰਨ /ਸੰਮਤ ਹਨ।

---

## ਮਹਾਰਾਜਾ ਪਟਿਆਲਾ ( ਸ . ਮਹਿਦਰ ਸਿੰਘ) ਨੂੰ ਇਹ ਖਤ ਚੰਡੀਦਾਸ ਵਕੀਲ ਅੰਬਾਲਾ ਵੱਲੋਂ ਲਿਖਿਆ ਗਿਆ

ਗ਼ਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਮਿਸਟਰ ਬਾਰਕਲੀ ਸਾਹਿਬ ਬਹਾਦੁਰ ਕਾਇਮ ਮੁਕਾਮ ਡਿਪਟੀ ਕਮਿਸ਼ਨਰ ਜ਼ਿਲ੍ਹਾ ਅੰਬਾਲਾ ਨੇ ਦਾਸ ਨੂੰ ਬੁਲਾਕੇ ਹੁਕਮ ਦਿੱਤਾ ਕਿ "ਪੁਲਿਸ ਦੀ ਰਿਪੋਰਟ ਵਾਚਣ ਉਪ੍ਰੰਤ ਪਤਾ ਲੱਗਿਆ ਕਿ ਅਕਸਰ ਸਿੱਖ ਆਦਮੀ ਕੌਮ ਕੂਕਾ, (ਜਿਹੜਾ ਇਹ ਮਜ਼ਹਬ ਕੂਕਾ ਹੁਣੇ ਕੁਝ ਸਾਲਾਂ ਤੋਂ ਨਿਕਲਿਆ ਹੈ) ਜ਼ਿਲ੍ਹਾ ਲੁਧਿਆਣਾ ਤੇ ਜ਼ਿਲ੍ਹਾ ਫ਼ਿਰੋਜ਼ਪੁਰ ਵਲੋਂ ਅੰਬਾਲਾ ਵਿਖੇ ਆਉਦੇ ਹਨ ਅਤੇ ਉਨ੍ਹਾਂ ਦਾ ਇਥੇ ਇੱਕ ਇੱਕਠ ਹੋ ਜਾਂਦਾ ਹੈ ਤੇ ਉਹ ਲੋਕ ਇੱਕਠੇ ਹੋ ਕੇ ਦਿਨ ਨੂੰ ਸ਼ਹਿਰ 'ਚ ਜਾਂ ਸ਼ਹਿਰ ਦੇ ਨੇੜੇ ਤੇੜੇ ਫਿਰਦੇ ਰਹਿੰਦੇ ਹਨ, ਰਾਤ ਨੂੰ ਜਿੱਥੇ ਠਹਿਰਦੇ ਹਨ ਉਥੇ ਰੌਲਾ ਰੱਪਾ ਪਾਉਂਦੇ ਹਨ। ਉਨ੍ਹਾਂ ਦੇ ਇੱਕਠੇ ਹੋਣ ਨਾਲ ਡਰ ਪੈਦਾ ਹੋ ਜਾਂਦਾ ਹੈ। ਅਜਿਹਾ ਨਾ ਹੋਵੇ ਕਿ ਇਹ ਲੋਕ ਕਿਸੇ ਵੇਲੇ ਫ਼ਸਾਦ ਪਾਉਣ ਲਈ ਤਿਆਰ ਹੋ ਜਾਣ ਜਿਵੇਂ ਗ਼ਦਰ ਦੇ ਦਿਨਾਂ ਵਿੱਚ ਕਾਫ਼ੀ ਆਦਮੀਆਂ ਨੇ ਫ਼ਸਾਦ ਕੀਤਾ ਸੀ। ਹੁਣ ਇਨ੍ਹਾਂ ਲੋਕਾਂ ਦਾ ਇੱਕ ਟੋਲਾ ਪਟਿਆਲਾ ਦੇ ਇਲਾਕੇ ਵੱਲ ਗਿਆ ਹੈ। ਇਨ੍ਹਾਂ ਲੋਕਾਂ ਦੀ ਨਿਗਰਾਨੀ ਜ਼ਰੂਰ ਰੱਖਣੀ ਚਾਹੀਦੀ ਹੈ ਤੇ ਅਵੇਸਲੇ ਨਹੀਂ ਹੋਣਾ ਚਾਹੀਦਾ। ਜੇ, ਰੱਬ ਨਾ ਚਾਹੇ, ਇਹ ਲੋਕ ਕਿਸੇ ਥਾਂ ਫ਼ਸਾਦ ਪਾ ਦੇਣ ਤਾਂ ਉਸ ਵੇਲੇ ਇਨ੍ਹਾਂ ਨੂੰ ਖਦੇੜਨਾ ਮੁਸ਼ਕਿਲ ਹੋ ਜਾਵੇਗਾ, ਹੁਣ ਨਿਗਰਾਨੀ ਰੱਖਣਾ ਕੋਈ ਬੜੀ ਗੱਲ ਨਹੀ ਹੈ। ਤੂੰ (ਭਾਵ ਇਹ ਦਾਸ) ਸਾਡੇ ਵਲੋਂ ਮਹਾਰਾਜਾ ਸਾਹਿਬ ਬਹਾਦੁਰ ਦੇ ਅਹਿਲਕਾਰਾਂ ਦੀ ਸੇਵਾ ਵਿੱਚ ਲਿਖ ਦੇ ਕਿ ਉਹ ਇਨ੍ਹਾਂ ਲੋਕਾਂ ਦੀ ਨਿਗਰਾਨੀ ਦਾ ਆਪਣੇ ਇਲਾਕੇ 'ਚ ਪੂਰਾ ਬੰਦੋਬਸਤ ਕਰਨ ਭਾਵ ਇਨ੍ਹਾਂ ਨੂੰ ਇੱਕ ਥਾਂ ਇੱਕਠੇ ਨਾ ਹੋਣ ਦੇਣ ਅਤੇ ਜਿਹੜਾ ਜਵਾਬ ਮਹਾਰਾਜਾ ਸਾਹਿਬ ਦੇ ਅਹਿਲਕਾਰਾਂ ਵਲੋਂ ਆਵੇ ਉਸ ਦੀ ਇਤਲਾਹ ਸਾਨੂੰ ਦੇ।"

ਫਿਰ ਇਹ ਹੁਕਮ ਦਿੱਤਾ ਕਿ "ਅਸੀਂ ਪੁਲਿਸ ਦੇ ਮਹਿਕਮੇਂ ਵਿੱਚ ਹੁਕਮ ਭੇਜ ਦਿੱਤਾ ਹੈ ਕਿ ਉਹ ਜੇ ਕੂਕਾ ਕੌਮ ਦੇ ਪੰਜ ਛੇ ਆਦਮੀਆਂ ਦਾ ਇੱਕ ਥਾਂ ਇੱਕਠ ਵੇਖਣ ਤਾਂ ਪਹਿਲਾਂ ਉਨ੍ਹਾਂ ਲੋਕਾਂ ਨੂੰ ਆਪਣੇ ਤੌਰ 'ਤੇ ਸਮਝਾ ਦੇਣ ਕਿ ਉਹ ਖਿੰਡ ਪੁੰਡ ਕੇ ਆਪਣੇ-ਆਪਣੇ ਰਿਹਾਇਸ਼ੀ ਪਿੰਡਾਂ ਨੂੰ ਚਲੇ ਜਾਣ ਤੇ ਇਸ ਤਰ੍ਹਾਂ ਇੱਕਠੇ ਹੋ ਕੇ ਨਾਜਾਇਜ਼ ਨਾ ਫਿਰਨ । ਜੇ ਉਹ ਲੋਕ ਸਮਝਾਉਣ ਬੁਝਾਉਣ ਨਾਲ ਬਾਜ਼ ਆ ਜਾਣ ਤਾਂ ਬਿਹਤਰ ਹੈ ਨਹੀਂ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਧਾਰਾ 309 ਅਧੀਨ ਅਦਾਲਤ ਵਿੱਚ ਚਲਾਣ ਪੇਸ਼ ਕੀਤਾ ਜਾਵੇ। ਫਿਰ ਅਦਾਲਤ ਉਨ੍ਹਾਂ ਨੂੰ ਨਾਜਾਇਜ਼ ਇਕੱਠੇ ਹੋਣ ਦੀ ਧਾਰਾ 309 ਦੇ ਮਨਸ਼ੇ ਅਨੁਸਾਰ ਸਜ਼ਾ ਦੇਵੇਗੀ।"

ਸੋ ਮਿਸਟਰ ਬਾਰਕਲੀ ਸਾਹਿਬ ਬਹਾਦੁਰ ਦੇ ਹੁਕਮ ਦੀ ਪਾਲਣਾ ਕਰਨ ਵਾਸਤੇ ਹਜ਼ੂਰ ਕੋਲ ਵੇਰਵੇ ਸਹਿਤ ਇਤਲਾਹ ਭੇਜ ਕੇ ਬੇਨਤੀ ਕਰਦਾ ਹਾਂ ਕਿ ਇਸ ਮਾਮਲੇ ਬਾਰੇ ਜਿਵੇਂ ਮੁਨਾਸਿਬ ਹੋਵੇ ਇਸ ਬਿਨੈ-ਪੱਤਰ ਦਾ ਜਵਾਬ ਛੇਤੀ ਨਾਲ ਦਾਸ ਕੋਲ ਭੇਜਿਆ ਜਾਵੇ, ਪਰ ਜਵਾਬ ਅਜਿਹਾ ਭੇਜਿਆ ਜਾਵੇ ਜਿਹੜਾ ਉਸਤਤ ਯੋਗ ਸਾਹਿਬ ਬਹਾਦੁਰ ਮਿਸਟਰ ਬਾਰਕਲੀ ਕੋਲ ਮੁਲਾਹਿਜ਼ਾ ਤੇ ਗੁਜ਼ਾਰਿਸ਼ ਕਰਨ ਦੇ ਲਾਇਕ ਹੋਵੇ।

ਸਾਹਿਬ ਬਹਾਦੁਰ ਨੇ ਇਹ ਭੀ ਫ਼ੁਰਮਾਇਆ ਸੀ ਕਿ " ਇਨ੍ਹਾਂ ਲੋਕਾਂ ਦਾ ਇਸ ਤਰ੍ਹਾਂ ਇਕੱਠੇ ਹੋਣ ਦਾ ਮਨਸ਼ਾ ਕੀ ਹੈ, ਇਸ ਦਾ ਪਤਾ ਨਹੀਂ ਲੱਗ ਰਿਹਾ ਹੈ ।" ਦਾਸ ਨੇ ਕਿਹਾ ਕਿ ਵੇਖਣ ਨੂੰ ਤਾਂ ਇਹ ਲੋਕ ਆਪਣੇ ਮਜ਼ਹਬ ਦੀ ਤੱਰਕੀ ਵਾਸਤੇ ਇਕੱਠੇ ਹੁੰਦੇ ਹਨ ਤੇ ਇਕੱਠ ਕਰਦੇ ਹਨ। ਇਨ੍ਹਾਂ ਦਾ ਜਥੇਦਾਰ ਇੱਕ ਗੁਰੂ ਰਾਮ ਸਿੰਘ ਨਾਮੀਂ ਆਦਮੀ ਜ਼ਿਲ੍ਹਾ ਲੁਧਿਆਣਾ ਦਾ ਵਾਸੀ ਹੈ।" ਇਸ ਦੇ ਜਵਾਬ ਵਿੱਚ ਸਾਹਿਬ ਬਹਾਦੁਰ ਨੇ ਫ਼ੁਰਮਾਇਆ ਕਿ ਭਾਵੇਂ ਇਹ ਲੋਕ

---

ਵੇਖਣ ਨੂੰ ਆਪਣੇ ਫ਼ਿਰਕੇ ਤੇ ਮਜ਼ਹਬ ਦੀ ਤਰੱਕੀ ਵਾਸਤੇ ਅਜਿਹਾ ਕਰਦੇ ਹਨ ਪਰ ਅਸਲ ਵਿੱਚ ਇਨ੍ਹਾਂ ਵਲੋਂ ਫ਼ਸਾਦ ਕਰਨ ਦਾ ਡਰ ਹੈ ਅਤੇ ਗੁਰੂ ਰਾਮ ਸਿੰਘ ਤੋਂ ਲੁਧਿਆਣਾ ਦੀ ਅਦਾਲਤ ਨੇ ਜ਼ਮਾਨਤ ਲਈ ਹੈ ਕਿ ਉਹ ਆਪਣੇ ਪਿੰਡ ਤੋਂ ਕਿਸੇ ਹੋਰ ਥਾਂ ਨਾ ਜਾਵੇ ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨ ਸਮਾਨ ਹੈ ।
ਮਿਤੀ ਹਾੜ ਵਦੀ 9, ਸੰਮਤ 1923.
ਮੁਤਾਬਿਕ 6 ਜੁਲਾਈ, ਸੰਨ 1866.

ਦਾਸ
ਪੁਰਾਣਾ ਨਮਕ ਖ਼ਾਹ,
ਚੰਡੀ ਦਾਸ ਵਕੀਲ ਸਰਕਾਰ
ਅਦਾਲਤ ਅੰਬਾਲਾ 'ਚ ਹਾਜ਼ਿਰ ਰਹਿਣ ਵਾਲਾ ।

ਹਜ਼ੂਰ ਸ਼੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਮੁਲਾਹਿਜ਼ਾ ਹੋਣ ਉਪ੍ਰੰਤ ਹੁਕਮ ਹੋਇਆ ਕਿ :-

ਜਵਾਬ ਲਿਖਿਆ ਜਾਵੇ ਕਿ ਪਿਛਲੇ ਸਾਲ ਅਗਸਤ ਮਹੀਨੇ 'ਚ ਇਨ੍ਹਾਂ ਲੋਕਾਂ ਦਾ ਇੱਕ ਟੋਲਾ ਪਟਿਆਲਾ ਆਇਆ ਸੀ ਪਰ ਮੁਨਾਸਿਬ ਡਾਂਟ ਡਪਟ ਕਰਨ ਮਗਰੋਂ ਉਨ੍ਹਾਂ ਨੂੰ ਇਥੋਂ ਬਾਹਰ ਕੱਢ ਦਿੱਤਾ ਸੀ । ਉਸ ਤੋਂ ਮਗਰੋਂ ਕੂਕਿਆਂ ਦਾ ਕੋਈ ਟੋਲਾ ਪਟਿਆਲਾ ਨਹੀ ਆਇਆ । ਹੁਣ ਤੁਹਾਡੀ ਲਿਖਤ ਅਨੁਸਾਰ ਫ਼ੌਜਦਾਰੀ ਅਦਾਲਤ ਦੇ ਕਾਰਿੰਦਿਆਂ ਨੂੰ ਤਾਕੀਦੀ ਹੁਕਮ ਦਿੱਤਾ ਗਿਆ ਹੈ ਕਿ ਉਹ ਪੁਲਿਸ ਦੇ ਅਹਿਲਕਾਰਾਂ ਨੂੰ ਤਾਕੀਦ ਕਰਨ ਕਿ ਜੇ ਅੱਗੋਂ ਨੂੰ ਕੂਕਿਆਂ ਦਾ ਕੋਈਂ ਟੋਲਾ ਸਰਕਾਰ ਦੇ ਇਲਾਕੇ 'ਚ ਆਵੇ, ਪਹਿਲਾਂ ਤਾਂ ਸਾਹਿਬ ਬਹਾਦੁਰ ਦੇ ਮਨਸ਼ੇ ਮੁਤਾਬਿਕ ਉਨ੍ਹਾਂ ਨੂੰ ਸਮਝਾਉਣ ਬੁਝਾਉਣ । ਜੇ ਉਹ ਸਮਝਾਉਣ ਦੇ ਮੁਤਾਬਕ ਅਮਲ ਨਾ ਕਰਨ ਤਾਂ ਸਜ਼ਾ ਤਜਵੀਜ਼ ਕਰਨ ਵਾਸਤੇ ਉਨ੍ਹਾਂ ਦਾ ਚਾਲਾਨ ਮਹਿਕਮਾ ਸਦਰ ਅਦਾਲਤ 'ਚ ਪੇਸ਼ ਕਰਨ। ਚੇਤ ਸੁਦੀ ਏਕਮ, ਸੰਮਤ 1916 ਨੂੰ ਜਾਰੀ ਫ਼ੌਜਦਾਰੀ ਅਦਾਲਤ ਦੇ ਕਾਨੂੰਨ ਦੀ ਧਾਰਾ 99 ਅਨੁਸਾਰ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ। ਤਾਮੀਲ ਵਾਸਤੇ ਇਸ ਦੀ ਨਕਲ ਮਹਿਕਮਾ ਸਦਰ ਅਦਾਲਤ ਫ਼ੌਜਦਾਰੀ ਵਿੱਚ ਭੇਜੀ ਜਾਵੇ ।

ਹਾੜ ਵਦੀ 12, ਸੰਮਤ 1923 (9 ਜੁਲਾਈ 1866).

ਜਵਾਬੀ ਪਰਵਾਨਾ ਲਿਖਿਆ ਗਿਆ ।

## ਮਹਾਰਾਜਾ ਪਟਿਆਲਾ ( ਸ . ਮਹਿਦਰ ਸਿੰਘ) ਨੂੰ ਇਹ ਖਤ ਚੰਡੀਦਾਸ ਵਕੀਲ ਅੰਬਾਲਾ ਵੱਲੋਂ ਲਿਖਿਆ ਗਿਆ

ਗ਼ਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਇਹ ਪਰਵਾਨਾ ਕੱਲ੍ਹ ਦੀ ਤਾਰੀਕ 'ਚ ਐਤਵਾਰ ਨੂੰ ਦਾਸ ਕੋਲ ਪੁੱਜਾ ਸੀ। ਦਾਸ ਨੇ ਉਸੇ ਵੇਲੇ ਮਿਸਟਰ ਬਾਰਕਲੀ ਸਾਹਿਬ ਬਹਾਦੁਰ ਅਸਿਸਟੈਂਟ ਕਮਿਸ਼ਨਰ ਦੀ ਸੇਵਾ ਵਿੱਚ ਹਾਜ਼ਿਰ ਹੋ ਕੇ ਇਸ ਦੇ ਮਜ਼ਮੂਨ ਦਾ ਅੱਖਰ- ਅੱਖਰ ਪੜ੍ਹਕੇ ਸੁਣਾਇਆ। ਇਸ ਪਰਵਾਨੇ ਦਾ ਮਜ਼ਮੂਨ ਸੁਣਨ ਉਪ੍ਰੰਤ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਬਹੁਤ ਅੱਛਾ ਹੋਇਆ ਕਿ ਇੰਤਜ਼ਾਮ ਵਾਸਤੇ ਇਹ ਹੁਕਮ ਜਾਰੀ ਹੋ ਗਿਆ।

ਕੱਲ ਰਾਤ ਦੇ 12 ਵਜੇ ਕਪਤਾਨ ਨਾਏ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਕਸੌਲੀ ਤੋਂ ਅੰਬਾਲਾ ਵਿਖੇ ਤਸ਼ਰੀਫ਼ ਲੈ ਆਏ ਸਨ ਅਤੇ ਮਿਸਟਰ ਬਾਰਕਲੀ ਸਾਹਿਬ ਬਹਾਦੁਰ ਨੇ ਉਸਤਤ ਯੋਗ ਕਪਤਾਨ ਸਾਹਿਬ ਦੀ ਆਗਿਆ ਨਾਲ ਦਾਸ ਨੂੰ ਇਸ ਮਾਮਲੇ ਦਾ ਹਾਲ ਗੁਜ਼ਾਰਿਸ਼ ਕਰਨ ਵਾਸਤੇ ਹੁਕਮ ਦਿੱਤਾ ਸੀ। ਦਾਸ ਨੇ ਇਸ ਪਰਵਾਨੇ ਦੇ ਮਜ਼ਮੂਨ ਨੂੰ ਸਾਹਿਬ ਡਿਪਟੀ ਕਮਿਸ਼ਨਰ ਨੂੰ ਸੁਣਾਇਆ ਜਾਣਾ ਮੁਨਾਸਿਬ ਸਮਝਿਆ ਤੇ ਅੱਜ ਸਵੇਰੇ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਹਾਜ਼ਿਰ ਹੋ ਕੇ ਪਰਵਾਨੇ ਦਾ ਹਰਫ਼-ਹਰਫ਼ ਸੁਣਾ ਦਿੱਤਾ। ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੇ ਪਰਵਾਨੇ ਦਾ ਮਜ਼ਮੂਨ ਸੁਣ ਕੇ ਫ਼ਰਮਾਇਆ ਕਿ ਬਿਹਤਰ ਹੈ ਤੇ ਇਸ ਦਾ ਚੰਗੀ ਤਰ੍ਹਾਂ ਇੰਤਜ਼ਾਮ ਰੱਖਣਾ ਚਾਹੀਦਾ ਹੈ ਕਿਉਂਕਿ ਕੂਕਾ ਮਜ਼ਹਬ ਦੇ ਇਹ ਲੋਕ ਅਕਸਰ ਪਿੰਡਾਂ 'ਚ ਜਾ ਕੇ ਦੰਗਾ ਫ਼ਸਾਦ ਕਰਦੇ ਹਨ। ਇਨ੍ਹਾਂ ਲੋਕਾਂ ਨੇ ਜ਼ਿਲ੍ਹਾ ਲੁਧਿਆਣਾ ਦੇ ਇਲਾਕੇ 'ਚ ਕਈ ਵਾਰ ਅਜਿਹਾ ਕੀਤਾ ਤੇ ਇਹ ਲੋਕ ਮਜ਼ਹਬੀ ਦੰਗਾ ਕਰਨ ਵਾਸਤੇ ਮਜ਼ਹਬੀ ਸੋਟਾ ਆਪਣੇ ਕੋਲ ਰੱਖਦੇ ਹਨ, ਇਸ ਲਈ ਇਨ੍ਹਾਂ ਦੀ ਨਿਗਰਾਨੀ ਚੰਗੀ ਤਰ੍ਹਾਂ ਰੱਖਣੀ ਚਾਹੀਦੀ ਹੈ। ਦਾਸ ਨੇ ਬੇਨਤੀ ਕੀਤੀ ਕਿ ਸਰਕਾਰ ਦੇ ਇਲਾਕੇ 'ਚ ਤਾਂ ਪਹਿਲਾਂ ਤੋਂ ਹੀ ਇਨ੍ਹਾਂ ਲੋਕਾਂ ਦਾ ਖ਼ਿਆਲ ਰੱਖਿਆ ਹੋਇਆ ਹੈ ਅਤੇ ਹੁਣ ਫ਼ੌਜਦਾਰੀ ਮੁਲਾਜ਼ਿਮਾਂ ਨੂੰ ਇਨ੍ਹਾਂ ਲੋਕਾਂ ਦੀ ਨਿਗਰਾਨੀ ਕਰਨ ਤੇ ਸਜ਼ਾ ਦੇਣ ਲਈ ਤਾਕੀਦੀ ਹੁਕਮ ਜਾਰੀ ਹੋ ਗਿਆ ਹੈ।

ਸੋ ਇਹ ਰਿਪੋਰਟ ਇਤਲਾਹ ਵਜੋਂ ਤੇ ਜਵਾਬ ਦੇ ਤੌਰ 'ਤੇ ਹਜ਼ੂਰ ਕੋਲ ਭੇਜੀ ਜਾਂਦੀ ਹੈ। ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਉਲੰਘਣਾ ਹੈ।

ਹਾੜ ਸੁਦੀ 11, ਸੰਮਤ 1923 ਮੁਤਾਬਿਕ 23 ਜੁਲਾਈ, ਸੰਨ 1866.

ਦਾਸ
ਪੁਰਾਣਾ ਨਮਕ ਖ਼ਾਹ,
ਚੰਡੀ ਦਾਸ ਵਕੀਲ
ਅਦਾਲਤ ਅੰਬਾਲਾ 'ਚ ਨਿਯੁਕਤ।

ਸ਼੍ਰੀ ਮਹਾਰਾਜਾ ਸਾਹਿਬ ਦੇ ਮੁਲਾਹਿਜ਼ਾ ਕਰਨ ਉਪ੍ਰੰਤ ਹੁਕਮ ਹੋਇਆ ਕਿ

ਇਸ ਦੀ ਨਕਲ, ਸਮੇਤ ਸਾਬਿਤ ਕਾਗਜ਼ਾਤ ਦੇ, ਵਕੀਲ ਗੌਰਮਿਟ ਪੰਜਾਬ ਕੋਲ ਇਤਲਾਹ ਵਾਸਤੇ ਭੇਜ ਦਿੱਤੀ ਜਾਵੇ ਅਤੇ ਇਹ ਬਿਨੈ-ਪੱਤਰ ਸ਼ਾਮਿਲ ਮਿਸਲ ਹੋਵੇ।

ਹਾੜ ਸੁਦੀ 14, ਸੰਮਤ 1923.

## ਮਹਾਰਾਜਾ ਪਟਿਆਲਾ ( ਸ. ਮਹਿਦਰ ਸਿੰਘ) ਨੂੰ ਇਹ ਖਤ ਚੰਡੀਦਾਸ ਵਕੀਲ ਅੰਬਾਲਾ ਵੱਲੋਂ ਲਿਖਿਆ ਗਿਆ

**ਨਿਆਮਤਾਂ ਦੇ ਮਾਲਿਕ ਸ਼੍ਰੀ ਮਹਾਰਾਜਾ ਸਾਹਿਬ**

ਸ਼੍ਰੀ ਮਾਨ ਜੀ,

ਅੱਜ ਦਾਸਾਂ ਦੇ ਹਾਜ਼ਿਰ ਹੋਣ ਸਮੇਂ ਸਾਹਿਬ ਬਹਾਦੁਰ ਨੇ ਪਹਿਲਾਂ ਤਾਂ ਇਹ ਫ਼ੁਰਮਾਇਆ ਕਿ ਕੂਕਿਆਂ ਦਾ ਮਜ਼ਹਬ ਅੱਜ ਕੱਲ ਅਤਿਅੰਤ ਤਰੱਕੀ ’ਤੇ ਹੈ ਤੇ ਖ਼ਾਸ ਕਰਕੇ ਪਟਿਆਲੇ ਵਿੱਚ ਬਲਕਿ ਸਰਕਾਰ ਪਟਿਆਲਾ ਦੇ ਇਲਾਕੇ ਵਿੱਚ ਉਨ੍ਹਾਂ ਦਾ ਹੱਦੋਂ ਵੱਧ ਜ਼ੋਰ ਸ਼ੋਰ ਹੈ। ਵਿਸ਼ੇਸ਼ ਤੌਰ ’ਤੇ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ ਦਾ ਕੋਈ ਸਰਦਾਰ ਰਿਸ਼ਤੇਦਾਰ, ਜਿਹੜਾ ਰਾਏਪੁਰ ਦਾ ਵਾਸੀ ਹੈ, (ਸ. ਮੰਗਲ ਸਿੰਘ ਬਿਸਨਪੁਰੀਆ) ਮਸ਼ਹੂਰ ਹੈ ਤੇ ਉਸ ਗਰੋਹ ਵਿੱਚ ਨਾਮੀਂ ਗਰਾਮੀਂ ਹੈ। ਪ੍ਰਗਟ ਤੌਰ ‘ਤੇ ਜੇ ਕੂਕਿਆਂ ਦੀ ਗਿਣਤੀ ਇਸ ਕਦਰ ਵਧ ਗਈ ਤਾਂ ਭਾਰੀ ਫ਼ਸਾਦ ਦਾ ਡਰ ਹੈ। ਅਕਸਰ ਤਜਾਰਤ ਕਰਨ ਵਾਲੇ ਤੇ ਵਿਉਪਾਰੀ ਲੋਕ, ਜਿਹੜੇ ਹਰ ਸਮੇਂ ਅਮਨ, ਸੁੱਖ-ਸਾਂਦ ਤੇ ਸ਼ਾਤੀ ਦੇ ਚਾਹਵਾਨ ਹਨ, ਕੂਕਿਆਂ ਹੱਥੋਂ ਡਰਦੇ ਤੇ ਡਾਵਾਂ-ਡੋਲ ਹੋ ਕੇ ਇਨ੍ਹਾਂ ਦਾ ਪ੍ਰਬੰਧ ਕਰਨ ਲਈ ਸਰਕਾਰ ਨੂੰ ਬੇਨਤੀ ਕਰਦੇ ਹਨ। ਜੇ ਇਨ੍ਹਾਂ ਕੂਕਿਆਂ ਦੀ ਗਿਣਤੀ ’ਚ ਇੰਨਾਂ ਵਾਧਾ ਹੈ ਤਾਂ ਅਸਲ ਵਿੱਚ ਬੁਰੀ ਗੱਲ ਹੈ। ਹਰ ਹਾਲਤ ਵਿੱਚ ਉਨ੍ਹਾਂ ਦਾ ਪ੍ਰਬੰਧ ਕਰਨਾ ਤੇ ਉਨ੍ਹਾਂ ਨੂੰ ਖਦੇੜਨਾ ਵਾਜਿਬ ਹੈ।

ਦਾਸਾਂ ਨੇ ਅਰਜ਼ ਕੀਤਾ ਕਿ ਕੂਕਾ ਮਜ਼ਹਬ ਦਾ ਪਟਿਆਲੇ ’ਚ ਬਿਲਕੁਲ ਦਖ਼ਲ ਨਹੀਂ ਹੈ, ਹਾਂ! ਪਿਛਲੇ ਸਾਲ ਸ਼੍ਰੀ ਗੰਗਾ ਜੀ ਦੇ ਮੇਲੇ ਦੇ ਮੌਕੇ ’ਤੇ ਇਸ ਮਜ਼ਹਬ ਵਾਲਿਆਂ ਦਾ ਭਾਰੀ ਇਕੱਠ ਪਟਿਆਲਾ ਵਿਖੇ ਆਇਆ ਸੀ। ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ ਨੇ ਕੋਤਵਾਲ ਨੂੰ ਭੇਜ ਕੇ ਉਨ੍ਹਾਂ ਨੂੰ ਫ਼ੌਰਨ ਬਾਹਰ ਕੱਢ ਦਿੱਤਾ ਸੀ। ਇਸ ਲਈ ਹੁਣ ਹਜ਼ੂਰ ਨੇ ਦੂਰ ਦ੍ਰਿਸ਼ਟੀ ਦੇ ਮੱਦੇ ਨਜ਼ਰ ਇਸ ਬਾਰੇ ਹੁਕਮ ਦਿੱਤਾ ਹੈ ਤਾਂ ਹਰ ਹਾਲਤ ਵਿੱਚ ਇਸ ਦਾ ਤਸੱਲੀ ਬਖ਼ਸ਼ ਇੰਤਜ਼ਾਮ ਹੋ ਜਾਵੇਗਾ ਅਤੇ ਤੁਹਾਨੂੰ ਇਹ ਪ੍ਰਤੱਖ ਹੋਵੇ ਕਿ ਪਹਿਲਾਂ ਵੀ ਇੱਕ ਵਾਰ ਸਾਬਕਾ ਹਾਕਮਾਂ ਦੇ ਰਾਜਕਾਲ ਵਿੱਚ ਫੂਲਾ ਸਿੰਘ ਅਕਾਲੀ ਦਾ ਤੇ ਫ਼ਿਰ ਬਹਾਦੁਰ ਸਿੰਘ ਬਟੌਰ (ਬਟਵਰ) ਵਾਲੇ ਦਾ ਇਸ ਕਦਰ ਜ਼ੋਰ-ਸ਼ੋਰ ਹੋਇਆ ਸੀ ਤਾਂ ਸਿੱਖ ਮਹਾਰਾਜਿਆਂ ਨੇ ਫ਼ੌਜ ਭੇਜ ਕੇ ਉਹਨਾਂ ਨੂੰ ਖਦੇੜਿਆ ਸੀ ਅਤੇ ਅਜਿਹੇ ਮੌਕਿਆਂ ’ਤੇ ਸਰਕਾਰ ਦੇ ਅਹਿਲਕਾਰ ਅਕਸਰ ਸਰਕਾਰ ਨੂੰ ਇਤਲਾਹ ਦਿੰਦੇ ਰਹੇ ਤੇ ਹੁਣ ਵੀ ਅੱਲ੍ਹਾ ਨੇ ਚਾਹਿਆ, ਕਿਸੇ ਪ੍ਰਕਾਰ ਦੀ ਢਿੱਲ ਮੱਠ ਨਹੀ ਕਰਨਗੇ। ਸਾਹਿਬ ਬਹਾਦੁਰ ਨੇ ਫ਼ੁਰਮਾਇਆ ਕਿ ਵਾਕੱਈ ਅਜਿਹੀ ਹੀ ਕਾਰਵਾਈ ਤੁਹਾਡੇ ਵੱਲੋਂ ਹਮੇਸ਼ਾ ਹੁੰਦੀ ਰਹੀ ਹੈ। ਹੁਣ ਵੀ ਇਸ ਮਾਮਲੇ ਦਾ ਪ੍ਰਬੰਧ ਅਜਿਹਾ ਕਰਨਾ ਚਾਹੀਦਾ ਹੈ ਕਿ ਜਿਸ ਸਦਕਾ ਫ਼ਸਾਦ ਦਾ ਡਰ ਬਿਲਕੁਲ ਖ਼ਤਮ ਹੋ ਜਾਵੇ। ਸਾਡੇ ਵੱਲੋਂ ਵੀ ਲੁਧਿਆਣਾ ਵਿਖੇ ਗੁਰੂ ਰਾਮ ਸਿੰਘ ਨੂੰ ਬੁਲਾ ਕੇ ਸਖ਼ਤ ਹਦਾਇਤ ਕੀਤੀ ਗਈ ਸੀ ਕਿ “ਤੁਸੀ ਲੋਕ ਇੱਕਠੇ ਹੋ ਕੇ ਇੱਕ ਥਾਂ ਕਤਈ ਨਾ ਰਿਹਾ ਕਰੋ, ਜਿਵੇਂ ਕਿ ਇੱਕ ਟੋਲੇ ਨੇ ਰਾਏਪੁਰ ਜ਼ਿਲ੍ਹਾ ਲੁਧਿਆਣਾ ਵਿਖੇ ਇੱਕਠੇ ਹੋ ਕੇ ਫ਼ਸਾਦ ਕੀਤਾ ਸੀ।”

ਮੁਕਦੀ ਗ਼ੱਲ ਸਾਹਿਬ ਬਹਾਦੁਰ ਨੇ ਇਨ੍ਹਾਂ ਕੂਕਿਆਂ ਦਾ ਇੰਤਜ਼ਾਮ ਕਰਨ ਖ਼ਾਤਿਰ ਅਤਿਅੰਤ ਤਾਕੀਦ ਤੇ ਹਦਾਇਤ ਕੀਤੀ ਹੈ। ਸੋ ਬੇਨਤੀ ਹੈ ਕਿ ਮਹਾਰਾਜਾ ਸਾਹਿਬ ਬਹਾਦੁਰ ਦੇ ਦਰਬਾਰ ਵੱਲੋਂ ਨਾਜ਼ਿਮ ਸਾਹਿਬਾਨ ਰਾਹੀਂ ਸਾਰੇ ਇਲਾਕੇ ਵਿੱਚ ਧੁਮਾਇਆ ਜਾਵੇ ਕਿ ਕੂਕਾ ਮਜ਼ਹਬ ਅਪਨਾਉਣ ਵਾਲੇ ਸਾਰੇ ਆਦਮੀਆਂ ਨੂੰ ਸਰਕਾਰ ਦੇ ਇਲਾਕੇ ’ਚੋਂ ਬਾਹਰ ਕੱਢਿਆ ਜਾਵੇ ਅਤੇ ਅੱਗੋਂ ਵਾਸਤੇ ਜੇ ਕੋਈ ਆਦਮੀ ਕੂਕਾ ਧਰਮ ਇਖ਼ਤਿਆਰ ਕਰੇਗਾ ਉਸ ਨੂੰ ਸਖ਼ਤ ਸਜ਼ਾ

ਦਿੱਤੀ ਜਾਵੇਗੀ ਬਲਕਿ ਇਸ ਤੋਂ ਇਲਾਵਾ, ਇਹਨਾਂ ਦਾਸਾਂ ਦੀ ਤੁੱਛ ਜਿਹੀ ਰਾਏ ਵਿੱਚ, ਇਹ ਵੀ ਮੁਨਾਸਿਬ ਹੈ ਕਿ ਖ਼ਾਸ ਇਸ ਇੰਤਜ਼ਾਮ ਵਾਸਤੇ ਸਰਕਾਰ ਦੇ ਮੁਲਾਜ਼ਿਮਾਂ ਵਿੱਚੋਂ ਕੁਝ ਸੁਚੇਤ ਵਿਅਕਤੀ ਨਿਯੁਕਤ ਕੀਤੇ ਜਾਣ।

ਸਾਹਿਬ ਬਹਾਦੁਰ ਨਾਲ ਉਸ ਬਿਨੈ-ਪੱਤਰ ਬਾਰੇ ਵੀ ਗੱਲ ਬਾਤ ਹੋਈ ਸੀ ਜਿਹੜਾ ਸਹਾਰਨਪੁਰ ਤੋਂ ਆਇਆ ਸੀ। ਸੁਣਿਆ ਗਿਆ ਹੈ ਕਿ ਉਹਨਾਂ ਵਿੱਚੋਂ ਇੱਕ ਆਦਮੀ ਜ਼ਿਲ੍ਹਾ ਸਹਾਰਨਪੁਰ ਵਿੱਚ ਗ੍ਰਿਫ਼ਤਾਰ ਹੋ ਗਿਆ ਹੈ। ਸਾਹਿਬ ਬਹਾਦੁਰ ਨੇ ਫ਼ਰਮਾਇਆ ਹੈ ਕਿ "ਨਿਰਸੰਦੇਹ, ਉਹ ਆਦਮੀ ਹਵਾਲਾਤ ਵਿੱਚ ਹੈ ਤੇ ਉਸ ਬਾਰੇ ਛਾਣਬੀਣ ਹੋ ਰਹੀ ਹੈ"। ਕੂਕਿਆਂ ਦੇ ਮਜ਼ਹਬ ਬਾਰੇ ਹੁੰਦੀ ਗੱਲ ਬਾਤ ਦੌਰਾਨ ਸਾਹਿਬ ਬਹਾਦੁਰ ਨੇ ਇਹ ਵੀ ਫ਼ਰਮਾਇਆ ਸੀ ਕਿ ਕਿਲਾ ਗੋਬਿੰਦਗੜ੍ਹ ਆਦਿ ਅਸਥਾਨਾਂ ਦੀ ਵੀ ਚੰਗੀ ਤਰ੍ਹਾਂ ਨਿਗਰਾਨੀ ਰੱਖਣੀ ਚਾਹੀਦੀ ਹੈ। ਕਿਉਂਕਿ ਇਹਨਾਂ ਗੱਲਾਂ ਦੀ ਸਰਕਾਰ (ਪਟਿਆਲਾ) ਨੂੰ ਇਤਲਾਹ ਦੇਣੀ ਵਾਜਿਬ ਸੀ ਇਸ ਲਈ ਇਤਲਾਹ ਵਜੋਂ ਲਿਖਿਆ ਗਿਆ।

**ਐ ਖ਼ੁਦਾ ਤੇਜ ਪਰਤਾਪ ਤੇ ਹਕੂਮਤ ਦਾ ਸੂਰਜ ਹਮੇਸ਼ਾ ਚਮਕਦਾ ਰਹੇ !**
**ਮਿਤੀ ਭਾਦੋਂ ਸੁਦੀ ਤੀਜ, ਸੰਮਤ 1923, ਦਿਨ ਮੰਗਲਵਾਰ, ਮੁਕਾਮ ਕਸੌਲੀ ਪਹਾੜ**

**ਦਾਸ**
**ਪੁਰਾਣਾ ਨਮਕ ਖ਼ਾਹ,**
**ਜਗਦੀਸ਼ ਸਿੰਘ, ਨਰਾਇਣ ਦਾਸ**
**ਤੇ ਕੁਲਵੰਤ ਰਾਏ, ਵਕੀਲ ਏਜੰਸੀ।**

ਮਹਾਰਾਜਾ ਸਾਹਿਬ ਬਹਾਦੁਰ ਨੂੰ ਅਹਿਲਕਾਰ ਸਾਹਿਬਾਨ ਦੇ ਸਾਹਮਣੇ ਇਹ ਬਿਨੈ-ਪੱਤਰ ਮੁਲਾਹਿਜ਼ਾ ਕਰਵਾਇਆ ਗਿਆ ਅਤੇ ਇਸ ਬਾਰੇ ਅਹਿਲਕਾਰ ਸਾਹਿਬਾਨ ਨਾਲ ਜ਼ੁਬਾਨੀ ਵੀ ਗੱਲ ਬਾਤ ਹੋਈ। ਸੋ ਹੁਕਮ ਹੋਇਆ ਕਿ :-

ਜਵਾਬ ਲਿਖਿਆ ਜਾਵੇ ਕਿ ਤੁਸੀਂ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਇਹ ਗੁਜ਼ਾਰਿਸ਼ ਕਰ ਦਿਓ ਕਿ ਸਰਕਾਰ ਨੂੰ ਇਸ ਕੰਮ ਦਾ ਸਰਕਾਰੀ ਇਲਾਕੇ 'ਚ ਪ੍ਰਬੰਧ ਕਰਨ ਵਾਸਤੇ ਸਰਕਾਰ ਦੇ ਅਹਿਲਕਾਰਾਂ ਵਲ ਲਿਖਿਆ ਜਾਣਾ ਤਾਂ ਮੰਨਜ਼ੂਰ ਹੈ ਪਰ ਤੁਸੀਂ ਸਾਹਿਬ ਬਹਾਦੁਰ ਨੂੰ ਉਸ ਤਜਵੀਜ਼ ਦੀ ਨਕਲ ਦੇਣ ਵਾਸਤੇ ਬੇਨਤੀ ਕਰੋ ਜਿਸ ਅਨੁਸਾਰ ਉਨ੍ਹਾਂ ਨੇ ਅੰਗਰੇਜ਼ੀ ਇਲਾਕੇ 'ਚ ਇਸ ਦਾ ਪ੍ਰਬੰਧ ਕੀਤਾ ਹੈ। ਉਸ ਤਜਵੀਜ਼ ਦੀ ਨਕਲ ਲੈ ਕੇ ਭੇਜੋ ਤਾਂ ਕਿ ਉਸ ਦੇ ਮੁਤਾਬਿਕ ਇੰਤਜ਼ਾਮ ਕੀਤਾ ਜਾਵੇ। ਇਸ ਦੀ ਇੱਕ ਇੱਕ ਨਕਲ ਅੰਬਾਲਾ ਤੇ ਲੁਧਿਆਣਾ ਦੇ ਵਕੀਲਾਂ ਕੋਲ ਭੇਜ ਕੇ ਲਿਖਿਆ ਜਾਵੇ ਕਿ ਇਸ ਗੱਲ ਦਾ ਜਿਹੜਾ ਪ੍ਰਬੰਧ ਜ਼ਿਲਾ ਅੰਬਾਲਾ ਤੇ ਲੁਧਿਆਣਾ ਵਿੱਚ ਹੋਇਆ ਹੋਵੇ, ਉਸ ਬਾਰੇ ਇਤਲਾਹ ਦਿਓ।

ਮਿਤੀ ਭਾਦੋਂ ਸੁਦੀ 10, ਸੰਮਤ 1923.

---

**ਇਹ ਚਿੱਠੀ ਮਹਾਰਾਜਾ ਪਟਿਆਲਾ ਦੇ ਹੁਕਮ ਅਨੁਸਾਰ ਨਰਾਇਣ ਦਾਸ ਵਕੀਲ ਏਜੰਸੀ ਨੂੰ ਉਸ ਵੱਲੋਂ ਭਾਦੋਂ ਸੁਦੀ 3 ਸੰਮਤ 1923 ਨੂੰ ਆਈ ਚਿੱਠੀ ਦੇ ਜਵਾਬ ' ਚ ਲਿਖੀ ਗਈ**

ਮਹਿਕਮਾ ਆਲੀਆ ਮੁਨਸ਼ੀ ਖ਼ਾਨਾ ਵਲੋਂ
ਅਬਦ ਇਲਾਹੀ ਦੇ ਹੁਕਮ ਨਾਲ

ਉੱਚੇ ਰੁਤਬੇ ਵਾਲੇ ਨਰਾਇਣ ਦਾਸ,

ਖ਼ੁਸ਼ ਰਹੋ!

ਤੁਹਾਡਾ ਬਿਨੈ-ਪੱਤਰ ਮਿਤੀ ਭਾਦੋਂ ਸੁਦੀ 3, ਸੰਮਤ 1923 ਪ੍ਰਾਪਤ ਹੋਇਆ ਜਿਸ ਰਾਹੀਂ ਉੱਚੇ ਰੁਤਬੇ ਵਾਲੇ ਸਾਹਿਬ ਏਜੰਟ ਬਹਾਦੁਰ ਵਲੋਂ ਜਗਦੀਸ਼ ਸਿੰਘ, ਦੀਵਾਨ ਕੁਲਵੰਤ ਰਾਏ ਤੇ ਤੁਹਾਨੂੰ ਦਿੱਤੇ ਹੁਕਮ ਕਿ ਕੂਕਿਆਂ ਦਾ ਪ੍ਰਬੰਧ ਕੀਤਾ ਜਾਵੇ, ਦੀ ਇਤਲਾਹ ਦਿੱਤੀ ਗਈ ਸੀ।

ਸੋ ਤੁਹਾਨੂੰ ਲਿਖਿਆ ਜਾਂਦਾ ਹੈ ਕਿ ਤੁਸੀਂ ਸਾਹਿਬ ਏਜੰਟ ਬਹਾਦੁਰ ਦੀ ਸੇਵਾ ਵਿੱਚ ਬੇਨਤੀ ਕਰੋ ਕਿ ਸਰਕਾਰ ਪਟਿਆਲਾ ਦੇ ਅਹਿਲਕਾਰਾਂ ਨੂੰ ਸਰਕਾਰ ਦੇ ਇਲਾਕੇ 'ਚ ਕੂਕਿਆਂ ਦਾ ਇੰਤਜ਼ਾਮ ਕਰਨਾ ਤਨੋਂ ਮਨੋਂ ਮੰਨਜ਼ੂਰ ਹੈ ਪਰ ਸਾਨੂੰ ਉਸ ਤਜਵੀਜ਼ ਦੀ ਨਕਲ ਬਖ਼ਸ਼ੀ ਜਾਵੇ, ਜਿਸ ਅਨੁਸਾਰ ਅੰਗਰੇਜ਼ੀ ਸਰਕਾਰ ਦੇ ਇਲਾਕੇ 'ਚ ਕੂਕਿਆਂ ਦਾ ਪ੍ਰਬੰਧ ਹੋਇਆ ਹੋਵੇ। ਤੁਸੀਂ ਇਹ ਨਕਲ ਲੈ ਕੇ ਭੇਜ ਦਿਓ ਤਾਂ ਕਿ ਉਸ ਦੇ ਮੁਤਾਬਿਕ ਸਰਕਾਰ ਪਟਿਆਲਾ ਦੇ ਇਲਾਕੇ 'ਚ ਪ੍ਰਬੰਧ ਕੀਤਾ ਜਾ ਸਕੇ।

ਤੁਸੀਂ ਇਹ ਸਮਝੋ ਕਿ ਸਰਕਾਰ ਤੁਹਾਡੇ 'ਤੇ ਮਿਹਰਬਾਨ ਹੈ।

ਮਿਤੀ ਭਾਦੋਂ ਸੁਦੀ 10, ਸੰਮਤ 1923.

## ਇਹ ਚਿੱਠੀ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੂੰ ਨਰਾਇਣ ਦਾਸ (ਵਕੀਲ ਸਰਕਾਰ) ਵੱਲੋਂ ਲਿਖੀ ਗਈ

### ਦੋ ਜਹਾਨਾਂ ਦੀਆਂ ਨਿਆਮਤਾਂ ਦੇ ਮਾਲਿਕ ਜਨਾਬ ਮਹਾਰਾਜਾ ਸਾਹਿਬ

ਸ੍ਰੀ ਮਾਨ ਜੀ,

ਨੂਰਾਨੀ ਹਜ਼ੂਰ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਦਾਸ ਨੇ ਸਾਹਿਬ ਏਜੰਟ ਬਹਾਦੁਰ ਦੀ ਸੇਵਾ ਵਿੱਚ ਹਾਜ਼ਿਰ ਹੋ ਕੇ ਮਹਿਕਮਾ ਏਜੰਸੀ ਵਲੋਂ ਤਜਵੀਜ਼ ਕੀਤੀ ਗਈ ਉਸ ਵਿਉਂਤਬੰਦੀ ਦੀ ਨਕਲ ਮੰਗੀ, ਜਿਸ ਅਨੁਸਾਰ ਦੌਲਤਮਦਾਰ ਅੰਗਰੇਜ਼ੀ ਸਰਕਾਰ ਨੇ ਆਪਣੇ ਇਲਾਕੇ 'ਚ ਵਸਦੇ ਕੂਕਿਆਂ ਦਾ ਇੰਤਜ਼ਾਮ ਕੀਤਾ ਹੈ। ਦਾਸ ਦੀ ਬੇਨਤੀ ਦੇ ਜਵਾਬ ਵਿੱਚ ਸਾਹਿਬ ਬਹਾਦੁਰ ਨੇ ਇਹ ਹੁਕਮ ਦਿੱਤਾ ਕਿ " ਅਸੀਂ ਇਸ ਮਾਮਲੇ ਬਾਰੇ ਆਪਣੀ ਰਾਏ ਲਿਖ ਕੇ ਮਹਿਕਮਾ ਆਲੀਆ ਲੈਫ਼ਟੀਨੈਂਟੀ ਨੂੰ ਘੱਲ੍ਹੀ ਹੈ। ਉਸ ਦੀ ਮਨਜ਼ੂਰੀ ਤੇ ਜਵਾਬ ਪੁੱਜਣ ਸਮੇਂ, ਤੁਹਾਨੂੰ ਵੀ ਇਤਲਾਹ ਦੇ ਦਿੱਤੀ ਜਾਵੇਗੀ। ਤੁਸੀਂ ਉਸ ਅਨੁਸਾਰ ਅਮਲ ਕਰਨਾ ਪਰ ਅਜੇ ਫ਼ੌਜ ਵਿੱਚ ਚੰਗੀ ਤਰ੍ਹਾਂ ਇੰਤਜ਼ਾਮ ਰੱਖਿਆ ਜਾਵੇ ਤਾਂ ਕਿ ਕੋਈ ਮੁਲਾਜ਼ਿਮ "ਕੂਕਾ ਮਜ਼ਹਬ" ਇਖ਼ਤਿਆਰ ਨਾ ਕਰੇ, ਨਹੀਂ ਤਾਂ ਦੰਗੇ ਫ਼ਸਾਦ ਦਾ ਡਰ ਹੈ।

ਸੋ ਸਾਹਿਬ ਬਹਾਦੁਰ ਦੇ ਹੁਕਮ ਮੁਤਾਬਿਕ ਇਹ ਰਿਪੋਰਟ ਇਤਲਾਹ ਵਜੋਂ ਭੇਜੀ ਜਾਂਦੀ ਹੈ।

ਐ ਖ਼ੁਦਾ ! ਤੇਜ ਪਰਤਾਪ ਤੇ ਹੁਕਮ ਦਾ ਸੂਰਜ ਹਮੇਸ਼ਾ ਚਮਕਦਾ ਰਹੇ !

ਮਿਤੀ ਅੱਸੂ ਵਦੀ 4, ਸੰਮਤ 1923, ਦਿਨ ਜੁੱਮਾ (ਸ਼ੁਕਰਵਾਰ), ਸਥਾਨ ਕਸੌਲੀ।

ਦਾਸ
ਪੁਰਾਣਾ ਨਮਕ ਖ਼ਾਹ,
ਨਰਾਇਣ ਦਾਸ ਵਕੀਲ ਸਰਕਾਰ
ਮਹਿਕਮਾ ਏਜੰਸੀ ਵਿੱਚ ਨਿਯੁਕਤ।

ਮੁਲਾਹਿਜ਼ਾ ਕਰਨ ਉਪ੍ਰੰਤ ਹੁਕਮ ਹੋਇਆ ਕਿ

ਇਸ ਰਿਪੋਰਟ ਤੇ ਸਾਬਕਾ ਬਿਨੈ-ਪੱਤਰ ਦੀ ਨਕਲ ਪਰਚੇ ਰਾਹੀਂ ਬਖ਼ਸ਼ੀ ਸਾਹਿਬ ਦੀ ਸੇਵਾ ਵਿੱਚ ਭੇਜ ਕੇ ਲਿਖਿਆ ਜਾਵੇ ਕਿ ਉਹ ਇਸ ਬਾਰੇ ਚੰਗੀ ਤਰਾਂ ਇੰਤਜ਼ਾਮ ਰੱਖਣ ਪਰ ਇਸ ਗੱਲ ਦਾ ਭੇਦ ਨਾ ਖੁੱਲੇ।

ਮਿਤੀ ਅੱਸੂ ਵਦੀ 15, ਸੰਮਤ 1923.

## ਇਹ ਚਿੱਠੀ ਨਿਸਾਰ ਅਲੀ (ਵਕੀਲ ਲੁਧਿਆਣਾ) ਵਲੋਂ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੂੰ ਲਿਖੀ ਗਈ

ਜ਼ਮਾਨੇ ਦੇ ਸਖ਼ੀ ਤੇ ਨਿਆਮਤਾਂ ਦੇ ਮਾਲਿਕ ਜਨਾਬ ਮਹਾਰਾਜਾ ਸਾਹਿਬ,

ਸ੍ਰੀ ਮਾਨ ਜੀ,

ਸਰਦਾਰ ਜਗਦੀਸ਼ ਸਿੰਘ, ਦੀਵਾਨ ਕੁਲਵੰਤ ਰਾਏ ਤੇ ਨਰਾਇਣ ਦਾਸ ਵਕੀਲ ਕਮਿਸ਼ਨਰੀ ਦੇ ਬਿਨੈ-ਪੱਤਰ ਮਿਤੀ ਭਾਦੋਂ ਸੁਦੀ 3, ਸੰਮਤ 1923 ਦੀ ਨਕਲ ਪ੍ਰਾਪਤ ਕਰਨ ਦਾ ਮਾਣ ਪ੍ਰਾਪਤ ਹੋਇਆ। ਇਸ ਨਕਲ ਉੱਤੇ ਹਜ਼ੂਰ ਦਾ ਹੁਕਮ ਮਿਤੀ ਭਾਦੋਂ ਸੁਦੀ 10, ਸੰਮਤ 1923 ਦਰਜ ਸੀ ਕਿ "ਦੱਸਿਆ ਜਾਵੇ ਕਿ ਜ਼ਿਲ੍ਹਾ ਲੁਧਿਆਣਾ 'ਚ ਕੂਕਿਆਂ ਦੇ ਹਾਲ ਦਾ ਕੀ ਇੰਤਜ਼ਾਮ ਹੋਇਆ ਹੈ। "

ਸ੍ਰੀ ਮਾਨ ਜੀ, ਕੂਕਿਆਂ ਦਾ ਬੰਦੋਬਸਤ ਇਸ ਤਰ੍ਹਾਂ ਕੀਤਾ ਹੈ ਕਿ ਪਹਿਲਾਂ ਤਾਂ ਉੱਚੀ ਸ਼ਾਨ ਵਾਲੇ ਕਮਿਸ਼ਨਰ ਬਹਾਦੁਰ ਨੇ ਲੁਧਿਆਣਾ ਵਿਖੇ ਗੁਰੂ ਰਾਮ ਸਿੰਘ ਵਾਸੀ ਪਿੰਡ ਭੈਣੀ, ਜ਼ਿਲ੍ਹਾ ਲੁਧਿਆਣਾ, ਜਿਹੜਾ ਇਸ ਮਜ਼ਹਬ ਦਾ ਆਗੂ ਹੈ, ਦੀ ਜ਼ਮਾਨਤ ਗ਼ੈਰ ਹਾਜ਼ਿਰੀ ਲਈ ਸੀ ਅਤੇ ਇਹ ਹਦਾਇਤ ਲਈ ਸੀ ਕਿ ਇਸ ਮਜ਼ਹਬ ਦੇ ਲੋਕਾਂ ਦਾ ਭਾਰੀ ਇਕੱਠ ਕਿਸੇ ਥਾਂ ਨਾ ਹੋਵੇ। ਹੁਣ ਇਸ ਜ਼ਿਲ੍ਹੇ ਵਿੱਚ ਪੁਲਿਸ ਵਾਲਿਆਂ ਰਾਹੀਂ ਸਾਰੇ ਪਿੰਡਾਂ ਦੇ ਕੂਕਿਆਂ ਦੇ ਨਾਮ ਲਿਖੇ ਜਾ ਰਹੇ ਹਨ। ਇਸ ਤੋਂ ਇਲਾਵਾ ਇਸ ਧਰਮ ਦਾ ਜਿਹੜਾ ਵਿਆਕਤੀ ਅਯੋਗ ਹਰਕਤਾਂ ਕਰਨ ਦਾ ਭਾਗੀ ਬਣਦਾ ਹੈ ਉਸ ਨੂੰ ਗ੍ਰਿਫ਼ਤਾਰ ਕਰਕੇ ਮਗਰੋਂ ਸਜ਼ਾ ਦਿੱਤੀ ਜਾਂਦੀ ਹੈ ਕਿਉਂਕਿ ਦੋ ਚਾਰ ਕੂਕਿਆਂ ਨੇ ਪੀਰ ਖ਼ਾਨਾ ਤੇ ਮੜੀ ਆਦਿ ਨੂੰ ਢਹਿ-ਢੇਰੀ ਕਰ ਦਿੱਤਾ ਸੀ। ਤਹਿਕੀਕਾਤ ਕਰਨ ਉਪ੍ਰੰਤ ਉਨ੍ਹਾਂ ਨੂੰ ਕੈਦ ਤੇ ਜੁਰਮਾਨੇ ਦੀ ਸਜ਼ਾ ਦਿੱਤੀ ਗਈ।

ਇਹ ਹਾਲ ਹੈ ਜਿਹੜਾ ਅਰਜ਼ ਕੀਤਾ।

ਐ ਖ਼ੁਦਾ ! ਹਕੂਮਤ ਤੇ ਤੇਜ ਪਰਤਾਪ ਦਾ ਸੂਰਜ ਹਮੇਸ਼ਾ ਚਮਕਦਾ ਰਹੇ !

ਦਾਸ
ਪੁਰਾਣਾ ਨਮਕ ਪਰਵਰਦਾ,
ਨਿਸਾਰ ਅਲੀ ਵਕੀਲ ਲੁਧਿਆਣਾ।
ਮਿਤੀ ਕੱਤਕ ਵਦੀ 8, ਸੰਮਤ 1923

ਇਤਲਾਹ ਵਾਸਤੇ ਇਜਲਾਸ ਖ਼ਾਸ ਵਿੱਚ ਭੇਜ ਕੇ ਸ਼ਾਮਿਲ ਮਿਸਲ ਹੋਵੇ।

ਮਿਤੀ ਕੱਤਕ ਵਦੀ 12, ਸੰਮਤ 1923

## ਇਹ ਖਤ ਮਹਾਰਾਜਾ ਪਟਿਆਲਾ ਨੂੰ ਚੰਡੀਦਾਸ ਵਕੀਲ ਅੰਬਾਲਾ ਵੱਲੋਂ ਲਿਖਿਆ ਗਿਆ

### ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨਾ ਵੱਲ

ਗ਼ਰੀਬ ਪਰਵਰ! ਸਲਾਮਤ!

ਸ੍ਰੀ ਮਾਨ ਜੀ,

ਭਰੋਸੇਯੋਗ ਵਿਅਕਤੀਆਂ ਸਰਦਾਰ ਜਗਦੀਸ਼ ਸਿੰਘ ਸਾਹਿਬ ਤੇ ਦੀਵਾਨ ਕੁਲਵੰਤ ਰਾਏ ਅਤੇ ਲਾਲਾ ਨਰਾਇਣ ਦਾਸ ਸਾਹਿਬ (ਵਕੀਲ ਸਰਕਾਰ ਤੇ ਮਹਿਕਮਾ ਕਮਿਸ਼ਨਰੀ ਵਿੱਚ ਹਾਜ਼ਿਰ ਰਹਿਣ ਵਾਲਾ) ਦੇ ਬਿਨੈ-ਪੱਤਰ ਮਿਤੀ ਭਾਦੋਂ ਸੁਦੀ ਤੀਜ, ਸੰਮਤ 1923 ਦੀ ਨਕਲ, ਜਿਸ ਉੱਤੇ ਸਾਹਿਬ ਏਜੰਟ ਬਹਾਦੁਰ ਦੀ ਕੂਕਿਆਂ ਦੇ ਮਾਮਲੇ ਬਾਰੇ ਹਦਾਇਤ ਮਿਤੀ ਭਾਦੋਂ ਸੁਦੀ 10, ਸੰਮਤ 1923 ਦਰਜ ਸੀ ਕਿ ਕੂਕਿਆਂ ਦੀ ਨਿਗਰਾਨੀ ਰੱਖੀ ਜਾਵੇ ਅਤੇ ਸਰਕਾਰ ਪਟਿਆਲਾ ਵੱਲੋਂ ਇਹ ਹੁਕਮ ਦਿੱਤਾ ਗਿਆ ਸੀ ਕਿ ਕੂਕਿਆਂ ਸੰਬੰਧੀ ਜਿਹੜਾ ਇੰਤਜ਼ਾਮ ਜ਼ਿਲ੍ਹਾ ਅੰਬਾਲਾ 'ਚ ਕੀਤਾ ਗਿਆ ਹੋਵੇ, ਉਸ ਦੀ ਇਤਲਾਹ ਸਰਕਾਰ ਪਟਿਆਲਾ ਨੂੰ ਦਿੱਤੀ ਜਾਵੇ, ਮਿਤੀ 28 ਸਤੰਬਰ, ਸੰਨ 1866 ਨੂੰ ਦਾਸ ਕੋਲ ਪੁੱਜੀ ਸੀ।

ਉਸ ਵੇਲੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਛੁੱਟੀ 'ਤੇ ਕਸੌਲੀ ਵਿਖੇ ਠਹਿਰੇ ਹੋਏ ਸਨ। ਮਿਸਟਰ ਹਾਕੰਜ਼ ਸਾਹਿਬ ਬਹਾਦੁਰ ਤੇ ਯੂਲਮਨ ਸਾਹਿਬ ਬਹਾਦੁਰ ਅਸਿਸਟੈਂਟ ਕਮਿਸ਼ਨਰਾਨ, ਜ਼ਿਲ੍ਹੇ ਦਾ ਕੰਮ-ਕਾਜ ਕਰਦੇ ਸਨ। ਦਾਸ ਨੇ ਇਨ੍ਹਾਂ ਅਸਿਸਟੈਂਟ ਕਮਿਸ਼ਨਰਾਨ ਤੇ ਮਹਿਕਮਾ ਪੁਲਿਸ ਦੇ ਮੁਖੀ ਤੋਂ ਕੂਕਿਆਂ ਦੇ ਪ੍ਰਬੰਧ ਦਾ ਹਾਲ ਦਰਿਆਫ਼ਤ ਕੀਤਾ ਤਾਂ ਪਤਾ ਲੱਗਿਆ ਕਿ ਕੂਕਿਆਂ ਦੇ ਪ੍ਰਬੰਧ ਬਾਰੇ ਕੇਵਲ ਲਿਖਤੀ ਹੁਕਮ ਮਿਸਟਰ ਬਾਰਕਲੀ ਸਾਹਿਬ ਬਹਾਦੁਰ ਦੇ ਪ੍ਰਸ਼ਾਸ਼ਨ ਸਮੇਂ ਜੁਲਾਈ ਸੰਨ 1866 ਈ: ਦੇ ਮਹੀਨੇ ਮਹਿਕਮਾ ਪੁਲਿਸ 'ਚ ਭੇਜਿਆ ਗਿਆ ਸੀ ਜਿਸ ਦੀ ਇਤਲਾਹ ਇਸ ਦਾਸ ਨੇ ਆਪਣੇ ਬਿਨੈ-ਪੱਤਰ ਦੇ ਜਵਾਬ ਵਿੱਚ ਸਰਕਾਰ ਵੱਲੋਂ ਮਿਤੀ ਹਾੜ ਵਦੀ 9, ਸੰਮਤ 1923 ਮੁਤਾਬਿਕ 7 ਜੁਲਾਈ, ਸੰਨ 1866 ਈ: ਰਾਹੀ ਹਜ਼ੂਰ ਸਰਕਾਰ (ਪਟਿਆਲਾ) ਨੂੰ ਦੇ ਦਿੱਤੀ ਸੀ ਅਤੇ ਦਾਸ ਦੇ ਇਸ ਬਿਨੈ-ਪੱਤਰ ਦੇ ਜਵਾਬ ਵਿੱਚ ਸਰਕਾਰ ਵੱਲੋਂ ਪਰਵਾਨਾ ਮਿਤੀ ਹਾੜ ਵਦੀ 12, ਸੰਮਤ 1923 ਇਸ ਇਤਲਾਹ 'ਤੇ ਅਧਾਰਿਤ ਪੁੱਜਾ ਸੀ ਕਿ ਕੂਕਿਆਂ ਦੀ ਨਿਗਰਾਨੀ ਰੱਖਣ ਵਾਸਤੇ ਹੁਕਮ ਜਾਰੀ ਕਰ ਦਿੱਤੇ ਗਏ ਹਨ।

ਬਾਰਕਲੀ ਸਾਹਿਬ ਦੇ ਹੁਕਮ ਦਾ ਮਨਸ਼ਾ ਇਹ ਸੀ ਕਿ ਜੇ ਕੂਕਿਆਂ ਦਾ ਇੱਕਠ ਕਿਸੇ ਇੱਕ ਥਾਂ 'ਤੇ ਹੋਵੇ ਤਾਂ ਪੁਲਿਸ ਦੇ ਆਦਮੀ ਪਹਿਲਾਂ ਉਨ੍ਹਾਂ ਨੂੰ ਖਿੰਡ-ਪੁੰਡ ਜਾਣ ਲਈ ਸਮਝਾਉਣ ਅਤੇ ਜੇ ਉਹ ਖਿੰਡਣ-ਪੁੰਡਣ ਤੋਂ ਇਨਕਾਰ ਕਰਨ ਤਾਂ ਉਨ੍ਹਾਂ ਦਾ ਧਾਰਾ 309 ਤਅਜ਼ੀਰਾਤ-ਏ-ਹਿੰਦ (Penal Code of India) ਅਧੀਨ ਅਦਾਲਤ 'ਚ ਚਾਲਾਨ ਪੇਸ਼ ਕਰਨ ਤਾਂ ਕਿ ਉਨ੍ਹਾਂ ਨੂੰ ਇਸ ਧਾਰਾ ਦੇ ਮੁਤਾਬਿਕ ਸਜ਼ਾ ਦਿੱਤੀ ਜਾਵੇ । ਇਸ ਤੋਂ ਇਲਾਵਾ ਕੋਈ ਹੋਰ ਹੁਕਮ ਇਸ ਕੌਮ ਦੇ ਪ੍ਰਬੰਧ ਬਾਰੇ ਅੰਬਾਲੇ ਦੀ ਅਦਾਲਤ ਵਲੋਂ ਜਾਰੀ ਨਹੀਂ ਹੋਇਆ। ਕੂਕਿਆਂ ਦੇ ਮਾਮਲੇ ਬਾਰੇ ਅੰਗਰੇਜ਼ ਸਾਹਿਬਾਨ ਦੀ ਆਪਸ ਵਿੱਚ ਜ਼ਬਾਨੀ ਗ਼ੁਫਤਗੂ (ਵਾਰਤਾਲਾਪ) ਅਕਸਰ ਹੁੰਦੀ ਰਹਿੰਦੀ ਹੈ ਅਤੇ ਮਿਸਟਰ ਹਾਕੰਜ਼ ਸਾਹਿਬ ਬਹਾਦੁਰ ਨੇ ਫ਼ਰਮਾਇਆ ਸੀ ਕਿ ਜਦੋਂ ਡਿਪਟੀ ਕਮਿਸ਼ਨਰ ਬਹਾਦੁਰ ਕਸੌਲੀ ਤੋਂ ਅੰਬਾਲਾ ਵਿਖੇ ਤਸ਼ਰੀਫ਼ ਲੈ ਆਉਣਗੇ, ਤੁਸੀਂ ਉਸ ਵੇਲੇ ਉਨ੍ਹਾਂ ਤੋਂ ਇਹ ਹਾਲ ਦਰਿਆਫ਼ਤ ਕਰਨਾ।

ਦਾਸ ਨੇ ਅੱਜ ਸਾਹਿਬ ਬਹਾਦੁਰ ਕੋਲ ਹਾਜ਼ਿਰ ਹੋ ਕੇ ਦਰਿਆਫ਼ਤ ਕੀਤਾ ਕਿ ਕੀ ਕੂਕਾ ਕੌਮ ਦੇ ਆਦਮੀਆਂ

ਦੀ ਨਿਗਰਾਨੀ ਦਾ ਪ੍ਰਬੰਧ ਕਰਨ ਬਾਰੇ ਕੋਈ ਨਵਾਂ ਹੁਕਮ ਹਜ਼ੂਰ ਦੇ ਦਰਬਾਰ 'ਚੋਂ ਜਾਰੀ ਹੋਇਆ ਹੈ? ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ "ਸਵਾਏ ਉਸ ਹੁਕਮ ਦੇ, ਜਿਹੜਾ ਮਿਸਟਰ ਬਾਰਕਲੀ ਸਾਹਿਬ ਬਹਾਦੁਰ ਨੇ ਜੁਲਾਈ ਮਹੀਨੇ 'ਚ ਮਹਿਕਮਾ ਪੁਲਿਸ ਦੇ ਨਾਮ ਜਾਰੀ ਕੀਤਾ ਸੀ, ਹੋਰ ਕੋਈ ਲਿਖਤੀ ਹੁਕਮ ਨਹੀਂ ਹੋਇਆ ਤੇ ਨਾ ਜਾਰੀ ਕੀਤਾ ਗਿਆ ਪਰ ਇਸ ਕੂਕਾ ਕੌਮ ਦਾ ਦਿਨ ਪ੍ਰਤੀ ਦਿਨ ਜ਼ੋਰ ਤੇ ਵਾਧਾ ਹੁੰਦਾ ਜਾ ਰਿਹਾ ਹੈ, **ਇਸ ਕੌਮ ਦਾ ਅਸਲੀ ਆਗੂ ਗੁਰੂ ਰਾਮ ਸਿੰਘ ਜ਼ਿਲ੍ਹਾ ਲੁਧਿਆਣਾ ਵਿੱਚ ਰਹਿੰਦਾ ਹੈ।** ਉਸ ਦੇ ਮਜ਼ਹਬ ਦੇ ਗਿਆਰਾਂ ਬਾਰਾਂ ਹਜ਼ਾਰ ਆਦਮੀ ਦੋਹਾਂ ਜ਼ਿਲਿਆਂ ਅੰਬਾਲਾ ਤੇ ਲੁਧਿਆਣਾ ਵਿੱਚ ਰਹਿੰਦੇ ਹਨ ਭਾਵ ਜ਼ਿਲ੍ਹਾ ਲੁਧਿਆਣਾ ਵਿੱਚ ਨੌਂ ਹਜ਼ਾਰ ਤੇ ਜ਼ਿਲ੍ਹਾ ਅੰਬਾਲਾ ਵਿੱਚ ਤਿੰਨ ਹਜ਼ਾਰ। ਦਸ ਹਜ਼ਾਰ ਦੇ ਲੱਗ-ਭੱਗ ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਹੋਣਗੇ। ਸਰਕਾਰ ਪਟਿਆਲਾ ਦੇ ਇਲਾਕੇ 'ਚ ਕੋਈ ਵੀਹ ਹਜ਼ਾਰ ਕੂਕੇ ਹੋਣਗੇ। **ਮਹਾਰਾਜਾ ਸਾਹਿਬ ਬਹਾਦੁਰ ਪਟਿਆਲਾ ਅਤੇ ਰਾਜਾ ਨਾਭਾ ਤੇ ਜੀਂਦ ਦੀਆਂ ਫ਼ੌਜਾਂ ਵਿੱਚ ਬਹੁਤ ਸਾਰੇ ਕੂਕੇ ਮੁਲਾਜ਼ਿਮ ਹਨ।** ਮਹਾਰਾਜਾ ਸਾਹਿਬ ਬਹਾਦੁਰ ਦੇ ਰਿਸ਼ਤੇਦਾਰਾਂ ਵਿੱਚੋਂ ਵੀ ਬਹੁਤ ਸਾਰੇ ਕੂਕੇ ਬਣ ਗਏ ਹਨ ਅਤੇ ਗੁਰੂ ਰਾਮ ਸਿੰਘ ਦੀ ਉਹਨਾਂ ਨੂੰ ਹਦਾਇਤ ਹੈ ਕਿ ਜਿੰਨੇ ਵੀ ਲੋਕ ਇਹ ਮਜ਼ਹਬ ਇਖ਼ਤਿਆਰ ਕਰਨ ਉਹਨਾਂ ਨੂੰ ਆਪਣੇ ਮਜ਼ਹਬ ਵਿੱਚ ਸ਼ਾਮਿਲ ਕਰਦੇ ਜਾਓ ਤੇ ਜਦੋਂ ਮੌਕਾ ਮਿਲੇ ਕਿਸੇ ਰਿਆਸਤ ਜਾਂ ਅੰਗਰੇਜ਼ੀ ਇਲਾਕੇ ਦੇ ਕਿਸੇ ਜ਼ਿਲ੍ਹੇ 'ਤੇ ਕਬਜ਼ਾ ਕਰ ਕੇ ਦੰਗਾ ਫ਼ਸਾਦ ਕਰਨ ਵਾਸਤੇ ਤਤਪਰ ਰਹੋ, ਜਿਵੇਂ ਕਾਲੇ ਲੋਕਾਂ ਨੇ ਗ਼ਦਰ ਦੇ ਦਿਨਾਂ ਵਿੱਚ ਕੀਤਾ ਸੀ। ਅੰਗਰੇਜ਼ੀ ਸਰਕਾਰ ਦੀ ਫ਼ੌਜ ਵਿੱਚ ਕੂਕੇ ਬਹੁਤ ਘੱਟ ਨੌਕਰ ਹਨ, ਉਦਾਹਰਣ ਵਜੋਂ ਇੱਕ-ਇੱਕ ਕੰਪਨੀ ਜਾਂ ਰਜਮੈਂਟ ਵਿੱਚ ਦਸ-ਦਸ, ਪੰਦਰਾਂ-ਪੰਦਰਾਂ ਆਦਮੀ ਹਨ ਪਰ ਏਨੇ ਜ਼ਿਆਦਾ ਨਹੀਂ ਹਨ ਜਿੰਨੇ ਮਹਾਰਾਜਾ ਸਾਹਿਬ ਬਹਾਦੁਰ ਅਤੇ ਜੀਂਦ ਤੇ ਨਾਭੇ ਦੇ ਰਾਜਿਆਂ ਦੀਆਂ ਫ਼ੌਜਾਂ ਵਿੱਚ ਭਰਤੀ ਹੋ ਗਏ ਹਨ। ਆਏ ਦਿਨ ਇਨ੍ਹਾਂ ਕੂਕਿਆਂ 'ਚ ਵਾਧਾ ਹੁੰਦਾ ਜਾਂਦਾ ਹੈ"।

ਦਾਸ ਨੇ ਜਵਾਬ ਵਜੋਂ ਅਰਜ਼ ਕੀਤਾ ਕਿ "ਇਹ ਤਾਂ ਨਹੀਂ ਕਿਹਾ ਜਾਂਦਾ ਕਿ ਸਰਕਾਰ ਪਟਿਆਲਾ ਦੇ ਇਲਾਕੇ ਵਿੱਚ ਕੋਈ ਕੂਕਾ ਨਹੀਂ ਹੈ ਪਰ ਇਸ ਕਦਰ ਜ਼ਿਆਦਾ ਨਹੀਂ ਹਨ, ਜਿਸ ਕਦਰ ਹਜ਼ੂਰ ਫ਼ਰਮਾਉਂਦੇ ਹਨ। ਮਹਾਰਾਜਾ ਸਾਹਿਬ ਬਹਾਦੁਰ ਦੇ ਦਰਬਾਰ ਵਲੋਂ ਇਨ੍ਹਾਂ ਕੂਕਿਆਂ ਦੇ ਪ੍ਰਬੰਧ ਵਾਸਤੇ ਤਾਕੀਦੀ ਹੁਕਮ ਜਾਰੀ ਹੋ ਚੁੱਕੇ ਹਨ ਅਤੇ **ਸਾਰਾ ਇੰਤਜ਼ਾਮ ਹੋ ਗਿਆ ਹੈ ਕਿ ਸਰਕਾਰ ਦੇ ਇਲਾਕੇ ਵਿੱਚ ਇਸ ਕੌਮ ਦੀ ਤਰੱਕੀ ਨਾ ਹੋ ਸਕੇ।** ਸਰਕਾਰ ਦੀ ਫ਼ੌਜ ਵਿੱਚ ਕੂਕੇ ਲੋਕ ਬਹੁਤ ਜ਼ਿਆਦਾ ਨਹੀਂ। ਇਹ ਗੱਲ ਦੱਸਣ ਵਾਲੇ ਨੇ ਹਜ਼ੂਰ ਕੋਲ ਗ਼ਲਤ ਬਿਆਨੀ ਕੀਤੀ ਹੈ ਕਿ ਸਰਕਾਰ ਦੇ ਇਲਾਕੇ ਤੇ ਫ਼ੌਜ ਵਿੱਚ ਇੰਨੇ ਜ਼ਿਆਦਾ ਕੂਕੇ ਹਨ।"

ਸਾਹਿਬ ਬਹਾਦੁਰ ਨੇ ਫ਼ਰਮਾਇਆ **ਕਿ "ਨਿਰਸੰਦੇਹ ਸਰਕਾਰ ਪਟਿਆਲਾ ਦੇ ਇਲਾਕੇ ਦੀ ਫ਼ੌਜ ਵਿੱਚ ਕੂਕੇ ਜ਼ਿਆਦਾ ਹਨ।"** ਦਾਸ ਨੇ ਸਰਕਾਰ ਪਟਿਆਲਾ ਦੇ ਭਰੋਸੇਯੋਗ ਵਿਅਕਤੀਆਂ ਦੇ ਬਿਨੈ-ਪੱਤਰ ਵਿੱਚ ਦਰਜ ਵੇਰਵੇ ਸਹਿਤ ਹਾਲ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਦੁਬਾਰਾ ਬਿਆਨ ਕਰਕੇ ਅਰਜ਼ ਕੀਤਾ ਕਿ " ਸਰਕਾਰ ਵਲੋਂ ਆਪਣੇ ਇਲਾਕੇ 'ਚ ਇਸ ਦੀ ਨਿਗਰਾਨੀ ਕਰਨ ਤੇ ਇਸ ਕੌਮ ਦੀ ਤਰੱਕੀ ਨਾ ਹੋਣ ਵਾਸਤੇ ਇੰਤਜ਼ਾਮ ਕੀਤਾ ਹੋਇਆ ਹੈ ਪਰ ਕਿਸੇ ਬਕਵਾਸੀ ਨੇ ਹਜ਼ੂਰ ਕੋਲ ਅਜਿਹਾ ਬਿਆਨ ਕੀਤਾ ਹੈ, ਇਸ ਲਈ ਤੁਹਾਨੂੰ ਅਜਿਹਾ ਖ਼ਿਆਲ ਨਹੀਂ ਕਰਨਾ ਚਾਹੀਦਾ।"

ਫਿਰ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ " ਬਹੁਤ ਚੰਗਾ ਅਜਿਹਾ ਹੀ ਇੰਤਜ਼ਾਮ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਤੁਸੀਂ ਬਿਆਨ ਕਰਦੇ ਹੋ ਪਰ ਸਾਡੇ ਵਲੋਂ ਮਹਾਰਾਜਾ ਸਾਹਿਬ ਦੀ ਸੇਵਾ ਵਿੱਚ ਲਿਖ ਕੇ ਭੇਜ ਦਿਓ ਕਿ ਉਹ ਜਿੰਨਾ ਵੀ ਸੰਭਵ ਹੋ ਸਕੇ ਇਸ ਕੌਮ ਦੇ ਲੋਕਾਂ ਦੀ ਆਮ ਤੌਰ 'ਤੇ ਆਪਣੇ ਇਲਾਕੇ ਤੇ ਫ਼ੌਜ ਵਿੱਚ ਅਤਿਅੰਤ ਨਿਗਰਾਨੀ ਰੱਖਣ ਨਹੀਂ ਤਾਂ ਜੇ ਇਹ ਲੋਕ ਆਮ ਤੌਰ 'ਤੇ ਸਰਕਾਰ ਦੇ ਇਲਾਕੇ ਦੀ ਪਰਜਾ ਤੇ ਫ਼ੌਜ ਵਿੱਚ ਬਹੁਤ

ਜ਼ਿਆਦਾ ਵੱਧ ਗਏ ਜਿਵੇਂ ਕਿ ਹੁਣ ਆਏ ਦਿਨ ਇਨ੍ਹਾਂ 'ਚ ਵਾਧਾ ਹੁੰਦਾ ਜਾਂਦਾ ਹੈ, ਤਾਂ ਕਿਸੇ ਵੇਲੇ ਮੌਕਾ ਪਾ ਕੇ, ਖ਼ੁਦਾ ਨਾ ਚਾਹੇ, ਇੱਕਠੇ ਹੋ ਕੇ ਸ਼ੋਰ-ਸ਼ਰਾਬਾ ਪਾ ਦੇਣਗੇ ਫਿਰ ਖੜ੍ਹੇ ਪੈਰ ਕੋਈ ਪ੍ਰਬੰਧ ਕਰਨਾ ਸੰਭਵ ਨਹੀਂ ਹੋਵੇਗਾ। ਅਸੀਂ ਇਹ ਗੱਲ ਦੂਰ-ਦ੍ਰਿਸ਼ਟੀ ਦੇ ਮੱਦੇ ਨਜ਼ਰ ਕਹੀ ਹੈ।"

ਸੋ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੇ ਹੁਕਮ ਅਨੁਸਾਰ ਇਤਲਾਹ ਵਜੋਂ ਤੇ ਜਵਾਬ ਦੇ ਤੌਰ 'ਤੇ ਇਹ ਹਾਲ ਮਹਾਰਾਜਾ ਸਾਹਿਬ ਹਜ਼ੂਰ ਕੋਲ ਅਰਜ਼ ਕੀਤਾ। ਸਰਕਾਰ ਦੀ ਹਕੂਮਤ ਦੇ ਦਰਬਾਰੀਆਂ ਅਤੇ ਸਾਹਿਬ ਕਮਿਸ਼ਨਰ ਬਹਾਦੁਰ ਦੇ ਹੁਕਮ ਦੇ ਮਨਸ਼ੇ ਅਨੁਸਾਰ ਵਕੀਲ ਲੁਧਿਆਣਾ ਤੇ ਵਕੀਲ ਕਮਿਸ਼ਨਰੀ ਦੀ ਬੇਨਤੀ ਦਾ ਜਵਾਬ ਆਉਣ ਮਗਰੋਂ ਇਸ ਕੌਮ ਕੂਕਾ ਦੀ ਨਿਗਰਾਨੀ ਤੇ ਪ੍ਰਬੰਧ ਬਾਰੇ ਜਿਹੜੀ ਤਜਵੀਜ਼ ਤਹਿ ਹੋਵੇ ਉਸ ਦੀ ਇਤਲਾਹ ਇਸ ਦਾਸ ਨੂੰ ਵੀ ਦਿੱਤੀ ਜਾਵੇ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨ ਸਮਾਨ ਹੈ।

ਮਿਤੀ ਅੱਸੂ ਸੁਦੀ 13, ਸੰਮਤ 1923 ਮੁਤਾਬਿਕ 22 ਅਕਤੂਬਰ, ਸੰਨ 1866.

ਯਕੀਨ ਹੁੰਦਾ ਹੈ ਕਿ ਸਾਹਿਬ ਕਮਿਸ਼ਨਰ ਬਹਾਦੁਰ ਕੋਲ ਵੀ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਅੰਬਾਲਾ ਜਾਂ ਮੇਜਰ ਸਾਹਿਬ ਬਹਾਦੁਰ ਨੇ ਇਸ ਬਾਰੇ ਜ਼ਿਕਰ ਕੀਤਾ ਹੋਵੇ।

ਦਾਸ
ਪੁਰਾਣਾ ਨਮਕ ਖ਼ਾਹ,
ਚੰਡੀ ਦਾਸ ਵਕੀਲ ਸਰਕਾਰ ਤੇ
ਅਦਾਲਤ ਅੰਬਾਲਾ 'ਚ ਹਾਜ਼ਰ ਰਹਿਣ ਵਾਲਾ।

**ਉੱਚੀ ਪਦਵੀ ਵਾਲੀ ਸਰਕਾਰ ਦੇ ਅਹਿਲਕਾਰ ਸਾਹਿਬਾਨ ਦੇ ਸਾਹਮਣੇ ਸਰਕਾਰ ਦੇ ਦਰਬਾਰ ਵਲੋਂ ਕੀਤੀ ਤਜਵੀਜ਼ ਮੁਤਾਬਿਕ ਸਰਕਾਰ ਦੇ ਸਾਰੇ ਮੁਲਾਜ਼ਿਮ ਕੂਕੇ ਨੌਕਰੀ ਤੋਂ ਬਰਖ਼ਾਸਤ ਕੀਤੇ ਗਏ ਅਤੇ ਉਨ੍ਹਾਂ ਤੋਂ ਹਥਿਆਰ ਲੈ ਲਏ ਗਏ। ਅੱਗੋਂ ਵਾਸਤੇ ਇਹ ਬੰਦੋਬਸਤ ਕੀਤਾ ਗਿਆ ਕਿ ਜਿਹੜਾ ਮੁਲਾਜ਼ਿਮ ਕੂਕਾ ਬਣੇਗਾ ਉਸ ਦਾ ਨਾਮ ਕੱਟਿਆ ਜਾਵੇਗਾ** ਸੋ ਹੁਕਮ ਹੋਇਆ ਕਿ ਇਸ ਬਾਰੇ ਵਕੀਲ ਨੂੰ ਇਤਲਾਹ ਦੇ ਦਿੱਤੀ ਜਾਵੇ ਅਤੇ ਇਤਲਾਹ ਵਜੋਂ ਇਜਲਾਸ ਖ਼ਾਸ ਨੂੰ ਭੇਜਿਆ ਜਾਵੇ। ਮਿਤੀ ਕਤੱਕ ਸੁਦੀ 3, ਸੰਮਤ 1923.

ਇਜਲਾਸ ਖ਼ਾਸ ਵਲੋਂ ਹੁਕਮ ਹੋਇਆ ਕਿ ਇਤਲਾਹ ਹੋਈ ਅਤੇ ਇਹ ਵੀ ਵਕੀਲ ਨੂੰ ਲਿਖਿਆ ਜਾਵੇ ਕਿ ਸਦਰ ਅਦਾਲਤ ਦੇ ਮਹਿਕਮੇਂ ਵਲੋਂ ਇਸ ਮਜ਼ਮੂਨ ਦੇ ਅਧਾਰਿਤ ਆਮ ਇਸ਼ਤਿਹਾਰ ਦਿੱਤਾ ਗਿਆ ਹੈ ਕਿ ਜਿਹੜਾ **ਆਦਮੀ ਇਹ ਕੂਕਾ ਮਜ਼ਹਬ ਇਖ਼ਤਿਆਰ ਕਰੇਗਾ ਉਸ ਨੂੰ ਸਰਕਾਰ ਦੀ ਅਦਾਲਤ ਵਲੋਂ ਸਜ਼ਾ ਦਿੱਤੀ ਜਾਵੇਗੀ ਬਲਕਿ ਇਹ ਇਤੰਜ਼ਾਮ ਅੱਗੋਂ ਵਾਸਤੇ ਤਸੱਲੀ ਯੋਗ ਹੋਵੇਗਾ।**

ਮਿਤੀ ਕਤੱਕ ਸੁਦੀ 4, ਸੰਮਤ 1923.

ਹੁਕਮ ਹੋਇਆ ਕਿ ਇਸ ਬਿਨੈ-ਪੱਤਰ ਦੀ ਨਕਲ, ਸਮੇਤ ਮਹਿਕਮਾ ਇਜਲਾਸ ਖ਼ਾਸ ਦੇ ਹੁਕਮ ਦੀ ਨਕਲ ਦੇ, ਏਜੰਸੀ ਤੇ ਲੈਫ਼ਟੀਨੈਂਟੀ ਦੇ ਵਕੀਲਾਂ ਕੋਲ ਭੇਜੀ ਜਾਵੇ।

ਮਿਤੀ ਮੱਘਰ ਵਦੀ 12, ਸੰਮਤ 1923.

---

ਵੱਡੀ ਕਦਰ ਵਾਲੇ ਚੰਡੀ ਦਾਸ,

ਖੁਸ਼ ਰਹੋ!

ਤੁਹਾਡਾ ਬਿਨੈ-ਪੱਤਰ ਮਿਤੀ ਅੱਸੂ ਸੁਦੀ 13, ਸੰਮਤ 1923 ਪ੍ਰਾਪਤ ਹੋਇਆ ਤੇ ਹਾਲ ਦਾ ਪਤਾ ਲੱਗਿਆ ਕਿ ਡਿਪਟੀ ਕਮਿਸ਼ਨਰ ਬਹਾਦੁਰ ਨੇ ਕੂਕਿਆਂ ਦੇ ਇੰਤਜ਼ਾਮ ਕਰਨ ਵਾਸਤੇ ਹੁਕਮ ਦਿੱਤਾ ਹੈ।

**ਸੋ ਹੁਕਮ ਦੇ ਮੁਤਾਬਿਕ ਸਰਕਾਰ (ਪਟਿਆਲਾ) ਦੇ ਅਹਿਲਕਾਰਾਂ ਨੇ ਕੂਕਾ ਲੋਕਾਂ ਬਾਰੇ ਇਹ ਇੰਤਜ਼ਾਮ ਕੀਤਾ ਹੈ ਕਿ ਸਰਕਾਰ ਦੇ ਸਾਰੇ ਮੁਲਾਜ਼ਿਮ ਕੂਕੇ ਨੌਕਰੀ ਤੋਂ ਬਰਖ਼ਾਸਤ ਕਰ ਦਿੱਤੇ ਗਏ ਤੇ ਉਨ੍ਹਾਂ ਤੋਂ ਹਥਿਆਰ ਲੈ ਲਏ ਗਏ ਹਨ।** ਅੱਗੋਂ ਵਾਸਤੇ ਇਹ ਬੰਦੋਬਸਤ ਕੀਤਾ ਗਿਆ ਕਿ ਜਿਹੜਾ ਵਿਅਕਤੀ ਕੂਕਾ ਬਣੇਗਾ ਉਸ ਦਾ ਨਾਮ ਕੱਟ ਦਿੱਤਾ ਜਾਵੇਗਾ ਅਤੇ ਮਹਿਕਮਾ ਸਦਰ ਅਦਾਲਤ ਤੋਂ ਇਸ ਮਜ਼ਮੂਨ 'ਤੇ ਅਧਾਰਿਤ ਆਮ ਇਸ਼ਤਿਹਾਰ ਦਿੱਤਾ ਗਿਆ ਹੈ, ਕਿ ਜਿਹੜਾ ਵਿਅਕਤੀ ਕੂਕਾ ਮਜ਼ਹਬ ਇਖ਼ਤਿਆਰ ਕਰੇਗਾ, ਉਸ ਨੂੰ ਸਰਕਾਰ ਦੀ ਅਦਾਲਤ ਵਲੋਂ ਸਜ਼ਾ ਦਿੱਤੀ ਜਾਵੇਗੀ। ਯਕੀਨ ਹੈ ਕਿ ਇਹ ਇੰਤਜ਼ਾਮ ਅੱਗੋਂ ਵਾਸਤੇ ਤਸੱਲੀ ਬਖ਼ਸ਼ ਹੋਵੇਗਾ।

ਸੋ ਇਤਲਾਹ ਵਜੋਂ ਤੁਹਾਨੂੰ ਲਿਖਿਆ ਗਿਆ।

ਮਿਤੀ ਕਤੱਕ ਸੁਦੀ 4, ਸੰਮਤ 1923.

## ਇਹ ਚਿੱਠੀ ਮਹਾਰਾਜਾ ਪਟਿਆਲਾ ਨੂੰ ਸੱਯਦ ਮੁਹੰਮਦ ਹੁਸੈਨ (ਵਕੀਲ ਸਰਕਾਰ) ਵੱਲੋਂ ਲਿਖੀ ਗਈ

ਜ਼ਮਾਨੇ ਦੇ ਸਖ਼ੀ, ਨਿਆਮਤਾਂ ਦੇ ਮਾਲਿਕ, ਗ਼ਰੀਬ ਪਰਵਰ ਤੇ ਸਖ਼ਾਵਤ ਦੇ ਖ਼ਜਾਨੇ
ਹਜ਼ੂਰ ਸ਼੍ਰੀ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ,

ਤੁਹਾਡਾ ਤੇਜ ਪਰਤਾਪ ਹਮੇਸ਼ਾ ਕਾਇਮ ਰਹੇ!

ਦਾਸਾਂ ਵਾਲਾ ਅਦਬ ਆਦਾਬ ਪੇਸ਼ ਕਰਨ ਮਗਰੋਂ ਬੇਨਤੀ ਹੈ ਕਿ ਕੱਲ ਦਾਸ ਜਦੋਂ ਨੂਰਾਨੀ ਸਰਕਾਰ (ਪਟਿਆਲਾ) ਤੇ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਦੀ ਮੁਲਾਕਾਤ ਦੀ ਤਜਵੀਜ਼ ਬਾਰੇ ਗੱਲਬਾਤ ਕਰਕੇ ਤੇ ਸਾਹਿਬ ਸੈਕਟਰੀ ਬਹਾਦੁਰ ਤੋਂ ਛੁੱਟੀ ਲੈ ਕੇ ਕਮਰੇ ਤੋਂ ਬਾਹਰ ਆਉਣ ਲੱਗਿਆ ਤਾਂ ਸਾਹਿਬ ਬਹਾਦੁਰ ਨੇ ਆਵਾਜ਼ ਮਾਰ ਕੇ ਦਾਸ ਨੂੰ ਫਿਰ ਬੁਲਾ ਲਿਆ ਅਤੇ ਫ਼ਰਮਾਇਆ ਕਿ "ਅਸੀ ਤੇਰੇ ਨਾਲ ਇੱਕ ਖ਼ਾਸ ਗੱਲ ਕਰਨੀ ਹੈ, ਇਸ ਲਈ ਜ਼ਰਾ ਠਹਿਰੋ।" ਸੋ ਦਾਸ ਜਿਸ ਵੇਲੇ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਹਾਜ਼ਿਰ ਹੋਇਆ ਤਾਂ ਫ਼ਰਮਾਇਆ ਕਿ "ਜਿਹੜਾ 'ਕੂਕਾ' ਨਾਮੀਂ ਇੱਕ ਫ਼ਿਰਕਾ ਥੋੜ੍ਹੇ ਅਰਸੇ ਤੋਂ ਗੁਰੂ ਰਾਮ ਸਿੰਘ ਦੇ ਪੈਰੋਕਾਰਾਂ ਦਾ ਪੈਦਾ ਹੋਇਆ ਹੈ, ਉਸ ਬਾਰੇ ਤੈਨੂੰ ਕੁਝ ਪਤਾ ਹੈ। "

ਦਾਸ ਨੇ ਅਰਜ਼ ਕੀਤਾ ਕਿ "ਮੈਂ ਅੱਜ ਤੱਕ ਕਿਸੇ ਕੂਕੇ ਨੂੰ ਦੇਖਿਆ ਤਾਂ ਨਹੀਂ ਪਰ ਅਕਸਰ ਲੋਕਾਂ ਤੋਂ ਉਨ੍ਹਾਂ ਦਾ ਹਾਲ ਸੁਣਿਆ ਜ਼ਰੂਰ ਹੈ।"

ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ**"ਇਹ ਲੋਕ ਪਹਿਲਾਂ ਨਾਲੋਂ ਕੁਝ ਜ਼ਿਆਦਾ ਹੀ ਵਧਦੇ ਜਾਂਦੇ ਹਨ।"**

ਦਾਸ ਨੇ ਅਰਜ਼ ਕੀਤਾ ਕਿ "ਪਹਿਲਾਂ ਨਾਲੋਂ ਕੁਝ ਵਧਦੇ ਹੀ ਮਾਲੂਮ ਹੁੰਦੇ ਹਨ"।

ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ "ਸਾਡੇ ਕਹਿਣ ਦਾ ਮਤਲਬ ਇਹ ਹੈ ਕਿ ਤੁਸੀਂ ਸ਼੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਇਹ ਗੱਲ ਲਿਖੋ ਕਿ **ਮਹਾਰਾਜਾ ਸਾਹਿਬ ਬਹਾਦੁਰ ਦੇ ਅਹਿਲਕਾਰਾਂ ਵਲੋਂ ਇਸ ਫਿਰਕੇ ਦੇ ਲੋਕਾਂ ਦੀ ਨਿਗਰਾਨੀ ਰੱਖਣੀ ਚਾਹੀਦੀ ਹੈ। "**

ਦਾਸ ਨੇ ਅਰਜ਼ ਕੀਤਾ ਕਿ "ਥੋੜ੍ਹਾ ਅਰਸਾ ਹੋਇਆ ਇਸ ਮਾਮਲੇ ਬਾਰੇ ਸਾਹਿਬ ਡਿਪਟੀ ਕਮਿਸ਼ਨਰ ਅੰਬਾਲਾ ਨੇ ਵੀ ਇਸੇ ਤਰ੍ਹਾਂ ਆਪਣੇ ਕੋਲ ਰਹਿਣ ਵਾਲੇ ਸਰਕਾਰ ਦੇ ਵਕੀਲ ਨੂੰ ਕਿਹਾ ਸੀ। ਸੋ ਵਕੀਲ ਵਲੋਂ **ਸਰਕਾਰ ਨੂੰ ਇਤਲਾਹ ਦੇਣ ਉਪ੍ਰੰਤ ਸਰਕਾਰ ਪਟਿਆਲਾ ਦੇ ਦਰਬਾਰ 'ਚੋਂ ਸਾਰੇ ਥਾਣੇਦਾਰਾਂ ਤੇ ਫ਼ੌਜਦਾਰੀ ਅਹੁਦੇਦਾਰਾਂ ਨੂੰ ਇਸ ਬਾਰੇ ਅਤਿਅੰਤ ਤਾਕੀਦ ਹੋ ਗਈ ਸੀ ਕਿ ਉਹ ਕੂਕਿਆਂ ਦੇ ਚਾਲ-ਚਲਨ 'ਤੇ ਨਿਗਾਰਨੀ ਰੱਖਣ ਤੇ ਉਨ੍ਹਾਂ ਦਾ ਇੱਕ ਥਾਂ ਭਾਰੀ ਇਕੱਠ ਨਾ ਹੋਣ ਦੇਣ"।**

ਸਾਹਿਬ ਬਹਾਦੁਰ ਨੇ ਇਹ ਗੱਲ ਸੁਣ ਕੇ ਫ਼ਰਮਾਇਆ ਕਿ "ਚੰਗਾ ਹੈ, ਪਰ ਸਾਡਾ ਮਤਲਬ ਮਜ਼ਹਬ 'ਚ ਦਖ਼ਲ ਦੇਣ ਦਾ ਤਾਂ ਬਿਲਕੁਲ ਨਹੀਂ ਕੇਵਲ ਏਨਾ ਹੀ ਮਤਲਬ ਹੈ ਕਿ ਜੇ ਉਨ੍ਹਾਂ ਲੋਕਾਂ ਦੇ ਫਸਾਦ ਦੇ ਇਰਾਦੇ ਦਾ ਪਤਾ ਲੱਗੇ ਤਾਂ ਇਸ ਬਾਰੇ ਚੰਗੀ ਤਰ੍ਹਾਂ ਖ਼ਬਰਦਾਰੀ ਰੱਖਣੀ ਚਾਹੀਦੀ ਹੈ"। ਸਾਹਿਬ ਬਹਾਦੁਰ ਨੇ ਇਹ ਵੀ ਫ਼ਰਮਾਇਆ ਕਿ "ਅਸੀਂ ਸੁਣਿਆ ਹੈ ਕਿ ਸ਼ਾਇਦ ਦੋ ਤਿੰਨ ਸਤਿਕਾਰਯੋਗ ਆਦਮੀ ਪਟਿਆਲੇ ਵਿੱਚ ਕੂਕਾ ਬਣ ਗਏ ਹਨ"। ਦਾਸ ਨੇ ਪੁੱਛਿਆ ਕਿ "ਕੀ ਉਨ੍ਹਾਂ ਦੇ ਨਾਮਾਂ ਦਾ ਹਜ਼ੂਰ ਨੂੰ ਕੁਝ ਪਤਾ ਹੈ?" ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ "ਇੱਕ ਦਾ ਨਾਮ ਤਾਂ ਮਿੱਤ ਸਿੰਘ ਹੈ ਅਤੇ ਦੂਜਿਆਂ ਦੇ ਨਾਮਾਂ ਦਾ ਸਾਨੂੰ ਪਤਾ ਨਹੀਂ।"

---

ਦਾਸ ਨੇ ਅਰਜ਼ ਕੀਤਾ ਕਿ " ਇਹ ਗੱਲ ਜਿਹੜੀ ਹਜ਼ੂਰ ਨੇ ਸੁਣੀ ਹੈ ਭਰੋਸੇਯੋਗ ਨਹੀਂ। ਪਹਿਲੀ ਗੱਲ ਤਾਂ ਇਹ ਕਿ ਮਿੱਤ ਸਿੰਘ ਨਾਮ ਦਾ ਕੋਈ ਸਤਿਕਾਰਯੋਗ ਆਦਮੀ ਸਰਕਾਰ ਦਾ ਮੁਲਾਜ਼ਿਮ ਨਹੀਂ। ਦੂਜੀ ਇਹ ਕਿ ਪਟਿਆਲਾ ਖ਼ਾਸ ਵਿੱਚ ਕਿਸੇ ਆਦਮੀ ਦਾ ਕੂਕਾ ਬਣਨਾ ਵੀ ਗਲਤ ਮਾਲੂਮ ਹੁੰਦਾ ਹੈ ਕਿਉਂਕਿ ਬਹੁਤ ਅਰਸਾ ਹੋਇਆ ਸਾਹਿਬ ਡਿਪਟੀ ਕਮਿਸ਼ਨਰ ਅੰਬਾਲਾ ਦੇ ਹੁਕਮ ਦੇਣ ਤੋਂ ਪਹਿਲਾਂ ਕੂਕਾ ਮਜ਼ਹਬ ਦੇ ਕੁਝ ਆਦਮੀ ਪਟਿਆਲਾ ਵਿਖੇ ਆਏ ਸਨ। ਸਰਕਾਰ ਦੇ ਅਹਿਲਕਾਰਾਂ ਨੇ ਉਨ੍ਹਾਂ ਨੂੰ ਉਸੇ ਵੇਲੇ ਪਟਿਆਲੇ ਤੋਂ ਬਾਹਰ ਕਢਵਾ ਦਿੱਤਾ ਸੀ। ਇਸ ਕਰਕੇ ਯਕੀਨ ਨਹੀਂ ਕਿ ਸਤਿਕਾਰਯੋਗ ਆਦਮੀਆਂ 'ਚੋਂ ਕੋਈ ਆਦਮੀ ਪਟਿਆਲਾ ਵਿਖੇ ਕੂਕਾ ਹੋ ਗਿਆ ਹੋਵੇ। ਜਿਹੜਾ ਹਜ਼ੂਰ ਨੇ ਮਿੱਤ ਸਿੰਘ ਦਾ ਨਾਮ ਲਿਆ ਹੈ ਉਸ ਬਾਰੇ ਕੋਈ **ਅਚੰਭਾ ਨਹੀਂ ਕਿ ਇਹ ਸਰਦਾਰ ਮਿੱਤ ਸਿੰਘ ਜਾਗੀਰਦਾਰ ਮਲੌਦ ਜ਼ਿਲ੍ਹਾ ਲੁਧਿਆਣਾ ਵਾਲਾ ਹੋਵੇ ਤੇ ਉਹ ਕੂਕਾ ਬਣ ਗਿਆ ਹੋਵੇ।** ਉਸ ਜ਼ਿਲ੍ਹੇ ਵਿੱਚ ਕੂਕਾ ਲੋਕ ਜ਼ਿਆਦਾ ਹਨ। ਹਜ਼ੂਰ ਚੰਗੀ ਤਰ੍ਹਾਂ ਤਸੱਲੀ ਰੱਖਣ ਕਿ ਸਰਕਾਰ ਵਲੋਂ ਕੂਕਾ ਲੋਕਾਂ ਦੀ ਨਿਗਰਾਨੀ ਦਾ ਪ੍ਰਬੰਧ ਬਹੁਤ ਚੰਗੀ ਤਰ੍ਹਾਂ ਰਹੇਗਾ। ਜੇ ਪਟਿਆਲਾ 'ਚ ਕੋਈ ਆਦਮੀ ਕੂਕਾ ਬਣਿਆ ਹੋਵੇਗਾ ਤਾਂ ਉਸ ਦਾ ਹਾਲ ਵੀ ਸਰਕਾਰ ਦੀ ਸੇਵਾ ਵਿੱਚ ਅਰਜ਼ ਕਰ ਦਿੱਤਾ ਜਾਵੇਗਾ। ਪਰ ਤੁਸੀਂ ਇਸ ਗੱਲ ਤੇ ਯਕੀਨ ਨਹੀਂ ਕਰਨਾ ਕਿ ਪਟਿਆਲਾ ਵਿਖੇ ਕੋਈ ਸ਼ਖ਼ਸ ਕੂਕਾ ਹੋਇਆ ਹੋਵੇ।"

ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ "ਮਿੱਤ ਸਿੰਘ ਦਾ ਨਾਮ ਜਿਹੜਾ ਅਸੀਂ ਦੱਸਿਆ ਕਿ ਪਟਿਆਲੇ 'ਚ ਕੂਕਾ ਬਣਿਆ ਹੈ, ਮਹਾਰਾਜਾ ਸਾਹਿਬ ਦੀ ਸੇਵਾ ਵਿੱਚ ਨਾ ਲਿਖਣਾ ਕਿਉਂਕਿ ਸ਼ਾਇਦ ਸਾਨੂੰ ਗ਼ਲਤੀ ਲੱਗੀ ਹੋਵੇ। ਕੇਵਲ ਏਨਾ ਹੀ ਲਿਖਣਾ ਕਿ ਸਾਡਾ ਮਤਲਬ ਧਰਮ ਵਿੱਚ ਦਖ਼ਲ ਦੇਣਾ ਬਿਲਕੁਲ ਨਹੀਂ। **ਜੇ ਕੋਈ ਸਖ਼ਸ਼ ਆਪਣਾ** ਪਹਿਲਾਂ ਮਜ਼ਹਬ ਛੱਡ ਕੇ ਕੂਕਾ ਹੋ ਜਾਵੇ ਤਾਂ ਸਰਕਾਰ ਦਾ ਕੋਈ ਦਖ਼ਲ ਨਹੀਂ ਪਰ ਜੇ ਉਨ੍ਹਾਂ ਕੂਕਿਆਂ ਵਲੋਂ ਫ਼ਸਾਦ ਪਾਉਣ ਦੇ ਇਰਾਦੇ ਦਾ ਪਤਾ ਲੱਗੇ ਤਾਂ ਇਸ ਗੱਲ ਦਾ ਖ਼ਿਆਲ ਰੱਖਣਾ ਜ਼ਰੂਰੀ ਹੈ।"

ਦਾਸ ਨੇ ਅਰਜ਼ ਕੀਤਾ ਕਿ " ਹਜ਼ੂਰ ਅੱਛੀ ਤਰ੍ਹਾਂ ਤਸੱਲੀ ਰੱਖਣ। ਇਸ ਗੱਲ ਦਾ ਖ਼ਿਆਲ ਸਰਕਾਰ ਦੇ ਅਹਿਲਕਾਰ ਬਹੁਤ ਚੰਗੀ ਤਰ੍ਹਾਂ ਰੱਖਣਗੇ। "

ਕਿਉਂਕਿ ਇਸ ਗੱਲ ਦੀ ਇਤਲਾਹ ਦੇਣੀ ਵਾਜਿਬ ਸੀ ਇਸ ਲਈ ਇਤਲਾਹ ਵਜੋਂ ਦੱਸ ਕੇ ਬੇਨਤੀ ਕਰਦਾ ਹਾਂ ਕਿ ਕੂਕਿਆਂ ਬਾਰੇ ਮੁਨਾਸਿਬ ਹੁਕਮ ਜਾਰੀ ਕਰਕੇ ਸਾਹਿਬ ਬਹਾਦੁਰ ਨੂੰ ਮੁਲਾਹਿਜ਼ਾ ਕਰਵਾਉਣ ਯੋਗ ਜਵਾਬ ਭੇਜਿਆ ਜਾਵੇ। ਭਾਵੇਂ ਇਹ ਯਕੀਨ ਨਹੀਂ ਹੈ ਕਿ ਸਰਕਾਰੀ ਮੁਲਾਜ਼ਿਮਾਂ 'ਚੋਂ ਕੋਈ ਮੁਲਾਜ਼ਿਮ ਕੂਕਾ ਬਣਿਆ ਹੈ ਪਰ ਇਸ ਬਾਰੇ ਜੋ ਕੁਝ ਹਾਲ ਹੋਵੇ ਉਸ ਬਾਰੇ ਦਾਸ ਨੂੰ ਮੁਨਾਸਿਬ ਸੂਚਨਾ ਭੇਜੀ ਜਾਵੇ।

ਮਿਤੀ 27 ਸਤੰਬਰ ਸੰਨ 1866 ਈ: ਮੁਕਾਮ ਮਰੀ ਪਹਾੜ।

**ਦਾਸ**
**ਪੁਰਾਣਾ ਨਮਕ ਖ਼ਾਹ,**
**ਸੱਯਦ ਮੁਹੰਮਦ ਹੁਸੈਨ, ਵਕੀਲ ਸਰਕਾਰ,**
**ਗੌਰਮਿੰਟ ਪੰਜਾਬ ਕੋਲ ਹਾਜ਼ਿਰ ਰਹਿਣ ਵਾਲਾ।**

**ਇਸ ਮਾਮਲੇ 'ਚ ਉੱਚੀ ਪਦਵੀ ਵਾਲੀ ਸਰਕਾਰ ਦੇ ਅਹਿਲਕਾਰਾਂ ਨੇ ਇੱਕ ਮੱਤ ਹੋ ਕੇ ਜਿਹੜੀ ਤਜਵੀਜ਼ ਤਹਿ ਕੀਤੀ ਹੈ, ਉਸ ਬਾਰੇ ਅਸੀਂ ਸਰਿਸ਼ਤੇਦਾਰ ਨੂੰ ਸਮਝਾ ਦਿੱਤਾ ਹੈ। ਸੋ ਹੁਕਮ ਹੋਇਆ ਕਿ ਸਾਡੇ ਸਮਝਾਉਣ ਅਨੁਸਾਰ ਰੋਬਕਾਰ (ਸਰਕਾਰੀ ਚਿੱਠੀ) ਭੇਜ ਕੇ ਇਸ ਦੀ ਨਕਲ ਇਤਲਾਹ ਵਜੋਂ ਵਕੀਲ ਲੈਫ਼ਟੀਨੈਂਟੀ ਨੂੰ ਭੇਜੀ ਜਾਵੇ।**

ਮਿਤੀ ਕਤੱਕ ਸੁਦੀ 9, ਸੰਮਤ 1923.

---

## ਅਦਾਲਤੀ ਖ਼ਾਨ ਮੀਰ ਮੁਨਸ਼ੀ ਦੀ ਤਜਵੀਜ਼ ਤੇ ਹੁਕਮ ਨਾਲ

**ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨੇ ਦੀ ਰੋਬਕਾਰ**

ਮਿਤੀ ਮੱਘਰ ਵਦੀ 9, ਸੰਮਤ 1923.

**ਵਿਸ਼ਾ :- ਨਵੇਂ ਪੈਦਾ ਹੋਏ ਮਜ਼ਹਬ ਕੂਕਾ ਦੇ ਲੋਕਾਂ ਦੇ ਇੰਤਜ਼ਾਮ ਸੰਬੰਧੀ।**

ਸਯੱਦ ਮੁਹੰਮਦ ਹੁਸੈਨ ਵਕੀਲ ਮਹਿਕਮਾ ਆਲੀਆ ਗੌਰਮਿੰਟ ਪੰਜਾਬ ਦਾ ਬਿਨੈ-ਪੱਤਰ ਮਿਤੀ ਕੱਤਕ ਸੁਦੀ 9, ਸੰਮਤ 1923, ਨੂੰ ਪ੍ਰਾਪਤ ਹੋਇਆ, ਜਿਸ ਰਾਹੀ ਵਕੀਲ ਦੀ ਜਨਾਬ ਸਾਹਿਬ ਸੈਕਟਰੀ ਬਹਾਦੁਰ ਨਾਲ ਹੋਈ ਗੱਲਬਾਤ ਦੀ ਇਤਲਾਹ ਦਿੱਤੀ ਗਈ ਸੀ। ਬਿਨੈ-ਪੱਤਰ ਨੂੰ ਮੁਲਾਹਿਜ਼ਾ ਕਰਨ ਉਪ੍ਰੰਤ ਹਾਲ ਮਾਲੂਮ ਹੋਇਆ।

ਪਹਿਲਾਂ ਸਰਕਾਰ ਵਲ੍ਹੋਂ ਇਹ ਇੰਤਜ਼ਾਮ ਕੀਤਾ ਗਿਆ ਸੀ ਕਿ ਸਰਕਾਰ ਦੇ ਇਲਾਕੇ ਵਿੱਚ ਕਿਸੇ ਥਾਂ ਕੂਕਿਆਂ ਦਾ ਗਰੋਹ ਇੱਕਠਾ ਨਾ ਹੋ ਸਕੇ। ਜਿਹੜੇ ਕੂਕੇ ਫ਼ੌਜ ਵਿੱਚ ਹੋਣ ਉਨ੍ਹਾਂ ਦੀ ਗਿਣਤੀ ਕੀਤੀ ਜਾਵੇ ਅਤੇ ਗਿਣਤੀ ਕਰਨ ਉਪ੍ਰੰਤ ਮੁਕੰਮਲ ਇੰਤਜ਼ਾਮ ਕਰਨ ਨੂੰ ਮੁੱਖ ਰੱਖ ਕੇ ਇਹ ਬੰਦੋਬਸਤ ਤਜਵੀਜ਼ ਹੋਇਆ ਕਿ ਸਰਕਾਰ ਦੇ ਸਾਰੇ ਮੁਲਾਜ਼ਿਮ ਕੂਕੇ ਨੌਕਰੀ ਤੋਂ ਬਰਖ਼ਾਸਤ ਕੀਤੇ ਜਾਣ ਤੇ ਉਨ੍ਹਾਂ ਤੋਂ ਹਥਿਆਰ ਲੈ ਲਏ ਜਾਣ। ਅੱਗੋਂ ਨੂੰ ਜਿਹੜਾ ਮੁਲਾਜ਼ਿਮ ਕੂਕਾ ਬਣੇਗਾ ਉਸ ਦਾ ਨਾਮ ਕੱਟ ਦਿੱਤਾ ਜਾਵੇਗਾ ਬਲਕਿ ਮਹਿਕਮਾ ਸਦਰ ਅਦਾਲਤ ਵਲੋਂ ਇਸ ਮਜ਼ਮੂਨ 'ਤੇ ਆਧਾਰਿਤ ਆਮ ਇਸ਼ਤਿਹਾਰ ਦਿੱਤਾ ਗਿਆ ਹੈ ਕਿ ਜਿਹੜਾ ਵਿਆਕਤੀ ਇਹ ਮਜ਼ਹਬ ਇਖ਼ਤਿਆਰ ਕਰੇਗਾ, ਉਸ ਨੂੰ ਸਰਕਾਰ ਦੀ ਅਦਾਲਤ ਵਲੋਂ ਸਜ਼ਾ ਦਿੱਤੀ ਜਾਵੇਗੀ। ਯਕੀਨ ਹੈ ਕਿ ਇਹ ਇੰਤਜ਼ਾਮ ਅੱਗੋਂ ਵਾਸਤੇ ਤੱਸਲੀ ਬਖ਼ਸ਼ ਹੋਵੇਗਾ।

ਕਿਉਂਕਿ ਇਸ ਦੀ ਇਤਲਾਹ ਵਕੀਲ ਏਜੰਸੀ ਤੇ ਵਕੀਲ ਲੈਫ਼ਟੀਨੈਂਟੀ ਨੂੰ ਦੇਣੀ ਵਾਜਿਬ ਹੈ ਇਸ ਲਈ ਹੁਕਮ ਹੋਇਆ ਕਿ :-

ਇਸ ਰੋਬਕਾਰ ਦੀ ਨਕਲ ਇਤਲਾਹ ਵਜੋਂ ਵਕੀਲ ਏਜੰਸੀ ਤੇ ਵਕੀਲ ਲੈਫ਼ਟੀਨੈਂਟੀ ਕੋਲ ਭੇਜੀ ਜਾਵੇ। ਨਾਲੇ ਵਕੀਲ ਅੰਬਾਲਾ ਦਾ ਬਿਨੈ-ਪੱਤਰ ਜਿਹੜਾ ਮਿਤੀ ਕੱਤਕ ਸੁਦੀ 3, ਸੰਮਤ 1923 ਨੂੰ ਆਇਆ ਹੈ ਉਸ ਦੀ ਨਕਲ ਭੇਜੀ ਜਾਵੇ।

ਮੱਘਰ ਵਦੀ 9,ਸੰਮਤ 1923

---

## ਪਰਚਾ ਅਲਹਿਦਾ

ਸ਼੍ਰੀ ਮਾਨ ਜੀ,

ਕੱਲ੍ਹ ਦਿਨ ਮੰਗਲਵਾਰ ਨੂੰ ਨਵਾਬ ਅਲੀ ਖ਼ਾਨ ਝੱਜਰ ਵਾਲਾ, ਮੇਜਰ ਪਾਰਕਿੰਨਸ ਸਾਹਿਬ ਸੁਪਰਡੈਂਟ ਪੁਲਿਸ ਲੁਧਿਆਣਾ ਨਾਲ ਮੁਲਾਕਾਤ ਕਰਨ ਵਾਸਤੇ ਗਿਆ ਸੀ। ਮੇਜਰ ਸਾਹਿਬ ਨੇ ਹੋਰ ਗੱਲਾਂ ਬਾਤਾਂ ਕਰਨ ਉਪ੍ਰੰਤ ਇਹ ਵੀ ਫ਼ਰਮਾਇਆ ਕਿ " **ਇਨ੍ਹਾਂ ਦਿਨਾਂ ਵਿੱਚ ਕੂਕਾ ਮਜ਼ਹਬ ਦੇ ਲੋਕ ਬਹੁਤ ਜ਼ਿਆਦਾ ਵਧ ਗਏ ਹਨ ਅਤੇ ਅੰਗਰੇਜ਼ ਸਾਹਿਬ ਬਹਾਦੁਰ ਇਹ ਵੀ ਚਰਚਾ ਕਰਦੇ ਹਨ ਕਿ ਇਸ ਮਜ਼ਹਬ ਦੇ ਲੋਕਾਂ ਨੂੰ ਸ਼ਾਇਦ ਪਟਿਆਲਾ, ਨਾਭਾ ਤੇ ਜੀਂਦ ਦੀਆਂ ਤਿੰਨੇ ਸਰਕਾਰਾਂ ਵੀ ਕੁਝ ਮਦਦ ਦਿੰਦੀਆਂ ਹੋਣ।"**

ਅਲੀ ਮੁਹਮੰਦ ਖ਼ਾਨ ਨੇ ਕਿਹਾ ਕਿ " ਮੈਂ ਆਪ ਉੱਥੋਂ ਆਇਆ ਹਾਂ ਉੱਥੇ ਕੁਝ ਜ਼ਿਕਰ ਨਹੀਂ ਬਲਕਿ ਇੱਕ ਵਾਰ ਇਹ ਕੂਕਾ ਲੋਕ (ਪਟਿਆਲਾ) ਗਏ ਸਨ ਤਾਂ ਉੱਥੋਂ ਕੱਢ ਦਿੱਤੇ ਗਏ ਸਨ। ਅਜਿਹਾ ਹੀ ਹਾਲ ਸਰਕਾਰ ਨਾਭਾ ਤੇ ਜੀਂਦ ਦਾ ਸੁਣਿਆ ਗਿਆ ਹੈ।"

ਜਦੋਂ ਦਾਸ ਨੇ ਅਲੀ ਮੁਹਮੰਦ ਖ਼ਾਨ ਦੀ ਜ਼ਬਾਨੀ ਇਹ ਹਾਲ ਸੁਣਿਆ ਤਾਂ ਦਾਸ ਨੇ ਖ਼ੁਦ ਮੇਜਰ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਹਾਜ਼ਿਰ ਹੋ ਕੇ ਉਨ੍ਹਾਂ ਦੇ ਖ਼ਿਆਲ ਬਾਰੇ ਦਰਿਆਫ਼ਤ ਕੀਤਾ। ਉਸਤਤ ਯੋਗ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ "ਸਾਨੂੰ ਤਾਂ ਕੁਝ ਪੱਕਾ ਪਤਾ ਨਹੀਂ ਹੈ ਪਰ ਅੰਗਰੇਜ਼ ਲੋਕ ਅਕਸਰ ਚਰਚਾ ਕਰਦੇ ਹਨ। ਚਾਹੀਦਾ ਹੈ ਕਿ ਸਰਕਾਰ ਸ਼੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਅਹਿਲਕਾਰ ਇਸ ਗੱਲ ਦਾ ਖ਼ਿਆਲ ਰੱਖਣ। ਅਫ਼ਵਾਹ ਦੇ ਤੌਰ 'ਤੇ ਇੱਕ ਆਦਮੀ ਦੀ ਜ਼ਬਾਨੀ ਇਹ ਵੀ ਸੁਣਿਆ ਗਿਆ ਕਿ ਨਰਾਇਣ ਸਿੰਘ ਆਦਿ ਦੋ ਸ਼ਖ਼ਸ ਇਸ ਹਾਲ ਦਾ ਪਤਾ ਕਰਨ ਵਾਸਤੇ ਪਟਿਆਲਾ ਤੇ ਨਾਭਾ ਵੀ ਗਏ ਸਨ। ਉਹ ਉਸ ਪਾਸੇ ਦੋ ਮਹੀਨੇ ਰਹਿ ਕੇ ਲਾਹੌਰ ਵੱਲ ਵਾਪਿਸ ਚਲੇ ਗਏ।"

ਸੋ ਇਤਲਾਹ ਵਜੋਂ ਹਜ਼ੂਰ ਕੋਲ ਗੁਜ਼ਾਰਿਸ਼ ਕਰਕੇ ਬੇਨਤੀ ਕਰਦਾ ਹਾਂ **ਕਿ ਸਖ਼ੀ ਸਰਕਾਰ ਦੇ ਅਹਿਲਕਾਰਾਂ ਨੂੰ ਹਰ ਹਾਲਤ ਵਿੱਚ ਇਸ ਗੱਲ ਦਾ ਇੰਤਜਾਮ ਕਰਦਾ ਚਾਹੀਦਾ ਹੈ।** ਅੱਗੋਂ ਹਜ਼ੂਰ ਮਾਲਿਕ ਹਨ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਉਲੰਘਣਾ ਹੈ।

ਮਿਤੀ ਮੱਘਰ ਵਦੀ 9, ਸੰਮਤ 1923.

ਵੱਡੀ ਕਦਰ ਵਾਲੇ ਸੱਯਦ ਨਿਸਾਰ ਅਲੀ

ਖ਼ੁਸ਼ ਰਹੋ!

ਕੂਕਿਆਂ ਬਾਰੇ ਇੰਤਜ਼ਾਮ ਸਰਕਾਰ ਵੱਲੋਂ ਕੀਤਾ ਗਿਆ ਹੈ। ਸੋ ਰੋਬਕਾਰ ਮਿਤੀ ਮੱਘਰ ਵਦੀ 9, ਸੰਮਤ 1923 ਦੀ ਨਕਲ, ਸਮੇਤ ਵਕੀਲ ਅੰਬਾਲਾ ਦੇ ਬਿਨੈ-ਪੱਤਰ ਦੀ ਨਕਲ ਦੇ, ਤੁਹਾਡੇ ਪਾਸ ਭੇਜੀ ਜਾਂਦੀ ਹੈ। ਕਾਗ਼ਜ਼ਾਤ ਦੇਖਣ ਉਪ੍ਰੰਤ ਕੂਕਿਆਂ ਦੇ ਇੰਤਜ਼ਾਮ ਬਾਰੇ ਵੇਰਵੇ ਸਹਿਤ ਹਾਲ ਪ੍ਰਤੱਖ ਹੋ ਜਾਵੇਗਾ।

ਤੁਸੀ ਸਮਝੋ ਕਿ ਸਰਕਾਰ ਨੂੰ ਤੁਹਾਡਾ ਬਹੁਤ ਖ਼ਿਆਲ ਹੈ।

ਮਿਤੀ ਮੱਘਰ ਵਦੀ 11, ਸੰਮਤ 1923.

## ਮਹਾਰਾਜਾ ਪਟਿਆਲਾ ਨੂੰ ਚੰਡੀ ਦਾਸ (ਵਕੀਲ ਅੰਬਾਲਾ) ਵਲੋਂ ਲਿਖਿਆ ਗਿਆ ਖਤ

ਨਿਆਮਤਾਂ ਦੇ ਮਾਲਿਕ ਅਤੇ ਗਰੀਬ ਪਰਵਰ

ਸ਼੍ਰੀ ਮਾਨ ਜੀ,

ਦਾਸ ਨੇ 19 ਦਸੰਬਰ, ਸੰਨ 1866 ਨੂੰ ਕਸਬਾ ਜਗਾਧਰੀ ਵਿਖੇ ਇਸ ਪਰਵਾਨੇ 'ਚ ਦਰਜ਼ ਹਾਲ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਅਰਜ਼ ਕੀਤਾ ਸੀ। ਉਸਤਤ ਯੋਗ ਸਾਹਿਬ ਬਹਾਦੁਰ ਨੇ ਹਾਲ ਸੁਣਨ ਉਪ੍ਰੰਤ ਫ਼ਰਮਾਇਆ ਕਿ "ਇਹ ਇੰਤਜ਼ਾਮ ਚੰਗਾ ਹੋ ਗਿਆ। ਇਨ੍ਹਾਂ ਲੋਕਾਂ ਦੀ ਨਿਗਰਾਨੀ ਹਰ ਹਾਲਤ ਵਿੱਚ ਰੱਖਣਾ ਵਾਜਿਬ ਹੈ, ਪਰ ਨਵਾਬ ਗਵਰਨਰ ਜਨਰਲ ਬਹਾਦੁਰ ਦਾ ਮਨਸ਼ਾ ਇਹ ਨਹੀਂ ਹੈ ਕਿ ਇਨ੍ਹਾਂ ਲੋਕਾਂ ਨੂੰ ਕੁਝ ਜ਼ਿਆਦਾ ਤੰਗ ਕੀਤਾ ਜਾਵੇ ਜਾਂ ਤਕਲੀਫ਼ ਦਿੱਤੀ ਜਾਵੇ।"

ਦਾਸ ਨੇ ਅਰਜ਼ ਕੀਤਾ ਕਿ "ਇਸ ਪਰਵਾਨੇ ਦੇ ਮਜ਼ਮੂਨ ਤੋਂ ਪ੍ਰਗਟ ਹੈ ਕਿ ਇਸ ਮਜ਼ਹਬ ਦੇ ਆਦਮੀਆਂ ਨੂੰ ਕਿਸੇ ਪ੍ਰਕਾਰ ਦੀ ਤਕਲੀਫ਼ ਨਹੀਂ ਦਿੱਤੀ ਗਈ। ਇਹ ਸੁਣ ਕੇ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ "ਅੱਛਾ।"

ਸੋ ਇਤਲਾਹ ਵਜੋਂ ਤੇ ਜਵਾਬ ਦੇ ਤੌਰ ਤੇ ਹਜ਼ੂਰ ਨੂੰ ਦੱਸਿਆ ਗਿਆ ਹੈ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਉਲੰਘਣਾ ਹੈ।

ਐ ਖ਼ੁਦਾ! ਹਕੂਮਤ ਤੇ ਤੇਜ ਪਰਤਾਪ ਦਾ ਸੂਰਜ ਹਮੇਸ਼ਾ ਚਮਕਦਾ ਰਹੇ!

ਦਾਸ<br>ਪੁਰਾਣਾ ਨਮਕ ਪਰਵਰਦਾ,<br>ਚੰਡੀ ਦਾਸ ਵਕੀਲ ਅੰਬਾਲਾ।

ਮਿਤੀ ਪੋਹ ਵਦੀ 6, ਸੰਮਤ 1923.<br>ਮੁਤਾਬਕ 27 ਦਸੰਬਰ, ਸੰਨ 1866 ਈ:

# ਫਾਇਲ ਨੰ:2

## History 10 R

## ਕੂਕਿਆਂ ਦੀ ਗ੍ਰਿਫਤਾਰੀ ਸੰਬੰਧੀ
## ਪ੍ਰਬੰਧਕੀ ਕਾਗਜ਼ਾਤ
## ਕੂਕਾ ਰਤਨ ਸਿੰਘ ਦੀ ਗ੍ਰਿਫਤਾਰੀ

## (ਅੰਮ੍ਰਿਤਸਰ,ਰਾਏਕੋਟ ਤੇ ਲੁਧਿਆਣਾ ਸਾਕੇ ਨਾਲ ਸਬੰਧਿਤ ਦਸਤਾਵੇਜ਼)

---

**ਇਹ ਚਿੱਠੀ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੂੰ ਅਸੂਲ ਹਸਨ ਥਾਣੇਦਾਰ ਵੱਲੋਂ ਲਿਖੀ ਗਈ। ਇਹ ਚਿੱਠੀ 5 ਅਗਸਤ 1871 ਨੂੰ ਰਾਏਕੋਟ ਸਾਕੇ ਨਾਲ ਸੰਬੰਧਿਤ 3 ਕੂਕੇ ਸਿੱਖਾਂ ਨੂੰ ਫਾਂਸੀ ਦੇਣ ਮਗਰੋਂ ਲਿਖੀ ਗਈ**

ਗ਼ਰੀਬ ਪਰਵਰ ਸਲਾਮਤ !

ਸ੍ਰੀ ਮਾਨ ਜੀ,

ਅੱਜ ਸਵੇਰੇ ਪੰਜ ਵਜੇ ਰਾਏਕੋਟ ਦੇ ਬੁੱਚੜਾਂ ਦੇ ਕਾਤਿਲ ਗੁਰਮੁਖ ਸਿੰਘ,ਮਸਤਾਨ ਸਿੰਘ ਤੇ ਮੰਗਲ ਸਿੰਘ ਨੂੰ ਬੁੱਚੜ ਖ਼ਾਨਾ ਦੇ ਖ਼ਾਸ ਮਕਾਨ ਵਿੱਚ ਫ਼ਾਹੇ ਲਾਇਆ ਗਿਆ। ਫ਼ਾਂਸੀ ਦੇਣ ਤੋਂ ਵਿਹਲੇ ਹੋ ਕੇ ਜਨਾਬ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੇ ਦਾਸ ਨੂੰ ਉਸੇ ਜਗ੍ਹਾ, ਜਿੱਥੇ ਕਾਤਿਲਾਂ ਨੂੰ ਫ਼ਾਂਸੀ ਦਿੱਤੀ ਗਈ ਸੀ, ਹੁਕਮ ਦਿੱਤਾ ਕਿ " ਪਟਿਆਲੇ ਤੋਂ ਆਏ ਸਾਰੇ ਸਵਾਰਾਂ ਤੇ ਪਿਆਦਿਆਂ ਨੂੰ ਛੁੱਟੀ ਦੇ ਦਿਓ। ਇਨ੍ਹਾਂ ਨੂੰ ਤੇ ਤੁਹਾਨੂੰ ਬਹੁਤ ਤਕਲੀਫ਼ ਹੋਈ ਹੈ।" ਦਾਸ ਨੇ ਅਰਜ਼ ਕੀਤਾ ਕਿ " ਜੇ ਹੁਕਮ ਹੋਵੇ ਤਾਂ ਸਾਰੇ ਸਵਾਰ ਤੇ ਪਿਆਦੇ ਹਜ਼ੂਰ ਨਾਲ ਲੁਧਿਆਣੇ ਤੱਕ ਚੱਲਣ।" ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ " ਹੁਣ ਇਨ੍ਹਾਂ ਦੀ ਸਾਡੇ ਨਾਲ ਚੱਲਣ ਦੀ ਕੋਈ ਲੋੜ ਨਹੀਂ ਹੈ, ਇਨ੍ਹਾਂ ਨੂੰ ਪਟਿਆਲੇ ਵੱਲ ਰਵਾਨਾ ਕਰ ਦਿਓ ਅਤੇ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਨੂੰ ਸਾਡੇ ਵੱਲੋਂ ਬਹੁਤ-ਬਹੁਤ ਸ਼ੁਕਰੀਆ ਲਿਖ ਦਿਓ।" ਦਾਸ ਨੂੰ ਹੁਕਮ ਦਿੱਤਾ ਕਿ " ਤੂੰ ਸਾਡੇ ਨਾਲ ਲੁਧਿਆਣਾ ਚੱਲ।" ਦਾਸ ਨੇ ਅਰਜ਼ ਕੀਤਾ ਕਿ " ਜਿਸ ਜਗ੍ਹਾ ਤੱਕ ਹੁਕਮ ਹੋਵੇਗਾ ਹਾਜ਼ਿਰ ਰਹੂੰਗਾ।" ਫਿਰ ਹੁਕਮ ਦਿੱਤਾ ਕਿ " ਹਮਾਰੇ ਸਾਥ ਚਲੋ।"

ਐ ਮਾਲਿਕ ! ਸਾਹਿਬ ਬਹਾਦੁਰ ਦੇ ਹੁਕਮ ਅਨੁਸਾਰ ਸਾਰੇ ਸਵਾਰਾਂ ਤੇ ਪਿਆਦਿਆਂ ਨੂੰ ਪਟਿਆਲੇ ਨੂੰ ਰਵਾਨਾ ਕਰਕੇ ਮੈਂ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨਾਲ ਲੁਧਿਆਣੇ ਨੂੰ ਜਾ ਰਿਹਾ ਹਾਂ। ਲੁਧਿਆਣੇ ਜਾ ਕੇ ਸਾਹਿਬ ਬਹਾਦੁਰ ਜਿਹੜਾ ਹੁਕਮ ਦੇਣਗੇ, ਉਸ ਬਾਰੇ ਬਿਨੈ-ਪੱਤਰ ਰਾਹੀਂ ਹਜ਼ੂਰ ਨੂੰ ਇਤਲਾਹ ਦਿੱਤੀ ਜਾਵੇਗੀ। ਸਾਹਿਬ ਬਹਾਦੁਰ ਨੇ ਇਸ ਵੇਲੇ ਕੋਠੀ 'ਤੇ ਤਸ਼ਰੀਫ਼ ਲਿਆ ਕੇ ਮੈਨੂੰ ਹੁਕਮ ਦਿੱਤਾ ਕਿ " ਹੁਣ ਤੱਕ ਗੌਰਮਿੰਟ ਤੋਂ ਮਨਜ਼ੂਰੀ ਨਹੀਂ ਆਈ ਹੈ। ਜਿਸ ਵੇਲੇ ਮਨਜ਼ੂਰੀ ਆਵੇਗੀ ਉਸ ਵਕਤ ਤੈਨੂੰ, ਵਕੀਲ ਨੂੰ ਤੇ ਦੂਸਰੇ ਥਾਣੇਦਾਰ ਭਾਵ ਮੁਹੰਮਦ ਹਸਨ ਨੂੰ ਇੱਕ-ਇੱਕ ਤਲਵਾਰ ਦਿੱਤੀ ਜਾਵੇਗੀ ਤੇ ਸਰਟੀਫ਼ਿਕੇਟ ਵੀ ਉਸ ਵੇਲੇ ਦਿੱਤਾ ਜਾਵੇਗਾ।" ਦਾਸ ਨੇ ਸ਼ੁਕਰੀਆ ਅਦਾ ਕੀਤਾ।

4 ਅਗਸਤ ਨੂੰ ਰੈਮਨ ਸਾਹਿਬ ਬਹਾਦੁਰ ਅਸਿਸਟੈਂਟ ਜ਼ਿਲ੍ਹਾ ਫ਼ਿਰੋਜ਼ਪੁਰ, ਜਿਹੜੇ 160 ਪਿਆਦਿਆਂ ਤੇ ਸੌ ਸਵਾਰਾਂ ਸਮੇਤ ਕੇਵਲ ਫ਼ਾਂਸੀ ਦੇ ਇੰਤਜ਼ਾਮ ਵਾਸਤੇ ਆਏ ਸਨ, ਉਹ ਵੀ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨਾਲ ਰਵਾਨਾ ਹੋਣਗੇ। ਇੱਥੇ ਜਿੰਨੇ ਵੀ ਅਹੁਦੇਦਾਰ ਆਦਿ ਅੰਗਰੇਜ਼ੀ ਮੁਲਾਜ਼ਿਮ ਹਾਜ਼ਿਰ ਸਨ ਅਤੇ ਰਿਆਸਤ ਨਾਭਾ ਤੇ ਕੋਟਲਾ ਦੇ ਸਵਾਰ ਆਦਿ ਵੀ, ਸਭ ਨੂੰ ਛੁੱਟੀ ਦੇ ਦਿੱਤੀ ਹੈ। ਜਲਾਲ ਸਿੰਘ ਚਹਿਲ, ਜਿਹੜਾ ਜਨਾਬ ਮਕੰਦਰੂ ਸਾਹਿਬ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਨਾਲ ਅੰਮ੍ਰਿਤਸਰ ਦੇ ਬੁੱਚੜਾਂ ਦਾ ਮਾਲ ਬਰਾਮਦ ਕਰਵਾਉਣ ਤੇ ਮੁਜ਼ਰਿਮਾਂ ਨੂੰ ਗ੍ਰਿਫ਼ਤਾਰ ਕਰਵਾਉਣ ਵਾਸਤੇ ਅੰਮ੍ਰਿਤਸਰ ਨੂੰ ਗਿਆ ਸੀ,ਦੀ ਇਸ ਵਕਤ ਤੱਕ ਕੋਈ ਖ਼ਬਰ ਨਹੀਂ ਆਈ ਕਿ ਉਸ ਨੇ ਮਾਲ ਬਰਾਮਦ ਕਰਾਇਆ ਹੈ ਜਾਂ ਨਹੀਂ। ਜਿਹੜੀ ਖ਼ਬਰ ਆਵੇਗੀ, ਲੁਧਿਆਣੇ ਤੋਂ ਅਰਜ਼ ਕਰਾਂਗਾ। ਫ਼ਾਹੇ ਲਾਏ ਗਏ ਤਿੰਨਾਂ ਕਾਤਿਲਾਂ ਦੀਆ ਲਾਸ਼ਾਂ ਬਾਰੇ ਗੁਰਮੁਖ ਸਿੰਘ ਕਾਤਿਲ ਦੇ ਚਾਚੇ ਚੰਦ ਸਿੰਘ ਨੂੰ, ਜਿਹੜਾ ਫ਼ਾਂਸੀ ਦੇ ਸਮੇਂ ਹਾਜ਼ਿਰ ਸੀ, ਨੂੰ ਕਿਹਾ ਕਿ ਉਹ ਆਪਣੇ ਰਿਹਾਇਸ਼ੀ ਪਿੰਡ 'ਚ ਲੈ ਜਾ ਕੇ, ਉਨ੍ਹਾਂ ਦਾ ਦਾਹ ਸੰਸਕਾਰ ਕਰ ਦੇਵੇ। ਸੋ ਉਹ ਤਿੰਨਾਂ ਕਾਤਿਲਾਂ ਦੀਆਂ ਲਾਸ਼ਾਂ ਨੂੰ ਗੱਡੇ 'ਚ ਲੱਦ ਕੇ ਪਿੰਡ ਪਿੱਥੋ ਨੂੰ ਰਵਾਨਾ ਹੋ ਗਿਆ ਹੈ। ਵਾਜ਼ਿਬ ਹਾਲ ਅਰਜ਼ ਕੀਤਾ ਹੈ।

ਦਾਸ

5 ਅਗਸਤ ਸੰਨ 1871

ਅਸੂਲ ਹਸਨ ਥਾਣੇਦਾਰ।

## ਇਹ ਚਿੱਠੀ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੂੰ ਮੁਹੰਮਦ ਅਲੀ (ਵਕੀਲ ਗੌਰਮਿੰਟ) ਵੱਲੋਂ ਲਿਖੀ ਗਈ

ਗ਼ਰੀਬ ਪਰਵਰ ! ਸਲਾਮਤ!

ਸ੍ਰੀ ਮਾਨ ਜੀ,

ਅੱਜ ਦਾਸ, ਮਕੰਦਰੂ ਸਾਹਿਬ ਡਿਪਟੀ ਇੰਸਪੈਕਟਰ ਹਲਕਾ ਅੰਬਾਲਾ ਵੱਲੋਂ ਲਿਖੇ ਸ਼ੁਕਰੀਏ ਦੇ ਪੱਤਰ ਦੀ ਨਕਲ ਲੈ ਕੇ ਸਾਹਿਬ ਕਮਾਂਡਰ-ਚੀਫ਼ ਕੋਲ ਹਾਜ਼ਿਰ ਹੋਇਆ। ਇਹ ਖ਼ਤ ਨੂਰਾਨੀ ਸਰਕਾਰ ਪਟਿਆਲਾ ਦੇ ਨਾਮ ਲਿਖਿਆ ਹੋਇਆ ਸੀ, ਜਿਸ ਰਾਹੀਂ ਰਾਏਕੋਟ ਦੇ ਬੁੱਚੜਾਂ ਦੇ ਕਤਲ ਦਾ ਜੁਰਮ ਸਾਬਿਤ ਹੋ ਜਾਣ 'ਤੇ ਸਰਕਾਰ ਪਟਿਆਲਾ ਵੱਲੋਂ ਇਸ ਮਾਮਲੇ 'ਚ ਪੂਰੀ ਕੋਸ਼ਿਸ਼ ਕਰਨ ਬਦਲੇ ਧੰਨਵਾਦ ਕਰਨ ਬਾਰੇ ਲਿਖਿਆ ਹੋਇਆ ਸੀ। ਡਿਉਢੀ ਦੇ ਜਮਾਂਦਾਰ ਰਾਹੀਂ ਇਤਲਾਹ ਕਰਵਾਈ। ਸਾਹਿਬ ਬਹਾਦੁਰ ਨੇ ਦਾਸ ਨੂੰ ਫ਼ੌਰਨ ਬੁਲਵਾ ਲਿਆ। ਜਦੋਂ ਦਾਸ ਉਨ੍ਹਾਂ ਦੀ ਸੇਵਾ ਵਿੱਚ ਹਾਜ਼ਿਰ ਹੋਇਆ ਤਾਂ ਉਸਤਤ-ਯੋਗ ਸਾਹਿਬ ਮਿਹਰਬਾਨੀ ਕਰਦੇ ਹੋਏ ਅਤਿਅੰਤ ਸ਼ਿਸ਼ਟਾਚਾਰ ਨਾਲ ਪੇਸ਼ ਆਏ ਅਤੇ ਆਪਣੇ ਮੁਬਾਰਕ ਹੱਥ ਨਾਲ ਕੁਰਸੀ 'ਤੇ ਬੈਠਣ ਲਈ ਇਸ਼ਾਰਾ ਕੀਤਾ। ਦਾਸ ਸਲਾਮ ਬੁਲਾ ਕੇ ਕੁਰਸੀ 'ਤੇ ਬੈਠ ਗਿਆ । ਫਿਰ ਦਾਸ ਨੇ ਸ਼੍ਰੀ ਮਹਾਰਾਜਾ ਸਾਹਿਬ ਵੱਲੋਂ ਸਲਾਮ ਅਰਜ਼ ਕੀਤਾ ਤੇ ਦੱਸਿਆ ਕਿ "ਅਲਾਹ ਦੇ ਫ਼ਜ਼ਲ ਤੇ ਹਜ਼ੂਰ ਦੀ ਮਿਹਰਬਾਨੀ ਸਦਕਾ ਨਿਆਮਤਾਂ ਦੇ ਮਾਲਿਕ ਮਹਾਰਾਜਾ ਸਾਹਿਬ ਬਹੁਤ ਪ੍ਰਸੰਨ ਚਿੱਤ ਹਨ ।"

ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ "ਸਾਡੇ ਵੱਲੋਂ ਸ਼੍ਰੀ ਮਹਾਰਾਜਾ ਸਾਹਿਬ ਬਹਾਦੁਰ ਨੂੰ ਆਪਣੇ ਬਿਨੈ-ਪੱਤਰ ਰਾਹੀਂ ਸਲਾਮ ਲਿਖ ਭੇਜੋ।"

ਦਾਸ ਨੇ ਅਰਜ਼ ਕੀਤਾ ਕਿ "ਬਹੁਤ ਬਿਹਤਰ।" ਫਿਰ ਅਰਜ਼ ਕੀਤਾ ਕਿ " ਸਰਕਾਰ ਪਟਿਆਲਾ 'ਸਟਾਰ ਆਫ਼ ਇੰਡੀਆ" ਬਖ਼ਸ਼ੇ ਜਾਣ ਵਾਸਤੇ ਕਲਕੱਤਾ ਵਿਖੇ ਤਸ਼ਰੀਫ਼ ਲੈ ਗਏ ਸਨ ਅਤੇ ਸਰਕਾਰ ਪਟਿਆਲਾ ਨੂੰ ਹਜ਼ੂਰ ਦੇ ਕਲਕੱਤਾ ਤਸ਼ਰੀਫ਼ ਲਿਆਉਣ ਦਾ ਅਤਿਅੰਤ ਇੰਤਜ਼ਾਰ ਤੇ ਮੁਲਾਕਾਤ ਕਰਨ ਦਾ ਹੱਦੋਂ ਵੱਧ ਸ਼ੌਕ ਰਿਹਾ।"

ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ "ਸਾਨੂੰ ਕੁਝ ਸਰਕਾਰੀ ਜ਼ਰੂਰੀ ਕੰਮ ਆ ਪਿਆ ਜਿਸ ਸਦਕਾ ਅਸੀਂ ਉਸ ਮੌਕੇ 'ਤੇ ਜਾ ਨਹੀਂ ਸਕੇ ਤੇ ਸਾਨੂੰ ਦਿਲੀ ਖ਼ੁਸ਼ੀ ਹੈ ਕਿ ਅਸੀਂ ਸ਼੍ਰੀ ਮਹਾਰਾਜਾ ਸਾਹਿਬ ਬਹਾਦੁਰ ਨੂੰ ਆਪਣੇ ਹੱਥ ਨਾਲ 'ਸਟਾਰ ਆਫ਼ ਇੰਡੀਆ' ਦੇਈਏ।"

ਉਸ ਤੋਂ ਮਗਰੋਂ ਦਾਸ ਨੇ ਤਾਰ-ਸੰਦੇਸ਼ ਦਾ ਹਾਲ ਦੱਸਿਆ ਅਤੇ ਪੱਤਰ ਦੀ ਨਕਲ ਦਾ ਮਜ਼ਮੂਨ ਅੱਖਰ-ਅੱਖਰ ਪੜ੍ਹ ਕੇ ਸੁਣਾਇਆ ਤੇ ਜ਼ਬਾਨੀ ਵੀ ਅਰਜ਼ ਕੀਤਾ ਕਿ "ਸਰਕਾਰ ਪਟਿਆਲਾ ਵੱਲੋਂ ਇਸ ਕੇਸ ਵਿੱਚ ਅਤਿਅੰਤ ਕੋਸ਼ਿਸ਼ ਹੋਈ ਹੈ। ਇਸ ਵਾਰਦਾਤ ਦੀ ਇਤਲਾਹ ਮਿਲਦੇ ਸਾਰ, ਸਰਕਾਰ ਪਟਿਆਲਾ ਨੇ ਆਪਣੇ ਥਾਣੇਦਾਰਾਂ, ਨਾਇਬ ਨਾਜ਼ਿਮਾਂ, ਨਾਜ਼ਿਮ ਸਾਹਿਬ ਅਨਾਹਦਗੜ੍ਹ ਤੇ ਖ਼ਾਸ ਤੌਰ 'ਤੇ ਸਰਦਾਰ ਦੇਵਾ ਸਿੰਘ ਸਾਹਿਬ ਹਾਕਿਮ ਸਦਰ ਅਦਾਲਤ ਨੂੰ ਹੁਕਮ ਭੇਜ ਕੇ ਮੁਜ਼ਰਿਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਸਖ਼ਤ ਤਾਕੀਦ ਕੀਤੀ। ਸੋ ਸਰਕਾਰ ਦੇ ਤੇਜ ਪਰਤਾਪ ਸਦਕਾ ਇਹ ਮਾਮਲਾ ਸਾਬਿਤ ਹੋ ਗਿਆ ਤੇ ਗ੍ਰਿਫ਼ਤਾਰ ਹੋਏ ਮੁਜ਼ਰਿਮਾਂ ਨੇ ਜੁਰਮ ਦਾ ਇਕਬਾਲ ਕੀਤਾ ਬਲਕਿ ਮੁਜ਼ਰਿਮਾਂ ਦੀ ਨਿਸ਼ਾਨ ਦੇਹੀ ਅਨੁਸਾਰ ਕਤਲ ਕਰਨ ਵਾਲੀਆਂ ਤਲਵਾਰਾਂ ਵੀ ਬਰਾਮਦ ਕੀਤੀਆਂ।"

ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ "ਇਹ ਸ਼ਰਾਰਤ ਵੀ ਕੂਕਿਆਂ ਦੇ ਗੁਰੂ ਰਾਮ ਸਿੰਘ ਦੀ ਹੈ। ਉਹ ਉਪਰੋਂ ਤਾਂ ਖ਼ਾਮੋਸ਼ ਰਹਿੰਦਾ ਹੋਇਆ ਕੁਝ ਨਹੀਂ ਕਹਿੰਦਾ ਪਰ ਅੰਦਰੋਂ ਇਹ ਸਾਰੀ ਕਾਰਵਾਈ ਉਸ ਦੀ ਹੈ। ਕੂਕੇ ਲੋਕਾਂ ਦਾ ਕਥਨ ਹੈ ਕਿ ਜੋ ਕੁਝ ਦੁਨਿਆ ਵਿੱਚ ਹੈ ਉਹ ਸਾਰਾ ਆਪਣਾ ਹੈ ਕਿਉਂਕਿ ਜਦੋਂ ਤਲਵਾਰ ਫੜਾਂਗੇ, ਸਭ ਕਾਸੇ ਨੂੰ ਆਪਣਾ

ਬਣਾ ਲਵਾਂਗੇ। ਸਾਡੇ ਬਿਨਾਂ ਹੋਰ ਕੋਈ ਨਹੀਂ ਹੋਵੇਗਾ। ਸੋ ਜਦੋਂ ਤੱਕ (ਗੁਰੂ) ਰਾਮ ਸਿੰਘ ਨੂੰ ਕਾਲੇ ਪਾਣੀ ਨਹੀਂ ਭੇਜਿਆ ਜਾਂਦਾ ਉਦੋਂ ਤੱਕ ਉਸ ਦਾ ਪ੍ਰਬੰਧ ਨਹੀਂ ਹੋਣਾ।"

ਦਾਸ ਨੇ ਅਰਜ਼ ਕੀਤਾ ਕਿ "ਦਰੁਸਤ ਹੈ। ਪਹਿਲਾਂ ਸਾਡੀ ਫ਼ੌਜ ਵਿੱਚਲੇ ਲੋਕਾਂ ਨੇ ਵੀ ਕੂਕਾ ਮਜ਼ਹਬ ਇਖ਼ਤਿਆਰ ਕੀਤਾ ਸੀ। ਜਦੋਂ ਸਰਕਾਰ ਪਟਿਆਲਾ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਨ੍ਹਾਂ ਲੋਕਾਂ ਨੂੰ ਨੌਕਰੀ ਤੋਂ ਬਰਖ਼ਾਸਤ ਕਰਕੇ ਸਜ਼ਾ ਦਿੱਤੀ ਗਈ। ਜਿੰਨੇ ਕੂਕਿਆਂ ਦਾ ਪਟਿਆਲਾ ਤੇ ਸਰਕਾਰ ਦੇ ਇਲਾਕੇ ਵਿੱਚ ਪਤਾ ਲੱਗਿਆ, ਉਨ੍ਹਾਂ ਸਾਰਿਆਂ ਨੂੰ ਬਣਦੀ ਸਜ਼ਾ ਦਿੱਤੀ ਗਈ। ਸਰਕਾਰ ਵਲੋਂ ਸਜ਼ਾ ਦੇਣ ਮਗਰੋਂ ਫਿਰ ਫ਼ੌਜ ਤੇ ਸਰਕਾਰ ਦੇ ਇਲਾਕੇ ਵਿੱਚ ਕੋਈ ਆਦਮੀ ਕੂਕਾ ਨਹੀਂ ਬਣਿਆ।" ਦਾਸ ਨੇ ਫਿਰ ਅਰਜ਼ ਕੀਤਾ ਕਿ **"ਹਜ਼ੂਰ ਗ਼ੌਰ ਫ਼ਰਮਾਉਣ ਕਿ ਪਹਿਲਾਂ ਇਸ ਪ੍ਰਕਾਰ ਦੀ ਵਾਰਦਾਤ ਅੰਮ੍ਰਿਤਸਰ ਵਿੱਚ ਹੋਈ, ਜਿਸ ਦਾ ਅੱਜ ਤੱਕ ਕੋਈ ਥਹੁ-ਪਤਾ ਨਹੀਂ ਲੱਗਿਆ। ਸਰਕਾਰ ਪਟਿਆਲਾ ਵੱਲੋਂ ਛੇਤੀ ਨਾਲ ਪੈਰਵੀ ਹੋ ਕੇ ਇਸ ਵਾਰਦਾਤ ਨੂੰ ਖ਼ਤਮ ਕੀਤਾ ਗਿਆ।"**

ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ "ਨਿਰਸੰਦੇਹ, ਜਿਵੇਂ ਤੁਸੀਂ ਕਹਿੰਦੇ ਹੋ ਉਸੇ ਤਰ੍ਹਾਂ ਹੋਇਆ ਹੈ। ਸਾਰੇ ਹਾਕਿਮ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਕੋਸ਼ਿਸ਼ 'ਤੇ ਪ੍ਰਸੰਨ ਹਨ।" ਸਾਹਿਬ ਬਹਾਦੁਰ ਨੇ ਫ਼ਿਰ ਫ਼ਰਮਾਇਆ ਕਿ " ਇਨ੍ਹਾਂ ਗ੍ਰਿਫ਼ਤਾਰ ਹੋਏ ਮੁਜ਼ਰਿਮਾਂ ਨੇ ਅੰਮ੍ਰਿਤਸਰ ਦੀ ਵਾਰਦਾਤ ਦੇ ਜੁਰਮ ਨੂੰ ਮੰਨਿਆ ਹੈ।*

ਮੁਕਦੀ ਗੱਲ ਸਾਹਿਬ ਬਹਾਦੁਰ ਅਜਿਹੀਆਂ ਗੱਲਾਂ ਦਾ ਜ਼ਿਕਰ ਕਰਦੇ ਰਹੇ। ਉਸ ਤੋਂ ਮਗਰੋਂ ਫ਼ਰਮਾਇਆ ਕਿ " ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਕਦੋਂ ਤਸ਼ਰੀਫ਼ ਲਿਆਉਣਗੇ?"

ਦਾਸ ਨੇ ਅਰਜ਼ ਕੀਤਾ ਕਿ "ਅਜੇ ਤਾਂ ਕੁਝ ਪਤਾ ਨਹੀਂ ਲੱਗਿਆ। ਸ਼ਾਇਦ ਸਤੰਬਰ ਦੇ ਮਹੀਨੇ 'ਚ ਤਸ਼ਰੀਫ਼ ਲਿਆਉਣ।" ਫਿਰ ਫ਼ਰਮਾਇਆ ਕਿ "ਅਸੀਂ ਸ੍ਰੀ ਮਹਾਰਾਜਾ ਸਾਹਿਬ ਨੂੰ ਪਹਿਲਾਂ ਵੀ ਦੇਖਿਆ ਹੈ ਅਤੇ ਅਸੀਂ ਉਨ੍ਹਾਂ ਨੂੰ ਵੇਖ ਕੇ ਬਹੁਤ ਖ਼ੁਸ਼ ਹੋਏ ਸੀ।"

ਐ ਮਾਲਿਕ ! ਜੋ ਕੁਝ ਅਰਜ਼ ਕਰਨਾ ਵਾਜਿਬ ਤੇ ਮੁਨਾਸਿਬ ਸੀ, ਉਹ ਹਜ਼ੂਰ ਨੂੰ ਦੱਸਿਆ ਗਿਆ ਹੈ।

ਦਾਸ

ਮਿਤੀ 5 ਅਗਸਤ ਸੰਨ 1871 ਮੁਹੰਮਦ ਅਲੀ ਵਕੀਲ ਗੌਰਮਿੰਟ।

* 14-15 ਜੂਨ 1871 ਨੂੰ ਅੰਮ੍ਰਿਤਸਰ ਵਿਖੇ ਬੁੱਚੜਖਾਨੇ 'ਤੇ ਹਮਲਾ ਕਰਕੇ ਗਊਆਂ ਨੂੰ ਛੁਡਾਉਣ ਅਤੇ ਬਗਾਵਤ ਕਰਨ ਦੇ ਜੁਰਮ ਵਿਚ, ਆਪ ਆਪਣਾ ਜੁਰਮ ਇਕਬਾਲ ਕਰਕੇ ਅਤੇ ਬਗਾਵਤ ਕਰਨ ਦੇ ਅਦਾਲਤ ਵਿਚ ਪੇਸ਼ ਹੋਣ ਵਾਲੇ ਚਾਰ ਕੂਕੇ ਸਿੱਖਾਂ ਲਹਿਣਾ ਸਿੰਘ, ਬੀਹਲਾ ਸਿੰਘ, ਹਾਕਮ ਸਿੰਘ ਪਟਵਾਰੀ ਅਤੇ ਫਤਹਿ ਸਿੰਘ ਨੂੰ ਅੰਗਰੇਜ਼ ਸਰਕਾਰ ਵੱਲੋਂ 15 ਸਤੰਬਰ 1871 ਨੂੰ ਅੰਮ੍ਰਿਤਸਰ ਵਿਖੇ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ।

---

## ਰਾਏਕੋਟ ਸਾਕੇ ਨਾਲ ਸੰਬੰਧਿਤ
## ਇਹ ਚਿੱਠੀ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੂੰ ਲਿਖੀ ਗਈ
### ਇਹ ਚਿੱਠੀ ਰਾਏਕੋਟ ਦੇ ਮੁਕੱਦਮੇ ਦੀ ਹੈ

ਸ੍ਰੀਮਾਨ ਜੀ,

ਸਰਦਾਰ ਨਰਾਇਣ ਸਿੰਘ ਇੰਸਪੈਕਟਰ,ਜਿਹੜੇ ਇਸ ਸਮੇਂ ਅਸਿਸਮੈਂਟ ਕਮਿਸਨਰ ਬਹਾਦੁਰ ਹਨ, ਦੇ ਬਿਨੈ ਪੱਤਰ ਦੇ ਹਵਾਲੇ ਨਾਲ ਸਾਹਿਬ ਡਿਪਟੀ ਕਮਿਸਨਰ ਬਹਾਦੁਰ ਦਾ ਇਜਲਾਸੀ ਪਰਵਾਨਾ ਮਿਲਿਆ ਜਿਸ ਰਾਹੀਂ ਹੁਕਮ ਦਿੱਤਾ ਗਿਆ ਕਿ ' ਰਾਏਕੋਟ ਦੇ ਬੁੱਚੜਾਂ ਦੇ ਕਤਲ ਦੇ ਮੁਕੱਦਮੇ ਦੇ ਗਵਾਹਾਂ ਵਿਚੋਂ ਦੱਲ ਸਿੰਘ ਤੇ ਉਸ ਦੀ ਉਸਦੀ ਪਤਨੀ ਰਾਮ ਕੌਰ, ਜਿਹੜੇ ਤੁਹਾਡੇ ਇਲਾਕੇ ਦੇ ਹਨ, ਗਵਾਹ ਹਨ। ਗਵਾਹੀ ਦੇਣ ਦੇ ਕਾਰਨ ਆਮ ਕੂਕਾ ਲੋਕ ਉਨ੍ਹਾਂ ਦੀ ਜਾਨ ਦੇ ਦੁਸ਼ਮਨ ਬਣੇ ਹੋਏ ਹਨ। ਇਸ ਲਈ ਉਨ੍ਹਾਂ ਦੀ ਹਿਫਾਜ਼ਤ ਤੇ ਨਿਗਰਾਨੀ ਕਰਾਈ ਜਾਵੇ।'

ਸੋ ਦਾਸ ਨੇ ਦੱਲ ਸਿੰਘ ਤੇ ਰਾਮ ਕੌਰ ਦੇ ਨਾਲ ਸਵਾਰ ਉਨ੍ਹਾਂ ਦੀ ਹਿਫਾਜ਼ਤ ਵਾਸਤੇ ਉਨ੍ਹਾਂ ਦੀ ਰਿਹਾਇਸ਼ ਪਿੰਡ ਛੀਨੀਵਾਲ ਤੱਕ ਭੇਜਣ ਲਈ ਅਨਾਹਦਗੜ੍ਹ* ਦੇ ਥਾਣੇਦਾਰ ਦੇ ਨਾਮ ਖਤ ਲਿਖ ਭੇਜਿਆ ਹੈ।

ਪਰਵਾਨੇ ਦੀ ਨਕਲ ਇਸ ਬਿਨੈ ਪੱਤਰ ਰਾਹੀਂ ਹਜੂਰ ਕੋਲ ਭੇਜ਼ ਕੇ ਉਮੀਦ ਕਰਦਾ ਹਾਂ ਕਿ ਥਾਣੇਦਾਰ ਅਨਾਹਦਗੜ੍ਹ ਦੇ ਨਾਇਬ ਨੂੰ ਹੁਕਮ ਜਾਰੀ ਕੀਤਾ ਜਾਵੇ ਕਿ ਉਹ ਦੱਲ ਸਿੰਘ ਤੇ ਉਸ ਦੀ ਪਤਨੀ ਦੀ ਹਿਫਾਜ਼ਤ ਤੇ ਨਿਗਰਾਨੀ ਦਾ ਤਸੱਲੀਬਖਸ਼ ਪ੍ਰਬੰਧ ਕਰਨ ਅਤੇ ਉਨ੍ਹਾਂ ਦੇ ਦੁਸ਼ਮਨ ਕਿਸੇ ਕਾਰਨ ਵੀ ਉਨ੍ਹਾਂ ਦੀ ਜਾਨ ਦਾ ਨੁਕਸਾਨ ਨਾ ਕਰਨ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣ ਦੀ ਨਿਆਈਂ ਹੈ। ਸਰਕਾਰ ਦੀ ਹਕੂਮਤ ਤੇ ਤੇਜ਼ ਪਰਤਾਪ ਦਾ ਸੂਰਜ ਹਮੇਸ਼ਾ ਚਮਕਦਾ ਰਵ੍ਹੇ।

ਦਾਸ
ਪਰਾਣਾ ਨਮਕ ਪਰਵਰਦਾ

ਹੁਕਮ ਹੋਇਆ ਕਿ

ਤਾਮੀਲ ਵਾਸਤੇ ਇਸ ਦੀ ਨਕਲ ਥਾਣੇਦਾਰ ਕੋਲ ਭੇਜੀ ਦਿੱਤੀ ਜਾਵੇ ਅਤੇ ਸੂਚਨਾ ਹਿੱਤ,ਮੁਨਸ਼ੀ ਦੀ ਸੇਵਾ ਵਿਚ ਭੇਜ਼ ਦਿੱਤੀ ਜਾਵੇ।

21 ਜਨਵਰੀ 1872

**ਵੱਡੇ ਰੁਤਬੇ ਵਾਲੇ ਵਕੀਲ ਸਰਕਾਰ ਨਾਭਾ,**

ਸਾਬਿਕ ਇੰਸਪੈਕਟਰ ਤੇ ਮੌਜੂਦਾ ਅਸਿਸਮੈਂਟ ਕਮਿਸ਼ਨਰ ਬਹਾਦੁਰ ਨਰਾਇਣ ਸਿੰਘ ਦਾ ਬਿਨੈ- ਪੱਤਰ ਇਸ ਮਜਮੂਨ 'ਤੇ ਅਧਾਰਤ ਮਿਲਿਆ ਹੈ ਕਿ ਰਾਏਕੋਟ ਦੇ ਬੁੱਚੜਾਂ ਦੇ ਕਤਲ ਦੇ ਗਵਾਹ ਕਾਹਨ ਸਿੰਘ, ਗੁਲਾਬ ਸਿੰਘ ਤੇ ਦੱਲ ਸਿੰਘ ਆਦਿ, ਜਿਹੜੇ ਕੂਕਾ ਕੌਮ ਦੇ ਆਦਮੀਆਂ ਵੱਲੋਂ ਪੇਸ਼ ਹੋਏ ਹਨ,ਹੁਣ ਵਿਦਾ ਹੁੰਦੇ ਹਨ। ਉਨ੍ਹਾਂ ਵਿਚੋਂ ਦੱਲ ਸਿੰਘ ਤੇ ਸ੍ਰੀਮਤੀ ਰਾਮ ਕੌਰ ਤੁਹਾਡੀ ਰਿਆਸਤ ਤੇ ਪਿੰਡ ਛੀਨੀਵਾਲ ਦੇ ਵਸਨੀਕ ਹਨ ਅਤੇ ਗਵਾਹੀ ਦੇਣ ਕਾਰਨ ਅਕਸਰ ਕੂਕਾ ਲੋਕ ਉਨ੍ਹਾਂ ਦੀ ਜਾਨ ਦੇ ਦੁਸ਼ਮਣ ਬਣੇ ਹੋਏ ਹਨ।ਉਨ੍ਹਾਂ ਦੀ ਹਿਫ਼ਾਜਤ ਤੇ ਨਿਗਰਾਨੀ ਦੇ ਪਰਵਾਨੇ ਦੇ ਹਾਲਾਤ ਵੇਖ ਕੇ ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਉਨ੍ਹਾਂ ਦੀਆਂ ਜਾਨਾਂ ਦੀ ਹਿਫਾਜਤ ਤੇ ਨਿਗਰਾਨੀ ਬਾਬਤ ਆਪਣੀ ਸਰਕਾਰ ਤੋਂ ਮੁਨਾਸਿਬ ਇੰਤਜ਼ਾਮ ਕਰਵਾ ਦਿਓ।

26 ਜਨਵਰੀ ਸੰਨ 1872

*ਇਹ ਚਿੱਠੀ File H -92M (Part 1) ਦੇ ਪੰਨਾ ਨੰ:136 ਤੋਂ ਲਈ ਗਈ ਹੈ।*

* ਅਨਾਹਦਗੜ੍ਹ – ਇਹ ਬਰਨਾਲਾ ਦਾ ਪਹਿਲਾ ਨਾਂ ਹੈ।

## ਇਹ ਚਿੱਠੀ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੂੰ ਗੋਕਲ ਚੰਦ ਮੁਨਸ਼ੀ ਵਕਾਲਤ ਕਮਿਸ਼ਨਰੀ ਵੱਲੋਂ ਲਿਖੀ ਗਈ

ਸ੍ਰੀ ਮਾਨ ਜੀ,

ਸੱਯਦ ਅਹਿਮਦ ਹਸਨ ਵਕੀਲ ਲੁਧਿਆਣਾ ਅਤੇ ਅਲਾਉੱਦੀਨ ਤੇ ਮੁਹੰਮਦ ਹਸਨ ਥਾਣੇਦਾਰਾਂ ਦਾ ਬਿਨੈ-ਪੱਤਰ ਪ੍ਰਾਪਤ ਹੋਇਆ, ਜਿਸ ਉੱਤੇ ਰਤਨ ਸਿੰਘ ਕੂਕੇ ਦੀ ਗ੍ਰਿਫ਼ਤਾਰੀ ਬਾਬਤ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨੇ ਦਾ ਹੁਕਮ ਮਿਤੀ 20 ਅਗਸਤ ਦਰਜ਼ ਸੀ। ਦਾਸ, ਕਰਨੈਲ ਮਕੰਦਰੂ ਸਾਹਿਬ ਡਿਪਟੀ ਇੰਸਪੈਕਟਰ ਜਰਨਲ ਪੁਲਿਸ ਦੀ ਸੇਵਾ ਵਿੱਚ ਹਾਜ਼ਿਰ ਹੋਇਆ ਅਤੇ ਬਿਨੈ-ਪੱਤਰ ਵਿੱਚ ਦਰਜ਼ ਮਜ਼ਮੂਨ ਅਨੁਸਾਰ ਉਪ੍ਰੋਕਤ ਰਤਨ ਸਿੰਘ ਦੀ ਗ੍ਰਿਫ਼ਤਾਰੀ ਦਾ ਵੇਰਵੇ ਸਹਿਤ ਹਾਲ ਸੁਣਾਇਆ। ਸਾਹਿਬ ਬਹਾਦੁਰ ਬਹੁਤ ਖ਼ੁਸ਼ ਹੋਏ ਤੇ ਪੁੱਛਿਆ ਕਿ, "ਕੀ ਤੁਸੀਂ ਇਹ ਹਾਲ ਕਮਿਸ਼ਨਰ ਸਾਹਿਬ ਬਹਾਦੁਰ ਨੂੰ ਵੀ ਸੁਣਾ ਦਿੱਤਾ ਹੈ ?"

ਦਾਸ ਨੇ ਅਰਜ਼ ਕੀਤਾ ਕਿ " ਮੈਂ ਉਨ੍ਹਾਂ ਕੋਲ ਸ਼ਾਮ ਨੂੰ ਪੰਜ ਵਜੇ ਜਾਵਾਂਗਾ । ਉਨ੍ਹਾਂ ਦਾ ਹੁਕਮ ਹੈ, ਇਸ ਲਈ ਨਿਯਤ ਸਮੇਂ 'ਤੇ ਹਾਜ਼ਿਰ ਹੋ ਕੇ ਹਾਲ ਅਰਜ਼ ਕੀਤਾ ਜਾਵੇਗਾ।"

ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ "ਸਾਹਿਬ ਕਮਿਸ਼ਨਰ ਬਹਾਦੁਰ ਨੇ ਚਿੱਠੀ ਰਾਹੀਂ ਉਨ੍ਹਾਂ ਆਦਮੀਆਂ ਦੇ ਨਾਮ ਦਰਿਆਫ਼ਤ ਕੀਤੇ ਸਨ ਜਿਨ੍ਹਾਂ ਨੇ ਇਸ ਗ੍ਰਿਫ਼ਤਾਰੀ ਲਈ ਕੋਸ਼ਿਸ਼ ਕੀਤੀ ਹੈ। ਅਸੀਂ ਉਸ ਦੇ ਜਵਾਬ ਵਿੱਚ ਅਹਿਮਦ ਹਸਨ ਵਕੀਲ ਲੁਧਿਆਣਾ, ਅਸੂਲ ਹਸਨ ਤੇ ਮੁਹੰਮਦ ਹਸਨ ਥਾਣੇਦਾਰਾਂ ਦੇ ਨਾਮ ਲਿਖ ਦਿੱਤੇ ਹਨ।"

ਦਾਸ ਨੇ ਅਰਜ਼ ਕੀਤਾ ਕਿ " ਸਰਦਾਰ ਦੇਵਾ ਸਿੰਘ ਸਾਹਿਬ ਆਲ੍ਹਾ ਅਹਿਲਕਾਰ, ਮੁਹੰਮਦ ਨਾਮਦਾਰ ਖ਼ਾਨ ਨਾਜ਼ਿਮ, ਸ਼ੇਖ ਇਲਾਹੀ ਬਖ਼ਸ਼ ਤੇ ਲਾਲਾ ਬਿਸ਼ੰਭਰ ਦਾਸ, ਨਾਇਬ ਨਾਜ਼ਿਮਾਨ ਇਸ ਮੁਕਦਮੇ ਦੀ ਤਹਿਕੀਕਾਤ ਕਰਨ ਵਾਸਤੇ ਤਸ਼ਰੀਫ਼ ਲਿਆਏ ਸਨ ਅਤੇ ਉਹ ਜਿਸ ਕਦਰ ਕੋਸ਼ਿਸ਼ ਕਰਦੇ ਰਹੇ ਤੇ ਮਦਦ ਦਿੰਦੇ ਰਹੇ, ਜੱਗ ਜ਼ਾਹਿਰ ਹੈ। ਸੋ ਇਨ੍ਹਾਂ ਦੇ ਨਾਮ ਵੀ ਚਿੱਠੀ 'ਚ ਦਰਜ਼ ਕਰਨੇ ਵਾਜ਼ਿਬ ਸਨ।"

ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ " ਸਾਹਿਬ ਕਮਿਸ਼ਨਰ ਬਹਾਦੁਰ ਨੇ ਕੇਵਲ ਇਨਾਮ ਦੇਣ ਵਾਸਤੇ ਇਹ ਨਾਮ ਮੰਗੇ ਹਨ। ਇਸ ਵਾਸਤੇ ਅਸੀਂ ਆਪਣੇ ਇਰਾਦੇ ਨਾਲ ਇਨ੍ਹਾਂ ਆਲ੍ਹਾ ਅਹਿਲਕਾਰਾਂ ਦੇ ਨਾਮ ਲਿਖ ਦਿੱਤੇ ਕਿਉਂਕਿ ਇਹ ਸਾਰੇ ਬਹੁਤ ਭਰੋਸੇਯੋਗ ਵਿਅਕਤੀ ਹਨ, ਇਨ੍ਹਾਂ ਨੂੰ ਇਨਾਮ ਲੈਣਾ ਕਦੋਂ ਮੰਨਜ਼ੂਰ ਹੋਵੇਗਾ ? ਅਤੇ ਇਸ ਬਾਰੇ ਸ਼੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਰਾਏ ਲੈ ਲਈ ਹੈ। ਇਨ੍ਹਾਂ ਸਾਹਿਬਾਨ ਨੇ ਇਸ ਮਾਮਲੇ 'ਚ ਬਹੁਤ ਕੋਸ਼ਿਸ਼ ਕੀਤੀ ਹੈ।"

ਦਾਸ ਨੇ ਅਰਜ਼ ਕੀਤਾ ਕਿ "ਰਤਨ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਿੱਚ ਅਲਾਉੱਦੀਨ ਥਾਣੇਦਾਰ ਸ਼ਾਮਿਲ ਹੈ। ਇਸ ਦਾ ਨਾਮ ਤਾਂ ਲਿਖਣਾ ਚਾਹੀਦਾ ਹੈ।"

ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ " ਸਾਨੂੰ ਚੰਗੀ ਤਰਾਂ ਪਤਾ ਹੈ ਕਿ ਰਤਨ ਸਿੰਘ ਨੂੰ ਸੱਯਦ ਅਹਿਮਦ ਹਸਨ ਵਕੀਲ ਲੁਧਿਆਣਾ ਅਤੇ ਮੁਹੰਮਦ ਹਸਨ ਤੇ ਅਸੂਲ ਹਸਨ ਥਾਣੇਦਾਰਾਂ ਨੇ ਗ੍ਰਿਫ਼ਤਾਰ ਕੀਤਾ ਹੋਵੇਗਾ। ਇਹ ਤਿੰਨੇ ਆਦਮੀ ਬਹੁਤ ਚੌਕਸ ਹਨ ਅਤੇ ਹੁਣ ਅਸੀਂ ਚਿੱਠੀ ਲਿਖ ਚੁੱਕੇ ਹਾਂ।"

ਦਾਸ ਨੇ ਬੇਨਤੀ ਕੀਤੀ ਕਿ "ਅਸੂਲ ਹਸਨ ਥਾਣੇਦਾਰ ਉਨ੍ਹਾਂ ਵਿੱਚ ਸ਼ਾਮਿਲ ਨਹੀਂ ਸੀ ਬਲਕਿ ਅਲਾਉੱਦੀਨ ਥਾਣੇਦਾਰ ਰਤਨ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਿੱਚ ਸ਼ਾਮਿਲ ਹੈ ਅਤੇ ਇਹ ਸ਼ਖ਼ਸ ਵੀ ਬਹੁਤ ਹੁਸ਼ਿਆਰ ਥਾਣੇਦਾਰ ਹੈ।"

---

ਵੱਡੇ ਰੁਤਬੇ ਵਾਲੇ ਮਹਾਰਾਜਾ ਸਾਹਿਬ ! ਮੁਕਦੀ ਗੱਲ ਇੱਕ-ਦੋ ਵਾਰ ਅਰਜ਼ ਕਰਨ ਨਾਲ ਸਾਹਿਬ ਬਹਾਦੁਰ ਨੇ ਇੱਕ ਚਿੱਠੀ ਅਲਾਉੱਦੀਨ ਥਾਣੇਦਾਰ ਦਾ ਨਾਮ ਦਰਜ਼ ਕਰਕੇ, ਇਨਾਮ ਬਖ਼ਸ਼ੇ ਜਾਣ ਲਈ, ਦਾਸ ਨੂੰ ਦੇ ਦਿੱਤੀ ਅਤੇ ਫ਼ਰਮਾਇਆ ਕਿ "ਤੁਸੀਂ ਇਸ ਵੇਲੇ ਸਾਹਿਬ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਹਾਜ਼ਰ ਹੋ ਕੇ ਇਹ ਚਿੱਠੀ ਪਹੁੰਚਾ ਦਿਓ ਅਤੇ ਰਤਨ ਸਿੰਘ ਦੀ ਗ੍ਰਿਫ਼ਤਾਰੀ ਦਾ ਹਾਲ ਅਰਜ਼ ਕਰ ਦੇਵੋ।"

ਦਾਸ, ਸਾਹਿਬ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਹਾਜ਼ਿਰ ਹੋਇਆ ਅਤੇ ਰਤਨ ਸਿੰਘ ਦੀ ਗ੍ਰਿਫ਼ਤਾਰੀ ਦਾ ਵੇਰਵੇ ਸਹਿਤ ਹਾਲ ਸੁਣਾਇਆ।

ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ "ਸਾਨੂੰ ਰਤਨ ਸਿੰਘ ਦੀ ਗ੍ਰਿਫ਼ਤਾਰੀ ਦਾ ਹਾਲ ਕੱਲ ਹੀ ਪਤਾ ਲੱਗ ਗਿਆ ਸੀ। ਇਸ ਦੇ ਗ੍ਰਿਫ਼ਤਾਰ ਹੋਣ ਨਾਲ ਸਾਨੂੰ ਬਹੁਤ ਖ਼ੁਸ਼ੀ ਹੋਈ। ਦਰਅਸਲ ਸਰਕਾਰ ਪਟਿਆਲਾ ਦੇ ਅਹਿਲਕਾਰਾਂ ਨੇ ਬੜੀ ਕੋਸ਼ਿਸ਼ ਕੀਤੀ ਤੇ ਇਹ ਬਦਮਾਸ਼ ਕਾਫ਼ੀ ਦੇਰ ਬਾਅਦ ਗ੍ਰਿਫ਼ਤਾਰ ਹੋਇਆ।" *

ਐ ਮਾਲਿਕ ! ਇਹ ਬਿਨੈ-ਪੱਤਰ ਇਤਲਾਹ ਵਜੋਂ ਹਜ਼ੂਰ ਕੋਲ ਭੇਜ ਰਿਹਾ ਹਾਂ।

ਦਾਸ
ਗੋਕਲ ਚੰਦ,
ਮੁਹੱਰਿਰ ਵਕਾਲਤ ਕਮਿਸ਼ਨਰੀ।

ਮਿਤੀ 25 ਅਗਸਤ 1871

* ਰਾਏਕੋਟ ਸਾਕੇ ਦੇ ਦੋਸ਼ੀਆਂ ਨੂੰ ਬੁੱਚੜਖਾਨਿਆਂ 'ਤੇ ਹਮਲਾ ਕਰਨ ਲਈ ਉਕਸਾਉਣ ਅਤੇ ਬਗਾਵਤ ਕਰਨ ਦੇ ਦੋਸ਼ ਵਿਚ ਦਫਾ 109-302 (ਇਰਾਦਤਨ ਕਤਲ ਦੇ ਜੁਰਮ ਵਿਚ) 2 ਕੂਕੇ ਸਿੱਖਾਂ -ਗਿਆਨੀ ਸੂਬਾ ਸਿੰਘ ਰਤਨ ਸਿੰਘ ਪਿੰਡ ਮੰਡੀ ਕਲਾਂ (ਹੁਣ ਜ਼ਿਲ੍ਹਾ ਬਠਿੰਡਾ) ਅਤੇ ਸੰਤ ਰਤਨ ਸਿੰਘ ਪਿੰਡ ਨਾਈਵਾਲਾ (ਹੁਣ ਜਿਲ੍ਹਾ ਬਰਨਾਲਾ) ਨੂੰ ਗ੍ਰਿਫਤਾਰ ਕਰਕੇ ਅੰਗਰੇਜ਼ ਸਰਕਾਰ ਵੱਲੋਂ 26 ਨਵੰਬਰ 1871 ਨੂੰ ਸੈਂਟਰਲ ਜੇਲ੍ਹ ਲੁਧਿਆਣਾ ਦੇ ਬਾਹਰ ਫਾਂਸੀ ਦੇ ਦਿੱਤੀ ਗਈ ਸੀ।

---

**ਇਹ ਚਿੱਠੀ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੂੰ ਮਿਸਟਰ ਗ੍ਰਿਫਨ ਸਾਹਿਬ ਸੈਕਟਰੀ ਗੌਰਮਿੰਟ ਪੰਜਾਬ ਵੱਲੋਂ ਲਿਖੀ ਗਈ**

15 ਜਨਵਰੀ ਸੰਨ 1872
ਮੁਕਾਮ ਦਿੱਲੀ

ਮੇਰੇ ਪਿਆਰੇ ਦੋਸਤ,

ਤੁਸੀਂ ਜਾਣਦੇ ਹੋ ਕਿ ਮੈਂ ਕੁਝ ਸਰਕਾਰੀ ਜ਼ਰੂਰਤਾਂ ਵਾਸਤੇ ਨਾਰਨੌਲ ਨੂੰ ਜਾਣ ਵਾਲਾ ਸੀ ਪਰ ਅੱਜ ਸਵੇਰੇ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਪੰਜਾਬ ਤੋਂ ਇਹ ਖ਼ਬਰ ਸੁਣ ਕੇ, ਕਿ ਕੂਕਿਆਂ ਨੇ ਮਲੌਂਦ ਵਿਖੇ ਸਰਦਾਰ ਬਦਨ ਸਿੰਘ ’ਤੇ ਸਖ਼ਤ ਹਮਲਾ ਕਰ ਦਿੱਤਾ ਹੈ, ਅੱਜ ਰਾਤ ਨੂੰ ਹੀ ਆਪਣੇ ਮੁਲਕ (ਰਿਆਸਤ ਪਟਿਆਲਾ) ਨੂੰ ਵਾਪਸ ਜਾਣ ਦਾ ਦ੍ਰਿੜ ਇਰਾਦਾ ਕੀਤਾ ਹੈ ਪਰੰਤੂ ਜੇ ਕਾਫ਼ੀ ਗੱਡੀਆਂ ਉਪਲੱਭਦ ਨਾ ਹੋਈਆਂ ਤਾਂ ਸਵੇਰੇ ਨੂੰ ਜਾਵਾਂਗਾ। ਸੋ ਮੈਂ ਨਾਰਨੌਲ ਜਾਣ ਨਾਲੋਂ ਪਟਿਆਲੇ ਜਾਣਾ ਹੀ ਮੁਨਾਸਿਬ ਸਮਝਦਾ ਹਾਂ।

ਮੈਂ 6 ਜਨਵਰੀ ਦਾ ਛਪਿਆ ਅਖਵਾਰ “ਕੋਹੇਨੂਰ” ਤੁਹਾਡੇ ਕੋਲ ਭੇਜ ਰਿਹਾ ਹਾਂ ਤਾਂ ਕਿ ਤੁਸੀਂ ਬੀਕਾਨੇਰ ਦੀ ਖ਼ਬਰ ਤੋਂ ਸੂਚਿਤ ਹੋ ਜਾਵੋਂ। ਬੀਕਾਨੇਰ ਦੀ ਖ਼ਬਰ ਸੋਲ੍ਹਵੇਂ ਪੰਨੇ ’ਤੇ ਹੈ ਜਿਸ ਉੱਤੇ ਨਿਸ਼ਾਨੀ ਲਾ ਦਿੱਤੀ ਗਈ ਹੈ। ਮੇਰਾ ਖ਼ਿਆਲ ਹੈ ਕਿ ਲਾਲਗੜ੍ਹ, ਜੋ ਰਿਆਸਤ ਬੀਕਾਨੇਰ ਵਿੱਚ ਸਥਿਤ ਹੈ, ਉਹੋ ਜਗ੍ਹਾ ਹੈ ਜਿੱਥੋਂ ਸਾਡੇ ਵਕੀਲ ਅਹਿਮਦ ਹਸਨ ਨੇ ਰਤਨ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਸ ਨੂੰ ਕੁਝ ਦਿਨ ਹੋਏ ਲੁਧਿਆਣੇ ਵਿਖੇ ਫ਼ਾਂਸੀ ਦੇ ਦਿੱਤੀ ਗਈ ਸੀ। ਕੁਝ ਅਚੰਭੇ ਦੀ ਗੱਲ ਨਹੀਂ ਕਿ ਬੀਕਾਨੇਰ ਦੇ ਮੁਕੱਦਮੇ ਤੇ ਰਤਨ ਸਿੰਘ ਦੀ ਗ੍ਰਿਫ਼ਤਾਰੀ ਵਿੱਚ ਕੁਝ ਸਾਂਝੀ ਕੜੀ ਪਾਈ ਜਾਵੇ।

ਜੇ ਨਵਾਬ ਲੈਫ਼ਟੀਨੈਂਟ ਗਵਰਨਰ ਸਾਹਿਬ ਮੈਨੂੰ ਇਨ੍ਹਾਂ ਮਾਮਲਿਆਂ ਸੰਬੰਧੀ ਕੁਝ ਨਸੀਹਤ ਦੇਣ ਤਾਂ ਮੈਂ ਉਮੀਦ ਕਰਦਾ ਹਾਂ ਕਿ ਆਪ ਮੈਨੂੰ ਉਸ ਨਸੀਹਤ ਤੋਂ ਜਾਣੂੰ ਕਰਾਉਗੇ।

## ਕਿਉਂਕਿ ਇਹ ਚਿੱਠੀ ਸਰਕਾਰ ਪਟਿਆਲਾ ਵਲੋਂ ਸਾਹਿਬ ਸੈਕਟਰੀ ਬਹਾਦੁਰ ਦੇ ਨਾਮ ਪੁੱਜੀ ਹੈ ਇਸ ਲਈ ਹੁਕਮ ਹੋਇਆ ਕਿ

ਇਹ ਚਿੱਠੀ ਦਫ਼ਤਰ ’ਚ ਰਹੇ

15 ਜਨਵਰੀ 1872 ਈ:
4 ਮਾਘ ਸੰਮਤ 1928

## ਕੋਹੇਨੂਰ ਅਖ਼ਬਾਰ ਦੀ ਟੂਕ ਦੀ ਨਕਲ

ਪਿੰਡ ਲਾਲਗੜ੍ਹ ਪਰਗਣਾ ਮੋਨਾਲਗੜ੍ਹ ਵਿੱਚ ਚੰਦਾ ਨਾਮੀ ਇੱਕ ਰਾਠ ਮੁਸਲਮਾਨ ਨੂੰ ਕੂਕਿਆਂ ਨੇ ਕਤਲ ਕਰ ਦਿੱਤਾ। (ਇਹ ਉਹੋ ਕੌਮ ਹੈ ਜਿਸ ਦੇ ਕੁਝ ਬਦਮਾਸ਼ਾਂ ਨੇ ਅੰਮ੍ਰਿਤਸਰ ਤੇ ਰਾਏਕੋਟ ਵਿਖੇ ਕਈ ਕਤਲ ਕੀਤੇ ਸਨ)। ਇਸ ਕਤਲ ਦੀ ਤਹਿਕੀਕਾਤ ਹੋ ਰਹੀ ਹੈ ਅਤੇ ਅਨੂਪ ਸਿੰਘ ਮੁਜ਼ਰਿਮ, ਹੋਰ ਤਿੰਨਾਂ ਮੁਜ਼ਰਿਮਾਂ ਸਮੇਤ ਗ੍ਰਿਫ਼ਤਾਰ ਹੋ ਗਿਆ ਹੈ।

*ਇਹ ਚਿੱਠੀ File H -92M (Part 1) ਵਿਚੋਂ ਲਈ ਗਈ ਹੈ*

## ਵਕੀਲ ਲੁਧਿਆਣਾ ਦੇ ਬਿਨੈ-ਪੱਤਰ ਮਿਤੀ 4 ਮਾਰਚ 1872 ਦੀ ਨਕਲ

ਸ੍ਰੀ ਮਾਨ ਜੀ,

ਅੱਜ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੇ ਇਜਲਾਸ ਦਾ ਪਰਵਾਨਾ ਇਸ ਗੱਲ ਦੀ ਨਿਗਰਾਨੀ ਤੇ ਇੰਤਜ਼ਾਮ ਕਰਨ ਲਈ ਜਾਰੀ ਹੋਇਆ ਕਿ " ਇਲਾਕਾ ਨਾਭਾ ਦੇ ਪਿੰਡ ਪਿੱਥੋਕੇ ਵਿਖੇ ਰਾਤ ਨੂੰ ਕੋਈ ਤੀਹ ਚਾਲੀ ਕੂਕੇ ਇੱਕਠੇ ਹੋ ਕੇ ਪਹਿਰ ਡੇਢ ਪਹਿਰ ਰਾਤ ਗਏ ਤੱਕ ਗਾਉਂਦੇ ਵਜਾਉਂਦੇ ਰਹਿੰਦੇ ਹਨ, ਨਾਲੇ ਗਿਆਨੀ ਸਿੰਘ, ਜਿਸ ਨੂੰ ਫ਼ਾਂਸੀ ਲਾਈ ਗਈ ਸੀ, ਦਾ ਭਰਾ * ਪਿੰਡ ਮੰਡੀ ਕਲਾਂ ਇਲਾਕਾ ਪਟਿਆਲਾ ਤੋਂ ਪਿੰਡ ਪਿੱਥੋਕੇ ਵਿਖੇ ਜਾਂਦਾ ਹੈ। ਸੋ ਉਸ ਦਿਨ ਉੱਥੇ ਅੱਸੀ ਪਚਾਸੀ ਕੂਕੇ ਇੱਕਠੇ ਸਨ।

ਕਿਉਂਕਿ ਪਿੰਡ ਮੰਡੀ ਕਲਾਂ, ਸਰਕਾਰ ਜੀਂਦ ਦੇ ਇਲਾਕੇ ਤੇ ਪਿੱਥੋਕੇ ਸਰਕਾਰ ਨਾਭਾ ਦੇ ਇਲਾਕੇ 'ਚ ਸਥਿਤ ਹੈ ਇਸ ਲਈ ਪਰਵਾਨੇ ਦੇ ਪਿਛਲੇ ਪਾਸੇ ਰਿਪੋਰਟ ਕੀਤੀ ਗਈ ਕਿ ਇਸ ਗੱਲ ਦਾ ਸਰਕਾਰ ਜੀਂਦ ਤੇ ਨਾਭਾ ਦੇ ਅਹਿਲਕਾਰਾਂ ਤੋਂ ਇੰਤਜ਼ਾਮ ਕਰਵਾਇਆ ਜਾਵੇ। ਸੋ ਇਹਤਿਆਤ ਦੇ ਤੌਰ 'ਤੇ ਬੇਨਤੀ ਹੈ ਕਿ ਸ਼ਾਇਦ ਸਖ਼ੀ ਸਰਕਾਰ ਪਟਿਆਲਾ ਦੇ ਇਲਾਕੇ ਦਾ ਕੋਈ ਆਦਮੀ ਪਿੰਡ ਪਿੱਥੋਕੇ ਵਿਖੇ ਨਾ ਜਾਂਦਾ ਹੋਵੇ। ਇਸ ਦਾ ਇੰਤਜ਼ਾਮ ਥਾਣੇਦਾਰਾਂ ਰਾਹੀਂ ਕਰਵਾਇਆ ਜਾਵੇ ਕਿ ਕਿਸੇ ਹੋਰ ਪਿੰਡ ਦਾ ਕੋਈ ਕੂਕਾ ਪਿੰਡ ਪਿੱਥੋਕੇ ਨਾ ਜਾਵੇ। ਵਾਜਿਬ ਤੌਰ 'ਤੇ ਅਰਜ਼ ਕੀਤਾ।"

## ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ ਦੀ ਤਜਵੀਜ਼ ਨਾਲ ਹੁਕਮ ਹੋਇਆ ਕਿ

ਇਸ ਖ਼ਤ ਦੀ ਨਕਲ ਭੇਜ ਕੇ ਭਦੌੜ, ਅਨਾਹਦਗੜ੍ਹ ਤੇ ਗੋਬਿੰਦਗੜ੍ਹ ਦੇ ਥਾਣੇਦਾਰਾਂ ਦੇ ਨਾਮ ਲਿਖਿਆ ਜਾਵੇ ਕਿ ਭਾਵੇ ਇਹ ਗੱਲ ਸੱਚੀ ਨਹੀਂ ਜਾਪਦੀ ਪਰ ਫਿਰ ਵੀ ਉਹ ਇਸ ਗੱਲ ਦੀ ਪੱਕੀ ਅਸਲੀਅਤ ਦਰਿਆਫ਼ਤ ਕਰਕੇ ਇਤਲਾਹ ਦੇਣ ਅਤੇ ਇਸ ਗੱਲ ਦੀ ਖ਼ਬਰ ਰੱਖਣ। ਇਸ ਦੀ ਇੱਕ ਨਕਲ ਨਿਜ਼ਾਮਤ* ਵਿੱਚ ਭੇਜ ਦਿੱਤੀ ਜਾਵੇ ਅਤੇ ਇਹ ਬਿਨੈ-ਪੱਤਰ ਉੱਚੀ ਸ਼ਾਨ ਵਾਲੀ ਸਰਕਾਰ ਦੇ ਪੇਸ਼ ਹੋਵੇ। ਇਸ ਦੀ ਇੱਕ ਨਕਲ ਹਾਲ ਦਰਿਆਫ਼ਤ ਕਰਨ ਵਾਸਤੇ ਥਾਣੇਦਾਰ ਭੀਖੀ ਕੋਲ ਵੀ ਭੇਜੀ ਜਾਵੇ। ਇਨ੍ਹਾਂ ਸਾਰੇ ਥਾਣੇਦਾਰਾਂ ਨੂੰ ਚਾਹੀਦਾ ਹੈ ਕਿ ਉਹ ਖ਼ੁਫ਼ੀਆਂ ਤੌਰ 'ਤੇ ਸਹੀ ਸਹੀ ਹਾਲ ਦਰਿਆਫ਼ਤ ਕਰਕੇ, ਜਿਹੜੀ ਗੱਲ ਠੀਕ ਹੋਵੇ, ਉਸ ਦੀ ਇਤਲਾਹ ਦੇਣ। ਇਸ ਦੀ ਇੱਕ ਇੱਕ ਨਕਲ ਇਤਲਾਹ ਵਜੋਂ ਵਕੀਲ ਗੌਰਮਿੰਟ, ਤੇ ਵਕੀਲ ਕਮਿਸ਼ਨਰੀ ਕੋਲ ਤੇ ਨਿਜ਼ਾਮਤ ਅਮਰਗੜ੍ਹ ਵਿੱਚ ਭੇਜ ਦਿੱਤੀ ਜਾਵੇ।

6 ਮਾਰਚ 1872.

* ਗਿਆਨੀ ਰਤਨ ਸਿੰਘ ਦਾ ਭਰਾ ਸ. ਹਰਨਾਮ ਸਿੰਘ ਕੰਨੂੰ ਸੀ।

* ਨਿਜ਼ਾਮਤ - ਨਾਜ਼ਿਮ ਦਾ ਦਫਤਰ

---

## ਮੁਹੰਮਦ ਨਾਮਦਾਰ ਖ਼ਾਨ ਨਾਜ਼ਿਮ ਦੀ ਤਜਵੀਜ਼ ਨਾਲ ਮਹਿਕਮਾਂ ਫ਼ੌਜਦਾਰੀ ਨਿਜ਼ਾਮਤ ਅਨਾਹਦਗੜ੍ਹ ਦੀ ਰੋਬਕਾਰ ਮਿਤੀ 29 ਫੱਗਣ 1928 ਮੁਤਾਬਿਕ 10 ਮਾਰਚ 1872, ਸਥਾਨ ਸਰਦੂਲਗੜ੍ਹ

ਵਕੀਲ ਲੁਧਿਆਣਾ ਦੇ ਬਿਨੈ-ਪੱਤਰ ਮਿਤੀ 4 ਮਾਰਚ 1872 ਦੀ ਨਕਲ ਸਮੇਤ ਹੁਕਮ ਮਹਿਕਮਾ ਮੁਨਸ਼ੀ ਖ਼ਾਨਾ ਸ਼ਾਹੀ ਇਸ ਮਜ਼ਮੂਨ 'ਤੇ ਆਧਾਰਿਤ ਇਤਲਾਹ ਵਜੋਂ ਇਸ ਮਹਿਕਮੇ 'ਚ ਪੁੱਜੀ ਕਿ " ਇਲਾਕਾ ਨਾਭਾ ਦੇ ਪਿੰਡ ਪਿੱਥੋਕੇ ਵਿਖੇ ਰਾਤ ਨੂੰ ਕੋਈ ਤੀਹ ਚਾਲੀ ਕੂਕੇ ਇੱਕਠੇ ਹੋ ਕੇ ਪਹਿਰ ਡੇਢ ਪਹਿਰ ਰਾਤ ਗਈ ਤੱਕ ਗਾਉਂਦੇ ਵਜਾਉਂਦੇ ਰਹਿੰਦੇ ਹਨ ਅਤੇ ਗਿਆਨੀ ਸਿੰਘ, ਜਿਸ ਨੂੰ ਫ਼ਾਹੇ ਲਾਇਆ ਗਿਆ ਸੀ, ਦਾ ਭਾਈ ਭੀ ਪਿੰਡ ਮੰਡੀ ਇਲਾਕਾ ਪਟਿਆਲਾ ਤੋਂ ਪਿੰਡ ਪਿੱਥੋਕੇ ਵਿਖੇ ਜਾਂਦਾ ਹੈ। ਉਸ ਦਿਨ ਅੱਸੀ ਪਚਾਸੀ ਕੂਕੇ ਇੱਕਠੇ ਹੋਏ ਸਨ। ਭਦੌੜ, ਅਨਾਹਦਗੜ੍ਹ, ਗੋਬਿੰਦਗੜ੍ਹ ਤੇ ਭੀਖੀ ਦੇ ਥਾਣੇਦਾਰਾਂ ਨੂੰ ਪੱਕਾ ਹਾਲ ਦਰਿਆਫ਼ਤ ਕਰਕੇ ਛੇਤੀ ਇਤਲਾਹ ਦੇਣ ਲਈ ਪਰਵਾਨੇ ਜਾਰੀ ਕੀਤੇ ਹਨ।"

ਜਦੋਂ ਕਿ ਮੁਨਸ਼ੀ ਖ਼ਾਨੇ ਵੱਲੋਂ ਸਿੱਧੇ ਥਾਣੇਦਾਰਾਂ ਦੇ ਨਾਮ ਪਰਵਾਨੇ ਜਾਰੀ ਹੋ ਚੁੱਕੇ ਹਨ ਇਸ ਲਈ ਹੁਕਮ ਹੋਇਆ ਕਿ ਇਹ ਰੋਬਕਾਰ ਦਫ਼ਤਰ ਵਿੱਚ ਰਹੇ ਅਤੇ ਆਮ ਵਾਂਗ ਜਵਾਬ ਲਿਖਿਆ ਜਾਵੇ।

## ਇਹ ਚਿੱਠੀ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੂੰ ਨਿਸਾਰ ਅਲੀ (ਵਕੀਲ ਸਰਕਾਰ) ਵੱਲੋਂ ਲਿਖੀ ਗਈ

ਸ੍ਰੀ ਮਾਨ ਜੀ,

ਵਕੀਲ ਲੁਧਿਆਣਾ ਦੇ ਬਿਨੈ-ਪੱਤਰ ਦੀ ਨਕਲ ਸਮੇਤ ਹੁਕਮ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨਾ ਮਿਤੀ 6 ਮਾਰਚ 1872 ਨੂੰ ਕੱਲ ਪੁੱਜੀ, ਜਿਸ ਵਿੱਚ ਇਲਾਕਾ ਨਾਭਾ ਦੇ ਪਿੰਡ ਪਿੱਥੋਕੇ 'ਚ ਤੀਹ ਚਾਲੀ ਕੂਕਿਆਂ ਦੇ ਇੱਕਠੇ ਹੋਣ ਤੇ ਗਿਆਨੀ ਸਿੰਘ, ਜਿਹੜਾ ਫਾਹੇ ਲਾਇਆ ਗਿਆ ਸੀ, ਦੇ ਭਰਾ ਦੇ ਪਿੱਥੋ ਕੇ ਪਿੰਡ ਜਾਣ ਬਾਰੇ ਲਿਖਿਆ ਹੋਇਆ ਸੀ।

ਉਪ੍ਰੋਕਤ ਬਿਨੈ-ਪੱਤਰ ਦੀ ਨਕਲ 'ਚ ਦਰਜ ਨੂੰ ਅੱਜ ਦਾਸ ਨੇ ਸਾਹਿਬ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਵੇਰਵੇ ਸਹਿਤ ਹਾਲ ਸੁਣਾਇਆ। ਸਾਹਿਬ ਬਹਾਦੁਰ ਨੇ ਇਹ ਹਾਲ ਸੁਣ ਕੇ ਤੇ ਥੋੜ੍ਹੀ ਦੇਰ ਸੋਚ ਕੇ ਫ਼ਰਮਾਇਆ ਕਿ "ਇਨ੍ਹਾਂ ਲੋਕਾਂ ਦਾ ਇਸ ਤਰ੍ਹਾਂ ਇੱਕਠੇ ਹੋਣਾ ਹਰ ਹਾਲਤ ਵਿੱਚ ਚੰਗਾ ਨਹੀਂ ਹੈ। ਅਜਿਹਾ ਨਾ ਹੋਵੇ ਕਿ ਇਹ ਕੋਈ ਫ਼ਸਾਦ ਖੜਾ ਕਰਨ ਅਤੇ ਸਾਡੇ ਕੋਲ ਇਹ ਇਤਲਾਹ ਹੁਣ ਤੱਕ ਨਾ ਜ਼ਿਲ੍ਹਾ ਲੁਧਿਆਣਾ ਰਾਹੀਂ ਪਹੁੰਚੀ ਹੈ ਤੇ ਨਾ ਹੀ ਵਕੀਲ ਨਾਭਾ ਨੇ ਜ਼ਿਕਰ ਕੀਤਾ। ਇਸ ਦਾ ਇੰਤਜ਼ਾਮ ਬਹੁਤ ਛੇਤੀ ਹੋਣਾ ਚਾਹੀਦਾ ਹੈ।" ਦਾਸ ਨੇ ਅਰਜ਼ ਕੀਤਾ ਕਿ " ਇਸ ਦਾ ਇੰਤਜ਼ਾਮ ਰਿਆਸਤ ਨਾਭਾ ਨਾਲ ਸੰਬੰਧਤ ਹੈ ਅਤੇ ਇਲਾਕਾ ਸਰਕਾਰ ਪਟਿਆਲਾ ਦਾ ਤਾਂ ਇਹ ਹਾਲ ਹੈ ਕਿ ਆਮ ਤੌਰ 'ਤੇ ਪੁਲਿਸ ਦੇ ਅਹੁਦੇਦਾਰਾਂ ਦੇ ਨਾਮ ਤਾਕੀਦੀ ਹੁਕਮ ਜਾਰੀ ਕੀਤੇ ਹੋਏ ਹਨ ਕਿ ਉਹ ਕਿਸੇ ਥਾਂ ਚਾਰ ਕੂਕਿਆਂ ਨੂੰ ਵੀ ਇੱਕਠੇ ਨਾ ਹੋਣ ਦੇਣ ਅਤੇ ਹੁਣ ਪਿੰਡ ਪਿੱਥੋਕੇ ਬਾਰੇ ਥਾਣੇਦਾਰਾਂ ਦੇ ਨਾਮ ਹੁਕਮ ਜਾਰੀ ਹੋਇਆ ਹੈ ਕਿ ਪਿੱਥੋਕੇ ਦੇ ਇੱਕਠ ਵਿੱਚ ਸਰਕਾਰ ਪਟਿਆਲਾ ਦੇ ਇਲਾਕੇ ਦਾ ਕੋਈ ਕੂਕਾ ਨਾ ਜਾਂਦਾ ਹੋਵੇ ਅਤੇ ਇਸ ਇੱਕਠ ਦਾ ਵੇਰਵੇ ਸਹਿਤ ਹਾਲ ਦਰਿਆਫ਼ਤ ਕੀਤਾ ਗਿਆ ਹੈ। " ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ " ਇਸ ਵਿੱਚ ਸ਼ੱਕ ਨਹੀਂ ਹੈ ਕਿ ਅਜਿਹੇ ਮੁਆਮਿਲਾਂ ਸੰਬੰਧੀ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਅਹਿਲਕਾਰ ਦੂਸਰੇ ਇਲਾਕਿਆਂ ਦੀ ਵੀ ਖ਼ਬਰ ਰੱਖਦੇ ਹਨ ਤੇ ਹਰੇਕ ਗੱਲ ਦੀ ਸਾਡੇ ਕੋਲ ਵੀ ਇਤਲਾਹ ਪਹੁੰਚਾਉਦੇ ਹਨ ਪਰ ਇਹ ਖਬਰ ਸਾਹਿਬ ਸੈਕਟਰੀ ਬਹਾਦੁਰ ਗੌਰਮਿੰਟ ਪੰਜਾਬ ਦੀ ਸੇਵਾ ਵਿੱਚ ਵੀ ਪਹੁੰਚਾਈ ਜਾਂਦੀ।" ਦਾਸ ਨੇ ਅਰਜ਼ ਕੀਤਾ ਕਿ ਇਸੇ ਕਾਗਜ਼ ਦੀ ਇੱਕ ਨਕਲ ਜਨਾਬ ਸੈਕਟਰੀ ਬਹਾਦੁਰ ਨੂੰ ਸੂਚਨਾ ਦੇਣ ਹਿਤ ਗੌਰਮਿੰਟ ਪੰਜਾਬ ਕੋਲ ਹਾਜ਼ਿਰ ਰਹਿਣ ਵਾਲੇ ਵਕੀਲ ਪਾਸ ਵੀ ਭੇਜੀ ਗਈ ਹੈ।" ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ " ਸਭ ਕਾਰਵਾਈ ਮੁਨਾਸਿਬ ਹੋਈ।"

ਸੋ ਬਿਨੈ-ਪੱਤਰ ਜਵਾਬ ਦੇ ਤੌਰ 'ਤੇ ਅਤੇ ਇਤਲਾਹ ਵਜੋਂ ਸਖ਼ੀ ਹਜ਼ੂਰ ਕੋਲ ਭੇਜਿਆ ਜਾ ਰਿਹਾ ਹੈ।

ਵਾਜਿਬ ਤੌਰ 'ਤੇ ਅਰਜ਼ ਕੀਤਾ।

ਐ ਖ਼ੁਦਾ ! ਹਕੂਮਤ ਦਾ ਸੂਰਜ ਚਮਕਦਾ ਦਮਕਦਾ ਰਵ੍ਹੇ !

ਦਾਸ

ਪੁਰਾਣਾ ਨਮਕ ਪਰਵਰਦਾ,

ਨਿਸਾਰ ਅਲੀ ਵਕੀਲ ਸਰਕਾਰ,

ਮਹਿਕਮਾ ਕਮਿਸ਼ਨਰੀ 'ਚ ਹਾਜ਼ਿਰ ਰਹਿਣ ਵਾਲਾ।

8 ਮਾਰਚ 1872

ਬ-ਕਲਮ ਗੋਕਲ ਚੰਦ ਮੁਹੱਰਿਰ ਵਕਾਲਤ।

## ਥਾਣੇਦਾਰ ਭਦੌੜ ਦੀ ਰਿਪੋਰਟ

ਪ੍ਰਗਟ ਤੌਰ 'ਤੇ ਦਰਿਆਫ਼ਤ ਕੀਤਾ ਗਿਆ ਤਾਂ ਕੂਕਿਆਂ ਦੇ ਇਸ ਤਰ੍ਹਾਂ ਕਿਸੇ ਥਾਂ ਇੱਕਠੇ ਹੋਣ ਬਾਰੇ ਪਤਾ ਨਾ ਲੱਗਿਆ। ਹੋਰ ਇਹਤਿਆਤ ਵਰਤਦੇ ਹੋਏ ਖੁਫ਼ੀਆਂ ਤੌਰ 'ਤੇ ਰਤਨ ਸਿੰਘ ਨੰਬਰਦਾਰ ਭਦੌੜ ਨੂੰ ਪਿੰਡ ਪਿੱਥੋਕੇ ਭੇਜਿਆ ਗਿਆ ਉਸ ਨੇ ਵਾਪਸ ਆ ਕੇ ਤੇ ਥਾਣੇ 'ਚ ਹਾਜ਼ਿਰ ਹੋ ਕੇ ਬਿਆਨ ਕੀਤਾ ਕਿ " ਮੈਂ ਪਿੰਡ ਪਿੱਥੋਕੇ ਥਾਣਾ ਤੇ ਨਿਜ਼ਾਮਤ ਫੂਲ ਇਲਾਕਾ ਰਿਆਸਤ ਨਾਭਾ ਵਿਖੇ ਗਿਆ। ਉੱਥੇ ਬਹੁਤ ਸਾਰੇ ਕੂਕਾ ਲੋਕ ਹਨ। ਕਿਉਂਕਿ ਉਸ ਪਿੰਡ ਦੇ ਨੇੜੇ ਹੀ ਥਾਣਾ ਫੂਲ ਹੈ ਇਸ ਲਈ ਉੱਥੇ ਕਿਸੇ ਹੋਰ ਪਿੰਡਾਂ ਦੇ ਕੂਕੇ ਇੱਕਠੇ ਨਹੀਂ ਹੁੰਦੇ ਹਨ ਅਤੇ ਪਿੰਡ ਪਿੱਥੋਕੇ ਦੇ ਕੂਕੇ ਵੀ ਇੱਕਠੇ ਹੋ ਕੇ ਗਾਉਣਾ ਵਜਾਉਂਣਾ ਨਹੀਂ ਕਰਦੇ ਹਨ।"

ਅੱਗੋਂ ਨੂੰ ਇਲਾਕਾ ਭਦੌੜ ਦੇ ਪਿੰਡਾਂ ਦੀ ਨਿਗਰਾਨੀ ਬਹੁਤ ਚੰਗੀ ਤਰ੍ਹਾਂ ਹੁੰਦੀ ਰਹੇਗੀ ਅਤੇ ਇਨ੍ਹਾਂ ਲੋਕਾਂ ਦੇ ਇੱਕਠੇ ਹੋਣ ਸਮੇਂ ਫ਼ੌਰਨ ਇਤਿਲਾਹ ਦਿਆਂਗਾ। ਗਿਆਨੀ ਸਿੰਘ ਦੇ ਭਰਾ ਦਾ ਪਿੰਡ ਪਿੱਥੋਕੇ ਐਲਾਨੀਆਂ ਤੌਰ 'ਤੇ ਆਉਣਾ ਸਾਬਿਤ ਨਹੀਂ ਹੋਇਆ।

30 ਫੱਗਣ 1928
(11 ਮਾਰਚ 1872).
ਦਾਸ
ਥਾਣੇਦਾਰ ਭਦੌੜ,

ਮੁਹਰ

## ਥਾਣੇਦਾਰ ਗੋਬਿੰਦਗੜ੍ਹ ਦੀ ਰਿਪੋਰਟ

ਸ੍ਰੀ ਮਾਨ ਜੀ,

ਸ਼ਾਹੀ ਹੁਕਮ ਦੀ ਪਾਲਣਾ ਕਰਦੇ ਹੋਏ ਇਸ ਦਾਸ ਨੇ ਜਿੱਥੇ ਜਿੱਥੇ ਵੀ ਕੂਕੇ ਮੌਜੂਦ ਸਨ, ਚੰਗੀ ਤਰ੍ਹਾਂ ਦਰਿਆਫ਼ਤ ਕਰ ਲਿਆ ਹੈ। ਕੋਈ ਕੂਕਾ ਕਿਸੇ ਥਾਂ ਨਹੀਂ ਗਿਆ। ਸਾਰੇ ਆਪਣੇ ਆਪਣੇ ਘਰ 'ਤੇ ਮੌਜੂਦ ਹਨ।

ਸੋ ਇਹ ਰਿਪੋਰਟ ਇਤਲਾਹ ਵਜੋਂ ਤੇ ਜਵਾਬ ਦੇ ਤੌਰ 'ਤੇ ਭੇਜੀ ਜਾਂਦੀ ਹੈ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨ ਸਮਾਨ ਹੈ।

ਦਾਸ
ਗੁਰਮੁਖ ਸਿੰਘ,
ਥਾਣੇਦਾਰ ਭਦੌੜ,

ਮੁਹਰ

**ਹੁਕਮ ਹੋਇਆ**

ਇਸ ਦੀ ਨਕਲ ਵਕੀਲ ਲੁਧਿਆਣਾ, ਵਕੀਲ ਕਮਿਸ਼ਨਰੀ ਤੇ ਵਕੀਲ ਗੌਰਮਿੰਟ ਕੋਲ ਭੇਜੀ ਜਾਵੇ।

ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ

16 ਮਾਰਚ 1872.

*ਇਹ ਦੋਵੇਂ ਚਿੱਠੀਆਂ H-92 M II ਦੇ ਪੰਨਾ ਨੰਬਰ 13– 14 ਤੋਂ ਲਈਆਂ ਗਈਆਂ ਹਨ।*

---

## ਵਕੀਲ ਲੁਧਿਆਣਾ ਦੇ ਬਿਨੈ-ਪੱਤਰ ਮਿਤੀ 4 ਮਾਰਚ 1872 ਦੇ ਜਵਾਬ ਵਿੱਚ ਲਿਖੀ ਚਿੱਠੀ

**ਪਿੰਡ ਪਿੱਥੋਕੇ ਦੇ ਨੇੜੇ ਇਸ ਇਲਾਕੇ ਦੇ ਹੇਠ ਲਿਖੇ ਪਿੰਡ ਹਨ :-**
ਦਾਰਾਜ, ਤਪਾ, ਜਵੰਦਾਂ, ਤਾਜੋਕੇ ਤੇ ਰਾਮਪੁਰਾ।

ਇਨ੍ਹਾਂ ਪਿੰਡਾਂ ਦੇ ਨੰਬਰਦਾਰਾਂ ਤੋਂ ਕੂਕਿਆਂ ਦੇ ਇੱਕਠੇ ਹੋਣ ਦਾ ਖੁਫ਼ੀਆ ਹਾਲ ਦਰਿਆਫ਼ਤ ਕੀਤਾ ਗਿਆ ਤਾਂ ਉਨ੍ਹਾਂ ਨੇ ਬਿਆਨ ਕੀਤਾ ਕੀ ਉਨ੍ਹਾਂ ਨੂੰ ਕੂਕਿਆਂ ਦੇ ਇੱਕਠੇ ਹੋਣ ਦਾ ਉੱਕਾ ਹੀ ਪਤਾ ਨਹੀ ਹੈ ਬਲਕਿ ਪਿੰਡ ਦਰਾਜ, ਜਵੰਦਾਂ ਤੇ ਤਾਜੋਕੇ ਦੇ ਨੰਬਰਦਾਰਾਂ ਨੇ ਬਿਆਨ ਕੀਤਾ ਕਿ " ਸਾਡੇ ਪਿੰਡ ਵਿੱਚ ਤਾਂ ਨਾ ਕੋਈ ਕੂਕਾ ਹੈ ਤੇ ਨਾ ਹੋਇਆ ਹੈ।" ਰਾਮਪੁਰਾ ਦੇ ਨੰਬਰਦਾਰਾਂ ਨੇ ਬਿਆਨ ਕੀਤਾ ਕਿ " ਸਾਡੇ ਪਿੰਡ ਵਿੱਚ ਕੁੱਲ ਤਿੰਨ ਕੂਕੇ ਸਨ ਜਿਨ੍ਹਾਂ ਵਿੱਚੋਂ ਦੋ ਕੂਕੇ ਤਾਂ ਛੇ ਮਹੀਨੇ ਹੋਏ ਇੱਥੋਂ ਉਜੜ ਕੇ ਚਲੇ ਗਏ ਤੇ ਇੱਕ ਕੂਕਾ ਕੈਦ ਹੈ।" ਤਪਾ ਦੇ ਨੰਬਰਦਾਰਾਂ ਨੇ ਕਿਹਾ ਕਿ " ਸਾਡੇ ਪਿੰਡ ਵਿੱਚ ਤਿੰਨ ਕੂਕੇ ਹਨ। ਉਨ੍ਹਾਂ ਦੀਆਂ ਜਿਹੜੀਆਂ ਜ਼ਮਾਨਤਾਂ ਲਈਆਂ ਗਈਆਂ ਸਨ ਉਹ ਤਿੰਨੋਂ ਉਨ੍ਹਾਂ ਸ਼ਰਤਾਂ ਦੇ ਮੁਤਾਬਿਕ ਆਪਣੇ ਪਿੰਡ ਤੋਂ ਬਾਹਰ ਨਹੀ ਜਾਂਦੇ।

ਮੁਕਦੀ ਗੱਲ ਆਲੇ ਦੁਆਲੇ ਪਿੰਡਾਂ ਦੇ ਸਾਰੇ ਨੰਬਰਦਾਰਾਂ ਤੋਂ ਦਰਿਆਫ਼ਤ ਕੀਤਾ ਗਿਆ ਤਾਂ ਕਿਸੇ ਨੇ ਕੁਝ ਪਤਾ ਨਾ ਦਿੱਤਾ ਅਤੇ ਨਾ ਹੀ ਇਸ ਇਲਾਕੇ ਦੇ ਕਿਸੇ ਕੂਕੇ ਦਾ ਉੱਥੇ ਜਾਣਾ ਪਾਇਆ ਗਿਆ।

ਸੋ ਇਹ ਰਿਪੋਰਟ ਇਤਲਾਹ ਵਜੋਂ ਹਜ਼ੂਰ ਕੋਲ ਭੇਜੀ ਜਾਂਦੀ ਹੈ ਅਤੇ ਤਾਮੀਲ ਕਰਨ ਵਿੱਚ ਦੇਰੀ ਦਾ ਕਾਰਨ ਇਹ ਹੈ ਕਿ ਦਾਸ ਇਲਾਕੇ ਦੀ ਹੱਦ ਵੱਲ ਲੁੱਟ ਖੋਹ ਦੇ ਮਾਮਲੇ ਦੀ ਤਹਿਕੀਕਾਤ ਕਰਨ ਵਾਸਤੇ ਨਾਇਬ ਨਾਜ਼ਿਮ ਸਾਹਿਬ ਨਾਲ ਚਲਾ ਗਿਆ ਸੀ ਤੇ ਹਫ਼ਤੇ ਤੋਂ ਵੱਧ ਸਮਾਂ ਉੱਥੇ ਰਿਹਾ। ਇਸ ਲਈ ਤਾਮੀਲ ਕਰਨ ਵਿੱਚ ਦੇਰ ਹੋ ਗਈ। ਸੋ ਇਹ ਕਸੂਰ ਮੁਆਫ਼ ਕੀਤਾ ਜਾਵੇ।

ਵਾਜਿਬ ਤੌਰ 'ਤੇ ਅਰਜ਼ ਕੀਤਾ।
ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਉਲੰਣਾ ਹੈ।

ਦਾਸ
ਮੁਨਸ਼ੀ ਰਾਮ,
ਕਾਇਮ ਮੁਕਾਮ ਥਾਣੇਦਾਰ
ਅਨਾਹਦਗੜ੍ਹ।

16 ਚੇਤ 1928

**ਹੁਕਮ ਹੋਇਆ**
ਵਕੀਲ ਨੂੰ ਇਤਲਾਹ ਦਿੱਤੀ ਜਾਵੇ।

29 ਮਾਰਚ 1872

-----------------------------------------------------

ਗਰੀਬ ਪਰਵਾਰ ! ਸਲਾਮਤ !

ਸ੍ਰੀਮਾਨ ਜੀ,

ਅੱਜ ਸਾਹਿਬ ਡਿਪਟੀ ਕਮਿਸਨਰ ਬਹਾਦੁਰ ਦਾ ਪਰਵਾਨਾ ਇਸ ਮਜਮੂਨ 'ਤੇ ਅਧਾਰਿਤ ਜਾਰੀ ਹੋਇਆ ਕਿ ਪਿੰਡ ਪਿੱਥੋਕੇ ਇਲਾਕਾ ਨਾਭਾ ਵਿੱਚ ਰਾਤ ਨੂੰ ਕੋਈ ਤੀਹ ਚਾਲੀ ਕੂਕੇ ਇੱਕਠੇ ਹੋ ਕੇ, ਪਹਿਰ ਡੇਢ ਪਹਿਰ ਰਾਤ ਤੱਕ ਗਾਉਂਦੇ ਵਜਾਉਂਦੇ ਰਹਿੰਦੇ ਹਨ । ਨਾਲੇ ਗਿਆਨੀ ਸਿੰਘ, ਜਿਸ ਨੂੰ ਫਾਂਸੀ ਹੋ ਗਈ ਸੀ, ਦਾ ਭਾਈ ਪਿੰਡ ਮੰਡੀ ਤੋਂ ਇਲਾਕਾ ਪਟਿਆਲਾ ਰਾਹੀਂ ਪਿੰਡ ਪਿੱਥੋਕੇਂ ਵਿਖੇ ਜਾਂਦਾ ਹੈ। ਉਸ ਦਿਨ ਅੱਸੀ ਪਚਾਸੀ ਕੂਕੇ ਇੱਕਠੇ ਹੋਏ ਸਨ। ਸੋ ਇਨ੍ਹਾਂ ਦੀ ਨਿਗਰਾਨੀ ਰੱਖੀ ਜਾਵੇ ਤੇ ਇੰਤਜਾਮ ਕੀਤਾ ਜਾਵੇ।

ਕਿਉਂਕਿ ਪਿੰਡ ਮੰਡੀ ਇਲਾਕਾ ਸਰਕਾਰ ਜੀਂਦ ਵਿੱਚ ਹੈ ਤੇ ਪਿੱਥੋਕੇ ਇਲਾਕਾ ਨਾਭਾ ਵਿੱਚ ਹੈ, ਇਸ ਲਈ ਪਰਵਾਨੇ ਦੇ ਪਿੱਛੇ ਰਿਪੋਰਟ ਕੀਤੀ ਗਈ ਕਿ ਸਰਕਾਰ ਜੀਂਦ ਤੇ ਨਾਭਾ ਰਾਹੀਂ ਇੰਤਜਾਮ ਕਰਵਾਇਆ ਜਾਵੇ।

ਸੋ ਇਹ ਅਹਤਿਆਤ ਵਜੋਂ ਬੇਨਤੀ ਹੈ ਕਿ ਸ਼ਾਇਦ ਸਰਕਾਰ ਦੌਲਤਮਦਾਰ (ਪਟਿਆਲਾ) ਦੇ ਇਲਾਕੇ ਵਿਚੋਂ ਆਦਮੀ ਪਿੰਡ ਪਿੱਥੋਕੇ ਨਾ ਜਾਂਦਾ ਹੋਵੇ। ਇਸ ਦਾ ਪ੍ਰਬੰਧ ਥਾਣੇਦਾਰਾਂ ਰਾਹੀਂ ਕਰਵਾਇਆ ਜਾਵੇ ਕਿ ਦੂਜੇ ਦਾ ਕੋਈ ਕੂਕਾ ਪਿੰਡ ਪਿੱਥੋਕੇ ਨਾ ਜਾਵੇ।

ਵਾਜਿਬ ਤੌਰ 'ਤੇ ਅਰਜ਼ ਕੀਤਾ।

ਦਾਸ

ਪੁਰਾਣਾ ਨਮਕ ਪਰਵਰਦਾ,

4 ਮਾਰਚ 1872 ਸੱਯਦ ਅਹਿਮਦ ਹਸਨ, ਵਕੀਲ ਜਿਲ੍ਹਾ ਲੁਧਿਆਣਾ।

ਜ਼ਰੂਰੀ ਹੁਕਮ ਹੋਇਆ ਕਿ ਇਸ ਦੀ ਨਕਲ ਭੇਜ ਕੇ ਭਦੌੜ, ਅਨਾਹਦਗੜ੍ਹ ਤੇ ਗੋਬਿੰਦਗੜ੍ਹ ਦੇ ਥਾਣੇਦਾਰਾਂ ਨੂੰ ਲਿਖਿਆ ਜਾਵੇ ਕਿ ਭਾਵੇਂ ਕਿ ਇਸ ਖਬਰ 'ਚ ਕੋਈ ਸੱਚਾਈ ਨਹੀਂ, ਫਿਰ ਵੀ ਉਹ ਇਸ ਦੀ ਦਰਿਆਫਤ ਕਰਕੇ ਇਤਲਾਹ ਦੇਣ ਤੇ ਖਬਰ ਰੱਖਣ। ਇਸ ਦੀ ਇੱਕ ਨਕਲ ਨਿਜਾਮਤ ਵਿੱਚ ਭੇਜੀ ਜਾਵੇ। ਇੱਕ ਨਕਲ ਇਤਲਾਹ ਵਜੋਂ ਹਜ਼ੂਰ ਮਹਾਰਾਜਾ ਸਾਹਿਬ ਕੋਲ ਭੇਜੀ ਜਾਵੇ।

26 ਮਾਰਚ 1872.

ਇੱਕ ਨਕਲ ਥਾਣੇਦਾਰ ਭੀਖੀ ਦੇ ਕੋਲ ਹਾਲ ਦਰਿਆਫਤ ਕਰਨ ਵਾਸਤੇ ਭੇਜੀ ਜਾਵੇ।

ਇਨ੍ਹਾਂ ਸਾਰੇ ਥਾਣੇਦਾਰਾਂ ਨੂੰ ਚਾਹੀਦਾ ਹੈ ਕਿ ਉਹ ਖੁਫੀਆਂ ਤੌਰ 'ਤੇ ਅਤਿਅੰਤ ਇਹ ਇਹਤਿਆਲ ਨਾਲ ਹਾਲ ਦਰਿਆਫਤ ਕਰਕੇ, ਜਿਹੜੀ ਗੱਲ ਠੀਕ ਹੋਵੇ,ਇਸ ਬਾਰੇ ਇਤਲਾਹ ਦੇਣ।

ਇਸ ਦੀ ਨਕਲ ਇਤਲਾਹ ਵਜੋਂ ਵਕੀਲ ਗੌਰਮਿੰਟ ,ਵਕੀਲ ਕਮਿਸਨਰੀ ਤੇ ਨਿਜਾਮਤ ਅਮਰਗੜ੍ਹ ਨੂੰ ਭੇਜੀ ਜਾਵੇ।

ਸੱਯਦ ਮੁਹੰਮਦ ਹੁਸੈਨ ਮੀਰ ਮੁਨਸੀ

# ਫਾਇਲ ਨੰ:3

## H. 92 M. Part- I

**ਫਾਰਨ ਡਿਪਾਰਟਮੈਂਟ ਪਟਿਆਲਾ**

**ਪੋਲੀਟੀਕਲ ਸ਼ਾਖਾ**

**ਫੌਜਦਾਰੀ ਏਜੰਸੀ**

**ਮਿਸਲ ਨੰ: 760, ਸੰਮਤ 1928 (ਸੰਨ 1872)**

**(ਕੂਕਾ ਕੌਮ ਦੇ ਮਲੌਦ ਤੇ ਰਿਆਸਤ ਮਲੇਰਕੋਟਲਾ ਦੇ ਅਸਥਾਨਾਂ 'ਤੇ ਕੀਤੇ ਦੰਗੇ ਫਸਾਦ ਦੇ ਪ੍ਰਬੰਧ ਤੇ ਰੋਕਥਾਮ ਸੰਬੰਧੀ ਫਾਇਲ)**

-------------------------------------------------------

## ਮਲੇਰਕੋਟਲਾ ਦੇ ਸਾਕੇ ਸਬੰਧੀ ਇਨ੍ਹਾਂ ਦਸਤਾਵੇਜੀ ਚਿੱਠੀਆਂ ਦੀ ਸੂਚੀ ਸੰਬੰਧੀ

ਫਾਇਲ H 92 M (Part- 1 & 2) ਵਿਚ ਕਰੀਬ 487 ਚਿੱਠੀਆਂ ਦੀ ਸੂਚੀ ਦਰਜ ਹੈ। ਇਹ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਦੀ ਗੁਪਤ (ਸੀਕਰੇਟ) ਫਾਇਲ ਦੀਆਂ ਚਿੱਠੀਆਂ ਹਨ।

ਇਹ ਚਿੱਠੀਆਂ ਮਲੇਰ ਕੋਟਲਾ ਸਾਕੇ ਸਮੇਂ ਸੰਨ 1872 ਨੂੰ ਮਹਾਰਾਜਾ ਪਟਿਆਲਾ ਅਤੇ ਅੰਗਰੇਜ ਅਫਸਰਾਂ ਦਰਮਿਆਨ ਮਲੇਰ ਕੋਟਲਾ - ਸਾਕੇ ਬਾਰੇ ਅਤੇ ਕੂਕਾ ਅੰਦੋਲਨ ਅਤੇ ਇਸ ਨੂੰ ਦਬਾਉਣ ਦੀ ਕਾਰਵਾਈ ਕਰਨ ਬਾਰੇ ਲਿਖੇ ਗਏ ਖਤ - ਪੱਤਰ ਹਨ। ਬਹੁਤ ਸਾਰੀਆਂ ਚਿੱਠੀਆਂ ਮਹਾਰਾਜਾ ਪਟਿਆਲਾ ਨੂੰ ਉਨ੍ਹਾਂ ਦੇ ਅਫਸਰਾਂ, ਅਹਿਲਕਾਰਾਂ , ਅਹੁਦੇਦਾਰਾਂ ਅਤੇ ਕਰਮਚਾਰੀਆਂ ਵੱਲੋਂ ਘਟਨਾਵਾਂ ਦੀਆਂ ਸੂਚਨਾਵਾਂ ਦੇਣ ਬਾਰੇ ਲਿਖੀਆਂ ਹੋਈਆਂ ਹਨ। ਦੋਹਰਾਓ ਵਾਲੀਆਂ ਅਤੇ ਬੇਲੋੜੀਆਂ ਚਿੱਠੀਆਂ ਮੈਂ ਕੱਢ ਦਿੱਤੀਆਂ ਹਨ।

ਸੂਚੀ ਅਨੁਸਾਰ ਇਹ ਚਿੱਠੀਆਂ ਜੋ ਉਸ ਸਮੇਂ ਦੇ ਮਹਾਨ ਦਸਤਾਵੇਜ ਹਨ, ਤਰਤੀਬਵਾਰ ਨਹੀਂ ਸਨ । ਮੈਂ ਇਨ੍ਹਾਂ ਦਾ ਵਰਗੀਕਰਨ (ਕਲਾਸੀਫਿਕੇਸ਼ਨ) ਕਰਕੇ, ਤਰਤੀਬ ਦੇ ਕੇ ,ਇਨ੍ਹਾਂ ਨੂੰ ਘਟਨਾ ਕ੍ਰਮ ਅਨੁਸਾਰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਹੇਠ ਲਿਖੀਆਂ ਚਿੱਠੀਆਂ ਦੀ ਸੂਚੀ, ਫਾਈਲ ਐਚ. 92 ਐਮ. ਭਾਗ-1 ਦੀ ਸੂਚੀ ਹੈ।

### ਦਸਤਾਵੇਜੀ ਚਿੱਠੀਆਂ ਦੇ ਵਰਗੀਕਰਨ ਅਨੁਸਾਰ ਕ੍ਰਮਵਾਰ ਸਿਰਲੇਖਾਂ ਦਾ ਵੇਰਵਾ

1. ਕੂਕਿਆਂ ਵੱਲੋਂ ਹਮਲਾ ਕਰਨ ਦੀ ਸੂਚਨਾ ਦੇਣ ਅਤੇ ਤਫਤੀਸ਼ ਕਰਨ ਬਾਰੇ।
2. ਕੂਕਿਆਂ ਵੱਲੋਂ ਬੁੱਚੜਖਾਨਿਆਂ 'ਤੇ ਹਮਲਾ ਕਰਨ ਬਾਰੇ।
3. ਮਹਾਰਾਜਾ ਪਟਿਆਲਾ ਦੇ ਨਾਰਨੌਲ ਦੇ ਦੌਰੇ ਤੋਂ ਵਾਪਿਸ ਪਟਿਆਲੇ ਆਉਣ ਬਾਰੇ।
4. ਵਾਰਦਾਤ ਤੇ ਇਸ ਦਾ ਇੰਤਜਾਮ ਕਰਵਾਉਣ ਬਾਰੇ।
5. ਇਲਾਕੇ 'ਚ ਛਾਇਆ ਸਹਿਮ ਦਾ ਮਾਹੌਲ ਅਤੇ ਕੀਤੇ ਗਏ ਇੰਤਜ਼ਾਮ
6. ਕੂਕਿਆਂ ਦੇ ਜੱਥੇ ਨੂੰ ਗ੍ਰਿਫਤਾਰ ਕਰਨ ਬਾਰੇ।
7. ਜੱਥੇ ਦੀ ਗ੍ਰਿਫਤਾਰੀ ਦੀ ਸੂਚਨਾ ਦੇਣ ਬਾਰੇ ਭੇਜੀਆਂ ਗਈਆਂ ਤਾਰਾਂ।
8. ਫਸਾਦ ਦਾ ਪ੍ਰਬੰਧ ਕਰਨ ਲਈ ਸਹਾਇਤਾ ਦੇਣ ਲਈ, ਅੰਗਰੇਜਾਂ ਵੱਲੋਂ ਮਹਾਰਾਜਾ ਪਟਿਆਲਾ ਨੂੰ ਭੇਜੀਆਂ ਗਈਆਂ ਤਾਰਾਂ ਅਤੇ ਉਨ੍ਹਾਂ ਦੇ ਜਵਾਬ।
9. ਮਹਾਰਾਜਾ ਪਟਿਆਲਾ ਵੱਲੋਂ ਅੰਗਰੇਜਾਂ ਦੀ ਸਹਾਇਤਾ ਕਰਨ ਅਤੇ ਇੰਤਜਾਮ ਲਈ ਤੋਪਾਂ ਸਿਪਾਹੀ ਅਤੇ ਬਾਰਬਰਦਾਰੀ ਆਦਿ ਭੇਜੇ ਜਾਣ ਸਬੰਧੀ ਦਸਤਾਵੇਜ਼
10. ਕੂਕਿਆਂ ਦੇ ਜੱਥੇ ਦੀ ਗ੍ਰਿਫਤਾਰੀ ਦੀਆਂ ਸੂਚਨਾਵਾਂ ਦੇਣ ਸਬੰਧੀ ਲਿਖੀਆਂ ਗਈਆਂ ਚਿੱਠੀਆਂ ਅਤੇ ਅੰਗਰੇਜ਼ ਸਰਕਾਰ ਵੱਲੋਂ ਜੱਥੇ ਨੂੰ ਮਲੇਰ ਕੋਟਲਾ ਲਿਆਉਣ ਦੇ ਹੁਕਮ
11. ਜੱਥਾ ਸ਼ੇਰਪੁਰ ਤੋਂ ਮਾਲੇਰ ਕੋਟਲੇ ਲਿਆਂਦਾ ਗਿਆ।

12. 65 ਸਿੱਖਾਂ ਨੂੰ ਤੋਪਾਂ ਨਾਲ ਅਤੇ ਇੱਕ ਸਿੱਖ ਬਾਲਕ ਬਿਸ਼ਨ ਸਿੰਘ ਨੂੰ ਤਲਵਾਰਾਂ ਨਾਲ ਕੱਟ ਕੇ ਸ਼ਹੀਦ ਕੀਤਾ ਗਿਆ। ਜੱਥੇ ਵਿਚਲੀਆਂ ਦੋ ਇਸਤਰੀਆਂ ਨੂੰ ਸ਼ਹੀਦ ਨਹੀਂ ਕੀਤਾ ਗਿਆ, ਨਜਰਬੰਦ ਰੱਖਿਆ ਗਿਆ।
13. ਸ਼ੇਰਪੁਰ ਤੋਂ ਗ੍ਰਿਫਤਾਰ ਕੀਤੇ ਗਏ ਜੱਥੇ ਦੇ ਹਥਿਆਰਾਂ, ਕੱਪੜਿਆਂ ਅਤੇ ਫੁਟਕਲ ਸਮਾਨ ਦੀ ਸੂਚੀ
14. ਸ਼ਹੀਦਾਂ ਦੀ ਸੂਚੀ ਅਤੇ ਅਸਲੀ ਦਸਤਾਵੇਜ਼, ਸੂਚੀ ਬਾਰੇ ਵਿਚਾਰ।
15. ਸ਼ਹੀਦੀ ਕਾਂਡ ਮਗਰੋਂ ਮਹਾਰਾਜਾ ਪਟਿਆਲਾ ਨੂੰ ਫੌਜਾਂ ਅਤੇ ਸਾਮਾਨ ਵਾਪਿਸ ਪਟਿਆਲੇ ਮੰਗਵਾ ਲੈਣ ਦੇ ਅੰਗਰੇਜ ਸਰਕਾਰ ਦੇ ਆਦੇਸ਼।
16. ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸੂਬੇ ਸਾਹਿਬਾਨ ਤੇ ਸੇਵਕ ਭਾਈ ਨਾਨੂੰ ਸਿੰਘ ਨੂੰ ਗ੍ਰਿਫਤਾਰ ਕਰਕੇ ਨਜਰਬੰਦੀ ਲਈ ਲਿਜਾਇਆ ਗਿਆ।
17. ਸ. ਮੰਗਲ ਸਿੰਘ ਬਿਸ਼ਨਪੁਰੀ ਬਾਰੇ।
18. ਮਹਾਰਾਜਾ ਪਟਿਆਲਾ ਦੀ ਅੰਗਰੇਜ ਸਰਕਾਰ ਵੱਲੋਂ ਪ੍ਰਸੰਸਾ ਅਤੇ ਧੰਨਵਾਦ।
19. ਅੰਗਰੇਜ਼ ਸਰਕਾਰ ਅਤੇ ਮਹਾਰਾਜਾ ਪਟਿਆਲਾ ਵੱਲੋਂ ਮਲੌਦ ਦੇ ਸਰਦਾਰਾਂ ਨੂੰ ਲਿਖੇ ਖਤ ਅਤੇ ਜਵਾਬ।
20. ਨਵਾਬ ਅਲੀ ਮੁਹੰਮਦ ਖਾਨ (ਨਵਾਬ ਝੱਜਰ) ਨੂੰ ਖਤ ਅਤੇ ਸਰਟੀਫਿਕੇਟ ਦਿਤੇ ਗਏ ।
21. ਮਹਾਰਾਜਾ ਪਟਿਆਲਾ ਦੇ ਅਫਸਰਾਂ, ਕਰਮਚਾਰੀਆਂ ਨੂੰ ਅੰਗਰੇਜਾਂ ਵੱਲੋਂ ਇਨਾਮ ਅਤੇ ਸਨਮਾਨ, ਮਾਨ ਪੱਤਰ ਦੀਆਂ ਚਿੱਠੀਆਂ ਅਤੇ ਸਰਟੀਫਿਕੇਟ ਦਿੱਤੇ ਗਏ।
22. ਸੱਯਦ ਨਿਆਜ ਅਲੀ (ਨਾਇਬ ਨਾਜ਼ਿਮ ਅਮਰਗੜ੍ਹ) ਨੂੰ ਸਨਮਾਨ ਵਜੋਂ ਖਿੱਲਅਤ ਦਿੱਤੀ ਗਈ।

ਨਾਜ਼ਿਮ-ਜ਼ਿਲ੍ਹੇ ਦੇ ਇੰਚਾਰਜ ਅਫਸਰ ਦਾ ਅਹੁਦਾ
ਨਾਇਬ ਨਾਜ਼ਿਮ- ਨਾਜ਼ਿਮ ਦਾ ਸਹਾਇਕ ਅਫਸਰ
ਨਿਆਬਤ-ਨਾਇਬ ਨਾਜ਼ਿਮ ਦਾ ਦਫਤਰ
ਨਿਜ਼ਾਮਤ-ਨਾਜ਼ਿਮ ਦਾ ਦਾ ਦਫਤਰ

# 1 . ਕੂਕਿਆਂ ਵੱਲੋਂ ਹਮਲਾ ਕਰਨ ਦੀ ਸੂਚਨਾ ਦੇਣ ਅਤੇ ਤਫਤੀਸ਼ ਕਰਨ ਬਾਰੇ

**ਸੇਵਾ ਵਿਚ:-**

**ਮਲੌਂਦ ਅਤੇ ਕੋਟਲਾ ਵਿਖੇ ਕੂਕਾ ਕੌਮ ਦੇ ਦੰਗੇ ਫ਼ਸਾਦ ਬਾਰੇ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੂੰ ਇਤਲਾਹ ਦੇਣ ਦਾ ਬਿਨੈ -ਪੱਤਰ**

**ਵੱਲੋਂ - ਵਕਾਲਤ ਲੁਧਿਆਣਾ ਦੇ ਮੁੰਸ਼ੀ ਤਰਾਬ ਅਲੀ**

ਗ਼ਰੀਬ ਪਰਵਰ! ਸਲਾਮਤ!

ਸ਼੍ਰੀ ਮਾਨ ਜੀ,

ਅੱਜ 11 ਵਜੇ ਰਾਤ ਨੂੰ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੇ ਇਸ ਦਾਸ ਨੂੰ ਆਪਣੀ ਨਿੱਜੀ ਕੋਠੀ 'ਤੇ ਬੁਲਾ ਕੇ ਫ਼ਰਮਾਇਆ ਕਿ "ਸਾਨੂੰ ਇਸ ਵੇਲੇ ਖ਼ਬਰ ਮਿਲੀ ਹੈ ਕਿ ਕੱਲ ਕੂਕਾ ਕੌਮ ਦੇ ਜਥੇਦਾਰ ਲਹਿਣਾ ਸਿੰਘ ਤੇ ਹੀਰਾ ਸਿੰਘ ਪਿੰਡ ਸਕਰੌਦੀ ਥਾਣਾ ਢੋਡੇ* ਕੋਈ ਸੌ ਸਵਾ ਸੌ ਆਦਮੀਆਂ ਨਾਲ ਸਤਿਗੁਰੂ ਰਾਮ ਸਿੰਘ ਨੂੰ ਭੈਣੀ ਸਾਹਿਬ ਵਿਖੇ ਮਿਲਣ ਆਏ ਸਨ ਅਤੇ ਬਾਅਦ ਦੁਪਿਹਰ 2 ਵਜੇ ਉੱਥੋਂ ਵਿਦਾ ਹੋ ਕੇ ਤੁਹਾਡੇ ਇਲਾਕੇ ਰਾਮਪੁਰ ਕਟਾਣੀ ਵੱਲ ਗਏ ਹਨ। ਨਾਲੇ ਡਿਪਟੀ ਇੰਸਪੈਕਟਰ ਬਹਾਦੁਰ ਦੀ ਜ਼ੁਬਾਨੀ ਇਸ ਗੱਲ ਦਾ ਪੱਕਾ ਪਤਾ ਲਗਿਆ ਹੈ ਕਿ ਉਸ ਗਰੋਹ ਦਾ ਮਾੜਾ ਇਰਾਦਾ ਇਹ ਹੈ ਕਿ ਉਹ ਸਰਕਾਰ ਪਟਿਆਲਾ ਦੇ ਇਲਾਕੇ 'ਚ ਜਾਂ ਕੋਟਲਾ ਵਿਖੇ ਕਿਸੇ ਪ੍ਰਕਾਰ ਦਾ ਫ਼ਸਾਦ ਖੜਾ ਕਰਕੇ ਲੁੱਟ ਮਾਰ ਤੇ ਮਾਰ ਧਾੜ ਕਰਨਗੇ। ਇਸ ਲਈ ਤੁਸੀਂ ਇਸੇ ਸਮੇਂ ਜ਼ਰੂਰੀ ਡਾਕ ਵਿੱਚ ਲਿਖ ਭੇਜੋ ਕਿ ਸਰਕਾਰ * ਦੇ ਇਲਾਕੇ ਦੇ ਥਾਣੇਦਾਰ ਇਸ ਟੋਲੇ ਦਾ ਖਿਆਲ ਰੱਖਣ ਅਤੇ ਇਹ ਵੀ ਦਰਿਆਫ਼ਤ ਕਰੋ ਕਿ ਕੀ ਉਹ ਖਿੰਡ-ਪੁੰਡ ਗਏ ਹਨ ਜਾਂ ਉਸੇ ਤਰ੍ਹਾਂ ਇੱਕਠੇ ਹਨ "।

ਕਿਉਂਕਿ ਇਸ ਗੱਲ ਦੀ ਇਤਲਾਹ ਸਰਕਾਰ ਨੂੰ ਦੇਣੀ ਵਾਜਿਬ ਹੈ, ਇਸ ਲਈ ਬਿਨੈ-ਪੱਤਰ ਰਾਹੀਂ ਸੂਚਨਾ ਦੇ ਰਿਹਾ ਹਾਂ। ਉਮੀਦ ਕਰਦਾ ਹਾਂ ਕਿ ਇਸ ਟੋਲੇ ਦੀ ਨਿਗਰਾਨੀ ਰੱਖਣ ਤੇ ਪ੍ਰਬੰਧ ਕਰਨ ਦੇ ਮਕਸਦ ਨਾਲ ਥਾਣੇਦਾਰਾਂ ਤੇ ਨਾਇਬ ਨਾਜ਼ਿਮਾਂ ਨੂੰ ਹੁਕਮ ਜਾਰੀ ਕੀਤੇ ਜਾਣਗੇ ਤਾਂ ਕਿ ਇਹ ਗਰੋਹ ਮੌਕਾ ਪਾ ਕੇ ਸਰਕਾਰ ਦੇ ਇਲਾਕੇ ਵਿੱਚ ਕਿਸੇ ਪ੍ਰਕਾਰ ਦੀ ਮਾਰ ਧਾੜ ਨਾ ਕਰ ਸਕੇ। ਨਾਲੇ ਭਵਾਨੀਗੜ੍ਹ ਦੇ ਥਾਣੇਦਾਰ ਦੇ ਨਾਮ ਹੁਕਮ ਲਿਖ ਕੇ ਦਰਿਆਫ਼ਤ ਕੀਤਾ ਜਾਵੇ ਕਿ ਲਹਿਣਾ ਸਿੰਘ ਤੇ ਹੀਰਾ ਸਿੰਘ ਵਾਸੀ ਸਕਰੌਦੀ ਹੁਣ ਕਿੱਥੇ ਹਨ ?

ਦਾਸ ਨੂੰ ਇਨ੍ਹਾਂ ਹਾਲਾਤ ਬਾਰੇ ਇਤਲਾਹ ਬਖ਼ਸ਼ੀ ਜਾਵੇ। ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨ ਸਮਾਨ ਹੈ

13 ਜਨਵਰੀ ਸੰਨ 1872 ਈ: (2 ਮਾਘ ਸੰਮਤ 1928)

ਦਾਸ

ਪੁਰਾਣਾ ਨਮਕ ਪਰਵਰਦਾ

ਤਰਾਬ ਅਲੀ ਮੁਹੱਰਿਰ*

ਵਕਾਲਤ ਲੁਧਿਆਣਾ। ਸਮਾਂ 12 ਵਜੇ ਰਾਤ

* ਢੋਡੇ ਭਵਾਨੀਗੜ੍ਹ ਨੂੰ ਕਹਿੰਦੇ ਸਨ ਕਿਉਂਕਿ ਉੱਥੇ ਢੋਡੇ ਗੋਤ ਦੇ ਜੱਟ ਰਹਿੰਦੇ ਸਨ।

* ਸਰਕਾਰ ਦਾ ਮਤਲਬ ਹੈ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ

---

* ਮੁਹੱਰਿਰ ਦਾ ਮਤਲਬ ਹੈ ਮੁੰਸ਼ੀ

## ਲਾਲਾ ਨਾਨਕ ਬਖ਼ਸ਼ (ਨਾਇਬ ਮੀਰ ਮੁਨਸ਼ੀ) ਦੀ ਤਜਵੀਜ਼ ਨਾਲ ਮਹਿਕਮਾ ਮੁਨਸ਼ੀ ਖਾਨੇ ਤੋਂ

**ਹੁਕਮ ਹੋਇਆ ਕਿ**

ਇਸ ਬਿਨੈ-ਪੱਤਰ ਦੀ ਨਕਲ ਭਵਾਨੀਗੜ੍ਹ ਤੇ ਸਾਹਿਬਗੜ੍ਹ ਦੇ ਥਾਣੇਦਾਰਾਂ ਕੋਲ ਭੇਜ ਕੇ ਲਿਖਿਆ ਜਾਵੇ ਕਿ ਉਹ ਇਸ ਗਰੋਹ ਦਾ ਵੇਰਵੇ ਸਹਿਤ ਹਾਲ ਦਰਿਆਫ਼ਤ ਕਰਕੇ ਇਤਲਾਹ ਦੇਣ ਕਿ ਉਨ੍ਹਾਂ ਦਾ ਇਰਾਦਾ ਕੀ ਹੈ? ਉਹ ਕਿੰਨੇ ਆਦਮੀ ਹਨ ਤੇ ਉਨ੍ਹਾਂ ਦਾ ਢੰਗ ਤਰੀਕਾ ਕੀ ਹੈ? ਜੇ ਉਨ੍ਹਾਂ ਦਾ ਇਰਾਦਾ ਫ਼ਸਾਦ ਪਾਉਣ ਦਾ ਹੈ ਤਾਂ ਉਨ੍ਹਾਂ ਦਾ ਅਤਿਅੰਤ ਖ਼ਿਆਲ ਰੱਖਣਾ ਚਾਹੀਦਾ ਹੈ। ਭਵਾਨੀਗੜ੍ਹ ਦੇ ਥਾਣੇਦਾਰ ਨੂੰ ਇਹ ਵੀ ਲਿਖਿਆ ਜਾਵੇ ਕਿ ਹੀਰਾ ਸਿੰਘ ਤੇ ਲਹਿਣਾ ਸਿੰਘ ਹੁਣ ਕਿੱਥੇ ਹਨ। ਉਹ ਘਰ ਵਿੱਚ ਰਹਿੰਦੇ ਹਨ ਜਾਂ ਨਹੀਂ? ਉਹ ਕੀ ਕੰਮ ਕਰਦੇ ਹਨ?

ਇਸ ਦੀ ਇੱਕ ਇੱਕ ਨਕਲ ਅਮਰਗੜ੍ਹ ਤੇ ਕਰਮਗੜ੍ਹ ਦੇ ਨਾਜ਼ਿਮਾਂ ਵੱਲ ਵੀ ਭੇਜੀ ਜਾਵੇ ਤਾਂ ਕਿ ਇਹ ਨਾਜ਼ਿਮ ਆਪਣੇ ਆਪਣੇ ਤੌਰ 'ਤੇ ਇਸ ਪਾਸੇ ਧਿਆਨ ਦੇਣ ਤੇ ਦਰਿਆਫ਼ਤ ਕਰਨ ਮਗਰੋਂ ਵੇਰਵੇ ਸਹਿਤ ਇਤਲਾਹ ਦੇਣ।

ਇਸ ਦੀ ਇੱਕ ਨਕਲ ਜਨਾਬ ਮੀਰ ਮੁਨਸ਼ੀ ਸਾਹਿਬ ਦਿੱਲੀ ਦੀ ਸੇਵਾ ਵਿੱਚ ਭੇਜੀ ਜਾਵੇ ਤੇ ਜਵਾਬ ਲਿਖਿਆ ਜਾਵੇ।

3 ਮਾਘ ਸੰਮਤ 1928
14 ਜਨਵਰੀ ਸੰਨ 1872 ਈ:

ਥਾਣੇਦਾਰਾਂ ਨੂੰ ਇਹ ਵੀ ਹਿਦਾਇਤ ਕੀਤੀ ਜਾਂਦੀ ਹੈ ਕਿ ਇਹ ਲੋਕ ਇੱਕਠੇ ਨਾ ਹੋਣੇ ਪਾਉਣ ਕਿਉਂਕਿ ਕਾਨੂੰਨ ਅਨੁਸਾਰ ਇਨ੍ਹਾਂ ਲੋਕਾਂ ਦਾ ਇੱਕਠੇ ਹੋਣਾ ਨਾ ਮੁਨਾਸਿਬ ਹੈ ਅਤੇ ਅਜਿਹੇ ਹਾਲਾਤ ਵਿੱਚ ਵਾਜਿਬ ਹੋ ਜਾਂਦਾ ਹੈ ਕਿ **ਉਨ੍ਹਾਂ ਨੂੰ ਇੱਕਠੇ ਨਾ ਹੋਣ ਦਿੱਤਾ ਜਾਵੇ ਤਾਂ ਕਿ ਉਹ ਦੰਗਾ ਫ਼ਸਾਦ ਨਾ ਕਰਨ।**

# 2. ਕੂਕਿਆਂ ਵੱਲੋਂ ਬੁੱਚੜਖਾਨਿਆਂ ’ਤੇ ਹਮਲਾ ਕਰਨ ਬਾਰੇ

ਸੈਕਟਰੀ ਗੌਰਮਿੰਟ ਪੰਜਾਬ ਵਲੋਂ ਦਿੱਲੀ ਤੋਂ ਸਰਕਾਰ ਪਟਿਆਲਾ ਦੇ ਨਾਮ ਤਾਰ ਦਾ ਤਰਜ਼ਮਾ

ਮਿਤੀ 15 ਜਨਵਰੀ 1872 ਈ:

ਅੱਜ ਸਵੇਰ ਵੇਲੇ ਕੋਈ ਪੰਜ ਸੌ ਕੂਕਿਆਂ ਨੇ ਮਲੇਰ ਕੋਟਲੇ ’ਤੇ ਹਮਲਾ ਕੀਤਾ। ਅੱਠ ਜਾਂ ਦਸ ਆਦਮੀ ਮਾਰੇ ਗਏ।

**From (Station) Delhi**

| **No** | **No of Words & Syphers** | **Date of hour tendered for transmission by sender** | **Official Instructions** |
|---|---|---|---|
| 685 | 30 | 15-20-40 | To be given H.H at the Ambala Railway Station |

**Addressee’s name:-** Maharaja Patiala

**& address**

Malerkotla attached this morning by some five hundred Kukas, eight or ten killed.

**Sender’s name:-** Secretary Government

---

**ਮੇਰੇ ਮਿਹਰਬਾਨ ਖ਼ਲੀਫ਼ਾ ਸੱਯਦ ਮੁਹੰਮਦ ਕਾਜ਼ਿਮ ਸਾਹਿਬ (ਸਹਾਇਕ ਮੀਰ ਮੁਨਸ਼ੀ),**

ਸਲਾਮ ਅਰਜ਼ ਕਰਨ ਮਗਰੋਂ ਸਰਕਾਰੀ ਕੰਮ ਦੇ ਮੁਤੱਲਕ ਪੱਕੀ ਇਤਲਾਹ ਦਿੰਦਾ ਹਾਂ ਕਿ ਇਸ ਵੇਲੇ ਇੱਕ ਭਰੋਸੇ ਯੋਗ ਆਦਮੀ ਦੇ ਕਹਿਣ ਤੋਂ ਪਤਾ ਲਗਿਆ ਹੈ ਕਿ ਕੂਕਿਆਂ ਨੇ ਕੋਟਲਾ ਵਿਖੇ ਕੁਝ ਫ਼ਸਾਦ ਕੀਤਾ ਹੈ। ਭਾਵੇਂ ਨਾਭੇ ਦੇ ਅਹਿਲਕਾਰਾਂ ਨੇ ਆਪਣੇ ਮੁਲਾਜ਼ਿਮਾਂ ਨੂੰ ਸਖ਼ਤ ਹਦਾਇਤ ਕੀਤੀ ਸੀ ਕਿ ਇਹ ਹਾਲ ਅਜੇ ਕਿਸੇ ਹੋਰ ਨੂੰ ਨਹੀਂ ਦੱਸਣਾ ਪਰ ਇੱਕ ਮੁਹੱਰਿਰ ਨੇ ਮੇਰੇ ਕੋਲ ਆ ਕੇ ਇਹ ਹਾਲ ਬਿਆਨ ਕਰ ਦਿੱਤਾ। ਕਿਉਂਕਿ ਇਲਾਕਾ ਅਮਰਗੜ੍ਹ ਕੋਟਲੇ ਦੇ ਨੇੜੇ ਪੈਂਦਾ ਹੈ ਇਸ ਲਈ ਮੈਂ ਸਵਾਰਾਂ ਦੇ ਅਫ਼ਸਰ ਨੂੰ ਕੁਝ ਸਵਾਰਾਂ ਸਮੇਤ ਅਮਰਗੜ੍ਹ ਨੂੰ ਰਵਾਨਾ ਕਰ ਦਿੱਤਾ ਅਤੇ ਥਾਣੇਦਾਰ ਤੇ ਨਾਇਬ ਨਾਜ਼ਿਮ ਨੂੰ ਲਿਖ ਦਿੱਤਾ ਕਿ ਉਹ ਹਰ ਤਰ੍ਹਾਂ ਨਾਲ ਨਿਗਰਾਨੀ ਰੱਖਣ ਤੇ ਹੁਸ਼ਿਆਰ ਰਹਿਣ ਅਤੇ ਦੌਲਤਮਦਾਰ ਸਰਕਾਰ ਅੰਗਰੇਜ਼ੀ ਦੀ ਮਦਦ ਕਰਨ ਅਤੇ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਸ਼ੇਰਪੁਰ ਤੋਂ ਅਮਰਗੜ੍ਹ ਵਿਖੇ ਆ ਜਾਣ।

ਜੇ ਸ਼ਾਮ ਤੱਕ ਕੋਈ ਲੋੜ ਪਈ ਤਾਂ ਮੈ ਨਿੱਜੀ ਤੌਰ 'ਤੇ ਅਮਰਗੜ੍ਹ ਜਾਵਾਂਗਾ ਬਲਕਿ ਜ਼ਰੂਰ ਛੇਤੀ ਸਵਾਰ ਹੋਵਾਂਗਾ। ਜੇ ਤੁਹਾਡੇ ਕੋਲ ਇਤਲਾਹ ਆਵੇ ਤਾਂ ਵੇਰਵੇ ਸਹਿਤ ਮੈਨੂੰ ਵੀ ਇਤਲਾਹ ਬਖਸ਼ਿਓ। **ਸਰਕਾਰ ਨਾਭਾ ਦੀਆਂ ਤਿੰਨ ਕੰਪਨੀਆਂ ਅਤੇ ਪਲਟਣ ਰਿਸਾਲਾ ਇੱਕ ਤੋਪ ਸਮੇਤ, ਕੋਟਲਾ ਵੱਲ ਸਵਾਰ ਹੋਈਆਂ ਹਨ।** ਇਸ ਦਾਸ ਨੇ ਮੀਰ ਮਹਿਦੀ ਸਾਹਿਬ, ਨਿਜ਼ਾਮਤ ਅਮਰਗੜ੍ਹ ਦੇ ਅਧੀਨ ਥਾਣੇਦਾਰਾਂ ਤੇ ਤਹਿਸੀਲਦਾਰਾਂ ਦੇ ਨਾਮ, ਇਸ ਬਾਰੇ ਬਹੁਤ ਤਾਕੀਦ ਲਿਖ ਦਿੱਤੀ ਹੈ। ਮੇਰੇ ਇਸ ਬਿਨੈ-ਪੱਤਰ ਨੂੰ ਹਜ਼ੂਰ ਸਰਕਾਰ ਦੀ ਸੇਵਾ ਵਿੱਚ ਮੁਲਾਹਿਜ਼ਾ ਕਰਵਾ ਦੇਣਾ। ਇਹ ਸਾਰੀ ਕਾਰਵਾਈ ਮੀਰ ਔਲਾਦ ਅਲੀ ਸਾਹਿਬ ਦੀ ਨੇਕ ਸਲਾਹ ਨਾਲ ਕੀਤੀ ਗਈ ਹੈ ਤੇ ਵੇਰਵੇ ਸਹਿਤ ਇਤਲਾਹ ਦਿੱਤੀ। ਮੁਨਾਸਿਬ ਹੈ ਕਿ ਕੋਈ ਸੌ ਸਵਾਰ ਸਮੇਤ ਇੱਕ ਰਿਸਾਲਦਾਰ ਦੇ ਛੇਤੀ ਨਾਲ ਅਮਰਗੜ੍ਹ ਨੂੰ ਰਵਾਨਾ ਕਰ ਦਿਓ। ਮੈਂ ਵੀ ਇਸ ਵੇਲੇ ਸਵਾਰ ਹੋ ਰਿਹਾ ਹਾਂ। ਇਸ ਹਾਲ ਦੀ ਇਤਲਾਹ ਵੱਜੋਂ ਇੱਕ ਖ਼ਤ ਨਾਜ਼ਿਮ ਸਾਹਿਬ ਅਨਾਹਦਗੜ੍ਹ ਨੂੰ ਵੀ ਲਿਖ ਦਿੱਤਾ ਹੈ।

ਸਮਾਂ 12 ਵਜੇ ਰਾਤ ਐਤਵਾਰ।
ਮੁਕਾਮ ਨਾਭਾ।
3 ਮਾਘ 1928
(14 ਜਨਵਰੀ 1872)

# ਲੁਕਿਆ ਸੱਚ

---

**ਜਨਾਬ ਸੱਯਦ ਮੁਹੰਮਦ ਕਾਜ਼ਿਮ ਸਾਹਿਬ**!

ਸਲਾਮ ਅਰਜ਼ ਕਰਨ ਮਗਰੋਂ ਬੇਨਤੀ ਹੈ ਕਿ ਤੁਹਾਨੂੰ ਮੇਰੇ ਵੱਲੋਂ ਪਹਿਲਾਂ ਮੁਕਾਮ ਨਾਭਾ ਤੋਂ ਭੇਜੇ ਬਿਨੈ-ਪੱਤਰ ਤੋਂ ਵੇਰਵੇ ਸਹਿਤ ਹਾਲ ਪ੍ਰਤੱਖ ਹੋ ਗਿਆ ਹੋਵੇਗਾ।

ਮੈਂ ਨਾਭੇ ਤੋਂ ਸਵਾਰ ਹੋ ਕੇ ਇਸ ਰਾਤ ਅਮਰਗੜ੍ਹ ਪੁੱਜਾ ਤਾਂ ਪਤਾ ਲੱਗਿਆ ਕਿ ਕੱਲ ਸਵੇਰੇ ਮਲੌਦ ਵਿਖੇ ਕੂਕਿਆਂ ਦੇ ਹੱਥੋਂ, ਦੋ ਤਿੰਨ ਆਦਮੀ ਜ਼ਖ਼ਮੀ ਹੋ ਗਏ ਅਤੇ ਕਹਿੰਦੇ ਹਨ ਕਿ ਮਲੌਦੀਆ ਵੱਡਾ ਸਰਦਾਰ ਕਟਾਰ ਸਿੰਘ ਮਾਰਿਆ ਗਿਆ। ਇੱਕ ਆਦਮੀ, ਇੱਕ ਕਾਜ਼ੀ ਤੇ ਸਰਦਾਰ ਮਲੌਦ ਵਾਲਾ ਜ਼ਖ਼ਮੀ ਹੋਏ। ਫਿਰ ਕੂਕਿਆਂ ਨੇ ਕੋਟਲਾ ਵਿਖੇ ਆ ਕੇ ਕੋਤਵਾਲ ਨੂੰ ਮਾਰ ਦਿੱਤਾ ਅਤੇ ਸਮੁੰਦ ਖ਼ਾਂ ਸਿਪਾਹੀ, ਜੇਲ ਖ਼ਾਨੇ ਦਾ ਦਰੋਗਾ ਵਤਨਾ ਤੇ ਕਾਲੂ ਚੋਬਦਾਰ ਆਦਿ ਸਿਪਾਹੀ ਮਾਰੇ ਗਏ ਤੇ ਕੁਝ ਕੂਕੇ ਵੀ ਮਾਰੇ ਗਏ। ਪੰਜ ਕੂਕੇ ਗ੍ਰਿਫ਼ਤਾਰ ਹੋਏ। ਕੂਕੇ ਚਾਰ ਘੋੜੇ ਲੈ ਗਏ ਹਨ। ਇਹ ਵੀ ਸੁਣਿਆ ਹੈ ਕਿ ਕੂਕੇ ਕੋਟਲੇ ਤੋਂ ਪਿੰਡ ਰੜ ਤਅੱਲੁਕਾ ਸ਼ੇਰਪੁਰ ਵਿੱਚ ਪੁੱਜੇ ਹਨ। ਇਸ ਵਾਸਤੇ ਮੈਂ ਮੁਨਾਸਿਬ ਸਮਝਿਆ ਕਿ ਮੈਂ ਰੜ ਪਿੰਡ ਪਹੁੰਚਾਂ ਅਤੇ ਸੁਣਿਆ ਹੈ ਕਿ ਵਕੀਲ ਸਾਹਿਬ ਬਹਾਦੁਰ ਵੀ ਕੋਟਲਾ ਵਿਖੇ ਤਸ਼ਰੀਫ਼ ਲਿਆਏ ਹਨ।

ਇਤਲਾਹ ਵਜੋਂ ਅਰਜ਼ ਹੈ। ਇਸ ਦੀ ਸਰਕਾਰ ਨੂੰ ਇਤਲਾਹ ਦੇ ਦੇਣੀ। ਜਿਹੜਾ ਇੱਕ ਖ਼ਤ ਮੀਰ ਨਿਆਜ਼ ਅਲੀ ਸਾਹਿਬ ਨਾਇਬ ਨਾਜ਼ਿਮ ਦਾ ਆਇਆ ਸੀ ਉਹ ਵੀ ਤੁਸੀਂ ਵੇਖਿਆ ਹੋਵੇਗਾ।

ਦਾਸ
(ਨਾਮ ਵਾਲੀ ਜਗ੍ਹਾ ਕੱਟੀ ਹੋਈ ਹੈ)

**ਹੁਕਮ ਹੋਇਆ ਕਿ**
ਇਸ ਦੇ ਨਾਲ ਜਿਹੜਾ ਕਾਗਜ਼ ਨੱਥੀ ਸੀ।
ਉਹ ਸ਼ਾਮਿਲ ਮਿਸਲ ਰਹੇ।

17 ਜਨਵਰੀ 1872 ਈ:

---

**ਤਰਾਬ ਅਲੀ ਮੁੱਹਰਿਰ ਵਕੀਲ ਲੁਧਿਆਣਾ ਵਲੋਂ ਆਈ, ਤਾਰ-ਖ਼ਬਰ ਦਾ ਤਰਜ਼ਮਾ ਜਿਹੜਾ, ਮਿਤੀ 15 ਜਨਵਰੀ 1872 ਈ: ਸਮਾਂ 11:15 ਵਜੇ ਦਿਨ ਦੇ ਰਾਧਾ ਲਾਲ ਨਾਜ਼ਿਮ ਰਾਜਪੁਰਾ ਦੇ ਨਾਮ ਭੇਜੀ ਗਈ**

ਮੁਕਾਮ ਰਾਜਪੁਰਾ

ਕੱਲ ਰਾਤ ਲਹਿਣਾ ਸਿੰਘ ਤੇ ਹੀਰਾ ਸਿੰਘ ਸਕਰੌਂਦੀ ਦੇ ਕੂਕਿਆਂ ਨੇ ਦੋ ਸੌ ਆਦਮੀਆਂ ਸਮੇਤ ਹਮਲਾ ਕਰਕੇ, ਮਲੌਦ ਵਾਲੇ ਸਰਦਾਰ ਬਦਨ ਸਿੰਘ ਨੂੰ ਜ਼ਖ਼ਮੀ ਕੀਤਾ ਅਤੇ ਦੋ ਆਦਮੀਆਂ ਨੂੰ ਜਾਨੋਂ ਮਾਰ ਸੁੱਟਿਆ।

ਸਟੇਸ਼ਨ ਰਾਜਪੁਰਾ, ਮਿਤੀ 15 ਜਨਵਰੀ 1872.
ਸਮਾਂ ਸਵਾ ਗਿਆਰਾਂ ਵਜੇ ਦਿਨ ਦੇ।

ਤਰਜ਼ਮਾ ਸਹੀ ਹੈ ।
ਦਸਤਖ਼ਤ ਮਾਸਟਰ ਮੁਹੰਮਦ ਖ਼ੁਦਾ ਬਖ਼ਸ਼ ਖ਼ਾਂ

**Copy of Private Massage by Telegraph Office No 14**

**From:-** Tarab Ali Moharrir
Vakeel Ludhiana

**Letter No.16**

**To:-** Radha Lal, Nazim Rajpura,
Words 28 Prepaid.

**No.** 19, 15th – 10/-

Last night Lehna Singh and Heera Singh Kookas of Sakraudee with 200 Kookas wounded Sardar Badan Singh of Malaud and killed two men.

Rajpura
Telegraph Office

-Sd-
Clerk in Charge

15th Januray 1872
Time dispatched by peon
11:25

---

# ਮਹਾਰਾਜਾ ਮਹਿੰਦਰ ਸਿੰਘ ਪਟਿਆਲੇ ਨੂੰ ਵਕੀਲ ਲੁਧਿਆਣਾ ਵੱਲੋਂ ਲਿਖਿਆ ਖਤ

ਜ਼ਮਾਨੇ ਦੇ ਸਖ਼ੀ ਗ਼ਰੀਬ ਪਰਵਰ ! ਸਲਾਮਤ !

ਸ਼੍ਰੀ ਮਾਨ ਜੀ,

ਜਨਾਬ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੇ ਹੁਕਮ ਅਨੁਸਾਰ ਪਰਸੋਂ 12 ਵਜੇ ਰਾਤ ਦੇ ਜਰੂਰੀ ਤੌਰ ’ਤੇ ਬੇਨਤੀ ਕੀਤੀ ਗਈ ਹੈ ਕਿ ਕੂਕਾ ਕੌਮ ਦੇ ਜਥੇਦਾਰ ਲਹਿਣਾ ਸਿੰਘ ਤੇ ਹੀਰਾ ਸਿੰਘ ਵਾਸੀ ਸਕਰੌਦੀ ਆਪਣੇ ਸਵਾ ਸੌ ਸਾਥੀਆਂ ਸਮੇਤ ਪਿੰਡ ਭੈਣੀ (ਭੈਣੀ ਸਾਹਿਬ) ਵਿਖੇ ਸਤਿਗੁਰੂ ਨੂੰ ਮਿਲ ਕੇ ਰਾਮਪੁਰ ਵੱਲ ਗਏ ਹਨ ਅਤੇ ਉਨ੍ਹਾਂ ਦੀ ਫ਼ਸਾਦ ਪਾਉਣ ਦੀ ਨੀਅਤ ਲਗਦੀ ਹੈ।

ਸੋ ਅੱਜ ਇਸ ਗੱਲ ਦਾ ਪਤਾ ਲੱਗਾ ਹੈ ਜਦੋਂ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੇ ਇਸ ਦਾਸ ਨੂੰ ਸਵੇਰੇ 9 ਵਜੇ ਬੁਲਾ ਕੇ ਹੁਕਮ ਦਿੱਤਾ ਕਿ “ਕੱਲ ਰਾਤ ਜਥੇਦਾਰ ਲਹਿਣਾ ਸਿੰਘ ਤੇ ਹੀਰਾ ਸਿੰਘ ਨੇ ਆਪਣੇ ਸਾਥੀਆਂ ਅਨੂਪ ਸਿੰਘ ਤੇ ਊਧਮ ਸਿੰਘ ਪਿੰਡ ਸਕਰੌਦੀ, ਸਾਹਿਬ ਸਿੰਘ, ਸੁਜਾਨ ਸਿੰਘ, ਗਿਆਨ ਸਿੰਘ ਤੇ ਕਾਨ੍ਹਾ ਸਿੰਘ ਪਿੰਡ ਫੁਲੇੜਾ ਅਤੇ ਨੰਦ ਸਿੰਘ ਪਿੰਡ ਹੰਢਿਆਇਆ ਆਦਿ ਕੂਕਾ ਕੌਮ ਦੇ ਕੋਈ ਦੋ ਸੌ ਆਦਮੀਆਂ ਸਮੇਤ, ਸਰਦਾਰ ਬਦਨ ਸਿੰਘ ਮਲੌਦੀਏ ਦੇ ਕਿਲੇ ’ਤੇ ਹਮਲਾ ਕਰਕੇ ਉਪ੍ਰੋਕਤ ਸਰਦਾਰ ਨੂੰ ਸਖ਼ਤ ਜ਼ਖ਼ਮੀ ਕਰ ਦਿੱਤਾ। ਦੋ ਆਦਮੀ ਜਾਨੋਂ ਮਾਰੇ ਗਏ ਅਤੇ ਉਹ ਟੋਲਾ ਤੁਹਾਡੇ ਇਲਾਕੇ ਵੱਲ ਗਿਆ ਹੈ, ਇਸ ਲਈ ਤੁਸੀਂ ਇਸ ਦੀ ਇਤਲਾਹ ਤਾਰ ਰਾਹੀਂ ਹੁਣੇ ਬਹੁਤ ਛੇਤੀ ਆਪਣੀ ਸਰਕਾਰ ਨੂੰ ਦੇ ਦਿਓ ਕਿ ਉਹ ਉਨ੍ਹਾਂ ਦੋਹਾਂ ਆਗੂਆਂ ਨੂੰ, ਉਨ੍ਹਾਂ ਦੇ ਸਾਥੀਆਂ ਸਮੇਤ ਗ੍ਰਿਫ਼ਤਾਰ ਕਰਨ।”

– ਬੱਸ–

ਸੋ ਇਸ ਦਾਸ ਨੇ ਉਸਤਤ ਯੋਗ ਸਾਹਿਬ ਦੇ ਹੁਕਮ ਮੁਤਾਬਿਕ ਫ਼ੌਰਨ ਤਾਰ ਰਾਹੀਂ ਨਾਜ਼ਿਮ ਸਾਹਿਬ ਰਾਜਪੁਰਾ ਦੀ ਮਾਅਰਫ਼ਤ ਹਜ਼ੂਰ ਮਹਾਰਾਜਾ ਸਾਹਿਬ ਨੂੰ ਇਤਲਾਹ ਦੇ ਦਿੱਤੀ ਹੈ ਅਤੇ ਉਸੇ ਵੇਲੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ, ਕਰਨੈਲ ਪਾਰਕਿੰਨਜ਼ ਸਾਹਿਬ ਬਹਾਦੁਰ ਤੇ ਸੁਪਰਡੈਂਟ ਪੁਲਿਸ ਰਾਮਪੁਰ, ਮਲੌਦ ਨੂੰ ਤਸ਼ਰੀਫ਼ ਲੈ ਗਏ। ਮਗਰੋਂ ਜੋ ਹਾਲਾਤ ਹੋਣਗੇ, ਉਹ ਦੱਸ ਦਿੱਤੇ ਜਾਣਗੇ।

ਉਮੀਦ ਹੈ ਕਿ ਨਾਇਬ ਨਾਜ਼ਿਮਾਂ ਤੇ ਥਾਣੇਦਾਰਾਂ ਨੂੰ ਸਖ਼ਤ ਤਾਕੀਦੀ ਹੁਕਮ ਜਾਰੀ ਕੀਤੇ ਜਾਣਗੇ ਕਿ ਉਹ ਪੂਰੀ ਕੋਸ਼ਿਸ਼ ਨਾਲ ਉਨ੍ਹਾਂ ਦੋਹਾਂ ਮੁਜ਼ਰਿਮਾਂ ਨੂੰ ਉਨ੍ਹਾਂ ਦੇ ਸਾਥੀਆਂ ਸਮੇਤ ਗ੍ਰਿਫ਼ਤਾਰ ਕਰਨ।

15 ਜਨਵਰੀ 1872 ਈ:
ਸਮਾਂ 12 ਵਜੇ ਦਿਨ

ਦਾਸ
ਪੁਰਾਣਾ ਨਮਕ ਪਰਵਰਦਾ,
ਸਯੱਦ ਅਹਿਮਦ ਹਸਨ,
ਵਕੀਲ ਲੁਧਿਆਣਾ।

# 3. ਮਹਾਰਾਜਾ ਪਟਿਆਲਾ ਦੇ ਨਾਰਨੌਲ ਦੌਰੇ ਤੋਂ ਵਾਪਿਸ ਪਟਿਆਲੇ ਆਉਣ ਬਾਰੇ

**ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਵੱਲੋਂ ਮਿਸਟਰ ਗ੍ਰਿਫਨ ਸਾਹਿਬ ਸੈਕਟਰੀ ਗੌਰਮਿੰਟ ਪੰਜਾਬ ਦੇ ਨਾਂ ਪੱਤਰ।**
**(ਸਰਕਾਰ ਪਟਿਆਲਾ ਵਲੋਂ ਮਿਸਟਰ ਗ੍ਰਿਫ਼ਨ ਸਾਹਿਬ ਬਹਾਦੁਰ ਦੇ ਨਾਮ ਲਿਖੀ ਅੰਗਰੇਜ਼ੀ ਚਿੱਠੀ ਦਾ ਤਰਜ਼ਮਾ)**

15 ਜਨਵਰੀ ਸੰਨ 1872
ਮੁਕਾਮ ਦਿੱਲੀ

ਮੇਰੇ ਪਿਆਰੇ ਦੋਸਤ,

ਤੁਸੀਂ ਜਾਣਦੇ ਹੋ ਕਿ ਮੈਂ ਕੁਝ ਸਰਕਾਰੀ ਜ਼ਰੂਰਤਾਂ ਵਾਸਤੇ ਦਿੱਲੀ ਤੋਂ ਨਾਰਨੌਲ ਨੂੰ ਜਾਣ ਵਾਲਾ ਸੀ ਪਰ ਅੱਜ ਸਵੇਰੇ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਪੰਜਾਬ ਤੋਂ ਇਹ ਖ਼ਬਰ ਸੁਣ ਕੇ, ਕਿ ਕੂਕਿਆਂ ਨੇ ਮਲੌਦ ਵਿਖੇ ਸਰਦਾਰ ਬਦਨ ਸਿੰਘ 'ਤੇ ਸਖ਼ਤ ਹਮਲਾ ਕਰ ਦਿੱਤਾ ਹੈ, ਅੱਜ ਰਾਤ ਨੂੰ ਹੀ ਆਪਣੇ ਮੁਲਕ (ਰਿਆਸਤ ਪਟਿਆਲਾ) ਨੂੰ ਵਾਪਸ ਜਾਣ ਦਾ ਦ੍ਰਿੜ ਇਰਾਦਾ ਕੀਤਾ ਹੈ ਪਰੰਤੂ ਜੇ ਕਾਫ਼ੀ ਗੱਡੀਆਂ ਉਪਲੱਭਦ ਨਾ ਹੋਈਆਂ ਤਾਂ ਸਵੇਰੇ ਨੂੰ ਜਾਵਾਂਗਾ। ਸੋ ਮੈਂ ਨਾਰਨੌਲ ਜਾਣ ਨਾਲੋਂ ਪਟਿਆਲੇ ਜਾਣਾ ਹੀ ਮੁਨਾਸਿਬ ਸਮਝਦਾ ਹਾਂ।

ਮੈਂ 6 ਜਨਵਰੀ ਦਾ ਛਪਿਆ ਅਖਵਾਰ "ਕੋਹੇਨੂਰ" ਤੁਹਾਡੇ ਕੋਲ ਭੇਜ ਰਿਹਾ ਹਾਂ ਤਾਂ ਕਿ ਤੁਸੀਂ ਬੀਕਾਨੇਰ ਦੀ ਖ਼ਬਰ ਤੋਂ ਸੂਚਿਤ ਹੋ ਜਾਵੋਂ। ਬੀਕਾਨੇਰ ਦੀ ਖ਼ਬਰ ਸੋਲ੍ਹਵੇਂ ਪੰਨੇ 'ਤੇ ਹੈ ਜਿਸ ਉੱਤੇ ਨਿਸ਼ਾਨੀ ਲਾ ਦਿੱਤੀ ਗਈ ਹੈ। ਮੇਰਾ ਖ਼ਿਆਲ ਹੈ ਕਿ **ਲਾਲਗੜ੍ਹ, ਜੋ ਰਿਆਸਤ ਬੀਕਾਨੇਰ ਵਿੱਚ ਸਥਿਤ ਹੈ, ਉਹੋ ਜਗ੍ਹਾ ਹੈ ਜਿੱਥੋਂ ਸਾਡੇ ਵਕੀਲ ਅਹਿਮਦ ਹਸਨ ਨੇ ਰਤਨ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਸ ਨੂੰ ਕੁਝ ਦਿਨ ਹੋਏ ਲੁਧਿਆਣੇ ਵਿਖੇ ਫ਼ਾਂਸੀ ਦੇ ਦਿੱਤੀ ਗਈ ਸੀ। ਕੁਝ ਅਚੰਭੇ ਦੀ ਗੱਲ ਨਹੀਂ ਕਿ ਬੀਕਾਨੇਰ ਦੇ ਮੁਕੱਦਮੇ ਤੇ ਰਤਨ ਸਿੰਘ ਦੀ ਗ੍ਰਿਫ਼ਤਾਰੀ ਵਿੱਚ ਕੁਝ ਸਾਂਝੀ ਕੜੀ ਪਾਈ ਜਾਵੇ।**

ਜੇ ਨਵਾਬ ਲੈਫ਼ਟੀਨੈਂਟ ਗਵਰਨਰ ਸਾਹਿਬ ਮੈਨੂੰ ਇਨ੍ਹਾਂ ਮਾਮਲਿਆਂ ਸੰਬੰਧੀ ਕੁਝ ਨਸੀਹਤ ਦੇਣ ਤਾਂ ਮੈਂ ਉਮੀਦ ਕਰਦਾ ਹਾਂ ਕਿ ਆਪ ਮੈਨੂੰ ਉਸ ਨਸੀਹਤ ਤੋਂ ਜਾਣੂੰ ਕਰਾਓਗੇ।

**ਕਿਉਂਕਿ ਇਹ ਚਿੱਠੀ ਸਰਕਾਰ ਪਟਿਆਲਾ ਵਲੋਂ ਸਾਹਿਬ ਸੈਕਟਰੀ ਬਹਾਦੁਰ ਦੇ ਨਾਮ ਪੁੱਜੀ ਹੈ ਇਸ ਲਈ ਹੁਕਮ ਹੋਇਆ ਕਿ**
ਇਹ ਚਿੱਠੀ ਦਫ਼ਤਰ 'ਚ ਰਹੇ

15 ਜਨਵਰੀ 1872 ਈ:
4 ਮਾਘ ਸੰਮਤ 1928

**ਕੋਹੇਨੂਰ ਅਖ਼ਬਾਰ ਦੀ ਟੂਕ ਦੀ ਨਕਲ**

ਪਿੰਡ ਲਾਲਗੜ੍ਹ ਪਰਗਣਾ ਮੋਨਾਲਗੜ੍ਹ ਵਿੱਚ ਚੰਦਾ ਨਾਮੀ ਇੱਕ ਰਾਠ ਮੁਸਲਮਾਨ ਨੂੰ ਕੂਕਿਆਂ ਨੇ ਕਤਲ ਕਰ ਦਿੱਤਾ। (ਇਹ ਉਹੋ ਕੌਮ ਹੈ ਜਿਸ ਦੇ ਕੁਝ ਬਦਮਾਸ਼ਾਂ ਨੇ ਅੰਮ੍ਰਿਤਸਰ ਤੇ ਰਾਏਕੋਟ ਵਿਖੇ ਕਈ ਕਤਲ ਕੀਤੇ ਸਨ)। ਇਸ ਕਤਲ ਦੀ ਤਹਿਕੀਕਾਤ ਹੋ ਰਹੀ ਹੈ ਅਤੇ ਅਨੂਪ ਸਿੰਘ ਮੁਜ਼ਰਿਮ, ਹੋਰ ਤਿੰਨਾਂ ਮੁਜ਼ਰਿਮਾਂ ਸਮੇਤ ਗ੍ਰਿਫ਼ਤਾਰ ਹੋ ਗਿਆ ਹੈ।

---

(ਸਰਕਾਰ ਪਟਿਆਲਾ ਵਲੋਂ ਮਿਸਟਰ ਗ੍ਰਿਫ਼ਨ ਸਾਹਿਬ ਬਹਾਦੁਰ ਦੇ ਨਾਮ ਪਿਛਲੇ ਪੰਨੇ 'ਤੇ ਲਿਖੀ ਚਿੱਠੀ ਦੀ ਅੰਗਰੇਜ਼ੀ ਲਿਖਤ)

15th January 1872
Delhi

My dear friend,

You know that I was going to Narnaul on some state business but having learned, this morning, from his honour the Lieutenant Governer Punjab a serious case of the attack by kookas against Sardar Badan Singh of Malaud. I have now firm design to go back to my dominions today and if sufficient carriages will not be supplied, then I shall have to go tomorrow, I think it more proper to return to Patiala than to go Narnaul. I send the "Kohinoor Akhbar" of the 6th January, in order to acquaint you with Beekaner news. The news will be found on the 16th page, which is marked.

I think that Lalgarh in the Beekaner territory is the same place whence Ratan Singh was captured by my Vakeel Ahmed Hasan and who has been lately hanged at Ludhiana. It is not surprising that there must be some connection between the Beekaner case and the capture of Ratan Singh.

If His Honour the Lieutenant Governer will give me advice regarding these cases, I hope, you will kindly inform me with.

**To :-** L.A. Griffin

# ਲੁਕਿਆ ਸੱਚ

---

**ਸਰਕਾਰ ਪਟਿਆਲਾ ਦੇ ਨਾਮ ਗ੍ਰਿਫ਼ਨ ਸਾਹਿਬ ਸੈਕਟਰੀ ਗੌਰਮਿੰਟ ਪੰਜਾਬ ਦੀ ਚਿੱਠੀ ਦਾ ਅਨੁਵਾਦ ਅਤੇ ਇਸ ਦੇ ਹੇਠਾਂ ਅੰਗਰੇਜੀ ਵਿਚ ਲਿਖੀ ਮੂਲ ਚਿੱਠੀ**

ਮੇਰੇ ਪਿਆਰੇ ਦੋਸਤ,

ਤੁਹਾਡੀ ਇਹ ਤਜਵੀਜ਼ ਕਿ ਨਾਰਨੌਲ ਜਾਣ ਦੀ ਥਾਂ ਇਸ ਵੇਲੇ ਪਟਿਆਲਾ ਵਾਪਸ ਜਾਇਆ ਜਾਵੇ , ਜਨਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਨੂੰ ਅਤਿਅੰਤ ਮੁਨਾਸਿਬ ਲੱਗੀ ਹੈ ਅਤੇ ਉਹ ਇਸ ਨੂੰ, ਇਸ ਗੱਲ ਦਾ ਸਬੂਤ ਸਮਝਦੇ ਹਨ, ਜਿਸ ਦਾ ਉਨ੍ਹਾਂ ਨੂੰ ਪਹਿਲਾਂ ਯਕੀਨ ਸੀ **ਕਿ ਆਪ ਸਰਕਾਰ ਅੰਗਰੇਜ਼ੀ ਨੂੰ ਹਰ ਤਰ੍ਹਾਂ ਦੀ ਮਦਦ ਦੇਣੀ ਚਾਹੁੰਦੇ ਹੋ।**

ਇਸ ਮੁੱਕਦਮੇਂ ਸੰਬੰਧੀ ਜੇ ਕੋਈ ਗੱਲ ਲਿਖਣ ਯੋਗ ਹੋਈ ਤਾਂ ਮੈਂ ਆਪ ਨੂੰ ਲਿਖਾਂਗਾ।

ਤੁਹਾਡਾ ਹਮੇਸ਼ਾ ਭਰੋਸੇਯੋਗ ਆਪਣਾ

ਦਸਤਖ਼ਤ

L. Griffen

My Dear friend,

Your decision to return to patiala instead of proceeding to Narnaul appears to the Liet. Governer very appropriate and he accounts it as a proof of what he was before assured, namely your desire to render assistance & sevice to the British Government in every way.

I will communicate to you anything of importance in the matter.

Believe me.

Always yours truly,

-Sd-

(Griffen)

**To :-** H.H Maharaja of Patiala

**On His Majesty's Service**

His Highness the Maharaja of Patiala

-Sd-

Secy to Govt Punjab

**ਸਰਕਾਰ ਵਲੋਂ ਇਸ ਦਾ ਮੁਲਾਹਿਜ਼ਾ ਹੋ ਚੁੱਕਿਆ**

**ਸੋ ਹੁਕਮ ਹੋਇਆ ਕਿ**

ਇਸ ਦਾ ਤਰਜ਼ਮਾ ਕਰਕੇ ਦਫ਼ਤਰ 'ਚ ਰਹੇ।

16 ਜਨਵਰੀ 1872 ਈ:

---

## ਮੀਰ ਮੁਨਸ਼ੀ ਸਾਹਿਬ ਰਿਆਸਤ ਪਟਿਆਲਾ ਵਲੋਂ ਦਿੱਲੀ ਭੇਜਿਆ ਤਾਰ-ਸੰਦੇਸ਼ ਦਾ ਤਰਜ਼ਮਾ

ਮਿਤੀ 15 ਜਨਵਰੀ 1872.
ਨਾਇਬ ਨਾਜ਼ਿਮ ਸਾਹਿਬ ਦੇ ਨਾਮ
ਮੁਕਾਮ ਰਾਜਪੁਰਾ।

ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਅੱਜ ਰਾਤ ਦੀ ਰੇਲ ਵਿੱਚ ਦਿੱਲੀ ਤੋਂ ਪੌਣੇ ਚਾਰ ਵਜੇ ਸ਼ਾਮ ਨੂੰ ਸਵਾਰ ਹੋ ਕੇ ਪਟਿਆਲਾ ਵਿਖੇ ਸੁਸ਼ੋਭਤ ਹੋਣਗੇ। ਸਵਾਰੀ ਤੇ ਹੋਰ ਜ਼ਰੂਰੀ ਬਾਰਬਰਦਾਰੀ ਵਾਸਤੇ ਗੱਡੀਆਂ ਰਾਜਪੁਰਾ ਸਟੇਸ਼ਨ 'ਤੇ ਤਿਆਰ ਰਹਿਣੀਆਂ ਚਾਹੀਦੀਆਂ ਹਨ।

ਤਰਜ਼ਮਾ ਸਹੀ ਹੈ।

ਦਸਤਖ਼ਤ
ਮਾਸਟਰ ਖ਼ੁਦਾ ਬਖ਼ਸ਼ ਖ਼ਾਂ,
ਨਾਜ਼ਿਮ ਨਹਿਰ ਸਰਹਿੰਦ।

**Copy of private message by Telegraph**

**From:-** Patiala Meer Munshi, Delhi.

**To:** Naib Nazim Rajpura.
Words 22 prepaid.

**No.** 46-15 -15/45

His Highness intends to leave Delhi for Patiala by this night's train. Four carriages should be kept ready with other necessary conveyances.

Rajpura
Telegraph Office
15th January 1872

-Sd-
Clerk in charge

# 4. ਵਾਰਦਾਤ ਬਾਰੇ ਅਤੇ ਇਸ ਦਾ ਇੰਤਜਾਮ ਕਰਵਾਉਣ ਬਾਰੇ

**ਜਨਾਬ ਸਖ਼ੀ ਤੇ ਨਿਆਮਤਾਂ ਦੇ ਮਾਲਿਕ ਮੀਆਂ ਮੁਹੰਮਦ ਕਾਜ਼ਿਮ ਸਾਹਿਬ,**

ਆਦਾਬ ਅਰਜ਼ ਕਰਨ ਮਗਰੋਂ ਬੇਨਤੀ ਹੈ ਕਿ ਜ਼ਰੂਰੀ ਸਮਝਦੇ ਹੋਏ ਦਿਨ ਦੇ 12 ਵਜੇ ਸਰਦਾਰ ਬਦਨ ਸਿੰਘ ਰਈਸ ਮਲੌਂਦ ਦੇ ਸਖ਼ਤ ਜ਼ਖ਼ਮੀ ਹੋਣ ਤੇ 2 ਆਦਮੀਆਂ ਦੇ ਮਾਰੇ ਜਾਣ ਦੀ ਵਾਰਦਾਤ ਦੀ ਘਟਨਾ ਦਾ ਵੇਰਵੇ ਸਹਿਤ ਹਾਲ ਹਜ਼ੂਰ ਕੋਲ ਭੇਜ ਚੁੱਕਿਆ ਹਾਂ।ਅੱਜ ਸ਼ਾਮ ਦੇ 4 ਵਜੇ ਜਨਾਬ ਮੇਮ ਸਾਹਿਬਾ ਤੇ ਸਾਹਿਬ ਜੱਜ ਨੇ, ਜਿਹੜੇ ਆਪਣੀ ਨਿੱਜੀ ਕੋਠੀ 'ਚ ਸੁਸ਼ੋਭਤ ਸਨ, ਇਸ ਦਾਸ ਨੂੰ ਬੁਲਾਕੇ ਹੁਕਮ ਦਿੱਤਾ ਕਿ ਸਾਹਿਬ ਨੇ ਮਲੌਂਦ ਤੋਂ ਲਿਖਿਆ ਹੈ ਕਿ "ਤੁਸੀਂ ਬਹੁਤ ਛੇਤੀ ਮੁਨਸ਼ੀ ਨੂੰ ਤਾਕੀਦੀ ਕਹਿ ਦਿਓ ਕਿ ਉਹ ਪਟਿਆਲੇ ਤੋਂ 20 ਸਵਾਰ ਤੇ ਪੰਜ ਮੁਖੀ ਸਵਾਰ ਮੰਗਵਾਵੇ। ਸੋ ਤੁਸੀਂ ਇਸ ਵੇਲੇ ਕੁਝ ਅਜਿਹਾ ਪ੍ਰਬੰਧ ਕਰੋ ਜਿਸ ਸਦਕਾ ਸਵਾਰ ਛੇਤੀ ਆ ਜਾਣ ਤੇ ਦੇਰੀ ਨਾ ਹੋਵੇ।

ਇਸੇ ਸਮੇਂ ਲਾਹੌਰ ਤੋਂ ਰੇਲ ਆ ਗਈ ਤਾਂ ਮੇਮ ਸਾਹਿਬਾ ਨੇ ਫ਼ਰਮਾਇਆ ਕਿ ਜੇ ਕਿਸੇ ਕਾਰਨ ਛੇਤੀ ਪ੍ਰਬੰਧ ਨਾ ਹੋਇਆ ਤਾਂ ਤੁਸੀਂ ਖ਼ੁਦ ਇਸੇ ਵੇਲੇ ਰੇਲ 'ਤੇ ਸਵਾਰ ਹੋ ਕੇ ਰਾਜਪੁਰੇ ਤੋਂ ਇੰਤਜ਼ਾਮ ਕਰਾਓ।

ਸੋ ਮੈਂ ਉਸੇ ਵੇਲੇ ਸਟੇਸ਼ਨ 'ਤੇ ਜਾ ਕੇ ਰੇਲ 'ਤੇ ਸਵਾਰ ਹੋ ਗਿਆ ਤੇ ਰਾਜਪੁਰੇ ਪੁੱਜ ਗਿਆ।

ਸੋ ਬੇਨਤੀ ਹੈ ਕਿ 20 ਸਵਾਰ ਤੇ ਪੰਜ ਮੁਖੀ ਸਵਾਰ ਕੱਲ ਸ਼ਾਮ ਤੱਕ ਇਸ ਦਾਸ ਕੋਲ ਬਹੁਤ ਛੇਤੀ ਪਹੁੰਚ ਜਾਣ ਕਿਉਂਕਿ ਇਹ ਵਾਰਦਾਤ ਇੱਕ ਬਹੁਤ ਵੱਡੀ ਵਾਰਦਾਤ ਹੈ। ਮੈਂ ਸਵੇਰ ਦੀ ਰੇਲ 'ਚ ਲੁਧਿਆਣੇ ਨੂੰ ਵਾਪਸ ਚਲਾ ਜਾਵਾਂਗਾ।

15 ਜਨਵਰੀ 1872 ਈ:
ਸਮਾਂ 9 ਵਜੇ ਰਾਤ
ਮੁਕਾਮ ਰਾਜਪੁਰਾ।

ਅਲੀ ਦੇ ਸਪੁਰਦ ਕਰ ਦਿਓ ਤਾਂ ਕਿ ਉਹ ਹੀਰਾ ਸਿੰਘ ਅਫ਼ਸਰ ਨੂੰ ਦੇ ਦੇਵੇ। ਉਪ੍ਰੋਕਤ ਅਫ਼ਸਰ ਤੇ ਸਵਾਰਾਂ ਨੂੰ ਤਾਕੀਦ ਕਰ ਦਿੱਤੀ ਹੈ ਕਿ ਉਹ ਬਹੁਤ ਛੇਤੀ ਵਕੀਲ ਲੁਧਿਆਣਾ ਕੋਲ ਹਾਜ਼ਿਰ ਹੋ ਜਾਣ। ਇਸ ਵੇਲੇ ਕੋਈ ਊਂਠ-ਸਵਾਰ ਮੌਜੂਦ ਨਹੀਂ ਹੈ ਕਿਉਂਕਿ ਉਹ ਨੌਕਰੀ 'ਤੇ ਗਏ ਹੋਏ ਹਨ। **ਮੇਰੇ ਸਤਿਕਾਰਯੋਗ ਜਨਾਬ ਮੁਨਸ਼ੀ ਨਾਨਕ ਚੰਦ ਸਾਹਿਬ,**

ਨਿਮਰਤਾ ਸਹਿਤ ਅਦਬ ਆਦਾਬ ਅਰਜ਼ ਕਰਨ ਮਗਰੋਂ ਆਪ ਨੂੰ ਪ੍ਰਤੱਖ ਹੋਵੇ ਕਿ ਜਨਾਬ ਦੇ ਲਿਖਣ ਅਨੁਸਾਰ 20 ਸਵਾਰ ਤੇ ਇੱਕ ਅਫ਼ਸਰ ਲੁਧਿਆਣਾ ਨੂੰ ਰਵਾਨਾ ਕਰਨ ਵਾਸਤੇ ਇਸੇ ਵੇਲੇ ਤਿਆਰ ਕਰਾਏ ਗਏ ਹਨ ਤੇ ਹੀਰਾ ਸਿੰਘ ਅਫ਼ਸਰ ਨਾਲ ਜਾਵੇਗਾ। ਸੋ ਤੁਹਾਡੀ ਸੇਵਾ ਵਿੱਚ ਬੇਨਤੀ ਕਰਦਾ ਹਾਂ ਕਿ ਜੇ ਕੋਈ ਕਾਗਜ਼ ਵਕੀਲ ਸਾਹਿਬ ਦੇ ਨਾਮ ਦੇਣਾ ਹੋਵੇ ਤਾਂ ਇਸ ਬਿਨੈ-ਪੱਤਰ ਲੈ ਜਾਣ ਵਾਲੇ ਅਫ਼ਸਰ ਰਹਿਮਤ

ਇਤਲਾਹ ਦੇਣ ਵਾਸਤੇ ਲਿਖਿਆ ਗਿਆ।

16 ਜਨਵਰੀ 1872 ਈ:
5 ਮਾਘ 1928.

**ਹੁਕਮ ਹੋਇਆ ਕਿ**

ਵਕੀਲ ਦੇ ਗੁਮਾਸ਼ਤੇ ਨੂੰ ਸਵਾਰਾਂ ਦੀ ਰਵਾਨਗੀ ਦੀਛੇਤੀ ਇਤਲਾਹ ਦਿੱਤੀ ਜਾਵੇ।

5 ਮਾਘ 1928.

---

ਮੇਰੇ ਜਨਾਬ,

ਤੁਹਾਡਾ ਤੇਜ ਪਰਤਾਪ ਹਮੇਸ਼ਾ ਕਾਇਮ ਰਵ੍ਹੇ !

ਤੁਹਾਡਾ ਲੋਕ ਪ੍ਰਲੋਕ 'ਚ ਸੁੱਖ ਸਾਂਦ ਰਹਿਣ ਦੀ ਦੁਆ ਕਰਨ ਮਗਰੋਂ ਹਾਲ ਇਹ ਹੈ ਕਿ ਤੁਹਾਨੂੰ ਮੁਹੰਮਦ ਫ਼ੈਜ਼ਉੱਦੀਨ ਖ਼ਾਨ ਦੀ ਜ਼ਬਾਨੀ ਮਲੌਦ ਤੇ ਮਾਲੇਰ ਕੋਟਲਾ ਦੇ ਫ਼ਸਾਦ ਬਾਰੇ ਪਤਾ ਲੱਗ ਗਿਆ ਹੋਵੇਗਾ। ਕਾਵਨ ਸਾਹਿਬ ਵਾਰਦਾਤ ਦੇ ਮੌਕੇ 'ਤੇ ਹਾਜ਼ਿਰ ਹਨ ਅਤੇ ਲੁਧਿਆਣਾ ਵਿਖੇ ਮੇਮ ਸਾਹਿਬ ਤੇ ਜੱਜ ਸਾਹਿਬ ਹਨ। ਮੈਨੂੰ ਜੱਜ ਸਾਹਿਬ ਤੇ ਮੇਮ ਸਾਹਿਬ ਨੇ ਬੁਲਾ ਕੇ ਫ਼ਰਮਾਇਆ ਕਿ ਤੁਸੀਂ ਖ਼ੁਦ ਜਾਂ ਆਪਣੇ ਬੇਟੇ ਨੂੰ ਹੁਣੇ ਪਟਿਆਲੇ ਨੂੰ ਤੋਰ ਦਿਓ ਕਿ ਕੂਕਿਆਂ ਨੇ ਮਲੌਦ 'ਤੇ ਫ਼ਸਾਦ ਕੀਤਾ ਤੇ ਮਾਲੇਰ ਕੋਟਲਾ 'ਤੇ ਵੀ। ਇਸ ਲਈ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਕੋਟਲਾ ਨੂੰ ਤੋਪ ਸਮੇਤ ਸਵਾਰ ਤੇ ਪੈਦਲ ਫ਼ੌਜ ਛੇਤੀ ਰਵਾਨਾ ਕਰ ਦੇਣ। ਇੱਕ ਰਜਮੈਂਟ ਤੇ ਦੋ ਸੌ ਤਿੰਨ ਸੌ ਪਿਆਦਾ ਫ਼ੌਜ ਭੇਜ ਦੇਣ। ਕੂਕਿਆਂ ਦਾ ਇਰਾਦਾ ਜੀਂਦ ਤੇ ਸੰਗਰੂਰ 'ਤੇ ਵੀ ਫ਼ਸਾਦ ਪਾਉਣ ਦਾ ਹੈ। ਜੀਂਦ ਦੇ ਰਾਜਾ ਸਾਹਿਬ (ਗਜਪਤਿ ਸਿੰਘ) ਨੂੰ ਵੀ ਛੇਤੀ ਇਤਲਾਹ ਦੇਣੀ ਚਾਹੀਦੀ ਹੈ ਕਿ ਉਹ ਜੀਂਦ ਦਾ ਬੰਦੋਬਸਤ ਛੇਤੀ ਕਰ ਲੈਣ। ਇਹ ਗੱਲਾਂ ਖ਼ੁਫ਼ੀਆ ਤੌਰ 'ਤੇ ਮੇਮ ਸਾਹਿਬ ਤੇ ਜੱਜ ਸਾਹਿਬ ਨੇ ਕਹੀਆਂ ਹਨ ਕਿ ਇਸ ਦਾ ਕਿਸੇ ਨੂੰ ਪਤਾ ਨਾ ਲੱਗੇ ਤੇ ਬੰਦੋਬਸਤ ਛੇਤੀ ਹੋ ਜਾਵੇ। ਇੱਥੇ ਜ਼ਿਲ੍ਹਾ ਲੁਧਿਆਣਾ ਵਿਖੇ ਪੰਦਰਾਂ ਸਵਾਰ ਤੇ ਚਾਰ ਊਂਠ-ਸਵਾਰ ਜ਼ਰੂਰ ਹੀ ਛੇਤੀ ਰਵਾਨਾ ਕਰ ਦੇਣ। ਇਹ ਕੱਲ੍ਹ ਸ਼ਾਮ ਤੱਕ ਪੁੱਜ ਜਾਣੇ ਚਾਹੀਦੇ ਹਨ। ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਤੇ ਵਜ਼ੀਰ ਸਾਹਿਬ ਬਹਾਦੁਰ ਨੂੰ ਇਤਲਾਹ ਦੇ ਦਿਓ ਕਿ ਉਹ ਪਟਿਆਲਾ ਵਿਖੇ ਤਸ਼ਰੀਫ਼ ਲੈ ਆਉਣ। ਕੂਕਿਆਂ ਦਾ ਇਰਾਦਾ ਦਿੱਲੀ 'ਚ ਵੀ ਫ਼ਸਾਦ ਪਾਉਣ ਦਾ ਹੈ। ਤੁਸੀਂ ਆਪਣੇ ਸ਼ਹਿਰ ਦਾ ਵੀ ਬੰਦੋਬਸਤ ਰਖਿਓ ਤੇ ਜਿਸ ਕਦਰ ਫ਼ੌਜ ਜਿੰਨਾ ਛੇਤੀ ਹੋ ਸਕੇ ਕੋਟਲੇ ਨੂੰ ਰਵਾਨਾ ਕਰ ਦਿਓ, ਮੈਂ ਬਹੁਤ ਬੇਚੈਨੀ ਨਾਲ ਫ਼ੈਜ਼ਉੱਦੀਨ ਖ਼ਾਨ ਨੂੰ ਤੋਰਿਆ ਹੈ। ਮੀਰ ਅਹਿਮਦ ਹਸਨ ਸਾਹਿਬ ਵਕੀਲ ਨੂੰ ਵੀ ਛੇਤੀ ਲੁਧਿਆਣੇ ਨੂੰ ਭੇਜ ਦੇਣਾ। ਜੱਜ ਸਾਹਿਬ ਦੀ ਚਿੱਠੀ ਉਨ੍ਹਾਂ ਕੋਲ ਪਹੁੰਚ ਰਹੀ ਹੈ। ਜੱਜ ਸਾਹਿਬ ਦੀ ਇੱਕ ਚਿੱਠੀ ਜੀਂਦ ਦੇ ਰਾਜਾ ਸਾਹਿਬ ਦੇ ਨਾਮ ਵੀ ਫ਼ੈਜ਼ਉੱਦੀਨ ਖ਼ਾਨ ਕੋਲ ਹੈ। ਫ਼ੈਜ਼ਉੱਦੀਨ ਖ਼ਾਨ ਦੇ ਨਾਲ ਕੋਈ ਤੇਜ਼ ਰਫ਼ਤਾਰ ਸਵਾਰ ਭੇਜ ਕੇ ਉਸ ਨੂੰ ਸੰਗਰੂਰ ਨੂੰ ਰਵਾਨਾ ਕਰ ਦੇਣਾ ਤਾਂ ਕਿ ਹੁਕਮ ਦੀ ਪਾਲਣਾ ਹੋ ਜਾਵੇ। ਮੇਮ ਸਾਹਿਬ ਤੇ ਜੱਜ ਸਾਹਿਬ ਨੇ ਤਾਰਾਂ ਭੇਜ ਕੇ ਜਲੰਧਰ ਤੇ ਅੰਬਾਲੇ ਤੋਂ ਲੁਧਿਆਣੇ ਫ਼ੌਜ ਮੰਗਵਾਈ ਹੈ। ਕਮਿਸ਼ਨਰ ਸਾਹਿਬ ਤੇ ਲੈਫ਼ਟੀਨੈਂਟ ਗਵਰਨਰ ਸਾਹਿਬ ਨੂੰ ਵੀ ਇਤਲਾਹ ਦਿੱਤੀ ਹੈ।

ਤੁਸੀਂ ਆਪਣੀ ਫ਼ੌਜ ਛੇਤੀ ਨਾਲ ਕੋਟਲੇ ਨੂੰ ਭੇਜੋ ਤਾਂ ਕਿ ਉਹ ਜਲੰਧਰ ਦੀ ਫ਼ੌਜ ਤੋਂ ਪਹਿਲਾਂ ਪੁੱਜ ਜਾਵੇ ਜਿਸ ਸਦਕਾ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਅੰਗਰੇਜ਼ ਗੌਰਮਿੰਟ ਵਿੱਚ ਨੇਕਨਾਮੀ ਹੋ ਜਾਵੇ। ਜੇ ਜਲੰਧਰ ਦੀ ਫ਼ੌਜ ਪਹਿਲਾਂ ਪੁੱਜ ਗਈ ਤਾਂ ਫਿਰ ਇਹ ਨੇਕਨਾਮੀ ਨਹੀਂ ਹੋਵੇਗੀ। ਮਾਲੇਰ ਕੋਟਲਾ ਦੇ ਨਾਲ ਲੱਗਦੇ ਆਪਣੇ ਸਾਰੇ ਜ਼ਿਲ੍ਹਿਆਂ 'ਚ ਸੁਰੱਖਿਆ ਰੱਖੀ ਜਾਵੇ ਤਾਂ ਕਿ ਭਗੌੜੇ ਕੂਕੇ ਗ੍ਰਿਫ਼ਤਾਰ ਹੋ ਸਕਣ। ਪੰਦਰਾਂ ਸਵਾਰ ਲੁਧਿਆਣੇ ਨੂੰ ਛੇਤੀ ਤੋਰ ਦਿਓ। ਮੁਸਾਫ਼ਿਰ ਗੱਡੀ ਦਾ ਟਾਇਮ ਨਾ ਹੋਣ ਕਰਕੇ ਜੱਜ ਸਾਹਿਬ ਨੇ ਮੁਹੰਮਦ ਫ਼ੈਜ਼ ਖ਼ਾਨ ਨੂੰ ਮਾਲ ਗੱਡੀ ਵਿੱਚ ਰਵਾਨਾ ਕੀਤਾ ਹੈ ਤੇ ਆਪ ਦੇ ਨਾਮ ਜ਼ਾਬਿਤੇ ਅਨੁਸਾਰ ਚਿੱਠੀ ਦਿੱਤੀ ਹੈ, ਉਸ ਦਾ ਜਵਾਬ ਲਿਖਣਾ। ਤੁਹਾਡੇ ਅਸਥਾਨ 'ਤੇ ਲੱਗੀ ਤਾਰ (Telegram) ਜੇ ਖੁੱਲ ਸਕਦੀ ਹੋਵੇ ਤਾਂ ਲੋੜ ਨੂੰ ਮੁੱਖ ਰੱਖਦੇ ਹੋਏ ਚਾਲੂ ਕਰਵਾ ਦਿਓ। ਬਹੁਤ ਭਾਰੀ ਢਿੱਲ ਨਾ ਕਰਨੀ ਤਾਂ ਕਿ ਮਦਦ ਦੇਣ ਨਾਲ ਰਿਆਸਤ ਦੀ ਨੇਕਨਾਮੀ ਹੋਵੇ ਤੇ ਫ਼ਸਾਦ ਖ਼ਤਮ ਹੋ ਜਾਵੇ। ਮਹਾਰਾਜਾ ਸਾਹਿਬ ਤੇ ਸਰਕਾਰ ਅੰਗਰੇਜ਼ੀ ਦੀ ਚਿੰਤਕਤਾ ਨੂੰ ਮੁੱਖ ਰੱਖ ਕੇ ਅੱਧੀ ਰਾਤ ਦੇ ਸਮੇਂ ਹੀ ਇਹ ਕਾਗਜ਼ ਰਵਾਨਾ ਕੀਤਾ ਹੈ, ਅੱਗੋਂ ਆਪ ਸਿਆਣੇ ਹੋ। ਵਜ਼ੀਰ ਸਾਹਿਬ ਬਹਾਦੁਰ ਤੇ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਪਟਿਆਲੇ 'ਚ ਨਹੀਂ ਹਨ। ਅਜਿਹਾ ਨਾ ਹੋਵੇ ਕਿ ਮੇਰੇ ਤੇ ਆਪ ਤੇ ਅਵੇਸਲੇ ਪਣੇਂ ਦਾ ਇਲਜ਼ਾਮ ਲੱਗੇ। ਮੇਮ ਸਾਹਿਬ, ਜੱਜ ਸਾਹਿਬ ਤੇ ਸਾਰਾ ਜ਼ਿਲ੍ਹਾ ਬੇਚੈਨ ਹੈ ਇਸ ਲਈ ਜਿਸ ਕਦਰ ਮੁਨਾਸਿਬ ਹੋਵੇ ਫ਼ੌਜ ਕੋਟਲੇ ਨੂੰ ਛੇਤੀ ਰਵਾਨਾ ਕਰ ਦੇਣੀ। ਰਾਜਾ ਜੀਂਦ ਨੂੰ ਛੇਤੀ ਨਾਲ ਖ਼ਬਰ ਪਹੁੰਚਾ ਦਿਓ। ਪੰਦਰਾਂ ਸਵਾਰ ਤੇ ਚਾਰ ਊਂਠ-ਸਵਾਰ ਲੁਧਿਆਣੇ ਨੂੰ ਛੇਤੀ ਭੇਜ ਦੇਵੋ।

ਲੇਖਕ

ਮਿਤੀ 4 ਜ਼ਿਲਕਅਦ ਸੰਨ 1255 ਹਿਜਰੀ — ਅਲੀ ਮੁਹੰਮਦ ਖ਼ਾਨ,

ਅੱਧੀ ਰਾਤ ਸਮੇਂ ਲਿਖਿਆ ਗਿਆ।

---

## ਕਾਇਮ ਮੁਕਾਮ ਤਹਿਸੀਲਦਾਰ ਸਾਹਿਬਗੜ੍ਹ ਸ਼ਮੀਮ ਉੱਲਾਹ ਸਿਆਹ ਨਵੀਸ ਦੇ ਬਿਨੈ-ਪੱਤਰ ਦੀ ਨਕਲ

ਗ਼ਰੀਬ ਪਰਵਰ ! ਸਲਾਮਤ !

ਸ਼੍ਰੀ ਮਾਨ ਜੀ,

ਇਹ ਦਾਸ ਹਜ਼ੂਰ ਦੇ ਹੁਕਮ ਅਨੁਸਾਰ ਫ਼ੌਰਨ ਸਵਾਰ ਹੋ ਕੇ ਕੋਈ ਪੰਜ ਛੇ ਘੜੀ ਦਿਨ ਰਹਿੰਦੇ ਕਸਬਾ ਖੰਨਾ ਵਿਖੇ ਪੁੱਜਾ। ਉੱਥੇ ਮੀਂਹ ਪੈਣ ਲੱਗ ਪਿਆ। ਇਹ ਦਾਸ ਉਸੇ ਹਾਲਤ ਵਿੱਚ ਮੀਂਹ ਪੈਂਦੇ 'ਚ ਹੀ ਨੱਠ ਭੱਜ ਕਰਕੇ ਕੋਈ ਸੂਰਜ ਡੁੱਬਣ ਵੇਲੇ ਸਾਹਿਬਗੜ੍ਹ ਪੁੱਜਾ। ਮੀਂਹ ਹੁਣ ਤੱਕ ਉਸੇ ਤਰ੍ਹਾਂ ਪੈ ਰਿਹਾ ਹੈ। ਤਹਿਸੀਲ 'ਚ ਆ ਕੇ ਕੂਕਿਆਂ ਦੇ ਫ਼ਸਾਦ ਦਾ ਹਾਲ ਦਰਿਆਫ਼ਤ ਕੀਤਾ ਤਾਂ ਸ਼ੇਖ ਹਾਸ਼ਿਮ ਅਲੀ ਤੇ ਹੋਰ ਆਦਮੀਆਂ ਤੋਂ ਪਤਾ ਚੱਲਿਆ ਕਿ ਸਵੇਰੇ ਛੇ ਸੱਤ ਘੜੀਆਂ ਦਿਨ ਚੜ੍ਹੇ, ਇੱਕ ਆਦਮੀ ਟੱਟੂ 'ਤੇ ਸਵਾਰ ਹੋ ਕੇ ਮਲੌਦ ਵਲੋਂ ਆ ਕੇ ਮਿਲਿਆ। ਉਸ ਨੇ ਸ਼ੇਖ ਹਾਸ਼ਿਮ ਅਲੀ ਤੇ ਹੋਰ ਆਦਮੀਆਂ ਸਾਹਮਣੇ ਬਿਆਨ ਕੀਤਾ ਕਿ ਕੱਲ ਐਤਵਾਰ ਵਾਲੇ ਦਿਨ ਸੂਰਜ ਛੁਪਣ ਸਮੇਂ ਕੋਈ ਚਾਰ ਪੰਜ ਸੌ ਕੂਕੇ ਮਲੌਦ ਆਏ ਅਤੇ ਕਿਲੇ ਦੇ ਦਰਵਾਜ਼ੇ 'ਤੇ ਜਾ ਕੇ ਕਿਲੇ ਦੇ ਦਰਵਾਜ਼ੇ ਦੇ ਅੰਦਰਲੇ ਆਦਮੀਆਂ ਨੂੰ ਕਿਹਾ ਕਿ "ਕਿਲੇ ਦਾ ਕਿਵਾੜ ਖੋਲ ਦਿਓ" ਪਰ ਕਿਵਾੜ ਕਿਸੇ ਨਾ ਖੋਲ੍ਹਿਆ। ਆਖਿਰਕਾਰ ਉਪ੍ਰੋਕਤ ਕੂਕੇ ਆਪਣੀ ਜ਼ੁਰਅਤ ਨਾਲ ਕੁਹਾੜੀਆਂ ਤੇ ਗੰਡਾਸੇ ਮਾਰ ਕੇ ਕਿਲੇ ਦੇ ਮੋਰੀ ਦਰਵਾਜ਼ੇ ਰਾਹੀਂ ਅੰਦਰ ਘੁਸ ਗਏ ਅਤੇ ਇੱਕ ਆਦਮੀ ਨਬੀ ਬਖ਼ਸ਼, ਜਿਹੜਾ ਮਲੌਦ ਦੇ ਰਈਸ ਸਰਦਾਰ ਮਿੱਤ ਸਿੰਘ ਕੋਲ ਫਾਇਲਾਂ (ਮਿਸਲਾਂ) ਮੁਆਇਨਾ ਕਰਨ ਵਾਲਾ ਮੁਲਾਜ਼ਿਮ ਸੀ, ਤੇ ਅਰਜ਼ੀ ਨਵੀਸੀ ਵੀ ਕਰਦਾ ਹੁੰਦਾ ਸੀ, ਤੇ ਕਿਲੇ ਦੇ ਦਰਵਾਜ਼ੇ ਦੀ ਇੱਕ ਕੋਠੜੀ 'ਚ ਰਹਿੰਦਾ ਸੀ, ਨੂੰ ਕਤਲ ਕੀਤਾ। ਇਹ ਆਦਮੀ ਖ਼ਾਸ ਸਾਹਿਬਗੜ੍ਹ ਵਾਸੀ ਤੇ ਜਾਤ ਦਾ ਸੱਯਦ ਸੀ। ਫਿਰ ਕੂਕਿਆਂ ਨੇ ਸਰਦਾਰ ਮਿੱਤ ਸਿੰਘ ਦੇ ਇੱਕ ਘੁੜਵਾਲ ਨੂੰ ਕਤਲ ਕੀਤਾ। ਜਦੋਂ ਹਾਲ ਦੁਹਾਈ ਮੱਚ ਗਈ ਤਾਂ ਸਰਦਾਰ ਬਦਨ ਸਿੰਘ ਪੁੱਤਰ ਸਰਦਾਰ ਮਿੱਤ ਸਿੰਘ ਨੇ ਕੁਝ ਸਾਥੀਆਂ ਨੂੰ ਨਾਲ ਲੈ ਕੇ ਤਲਵਾਰਾਂ ਨਾਲ ਦੋ ਕੂਕੇ ਕਤਲ ਕੀਤੇ ਤੇ ਦੋ ਤਿੰਨ ਜ਼ਖ਼ਮੀ ਕੀਤੇ। ਸਰਦਾਰ ਬਦਨ ਸਿੰਘ ਦੇ ਚਿਹਰੇ 'ਤੇ ਠੋਡੀ ਕੋਲ ਤਲਵਾਰ ਨਾਲ ਇੱਕ ਦੋ ਮਾਮੂਲੀ ਜ਼ਖ਼ਮ ਹੋਏ।"

ਜਿਸ ਆਦਮੀ ਨੇ ਇਹ ਹਾਲ ਬਿਆਨ ਕੀਤਾ ਉਹ ਕੁਝ ਡਰਿਆ ਹੋਇਆ ਸੀ। ਉਹ ਇਹ ਵੀ ਕਹਿੰਦਾ ਸੀ ਕਿ ਕੂਕੇ ਚਾਰ ਘੋੜੇ ਲੈ ਗਏ ਤੇ ਫ਼ਸਾਦ ਇਸ ਵਾਸਤੇ ਹੋਇਆ ਕਿ ਕੂਕੇ ਹਥਿਆਰ ਮੰਗਦੇ ਸਨ।

ਅੱਜ ਇਸ ਵੇਲੇ ਜੀਵਾ ਨਾਮੀ ਛੋਟਾ ਮੁੰਡਾ ਜਾਤ ਤੇਲੀ, ਜਿਹੜਾ ਨਬੀ ਬਖ਼ਸ਼ ਤੇ ਭਾਈ ਕਾਜ਼ੀ ਅੱਲਾਹ ਬਖ਼ਸ਼ ਨਾਲ ਮਕਤੂਲ ਦੀ ਲਾਸ਼ ਲੈਣ ਵਾਸਤੇ ਮਲੌਦ ਗਿਆ ਸੀ, ਉਸ ਨੇ ਬਿਆਨ ਕੀਤਾ ਕਿ ਇੱਕ ਬੂਟਾ ਨਾਮੀ ਤੇਲੀ ਘੁੜਵਾਲ ਤੇ ਨਬੀ ਬਖ਼ਸ਼ ਮੁਲਾਜ਼ਿਮ ਸਰਦਾਰ ਮਿੱਤ ਸਿੰਘ ਕਤਲ ਹੋਏ ਤੇ ਦੋ ਕੂਕੇ ਕਤਲ ਹੋਏ ਤੇ ਦੋ ਤਿੰਨ ਕੂਕੇ, ਜਿਹੜੇ ਜ਼ਖ਼ਮੀ ਸਨ, ਹਵਾਲਾਤ ਵਿੱਚ ਹਨ। ਸਾਹਿਬ ਪੁਲਿਸ ਤੇ ਡਿਪਟੀ ਕਮਿਸ਼ਨਰ ਲੁਧਿਆਣਾ ਮਲੌਦ ਵਿਖੇ ਤਸ਼ਰੀਫ਼ ਲੈ ਆਏ ਹਨ। ਮਕਤੂਲ ਦੀ ਲਾਸ਼ ਨੂੰ ਚੁੱਕਣ ਨਹੀਂ ਦਿੱਤਾ ਕਿ ਸਵੇਰੇ ਲਿਆਵਾਂਗੇ। ਇਸ ਤੋਂ ਬਿਨਾਂ ਵੇਰਵੇ ਸਹਿਤ ਹਾਲ ਮਾਲੂਮ ਨਹੀਂ ਹੋਇਆ।

ਇੱਕ ਮਾੜਾ ਨਾਮੀ ਨਾਈ ਵਾਸੀ ਮਨਸੂਰਪੁਰ ਆਪਣੇ ਸਹੁਰੇ ਬਲਬੀਰੀ ਨਾਈ ਸਾਹਿਬਗੜ੍ਹ ਦੇ ਘਰ ਕੋਟਲੇ ਹੁੰਦਾ ਆਇਆ। ਉਸ ਨੇ ਲੋਕਾਂ ਕੋਲ ਕੋਟਲਾ ਵਿਖੇ ਕੂਕਿਆਂ ਦੇ ਪੁੱਜਣ ਬਾਰੇ ਦੱਸਿਆ। ਜਦੋਂ ਇਸ ਦਾਸ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸੇ ਵੇਲੇ ਉਪ੍ਰੋਕਤ ਮਾੜਾ ਨੂੰ ਬੁਲਾਕੇ ਦਰਿਆਫ਼ਤ ਕੀਤਾ। ਮਾੜਾ ਨਾਈ ਨੇ ਇਸ ਤਰ੍ਹਾਂ ਬਿਆਨ ਕੀਤਾ ਕਿ

## ਲੁਕਿਆ ਸੱਚ

---

"ਮੈਂ ਕੱਲ ਕੋਟਲੇ ਆਇਆ, ਰਾਤ ਉੱਥੇ ਰਿਹਾ। ਸਵੇਰ ਨੂੰ ਕੋਈ ਚਾਰ ਘੜੀਆਂ ਰਾਤ ਰਹਿੰਦੇ ਸਾਹਿਬਗੜ੍ਹ ਨੂੰ ਚੱਲਣ ਦੀ ਤਿਆਰੀ ਕੀਤੀ ਤਾ ਸ਼ਹਿਰ ਵਿੱਚ ਸ਼ੋਰ ਸ਼ਰਾਬਾ ਪੈ ਗਿਆ। ਥੋੜ੍ਹੇ ਜਿਹੇ ਸਮੇਂ 'ਚ ਹੀ ਲੋਕ ਆਪਣੇ-ਆਪਣੇ ਕੋਠਿਆਂ 'ਤੇ ਚੜ੍ਹ ਗਏ। ਜਦੋਂ ਮੈਂ ਘਰ ਤੋਂ ਬਾਹਰ ਨਿਕਲਿਆ ਤਾਂ ਮੈਂ ਕਈ ਆਦਮੀਆਂ ਨੂੰ ਲਾਸ਼ ਨੂੰ ਮੰਜੇ 'ਤੇ ਪਾਈ ਆਉਂਦੇ ਵੇਖਿਆ। ਜਦੋਂ ਉਨ੍ਹਾਂ ਤੋਂ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਕੂਕਿਆਂ ਦਾ ਇੱਕ ਟੋਲਾ ਸ਼ਹਿਰ 'ਚ ਆ ਗਿਆ ਸੀ ਜਿਸ ਨੇ ਦਾਰੋਗੇ ਨੂੰ ਕਤਲ ਕਰ ਦਿੱਤਾ। ਮੈਂ ਇਹ ਖ਼ਬਰ ਸੁਣਕੇ ਛੇਤੀ ਨਾਲ ਸ਼ਹਿਰ ਤੋਂ ਨਿਕਲਿਆ ਤਾਂ ਸ਼ਹਿਰ ਦੇ ਰਈਸ ਤੇ ਮੁਲਾਜ਼ਿਮ ਦੋ ਤੋਪਾਂ ਸ਼ਹਿਰੋਂ ਬਾਹਰ ਨੂੰ ਲੈ ਜਾ ਰਹੇ ਸਨ। ਉਹ ਇਹ ਕਹਿੰਦੇ ਸਨ ਕਿ ਕੂਕੇ ਸ਼ਹਿਰ ਤੋਂ ਬਾਹਰ ਹਨ। ਫਿਰ ਮੈਂ ਚਲਿਆ ਆਇਆ ਤੇ ਹੋਰ ਕੁਛ ਪਤਾ ਨਹੀਂ।"

ਸ਼੍ਰੀ ਮਾਨ ਜੀ, ਅਫ਼ਵਾਹਾਂ ਦੇ ਤੌਰ 'ਤੇ ਅਜਿਹਾ ਵੀ ਸੁਣਿਆ ਗਿਆ ਹੈ ਕਿ ਕੂਕਿਆਂ ਨੇ ਕੋਟਲੇ 'ਚ ਦਸ ਬਾਰਾਂ ਆਦਮੀ ਕਤਲ ਤੇ ਜ਼ਖ਼ਮੀ ਕੀਤੇ ਪਰ ਵੇਰਵੇ ਦਾ ਪਤਾ ਨਹੀਂ। ਕੱਲ ਨੂੰ ਇਸ ਦਾ ਹਾਲ ਵੇਰਵੇ ਸਹਿਤ ਮਾਲੂਮ ਹੋ ਜਾਵੇਗਾ ਤਾਂ ਅਰਜ਼ ਕੀਤਾ ਜਾਵੇਗਾ ਅਤੇ ਸੁਣਿਆ ਹੈ ਕਿ ਚੋਰੀ ਦਾ ਇੱਕ ਮਾਮਲਾ ਪਿੰਡ ਘੁਡਾਣੀ ਘਲੋਟੀ ਹੋਇਆ ਸੀ। ਥਾਣੇਦਾਰ ਸਾਹਿਬਗੜ੍ਹ ਚੋਰਾਂ ਦਾ ਪਤਾ ਲਾਉਣ ਵਾਸਤੇ ਉੱਥੇ ਗਿਆ ਹੋਇਆ ਹੈ। ਪਤਾ ਨਹੀਂ ਕਿਹੜੇ ਪਿੰਡ 'ਚ ਹੈ ਅਤੇ ਅਮੀਨ ਥਾਣਾਂ ਦੋਰਾਹਾ ਵਿੱਚ ਹੋਵੇਗਾ।

ਅਦਾਲਤ ਨਿਜ਼ਾਮਤ ਦੇ ਪਰਵਾਨੇ ਦੀ ਨਕਲ ਇਸ ਵੇਲੇ ਥਾਣਾਂ ਦੋਰਾਹਾ ਨੂੰ ਭੇਜੀ ਗਈ ਹੈ। ਸਵੇਰ ਨੂੰ ਕੋਟਲਾ ਆਦਿ ਦਾ ਜੋ ਹਾਲ ਮਾਲੂਮ ਹੋਵੇਗਾ ਵੇਰਵੇ ਸਹਿਤ ਅਰਜ਼ ਕਰ ਦਿੱਤਾ ਜਾਵੇਗਾ।

ਰਾਮਪੁਰ ਕਟਾਣੀ ਵੱਲ ਕੋਈ ਕੂਕਾ ਨਹੀਂ, ਉੱਥੋਂ ਚਲੇ ਗਏ। ਸਰਕਾਰ ਪਟਿਆਲਾ ਦੇ ਇਲਾਕੇ 'ਚ ਸੁੱਖ ਸਾਂਦ ਰਹੀ। ਸਾਹਿਬਗੜ੍ਹ ਦੇ ਵਾਸੀਆਂ ਦੀ ਜ਼ਬਾਨੀ ਪਤਾ ਲੱਗਿਆ ਕਿ ਉਪ੍ਰੋਕਤ ਕੂਕਿਆਂ ਦਾ ਟੋਲਾ ਸਾਹਿਬਗੜ੍ਹ ਰਾਹੀਂ ਕੋਟਲੇ ਨੂੰ ਗਿਆ ਹੈ। ਇਹ ਹਾਲ ਸੀ ਜਿਹੜਾ ਅਰਜ਼ ਕੀਤਾ।

4 ਮਾਘ ਸੰਮਤ 1928
ਦਿਨ ਸੋਮਵਾਰ
(15 ਜਨਵਰੀ 1872)
ਸਮਾਂ ਚਾਰ ਘੜੀਆਂ ਰਾਤ ਲੰਘੇ

# ਲੁਕਿਆ ਸੱਚ

---

ਗ਼ਰੀਬ ਪਰਵਰ ! ਸਲਾਮਤ !

ਸ਼੍ਰੀ ਮਾਨ ਜੀ,

ਸਨੇਹਵਾਲ ( ਸਾਹਨੇਵਾਲ) ਦੇ ਥਾਣੇਦਾਰ ਦਾ ਖ਼ਤ ਇਸ ਮਜ਼ਮੂਨ 'ਤੇ ਆਧਾਰਿਤ ਆਇਆ ਕਿ ਕੋਈ ਸੌ ਸਵਾ ਸੌ ਕੂਕੇ ਭੈਣੀ ਤੋਂ ਚੱਲ ਕੇ ਫ਼ਸਾਦ ਕਰਨ 'ਤੇ ਤੁਲੇ ਹੋਏ ਰਾਮਪੁਰ ਕਟਾਣੀ ਤਅੱਲੁਕਾ ਸਾਹਿਬਗੜ੍ਹ ਵੱਲ ਆ ਰਹੇ ਹਨ ਅਤੇ ਉਨ੍ਹਾਂ ਦਾ ਇਰਾਦਾ ਮਲੇਰਕੋਟਲਾ ਵਿਖੇ ਜਾਣ ਦਾ ਹੈ। ਇਹ ਦਾਸ ਉਸ ਬਾਰੇ ਪ੍ਰਬੰਧ ਕਰਨ ਵਾਲਾ ਸੀ ਕਿ ਇਸੇ ਦੌਰਾਨ ਵਕਾਲਤ ਲੁਧਿਆਣਾ ਦੇ ਮੁੱਹਰਿਰ ਤਰਾਬ ਅਲੀ ਦਾ ਬਿਨੈ-ਪੱਤਰ ਆਇਆ ਜਿਸ ਉੱਤੇ ਸ਼ਾਹੀ ਮੁਨਸ਼ੀ ਖ਼ਾਨੇ ਵੱਲੋਂ ਹੁਕਮ ਜਾਰੀ ਹੋਇਆ ਹੈ ਕਿ ਇਸ ਵਾਰਦਾਤ ਦਾ ਇੰਤਜ਼ਾਮ ਕੀਤਾ ਜਾਵੇ। ਸੋ ਇਹ ਦਾਸ ਤਨਦਿਹੀ ਨਾਲ ਇਸ ਮਾਮਲੇ ਦੀ ਦੇਖਭਾਲ ਕਰ ਰਿਹਾ ਹੈ। ਇਲਾਕਾ ਸਾਹਿਬਗੜ੍ਹ ਵਿੱਚ ਕੂਕਿਆਂ ਨੇ ਕਿਸੇ ਪ੍ਰਕਾਰ ਦੀ ਕੋਈ ਵਾਰਦਾਤ ਨਹੀਂ ਕੀਤੀ ਤੇ ਨਾ ਹੀ ਉਹ ਕਿਤੇ ਇੱਕਠੇ ਹੋਏ ਹਨ।

ਸੁਣਿਆ ਹੈ ਕਿ ਕੂਕਿਆਂ ਨੇ ਮਲੌਦ ਵਿਖੇ ਫ਼ਸਾਦ ਕੀਤਾ। ਤਿੰਨ ਚਾਰ ਆਦਮੀ ਜ਼ਖ਼ਮੀ ਹੋਏ ਤੇ ਮਲੌਦੀਆ ਸਰਦਾਰ ਵੀ ਜ਼ਖ਼ਮੀ ਹੋਇਆ ਹੈ। ਕੂਕੇ 4 ਘੋੜੇ ਲੈ ਗਏ ਹਨ। ਉੱਚੀ ਸ਼ਾਨ ਵਾਲੇ ਅੰਗਰੇਜ਼ ਸਾਹਿਬਾਨ ਦੀਆਂ ਫ਼ੌਜਾਂ ਇੰਤਜ਼ਾਮ ਕਰਨ ਤੇ ਮੁਜ਼ਰਿਮ ਕੂਕਿਆਂ ਦੀ ਗ੍ਰਿਫ਼ਤਾਰੀ ਵਾਸਤੇ ਮਲੌਦ ਪੁੱਜ ਗਈਆਂ ਹਨ । ਪ੍ਰਤੱਖ ਹੋਵੇ ਕਿ ਕੂਕਾ ਕੌਮ ਨੇ ਸਾਹਿਬਗੜ੍ਹ ਦੇ ਇਲਾਕੇ 'ਚ ਨਹਿਰ ਦੇ ਕੰਢੇ ਅਨਾਜ ਆਦਿ ਵਾਸਤੇ ਇੱਕ ਦੁਕਾਨ ਉਸਾਰੀ ਹੈ, ਉੱਥੇ ਅਕਸਰ ਦਸ-ਦਸ, ਬਾਰਾਂ ਬਾਰਾਂ ਕੂਕੇ ਰਹਿਦੇ ਹਨ। ਇਹ ਦਾਸ ਉਸ ਦਾ ਵੀ ਭਲੀਭਾਂਤ ਇੰਤਜ਼ਾਮ ਕਰੇਗਾ।

ਵਾਜਿਬ ਤੌਰ 'ਤੇ ਅਰਜ਼ ਕੀਤਾ ਗਿਆ।

ਦਾਸ
ਪੁਰਾਣਾ ਨਮਕ ਪਰਵਰਦਾ,
ਸ਼ੇਖ਼ ਖ਼ੁਦਾ ਬਖ਼ਸ਼ ਥਾਣੇਦਾਰ ਇਲਾਕਾ ਸਾਹਿਬਗੜ੍ਹ

5 ਮਾਘ 1928
16 ਜਨਵਰੀ 1872
ਸਮਾਂ 5 ਵਜੇ ਰਾਤ ਦੇ

ਗਰੀਬ ਪਰਵਰ ! ਸਲਾਮਤ।

ਸ੍ਰੀ ਮਾਨ ਜੀ,

ਇਸ ਵੇਲੇ ਜੈਮਲ ਸਿੰਘ ਨੰਬਰਦਾਰ ਰੜ ਨੇ ਥਾਣੇ 'ਚ ਹਾਜ਼ਿਰ ਹੋ ਕੇ ਥਾਣੇ ਵਿੱਚ ਰਪਟ ਦਿੱਤੀ ਕਿ ਜ਼ਿਆਦਾਤਰ ਕੂਕੇ ਪਿੰਡ ਰੜ 'ਚ ਆ ਕੇ ਖ਼ੂਨ ਖ਼ਰਾਬਾ ਕਰਨ ਲਈ ਤਿਆਰ ਬਰ ਤਿਆਰ ਹੋਏ ਅਤੇ ਉਨ੍ਹਾਂ ਦੇ ਪਿੱਛੇ ਕੋਟਲਾ ਦੀ ਫ਼ੌਜ ਲੱਗੀ ਹੋਈ ਹੈ। ਕੁਝ ਕੂਕੇ ਜ਼ਖ਼ਮੀ ਹਨ। ਥਾਣੇਦਾਰ ਸਾਹਿਬ ਸਰਕਾਰੀ ਕੰਮ ਲਈ ਪਿੰਡ ਭਦੌੜ ਗਏ, ਹੋਏ ਹਨ। ਇਸ ਦਾਸ ਨੇ ਨਾਇਬ ਸਾਹਿਬ ਨੂੰ ਖ਼ਬਰ ਦਿੱਤੀ ਤੇ ਉਹ ਮੌਕੇ 'ਤੇ ਜਾਣ ਲਈ ਸਵਾਰ ਹੋ ਰਹੇ ਹਨ ਤੇ ਇਹ ਦਾਸ ਵੀ ਉਨ੍ਹਾਂ ਦੇ ਨਾਲ ਜਾਂਦਾ ਹੈ। ਜੋ ਕੁਝ ਉੱਥੇ ਵਾਪਰੇਗਾ ਉਸ ਬਾਰੇ ਨਾਇਬ ਸਾਹਿਬ ਦੀ ਤਹਿਰੀਰ ਰਾਹੀਂ ਹਜ਼ੂਰ ਨੂੰ ਪ੍ਰਤੱਖ ਪਤਾ ਲੱਗ ਜਾਵੇਗਾ।

ਵਾਜਿਬ ਸਮਝ ਕੇ ਅਰਜ਼ ਕੀਤਾ।

ਦਾਸ
ਫ਼ੈਜ਼ਬਖ਼ਸ਼,
ਮੁਹੱਰਿਰ ਥਾਣਾ ਸ਼ੇਰਪੁਰ
4 ਮਾਘ 1928.
(15ਜਨਵਰੀ 1872)

# 5. ਇਲਾਕੇ 'ਚ ਛਾਇਆ ਸਹਿਮ ਅਤੇ ਕੀਤੇ ਗਏ ਇੰਤਜਾਮ

## ਬਰਕਤ ਅਲੀ ਤਹਿਸੀਲਦਾਰ ਅਮਰਗੜ੍ਹ ਤੇ ਸੱਯਦ ਮੁਹੰਮਦ ਤੈਅ ਥਾਣੇਦਾਰ ਅਮਰਗੜ੍ਹ ਦੇ ਬਿਨੈ-ਪੱਤਰ ਦੀ ਨਕਲ।

**ਮਿਤੀ 5 ਮਾਘ 1928 ਮੁਤਾਬਿਕ 16 ਜਨਵਰੀ 1872.**

ਗ਼ਰੀਬ ਪਰਵਰ! ਸਲਾਮਤ!

ਸ੍ਰੀ ਮਾਨ ਜੀ,

ਕੱਲ ਕੋਟਲਾ ਤੇ ਮਲੌਦ ਦੇ ਅਸਥਾਨਾਂ 'ਤੇ ਕੂਕਿਆਂ ਦੀ ਜ਼ਿਆਦਤੀ ਦੀ ਵਾਰਦਾਤ ਦਾ ਜੋ ਹਾਲ ਆਦਮੀਆਂ ਦੀ ਜ਼ਬਾਨੀ ਦਰਿਆਫ਼ਤ ਹੋਇਆ ਸੀ, ਉਹ ਗੁਜ਼ਾਰਿਸ਼ ਕੀਤਾ ਗਿਆ। ਅੱਜ ਖ਼ਬਰ ਪੁੱਜੀ ਕਿ ਕੂਕਿਆਂ ਦੇ ਹੱਥੋਂ ਕੋਟਲਾ ਵਿਖੇ ਖ਼ੂਨ ਖ਼ਰਾਬੇ ਦੀ ਘਟਨਾ ਵਾਪਰੀ ਅਤੇ ਨਵਾਬ ਕੋਟਲਾ ਨੂੰ ਜਾਨ ਤੋਂ ਮਾਰ ਸੁੱਟਿਆ ਗਿਆ ਤੇ ਕੂਕਿਆਂ ਦਾ ਫ਼ਸਾਦ ਬਹੁਤ ਜ਼ਿਆਦਾ ਪਾਇਆ ਮਾਲੂਮ ਹੁੰਦਾ ਹੈ ਅਤੇ ਇਹ ਵਾਰਦਾਤ ਕਸਬਾ ਕੋਟਲਾ ਵਿਖੇ ਸਵਰਗਵਾਸੀ ਨਵਾਬ ਸਿਕੰਦਰ ਅਲੀ ਖ਼ਾਨ ਦੇ ਮਕਾਨ ਦੇ ਸਾਹਮਣੇ ਵਾਪਰੀ। ਕੂਕੇ ਕੋਟਲੇ ਤੋਂ ਇੱਕ ਕੋਹ ਦੀ ਦੂਰੀ 'ਤੇ ਸਥਿਤ ਪਿੰਡ ਰੜ ਇਲਾਕਾ ਕੋਟਲਾ 'ਚ ਇੱਕਠੇ ਹੋਏ ਬੈਠੇ ਹਨ ਅਤੇ ਉਨ੍ਹਾਂ ਦਾ ਇਰਾਦਾ ਫ਼ਸਾਦ ਪਾਉਣ ਦਾ ਹੈ। ਜਿਹੜੇ ਆਦਮੀ ਖ਼ਬਰ ਲਿਆਉਣ ਵਾਸਤੇ ਮਲੌਦ ਤੇ ਕੋਟਲਾ ਭੇਜੇ ਸਨ ਉਹ ਹੁਣ ਤੱਕ ਵਾਪਸ ਨਹੀਂ ਆਏ। ਕਿਉਂਕਿ ਇਲਾਕਾ ਸ਼ੇਰਪੁਰ ਤੇ ਅਮਰਗੜ੍ਹ, ਕੋਟਲਾ ਦੇ ਨਾਲ ਲੱਗਦਾ ਹੈ। ਇਸ ਵਾਸਤੇ ਮੈਂ ਬੇਨਤੀ ਕਰਦਾ ਹਾਂ ਕਿ ਉੱਚੀ ਸ਼ਾਨ ਵਾਲੀ ਸਰਕਾਰ ਵੱਲੋਂ ਸਵਾਰ ਤੇ ਪਲਟਨ ਦੇ ਸਿਪਾਹੀ ਫ਼ਸਾਦੀਆਂ ਨੂੰ ਖਦੇੜਨ ਵਾਸਤੇ ਅਮਰਗੜ੍ਹ ਤੇ ਸ਼ੇਰਪੁਰ ਦੇ ਇਲਾਕੇ 'ਚ ਨਿਯੁਕਤ ਕੀਤੇ ਜਾਣੇ ਅਤੀ ਮੁਨਾਸਿਬ ਹਨ।

ਸਵਾਰਾਂ ਤੇ ਸਿਪਾਹੀਆਂ ਨੂੰ ਰਵਾਨਾ ਕਰਨ ਲਈ ਢਿੱਲ ਨਾ ਕਰਨੀ ਕਿਉਂਕਿ ਇਹ ਇਲਾਕਾ ਵਾਰਦਾਤ ਵਾਲੀ ਜਗ੍ਹਾ ਦੇ ਨਾਲ ਲੱਗਦਾ ਹੈ ਅਤੇ ਪੱਕਾ ਸ਼ੱਕ ਹੈ ਕਿ ਅੱਜ ਫ਼ਸਾਦੀਆਂ ਦਾ ਇਸ ਪਾਸੇ ਆਉਣ ਦਾ ਇਰਾਦਾ ਹੈ।

**ਮਹਿਕਮਾ ਨਿਜ਼ਾਮਤ ਅਮਰਗੜ੍ਹ ਵਲੋਂ**

ਇਸ ਬਿਨੈ-ਪੱਤਰ ਦੇ ਆਉਣ ਤੋਂ ਪਹਿਲਾਂ ਹੀ ਫ਼ੌਜ ਤੇ ਹੋਰ ਜ਼ਰੂਰੀ ਲੋੜੀਦੀਆਂ ਚੀਜ਼ਾਂ ਦੇ ਇੰਤਜ਼ਾਮ ਵਾਸਤੇ ਸ਼ਾਹੀ ਮੁਨਸ਼ੀ ਖ਼ਾਨੇ ਵਾਲਿਆਂ ਦੇ ਜ਼ਰੀਏ ਕੱਲ ਸੁਨਾਮ ਵਿਖੇ ਜਨਾਬ ਪ੍ਰਧਾਨ ਮੰਤਰੀ ਸਾਹਿਬ ਬਹਾਦੁਰ ਨੂੰ ਬੇਨਤੀ ਕੀਤੀ ਗਈ ਸੀ ਅਤੇ ਇਸ ਗੱਲ ਦਾ ਕੱਲ ਹੀ ਤਸੱਲੀ ਬਖ਼ਸ਼ ਪ੍ਰਬੰਧ ਹੋ ਗਿਆ। ਪੂਰਾ ਯਕੀਨ ਹੈ ਕਿ ਅੱਜ ਸਵਾਰ ਤੇ ਪਿਆਦਾ ਸਿਪਾਹੀ ਅਮਰਗੜ੍ਹ ਵਿਖੇ ਪਹੁੰਚ ਗਏ ਹੋਣਗੇ।

**ਹੁਕਮ ਹੋਇਆ ਕਿ**

ਪਰਵਾਨੇ ਜਾਰੀ ਕਰਕੇ ਤਹਿਸੀਲਦਾਰ ਤੇ ਥਾਣੇਦਾਰ ਨੂੰ ਲਿਖਿਆ ਜਾਵੇ ਕਿ ਉਹ ਹਰ ਤਰ੍ਹਾਂ ਨਾਲ ਨਿਸ਼ਚਿੰਤ ਹੋ ਕੇ ਸਰਕਾਰੀ ਕੰਮ ਕਰਨ ਵਿੱਚ ਰੁੱਝੇ ਰਹਿਣ। ਜਿਹੜੇ ਸਵਾਰ ਤੇ ਇੱਕ ਸਰਦਾਰ 12 ਵਜੇ ਰਾਤ ਨੂੰ ਪਟਿਆਲੇ ਪੁੱਜੇ ਉਨ੍ਹਾਂ ਦੀ ਜ਼ਬਾਨੀ ਪ੍ਰਤੱਖ ਹੋਇਆ ਕਿ ਸਦੀਵੀ ਤੇਜ ਪਰਤਾਪ ਦੇ ਮਾਲਿਕ ਹਜ਼ੂਰ ਮਹਾਰਾਜਾ ਸਾਹਿਬ ਬਹਾਦੁਰ ਦਿੱਲੀ ਤੋਂ ਵਾਪਸ ਤਸ਼ਰੀਫ਼ ਲੈ ਆਏ ਹਨ। ਇਸ ਤੋਂ ਬਿਨਾਂ ਹੀ ਕਿ ਆਪਣੇ ਮਹਿਕਮੇਂ ਦੀ ਲਿਖਤ ਨੂੰ ਕੂਕਿਆਂ ਨੂੰ ਖਦੇੜਨ ਦਾ ਇੰਤਜ਼ਾਮ ਕਰਨ ਦੇ ਮਨੋਰਥ ਨਾਲ ਉਸਤਤ ਯੋਗ ਹਜ਼ੂਰ ਮਹਾਰਾਜਾ ਸਾਹਿਬ ਨੂੰ ਮੁਲਾਹਿਜ਼ਾ ਕਰਵਾਇਆ ਜਾਵੇ, ਸਵਾਰ ਤੇ ਪਲਟਨ ਆਦਿ ਨੂੰ ਪਹਿਲਾਂ ਹੀ ਰਵਾਨਾ ਕੀਤਾ ਜਾ ਚੁੱਕਾ ਹੈ। ਯਕੀਨ ਹੈ ਕਿ ਤੁਹਾਡੇ ਕੋਲ ਸਾਰਾ ਸਮਾਨ ਮੁਹੱਈਆ ਹੋ ਗਿਆ ਹੋਵੇਗਾ ਨਹੀਂ ਤਾਂ ਅੱਜ ਸ਼ਾਮ

---

ਤੱਕ ਪਹੁੰਚ ਜਾਵੇਗਾ। ਸਿਪਾਹੀਆਂ ਤੇ ਚੌਕੀਦਾਰਾਂ ਨੂੰ ਮੁਨਾਸਿਬ ਮੌਕਿਆਂ 'ਤੇ ਇੱਕਠੇ ਰੱਖੋ ਅਤੇ ਰੌਂਦ ਗਸ਼ਤ ਅਤਿਅੰਤ ਚੌਕਸੀ ਤੇ ਦਿਲਜਮੀ ਨਾਲ ਕਰਦੇ ਰਹੋ ਤੇ ਸਮੇਂ ਸਮੇਂ ਸਿਰ ਇਤਲਾਹ ਦਿੰਦੇ ਰਹੋ। ਇਨ੍ਹਾਂ ਲੋਕਾਂ ਦਾ ਪ੍ਰਬੰਧ ਕਰਨਾ ਕੋਈ ਬਹੁਤਾ ਔਖਾ ਨਹੀਂ ਹੈ। ਇਨ੍ਹਾਂ ਦਾ ਪ੍ਰਬੰਧ ਤਾਂ ਪਰਜਾ ਦੇ ਲੋਕ ਹੀ ਕਰ ਸਕਦੇ ਹਨ।

ਇਸ ਬਿਨੈ-ਪੱਤਰ ਦੀ ਇੱਕ ਨਕਲ ਸ਼ਾਹੀ ਮੁਨਸ਼ੀ ਖ਼ਾਨੇ ਵਿੱਚ ਭੇਜ ਕੇ ਬੇਨਤੀ ਕੀਤੀ ਜਾਵੇ ਕਿ ਜੇ ਫ਼ੌਜ ਆਦਿ ਦੀ ਰਵਾਨਗੀ ਵਿੱਚ ਕੁਝ ਢਿੱਲ ਮੱਠ ਹੈ ਤਾਂ ਫ਼ੌਜ ਨੂੰ ਛੇਤੀ ਭੇਜਿਆ ਜਾਣਾ ਅਤਿਅੰਤ ਜ਼ਰੂਰੀ ਹੈ।

**ਹੁਕਮ ਹੋਇਆ ਕਿ**

ਸ਼ਾਮਿਲ ਮਿਸਲ ਰਹੇ।

18 ਜਨਵਰੀ 1872.

ਸ਼੍ਰੀ ਮਾਨ ਜੀ,

ਇਹ ਦਾਸ ਜਿਸ ਦਿਨ ਤੋਂ ਇਸ ਥਾਣੇ 'ਚ ਬਦਲ ਕੇ ਆਇਆ ਹੈ, ਥਾਣੇ ਵਾਲਾ ਮਕਾਨ ਖ਼ਾਲੀ ਨਾ ਹੋਣ ਕਾਰਨ, ਕਿਉਂਕਿ ਉਸ ਵਿੱਚ ਸ਼ੇਖ਼ ਹੁਸੈਨ ਬਖ਼ਸ਼ ਸਾਹਿਬ ਨਾਇਬ ਨਾਜ਼ਿਮ ਰਹਿੰਦੇ ਹਨ, ਤੇ ਇਸ ਥਾਣੇ ਦਾ ਹਾਕਿਮ ਕਸਬਾ ਸਮਾਣਾ ਵਿਖੇ ਰਹਿੰਦਾ ਸੀ ਤਾਂ ਸਮਾਣਾ ਵਿਖੇ ਵੀ ਕੋਈ ਮਕਾਨ ਨਹੀਂ ਤੇ ਸਮਾਣਾ ਰਹਿਣ ਕਾਰਨ ਜਿਹੜਾ ਇੱਕ ਖੂੰਜੇ 'ਚ ਸਥਿਤ ਹੈ, ਸਰਕਾਰੀ ਕੰਮ ਕਰਨ ਵਿੱਚ ਬੜੀ ਦਿੱਕਤ ਪੇਸ਼ ਆਉਂਦੀ ਸੀ, ਸੋ ਭਵਾਨੀਗੜ੍ਹ 'ਚ ਆ ਕੇ ਨਾਜ਼ਿਮ ਸਾਹਿਬ ਦੀ ਹਵੇਲੀ 'ਚ ਰਹਿਣ ਲੱਗ ਪਿਆ ਕਿਉਂਕਿ ਨਾਜ਼ਿਮ ਸਾਹਿਬ ਛੁੱਟੀ ਤੇ ਚਲੇ ਗਏ ਸਨ। ਕਾਇਮ ਮੁਕਾਮ ਨਾਜ਼ਿਮ ਸਾਹਿਬ ਦਾ ਵੀ ਇਹੋ ਮਨਸ਼ਾ ਪਾਇਆ ਕਿ ਇੱਥੇ ਰਹਿ ਕੇ ਸਰਕਾਰੀ ਕੰਮ ਨੇਪਰੇ ਚਾੜ੍ਹੋ, ਬਲਕਿ ਇਸ ਬਾਰੇ ਨਿਜ਼ਾਮਤ ਤੋਂ ਇੱਕ ਰੋਬਕਾਰ ਵੀ ਸਰਕਾਰ ਪਟਿਆਲਾ ਦੇ ਇਜਲਾਸ ਵਿੱਚ ਭੇਜੀ ਗਈ ਹੈ।

ਹੁਣ ਇਸ ਦਾਸ ਦੀ ਤਬੀਅਤ ਪੰਦਰਾਂ ਸੋਲਾਂ ਦਿਨਾਂ ਤੋਂ ਖ਼ਰਾਬ ਸੀ। ਪੰਜਵੇਂ ਦਿਨ ਦਾ ਜ਼ਿਕਰ ਹੈ ਕਿ ਗਿਆਰਾਂ ਵਜੇ ਰਾਤ ਦੇ ਇਹ ਦਾਸ ਸੌਂ ਗਿਆ। ਇਸ ਦਾਸ ਦਾ ਇੱਕ ਆਦਮੀ, ਜਿਹੜਾ ਕੋਲ ਸੀ, ਉਸ ਦੀ ਅੱਖ ਖੁੱਲ ਗਈ। ਉਹ ਪਿਸ਼ਾਬ ਕਰਨ ਲਈ ਬਾਹਰ ਹਵੇਲੀ ਦੇ ਵਿਹੜੇ 'ਚ ਬੈਠਾ ਸੀ। ਉਸ ਨੂੰ ਇੱਕ ਆਦਮੀ, ਪੌੜੀ ਦੇ ਦਰਵਾਜ਼ੇ 'ਚ ਖੜਾ ਮਾਲੂਮ ਹੋਇਆ ਕਿਉਂਕਿ ਪੌੜੀ ਦਾ ਦਰਵਾਜ਼ਾ ਖੁੱਲ੍ਹਾ ਹੋਇਆ ਸੀ ਤੇ ਉਸ ਦਾ ਇਰਾਦਾ ਅੰਦਰ ਆਉਣ ਦਾ ਸੀ। ਉਸ ਦੀ ਸ਼ਕਲ ਸਿੱਖ ਦੀ ਸੀ, ਸਿਰ 'ਤੇ ਸਫੈਦ ਰੰਗ ਦਾ ਵੱਡਾ ਕੱਪੜਾ ਬੰਨਿਆ ਹੋਇਆ ਸੀ ਤੇ ਉੱਪਰ ਕੰਬਲ ਲਿਆ ਹੋਇਆ ਸੀ। ਮੇਰੇ ਆਦਮੀ ਨੇ ਆਵਾਜ਼ ਦਿੱਤੀ ਤਾਂ ਉਹ ਭੱਜ ਕੇ ਕੋਠੇ 'ਤੇ ਚੜ੍ਹ ਗਿਆ ਅਤੇ ਸਿਪਾਹੀਆਂ ਵਾਲੇ ਕੋਠੇ ਦੇ ਦਰਵਾਜ਼ੇ ਵਾਲੀ ਕੰਧ ਤੋਂ ਉੱਤਰ ਕੇ ਭੱਜ ਗਿਆ ਤੇ ਕੱਚੇ ਕਿਲੇ ਦੀ ਕੰਧ ਤੋਂ ਛਾਲ ਮਾਰ ਕੇ ਬਾਹਰ ਨਿਕਲ ਗਿਆ। ਇਸ ਦਾਸ ਨੇ ਜਦੋਂ ਇਸ ਗੱਲ ਬਾਰੇ ਦਰਿਆਫ਼ਤ ਕੀਤਾ ਤਾਂ ਉਡਦੀ ਉਡਦੀ ਇਸ ਗੱਲ ਦਾ ਪਤਾ ਲੱਗਿਆ ਕਿ ਕੁਝ ਕੂਕੇ ਇਸ ਦਾਸ 'ਤੇ ਵਾਰਦਾਤ ਕਰਨ ਆਏ ਸਨ ਪਰ ਉਹ ਛੇਤੀ ਭੱਜ ਗਏ ਅਤੇ ਇਸ ਦਾਸ ਦੀ ਜਾਨ ਸਲਾਮਤ ਰਹੀ।

ਹੁਣ ਬੇਨਤੀ ਹੈ ਕਿ ਇਸ ਦਾਸ ਨੂੰ ਇਨ੍ਹਾਂ ਕੂਕਿਆਂ ਤੋਂ ਆਪਣੀ ਜਾਨ ਦਾ ਪੂਰਾ ਖ਼ਤਰਾ ਹੈ ਅਤੇ ਇਹ ਵੀ ਕੋਈ ਅਨੋਖੀ ਗੱਲ ਨਹੀਂ ਕਿ ਆਪਣੀ ਨੇੜ-ਦ੍ਰਿਸ਼ਟ ਸਦਕਾ ਜਿਹੜੇ ਬਹੁਤ ਸਾਰੇ ਕੂਕੇ ਫ਼ਰਾਰ ਹੋਏ ਹੋਏ ਹਨ , ਉਹ ਇਸ ਦਾਸ ਦੀ ਮਾਰ-ਕੁੱਟ ਕਰਨ। ਹਜ਼ੂਰ ਨੂੰ ਥਾਣੇ ਦੇ ਲਾਉ ਲਸ਼ਕਰ ਦੇ ਹਾਲ ਦਾ ਪਤਾ ਹੀ ਹੈ, ਨਾ ਕੋਈ ਚੁਕੰਨਾ ਪਹਿਰਾ ਹੈ ਤੇ ਨਾ ਥਾਣੇ ਜੋਗੇ ਸਿਪਾਹੀ ਹਨ। ਸੋ ਇਹ ਦਾਸ ਉਮੀਦ ਕਰਦਾ ਹੈ ਕਿ ਹਜ਼ੂਰ ਸਰਕਾਰ ਪਟਿਆਲਾ ਵਲੋਂ ਸੜਕ ਵਾਲੀਆਂ ਚੌਕੀਆਂ 'ਤੇ ਨਿਯੁਕਤ ਪਲਟਣ ਵਿਚੋਂ ਇੱਕ ਪਹਿਰਾ ਪਲਟਣ, ਪੰਦਰਾਂ ਸਵਾਰ ਇਨ੍ਹਾਂ ਫ਼ਸਾਦੀਆਂ ਦਾ ਪ੍ਰਬੰਧ ਹੋਣ ਤੱਕ ਹਿਫ਼ਾਜ਼ਤ ਵਾਸਤੇ ਮਿਲ ਜਾਣਗੇ ਨਹੀਂ ਤਾਂ ਇਸ ਦਾਸ ਦੀ ਜਾਨ ਸਰਕਾਰ ਹਜ਼ੂਰ 'ਤੇ ਕੁਰਬਾਨ ਹੋ ਜਾਵੇਗੀ। ਬਲਕਿ ਇਸ ਦਾਸ ਨੇ ਇਸ ਗੱਲ ਦਾ ਜ਼ਿਕਰ ਤਾਂ ਕਾਇਮ

ਮੁਕਾਮ ਨਾਜ਼ਿਮ ਸਾਹਿਬ ਕੋਲ ਵੀ ਕਰ ਦਿੱਤਾ ਸੀ । ਥਾਣੇ ਦਾ ਮਕਾਨ ਖਾਲੀ ਹੋਣ ਵਾਸਤੇ ਹੁਕਮ ਹੋ ਜਾਵੇ ਤਾਂ ਕਿ ਥਾਣੇ ਦਾ ਲਾਉ ਲਸ਼ਕਰ ਇੱਕ ਥਾਂ 'ਤੇ ਰਹੇ। ਹੁਣ ਇਹ ਦਾਸ ਇੱਕਲਾ ਹੀ ਨਿਜ਼ਾਮਤ ਵਾਲੇ ਮਕਾਨ ਵਿੱਚ ਰਹਿੰਦਾ ਹੈ ਅਤੇ ਮਾਤਹਿਤ ਸਿਪਾਹੀਆਂ ਵਿੱਚੋਂ ਕੋਈ ਕਿਸੇ ਜਗ੍ਹਾ ਰਹਿੰਦਾ ਹੈ ਤੇ ਕੋਈ ਕਿਸੇ ਜਗ੍ਹਾ।

ਜਿਹੜੀ ਗੱਲ ਵਾਜਿਬ ਸੀ ਉਹ ਅਰਜ਼ ਕਰ ਦਿੱਤੀ।

4 ਮਾਘ 1928 ਮੁਤਾਬਿਕ 15 ਜਨਵਰੀ 1872.

ਦਾਸ
ਅਲਾਉੱਦੀਨ, ਥਾਣੇਦਾਰ ਭਵਾਨੀਗੜ੍ਹ।

ਦੋਬਾਰਾ ਅਰਜ਼ ਇਹ ਹੈ ਕਿ ਇਸ ਦਾਸ ਨੇ ਲੋਕਾਂ ਤੋਂ ਸੁਣਿਆ ਹੈ ਕਿ ਪਿੰਡ ਸਰਕੌਦੀ ਤੇ ਦਿਆਲਗੜ੍ਹ ਦੇ ਕੂਕਿਆਂ ਦੇ ਘਰਾਂ 'ਚ ਹਥਿਆਰ ਮੌਜੂਦ ਹਨ। ਸਵਾਰਾਂ ਤੇ ਪੈਦਲ ਸਿਪਾਹੀਆਂ ਦੀ ਫ਼ੋਰਸ ਤੋਂ ਬਿਨਾਂ ਉਨ੍ਹਾਂ ਤੋਂ ਹਥਿਆਰ ਲੈਣੇ ਅਸੰਭਵ ਹਨ ਤੇ ਇੱਥੇ ਇੰਨੀ ਫ਼ੋਰਸ ਨਹੀਂ ਹੈ। ਜੇ ਇਸ ਦਾਸ ਦੀ ਬੇਨਤੀ ਮੁਤਾਬਿਕ ਪੰਦਰਾਂ ਸੋਲਾਂ ਸਵਾਰ ਤੇ ਇੱਕ ਪਹਿਰਾ ਪਲਟਣ ਦਾ ਮਿਲ ਜਾਵੇ ਤਾਂ ਉਨ੍ਹਾਂ ਤੋਂ ਹਥਿਆਰ ਲਏ ਜਾ ਸਕਦੇ ਹਨ ਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਦਾ ਕੰਮ ਵੀ ਭਲੀ ਭਾਂਤ ਨੇਪਰੇ ਚੜ੍ਹ ਜਾਵੇਗਾ। ਅੱਗੋਂ ਹਜ਼ੂਰ ਮਾਲਿਕ ਹਨ। ਅੱਜ ਲੋਕਾਂ ਤੋਂ ਇਹ ਵੀ ਸੁਣਨ 'ਚ ਆਇਆ ਹੈ ਕਿ ਕੂਕਿਆਂ ਦੇ ਜਥੇ ਨੇ ਪਹਿਲਾਂ ਰਾਮਪੁਰ ਮਲੌਦ ਵਿਖੇ ਫ਼ਸਾਦ ਕੀਤਾ ਤੇ ਫਿਰ ਮਲੇਰਕੋਟਲਾ ਵਿਖੇ। ਬਹੁਤ ਸਾਰੇ ਆਦਮੀ ਮਾਰੇ ਗਏ ਤੇ ਜ਼ਖ਼ਮੀ ਹੋਏ। ਕੂਕਿਆਂ ਦੇ ਸੱਤਰ ਆਦਮੀਆਂ ਦੇ ਇੱਕ ਟੋਲੇ ਨੂੰ ਹੁਣ ਸ਼ੇਰਪੁਰ ਵਿਖੇ ਮੀਰ ਨਿਆਜ਼ ਅਲੀ ਸਾਹਿਬ ਨਾਜ਼ਿਮ ਅਮਰਗੜ੍ਹ ਨੇ ਗ੍ਰਿਫ਼ਤਾਰ ਕੀਤਾ ਹੈ।

ਇਤਲਾਹ ਵਜੋਂ ਅਰਜ਼ ਹੈ।

ਦਾਸ
ਅਲਾਉੱਦੀਨ ਥਾਣੇਦਾਰ ਭਵਾਨੀਗੜ੍ਹ।

ਇਹ ਵੀ ਦਰਿਆਫ਼ਤ ਹੋਇਆ ਹੈ ਕਿ ਜਿਹੜੇ ਕੂਕੇ ਪਿੰਡ ਸਕਰੌਦੀ ਤੇ ਦਿਆਲਗੜ੍ਹ ਦੇ ਤੇ ਇੱਕ ਕੂਕਾ ਭਵਾਨੀਗੜ੍ਹ ਨਿਜ਼ਾਮਤ ਦਾ, ਸਤਿਗੁਰੂ ਕੋਲ ਮੇਲੇ 'ਤੇ ਗਏ ਸਨ, ਉਹ ਕੱਲ ਤੇ ਅੱਜ ਵਾਪਸ ਆਏ ਹਨ।

ਅਲਾਉੱਦੀਨ

## ਥਾਣੇਦਾਰ ਦੀ ਬੇਨਤੀ ਬਿਲਕੁਲ ਮੰਨਣਯੋਗ ਹੈ, ਸੋ ਹੁਕਮ ਹੋਇਆ ਕਿ

ਥਾਣੇਦਾਰ ਦੇ ਬਿਨੈ-ਪੱਤਰ ਦੀ ਨਕਲ ਸ਼ਾਹੀ ਮੁਨਸ਼ੀ ਖ਼ਾਨੇ ਵਾਲਿਆਂ ਦਾ ਸੇਵਾ ਵਿੱਚ ਭੇਜ ਕੇ ਬੇਨਤੀ ਕੀਤੀ ਜਾਵੇ ਕਿ ਉਹ ਛੇਤੀ ਕਰ ਕੇ ਪੰਦਰਾਂ ਸਵਾਰ ਤੇ ਇਕ ਪਹਿਰਾ ਪਲਟਣ ਰਵਾਨਾ ਕਰਨ। ਸਵਾਰ ਤੇ ਪਹਿਰਾ ਪਲਟਣ ਦੇ ਪੁੱਜਣ ਨਾਲ ਥਾਣੇਦਾਰ ਦੀ ਭਲੀ ਭਾਂਤ ਹਿਫ਼ਾਜਤ ਰਹੇਗੀ ਅਤੇ ਕਾਰਵਾਈ ਤੇ ਪ੍ਰਬੰਧ ਕਰਨ ਨਾਲ ਹਥਿਆਰ ਫ਼ੜ੍ਹਨ ਤੇ ਗ੍ਰਿਫ਼ਤਾਰੀ ਕਰਨ ਦਾ ਅਮਲ ਵੀ ਨੇਪਰੇ ਚੜ੍ਹ ਜਾਵੇਗਾ।

5 ਮਾਘ 1928 ਮੁਤਾਬਿਕ 16 ਜਨਵਰੀ 1872 ਈ:

ਕਾਲੀ ਖ਼ਾਨ,
ਨਾਇਬ ਨਾਜ਼ਿਮ

---

## ਮੀਰ ਮੁਨਸ਼ੀ ਦੇ ਅਸਿਸਟੈਂਟ ਸੱਯਦ ਮੁਹੰਮਦ ਕਾਜ਼ਿਮ ਦੀ ਤਜਵੀਜ਼ ਅਨੁਸਾਰ ਮੁਨਸ਼ੀ ਖ਼ਾਨੇ ਦੇ ਮੁਨਸ਼ੀ ਮਸੱਦੀਆਂ ਦੀ ਅਦਾਲਤ ਦੀ ਰੋਬਕਾਰ*

**ਮਿਤੀ 17 ਜਨਵਰੀ 1872 ਈ:**

ਅਲਾਉੱਦੀਨ ਥਾਣੇਦਾਰ ਭਵਾਨੀਗੜ੍ਹ ਦਾ ਬਿਨੈ-ਪੱਤਰ ਸਮੇਤ ਹੁਕਮ ਨਾਇਬ ਨਾਜ਼ਿਮ ਪੁੱਜਾ ਜਿਸ ਰਾਹੀਂ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਤੇ ਥਾਣੇ ਦੀ ਰਖਵਾਲੀ ਵਾਸਤੇ ਪੰਦਰਾਂ ਸਵਾਰ ਤੇ ਇੱਕ ਪਹਿਰਾ ਪਲਟਣ ਮੰਗਵਾਏ ਗਏ ਹਨ।

ਕੂਕਿਆਂ ਦੀ ਗ੍ਰਿਫ਼ਤਾਰੀ ਤੇ ਉਨ੍ਹਾਂ ਦੇ ਸਾਮਾਨ ਦੀ ਕੁਰਕੀ ਵਾਸਤੇ ਅੱਜ ਵੇਰਵੇ ਸਹਿਤ ਕਾਲੀ ਖ਼ਾਨ ਕਾਇਮ ਮੁਕਾਮ ਨਾਜ਼ਿਮ ਦੇ ਨਾਮ ਲਿਖਿਆ ਗਿਆ ਹੈ। ਯਕੀਨ ਹੈ ਕਿ ਲਿਖੇ ਮੁਤਾਬਿਕ ਹੁਕਮ ਦੀ ਪਾਲਣਾ ਹੋ ਜਾਵੇਗੀ।

ਪੱਚੀ ਹਥਿਆਰਬੰਦ ਸਵਾਰਾਂ ਨੂੰ ਗੋਲੀ ਸਿੱਕਾ ਤੇ ਬਾਰੂਦ ਦਿਵਾ ਕੇ ਭੇਜਣਾ ਵੀ ਵਾਜਿਬ ਹੈ।

ਸੋ ਵਜ਼ੀਰ ਸਾਹਿਬ ਦੇ ਨੋਟਿਸ ਵਿੱਚ ਲਿਆਉਣ ਮਗਰੋਂ ਹੁਕਮ ਹੋਇਆ ਕਿ ਬਖ਼ਸ਼ੀ ਖ਼ਾਨੇ ਦੇ ਮੁਤਾਬਿਕ 25 ਹਥਿਆਰਬੰਦ ਸਵਾਰ ਛੇਤੀ ਰਵਾਨਾ ਕਰਾਏ ਜਾਣ ਅਤੇ ਰੋਬਕਾਰ ਨਿਜ਼ਾਮਤ ਵਿਖੇ ਭੇਜ ਦਿੱਤੀ ਜਾਵੇ ਤਾਂ ਕਿ ਛੇਤੀ ਨਾਲ ਸਮੇਂ ਸਿਰ ਇਮਦਾਦ ਪੁੱਜੇ ਅਤੇ ਕੂਕਿਆਂ ਦੀ ਗ੍ਰਿਫ਼ਤਾਰੀ ਤੇ ਉਨ੍ਹਾਂ ਦੀਆਂ ਜਾਇਦਾਦਾਂ ਦੀ ਕੁਰਕੀ ਦਾ ਮੁਕੰਮਲ ਇੰਤਜ਼ਾਮ ਕਰੋ ਅਤੇ ਵੇਰਵੇ ਸਹਿਤ ਇਤਲਾਹ ਦਿਓ।

### ਹੁਕਮ ਹੋਇਆ ਕਿ

ਦਫ਼ੇਦਾਰ ਸਮੇਤ 25 ਸਵਾਰ ਪਹੁੰਚਾ ਕੇ ਵਾਪਸ ਹੋਵੇ।

ਲਿਖਤ :- 6 ਮਾਘ ਸੰਮਤ 1928 ਈ: ਸਮਾਂ 10 ਵਜੇ ਰਾਤ (17 ਜਨਵਰੀ 1872)
ਹੁਸੈਨ ਖ਼ਾਨ ਜਮਾਂਦਾਰ ਰਾਹੀਂ ਪਾਲਣਾ ਹੋ ਕੇ ਪਹਿਲੀ ਰਜਮੈਂਟ ਦੇ ਸਵਾਰ ਭੇਜੇ ਗਏ।

* ਰੋਬਕਾਰ- ਸਰਕਾਰੀ ਚਿੱਠੀ

---

## ਥਾਣੇਦਾਰ ਭਵਾਨੀਗੜ੍ਹ ਦੇ ਬਿਨੈ-ਪੱਤਰ ਦੀ ਨਕਲ

**ਮਿਤੀ 5 ਮਾਘ 1928**
**16 ਜਨਵਰੀ 1872**

ਸ਼੍ਰੀ ਮਾਨ ਜੀ,

ਕੱਲ ਸਵੇਰੇ ਪੰਜ ਵਜੇ ਜ਼ਰੂਰੀ ਤੌਰ 'ਤੇ ਵਕਾਲਤ ਲੁਧਿਆਣਾ ਦੇ ਮੁਹੱਰਿਰ ਦੇ ਬਿਨੈ-ਪੱਤਰ ਦੀ ਨਕਲ ਇਸ ਦਾਸ ਕੋਲ ਪੁੱਜੀ ਜਿਸ ਰਾਹੀਂ ਇਹ ਸੂਚਨਾ ਦਿੱਤੀ ਹੋਈ ਸੀ ਕਿ ਕੋਈ ਇੱਕ ਸੌ ਕੂਕੇ ਇੱਕਠੇ ਹੋ ਕੇ ਆਪਣੇ ਜਥੇਦਾਰਾਂ ਹੀਰਾ ਸਿੰਘ ਤੇ ਲਹਿਣਾ ਸਿੰਘ ਪਿੰਡ ਸਕਰੌਦੀ ਇਲਾਕਾ ਸਰਕਾਰ, ਨਾਲ ਸਤਿਗੁਰੂ ਕੋਲ ਗਏ ਸਨ ਤੇ ਫਿਰ ਉੱਥੋਂ ਤਿਤਰ-ਬਿਤਰ ਹੋ ਕੇ ਇਲਾਕਾ ਸਾਹਿਬਗੜ੍ਹ ਵੱਲ ਨੂੰ ਗ਼ਲਤ ਇਰਾਦੇ ਨਾਲ ਜਾ ਰਹੇ ਹਨ। ਸ਼ਾਹੀ ਮੁਨਸ਼ੀ ਖ਼ਾਨਾ ਵਲੋਂ ਹੁਕਮ ਲਿਖਿਆ ਹੋਇਆ ਸੀ ਕਿ ਇਨ੍ਹਾਂ ਕੂਕਿਆਂ ਦਾ ਪ੍ਰਬੰਧ ਕੀਤਾ ਜਾਵੇ ਤੇ ਇਨ੍ਹਾਂ ਦਾ ਹਾਲ ਦਰਿਆਫ਼ਤ ਕੀਤਾ ਜਾਵੇ ਤੇ ਇਸ ਤਰ੍ਹਾਂ ਦੀ ਇੱਕ ਨਕਲ ਨਿਜ਼ਾਮਤ ਵਿੱਚ ਆਈ।

ਦਾਸ ਨੇ ਉਸ ਮੁਤਾਬਿਕ ਆਪਣਾ ਇੱਕ ਭਰੋਸੇ ਯੋਗ ਵਿਅਕਤੀ ਥਾਣੇ ਦੇ ਸਿਪਾਹੀ ਨਾਲ ਕੂਕਿਆਂ ਦਾ ਹਾਲ ਦਰਿਆਫ਼ਤ ਕਰਨ ਅਤੇ ਸਕਰੌਦੀ ਤੇ ਦਿਆਲਗੜ੍ਹ ਦੇ ਪਿੰਡਾਂ ਦੇ ਕੂਕਿਆਂ ਨੂੰ ਹਾਜ਼ਿਰ ਲਿਆਉਣ ਵਾਸਤੇ ਭੇਜਿਆ। ਉਹ ਕੂਕੇ ਅੱਜ ਹਾਜ਼ਿਰ ਆਏ ਤੇ ਬਾਅਜ਼ੇ (ਕੁਝ) ਨਾਲ ਲਗਦੇ ਪਿੰਡਾਂ ਵਿੱਚ ਗਏ ਹਨ ਤੇ ਬਿਮਾਰ ਹਨ।

**ਪਿੰਡ ਸਕਰੌਦੀ ਦੇ ਕੂਕੇ :-**

1) ਉਧਮ ਸਿੰਘ ਪੁੱਤਰ ਦਸੌਂਦਾ ਸਿੰਘ
2) ਖੜਕ ਸਿੰਘ ਪੁੱਤਰ ਬਿਸ਼ਨ ਸਿੰਘ ਨੰਬਰਦਾਰ
3) ਮਨਸਬਦਾਰ ਸਿੰਘ ਪੁੱਤਰ ਰਣ ਸਿੰਘ
4) ਨਿਹਾਲ ਸਿੰਘ ਪੁੱਤਰ ਮਾਨ੍ਹਾ ਸਿੰਘ
5) ਸ਼ੇਰ ਸਿੰਘ ਪੁੱਤਰ ਨਿਹਾਲ ਸਿੰਘ

**ਪਿੰਡ ਦਿਆਲਗੜ੍ਹ ਦੇ ਕੂਕੇ :-**

1) ਲਹਿਣਾ ਸਿੰਘ ਹੇੜੀ
2) ਕਾਲਾ ਸਿੰਘ ਹੇੜੀ
3) ਦੀਵਾਨ ਸਿੰਘ ਤਖਾਣ ਬੀਮਾਰ ਹੈ।
4) ਬੂਟਾ ਸਿੰਘ ਗੜ੍ਹੀ ਆਲੋ ਹਰਖ ਗਿਆ ਹੋਇਆ ਹੈ।
5) ਮਹਿਤਾਬ ਸਿੰਘ ਪੁੱਤਰ ਦੀਵਾਨ ਤਖਾਣ ਪਿੰਡ ਘਰਾਚੋਂ ਕੰਮ ਕਰਦਾ ਹੈ।

---

ਇਨ੍ਹਾਂ ਤੋਂ ਬਿਨਾਂ ਅਨੂਪ ਸਿੰਘ ਤੇ ਲਹਿਣਾ ਸਿੰਘ ਪੁੱਤਰਾਨ ਮਹਿਤਾਬ ਸਿੰਘ ਅਤੇ ਖ਼ੁਦ ਮਹਿਤਾਬ ਸਿੰਘ ਤੇ ਮਹਿਤਾਬ ਸਿੰਘ ਦਾ ਭਤੀਜਾ ਹੀਰਾ ਸਿੰਘ ਤੇ ਮਿੱਤ ਸਿੰਘ ਚੂਹੜਾ ਵਾਸੀ ਸਕਰੌਦੀ ਆਪਣੇ ਘਰ ਬਾਰ ਤੇ ਜ਼ਮੀਨਾਂ ਵੇਚ ਕੇ ਤੇ ਨਿਹੰਗ ਹੋ ਕੇ ਆਪਣੇ ਬੀਵੀ ਬੱਚਿਆਂ ਸਮੇਤ ਸਤਿਗੁਰੂ ਕੋਲ ਭੈਣੀ ਵਿਖੇ ਚਲੇ ਗਏ ਹਨ। ਕੇਵਲ ਹੀਰਾ ਸਿੰਘ ਦੀ ਮਾਤਾ ਤੇ ਉਸ ਦੀ ਪਤਨੀ ਉਹਦੇ ਨਾਲ ਨਹੀਂ ਗਈਆਂ ਅਤੇ ਉਸ ਦੀ ਜ਼ਮੀਨ ਘਰ ਫ਼ਰੋਖਤ ਨਹੀਂ ਹੋਇਆ। ਬੇਸ਼ੱਕ ਇਹ ਲੋਕ ਫ਼ਸਾਦੀ ਹਨ ਪਰ ਇਹ ਸਾਡੇ ਪਿੰਡ ਨੂੰ ਬਿਲਕੁਲ ਛੱਡ ਗਏ। **ਭੂਪ ਸਿੰਘ, ਵਰਿਆਮ ਸਿੰਘ ਤੇ ਬਸਾਵਾ ਸਿੰਘ ਕੌਮ ਹੇੜੀ ਪਿੰਡ ਦਿਆਲਗੜ, ਕੋਈ ਇੱਕ ਮਹੀਨੇ ਤੋਂ ਭੈਣੀ ਗਏ ਹਨ ਤੇ ਸਤਿਗੁਰੂ ਦੀ ਸੇਵਾ ਵਿੱਚ ਹਾਜ਼ਿਰ ਹਨ।** ਦਸੌਂਦਾ ਸਿੰਘ ਤੇ ਅਲਬੇਲ ਸਿੰਘ ਦੋਵੇਂ ਖ਼ਾਸ ਭਵਾਨੀਗੜ੍ਹ ਦੇ ਹਨ। ਇਹ ਕੂਕੇ ਹਨ। ਅਲਬੇਲ ਸਿੰਘ ਮੇਲੇ ’ਤੇ ਗਿਆ ਸੀ ਤੇ ਅੱਜ ਵਾਪਸ ਆਇਆ ਹੈ।

-ਬਸ-

ਸੋ ਇਨ੍ਹਾਂ ਹਾਜ਼ਿਰ ਕੂਕਿਆਂ ਨੂੰ ਪੇਸ਼ ਕਰਦਾ ਹਾਂ। ਜਿਵੇਂ ਮੁਨਾਸਿਬ ਹੋਵੇ ਇੰਤਜ਼ਾਮ ਕੀਤਾ ਜਾਵੇ। ਇਸ ਦਾਸ ਨੇ ਇਨ੍ਹਾਂ ਨੂੰ ਹਰ ਤਰ੍ਹਾਂ ਨਾਲ ਸਮਝਾ ਦਿੱਤਾ ਹੈ ਕਿ ਉਹ ਆਪਣੇ ਕੋਲ ਕੂਕਿਆਂ ਨੂੰ ਇੱਕਠੇ ਨਾ ਹੋਣ ਦੇਣ। ਲਹਿਣਾ ਸਿੰਘ, ਹੀਰਾ ਸਿੰਘ, ਅਨੂਪ ਸਿੰਘ, ਮਿੱਤ ਸਿੰਘ ਤੇ ਮਹਿਤਾਬ ਸਿੰਘ ਜਦੋਂ ਆਉਣ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਵਾ ਦੇਣ।

ਸੋ ਜਿਸ ਤਰ੍ਹਾਂ ਮੁਨਾਸਿਬ ਹੋਵੇ ਤਜਵੀਜ਼ ਕੀਤਾ ਜਾਵੇ।

---

## ਨਿਜ਼ਾਮਤ ਜ਼ਿਲ੍ਹਾ ਕਰਮਗੜ੍ਹ ਦੇ ਫ਼ੌਜਦਾਰੀ ਮਹਿਕਮੇ ਵਲੋਂ :-

ਅੱਜ ਕੂਕਿਆਂ ਦੇ ਸਾਹਮਣੇ ਇਹ ਬਿਨੈ-ਪੱਤਰ ਪੇਸ਼ ਹੋ ਕੇ ਸੁਣਿਆ ਗਿਆ ਤਾਂ ਪਤਾ ਲਗਿਆ ਕਿ ਹੀਰਾ ਸਿੰਘ ਤੇ ਲਹਿਣਾ ਸਿੰਘ, ਜਿਨ੍ਹਾਂ ਬਾਰੇ ਮਹਿਕਮਾ ਮੁਨਸ਼ੀ ਖ਼ਾਨੇ ਵਾਲੇ ਦਰਿਆਫ਼ਤ ਕਰਦੇ ਹਨ, ਪਿੰਡ ਤੋਂ ਗੈਰ -ਹਾਜ਼ਰ ਹਨ ਅਤੇ ਘਰ ਬਾਰ ਵੇਚ ਕੇ ਪਿੰਡੋਂ ਨਿਕਲ ਗਏ ਹਨ ਬਲਕਿ ਉਨ੍ਹਾਂ ਨਾਲ ਲਹਿਣਾ ਸਿੰਘ ਦਾ ਭਾਈ ਅਨੂਪ ਸਿੰਘ ਤੇ ਉਨ੍ਹਾਂ ਦੇ ਬਾਪ ਮਹਿਤਾਬ ਸਿੰਘ ਤੇ ਮਿੱਤ ਸਿੰਘ ਖ਼ਾਕਰੋਬ ਵੀ ਇਸੇ ਤਰ੍ਹਾਂ ਨਿਕਲ ਗਏ ਹਨ। ਇਹ ਫ਼ਸਾਦੀ ਫ਼ਸਾਦ ਪਾਉਣ ਦੇ ਇਰਾਦੇ ਨਾਲ ਗਏ ਹੋਏ ਪ੍ਰਤੀਤ ਹੁੰਦੇ ਹਨ। ਇਨ੍ਹਾਂ ਨੇੜ-ਦ੍ਰਿਸ਼ਟ ਕੂਕਿਆਂ ਤੋਂ ਬਹੁਤ ਦੂਰ ਦੀ ਗੱਲ ਹੈ ਕਿ ਇਹ ਫ਼ਸਾਦ ਨਾ ਕਰਨ। ਇਨ੍ਹਾਂ ਦਾ ਇੰਤਜ਼ਾਮ ਕਰਨਾ ਵਾਜ਼ਿਬ ਹੈ। ਜਿਹੜੇ ਲੋਕ ਥਾਣੇਦਾਰ ਰਾਹੀਂ ਸਾਡੇ ਸਾਹਮਣੇ ਆਏ ਉਨ੍ਹਾਂ ਨੂੰ ਬਹੁਤ ਚੰਗੀ ਤਰ੍ਹਾਂ ਮੁਨਾਸਿਬ ਢੰਗ ਨਾਲ ਸਮਝਾ ਦਿੱਤਾ ਹੈ ਕਿ ਉਹ ਕਿਸੇ ਕਿਸਮ ਦਾ ਫ਼ਤੂਰ ਪਾਉਣ ਦੇ ਭਾਗੀ ਨਾ ਬਣਨ, ਆਪਣੀ ਥਾਂ ਤੋਂ ਕਿਸੇ ਹੋਰ ਥਾਂ ਨਾ ਜਾਣ ਪਰ ਇਨ੍ਹਾਂ ਦੀ ਗ੍ਰਿਫ਼ਤਾਰੀ ਮਹਿਕਮਾ ਮੁਨਸ਼ੀ ਵਾਲਿਆਂ ਤੋਂ ਪੁੱਛੇ ਬਿਨਾਂ ਮੁਨਾਸਿਬ ਨਾ ਸਮਝਕੇ ਅਜੇ ਇਨ੍ਹਾਂ ਨੂੰ ਤੋਰ ਦਿੱਤਾ ਹੈ। ਅੱਗੋਂ ਨੂੰ ਜਿਵੇਂ ਤਹਾਨੂੰ ਠੀਕ ਲੱਗੇ ਉਸ ਬਾਰੇ ਸੂਚਿਤ ਕੀਤਾ ਜਾਵੇ।

## ਹੁਕਮ ਹੋਇਆ ਕਿ

ਥਾਣੇਦਾਰ ਦੇ ਬਿਨੈ-ਪੱਤਰ ਦੀ ਨਕਲ ਇਤਲਾਹ ਵਜੋਂ ਤੇ ਜਵਾਬ ਦੇ ਤੌਰ 'ਤੇ ਮਹਿਕਮਾ ਮੁਨਸ਼ੀ ਖ਼ਾਨਾ ਵਾਲਿਆਂ ਦੀ ਸੇਵਾ ਵਿੱਚ ਭੇਜ ਕੇ ਬੇਨਤੀ ਹੈ ਕਿ ਇਸ ਬਾਰੇ ਜਿਵੇਂ ਤੁਹਾਡੀ ਮਰਜ਼ੀ ਹੋਵੇ ਉਸ ਦੀ ਵੇਰਵੇ ਸਹਿਤ ਇਤਲਾਹ ਬਖ਼ਸ਼ੀ ਜਾਵੇ ਜੀ।

5 ਮਾਘ 1928
(16 ਜਨਵਰੀ 1872)

## ਹੁਕਮ ਹੋਇਆ ਕਿ

ਜਵਾਬ ਲਿਖਿਆ ਜਾਵੇ ਕਿ ਜਿਹੜੇ ਲੋਕ ਇਸ ਮੇਲੇ ਤੋਂ ਵਾਪਸ ਆਏ ਹਨ ਜਿਨ੍ਹਾਂ ਚਿਰ ਉਹ ਆਪਣੀ ਇਸ ਵਾਰਦਾਤ ਵਿੱਚ ਸ਼ਾਮਿਲ ਨਾ ਹੋਣ ਦੀ ਸਫ਼ਾਈ ਨਾ ਦੇਣ, ਉਨ੍ਹਾਂ ਚਿਰ ਉਹ ਗ੍ਰਿਫ਼ਤਾਰ ਕਰਕੇ ਹਵਾਲਾਤ ਵਿੱਚ ਰੱਖੇ ਜਾਣ।

17 ਜਨਵਰੀ 1872.

ਜਿਹੜੇ ਲੋਕ ਮੇਲੇ ਤੋਂ ਵਾਪਸ ਨਹੀਂ ਆਏ ਉਨ੍ਹਾਂ ਦੀ ਤਲਾਸ਼ ਕੀਤੀ ਜਾਵੇ। ਇਸ ਦੀ ਨਕਲ ਇਤਲਾਹ ਵਜੋਂ ਮੁੱਖ ਅਦਾਲਤ ਵਿੱਚ ਭੇਜੀ ਜਾਵੇ ਅਤੇ ਇੱਕ ਨਕਲ ਵਕੀਲ ਗੌਰਮਿੰਟ ਪੰਜਾਬ ਤੇ ਲੁਧਿਆਣਾ ਕੋਲ ਭੇਜੀ ਜਾਵੇ।

---

## ਮਹਿਕਮਾ ਨਿਜ਼ਾਮਤ ਜ਼ਿਲ੍ਹਾ ਅਮਰਗੜ੍ਹ ਤੋਂ

ਵਕੀਲ ਲੁਧਿਆਣਾ ਦੇ ਬਿਨੈ-ਪੱਤਰ, ਦੇ ਮੁਤਾਬਿਕ ਕੱਲ ਫ਼ਤਿਹਗੜ੍ਹ, ਖਮਾਣੋਂ ਤੇ ਸਾਹਿਬਗੜ੍ਹ ਦੇ ਥਾਣੇਦਾਰਾਂ ਨੂੰ ਲਿਖਿਆ ਗਿਆ ਸੀ ਕਿ ਉਹ ਕੂਕਿਆਂ ਦਾ ਪ੍ਰਬੰਧ ਕਰਨ। ਸ਼ੇਖ ਸ਼ਮੀਮ ਉੱਲਾਹ ਸਿਆਹ ਨਵੀਸ (ਕਲਰਕ) ਤਹਿਸੀਲ ਸਾਹਿਬਗੜ੍ਹ ਨੂੰ ਵੀ, ਜਿਹੜਾ ਦੋ ਦਿਨਾਂ ਤੋਂ ਹਿਸਾਬ ਦੇ ਨਕਸ਼ੇ (ਵੇਰਵੇ) ਠੀਕ ਕਰਨ ਵਾਸਤੇ ਇੱਥੇ ਆਇਆ ਹੋਇਆ ਸੀ ਉਸ ਨੂੰ ਅਜਿਹਾ ਇੰਤਜ਼ਾਮ ਕਰਨ ਵਾਸਤੇ ਇਲਾਕਾ ਸਾਹਿਬਗੜ੍ਹ ਵੱਲ ਸਵਾਰ ਕਰਵਾਇਆ ਗਿਆ ਸੀ। ਉਪ੍ਰੋਕਤ ਸਿਆਹ ਨਵੀਸ ਤੋਂ ਕੂਕਿਆਂ ਦੇ ਮਲੌਦ ਤੇ ਕੋਟਲਾ ਅਸਥਾਨਾਂ ’ਤੇ ਫ਼ਸਾਦ ਪਾਉਣ ਦੇ ਹਾਲ ਦਾ ਸਾਫ਼ ਪਤਾ ਲੱਗਿਆ ਕਿ ਖ਼ੁਦਾ ਦੀ ਮਿਹਰ ਤੇ ਸਰਕਾਰ ਪਟਿਆਲਾ ਦੇ ਸਦੀਵੀਂ ਤੇਜ ਪ੍ਰਤਾਪ ਸਦਕਾ ਸਰਕਾਰ ਪਟਿਆਲਾ ਦੇ ਇਲਾਕੇ ’ਚ ਹਰ ਪ੍ਰਕਾਰ ਨਾਲ ਅਮਨ ਅਮਾਨ ਰਿਹਾ ਅਤੇ ਇਨ੍ਹਾਂ ਕੂਕਿਆਂ ਵਲੋਂ ਕਿਸੇ ਕਿਸਮ ਦਾ ਕੋਈ ਫ਼ਸਾਦ ਨਹੀਂ ਪਾਇਆ ਗਿਆ। ਬਹੁਤੇ ਕੂਕੇ ਲੋਕ ਤਿੰਨ ਅਸਥਾਨਾਂ ’ਤੇ ਰਹਿੰਦੇ ਹਨ। ਪਹਿਲਾ, ਪਿੰਡ ਭੈਣੀ ਸਾਹਿਬ ਵਿਖੇ ਜੋ ਇਲਾਕਾ ਇਸ ਨਿਜ਼ਾਮਤ ਤੋਂ ਜ਼ਿਆਦਾ ਨੇੜੇ ਹੈ, ਦੂਜੇ ਪਿੰਡ ਖ਼ਮਾਣੋਂ ਖਾਸ ਜੋ ਇਸ ਨਿਜ਼ਾਮਤ ਨਾਲ ਸੰਬੰਧਤ ਹੈ, ਤੀਜੇ ਸਕਰੌਦੀ ਤਅੱਲੁਕਾ ਭਵਾਨੀਗੜ੍ਹ ਵਿਖੇ।

ਇੰਤਜ਼ਾਮ ਤੇ ਦੂਰ ਅੰਦੇਸ਼ੀ ਨੂੰ ਮੁੱਖ ਰਖਦੇ ਹੋਏ ਇੱਕ ਰਿਸਾਲਾ ਸਵਾਰਾਂ, ਪਿਆਦਿਆਂ ਦੀ ਇੱਕ ਕੰਪਨੀ ਸਮੇਤ ਕਾਰਤੂਸ ਆਦਿ ਜੰਗੀ ਚੀਜ਼ਾਂ ਦਾ ਇਸ ਨਿਜ਼ਾਮਤ ’ਚ ਹੋਣਾ ਵਾਜਿਬ ਹੈ। ਰਿਸਾਲਾ ਤੇ ਕੰਪਨੀ ਦੇ ਪੁੱਜਣ ਤੱਕ ਅਜੇ ਇਸ ਤਰ੍ਹਾਂ ਦਾ ਪ੍ਰਬੰਧ ਕਰਨਾ ਮੁਨਾਸਿਬ ਹੈ ਕਿ ਬਾਰਾਂ ਅਸਥਾਨਾਂ ਤੇ ਨਿਯੁਕਤ ਸੜਕ ਰਾਹਦਾਰੀ ਵਾਲੇ ਕੁਮੇਦਾਨ (ਫ਼ੌਜ ਦਾ ਇਕ ਅਹੁਦੇਦਾਰ) ਸਮੇਤ ਕਿਸੇ ਕਦਰ ਸਿਪਾਹੀ ਰਾਹਦਾਰੀ ਨਿਜ਼ਾਮਤ ਦੇ ਖ਼ਜਾਨੇ ਦੀ ਰਾਖੀ ਵਾਸਤੇ ਇੱਥੇ ਬੁਲਾ ਲਏ ਜਾਣ। ਭਾਵੇਂ ਖ਼ਜਾਨਾ ਪਟਿਆਲਾ ਨੂੰ ਰਵਾਨਾ ਹੋ ਚੁੱਕਿਆ ਹੈ ਤਾਂ ਵੀ ਖ਼ਜਾਨੇ ਦੀ ਸੁਰੱਖਿਆ ਰੱਖਣੀ ਵਾਜਿਬ ਹੈ। ਥਾਣੇਦਾਰਾਂ ਤੇ ਤਹਿਸੀਲਦਾਰਾਂ ਨੂੰ ਇਸ ਇੰਤਜ਼ਾਮ ਵਾਸਤੇ ਤਾਕੀਦ ਕੀਤੀ ਜਾਣੀ ਚਾਹੀਦੀ ਹੈ। ਇਸ ਗੱਲ ਨੂੰ ਮੁੱਖ ਰੱਖਦੇ ਹੋਏ ਕੁਮੇਦਾਨ ਨੂੰ ਲਿਖਿਆ ਜਾਵੇ ਕਿ ਉਹ ਇਸ ਹੁਕਮ ਪੁੱਜਣ ਉਪ੍ਰੰਤ ਰਾਹਦਾਰੀ ਵਾਲੇ ਅੱਧੇ ਸਿਪਾਹੀਆਂ ਨੂੰ ਸੜਕ ਰਾਹਦਾਰੀ ਦੀ ਹਿਫ਼ਾਜ਼ਤ ਵਾਸਤੇ ਸੜਕ ’ਤੇ ਛੱਡ ਕੇ ਬਾਰਾਂ ਪੜਾਵਾਂ ਦੇ ਬਾਕੀ ਬਚਦੇ ਅੱਧੇ ਸਿਪਾਹੀਆਂ ਨੂੰ ਆਪਣੇ ਨਾਲ ਲੈ ਕੇ ਖ਼ਜ਼ਾਨੇ ਆਦਿ ਦੀ ਸੁਰੱਖਿਆ ਲਈ ਇੱਥੇ ਹਾਜ਼ਿਰ ਹੋ ਜਾਵੇ ਅਤੇ ਫ਼ਤਿਹਗੜ੍ਹ ਦੇ ਥਾਣੇਦਾਰ ਨੂੰ ਲਿਖਿਆ ਜਾਵੇ ਕਿ ਉਹ ਜ਼ਾਤੀ ਤੌਰ’ ਤੇ ਥਾਣੇ ’ਚ ਨਿਯੁਕਤ ਸਵਾਰਾਂ, ਸਿਪਾਹੀਆਂ ਤੇ ਚੌਕੀਦਾਰਾਂ ਆਦਿ ਨੂੰ ਨਾਲ ਲੈ ਕੇ ਮੁਸਾਫ਼ਿਰਾਂ ਦੇ ਆਉਣ ਜਾਣ ਵਾਲੀ ਸੜਕ, ਰਾਹਦਾਰੀ ਤੇ ਖ਼ਾਸ ਸਰਮਦ (ਕਿਲੇ) ਦੀ ਹਰ ਸਮੇਂ ਰੌਂਦ ਗਸ਼ਤ ਰੱਖੇ ਅਤੇ ਸਰਮਦ ਦੇ ਚੋਗਮਾਰਾਂ ਨੂੰ ਸ਼ਹਿਰ ਦੀ ਰੌਂਦ ਗਸ਼ਤ ਕਰਨ ਲਈ ਸਖ਼ਤ ਤਾਕੀਦ ਕਰ ਦੇਵੇ ਤੇ ਹਦਾਇਤ ਕਰ ਦੇਵੇ ਕਿ ਦਿਨ ਵੇਲੇ ਕੁੱਲ ਚੋਗਮਾਰ ਹਥਿਆਰਬੰਦ ਹੋ ਕੇ ਕਿਲਾ ਸਰਮਦ ਮੁਕਾਮ ਥਾਣਾ ਵਿੱਚ ਹਰ ਵੇਲੇ ਮੌਜੂਦ ਰਿਹਾ ਕਰਨ ਤੇ ਰਾਤ ਨੂੰ ਹਥਿਆਰਬੰਦ ਹੋ ਕੇ ਚੰਗੀ ਤਰ੍ਹਾਂ ਰੌਂਦ ਗਸ਼ਤ ਕਰਨ ਵਿੱਚ ਸਰਗਰਮ ਰਿਹਾ ਕਰਨ। ਥਾਣੇਦਾਰ ਇਹ ਵੀ ਖਿਆਲ ਰੱਖੇ ਕਿ ਕੂਕਾ ਲੋਕ ਮਜਮੇਂ ਦੇ ਤੌਰ ’ ਤੇ ਨਾਜਾਇਜ਼ ਇੱਕਠੇ ਨਾ ਹੋ ਸਕਣ ਤੇ ਹਰ ਸਮੇਂ ਇਸ ਦੀ ਇਤਲਾਹ ਦਿੱਤੀ ਜਾਵੇ। ਕਿਉਂਕਿ ਨਬੀ ਖ਼ਾਨ (ਤਹਿਸੀਲਦਾਰ ਫਤਿਹਗੜ੍ਹ) ਖਮਾਣੋਂ ਨੂੰ ਗਿਆ ਹੋਇਆ ਹੈ ਇਸ ਲਈ ਨਬੀ ਖ਼ਾਨ ਨੂੰ ਵੀ ਲਿਖਿਆ ਜਾਵੇ ਕਿ ਉਹ ਨਿੱਜੀ ਤੌਰ ’ਤੇ ਖ਼ਮਾਣੋਂ ਦੇ ਥਾਣੇਦਾਰ ਤੇ ਥਾਣੇ ਤੇ ਸਿਪਾਹੀਆਂ ਤੇ ਤਹਿਸੀਲ ਦੇ ਕੁਝ ਸਿਪਾਹੀਆਂ ਨੂੰ ਖ਼ਾਸ ਖ਼ਮਾਣੋਂ ਤੇ ਤਾਅੱਲੁਕੇ ਦੇ ਪਿੰਡ ’ਚ ਚੰਗੀ ਤਰ੍ਹਾਂ ਰੌਂਦ ਗਸ਼ਤ ਕਰਨ ਲਈ ਭੇਜੇ ਅਤੇ ਖ਼ੁਦ ਇੰਤਜ਼ਾਮ ਕਰਨ ਲਈ ਅਜੇ ਖ਼ਮਾਣੋਂ ਹੀ ਠਹਿਰਿਆ ਰਹੇ। ਅਜਿਹੇ ਉਜੱਡ ਫ਼ਿਰਕੇ ਨੂੰ ਕਤਈ ਇੱਕਠਾ ਨਾ ਹੋਣ ਦੇਵੇ ਅਤੇ ਸਮੇਂ-ਸਮੇਂ ’ਤੇ ਇਸ ਦੀ ਖ਼ੁਫ਼ੀਆ ਤੌਰ ’ਤੇ ਐਲਾਨੀਆ ਇਤਲਾਹ ਦਿੰਦਾ ਰਹੇ।

## ਲੁਕਿਆ ਸੱਚ

---

ਥਾਣੇਦਾਰ ਸਾਹਿਬਗੜ੍ਹ ਨੂੰ ਲਿਖਿਆ ਜਾਵੇ ਕਿ ਜਿੰਨੇ ਰਾਹਦਾਰੀ ਵਾਲੇ ਸਿਪਾਹੀ ਤਾਅੱਲੁਕਾ ਤਾਂ ਸਾਹਿਬਗੜ੍ਹ ਵਿੱਚ ਨਿਯੁੱਕਤ ਹਨ, ਉਨ੍ਹਾਂ ਵਿੱਚੋਂ ਅੱਧਿਆਂ ਨੂੰ ਸੜਕ ਰਾਹਦਾਰੀ 'ਤੇ ਨਿਯੁਕਤ ਰੱਖ ਕੇ ਅੱਧੇ ਸਿਪਾਹੀਆਂ ਨੂੰ ਰੌਂਦ ਗਸ਼ਤ ਵਾਸਤੇ ਤੇ ਖ਼ਾਸ ਸਾਹਿਬਗੜ੍ਹ ਦੇ ਇੰਤਜ਼ਾਮ ਦੀ ਨਿਗਰਾਨੀ ਕਰਨ ਲਈ ਹਦਾਇਤ ਕਰ ਦੇਵੇ ਤੇ ਖ਼ੁਦ ਥਾਣੇ ਦੇ ਸਵਾਰਾਂ, ਸਿਪਾਹੀਆਂ ਤੇ ਚੋਰਮਾਰਾਂ ਆਦਿ ਸਮੇਤ ਹਰ ਸਮੇਂ ਰੌਂਦ ਗਸ਼ਤ ਦੀ ਕੋਸ਼ਿਸ਼ ਕਰੇ ਤੇ ਹਰਗਿਜ਼ ਅਵੇਸਲਾ ਨਾ ਹੋਵੇ।

ਇਸ ਨਿਜ਼ਾਮਤ ਦੇ ਸਾਰੇ ਥਾਣੇਦਾਰਾਂ ਤੇ ਤਹਿਸੀਲਦਾਰਾਂ ਨੂੰ ਲਿਖਿਆ ਜਾਵੇ ਕਿ ਉਹ ਵੀ ਨਿੱਜੀ ਤੌਰ 'ਤੇ ਆਪਣੇ ਸਿਪਾਹੀਆਂ ਤੇ ਛਾਟਵੇਂ ਚੌਕੀਦਾਰਾਂ ਸਮੇਤ ਪੂਰੀ ਦਿਲਜਮੀ (ਦਿਲ ਦੇ ਟਿਕਾਅ ਜਾਂ ਤਸੱਲੀ ਨਾਲ) ਨਾਲ ਇਲਾਕੇ 'ਚ ਰੌਂਦ ਗਸ਼ਤ ਕਰਨ ਵਿੱਚ ਪੂਰੀ ਵਾਹ ਲਾਉਣ। **ਜਿਸ ਥਾਂ ਇਹ ਕੂਕੇ ਲੋਕ ਇੱਕਠੇ ਹੋਣ ਉਨ੍ਹਾਂ ਨੂੰ ਖਿੰਡਾ-ਪੁੰਡਾ ਦੇਣ ਤੇ ਇਸ ਗੱਲ ਦੀ ਚੰਗੀ ਤਰ੍ਹਾਂ ਨਿਗਰਾਨੀ ਤੇ ਇੰਤਜ਼ਾਮ ਕਰਨ ਅਤੇ ਸਮੇਂ-ਸਮੇਂ ਸਿਰ ਹਮੇਸ਼ਾ ਇਤਲਾਹ ਦਿੰਦੇ ਰਹਿਣ।**

ਇਸ ਦੀ ਇੱਕ ਨਕਲ ਮਹਿਕਮਾ ਮੁੱਖ ਅਦਾਲਤ 'ਚ ਭੇਜ ਕੇ ਇੱਕ ਨਕਲ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨਾ 'ਚ ਜਨਾਬ ਪ੍ਰਧਾਨ ਮੰਤਰੀ ਸਾਹਿਬ ਬਹਾਦੁਰ ਦੀ ਸੇਵਾ 'ਚ ਪੇਸ਼ ਕੀਤੀ ਜਾਵੇ ਤੇ ਬੇਨਤੀ ਕੀਤੀ ਜਾਵੇ ਕਿ ਜੇ ਉਹ ਕੁਝ ਦਿਨਾਂ ਵਾਸਤੇ ਪਿਆਦਾ ਸਿਪਾਹੀਆਂ ਦੀ ਇੱਕ ਕੰਪਨੀ ਤੇ ਸਵਾਰਾਂ ਦਾ ਇੱਕ ਰਿਸਾਲਾ ਕਾਰਤੂਸਾਂ ਆਦਿ ਸਮੇਤ ਮੁਨਾਸਿਬ ਸਮਝਦੇ ਹੋਏ ਇਸ ਜਗ੍ਹਾ ਨਿਯੁਕਤ ਕਰ ਦੇਣ ਤਾਂ ਬਹੁਤ ਚੰਗੀ ਗੱਲ ਹੋਵੇਗੀ। ਨਾਲੇ ਕਿਸੇ ਕਦਰ ਸਵਾਰ ਸਿਪਾਹੀ, ਜਿਹੜੇ 15 ਤੋਂ ਘੱਟ ਨਾ ਹੋਣ, ਰੌਂਦ ਗਸ਼ਤ ਕਰਨ ਤੇ ਇਲਾਕੇ ਦੇ ਇੰਤਜ਼ਾਮ ਵਾਸਤੇ ਹਰੇਕ ਥਾਣੇ 'ਚ ਨਿਯੁਕਤ ਹੋਣੇ ਚਾਹੀਦੇ ਹਨ। ਇੱਕ ਹਾਥੀ ਦਾ ਵੀ ਇੱਥੇ ਆ ਜਾਣਾ ਮੁਨਾਸਿਬ ਹੈ ਕਿਉਂਕਿ ਸ਼ਾਇਦ ਕਿਸੇ ਵੇਲੇ ਇਲਾਕੇ ਦੇ ਦੌਰੇ 'ਤੇ ਜਾਣ ਦਾ ਮੌਕਾ ਬਣ ਜਾਵੇ।

ਇਸ ਸਮੇਂ ਤੱਕ ਸਿਆਹ ਨਵੀਸ ਦੇ ਇਸ ਬਿਨੈ-ਪੱਤਰ ਵਰਗੀ ਅਸਲ ਹਾਲਤ ਦੀ ਹੋਰ ਕੋਈ ਸਹੀ ਖ਼ਬਰ ਵਕੀਲ ਲੁਧਿਆਣਾ ਵੱਲੋਂ ਜਾਂ ਮਹਿਕਮਾਂ ਸ਼ਾਹੀ ਮੁਨਸ਼ੀ ਖ਼ਾਨੇ ਰਾਹੀ ਪ੍ਰਾਪਤ ਨਹੀਂ ਹੋਈ, ਇਸ ਵਾਸਤੇ ਦੂਰ ਅੰਦੇਸ਼ੀ ਨੂੰ ਮੱਦੇ ਨਜ਼ਰ ਰੱਖਦੇ ਹੋਏ ਉਪ੍ਰੋਕਤ ਸਿਆਹ ਨਵੀਸ ਦੀ ਲਿਖਤ ਅਨੁਸਾਰ ਇਸ ਇੰਤਜ਼ਾਮ ਸੰਬੰਧੀ, ਜਿਸ ਦੀ ਵਿਆਖਿਆ ਉੱਪਰ ਦੱਸੀ ਗਈ ਹੈ, ਅਮਲ 'ਚ ਲਿਆਉਣਾ ਮੁਨਾਸਿਬ ਸਮਝਿਆ ਗਿਆ ਹੈ। ਉਸਤਤ ਯੋਗ ਹਜ਼ੂਰ ਨੂੰ ਵਕਤ ਦੀ ਮੰਗ ਅਨੁਸਾਰ ਜੋ ਕੁਝ ਠੀਕ ਲੱਗੇ ਉਸ ਤੋਂ ਜਾਣੂ ਕਰਾਉਣ ਦਾ ਮਾਣ ਬਖ਼ਸ਼ਣ ਤਾਂ ਕਿ ਉਸ ਦੇ ਮੁਤਾਬਿਕ ਅਮਲ ਕੀਤਾ ਜਾਵੇ। ਇਨ੍ਹਾਂ ਦਿਨਾਂ ਵਿੱਚ ਮੀਰ ਨਿਆਜ਼ ਅਲੀ ਸਾਹਿਬ ਦੌਰੇ 'ਦੇ ਤੌਰ 'ਤੇ ਇਲਾਕੇ 'ਚ ਤਸ਼ਰੀਫ਼ ਰੱਖਦੇ ਹਨ। ਇਸ ਬਿਨੈ-ਪੱਤਰ ਦੀ ਨਕਲ ਉਨ੍ਹਾਂ ਕੋਲ ਵੀ ਸੂਚਨਾ ਹਿਤ ਭੇਜੀ ਜਾਵੇ।

16 ਜਨਵਰੀ 1872 ਈ:
5 ਮਾਘ 1928
ਸਮਾਂ 3 ਵਜੇ ਦਿਨ ਦੇ –

**ਹੁਕਮ ਹੋਇਆ ਕਿ**

ਇਸ ਦੀ ਨਕਲ ਵਕੀਲ ਗੌਰਮਿੰਟ ਕੋਲ ਇਤਲਾਹ ਦੇ ਤੌਰ 'ਤੇ ਭੇਜੀ ਜਾਵੇ।

17 ਜਨਵਰੀ 1872.

------------------------------------------------------------

## ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੂੰ, ਅਲਾਉਦੀਨ (ਥਾਣੇਦਾਰ) ਭਵਾਨੀਗੜ੍ਹ ਵਲੋਂ ਲਿਖਿਆ ਗਿਆ ਖੱਤ

ਗਰੀਬ ਪਰਵਰ! ਸਲਾਮਤ!

ਸ੍ਰੀ ਮਾਨ ਜੀ,

ਵਕਾਲਤ ਲੁਧਿਆਣਾ ਦੇ ਮੁਹੱਰਿਰ ਦੇ ਬਿਨੈ-ਪੱਤਰ ਦੀ ਨਕਲ ਕੱਲ ਸਵੇਰੇ ਇਸ ਦਾਸ ਕੋਲ ਪੁੱਜੀ ਜਿਸ ਉੱਤੇ ਸ਼ਾਹੀ ਮੁਨਸ਼ੀ ਖ਼ਾਨੇ ਦਾ ਜ਼ਰੂਰੀ ਹੁਕਮ ਲਿਖਿਆ ਹੋਇਆ ਸੀ ਕਿ ਪਿੰਡ ਸਕੌਂਰਦੀ ਇਲਾਕਾ ਭਵਾਨੀਗੜ੍ਹ ਦੇ ਕੂਕਿਆਂ ਬਾਰੇ ਪਤਾ ਕਰ ਕੇ ਦੱਸੋ। ਸੋ ਇਸ ਦਾਸ ਨੇ ਉਸੇ ਵੇਲੇ ਆਪਣੇ ਇੱਕ ਭਰੋਸੇਯੋਗ ਵਿਅਕਤੀ ਅਤੇ ਥਾਣੇ ਦੇ ਇੱਕ ਸਿਪਾਹੀ ਨੂੰ ਹੀਰਾ ਸਿੰਘ ਤੇ ਲਹਿਣਾ ਸਿੰਘ ਤੇ ਹੋਰ ਕੂਕਿਆਂ ਦਾ ਹਾਲ ਦਰਿਆਫ਼ਤ ਕਰਨ ਲਈ ਪਿੰਡ ਸਕਰੌਦੀ ਨੂੰ ਭੇਜਿਆ, ਨਾਲੇ ਉਨ੍ਹਾਂ ਨੂੰ ਪਿੰਡ ਦਿਆਲਗੜ੍ਹ ਜਾਣ ਲਈ ਵੀ ਕਿਹਾ ਕਿਉਂਕਿ ਉੱਥੇ ਵੀ ਕੂਕੇ ਰਹਿੰਦੇ ਹਨ।

ਪਿੰਡ ਸਕਰੌਦੀ ਤੋਂ ਊਧਮ ਸਿੰਘ ਪੁੱਤਰ ਦਸੌਂਧਾ ਸਿੰਘ, ਖੜਕ ਸਿੰਘ ਨੰਬਰਦਾਰ, ਮਨਸਬਦਾਰ ਸਿੰਘ ਪੁੱਤਰ ਰਣ ਸਿੰਘ ਅਤੇ ਨਿਹਾਲ ਸਿੰਘ ਪੁੱਤਰ ਮਾਨ੍ਹਾ ਸਿੰਘ ਕੂਕੇ ਹਾਜ਼ਿਰ ਆਏ ਅਤੇ ਉਨ੍ਹਾਂ ਨੇ ਬਿਆਨ ਕੀਤਾ ਕਿ "ਕੋਈ ਸਤਾਰਾਂ ਅਠਾਰਾਂ ਦਿਨਾਂ ਤੋਂ ਅਨੂਪ ਸਿੰਘ ਤੇ ਲਹਿਣਾ ਸਿੰਘ ਪੁੱਤਰਾਨ ਮਹਿਤਾਬ ਸਿੰਘ, ਮਹਿਤਾਬ ਸਿੰਘ, ਮਹਿਤਾਬ ਸਿੰਘ ਦਾ ਭਤੀਜਾ ਹੀਰਾ ਸਿੰਘ ਅਤੇ ਮਿੱਤ ਸਿੰਘ ਖ਼ਾਕਰੋਬ (ਚੂਹੜਾ) ਸਕਰੌਦੀ ਦੇ ਕੂਕੇ ਆਪਣੇ ਘਰ ਤੇ ਜ਼ਮੀਨਾਂ ਵੇਚ ਕੇ ਆਪਣੇ ਬੀਵੀ ਬੱਚਿਆਂ ਸਮੇਤ ਸਤਿਗੁਰੂ ਕੋਲ ਭੈਣੀ ਵਿਖੇ ਚਲੇ ਗਏ ਹਨ। ਹੀਰਾ ਸਿੰਘ ਨੇ ਅਜਿਹਾ ਨਹੀਂ ਕੀਤਾ ਕਿਉਂਕਿ ਉਸ ਦੀ ਮਾਤਾ ਤੇ ਔਰਤ ਨੇ ਉਸ ਨੂੰ ਘਰ ਤੇ ਜ਼ਮੀਨ ਵੇਚਣ ਨਹੀਂ ਦਿੱਤੀ ਤੇ ਨਾ ਉਹ ਆਪਣੇ ਜਥੇ ਦੇ ਨਾਲ ਗਿਆ। ਮਹਿਤਾਬ ਸਿੰਘ ਤੋਂ ਬਿਨਾਂ ਇਹ ਚਾਰੇ ਆਦਮੀ ਫ਼ਸਾਦੀ ਹਨ, ਇਹ ਕਿਸੇ ਥਾਂ ਜ਼ਰੂਰ ਫ਼ਸਾਦ ਪਾਉਣਗੇ। ਸਾਡੇ ਪਿੰਡ ਵਿੱਚ ਵੀ ਹੀਰਾ ਸਿੰਘ ਤੇ ਲਹਿਣਾ ਸਿੰਘ ਨੇ ਪਹਿਲਾਂ ਫ਼ਸਾਦ ਕੀਤਾ ਸੀ। ਹੁਣ ਪਤਾ ਨਹੀਂ ਉਹ ਕਿਥੇ ਗਏ ਹਨ। ਇਨ੍ਹਾਂ ਤੋਂ ਬਿਨਾਂ ਸਾਡੇ ਪਿੰਡ ਵਿੱਚ ਕੋਈ ਫ਼ਸਾਦੀ ਨਹੀਂ ਹੈ। ਸ਼ੇਰ ਸਿੰਘ ਪੁੱਤਰ ਨਿਹਾਲ ਸਿੰਘ ਪਹਿਲਾਂ ਕੂਕਾ ਸੀ ਤੇ ਹੁਣ ਉਹ ਨਰਾਇਣਗੜ੍ਹ ਰਹਿੰਦਾ ਹੈ।"

**ਪਿੰਡ ਦਿਆਲਗੜ੍ਹ ਤੋਂ ਲਹਿਣਾ ਸਿੰਘ ਹੇੜੀ, ਕਾਨ੍ਹਾ ਸਿੰਘ ਹੇੜੀ ਤੇ ਬੂਟਾ ਸਿੰਘ ਹੇੜੀ ਹਾਜ਼ਿਰ ਆਏ।** ਦੀਵਾਨ ਸਿੰਘ ਨੱਜਾਰ (ਤਰਖਾਣ) ਬੀਮਾਰ ਸੀ। ਮਹਿਤਾਬ ਸਿੰਘ ਪੁੱਤਰ ਦੀਵਾਨ ਸਿੰਘ ਤਰਖਾਣ ਪਿੰਡ ਘਰਾਚੋਂ ਵਿਖੇ ਮਜ਼ਦੂਰੀ ਕਰਦਾ ਹੈ। **ਭੂਪ ਸਿੰਘ, ਵਰਿਆਮ ਸਿੰਘ, ਬਸਾਵਾ ਸਿੰਘ ਕੌਮ ਹੇੜੀ ਕਰਮਵਾਰ ਉਮਰ 16, 14, ਤੇ 12 ਬਰਸ, ਇੱਕ ਮਹੀਨੇ ਤੋਂ ਸਤਿਗੁਰੂ ਦੇ ਲੰਗਰ ਭੈਣੀ ਸਾਹਿਬ ਵਿਖੇ ਰਹਿੰਦੇ ਹਨ।**

ਇਸ ਦਾਸ ਨੇ ਇਹ ਦਰਿਆਫ਼ਤ ਕਰ ਲਹਿਣਾ ਸਿੰਘ, ਹੀਰਾ ਸਿੰਘ, ਅਨੂਪ ਸਿੰਘ, ਮਹਿਤਾਬ ਸਿੰਘ ਜੱਟ ਤੇ ਮਿੱਤ ਸਿੰਘ ਖ਼ਾਕਰੋਬ ਜ਼ਰੂਰ ਫ਼ਸਾਦ ਪਾਉਣ ਦੇ ਇਰਾਦੇ ਨਾਲ ਇੱਥੋਂ ਨਿਕਲ ਗਏ ਤੇ ਭੈਣੀ ਸਾਹਿਬ ਨੂੰ ਚਲੇ ਗਏ। ਇਨ੍ਹਾਂ ਹਾਜ਼ਿਰ ਆਦਮੀਆਂ ਨੂੰ ਬਿਨੈ-ਪੱਤਰ ਰਾਹੀਂ ਜਨਾਬ ਨਾਜ਼ਿਮ ਸਾਹਿਬ ਦੀ ਸੇਵਾ ਵਿੱਚ ਪੇਸ਼ ਕਰ ਦਿੱਤਾ ਕਿ ਇਨ੍ਹਾਂ ਬਾਰੇ ਜੋ ਹੁਕਮ ਹੋਵੇ ਉਸ ਤੋਂ ਇਸ ਦਾਸ ਨੂੰ ਜਾਣੂ ਕਰਵਾਇਆ ਜਾਵੇ ਤਾਂ ਕਿ ਇਹ ਲੋਕ ਅੱਗੋਂ ਨੂੰ ਕਿਸੇ ਪ੍ਰਕਾਰ ਦਾ ਇੱਕਠ ਨਾ ਕਰਨ ਅਤੇ ਜਿਸ ਸਮੇਂ ਲਹਿਣਾ ਸਿੰਘ ਤੇ ਹੀਰਾ ਸਿੰਘ ਆਉਣ ਇਹ ਲੋਕ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਵਾ ਦੇਣ। ਸੋ ਜਨਾਬ ਨਾਜ਼ਿਮ ਸਾਹਿਬ ਨੇ ਇਨ੍ਹਾਂ ਨੂੰ ਇਸ ਤਰ੍ਹਾਂ ਦਾ ਅਹਿਸਾਸ ਕਰਾ ਦਿੱਤਾ। ਇਹ ਦਾਸ ਵੀ ਇਨ੍ਹਾਂ ਦੀ ਨਿਗਰਾਨੀ ਰੱਖੇਗਾ। ਅੱਜ ਤੋਂ ਪੰਜਵੇਂ ਦਿਨ ਦਾ ਜ਼ਿਕਰ ਹੈ ਕਿ ਲੋਹੜੀ ਦੇ ਮੇਲੇ 'ਤੇ ਸਤਿਗੁਰੂ ਕੋਲ ਭੈਣੀ ਵਿਖੇ ਬਹੁਤ ਆਦਮੀ ਇੱਕਠੇ ਹੋਏ ਸਨ।

# ਲੁਕਿਆ ਸੱਚ

---

ਅਲਬੇਲ ਸਿੰਘ ਤੇ ਦਸੌਂਧਾ ਸਿੰਘ ਦੋ ਜ਼ਿਮੀਂਦਾਰ ਖ਼ਾਸ ਭਵਾਨੀਗੜ੍ਹ ਦੇ ਕੂਕੇ ਹਨ। ਅਲਬੇਲ ਸਿੰਘ ਇਸ ਮੇਲੇ 'ਤੇ ਗਿਆ ਸੀ ਤੇ ਅੱਜ ਵਾਪਸ ਆਇਆ ਹੈ। ਇਨ੍ਹਾਂ ਨੂੰ ਵੀ ਜਤਾਅ ਦਿੱਤਾ ਹੈ ਕਿ ਉਹ ਹੁਕਮ ਤੋਂ ਬਿਨਾਂ ਕਿਤੇ ਨਾ ਜਾਣ।

ਪਿੰਡ ਸਕਰੌਂਦੀ ਦੇ ਕੂਕਿਆਂ ਵਿੱਚੋਂ ਊਧਮ ਸਿੰਘ ਤੇ ਮਨਸਬਦਾਰ ਸਿੰਘ ਦਾ ਤੌਰ ਤਰੀਕਾ ਇਸ ਦਾਸ ਨੂੰ ਚੰਗਾ ਪ੍ਰਤੀਤ ਨਹੀਂ ਹੁੰਦਾ। ਉਨ੍ਹਾਂ ਬਾਰੇ ਜਦੋਂ ਵੀ ਦਰਿਆਫ਼ਤ ਹੋਇਆ ਦੱਸਿਆ ਜਾਵੇਗਾ। ਇਸ ਬਾਰੇ ਇੱਕ ਵੇਰਵੇ ਸਹਿਤ ਬਿਨੈ-ਪੱਤਰ ਇਸ ਦਾਸ ਨੇ ਕੱਲ ਦੀ ਤਰੀਕ ਵਿੱਚ ਨਿਜ਼ਾਮਤ ਰਾਹੀਂ ਭੇਜਿਆ ਹੈ ਜਿਹੜਾ ਤੁਹਾਡੀ ਨਿਗਾਹ ਵਿੱਚੋਂ ਲੰਘੇਗਾ।

ਦਾਸ
ਅਲਾਉੱਦੀਨ,
ਥਾਣੇਦਾਰ ਭਵਾਨੀਗੜ੍ਹ।

16 ਜਨਵਰੀ 1872 ਈ:
5 ਮਾਘ 1928

ਇਹ ਵੀ ਦਰਿਆਫ਼ਤ ਹੋਇਆ ਕਿ ਪਰਸੋਂ ਤੇ ਚੌਥੇ ਕੂਕਿਆਂ ਦੇ ਇੱਕ ਟੋਲੇ ਨੇ ਮਲੌਦ ਤੇ ਕੋਟਲਾ ਮਾਲੇਰ ਵਿਖੇ ਫ਼ਸਾਦ ਕੀਤਾ, ਬਹੁਤ ਸਾਰੇ ਆਦਮੀ ਮਾਰੇ ਗਏ ਤੇ ਜ਼ਖ਼ਮੀ ਹੋਏ ਅਤੇ ਸੱਠ ਸੱਤਰ ਆਦਮੀ ਮੀਰ ਨਿਆਜ਼ ਅਲੀ ਸਾਹਿਬ ਨਾਇਬ ਨਾਜ਼ਿਮ ਨੇ ਸ਼ੇਰਪੁਰ ਵਿਖੇ ਗ੍ਰਿਫ਼ਤਾਰ ਕੀਤੇ ਹਨ। ਪਿੰਡ ਸਕਰੌਂਦੀ ਤੇ ਦਿਆਲਗੜ੍ਹ ਦੇ ਹਾਜ਼ਿਰ ਹੋਏ ਵਿਅਕਤੀ ਵੀ ਮੇਲੇ 'ਚ ਸਤਿਗੁਰੂ ਕੋਲ ਗਏ ਸਨ ਤੇ ਕੱਲ ਪਰਸੋਂ ਵਾਪਸ ਆਏ ਹਨ। ਹੁਣ ਤੱਕ ਕੋਈ ਪਤਾ ਨਹੀਂ ਲੱਗਾ ਕਿ ਇਹ ਲੋਕ ਵੀ ਵਾਰਦਾਤ ਵਿੱਚ ਸ਼ਾਮਿਲ ਸਨ ਜਾਂ ਨਹੀਂ।

ਸੂਚਨਾ ਵਜੋਂ ਬੇਨਤੀ ਕੀਤੀ।

ਦਾਸ
ਅਲਾਉੱਦੀਨ

# 6. ਕੂਕਿਆਂ ਦੇ ਜੱਥੇ ਨੂੰ ਗ੍ਰਿਫਤਾਰ ਕਰਨ ਬਾਰੇ

**ਲੋੜਵੰਦ 'ਤੇ ਮਿਹਰਬਾਨੀ ਕਰਨ ਵਾਲੇ ਜਨਾਬ ਨਾਜ਼ਿਮ ਸਾਹਿਬ ਜ਼ਿਲ੍ਹਾ ਅਮਰਗੜ੍ਹ !**

**ਸਲਾਮਤ,**

ਸਲਾਮ ਅਰਜ਼ ਕਰਨ ਮਗਰੋਂ ਅਸਲੀ ਗੱਲ ਵੱਲ ਆਉਂਦਾਂ ਹਾਂ ਕਿ ਅੱਜ ਕੋਈ ਦਿਨ ਦੇ 11 ਵਜੇ ਪਿੰਡ ਰੜ ਤਾਅੱਲੁਕਾ ਸ਼ੇਰਪੁਰ ਦਾ ਵਾਸੀ ਇੱਕ ਜ਼ਿਮੀਂਦਾਰ ਘੋੜੇ 'ਤੇ ਚੜ੍ਹਿਆ ਮੇਰੇ ਕੋਲ ਆਇਆ। ਮੈਂ ਕੱਲ ਇੱਥੇ ਦੌਰੇ 'ਤੇ ਆਇਆ ਹੋਇਆ ਸੀ। ਉਸ ਨੇ ਦੱਸਿਆ ਕਿ "ਸੌ ਡੇਢ ਸੌ ਕੂਕੇ ਕੋਟਲੇ ਵਲੋਂ ਜ਼ਖ਼ਮੀ ਹਾਲਤ ਵਿੱਚ ਜੰਗ ਕਰਦੇ ਹੋਏ ਸਾਡੇ ਪਿੰਡ ਤੋਂ ਥੋੜੀ ਦੂਰੀ 'ਤੇ ਆ ਗਏ ਹਨ, ਉਨ੍ਹਾਂ ਲੋਕਾਂ ਨੇ ਬਹੁਤ ਰੌਲਾ ਰੱਪਾ ਪਾਇਆ ਹੋਇਆ ਹੈ।"

ਇਹ ਗੱਲ ਸੁਣਦੇ ਸਾਰ ਇਹ ਦਾਸ, ਰਤਨ ਸਿੰਘ ਤੇ ਉਤੱਮ ਸਿੰਘ (ਸਵਾਰਾਂ ਦੇ ਜਮਾਦਾਰਾਂ) ਸਮੇਤ ਕਿਲਾ ਸ਼ੇਰਪੁਰ ਵੱਲ ਰਵਾਨਾ ਹੋ ਗਿਆ। ਅਜੇ ਥੋੜ੍ਹੀ ਦੂਰ ਹੀ ਗਿਆ ਹੋਵਾਂਗਾ ਕਿ ਮਸਤਾਨ ਅਲੀ ਮੁਹੱਰਿਰ ਫ਼ੌਜਦਾਰੀ ਨਿਆਬਤ, ਸਵਾਰ ਹੋ ਕੇ ਮੈਨੂੰ ਜਾ ਮਿਲਿਆ। ਮੁੱਕਦੀ ਗੱਲ, ਮੈਂ ਬਹੁਤ ਤੇਜ਼ੀ ਨਾਲ ਘੋੜਿਆਂ ਨੂੰ ਦੌੜਾ ਕੇ ਉਪ੍ਰੋਕਤ ਪਿੰਡ, ਜਿਹੜਾ ਸ਼ੇਰਪੁਰ ਤੋਂ ਚਾਰ ਕੋਹ ਦੇ ਪੈਂਡੇ 'ਤੇ ਸਥਿਤ ਹੈ, ਜਾ ਪੁੱਜਾ। ਰਸਤੇ ਵਿੱਚ ਦੇਖਿਆ ਕਿ ਇਸ ਪਿੰਡ ਦੇ ਸਾਰੇ ਲੋਕ ਪਿੰਡ ਛੱਡ ਕੇ ਜੰਗਲ 'ਚ ਲੁਕੇ ਬੈਠੇ ਹਨ। ਦਰਿਆਫ਼ਤ ਕਰਨ ਤੋਂ ਉਨ੍ਹਾਂ ਲੋਕਾਂ ਨੇ ਉਹ ਗੱਲ ਬਿਆਨ ਕੀਤੀ ਜਿਹੜੀ ਘੋੜ-ਸਵਾਰ ਨੇ ਆ ਕੇ ਦੱਸੀ ਸੀ। ਮੈਂ ਪਿੰਡ ਤੋਂ ਪੂਰਬ ਵਾਲੇ ਪਾਸੇ ਜਾ ਕੇ ਵੇਖਦਾ ਹਾਂ ਕਿ ਜੰਗਲ ਵਿੱਚ ਲੋਕਾਂ ਦਾ ਬਹੁਤ ਇਕੱਠ ਹੈ ਅਤੇ ਬਹੁਤ ਸਾਰੇ ਆਦਮੀ ਜ਼ਖ਼ਮੀ ਹੋਏ ਪਏ ਹਨ। ਪਿੰਡ ਵਿੱਚ ਕੋਈ ਆਦਮੀ ਨਹੀਂ ਸੀ ਜਿਸ ਨੂੰ ਨਾਲ ਲਿਆ ਜਾਂਦਾ। ਮੈਂ ਮਜਬੂਰ ਹੋ ਕੇ ਜੁਰੱਅਤ ਨਾਲ ਆਪਣੇ ਸਾਥੀਆਂ ਸਮੇਤ ਉਨ੍ਹਾਂ ਲੋਕਾਂ ਕੋਲ ਪੁੱਜਾ। ਉਸ ਵੇਲੇ ਇਹ ਹਾਲ ਸੀ ਕਿ ਇਹ ਲੋਕ ਸਾਨੂੰ ਜਿਉਂਦਾ ਨਹੀ ਛੱਡਣਗੇ। ਕੂਕਾ ਲੋਕ ਸਾਡੇ ਵੱਲ ਨੰਗੀਆਂ ਤਲਵਾਰਾਂ ਲੈ ਕੇ ਆ ਪੁੱਜੇ। ਜਦੋਂ ਉਹ ਕੋਈ ਚਾਲੀ ਪੰਜਾਹ ਕਦਮ ਦੇ ਫ਼ਾਸਲੇ 'ਤੇ ਪੁੱਜੇ ਤਾਂ ਅਸੀਂ ਆਪਣੇ ਘੋੜੇ ਹੌਲੀ ਕਰ ਲਏ।

ਉਪ੍ਰੋਕਤ ਕੂਕੇ, ਜਿਵੇਂ ਕਿ ਉਨ੍ਹਾਂ ਦੀ ਆਦਤ ਹੈ, ਵਾਹੀ ਤਬਾਹੀ ਉੱਚੀ ਉੱਚੀ ਬਕਣ ਲੱਗ ਪਏ। ਉਨ੍ਹਾਂ ਵਿੱਚ ਬਾਅਜ਼ੇ (ਕੁਝ) ਕਹਿੰਦੇ ਸਨ ਕਿ ਅਸੀਂ ਕੋਟਲਾ ਵਾਲਿਆਂ ਨਾਲ ਜੰਗ ਕੀਤਾ ਹੈ, ਇਨ੍ਹਾਂ ਨਾਲ ਵੀ ਲੜਨਾ ਚਾਹੀਦਾ ਹੈ ਨਹੀਂ ਤਾਂ ਇਹ ਲੋਕ ਕਹਿਣਗੇ ਕਿ ਕੂਕੇ ਮੇਰੀ ਸਰਕਾਰ ਤੋਂ ਡਰ ਗਏ। ਬਾਅਜ਼ੇ (ਕੁਝ) ਹੌਲੀ ਹੌਲੀ ਸਮਝਾਉਂਦੇ ਸਨ ਪਰ ਸਾਨੂੰ ਸੁਣਾਈ ਨਹੀਂ ਦਿੱਤਾ। ਅੰਦਾਜ਼ਾ ਹੈ ਕਿ ਇਹ ਲੋਕ ਕੋਟਲਾ ਦੇ ਫ਼ਸਾਦ 'ਚ ਸ਼ਾਮਿਲ ਸਨ। ਉਹ ਸਾਡੇ ਚਾਰ ਚੁਫ਼ੇਰੇ ਖੜ੍ਹੇ ਹੋ ਗਏ। ਅਸੀਂ ਲਾਚਾਰ ਹੋ ਕੇ ਦੂਰੋਂ ਹੀ ਆਪਣੀਆਂ ਆਪਣੀਆਂ ਤਲਵਾਰਾਂ ਸੰਭਾਲ ਕੇ ਖੜ੍ਹੋ ਗਏ। ਉਹ ਲੋਕ ਆਪਸ ਵਿੱਚ ਉੱਚੀ ਉੱਚੀ ਉਸੇ ਤਰ੍ਹਾਂ ਦੀ ਗੁਫ਼ਤਗੂ ਕਰਦੇ ਰਹੇ।*

ਨੋਟ: *ਇਸੇ ਪੁਸਤਕ ਵਿਚੋਂ ਪੜ੍ਹੋ -ਥੇਹ ਤੇ ਬਰਛੀ ਗੱਡ ਕੇ ਸਰਦਾਰ ਹੀਰਾ ਸਿੰਘ ਨੇ ਆਖਿਆ (ਪੰਨਾ:ਨੰ: 40)
*ਇਸੇ ਪੁਸਤਕ ਵਿਚੋਂ ਪੜ੍ਹੋ- ਸ਼ਹੀਦੀ ਜੱਥੇ ਦੇ ਸਿੰਘਾਂ ਨੇ ਆਪ ਆਪਣੀਆਂ ਗ੍ਰਿਫਤਾਰੀਆਂ ਦਿੱਤੀਆਂ (ਪੰਨਾ:ਨੰ: 41)

---

ਇਸੇ ਦੌਰਾਨ ਸਰਦਾਰ ਪੰਜਾਬ ਸਿੰਘ ਰਾਏਪੁਰੀਆ, ਪਰਤਾਪ ਸਿੰਘ ਸਮੇਤ ਆਪਣੀਆਂ ਦੋਨਾਲੀ ਬੰਦੂਕਾਂ ਨਾਲ ਲੈਸ ਮੇਰੇ ਕੋਲ ਪੁੱਜ ਗਏ। ਮੈਂ ਉਨ੍ਹਾਂ ਦੇ ਬਾਪ ਦਾਦੇ ਦਾ ਨਾਮ ਵੀ ਨਹੀਂ ਜਾਣਦਾ ਸੀ ਤੇ ਨਾ ਉਹ ਮੇਰੇ ਵਾਕਿਫ਼ ਸਨ। ਪੁੱਛਣ 'ਤੇ ਉਨ੍ਹਾਂ ਨੇ ਬਿਆਨ ਕੀਤਾ ਕਿ ਰਾਏਪੁਰ, ਸ਼ੇਰਪੁਰ ਤੇ ਰੜ ਦੇ ਵਿਚਕਾਰ ਰਸਤੇ ਤੋਂ ਕੁਝ ਥੋੜ੍ਹੇ ਫ਼ਾਸਲੇ 'ਤੇ ਹਟਵਾਂ ਸਥਿਤ ਹੈ। ਸਾਨੂੰ ਪਤਾ ਲੱਗਿਆ ਹੈ ਕਿ ਇਸ ਤਰ੍ਹਾਂ ਨਾਇਬ ਨਾਜ਼ਿਮ ਲੋਕਾਂ ਦੇ ਮੁਕਾਬਲੇ ਲਈ ਗਿਆ ਹੈ ਇਸ ਲਈ ਅਸੀਂ ਫ਼ੌਰਨ ਤੁਹਾਡੇ ਕੋਲ ਪੁੱਜ ਗਏ ਹਾਂ। ਮੈਂ ਇਨ੍ਹਾਂ ਦੋਹਾਂ ਸਾਹਿਬਾਨ ਦੀ ਪ੍ਰਸ਼ੰਸਾ ਨਹੀਂ ਕਰ ਸਕਦਾ ਜਿਹੜੇ ਜੁਰੱਅਤ ਕਰਕੇ ਸਾਡੇ ਸਹਾਇਕ ਹੋਏ।

ਮੁਕਦੀ ਗੱਲ ਅਸੀਂ ਕੂਕਿਆਂ ਨੂੰ ਇਹ ਗੱਲ ਕਹੀ ਕਿ ਸਾਡੀ ਤੁਹਾਡੀ ਜ਼ਿੰਦਗੀ ਇਸੇ ਵਿੱਚ ਹੈ ਕਿ ਤੁਸੀਂ ਸਾਨੂੰ ਹਥਿਆਰ ਦੇ ਦਿਓ ਨਹੀਂ ਤਾਂ ਤੁਹਾਡੀਆ ਜਾਨਾਂ ਜਾਂਦੀਆਂ ਰਹਿਣਗੀਆਂ। ਫ਼ਿਰ ਕੂਕਿਆਂ ਨੇ ਕਿਹਾ ਕਿ ਅਸੀਂ ਹਥਿਆਰ ਨਹੀਂ ਦਿੰਦੇ।

ਮਜਬੂਰੀਵਸ ਕਿਹਾ ਨਹੀਂ ਜਾਂਦਾ ਹੈ ਕਿ ਇਹ ਸਰਕਾਰ ਦੇ ਤੇਜ ਪਰਤਾਪ ਦੀ ਖ਼ੂਬੀ ਹੈ ਕਿ ਉਨ੍ਹਾਂ ਨੇ ਸਾਡੇ ਸਾਹਮਣੇ ਹਥਿਆਰ ਸੁੱਟ ਦਿੱਤੇ। ਉਨ੍ਹਾਂ ਲੋਕਾਂ ਕੋਲ ਪੰਦਰਾਂ ਤਲਵਾਰਾਂ, ਗੰਡਾਸੇ ਤੇ ਕੁਹਾੜੇ ਆਦਿ ਸਨ ਜਿਹੜੇ ਮੈਂ ਫ਼ੌਰਨ ਘੋੜੀ 'ਤੋਂ ਉਤਰ ਕੇ ਲੈ ਲਏ ਅਤੇ ਆਪਣੇ ਨਿੱਜੀ ਆਦਮੀ ਕਾਸਿਮ ਅਲੀ ਨੂੰ ਸੌਂਪ ਦਿੱਤੇ ਜਿਹੜਾ ਰਾਏਪੁਰੀਏ ਸਰਦਾਰਾਂ ਮਗਰੋਂ ਟੱਟੂ 'ਤੇ ਸਵਾਰ ਹੋ ਕੇ ਪੁੱਜ ਗਿਆ ਸੀ। ਉਸ ਨੂੰ ਕਹਿ ਦਿੱਤਾ ਕਿ ਉਹ ਇਨ੍ਹਾਂ ਹਥਿਆਰਾਂ ਨੂੰ ਪਿੰਡ 'ਚ ਲੈ ਜਾ ਕੇ ਕਿਸੇ ਮਕਾਨ ਵਿੱਚ ਲੁਕੋ ਦੇਵੇ।

ਫਿਰ ਮੈਂ ਇਨ੍ਹਾਂ ਸਾਰੇ ਲੋਕਾਂ ਨੂੰ ਲੈ ਕੇ ਪਿੰਡ 'ਚ ਆਇਆ। ਮੈਂ ਪਿੰਡ 'ਚ ਆ ਕੇ ਦੇਖਦਾ ਹਾਂ ਕਿ ਮਹਿਤਾਬ ਸਿੰਘ ਦੇ ਘਰ ਵਿੱਚ ਕਈ ਕੂਕੇ ਛੁਪੇ ਹੋਏ ਹਨ। ਉਨ੍ਹਾਂ ਵਿੱਚੋਂ ਦੋ ਤਿੰਨ ਜ਼ਖ਼ਮੀ ਸਨ। ਮੈਂ ਉਨ੍ਹਾਂ ਨੂੰ ਵੀ ਬਾਹਰੋਂ ਆਏ ਕੂਕਿਆਂ 'ਚ ਸ਼ਾਮਲ ਕਰਕੇ ਜਦੋਂ ਗਿਣਤੀ ਕੀਤੀ ਤਾਂ ਇਹ ਸਾਰੇ ਕੂਕੇ 68 ਆਦਮੀ ਸਨ।

ਇਸੇ ਅਰਸੇ ਵਿੱਚ ਥਾਣੇਦਾਰ ਵੀ ਮੌਕੇ 'ਤੇ ਪੁੱਜ ਗਿਆ। ਥਾਣੇਦਾਰ ਮੇਰੇ ਨਾਲ ਹੀ ਜਾਂਦਾ ਪਰ ਉਸ ਵੇਲੇ ਥਾਣੇ ਵਿੱਚ ਮੌਜੂਦ ਨਹੀਂ ਸੀ, ਪਿੰਡ ਹੰਸਪੁਰ ਕਿਸੇ ਕੇਸ ਦੇ ਸੰਬੰਧ ਵਿੱਚ ਗਿਆ ਹੋਇਆ ਸੀ। ਉੱਥੇ ਥਾਣੇਦਾਰ ਨੂੰ ਪਤਾ ਚੱਲਿਆ ਸੀ ਕਿ ਕੋਟਲੇ ਵੱਲ ਕੂਕਿਆਂ ਦਾ ਦੰਗਾ ਹੋਇਆ ਹੈ। ਉਹ ਇਲਾਕੇ ਦੀ ਨਿਗਰਾਨੀ ਵਾਸਤੇ ਉਸ ਪਾਸੇ ਆਇਆ ਹੋਇਆ ਸੀ। ਉਸ ਨੂੰ ਰਸਤੇ 'ਚ ਮੇਰੇ ਜਾਣ ਦੀ ਖ਼ਬਰ ਲੱਗੀ। ਫਿਰ ਥਾਣੇਦਾਰ ਤੋਂ ਪਲਟਣ ਦੇ ਤਿੰਨ ਸਿਪਾਹੀ, ਜਿਨ੍ਹਾਂ ਨੂੰ ਮੈਂ ਨਾਲ ਦੌਰੇ 'ਤੇ ਲਿਆਇਆ ਸੀ, ਕਿਲਾ ਸ਼ੇਰਪੁਰ ਦੇ ਸਾਰੇ ਸਿਪਾਹੀ, ਨਿਆਬਤ ਦੇ ਚਪੜਾਸੀ ਰਾਏ ਸਿੰਘ ਤੇ ਗੁੱਜਰ ਸਿੰਘ, ਥਾਣੇ ਦੇ ਕੁਝ ਸਿਪਾਹੀ, ਥਾਣੇ ਦਾ ਮੁਹੱਰਿਰ ਫੈਜ਼ ਬਖਸ਼ ਤੇ ਰਾਮ ਸਿੰਘ ਨੰਬਰਦਾਰ ਪੁੱਜ ਗਏ। ਭਾਵੇਂ ਉਨ੍ਹਾਂ ਦੇ ਮੁਕਾਬਲੇ 'ਚ ਸਾਡੇ ਕੋਲ ਲਾਓ ਲਸ਼ਕਰ ਘਟ ਸੀ ਪਰ ਸਾਡੇ ਆਦਮੀਆਂ ਨੇ ਉਨ੍ਹਾਂ ਨੂੰ ਬਹੁਤ ਜੁਰੱਅਤ ਤੇ ਦਲੇਰੀ ਨਾਲ ਘੇਰ ਲਿਆ।

ਉਨ੍ਹਾਂ ਤੋਂ ਲੜਾਈ ਦਾ ਹਾਲ ਪੁੱਛਿਆ ਗਿਆ। ਕੂਕਿਆਂ ਨੇ ਇਹ ਬਿਆਨ ਕੀਤਾ ਕਿ "ਅਸੀਂ ਕੱਲ ਰਾਤ ਮਲੌਦ ਵਿਖੇ ਆਏ। ਉੱਥੇ ਸਾਡਾ ਮਲੌਦ ਦੇ ਸਰਦਾਰ ਨਾਲ ਦੰਗਾ ਹੋਇਆ। ਅਸੀਂ ਉੱਥੋਂ ਇੱਕ ਘੋੜਾ ਖੋਹਿਆ। ਦੋ ਤਿੰਨ ਆਦਮੀ ਜ਼ਖ਼ਮੀ ਵੀ ਹੋਏ। ਫਿਰ ਅਸੀਂ ਉੱਥੋਂ ਅੱਜ ਸਵੇਰੇ ਕੋਟਲਾ ਪੁੱਜੇ। ਅਸੀਂ ਕੋਟਲੇ ਦੇ ਕਸਾਈਆਂ ਨੂੰ ਕਿਹਾ ਕਿ ਤੁਸੀਂ ਗਊਆਂ ਨੂੰ ਨਾ ਵੱਢਿਆ ਕਰੋ। ਉਹ ਮੰਨੇ ਨਹੀਂ ਜਿਸ ਸਦਕਾ ਦੰਗਾ ਹੋਇਆ। ਇਸੇ ਦੌਰਾਨ ਕੋਟਲੇ ਦੀ ਫ਼ੌਜ ਆ ਗਈ ਮੁੱਕਦੀ ਗੱਲ ਸਾਡੀ ਤੇ ਉਨ੍ਹਾਂ ਦੀ ਗਹਿ-ਗੱਚ ਲੜਾਈ ਹੋਈ। ਉਹ ਸਾਡੇ ਨਾਲ ਤਿੰਨ ਚਾਰ ਕੋਹ ਤੱਕ ਲੜਦੇ ਚਲੇ ਆਏ। ਅਸੀਂ ਉਨ੍ਹਾਂ ਦੀਆਂ ਹੀ ਤਲਵਾਰਾਂ ਖੋਹ ਕੇ ਉਨ੍ਹਾਂ ਨੂੰ ਮਾਰਿਆ। ਉਨ੍ਹਾਂ ਦੇ ਦਸ ਪੰਦਰਾਂ ਆਦਮੀ ਮਾਰੇ ਗਏ ਹੋਣਗੇ ਅਤੇ ਪੰਜ ਛੇ ਆਦਮੀ ਸਾਡੇ ਮਾਰੇ ਗਏ। ਹੁਣ ਤਾਂ ਅਸੀਂ ਗ੍ਰਿਫ਼ਤਾਰੀਆਂ ਦੇ ਕੇ ਸ਼ਹੀਦ ਹੀ ਹੋਣਾ ਹੈ।"

ਉਹ ਸਾਡੇ ਨਾਲ ਚੱਲਣ ਨੂੰ ਤਿਆਰ ਹੋ ਗਏ। ਜਿਹੜੇ ਜ਼ਿਆਦਾ ਕਰਕੇ ਜ਼ਖ਼ਮੀ ਸਨ ਉਨ੍ਹਾਂ ਨੂੰ ਤਾਂ ਮੰਜਿਆਂ ਤੇ ਦੌਲਿਆਂ 'ਚ ਲੱਦ ਕੇ, ਜਿਹੜੇ ਘੱਟ ਜ਼ਖ਼ਮੀ ਸਨ ਉਨ੍ਹਾਂ ਨੂੰ ਗੱਡਿਆਂ 'ਤੇ ਅਤੇ ਜਿਹੜੇ ਤੰਦਰੁਸਤ ਸਨ ਉਨ੍ਹਾਂ ਨੂੰ ਆਪਣੇ ਨਾਲ ਲੈ ਲਿਆ। ਇਨ੍ਹਾਂ ਵਿੱਚੋਂ 29 ਵਿਅਕਤੀ ਜ਼ਖ਼ਮੀ ਸਨ, ਉਨ੍ਹਾਂ ਨੂੰ ਗੱਡਿਆਂ ਤੇ ਲੱਦ ਕੇ ਲਿਆਏ। ਬਾਅਜ਼ਿਆਂ ਦੇ ਜ਼ਿਆਦਾ, ਬਾਅਜ਼ਿਆ ਦੇ ਘੱਟ, ਕਈ ਆਦਮੀਆਂ ਦੇ ਤਾਂ ਬੰਦੂਕਾਂ ਦੀਆਂ ਗੋਲੀਆਂ ਵੱਜੀਆਂ ਹੋਈਆਂ ਸਨ। ਬਹੁਤਿਆਂ ਦੇ ਤਲਵਾਰਾਂ ਦੇ

---

**ਜ਼ਖ਼ਮ ਸਨ। ਉਨ੍ਹਾਂ ਵਿੱਚੋਂ ਦੋ ਤਿੰਨ ਮਰਨ ਕਿਨਾਰੇ ਸਨ। ਇੱਕ ਆਦਮੀ ਦਾ ਹੱਥ ਪਹੁੰਚੇ ਨਾਲੋਂ ਬਿਲਕੁਲ ਕੱਟਿਆ ਹੋਇਆ ਸੀ।** ਇੱਕ ਘੋੜੀ ਉਨ੍ਹਾਂ ਕੋਲ ਹੈ ਜਿਹੜੀ ਬੰਦੂਕ ਦੀ ਗੋਲੀ ਲੱਗਣ ਨਾਲ ਜ਼ਖ਼ਮੀ ਹੋਈ ਹੈ। ਕੂਕੇ ਕਹਿੰਦੇ ਹਨ ਕਿ ਇਹ ਕੋਟਲੇ ਦੇ ਰਿਸਾਲਦਾਰ ਦੀ ਹੈ। ਉਪ੍ਰੋਕਤ ਕੂਕੇ ਇੱਕ ਥਾਂ ਦੇ ਨਹੀਂ ਹਨ ਬਲਕਿ ਭਿੰਨ-ਭਿੰਨ ਥਾਂਵਾਂ ਦੇ ਵਾਸੀ ਹਨ ਭਾਵ ਸ਼ੇਰਪੁਰ, ਅਨਾਹਦਗੜ੍ਹ, ਸਾਹਿਬਗੜ੍ਹ, ਸਿੱਧਪੁਰ, ਸੁਨਾਮ, ਭਵਾਨੀਗੜ੍ਹ, ਰਿਆਸਤ ਸਰਕਾਰ ਨਾਭਾ, ਸਰਕਾਰ ਜੀਂਦ, ਫ਼ਰੀਦਕੋਟ, ਕੋਟਲਾ, ਜ਼ਿਲਾ ਫ਼ਿਰੋਜ਼ਪੁਰ, ਲੁਧਿਆਣਾ, ਅੰਮ੍ਰਿਤਸਰ, ਅੰਬਾਲਾ ਤੇ ਸਿਰਸਾ ਆਦਿ ਇਲਾਕਿਆਂ ਦੇ ਵਾਸੀ ਹਨ।

ਅੱਜ ਸਾਰਾ ਦਿਨ ਮੀਂਹ ਪੈਂਦਾ ਰਿਹਾ ਤੇ ਵਕਤ ਘੱਟ ਸੀ। ਇਸ ਵੇਲੇ ਰਾਤ ਦੇ 10 ਵਜੇ ਹੋਣਗੇ ਕਿ ਮੈਂ ਇਨ੍ਹਾਂ ਲੋਕਾਂ ਨੂੰ ਲੈ ਕੇ ਸ਼ੇਰਪੁਰ ਪੁਜਾ ਅਤੇ ਪੂਰੀ ਹਿਫ਼ਾਜ਼ਤ ਨਾਲ ਕਿਲੇ 'ਚ ਆ ਗਿਆ। ਸਾਰੇ ਪਿੰਡ ਵਿੱਚ ਬਹੁਤ ਇੱਕਠ ਹੋ ਗਿਆ ਅਤੇ ਇਲਾਕੇ 'ਚ ਡਰ ਪੈਦਾ ਹੋ ਰਿਹਾ ਹੈ। ਇੱਥੇ ਇੰਨੀਆਂ ਬੇੜੀਆਂ ਨਹੀਂ ਹਨ ਕਿ ਇਨ੍ਹਾਂ ਨੂੰ ਲਾਈਆਂ ਜਾਣ, ਬੇੜੀਆਂ ਥੋੜ੍ਹੀਆਂ ਹਨ। ਇਹ ਵੀ ਠੀਕ ਨਹੀਂ ਕਿ ਥੋੜ੍ਹੇ ਜਿਹੇ ਆਦਮੀਆਂ ਦੇ ਲਾਈਆਂ ਜਾਣ। ਇਸ ਸਮੇਂ ਇੱਕ ਆਦਮੀ ਨਿਜ਼ਾਮਤ ਅਨਾਹਦਗੜ੍ਹ ਵੱਲ ਭੇਜਿਆ ਗਿਆ ਹੈ ਤੇ ਉੱਥੋਂ ਬੇੜੀਆਂ ਤੇ ਪਲਟਣ ਦੇ ਸਵਾਰ ਸਿਪਾਹੀ ਮੰਗਵਾਏ ਹਨ।

ਇਨ੍ਹਾਂ ਲੋਕਾਂ ਨਾਲ ਹੋਰ ਆਦਮੀ ਵੀ ਹੋਣਗੇ ਅਤੇ ਉਹ ਭਿੰਨ-ਭਿੰਨ ਥਾਵਾਂ ਨੂੰ ਚਲੇ ਗਏ ਹੋਣਗੇ ਅਤੇ ਉਨ੍ਹਾਂ ਦੀ ਤਲਾਸ਼ ਦੀ ਚਿੰਤਾ ਵੀ ਸਾਹਮਣੇ ਹੈ। ਪਿੰਡਾਂ ਵੱਲ ਅੱਡ ਅੱਡ ਆਦਮੀ ਤੇ ਪੁਲਿਸ ਦੇ ਅਹੁਦੇਦਾਰ ਰਵਾਨਾ ਕੀਤੇ ਜਾਣਗੇ। ਪਹਿਲੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਦੀ ਸੰਭਾਲ ਮੁਸ਼ਕਿਲ ਹੈ, ਦੂਜੇ ਸ਼ੇਰਪੁਰ ਵੱਲ ਬਹੁਤ ਕੂਕੇ ਰਹਿੰਦੇ ਹਨ, ਇਹ ਕੋਈ ਅਨੋਖੀ ਗੱਲ ਨਹੀਂ ਕਿ ਉਹ ਇਨ੍ਹਾਂ ਦੀ ਰਿਹਾਈ ਵਾਸਤੇ ਸਾਡੇ 'ਤੇ ਹਮਲਾ ਕਰ ਦੇਣ। ਸਾਨੂੰ ਚਾਹੀਦਾ ਹੈ ਕਿ ਇਨ੍ਹਾਂ ਨੂੰ ਘੇਰ ਕੇ ਰੱਖਿਆ ਜਾਵੇ। ਇਹ ਬਿਨੈ-ਪੱਤਰ ਭੇਜਿਆ ਜਾ ਰਿਹਾ ਹੈ। ਮੈਨੂੰ ਆਸ ਹੈ ਕਿ ਪਲਟਣ ਦੇ 40 ਸਿਪਾਹੀਆਂ ਸਮੇਤ, ਅਹੁਦੇਦਾਰ ਅਤੇ ਇੱਕ ਅਫ਼ਸਰ ਸਮੇਤ ਦਸ ਸਵਾਰ ਰਾਤੋ ਰਾਤ ਛੇਤੀ ਨਾਲ ਇੱਥੇ ਪੁੱਜ ਜਾਣਗੇ।

ਮਲੌਦ ਵਿਖੇ ਵੀ ਦੰਗਾ ਹੋਇਆ ਪਰ ਪੁਲਿਸ ਦੇ ਆਦਮੀ ਅਜੇ ਤੱਕ ਨਹੀਂ ਪੁੱਜੇ, ਪਤਾ ਨਹੀਂ ਇਸ ਦਾ ਕੀ ਕਾਰਨ ਹੈ। ਸ਼ਾਇਦ ਕੱਲ ਨੂੰ ਕੋਈ ਅੰਗਰੇਜ਼ੀ ਮੁਲਾਜ਼ਿਮ ਇੱਥੇ ਆਉਣ। ਜੱਰਾਹ (ਸਰਜਨ) ਤਾਂ ਇਸ ਵੇਲੇ ਸਾਡੇ ਕੋਲ ਪੁੱਜ ਗਿਆ ਹੈ ਪਰ ਕੂਕੇ ਨਹੀਂ ਚਾਹੁੰਦੇ ਕਿ ਜ਼ਖ਼ਮਾਂ ਦਾ ਇਲਾਜ ਕੀਤਾ ਜਾਵੇ, ਸਵੇਰੇ ਕੁਝ ਇਲਾਜ ਕੀਤਾ ਜਾਵੇਗਾ। ਸਵਾਰ ਤੇ ਸਿਪਾਹੀ ਬਹੁਤ ਛੇਤੀ ਰਵਾਨਾ ਕਰੋ। ਇੱਕ ਕੂਕੇ ਨੇ ਜੇਲ੍ਹਖ਼ਾਨੇ ਦੇ ਖੂਹ ਵਿੱਚ ਛਾਲ ਮਾਰ ਦਿੱਤੀ ਸੀ ਪਰ ਉਸ ਨੂੰ ਫ਼ੌਰਨ ਜਿਉਂਦੇ ਨੂੰ ਕੱਢ ਲਿਆ ਗਿਆ ਹੈ, ਉਹ ਰਾਜ਼ੀ ਖ਼ੁਸ਼ੀ ਤੇ ਤੰਦਰੁਸਤ ਹੈ। ਜ਼ਖ਼ਮੀਆਂ ਦੇ ਹੁਲੀਏ ਵੇਰਵੇ ਸਹਿਤ ਲਿਖ ਕੇ ਵਕੀਲ ਲੁਧਿਆਣਾ ਨੂੰ ਇਤਲਾਹ ਦੇ ਦਿੱਤੀ ਹੈ। ਸਵਾਰ ਤੇ ਸਿਪਾਹੀ ਪਟਿਆਲਾ ਤੋਂ ਵੀ ਮੰਗੇ ਗਏ ਹਨ, ਉੱਥੋਂ ਪਹੁੰਚਣ 'ਤੇ ਹਾਲ ਦੱਸਿਆ ਜਾਵੇਗਾ।

ਦਾਸ<br>
ਨਿਆਜ਼ ਅਲੀ,<br>
ਨਾਇਬ ਨਾਜ਼ਿਮ,<br>
ਅਮਰਗੜ੍ਹ।

4 ਮਾਘ 1928<br>
15 ਜਨਵਰੀ 1872<br>
ਰਾਤ ਦੇ 11 ਵਜੇ

**(ਨਾਇਬ ਨਾਜਿਮ ਨਿਆਜ ਅਲੀ ਨੇ ਕੂਕਿਆਂ ਦੇ ਜੱਥੇ ਨੂੰ ਗ੍ਰਿਫਤਾਰ ਕਰਕੇ ਇਹ ਚਿੱਠੀ ਨਾਜਿਮ ਸਾਹਿਬ (ਸ੍ਰੀ ਤਿਪਰ ਚੰਦ) ਅਮਰਗੜ੍ਹ ਨੂੰ ਭੇਜੀ ਸੀ। ਇਹ ਚਿੱਠੀ ਨਾਜਿਮ ਸਾਹਿਬ ਨੇ ਅੱਗੋਂ ਮਹਾਰਾਜਾ ਪਟਿਆਲਾ ਨੂੰ ਭੇਜ ਦਿੱਤੀ ।)**

## ਮਹਿਕਮਾ ਮੁਨਸ਼ੀ ਖ਼ਾਨਾ ਦੀ ਰੋਬਕਾਰ

### ਖ਼ਲੀਫ਼ਾ ਸੱਯਦ ਮੁਹੰਮਦ ਕਾਜ਼ਿਮ ਸਹਾਇਕ ਮੀਰ ਮੁਨਸ਼ੀ ਦੀ ਤਜਵੀਜ਼ ਨਾਲ

ਮਿਤੀ 17 ਜਨਵਰੀ 1872.

ਕੂਕਿਆਂ ਦੀ ਗ੍ਰਿਫ਼ਤਾਰੀ ਦੀ ਇਤਲਾਹ ਵਾਸਤੇ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ ਦਾ ਭੇਜਿਆ ਇੱਕ ਜ਼ਰੂਰੀ ਖ਼ਤ ਜਵਾਹਰਾ ਚੌਕੀਦਾਰ ਲੈ ਕੇ ਆਇਆ ਸੀ। ਉਹ ਬਹੁਤ ਛੇਤੀ ਖ਼ਤ ਲੈ ਕੇ ਆਇਆ, ਇਸ ਲਈ ਜਨਾਬ ਵਜ਼ੀਰ ਸਾਹਿਬ ਬਹਾਦੁਰ ਦੇ ਹੁਕਮ ਅਨੁਸਾਰ ਉਸ ਨੂੰ ਇਨਾਮ ਵਜੋਂ ਮੁਬਾਲਗਾ (ਰਕਮ) ਪੰਜ ਰੁਪਏ ਚਿਹਰਾ ਸ਼ਾਹੀ ਦਿੱਤੇ ਗਏ ਹਨ।

ਸੋ ਹੁਕਮ ਹੋਇਆ ਕਿ ਮੁਬਾਲਗਾ ਪੰਜ ਰੁਪਏ ਚਿਹਰਾ ਸ਼ਾਹੀ ਕਿਤਾਬ ’ਚ ਦਰਜ਼ ਕਰਨ ਤੋਂ ਮਗਰੋਂ ਦੀਵਾਨ ਮਾਲ ਤੋਂ ਮੰਗਵਾਏ ਜਾਣ।

17 ਜਨਵਰੀ 1872.

ਨੰ: 301 ਦਰਜ ਕਿਤਾਬ ਕੀਤਾ ਗਿਆ।

ਦਾਸ
ਰਜਬ ਅਲੀ

# 7. ਜੱਥੇ ਦੀ ਗ੍ਰਿਫਤਾਰੀ ਦੀ ਸੂਚਨਾ ਦੇਣ ਬਾਰੇ ਭੇਜੀਆਂ ਗਈਆਂ ਤਾਰਾਂ

## ਤਰਜ਼ਮਾ ਬਿਨੈ-ਪੱਤਰ ਦੇਸ ਰਾਜ ਮੁੱਖ ਅਧਿਆਪਕ ਅੰਗਰੇਜ਼ੀ ਸਕੂਲ ਰਾਜਪੁਰਾ ਜਿਹੜਾ ਪ੍ਰਧਾਨ ਮੰਤਰੀ ਰਿਆਸਤ ਪਟਿਆਲਾ ਦੇ ਨਾਮ ਲਿਖਿਆ ਗਿਆ।

ਮਿਤੀ 16 ਜਨਵਰੀ 1872 ਈ:

ਮੈਂ ਹਜ਼ੂਰ ਦੇ ਹੁਕਮ ਅਨੁਸਾਰ ਉਨ੍ਹਾਂ ਤਾਰਾਂ ਦੀਆਂ ਨਕਲਾਂ ਇਸ ਬਿਨੈ-ਪੱਤਰ ਰਾਹੀਂ ਭੇਜ ਰਿਹਾ ਹਾਂ ਜਿਹੜੀਆਂ ਅੱਜ ਸਵੇਰ ਵੇਲੇ ਸਟੇਸ਼ਨ ਤੋਂ ਭਿੰਨ-ਭਿੰਨ ਆਦਮੀਆਂ ਦੇ ਨਾਮ ਭੇਜੀਆਂ ਗਈਆਂ ਹਨ।

## ਅੰਗ੍ਰੇਜ਼ੀ 'ਚ ਲਿਖਿਆ ਮੂਲ ਬਿਨੈ ਪੱਤਰ

To

Vazeer Sahib Bahadur,
Patiala.

Respected Sir,

In accordance to your order I herewith enclose you the copies of the message sent to different persons this morning at the station.

I am Sir Yours Obedient Servant,

Dais Raj,
Head Teacher,
Rajpura School.
16th January 1872

---

## ਤਰਜ਼ਮਾ ਤਾਰ ਦਾ

**ਵਲੋਂ :-** ਹਜ਼ੂਰ ਸ਼੍ਰੀ ਮਹਾਰਾਜਾ ਸਾਹਿਬ ਬਹਾਦੁਰ ਮਾਲਿਕ ਪਟਿਆਲਾ।

**ਵੱਲ:-** ਸੈਕਟਰੀ ਬਹਾਦੁਰ ਗੌਰਮਿੰਟ ਪੰਜਾਬ ਦਿੱਲੀ ਵਿਖੇ।

ਕੱਲ ਦਿਨ ਦੇ ਗਿਆਰਾਂ ਵਜੇ ਸੱਯਦ ਨਿਆਜ਼ ਅਲੀ ਮੇਰੇ ਨਾਇਬ ਨਾਜ਼ਿਮ ਅਮਰਗੜ੍ਹ ਨੇ ਆਪਣੇ ਕੁਝ ਸਾਥੀ ਆਦਮੀਆਂ ਸਮੇਤ ਬੜੀ ਦਲੇਰੀ ਨਾਲ 68 ਕੂਕਿਆਂ ਨੂੰ ਗ੍ਰਿਫ਼ਤਾਰ ਕਰ ਲਿਆ, ਜਿਨ੍ਹਾਂ ਨੇ ਕੋਟਲਾ ਤੇ ਮਲੌਦ ਵਿਖੇ ਫ਼ਸਾਦ ਕੀਤਾ ਸੀ। ਉਨ੍ਹਾਂ ਵਿੱਚੋਂ 29 ਆਦਮੀ ਜ਼ਖ਼ਮੀ ਹਨ। ਉਨ੍ਹਾਂ ਦੇ ਜਥੇਦਾਰ ਹੀਰਾ ਸਿੰਘ ਤੇ ਲਹਿਣਾ ਸਿੰਘ ਵੀ ਗ੍ਰਿਫ਼ਤਾਰ ਹੋ ਗਏ ਹਨ। ਜ਼ਿਆਦਾ ਡਾਕ ਵਿੱਚ ਲਿਖਿਆ ਜਾਵੇਗਾ।

(ਹੁਕਮ ਅਨੁਸਾਰ)

ਮਿਤੀ 16ਜਨਵਰੀ 1872 — ਦਸਤਖ਼ਤ
ਸਮਾਂ 11 ਵਜੇ ਸਵੇਰੇ ਦੇ — ਮੰਤਰੀ ਰਿਆਸਤ ਪਟਿਆਲਾ

ਤਰਜ਼ਮਾ ਸਹੀ ਹੈ

ਦਸਤਖ਼ਤ
ਮਾਸਟਰ ਮੁਹੰਮਦ ਖ਼ੁਦਾ ਬਖ਼ਸ਼ ਖ਼ਾਂ

## ਮੂਲ ਅੰਗੇਰੇਜ਼ੀ ਵਿਚ ਤਾਰ

**From:-** The Maharaja Patiala,

**To:-** Secretary Punjab Govt. at Delhi

Yesterday at 11 A.M. Syad Niaz Ali my Naib Nazim of Amargarh arrested (with a few men with him) with great courage (68) sixty eight Kookas who made disturbance at Kotla and Malaud, among them there are twenty nine wounded. Heera Singh & Lehna Singh their leaders have also been apprehended. More by Dak.

( By Order)

16th January at 11 A.M. — Vazeer Patiala State.

ਪਟਿਆਲਾ ਦੇ ਅਸਥਾਨ ਤੋਂ ਲੁਧਿਆਣਾ ਨੂੰ

**ਰਿਆਸਤ ਪਟਿਆਲਾ ਦੇ ਪ੍ਰਧਾਨ ਮੰਤਰੀ ਵਲੋਂ ਸਾਹਿਬ ਜੱਜ ਅਦਾਲਤ ਖ਼ੁਫ਼ੀਆ ਜ਼ਿਲ੍ਹਾ ਲੁਧਿਆਣਾ ਦੇ ਨਾਮ**

ਕੱਲ ਦਿਨ ਦੇ ਗਿਆਰਾਂ ਵਜੇ ਸੱਯਦ ਨਿਆਜ਼ ਅਲੀ ਸਾਹਿਬ ਨਾਇਬ ਨਾਜ਼ਿਮ ਅਮਰਗੜ੍ਹ ਨੇ ਆਪਣੇ ਕੁਝ ਆਦਮੀਆਂ ਸਮੇਤ ਬੜੀ ਦਲੇਰੀ ਨਾਲ 68 ਕੂਕਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਿਨ੍ਹਾਂ ਨੇ ਕੋਟਲਾ ਤੋਂ ਮਲੌਂਦ ਵਿਖੇ ਫ਼ਸਾਦ ਪਾਇਆ ਸੀ। ਇਨ੍ਹਾਂ ਵਿੱਚੋਂ 29 ਸ਼ਖ਼ਸ ਜ਼ਖ਼ਮੀ ਹਨ। ਉਨ੍ਹਾਂ ਦੇ ਜਥੇਦਾਰ ਹੀਰਾ ਸਿੰਘ ਤੇ ਲਹਿਣਾ ਸਿੰਘ ਵੀ ਗ੍ਰਿਫ਼ਤਾਰ ਹੋ ਗਏ ਹਨ।

ਜ਼ਿਆਦਾ ਡਾਕ ਵਿੱਚ ਲਿਖਿਆ ਜਾਵੇਗਾ।

ਦਸਤਖ਼ਤ
ਸੱਯਦ ਮੁਹੰਮਦ ਹੁਸੈਨ,
ਮੰਤਰੀ ਰਿਆਸਤ ਪਟਿਆਲਾ।

ਮਿਤੀ 16 ਜਨਵਰੀ 1872
ਸਮਾਂ 11ਵਜੇ ਰਾਤ ਦੇ

ਤਰਜ਼ਮਾ ਸਹੀ ਹੈ
ਦਸਤਖ਼ਤ
ਮਾਸਟਰ ਮੁਹੰਮਦ ਖ਼ੁਦਾ ਬਖ਼ਸ਼ ਖ਼ਾਂ

## From Patiala to Ludhiana

**From:-** Vazeer Patiala State to the Judge Secrecy Court Ludhiana

Yesterday at 11 A.M Syad Niaz Ali, the Naib Nazim of Amargarh arrested (with few men with him) with great courage (68) sixty eight Kukas who made disturbance at Malaud and Maler Kotla. Among them there are twenty nine wounded men. Heera Singh and Lehna Singh their leaders have also been apprehended. More by Dak.

-Sd-
Syad Mohammad Husain
Wazeer Pataila State.

16th January 72
at 11 P.M.

---

## Scinde Punjab & Delhi Railway
## Eelectric Telegraph Department.

**Bill No. 4**

**For message from :-** His Highness Maharaja of Patiala,
Rajpura to Delhi.

| | | **Rs- Anne** |
|---|---|---|
| Words 58 at one rupee per 6 words | 10-00 | |
| Booking fee ---------- | ---------- | |
| **Total Rs**. | 10-00 | |

Received Payment

Telegarph Office Rajpura -Sd-
16th January 1872 Clerk in Charge

ਰਸੀਦ *ਮੁਬਾਲਗਾ 10 ਰੁਪਏ ਬਾਬਤ ਤਾਰ-ਸੰਦੇਸ਼ ਮਹਾਰਾਜਾ ਪਟਿਆਲਾ ਵਲੋਂ, ਰਾਜਪੁਰਾ ਤੋਂ ਦਿੱਲੀ।

16 ਜਨਵਰੀ 1872 ਈ:

* ਮੁਬਾਲਗਾ-ਰਕਮ

---

## Scinde Punjab & Delhi Railway
## Eelectric Telegraph Department.

**Bill No. 3**

**For message from :-** Vezeer Patiala,
Rajpura to Delhi.

| | | Rs- Anne |
|---|---|---|
| Words 37 at one rupee per 6 words | 8-00 | |
| Booking fee ---------- | ---------- | |
| **Total Rs.** | 8-0-0 | |

Received Payment

Telegarph Office Rajpura — -Sd-
$16^{th}$ January 1872 — Clerk in Charge

ਰਸੀਦ ਮੁਬਾਲਗਾ 8 ਰੁਪਏ ਬਾਬਤ ਤਾਰ-ਸੰਦੇਸ਼ ਵਜ਼ੀਰ ਸਾਹਿਬ ਵਲੋਂ, ਰਾਜਪੁਰੇ ਤੋਂ ਦਿੱਲੀ।

16 ਜਨਵਰੀ 1872 ਈ:

---

## Scinde, Punjab & Delhi Railway
## Electric Telegraph Department.

**For message from :-** Vezeer Patiala,
Rajpura to Ludhiana.

| | | | Rs- Anne |
|---|---|---|---|
| Words 57 at one rupee per 6 words | | 10-00 | |
| Booking fee ---------- | | ---------- | |
| | **Total Rs.** | 10-00 | |

Received Payment

Telegarph Office Rajpura -Sd-
16th January 1872 Clerk in Charge

ਰਸੀਦ ਮੁਬਾਲਗਾ 10 ਰੁਪਏ ਬਾਬਤ ਤਾਰ-ਸੰਦੇਸ਼ ਵਜ਼ੀਰ ਸਾਹਿਬ ਰਿਆਸਤ ਪਟਿਆਲਾ ਵਲੋਂ, ਰਾਜਪੁਰਾ ਤੋਂ ਲੁਧਿਆਣਾ।

16 ਜਨਵਰੀ 1872 ਈ:

---

## Scinde Punjab & Delhi Railway
## Electric Telegraph Department.

**Bill No. 6**

**For message from :-** Vezeer Patiala,
Rajpura to Delhi.

| | | Rs- Anne |
|---|---|---|
| Words 74 at one rupee per 6 words | 13-4-0 | |
| Booking fee ---------- | ---------- | |
| **Total Rs.** | 13-4-0 | |

Received Payment

Telegarph Office Rajpura — -Sd-
16th January 1872 — Clerk in Charge

ਰਸੀਦ ਮੁਬਾਲਗਾ 13 ਰੁਪਏ 4 ਆਨੇ ਬਾਬਤ ਖ਼ਬਰ-ਤਾਰ, ਵਜ਼ੀਰ ਸਾਹਿਬ ਰਿਆਸਤ ਪਟਿਆਲਾ, ਰਾਜਪੁਰਾ ਤੋਂ ਦਿੱਲੀ।

16 ਜਨਵਰੀ 1872 ਈ:

---

## ਤਾਰ-ਸੰਦੇਸ਼ ਦਾ ਅਨੁਵਾਦ

ਪਟਿਆਲਾ ਦੇ ਅਸਥਾਨ ਤੋਂ ਲੁਧਿਆਣਾ ਨੂੰ

**ਰਿਆਸਤ ਪਟਿਆਲਾ ਦੇ ਮੰਤਰੀ ਵਲੋਂ, ਸਾਹਿਬ ਜੱਜ ਅਦਾਲਤ ਖ਼ੁਫ਼ੀਆ ਜ਼ਿਲ੍ਹਾ ਲੁਧਿਆਣਾ ਦੇ ਨਾਮ।**

ਕੱਲ ਦਿਨ ਦੇ ਗਿਆਰਾਂ ਵਜੇ ਸੱਯਦ ਨਿਆਜ਼ ਅਲੀ ਸਾਹਿਬ ਨਾਇਬ ਨਾਜ਼ਿਮ ਅਮਰਗੜ੍ਹ ਨੇ ਆਪਣੇ ਕੁਝ ਆਦਮੀਆਂ ਸਮੇਤ ਬੜੀ ਦਲੇਰੀ ਨਾਲ 68 ਕੂਕਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਿਨ੍ਹਾਂ ਨੇ ਕੋਟਲਾ ਤੇ ਮਲੌਦ ਵਿਖੇ ਫ਼ਸਾਦ ਪਾਇਆ ਸੀ। ਇਨ੍ਹਾਂ ਵਿੱਚੋਂ 29 ਸ਼ਖ਼ਸ ਜ਼ਖ਼ਮੀ ਹਨ। ਉਨ੍ਹਾਂ ਦੇ ਜਥੇਦਾਰ ਹੀਰਾ ਸਿੰਘ ਤੇ ਲਹਿਣਾ ਸਿੰਘ ਵੀ ਗ੍ਰਿਫ਼ਤਾਰ ਹੋ ਗਏ ਹਨ।

ਜ਼ਿਆਦਾ ਡਾਕ ਵਿੱਚ ਲਿਖਿਆ ਜਾਵੇਗਾ।

ਦਸਤਖ਼ਤ
ਮੰਤਰੀ ਰਿਆਸਤ ਪਟਿਆਲਾ।

ਮਿਤੀ 16 ਜਨਵਰੀ 1872
ਸਮਾਂ 11ਵਜੇ ਰਾਤ ਦੇ

ਤਰਜ਼ਮਾ ਸਹੀ ਹੈ।
ਦਸਤਖ਼ਤ
ਮਾਸਟਰ ਮੁਹੰਮਦ ਖ਼ੁਦਾ ਬਖ਼ਸ਼ ਖ਼ਾਂ

## From Patiala to Ludhiana

**From:-** Vazeer Patiala State to the Judge Secrecy Court Ludhiana

Yesterday at 11 A.M Syad Niaz Ali, the Naib Nazim of Amargarh arrested (with few men with him) with great courage (68) sixty eight Kukas who made disturbance at Malaud and Maler Kotla. Among them there are twenty nine wounded men. Heera Singh and Lehna Singh their leaders have also been apprehended. More by Dak.

-Sd-
Syad Mohammad Husain
Wazeer Pataila State.

16th January 72
at 11 P.M.

---

# 8. ਫਸਾਦ ਦਾ ਪ੍ਰਬੰਧ ਕਰਨ ਲਈ ਸਹਾਇਤਾ ਦੇਣ ਲਈ, ਅੰਗਰੇਜਾਂ ਵੱਲੋਂ ਮਹਾਰਾਜਾ ਪਟਿਆਲਾ ਨੂੰ ਭੇਜੀਆਂ ਗਈਆਂ ਤਾਰਾਂ ਚਿੱਠੀਆਂ ਅਤੇ ਉਨ੍ਹਾਂ ਦੇ ਜਵਾਬ

**ਤਰਜ਼ਮਾ ਤਾਰ-ਸੰਦੇਸ਼** 16 ਜਨਵਰੀ 1872

ਵਲੋਂ :- ਟੀ. ਡੀ. ਫੌਂਰਸਿਥ ਸਾਹਿਬ ਬਹਾਦੁਰ ਕਮਿਸ਼ਨਰ ਅੰਬਾਲਾ।

ਵੱਲ:- ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਪਟਿਆਲਾ।

ਜਨਾਬ ਸਾਹਿਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਤੁਹਾਡੇ ਬਹੁਤ ਧੰਨਵਾਦੀ ਹੋਣਗੇ ਜੇ ਤੁਸੀਂ ਇੱਕ ਪਲਟਨ ਰਜਮੈਂਟ ਪੈਦਲ ਵਾਸਤੇ ਊਂਠ ਤੇ ਹੋਰ ਬਾਰਬਰਦਾਰੀ ਉਪਲਭਦ ਕਰਵਾਉਣ ਵਾਸਤੇ ਹੁਕਮ ਦੇ ਦਿਓ ਕਿਉਂਕਿ ਇਹ ਊਂਠ ਤੇ ਬਾਰਬਰਦਾਰੀ ਜਮ੍ਹਾ ਕਰਕੇ ਖੰਨੇ ਨੂੰ ਭੇਜੇ ਜਾਣਗੇ। ਇਹ ਵੀ ਖ਼ੁਸ਼ੀ ਨਾਲ ਹੁਕਮ ਦਿਓ ਕਿ ਉਨ੍ਹਾਂ ਸਾਰੇ ਕੂਕਿਆਂ ਨੂੰ, ਜਿਹੜੇ ਇੱਧਰ-ਉੱਧਰ ਫਿਰਦੇ ਹਨ, ਗ੍ਰਿਫ਼ਤਾਰ ਕਰ ਲਿਆ ਜਾਵੇ। ਇਹ ਲੋਕ ਅਕਸਰ ਰੇਲਵੇ ਸੜਕ 'ਤੇ ਇੱਧਰ-ਉੱਧਰ ਫਿਰਦੇ ਨਜ਼ਰ ਆਉਂਦੇ ਹਨ। ਸੋ ਉਨ੍ਹਾਂ ਨੂੰ ਰੋਕਣਾ ਚਾਹੀਦਾ ਹੈ।

ਦਸਤਖ਼ਤ
ਟੀ. ਡੀ. ਫੌਂਰਸਿਥ ਸਾਹਿਬ

ਤਰਜ਼ਮਾ ਸਹੀ ਹੈ ।

ਦਸਤਖ਼ਤ ਮਾਸਟਰ ਮੁਹੰਮਦ ਖ਼ੁਦਾ ਬਖ਼ਸ਼ ਖ਼ਾਂ

ਦੋ ਸੌ ਊਂਠ ਸਰਕਾਰੀ ਤਵੇਲੇ 'ਚੋਂ ਤੇ 20 ਹਾਥੀਆਂ ਦੀ ਰਵਾਨਗੀ ਵਾਸਤੇ ਹੁਕਮ ਦਿੱਤਾ ਗਿਆ ਜਿਹੜਾ ਹਜ਼ੂਰ ਦੀ ਨਿਗ੍ਹਾ ਚੋਂ ਲੰਘ ਚੁੱਕਿਆ ਹੈ।

## ਮੂਲ ਅੰਗਰੇਜੀ ਤਾਰ

**Scinde Punjab & Delhi Railway**
**Telegarph Department**

**To:-** His Highness the Maharaja Patiala,

His Honour the Lient. Governor will be much obliged by your Highness giving order for camels and carriage for one Regiment of Infantry to be collected and sent to Khanna. Also be please order all Kookas found moving about to be detained for the present. Many are seen moving about on Railways & check them.

16 th January 1872

---

**ਸਤਿਕਾਰ ਯੋਗ ਜਨਾਬ ਖ਼ਲੀਫ਼ਾ ਸੱਯਦ ਮੁਹੰਮਦ ਕਾਜ਼ਿਮ ਸਾਹਿਬ,**

ਆਦਾਬ ਅਰਜ਼ ਕਰਨ ਮਗਰੋਂ ਬੇਨਤੀ ਇਹ ਹੈ ਕਿ ਜਿਹੜੀਆਂ ਦੋ ਤਾਰਾਂ, ਇੱਕ ਜਨਾਬ ਸਾਹਿਬ ਸੈਕਟਰੀ ਬਹਾਦੁਰ ਗੌਰਮਿੰਟ ਪੰਜਾਬ ਤੇ ਦੂਜੀ ਸਾਹਿਬ ਕਮਿਸ਼ਨਰ ਬਹਾਦੁਰ ਅੰਬਾਲਾ ਦੇ ਨਾਮ ਹੈ, ਸਰਕਾਰ ਦੇ ਥਾਣੇ ਦੇ ਸਵਾਰ ਰਾਹੀਂ ਪ੍ਰਾਪਤ ਹੋਈਆਂ ਹਨ ਤੇ ਇਨ੍ਹਾਂ ਤਾਰਾਂ ਨੂੰ ਰਵਾਨਾ ਕਰਨ ਦਾ ਹੁਕਮ ਮਿਲਿਆ ਹੈ।

ਸੋ ਤੁਹਾਡੇ ਹੁਕਮ ਦੀ ਪਾਲਣਾ ਕਰਦੇ ਹੋਏ ਇਹ ਦੋਵੇ ਤਾਰਾਂ ਫ਼ੌਰਨ ਰਵਾਨਾ ਕਰ ਦਿੱਤੀਆਂ ਗਈਆਂ ਹਨ। ਜਵਾਬ ਦੇ ਤੌਰ ’ਤੇ ਅਰਜ਼ ਹੈ।

ਦਾਸ
ਰਾਧਾ ਲਾਲ ਨਾਇਬ ਨਾਜ਼ਿਮ,
ਰਾਜਪੁਰਾ

ਮਿਤੀ 6 ਮਾਘ 1928
(17 ਜਨਵਰੀ 1872)

**ਮਿਹਰਬਾਨ ਖ਼ਾਨ ਸਾਹਿਬ ਅਲੀ ਮੁਹੰਮਦ ਖਾਂ ਲੁਧਿਆਣਾ ! ਸਲਾਮਤ !**

ਖ਼ੁਸ਼ੀ ਭਰਪੂਰ ਮੁਲਾਕਾਤ ਦੀ ਖ਼ਾਹਿਸ਼ ਤੋਂ ਬਾਅਦ ਤੁਸੀਂ ਸੂਚਿਤ ਹੋਵੋ ਕਿ ਜਿਹੜਾ ਹਮਲਾ ਕੂਕਿਆਂ ਨੇ ਮਲੌਦ ਤੇ ਕੋਟਲਾ 'ਤੇ ਕੀਤਾ ਸੀ ਉਸ ਨਾਲ ਮੁਲਕ ਵਿੱਚ ਅਸ਼ਾਂਤੀ ਫ਼ੈਲ ਗਈ ਸੀ ਪਰ ਹੁਣ ਉਹ ਫ਼ਸਾਦ ਬਿਲਕੁਲ ਖ਼ਤਮ ਹੋ ਗਿਆ ਹੈ।

ਸੋ ਇਸ ਲਿਖਤ ਰਾਹੀਂ ਆਪਣੀ ਖ਼ੁਸ਼ੀ ਪ੍ਰਗਟ ਕਰਨ ਲਈ ਤੁਹਾਡੀਆਂ ਉਨ੍ਹਾਂ ਵਧੀਆ ਸੇਵਾਵਾਂ ਦਾ ਬਿਆਨ ਕੀਤਾ ਜਾਂਦਾ ਹੈ ਜਿਹੜੀਆਂ ਇਸ ਰਿਆਸਤ ਤੇ ਅੰਗਰੇਜ਼ੀ ਗੌਰਮਿੰਟ ਦੀ ਖ਼ੈਰ ਖ਼ਾਹੀ ਨੂੰ ਮੁੱਖ ਰੱਖ ਕੇ ਫ਼ਸਾਦ ਦੇ ਮੌਕੇ 'ਤੇ ਤੁਹਾਡੇ ਵਲੋਂ ਨਿਭਾਈਆਂ ਗਈਆਂ ਹਨ।

ਪਹਿਲੀ ਗੱਲ ਤਾਂ ਇਹ ਹੈ ਕਿ ਉਪ੍ਰੋਕਤ ਫ਼ਸਾਦ ਸ਼ੁਰੂ ਹੋਣ ਸਮੇਂ ਅਸੀਂ ਦਿੱਲੀ ਵਿਖੇ ਸੀ। ਤੁਸੀਂ ਆਪਣੇ ਬੇਟੇ ਫ਼ੈਜ਼ਉੱਦੀਨ ਖਾਂ ਸਾਹਿਬ ਨੂੰ ਬੜੇ ਜ਼ਰੂਰੀ ਮੌਕੇ ਜ਼ਿਲ੍ਹਾ ਲੁਧਿਆਣੇ ਦੇ ਹਾਕਿਮਾਂ ਦੇ ਇਸ਼ਾਰੇ 'ਤੇ ਮਿਸਟਰ ਰੌ ਸਾਹਿਬ ਬਹਾਦੁਰ ਜੱਜ ਅਦਾਲਤ ਖ਼ੁਫੀਆ ਦੀ ਚਿੱਠੀ ਸਮੇਤ, ਰੇਲ 'ਤੇ ਚੜ੍ਹਾ ਕੇ ਸਾਡੇ ਮੀਰ ਮੁਨਸ਼ੀ ਦੇ ਸਹਾਇਕ ਸੱਯਦ ਮੁਹੰਮਦ ਕਾਜ਼ਿਮ ਕੋਲ ਪਟਿਆਲਾ ਵਲੋਂ ਇਸ ਮਕਸਦ ਨਾਲ ਰਵਾਨਾ ਕੀਤਾ ਕਿ " ਰਿਆਸਤ ਨੂੰ ਇਸ ਫ਼ਸਾਦ ਦਾ ਪਤਾ ਲੱਗੇ, ਮਿਸਟਰ ਕਾਵਨ ਸਾਹਿਬ ਬਹਾਦੁਰ ਡਿਪਟੀ ਕਮਿਸ਼ਨਰ ਜ਼ਿਲ੍ਹਾ ਲੁਧਿਆਣਾ ਦੀ ਮਦਦ ਤੇ ਕੋਟਲਾ ਦੀ ਹਿਫ਼ਾਜ਼ਤ ਖਾਤਰ ਪਟਿਆਲੇ ਤੋਂ ਫ਼ੌਜ ਰਵਾਨਾ ਕੀਤੀ ਜਾਵੇ, ਰਿਆਸਤ ਪਟਿਆਲਾ ਵਿੱਚ ਵੀ ਮੁਨਾਸਿਬ ਚੌਕਸੀ ਤੇ ਹਿਫ਼ਾਜ਼ਤ ਰੱਖੀ ਜਾਵੇ, ਕੁਝ ਸਵਾਰ ਤੇ ਸ਼ਹਿਸਵਾਰ ਵੀ ਲੁਧਿਆਣਾ ਨੂੰ ਰਵਾਨਾ ਹੋਣ, ਅਤੇ ਰਾਜਾ ਸਾਹਿਬ ਬਹਾਦੁਰ ਵਾਲੀ-ਏ-ਜੀਂਦ ਨੂੰ ਵੀ ਉਪ੍ਰੋਕਤ ਗੱਲਾਂ ਦੀ ਇਤਲਾਹ ਦੇ ਦੇਣ ਕਿਉਂਕਿ ਸੰਗਰੂਰ 'ਤੇ ਵੀ ਕੂਕਿਆਂ ਦੇ ਹਮਲੇ ਦਾ ਡਰ ਸੀ।"

ਜਦੋਂ ਅਸੀਂ ਦਿੱਲੀ ਤੋਂ ਰਾਜਪੁਰਾ ਪੁੱਜੇ ਸੀ ਐਨ ਉਸੇ ਵੇਲੇ ਤੁਹਾਡਾ ਬੇਟਾ ਫ਼ੈਜ਼ਉੱਦੀਨ ਖ਼ਾਨ ਸਾਨੂੰ ਰੇਲਵੇ ਸਟੇਸ਼ਨ 'ਤੇ ਮਿਲ ਗਿਆ। ਸਰਕਾਰ ਪਟਿਆਲਾ ਦੇ ਹੁਕਮ ਅਨੁਸਾਰ ਦੋ ਤੋਪਾਂ, ਦੋ ਸੌ ਸਵਾਰ, ਦੋ ਸੌ ਪੈਦਲ ਸਿਪਾਹੀ ਸਮੇਤ ਮੀਰ ਮੀਆਂ ਕਰਨੈਲ, ਤੇ ਕਰਨੈਲ ਲਾਲ ਸਿੰਘ ਨੂੰ ਫ਼ੌਰਨ ਰਵਾਨਾ ਕੀਤਾ ਗਿਆ। ਇਹ ਸਾਰੇ ਉਪਾਉ ਫ਼ਸਾਦ ਨੂੰ ਖ਼ਤਮ ਕਰਨ ਵਾਸਤੇ ਸਨ ਜਿਹੜੇ ਬਹੁਤ ਕਾਰਾਮਦ ਸਿੱਧ ਹੋਏ।

ਤੁਹਾਡੇ ਪੁੱਤਰ ਨੇ ਤੁਹਾਡੀ ਹਦਾਇਤ ਅਨੁਸਾਰ ਇਹ ਵੀ ਖ਼ੈਰ ਖ਼ਾਹੀ (ਸ਼ੁਭ ਚਿੰਤਕਤਾ) ਦਾ ਵਧੀਆ ਕੰਮ ਕੀਤਾ ਕਿ ਉਹ ਸਰਹਿੰਦ ਤੋਂ ਲੈ ਕੇ ਰਾਜਪੁਰਾ ਤੱਕ ਸਾਡੀ ਸਰਕਾਰ ਦੇ ਅਹੁਦੇਦਾਰਾਂ ਨੂੰ ਕੂਕਿਆਂ ਦੇ ਫ਼ਸਾਦ ਦੀਆਂ ਖ਼ਬਰਾਂ ਦੇ ਕੇ ਚੌਕਸ ਕਰਦੇ ਗਏ।

ਭਾਵੇਂ ਅਸੀਂ ਤੁਹਾਡੀਆਂ ਖ਼ਬਰਾਂ ਪੁੱਜਣ ਤੋਂ ਪਹਿਲਾਂ ਰਵਾਨਾ ਹੋ ਚੁੱਕੇ ਸੀ ਪਰ ਤੁਸੀਂ ਦੌਲਤਮਦਾਰ ਸਰਕਾਰ ਅੰਗਰੇਜ਼ੀ ਤੇ ਸਰਕਾਰ ਪਟਿਆਲਾ ਦੀ ਖ਼ੈਰ-ਖ਼ਾਹੀ ਦੇ ਤੌਰ 'ਤੇ ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ ਦੇ ਨਾਮ ਤਾਰ ਰਾਹੀਂ ਖ਼ਬਰਾਂ ਭੇਜਦੇ ਰਹੇ ਤੇ ਸਾਨੂੰ ਰਿਆਸਤ ਦੀ ਹਿਫ਼ਾਜ਼ਤ ਤੇ ਗੌਰਮਿੰਟ ਅੰਗਰੇਜ਼ੀ ਦੇ ਅਫ਼ਸਰਾਂ ਨੂੰ ਦਿੱਤੀ ਗਈ ਮਦਦ ਬਾਰੇ ਵੀ ਸੂਚਿਤ ਕਰਦੇ ਰਹੇ।

ਤੁਹਾਨੂੰ ਪ੍ਰਤੱਖ ਹੋਵੇ ਕਿ ਅਸੀਂ ਤੁਹਾਡੀਆਂ ਹੁਣ ਦੀਆਂ ਸੇਵਾਵਾਂ ਨੂੰ ਤੁਹਾਡੀਆਂ ਉਨ੍ਹਾਂ ਵਧੀਆ ਸੇਵਾਵਾਂ 'ਚ ਕੀਤਾ ਵਾਧਾ ਖ਼ਿਆਲ ਕਰਦੇ ਹਾਂ, ਜਿਹੜੀਆਂ ਤੁਹਾਡੇ ਵਲੋਂ ਸੰਨ 1857 ਈਃ ਦੇ ਗ਼ਦਰ 'ਤੇ ਸਵਰਗਵਾਸੀ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਰਾਜ-ਕਾਲ ਸਮੇਂ ਅੰਗਰੇਜ਼ੀ ਗੌਰਮਿੰਟ ਤੇ ਇਸ ਰਿਆਸਤ ਦੀ ਖ਼ੈਰ ਖ਼ਾਹੀ ਦੇ ਮੱਦੇ ਨਜ਼ਰ ਨਿਭਾਈਆਂ ਗਈਆਂ ਸਨ।

ਅਸੀਂ ਇਹ ਲਿਖਤ ਆਪਣੀ ਅਤਿਅੰਤ ਰਜ਼ਾਮੰਦੀ ਤੇ ਦਿਲੀ ਪ੍ਰਸ਼ੰਨਤਾ ਨਾਲ ਭੇਜਦੇ ਹਾਂ।

5 ਮਾਘ ਸੰਮਤ 1928 ਮੁਤਾਬਿਕ 16 ਜਨਵਰੀ ਸੰਨ 1872 ਈਃ

(ਰਿਆਸਤ ਪਟਿਆਲਾ ਵਲੋਂ ਭੇਜਿਆ ਹੋਇਆ ਖ਼ਤ)

---

## ਤਰਜ਼ਮਾ ਤਾਰ-ਸੰਦੇਸ਼

ਪਟਿਆਲਾ ਦੇ ਅਸਥਾਨ ਤੋਂ
ਵੱਲੋਂ:- ਹਜ਼ੂਰ ਸ਼੍ਰੀ ਮਹਾਰਾਜਾ ਸਾਹਿਬ ਬਹਾਦੁਰ ਮਾਲਿਕ ਪਟਿਆਲਾ।
ਸਥਾਨ ਦਿੱਲੀ
ਵੱਲ:- ਸਾਹਿਬ ਸੈਕਟਰੀ ਬਹਾਦੁਰ ਗੌਰਮਿੰਟ ਪੰਜਾਬ, ਦਿੱਲੀ।

ਦੋ ਸੌ ਊਂਠ ਤੇ ਬੀਹ ਹਾਥੀਆਂ ਨੂੰ ਹੁਕਮ ਦਿੱਤਾ ਗਿਆ ਹੈ ਕਿ ਇਸ ਜਗ੍ਹਾ ਮੌਜੂਦ ਮੇਰੇ ਅਸਤਬਲਾਂ ਵਿੱਚੋਂ ਖੰਨਾ ਦੇ ਅਸਥਾਨ ਨੂੰ ਰਵਾਨਾ ਹੋ ਜਾਣ। ਬਾਕੀ ਰਹਿੰਦੀ ਬਾਰਬਰਦਾਰੀ (ਢੋਆ-ਢੁਆਈ) ਵਾਸਤੇ ਨਾਇਬ ਨਾਜ਼ਿਮ ਬੱਸੀ ਨੂੰ ਤਾਕੀਦੀ ਹੁਕਮ ਦਿੱਤਾ ਗਿਆ ਹੈ ਕਿ ਉਹ ਜਿੰਨੇ ਵੀ ਸੰਭਵ ਹੋ ਸਕਣ, ਊਂਠ ਤੇ ਗੱਡੇ ਫ਼ੌਰਨ ਉਪਲੱਭਦ ਕਰਾ ਦੇਵੇ। ਨਾਭੇ ਦੇ ਰਾਜਾ ਸਾਹਿਬ ਬਹਾਦੁਰ ਨੂੰ ਵੀ ਇਸ ਮਾਮਲੇ ਬਾਰੇ ਲਿਖਿਆ ਗਿਆ ਹੈ।

(ਹੁਕਮ ਅਨੁਸਾਰ)

ਮਿਤੀ 17 ਜਨਵਰੀ 1872 — ਦਸਤਖ਼ਤ
ਸਮਾਂ 9 ਵਜੇ ਦਿਨ ਦੇ। — ਮੰਤਰੀ ਰਿਆਸਤ ਪਟਿਆਲਾ

ਤਰਜ਼ਮਾ ਸਹੀ ਹੈ।

ਦਸਤਖ਼ਤ
ਮਾਸਟਰ ਮੁਹੰਮਦ ਖ਼ੁਦਾ ਬਖ਼ਸ਼ ਖ਼ਾਂ

**From:-** The Maharaja Patiala,

**To:-** The Secretary Govt. Punjab, Delhi

Two hundred camels and twenty eleghants have been ordered to be sent, at once, to Khanna from my estables present here, for the rest of the carriages, the Naib Nazim of Bassi has been enjoined to procure as many camels and carts as possibles with the least delay. The Raja of Nabha has been also been addressed on the subject.

( By Order)

-Sd-
17th January 1872 — Vazeer Patiala State.
at 9 A.M.

---

## ਤਰਜ਼ਮਾ ਤਾਰ-ਸੰਦੇਸ਼

**ਵੱਲੋਂ:-** **ਪਟਿਆਲਾ ਤੋਂ ਹਜ਼ੂਰ ਸ਼੍ਰੀ ਮਹਾਰਾਜਾ ਸਾਹਿਬ ਬਹਾਦੁਰ ਮਾਲਿਕ ਪਟਿਆਲਾ।**

**ਵੱਲ:-** **ਮਿਸਟਰ ਟੀ. ਡੀ. ਫੌਰਸਿਥ ਸਾਹਿਬ ਬਹਾਦੁਰ ਕਮਿਸ਼ਨਰ ਅੰਬਾਲਾ ਰਾਹੀਂ ਸਾਹਿਬ ਜੱਜ ਅਦਾਲਤ ਖ਼ੁਫ਼ੀਆ ਜ਼ਿਲ੍ਹਾ ਲੁਧਿਆਣਾ।**

ਦੋ ਸੌ ਊਂਠਾ ਤੇ 20 ਹਾਥੀਆਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਫ਼ੌਰਨ ਮੇਰੇ ਇਸ ਜਗ੍ਹਾ ਮੌਜੂਦਾ ਅਸਤਬਲਾਂ (ਭੰਡਾਰ) ਵਿੱਚੋਂ ਖੰਨਾ ਨੂੰ ਰਵਾਨਾ ਹੋ ਜਾਣ। ਬਾਕੀ ਰਹਿੰਦੀ ਬਾਰਬਰਦਾਰੀ ਵਾਸਤੇ ਨਾਇਬ ਨਾਜ਼ਿਮ ਬੱਸੀ ਨੂੰ ਤਾਕੀਦੀ ਹੁਕਮ ਦਿੱਤਾ ਗਿਆ ਹੈ ਕਿ ਉਹ ਜਿਸ ਕਦਰ ਸੰਭਵ ਹੋਵੇ ਊਂਠ ਤੇ ਗੱਡੇ ਫ਼ੌਰਨ ਮੁਹੱਈਆ ਕਰਾ ਦੇਵੇ।

(ਹੁਕਮ ਅਨੁਸਾਰ)

ਮਿਤੀ 17 ਜਨਵਰੀ 1872 — ਦਸਤਖ਼ਤ
ਸਮਾਂ 9 ਵਜੇ ਦਿਨ ਦੇ — ਮੰਤਰੀ ਰਿਆਸਤ ਪਟਿਆਲਾ

ਤਰਜ਼ਮਾ ਸਹੀ ਹੈ

ਦਸਤਖ਼ਤ
ਮਾਸਟਰ ਮੁਹੰਮਦ ਖ਼ੁਦਾ ਬਖ਼ਸ਼ ਖ਼ਾਂ

**From:-** The Maharaja Patiala,

**To:-** Mr. T.D Forsyth Commisioner Umbala
Through the Judge Secrect Cases Court,Ludhiana

Two hundred camels and twenty eleghants have been ordered to be sent, at once, to Khanna from my estables present here, for the rest of the carriages, the Naib Nazim of Bassi has been enjoined to procure as many camels and carts as possibles with the least delay.

( By Order)

-Sd-
Vazeer Patiala State.

17th January 1872
at 9 A.M.

---

## ਤਾਰ ਨੰ: 767 ਮਿਤੀ 16 ਜਨਵਰੀ ਸੰਨ 1872 ਈ: ਦਾ ਤਰਜ਼ਮਾ ਵਲੋਂ - ਮੀਰ ਮੁਨਸ਼ੀ ਅਸਥਾਨ ਦਿੱਲੀ

## - ਬਨਾਮ ਪਟਿਆਲਾ ਸਰਕਾਰ ਦੇ ਮੰਤਰੀ, ਅਸਥਾਨ ਰਾਜਪੁਰਾ।

ਕਿਸ਼ਨ ਸਿੰਘ ਤੋਪਖ਼ਾਨੇ ਦੇ ਸਵਾਰਾਂ ਸਮੇਤ ਅੱਜ ਰਾਤ ਨੂੰ ਰਵਾਨਾ ਹੋ ਗਿਆ। ਮੈਂ ਉਨ੍ਹਾਂ ਨੂੰ ਹੁਕਮ ਦਿੱਤਾ ਹੈ ਕਿ ਉਹ ਇਨ੍ਹਾਂ ਚਾਰ ਦਿਨਾਂ ਵਿੱਚ ਕੋਟਲਾ ਪੁੱਜ ਜਾਣ। ਜਿਹੜੇ ਲੋਕ ਇੱਥੇ ਪੈਦਲ ਆਏ ਸਨ ਉਹ ਕੱਲ ਦੀ ਰੇਲ (ਟਰੇਨ) ਵਿੱਚ ਰਵਾਨਾ ਹੋਣਗੇ ਅਤੇ ਨਵਾਬ ਲੈਫ਼ਟੀਨੈਂਟ ਗਵਰਨਰ ਪਰਸੋਂ ਨੂੰ ਆਪਣੇ ਦੌਰੇ 'ਤੇ ਤਸ਼ਰੀਫ਼ ਲੈ ਜਾਣਗੇ।

**From:-** Pattialah Meer Munshi, Delhi

**To:-** Pattiala through Nazim Rajpura,
Words 47 P.P.

**No:** 767, Dated 16th 23/20

Kishan Singh with his artillery sawars left tonight. I ordered them to reach Kotla in these four days. The foot-coming here will leave by tomorrow train. The Lt. Governor will go for his tour by day after tomorrow.

Telegraph Office Clerk in Charge

16th Januray 1872
Time dispatched by peon
11:50

---

ਮੇਰੇ ਜਨਾਬ,

68 ਬਦਮਾਸ਼ ਕੂਕਿਆਂ ਦੀ ਗ੍ਰਿਫ਼ਤਾਰੀ ਦਾ ਸਾਰਾ ਹਾਲ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਅਰਜ਼ ਕੀਤਾ ਗਿਆ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਸਾਨੂੰ ਇਹ ਹਾਲ ਸੁਣ ਕੇ ਬੜੀ ਖ਼ੁਸ਼ੀ ਹੋਈ ਹੈ ਤੇ ਸਰਕਾਰ ਪਟਿਆਲਾ ਦੇ ਅਹਿਲਕਾਰਾਂ ਦੀ ਬੜੀ ਨੇਕਨਾਮੀ ਦੀ ਗੱਲ ਹੈ।

ਅਸੀਂ ਆਪਣੇ ਜਿਲ੍ਹੇ 'ਚ ਬੰਦੋਬਸਤ ਕਰ ਦਿੱਤਾ ਹੈ ਕਿ ਕੋਈ ਕੂਕਾ ਆਪਣੇ ਘਰ ਤੋਂ ਬਾਹਰ ਫ਼ਿਰ ਨਾ ਸਕੇ ਭਾਵ ਨੰਬਰਦਾਰਾਂ ਦੇ ਸਪੁਰਦ ਕੀਤੇ ਜਾਣ, ਆਗਿਆ ਤੋਂ ਬਿਨਾਂ ਕਿਤੇ ਬਾਹਰ ਨਾ ਜਾਣ। ਮੁਨਾਸਿਬ ਹੈ ਕਿ ਇਸ ਵਾਰਦਾਤ ਦਾ ਇਹੋ ਜਿਹਾ ਹੀ ਪੱਕਾ ਇੰਤਜ਼ਾਮ ਸਰਕਾਰ ਪਟਿਆਲਾ ਦੇ ਇਲਾਕੇ ਵਿੱਚ ਵੀ ਹੋ ਜਾਵੇ।

ਸਾਹਿਬ ਬਹਾਦੁਰ ਨੇ ਇਸੇ ਸੰਬੰਧ ਵਿੱਚ ਇੱਕ ਚਿੱਠੀ ਵੀ ਸਰਕਾਰ ਪਟਿਆਲਾ ਦੇ ਨਾਮ ਲਿਖ ਕੇ ਦਿੱਤੀ ਅਤੇ ਫ਼ਰਮਾਇਆ ਕਿ ਤੁਸੀਂ ਇਸ ਚਿੱਠੀ ਨੂੰ ਪਟਿਆਲੇ ਭੇਜ ਦਿਓ। ਫ਼ਿਰ ਹੁਕਮ ਦਿੱਤਾ ਕਿ ਅੰਗਰੇਜ਼ੀ ਫ਼ੌਜ ਵੀ ਬਹੁਤ ਸਾਰੀ ਭੇਜੀ ਗਈ ਹੈ।

ਸੋ ਇਸ ਚਿੱਠੀ ਦੀ ਨਕਲ ਹਜ਼ੂਰ ਮਹਾਰਾਜਾ ਸਾਹਿਬ ਕੋਲ ਭੇਜ ਕੇ ਬੇਨਤੀ ਹੈ ਕਿ ਤੁਸੀਂ ਇਸ ਬਾਰੇ ਜਿਵੇਂ ਮੁਨਾਸਿਬ ਸਮਝੋ ਇੰਤਜ਼ਾਮ ਕਰਕੇ ਜਵਾਬ ਤੋਂ ਜਾਣੂ ਫ਼ਰਮਾਇਉ ਤਾਂ ਕਿ ਜਨਾਬ ਡਿਪਟੀ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਬੇਨਤੀ ਕੀਤੀ ਜਾ ਸਕੇ।

ਬਿਨੈ-ਕਾਰ
ਮੁਹੰਮਦ ਜ਼ਹੂਰ ਉਲ ਹੱਕ,
ਵਕੀਲ ਅੰਬਾਲਾ।

17 ਜਨਵਰੀ 1872

------------------------------------------------------------

## ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਵਾਲੀ –ਏ – ਪਟਿਆਲਾ ਦੇ ਨਾਮ ਮਿਸਟਰ ਬੀ. ਡੌਨ ਸਾਹਿਬ ਬਹਾਦੁਰ ਡਿਪਟੀ ਕਮਿਸ਼ਨਰ ਜਿਲ੍ਹਾ ਅੰਬਾਲਾ ਦੀ ਅੰਗਰੇਜੀ ਦੀ ਚਿੱਠੀ ਦਾ ਤਰਜਮਾ।

17 ਜਨਵਰੀ 1872

ਮੇਰੇ ਪਿਆਰੇ ਮਹਾਰਾਜਾ ਸਾਹਿਬ ਬਹਾਦੁਰ,

ਮੈਂ ਇਹ ਖਬਰ ਸੁਣ ਕੇ ਅਤਿਅੰਤ ਖੁਸ਼ ਹੋਇਆ ਕਿ ਆਪ ਨੇ ਸ਼ੇਰਪੁਰ ਦੇ ਇਲਾਕੇ ਵਿੱਚ 68 ਕੂਕਿਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਕਿਸੇ ਕਦਰ ਅੰਗਰੇਜੀ ਫੌਜ ਇੱਥੇ ਹੋ ਕੇ ਖੰਨਾ ਤੇ ਲੁਧਿਆਣਾ ਨੂੰ ਰਵਾਨਾ ਹੋ ਚੁੱਕੀ ਹੈ। ਮੈਂ ਖਿਆਲ ਕਰਦਾ ਹਾਂ ਕਿ ਜਦੋਂ ਤੱਕ ਫਸਾਦ ਬਿਲਕੁੱਲ ਖਤਮ ਨਹੀਂ ਹੋ ਜਾਂਦਾ ਉਦੋਂ ਤੱਕ ਹਜੂਰ ਇਨ੍ਹਾਂ ਤੇ ਇਨ੍ਹਾਂ ਦੇ ਸਾਥੀਆਂ ਨੂੰ ਇੱਕ ਥਾਂ ਇੱਕਠੇ ਨਾ ਹੋਣ ਦੇਣ ਅਤੇ ਨਾ ਹੀ ਇਨ੍ਹਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਜਾਣ ਦੇਣ। ਅਸੀਂ ਇਹ ਨਹੀਂ ਕਹਿ ਸਕਦੇ ਕਿ ਇਹ ਲੋਕ ਕੀ ਕੀ ਖੂਨ ਖਰਾਬਾ ਨਹੀਂ ਕਰਨਗੇ।

## ਮਹਾਰਾਜਾ ਸਾਹਿਬ ਬਹਾਦੁਰ ਦੇ ਮਲਾਹਿਜ਼ਾ ਕਰਨ ਬਾਅਦ ਮਹਿਕਮਾ ਸ਼ਾਹੀ ਮੁਨਸ਼ੀ ਖਾਨੇ ਵੱਲੋਂ

## ਹੁਕਮ ਹੋਇਆ ਕਿ

ਜਵਾਬ ਲਿਖਿਆ ਜਾਵੇ ਕਿ ਆਪ ਦੀ ਚਿੱਠੀ ਦੀ ਨਕਲ ਮਿਲਣ ਤੋਂ ਪਹਿਲਾਂ ਹੀ ਸਾਰੇ ਸਰਕਾਰੀ ਇਲਾਕੇ ਵਿੱਚ ਅਜਿਹਾ ਹੀ ਬੰਦੋਬਸਤ ਕੀਤਾ ਗਿਆ ਹੈ ਪਰ ਆਪ ਨੇ ਬੜੀ ਮਿਹਰਬਾਨੀ ਫਰਮਾਈ ਕਿ ਆਪਣੀ ਰਾਏ ਨਾਲ ਸਾਨੂੰ ਸੂਚਿਤ ਕੀਤਾ।

ਇਸ ਚਿੱਠੀ ਦਾ ਖੁਲਾਸਾ ਕਰਕੇ ਇਤਲਾਹ ਦੇ ਤੌਰ 'ਤੇ ਜਵਾਬ ਵਕੀਲ ਗੌਰਮਿੰਟ ਕੋਲ ਭੇਜਿਆ ਜਾਵੇ।

18 ਜਨਵਰੀ 1872<br>
ਮੁਤਾਬਿਕ 7 ਮਾਘ 1928

---

**ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਪਟਿਆਲਾ ਵੱਲੋਂ ਕਪਤਾਨ ਸੀ .ਬੀ .ਡੌਨ ਡਿਪਟੀ ਕਮਿਸ਼ਨਰ ਅੰਬਾਲਾ ਦੇ ਨਾਮ ਲਿਖੀ ਚਿੱਠੀ ਦਾ ਤਰਜ਼ਮਾ।**

ਮਿਤੀ 18 ਜਨਵਰੀ 1872

ਪਿਆਰੇ ਸਾਹਿਬ,

ਤੁਹਾਡੀ ਚਿੱਠੀ ਮਿਤੀ 17 ਜਨਵਰੀ 1872 ਦੇ ਜਵਾਬ ਵਿੱਚ ਆਪ ਨੂੰ ਇਤਲਾਹ ਦਿੰਦਾ ਹਾਂ ਕਿ ਆਪ ਦੀ ਚਿੱਠੀ ਪੁੱਜਣ ਤੋਂ ਪਹਿਲਾਂ ਹੀ ਮੈਂ ਆਪਣੀ ਸਾਰੀ ਰਿਆਸਤ ਵਿੱਚ ਉਹੋ ਜਿਹਾ ਹੀ ਇੰਤਜਾਮ ਕਰ ਦਿੱਤਾ ਸੀ ਜਿਹੋ ਜਿਹਾ ਆਪ ਨੇ ਤਜਵੀਜ ਫਰਮਾਇਆ ਪਰ ਫਿਰ ਵੀ ਮੈਂ ਹਰ ਹਾਲ ਵਿੱਚ ਇਸ ਨੂੰ ਬੜੀ ਮਿਹਰਬਾਨੀ ਸਮਝਦਾ ਹਾਂ ਕਿ ਆਪ ਨੇ ਮੈਨੂੰ ਇੰਤਜਾਮ ਸਬੰਧੀ ਆਪਣੀ ਰਾਏ ਤੋਂ ਸੂਚਿਤ ਕੀਤਾ।

ਤੁਹਾਡਾ ਸ਼ੁਭਚਿੰਤਕ
ਮਹਿੰਦਰਸਿੰਘ
ਮਹਾਰਾਜਾ ਪਟਿਆਲਾ

**Patiala** **18th January 1872**

To

Captian C. B. Don (Beoson)
Deputy Commissioner,
Umbala.

Sir,

In reply to your letter of the 17th January instant, I have to inform you that before the arrival of your letter the same arrangements were made in the whole of my dominion as suggested by you but however I think it great favour that you informed me of your opinion rgarding the arrangements.

Yours Sincerely,
Mohinder Singh
Maharaja of Patiala.

# 9. ਮਹਾਰਾਜਾ ਪਟਿਆਲਾ ਵੱਲੋਂ ਅੰਗਰੇਜਾਂ ਦੀ ਸਹਾਇਤਾ ਕਰਨ ਅਤੇ ਇੰਤਜਾਮ ਲਈ ਤੋਪਾਂ, ਸਿਪਾਹੀ ਤੇ ਬਾਰਬਰਦਾਰੀ ਆਦਿ ਭੇਜੇ ਜਾਣ ਸਬੰਧੀ ਦਸਤਾਵੇਜ਼

**ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਸਾਹਿਬ ਮੰਤਰੀ, ਰਿਆਸਤ ਪਟਿਆਲਾ ਵੱਲੋਂ,**
**ਆਰ. ਰੌ ਸਾਹਿਬ ਜੱਜ ਅਦਾਲਤ ਖ਼ੁਫੀਆ ਦੇ ਨਾਮ ਲਿਖੀ ਚਿੱਠੀ**

ਮਿਤੀ 16 ਜਨਵਰੀ 1872 ਦਾ ਤਰਜ਼ਮਾ।
ਰਾਜਪੁਰਾ ਤੋਂ।

ਪਿਆਰੇ ਸਾਹਿਬ,

ਮੈਨੂੰ ਤੁਹਾਡੀ ਚਿੱਠੀ, ਜਿਹੜੀ ਮੁਹੰਮਦ ਕਾਜ਼ਿਮ ਦੇ ਨਾਉਂ ਲਿਖੀ ਸੀ, ਫ਼ੈਜ਼ਉੱਦੀਨ ਰਾਹੀਂ ਪ੍ਰਾਪਤ ਹੋਈ ਜਿਸ ਵਿੱਚ ਕੂਕਿਆਂ ਦੇ ਮਾਮਲੇ ਬਾਰੇ ਲਿਖਿਆ ਗਿਆ ਸੀ।

ਸੋ ਮੈਂ ਉਸ ਚਿੱਠੀ ਦੇ ਮੁਤਾਬਿਕ ਹੇਠ ਲਿਖਿਆ ਪ੍ਰਬੰਧ ਕਰ ਦਿੱਤਾ ਹੈ :-

ਦੋ ਤੋਪਾਂ, ਦੋ ਸੌ ਪੈਦਲ ਸਿਪਾਹੀ ਤੇ ਦੋ ਸੌ ਸਵਾਰ ਕਰਨੈਲ ਰਣਜੀਤ ਸਿੰਘ ਦੀ ਕਮਾਨ ਹੇਠ, ਮਿਸਟਰ ਕਾਵਨ ਸਾਹਿਬ ਦੀ ਮਦਦ ਵਾਸਤੇ ਤੇ ਰਈਸ ਕੋਟਲਾ ਦੀ ਹਿਫ਼ਾਜਤ ਲਈ ਭੇਜ ਦਿੱਤੇ ਹਨ। ਹੋਰ ਤੁਹਾਡੀ ਇਤਲਾਹ ਵਾਸਤੇ ਬੇਨਤੀ ਇਹ ਹੈ ਕਿ ਤੁਹਾਡੀ, ਰਾਜਾ ਜੀਂਦ ਦੇ ਨਾਮ ਲਿਖੀ ਚਿੱਠੀ, ਅਪਣੇ ਇੱਕ ਨੌਕਰ ਦੇ ਹੱਥ ਭੇਜ ਦਿੱਤੀ ਹੈ ਜਿਹੜਾ ਅਤਿਅੰਤ ਹੁਸ਼ਿਆਰ, ਚੁਸਤ, ਭਰੋਸੇਯੋਗ ਤੇ ਲਾਇਕ ਆਦਮੀ ਹੈ।

ਤੁਹਾਡਾ
(ਦਸਤਖ਼ਤ)
**ਸੱਯਦ ਮੁਹੰਮਦ ਹੁਸੈਨ,**
**ਵਜ਼ੀਰ ਰਿਆਸਤ ਪਟਿਆਲਾ।**

**Mr. Row, Judge of Ludhiana**,

Dear Sir,

I read your note addressed to Mohammad Kazim regarding Kookas (through Faizuddin). So, I have accordingly made the following arrangements.

I have sent 2 tops, 200 foot (Constables) and 200 cavalry under the command of Col. Ranjeet Singh to help Mr. Cawan and to protect Riees of Kotla.

Further I beg to inform you that I have sent your note addressed to the Raja of Jeend by one of my servent who is most active, trustworthy and an able man.

Yours
Syad Mohd. Husain,
Vazeer Patiala.

Rajpura
16th January 1872

---

ਮੁਕਾਮ ਰਾਜਪੁਰਾ ਤੋਂ

16 ਜਨਵਰੀ 1872 ਦਿਨ ਮੰਗਲਵਾਰ

ਸਤਿਕਾਰ ਯੋਗ ਮੁਹੰਮਦ ਕਾਜ਼ਿਮ ਸਾਹਿਬ,

ਆਦਾਬ ਅਰਜ਼ ਕਰਨ ਮਗਰੋਂ ਬੇਨਤੀ ਇਹ ਹੈ ਕਿ ਅੱਜ ਸਾਢੇ ਚਾਰ ਵਜੇ ਵਾਲੀ ਰੇਲ ਵਿੱਚ ਸਾਹਿਬ ਕਮਿਸ਼ਨਰ ਬਹਾਦੁਰ ਅੰਬਾਲਾ ਰਾਮਪੁਰ, ਦੇ ਅਸਥਾਨ 'ਤੇ ਆ ਕੇ ਉਤਰੇ। ਇਨ੍ਹਾਂ ਦਾਸਾਂ ਨੂੰ ਉਸਤਤ ਯੋਗ ਸਾਹਿਬ ਬਹਾਦੁਰ ਦੇ ਤਸ਼ਰੀਫ਼ ਲਿਆਉਣ ਦੀ ਖ਼ਬਰ ਮਿਲ ਚੁੱਕੀ ਸੀ ਇਸ ਲਈ ਅਸੀਂ ਸਾਹਿਬ ਬਹਾਦੁਰ ਨੂੰ ਲੈਣ ਵਾਸਤੇ ਸਟੇਸ਼ਨ 'ਤੇ ਪੁੱਜੇ। ਸਾਹਿਬ ਕਮਿਸ਼ਨਰ ਬਹਾਦੁਰ ਦੇ ਨਾਲ ਜਮਾਂਦਾਰ ਅਰਦਲੀ (Orderly-ਚਪੜਾਸੀ) ਸੀ।

ਉਹ ਰੇਲ 'ਚੋਂ ਉਤਰਿਆ ਤਾਂ ਸਰਵਰ ਖ਼ਾਨ ਅਫ਼ਗਾਨ ਵਾਸੀ ਸਨੌਰ ਮਹਿਕਮਾ ਪੁਲਿਸ, ਸਟੇਸ਼ਨ 'ਤੇ ਖੜ੍ਹਾ ਸੀ। ਪੁਰਾਣੀ ਜਾਣ ਪਛਾਣ ਹੋਣ ਕਾਰਨ ਉਪ੍ਰੋਕਤ ਜਮਾਂਦਾਰ ਨੇ ਸਰਵਰ ਖ਼ਾਨ ਤੋਂ ਦਰਿਆਫ਼ਤ ਕੀਤਾ ਕਿ ਅੱਜ ਨਵਾਬ ਅਲੀ ਮੁਹੰਮਦ ਖ਼ਾਂ ਸਾਹਿਬ ਇੱਥੇ ਆਏ ਸਨ ?

ਸਰਵਰ ਖਾਨ ਨੇ ਜਵਾਬ ਦਿੱਤਾ ਕਿ ਉਹ ਤਾਂ ਨਹੀਂ ਆਏ ਪਰ ਉਨ੍ਹਾਂ ਦਾ ਬੇਟਾ ਫ਼ੈਜ਼ਉੱਦੀਨ ਖ਼ਾਂ ਆਇਆ ਸੀ।

ਹੁਕਮ ਮੁਤਾਬਿਕ ਉਹ ਇੰਤਜ਼ਾਮ ਕਰਵਾਉਣ ਵਾਸਤੇ ਆਇਆ ਸੀ। ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ ਨੇ, ਜਿਹੜੇ ਅੱਜ ਸਵੇਰ ਦੀ ਰੇਲ ਵਿੱਚ ਦਿੱਲੀ ਤੋਂ ਇੱਥੇ ਸੁਸ਼ੋਭਤ ਹੋਏ ਸਨ, ਇੰਤਜ਼ਾਮ ਕਰਾ ਦਿੱਤਾ ਭਾਵ ਦੋ ਸੌ ਸਵਾਰ, ਦੋ ਸੌ ਪਿਆਦਾ ਸਿਪਾਹੀ ਤੇ ਦੋ ਤੋਪਾਂ, ਕੋਟਲਾ ਦਾ ਪ੍ਰਬੰਧ ਕਰਨ ਲਈ ਰਵਾਨਾ ਕਰ ਦਿੱਤੀਆਂ ਹਨ। ਫਿਰ ਉਪ੍ਰੋਕਤ ਜਮਾਂਦਾਰ, ਸਰਵਰ ਖ਼ਾਨ ਨੂੰ ਸਾਹਿਬ ਬਹਾਦੁਰ ਕੋਲ ਲੈ ਗਿਆ। ਸਾਹਿਬ ਬਹਾਦੁਰ ਨੇ ਦਰਿਆਫ਼ਤ ਕੀਤਾ। ਫਿਰ ਉਸ ਨੇ ਉੱਪਰ ਦੱਸੇ ਵਾਂਗ ਉਸਤਤ ਯੋਗ ਸਾਹਿਬ ਦੀ ਸੇਵਾ ਵਿੱਚ ਅਰਜ਼ ਕਰ ਦਿੱਤਾ। ਸਾਹਿਬ ਬਹਾਦੁਰ ਨੇ ਪੁੱਛਿਆ ਕਿ ਫ਼ੌਜ ਪਹੁੰਚ ਗਈ ਹੈ ਜਾਂ ਨਹੀਂ ? ਸਰਵਰ ਖ਼ਾਨ ਨੇ ਬੇਨਤੀ ਕੀਤੀ ਕਿ ਪੁੱਜ ਗਈ ਹੋਵੇਗੀ ਜਾਂ ਥੋੜ੍ਹੀ ਦੇਰ 'ਚ ਪੁੱਜ ਜਾਵੇਗੀ। -ਬਸ-

ਇਸ ਤੋਂ ਮਗਰੋਂ ਇੱਕ ਕੂਕਾ ਰੇਲ 'ਚੋਂ ਉਤੱਰਿਆ। ਸਾਹਿਬ ਬਹਾਦੁਰ ਨੇ ਵੇਖਕੇ, ਕਿ ਇਹ ਰਾਮਪੁਰ ਤਹਿਸੀਲ ਦੇ ਸਟੇਸ਼ਨ 'ਤੇ ਸੀ, ਫ਼ਰਮਾਇਆ ਕਿ ਜਿਹੜਾ ਕੂਕਾ ਰੇਲ 'ਚੋਂ ਉਤੱਰਿਆ ਹੈ ਉਸ ਨੂੰ ਗ੍ਰਿਫ਼ਤਾਰ ਕਰ ਲਵੋ। ਸੋ ਹੁਕਮ ਦੇ ਮੁਤਾਬਿਕ ਸਰਵਰ ਖ਼ਾਨ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਇਸ ਨੂੰ ਅਗਲਾ ਹੁਕਮ ਮਿਲਣ ਤੱਕ ਕੈਦ ਰੱਖੋ। ਸੋ ਉਸ ਨੂੰ ਹਵਾਲਾਤ 'ਚ ਡੱਕ ਦਿੱਤਾ ਗਿਆ। ਉਪ੍ਰੋਕਤ ਕੂਕੇ ਤੋਂ ਉਸ ਹਾਲ ਦਰਿਆਫ਼ਤ ਕੀਤਾ ਗਿਆ ਤਾਂ ਉਸ ਨੇ ਆਪਣਾ ਨਾਮ ਨਾਨੂੰ ਪੁੱਤਰ ਤੋਤਾ ਕੌਮ ਰਮਦਾਸੀਆ ਵਾਸੀ ਅੰਬਾਲਾ ਦੱਸਿਆ ਅਤੇ ਬਿਆਨ ਕੀਤਾ ਕਿ ਮੈਂ ਅੰਬਾਲੇ ਤੋਂ ਰੇਲ ਚੜ੍ਹਿਆ ਸੀ ਅਤੇ ਪਿੰਡ ਭੰਗੜਾਣਾ ਇਲਾਕਾ ਆਲਮਗੜ੍ਹ ਨੂੰ ਇੱਕ ਵਿਆਹ 'ਤੇ ਚਲਿਆ ਸੀ। -ਬਸ-

ਤੁਹਾਨੂੰ ਪਤਾ ਹੈ ਕਿ ਇੱਥੇ ਅਤੀ ਜ਼ਰੂਰੀ ਤਾਰਾਂ ਆਉਂਦੀਆਂ ਰਹਿੰਦੀਆਂ ਹਨ ਅਤੇ ਇੱਥੇ ਇਸ ਸਮੇਂ ਸਵਾਰ ਕੋਈ ਨਹੀਂ ਹੈ। ਜਿਹੜੇ ਇੱਕ ਦੋ ਸਵਾਰ ਸਨ ਉਨ੍ਹਾਂ ਦੀ ਘੋੜੀ ਹਜ਼ੂਰ ਨੇ ਸਾਥੀਆਂ ਨੂੰ ਦਿਵਾ ਦਿੱਤੀ। ਸੋ ਪੰਦਰਾਂ ਸਵਾਰ, ਜਿਨ੍ਹਾਂ ਦੇ ਘੋੜੇ ਬਹੁਤ ਤਕੜੇ ਹੋਣ, ਕੁਝ ਦਿਨਾਂ ਵਾਸਤੇ ਬਹੁਤ ਛੇਤੀ ਇੱਥੇ ਨਿਯੁਕਤ ਕੀਤੇ ਜਾਣ ਤਾਂ ਅਤਿਅੰਤ ਮੁਨਾਸਿਬ ਹੈ।

-ਬਸ-

ਦਾਸ

16 ਜਨਵਰੀ 1872 ਈ: ਸੱਯਦ ਮੁਹੰਮਦ ਤਕੀ ਨਾਇਬ ਨਾਜ਼ਿਮ ਤੇ

ਰਾਧਾ ਲਾਲ ਨਾਇਬ ਨਾਜ਼ਿਮ

## ਹੁਕਮ ਹੋਇਆ ਕਿ

ਸ਼ਾਮਿਲ ਮਿਸਲ ਰਹੇ। ਜਵਾਬ ਭੇਜ ਦਿੱਤਾ ਜਾਵੇ ਤੇ ਸਵਾਰ ਵੀ ਭਿਜਵਾ ਦਿਓ।

6 ਮਾਘ 1928

---

## ਤਰਜ਼ਮਾ ਤਾਰ-ਸੰਦੇਸ਼

ਵਲੋਂ :- ਅਲੀ ਮੁਹੰਮਦ ਖ਼ਾਨ ਨਵਾਬ ਝੱਜਰ, ਲੁਧਿਆਣਾ ਵਿਖੇ।

ਵੱਲ:- ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਸਾਹਿਬ ਮੀਰ ਮੁਨਸ਼ੀ ਅਤੇ ਮੀਰ ਮੁਹੰਮਦ ਅਲੀ ਵਕੀਲ ਸਰਕਾਰ ਪਟਿਆਲਾ ਕੈਂਪ,
ਲੈਫ਼ਟੀਨੈਂਟ ਗਵਰਨਰ ਬਹਾਦੁਰ,
ਮੁਕਾਮ ਦਿੱਲੀ।

ਮੇਰੇ ਲੜਕੇ (ਫੈਜ਼ਉੱਦੀਨ) ਨੇ ਰਾਜਪੁਰਾ ਵਿਖੇ ਮਹਾਰਾਜਾ ਸਾਹਿਬ ਬਹਾਦੁਰ ਨਾਲ ਮੁਲਾਕਾਤ ਕੀਤੀ ਅਤੇ ਮਹਾਰਾਜਾ ਸਾਹਿਬ ਦੀ ਫ਼ੌਜ ਮਿਸਟਰ ਕਾਵਨ ਸਾਹਿਬ ਕੋਲ ਐਨ ਸਮੇਂ ਸਿਰ ਪੁੱਜੀ ਅਤੇ ਨਿਆਜ਼ ਅਲੀ ਨਾਇਬ ਨਾਜ਼ਿਮ ਨੇ 68 ਕੂਕਿਆਂ ਨੂੰ ਸ਼ੇਰਪੁਰ ਇਲਾਕਾ ਪਟਿਆਲਾ 'ਚ ਗ੍ਰਿਫ਼ਤਾਰ ਕਰ ਲਿਆ। ਪਹਿਲਾਂ ਦੋ ਸੌ ਕੂਕਿਆਂ ਨੇ ਮਲੌਦ 'ਤੇ ਹਮਲਾ ਕੀਤਾ ਅਤੇ ਦੋ ਦਿਨਾਂ ਮਗਰੋਂ ਖ਼ਜਾਨਾ ਲੁੱਟਣ ਦੇ ਇਰਾਦੇ ਨਾਲ ਕੋਟਲੇ 'ਤੇ ਹਮਲਾ ਕੀਤਾ। ਇਨ੍ਹਾਂ ਵਿੱਚੋਂ ਕੋਈ ਇੱਕ ਸੌ ਕੂਕੇ ਗ੍ਰਿਫ਼ਤਾਰ ਹੋਏ ਤੇ ਬਾਕੀ ਦੇ ਫ਼ਰਾਰ ਹੋ ਗਏ, ਹੁਣ ਏਥੇ ਕੋਈ ਗੜਬੜ ਨਹੀਂ ਹੈ। ਕੱਲ ਰਾਤ ਫ਼ੌਰਸਾਇਥ ਸਾਹਿਬ ਨੇ ਮੈਨੂੰ ਬੁਲਾਇਆ ਅਤੇ ਮਹਾਰਾਜਾ ਸਾਹਿਬ ਦੀਆਂ ਸੇਵਾਵਾਂ ਦਾ ਧੰਨਵਾਦ ਕੀਤਾ ਤੇ ਮੇਰੇ ਹਾਲ 'ਤੇ ਵੀ ਦਇਆ ਦ੍ਰਿਸ਼ਟੀ ਕੀਤੀ।

**From:-** Ali Mohd. Khan at Ludhiana.

**To:-** Mohd. Husain Meer Munshi and Meer Mohd. Ali Vakeel Patiala Camp
Camp His Honour Liet. Governer at Delhi.

My son had an interview with the Maharaja at Rajpura and Maharaja's forces reached Mr. Cowan just at the nick of time and Niaz Ali Naib Nazim apprehended sixty eight Kookas in Sherpur Thana Riast Patiala, at first 200 attacked Malaud and then Kotla with the intention of plundering the Kotla treasure, out of these about one hundred Kookas were caught and the rest escaped, now there is no disturbance. Forsyth esquire sent for me last night and thanked the Majaraja for his services, like wise looked on me with pleasure.

---

## ਉੱਚੀ ਸ਼ਾਨ ਵਾਲੀ ਸਰਕਾਰ ਦੇ ਮੁਨਸ਼ੀ ਖਾਨੇ ਵਲੋਂ

ਵੱਡੀ ਕਦਰ ਵਾਲੇ ਸੱਯਦ ਹੁਸੈਨ ਅਲੀ ! ਖ਼ੁਸ਼ ਰਹੋ !

ਤੁਹਾਨੂੰ ਪਤਾ ਹੈ ਕਿ ਹਜ਼ੂਰ (ਮਹਾਰਾਜਾ) ਦਿੱਲੀ ਇਸ ਵਾਸਤੇ ਤਸ਼ਰੀਫ਼ ਲੈ ਗਏ ਸਨ ਕਿ ਉਨ੍ਹਾਂ ਦਾ ਨਾਰਨੌਲ ਜਾਣ ਦਾ ਇਰਾਦਾ ਸੀ ਪਰੰਤੂ ਕੱਲ ਜਦੋਂ ਜਨਾਬ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਇਲਾਕਾ ਪੰਜਾਬ ਆਦਿ ਦਿਨ ਦੇ ਗਿਆਰਾਂ ਵਜੇ ਉੱਚੀ ਸ਼ਾਨ ਵਾਲੇ ਹਜ਼ੂਰ ਦੇ ਤਸ਼ਰੀਫ਼ ਲਿਆਉਣ ਮੁਤਾਬਿਕ ਜਵਾਬੀ ਮੁਲਾਕਾਤ ਕਰਨ ਵਾਸਤੇ ਪੁੱਜੇ ਤਾਂ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਲੁਧਿਆਣਾ, ਵਲੋਂ ਪੁੱਜੀ ਤਾਰ ਬਾਰੇ ਉਨ੍ਹਾਂ ਨੇ ਦੱਸਿਆ ਕਿ ਕੂਕਾ ਧਰਮ ਦੇ ਬਦਮਾਸ਼ਾ ਨੇ 14 ਜਨਵਰੀ ਦੀ ਰਾਤ ਨੂੰ ਦੋ ਸੌ ਆਦਮੀਆਂ ਦੇ ਇੱਕਠ ਨਾਲ ਸਰਦਾਰ ਬਦਨ ਸਿੰਘ ਰਈਸ ਮਲੌਂਦ 'ਤੇ ਹਮਲਾ ਕੀਤਾ ਜਿਸ ਵਿੱਚ ਦੋ ਆਦਮੀ ਮਾਰੇ ਗਏ, ਕੁਝ ਸਖ਼ਤ ਜ਼ਖ਼ਮੀ ਹੋਏ ਤੇ ਖ਼ੁਦ ਬਦਨ ਸਿੰਘ ਵੀ ਸਖ਼ਤ ਜ਼ਖ਼ਮੀ ਹੋਏ।

ਕਿਉਂਕਿ ਹਜ਼ੂਰ ਦੇ ਨਜ਼ਦੀਕ ਇਹ ਵਾਰਦਾਤ, **ਅੰਮ੍ਰਿਤਸਰ ਤੇ ਰਾਏਕੋਟ ਦੀਆਂ ਵਾਰਦਾਤਾਂ**, ਜਿਨ੍ਹਾਂ ਵਿੱਚ ਮੁਜਰਿਮਾਂ ਨੂੰ ਸਖ਼ਤ ਸਜ਼ਾ ਦਿੱਤੀ ਗਈ, ਤੋਂ ਬਾਅਦ ਧਿਆਨ ਦੇਣ ਯੋਗ ਹਾਲਤ ਰੱਖਦੀ ਹੈ। ਇਸ ਲਈ ਨਾਰਨੌਲ ਦਾ ਦੌਰਾ ਮੁਲਤਵੀ ਕੀਤਾ ਅਤੇ ਅੰਗਰੇਜ਼ੀ ਹਾਕਿਮਾਂ ਦੀ ਮਦਦ ਕਰਨ ਤੇ ਇਸ ਫ਼ਸਾਦ ਦਾ ਪ੍ਰਬੰਧ ਕਰਨ ਵਾਸਤੇ ਆਪਣੀ ਰਿਆਸਤ ਨੂੰ ਵਾਪਸ ਤਸ਼ਰੀਫ਼ ਲੈ ਜਾਣਾ ਮੁਨਾਸਿਬ ਸਮਝਿਆ।

ਸੋ ਹਜ਼ੂਰ ਦਿੱਲੀ ਤੋਂ ਕੱਲ ਰਾਤ ਦੀ ਟਰੇਨ 'ਚ ਸਵਾਰ ਹੋ ਕੇ ਪਟਿਆਲਾ ਵਿਖੇ ਤਸ਼ਰੀਫ਼ ਲੈ ਆਏ। ਜਦੋਂ ਰਸਤੇ ਦੌਰਾਨ ਰੇਲ ਗੱਡੀ ਕੈਂਟ ਸਟੇਸ਼ਨ ਅੰਬਾਲਾ ਪੁੱਜੀ ਤਾਂ ਸਾਹਿਬ ਸੈਕਟਰੀ ਬਹਾਦੁਰ ਪੰਜਾਬ ਗੌਰਮਿੰਟ ਵਲੋਂ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਅੰਬਾਲਾ, ਜਿਹੜੇ ਪਹਿਲਾਂ ਤੋਂ ਹੀ ਹਜ਼ੂਰ ਦੇ ਤਸ਼ਰੀਫ਼ ਲਿਆਉਣ ਦੀ ਉਡੀਕ ਕਰ ਰਹੇ ਸਨ, ਰਾਹੀਂ ਇੱਕ ਤਾਰ-ਸੰਦੇਸ਼ (ਤਾਰ ਰਾਹੀਂ ਪੈਗ਼ਾਮ) ਹਜ਼ੂਰ ਦੇ ਨਾਮ ਪੁੱਜਾ ਜਿਸ ਵਿੱਚ ਦਰਜ ਸੀ ਕਿ ਕੱਲ ਅੱਠ ਵਜੇ ਸਵੇਰੇ ਕੂਕੇ ਬਦਮਾਸ਼ਾਂ ਵਲੋਂ ਕਸਬਾ ਕੋਟਲਾ ਅਫ਼ਗ਼ਾਨਾਂ ਉੱਤੇ ਦੂਜਾ ਹਮਲਾ ਕੀਤਾ ਗਿਆ ਹੈ, ਅਤੇ ਹਮਲਾ ਕਰਨ ਵਾਲੇ ਪੰਜ ਸੌ ਆਦਮੀ ਸਨ।

ਸੋ ਹਮਲਾ ਕਰਨ ਵਾਲਿਆਂ ਨੂੰ ਖਦੇੜਨ, ਤੇ ਪ੍ਰਬੰਧ ਕਰਨ ਤੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਲੁਧਿਆਣਾ ਦੀ ਮਦਦ ਨਾਲ ਵਾਸਤੇ ਫ਼ੌਰਨ ਦੋ ਸੌ ਸਵਾਰ, ਦੋ ਸੌ ਸਿਪਾਹੀਆਂ ਦੀ ਪਲਟਣ ਤੇ ਦੋ ਤੋਪਾਂ ਸਰਦਾਰ ਰਣਜੀਤ ਸਿੰਘ ਕਰਨੈਲ ਤੇ ਸਰਦਾਰ ਲਾਲ ਸਿੰਘ ਕਰਨੈਲ ਦੀ ਕਮਾਂਡ ਹੇਠ ਰਵਾਨਾ ਕੀਤੀਆਂ ਗਈਆਂ ਅਤੇ ਕੋਟਲਾ ਦੇ ਨਾਲ ਲੱਗਦੀਆਂ ਹੱਦਾ ਦੇ ਨਾਇਬ ਨਾਜ਼ਿਮਾਂ ਤੇ ਨਾਜ਼ਿਮਾਂ ਦੇ ਨਾਮ ਸਖ਼ਤ ਤਾਕੀਦੀ ਹੁਕਮ ਜਾਰੀ ਕੀਤੇ ਗਏ ਕਿ ਉਹ ਬਦਮਾਸ਼ਾਂ ਦੀ ਗ੍ਰਿਫ਼ਤਾਰੀ ਤੇ ਅੰਗਰੇਜ਼ੀ ਹਾਕਿਮਾਂ ਦੀ ਮਦਦ ਕਰਨ ਵਿੱਚ ਤਨੋਂ ਮਨੋਂ ਪੈਰਵੀ ਕਰਨ।

ਕਿਉਂਕਿ ਤੁਹਾਨੂੰ ਇਸ ਦੀ ਇਤਲਾਹ ਦੇਣੀ ਮੁਨਾਸਿਬ ਹੈ ਇਸ ਲਈ ਸੂਚਨਾ ਹਿਤ ਲਿਖਿਆ ਗਿਆ ਹੈ। ਮਹਾਨ ਸਰਕਾਰ ਦਾ ਤੁਹਾਡੇ ਉੱਤੇ ਧਿਆਨ ਬਾਰੇ ਤੁਸੀਂ ਖ਼ੁਦ ਜਾਣੋ।

16 ਜਨਵਰੀ ਸੰਨ 1872 ਈ: , 5 ਮਾਘ 1928.

ਕਿਉਂਕਿ ਇਸ ਦੀ ਸੂਚਨਾ ਸਾਰੇ ਵਕੀਲਾਂ ਤੇ ਨਾਜ਼ਿਮਾਂ ਨੂੰ ਦੇਣੀ ਵਾਜਿਬ ਹੈ ਇਸ ਲਈ (ਮਹਾਰਾਜਾ ਪਟਿਆਲਾ ਵੱਲੋਂ ) ਹੁਕਮ ਹੋਇਆ ਕਿ :-

ਇਸ ਰੋਬਕਾਰ ਦੇ ਮਜ਼ਮੂਨ ਅਨੁਸਾਰ ਵਕੀਲਾਂ ਦੇ ਨਾਮ ਇਤਲਾਹ ਵਜੋਂ ਪ੍ਰਵਾਨੇ ਅੱਜ ਹੀ ਲਿਖ ਕੇ ਭੇਜ ਦਿੱਤੇ ਜਾਣ ਅਤੇ ਇਸ ਰੋਬਕਾਰ ਦੀ ਨਕਲ ਨਾਜ਼ਿਮਾਂ ਦੀ ਸੇਵਾ ਵਿੱਚ ਭੇਜ ਕੇ ਲਿਖਿਆ ਜਾਵੇ ਕਿ ਉਹ ਇਸ ਕੰਮ ਨੂੰ ਸਾਰੇ ਕੰਮਾਂ ਨਾਲੋਂ ਪਹਿਲਾਂ ਜ਼ਰੂਰੀ ਸਮਝ ਕੇ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਤੇ ਅੰਗਰੇਜ਼ੀ ਹਾਕਿਮਾਂ ਨੂੰ ਮਦਦ ਦੇਣ ਲਈ ਪੂਰੀ ਤਨੋਂ ਮਨੋਂ ਵਾਹ ਲਾਉਣ ਅਤੇ ਆਪਣੇ ਮਾਤਹਿਤ ਨਾਇਬ ਨਾਜ਼ਿਮਾਂ ਨੂੰ ਵੀ ਸਖ਼ਤ ਤਾਕੀਦ ਕਰਨ ਕਿ ਉਹ ਵੀ ਇਸ ਵਿੱਚ ਕੋਸ਼ਿਸ਼ ਕਰਨ ਅਤੇ ਇਸੇ ਤਰ੍ਹਾਂ ਥਾਣੇਦਾਰਾਂ ਦੇ ਨਾਮ ਵੀ ਸਖ਼ਤ ਤਾਕੀਦੀ ਹੁਕਮ ਭੇਜ ਦੇਣ।

---

ਅਮਰਗੜ੍ਹ ਤੇ ਅਨਾਹਦਗੜ੍ਹ ਦੇ ਨਾਜ਼ਿਮ ਸਾਹਿਬਾਨ ਨੂੰ ਪ੍ਰਤੱਖ ਹੋਵੇ ਕਿ ਤੁਹਾਡੀ ਮਦਦ ਵਾਸਤੇ ਇੱਥੋਂ ਇੱਕ ਇੱਕ ਰਿਸਾਲੇ ਦੇ ਪੰਜਾਹ ਪੰਜਾਹ ਸਵਾਰ ਰਵਾਨਾ ਹੋ ਚੁੱਕੇ ਹਨ, ਜਿਹੜੇ ਛੇਤੀ ਹੀ ਪੁੱਜ ਜਾਣਗੇ। ਨਾਇਬ ਨਾਜ਼ਿਮ ਅਮਰਗੜ੍ਹ ਨੂੰ ਮੁਨਾਸਿਬ ਹੈ ਕਿ ਤੁਸੀਂ ਜ਼ਾਤੀ ਤੌਰ 'ਤੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਲੁਧਿਆਣਾ ਦੀ ਸੇਵਾ ਵਿੱਚ ਹਾਜ਼ਿਰ ਹੋ ਜਾਓ ਅਤੇ ਸਾਰੇ ਕੰਮਾਂ ਨਾਲੋਂ ਇਸ ਕੰਮ ਨੂੰ ਤਰਜੀਹ (ਪਹਿਲ) ਦਿਓ ਤੇ ਹਰ ਪ੍ਰਕਾਰ ਦੀ ਮਦਦ ਕਰੋ।

ਕਿਉਂਕਿ ਇਸ ਦੀ ਇਤਲਾਹ ਦੇਣੀ ਮੁਨਾਸਿਬ ਸੀ, ਇਸ ਲਈ ਇਤਲਾਹ ਵਜੋਂ ਲਿਖਿਆ ਗਿਆ।

16 ਜਨਵਰੀ 1872<br>
5 ਮਾਘ 1928

ਹੇਠ ਲਿਖੇ ਵਕੀਲਾਂ ਦੇ ਨਾਮ ਪਰਵਾਨੇ ਲਿਖੇ ਗਏ ਤੇ ਜਾਰੀ ਕੀਤੇ ਗਏ :- ਕਰਨਾਲ, ਹਿਸਾਰ, ਸਿਰਸਾ, ਫ਼ਿਰੋਜ਼ਪੁਰ, ਲੁਧਿਆਣਾ, ਅੰਬਾਲਾ ਕਮਿਸ਼ਨਰੀ ਤੇ ਸ਼ਿਮਲਾ।

----------------------------------------------------------------

## ਪਟਿਆਲਾ ਦੇ ਪ੍ਰਧਾਨ ਮੰਤਰੀ ਦੇ ਭਰਾ ਖ਼ਲੀਫ਼ਾ ਸੱਯਦ ਮੁਹੰਮਦ ਕਾਜ਼ਿਮ ਦੇ ਨਾਮ, ਆਰ. ਰੌ ਸਾਹਿਬ ਜੱਜ ਅਦਾਲਤ ਖ਼ੁਫ਼ੀਆ ਲੁਧਿਆਣਾ ਦੀ ਚਿੱਠੀ

ਮਿਤੀ 16 ਜਨਵਰੀ 1872 ਈ: ਦਾ ਤਰਜ਼ਮਾ।
ਮੁਕਾਮ ਲੁਧਿਆਣਾ ਤੋਂ।

ਜਨਾਬ,

ਨਵਾਬ ਅਲੀ ਮੁਹੰਮਦ ਖ਼ਾਨ, ਜਿਸ ਨੂੰ ਤੁਸੀਂ ਕੂਕਿਆਂ ਦੇ ਹਮਲੇ ਦੀ ਇਤਲਾਹ ਦੇਣ ਵਾਸਤੇ ਭੇਜਿਆ ਹੈ, ਦੀ ਬੇਨਤੀ ਅਨੁਸਾਰ ਮੈਂ ਆਪ ਨੂੰ ਲਿਖਦਾ ਹਾਂ ਕਿ ਇਹ ਖ਼ਬਰ ਮਿਲੀ ਹੈ ਕਿ ਕੂਕਾ ਸਿੱਖ ਜੀਂਦ 'ਤੇ ਹਮਲਾ ਕਰਨ ਦਾ ਇਰਾਦਾ ਰੱਖਦੇ ਹਨ ਅਤੇ ਸ਼ਾਇਦ ਪਟਿਆਲਾ ਵੱਲ ਵੀ ਆਉਣ।

ਆਪ ਦਾ ਵਫ਼ਾਦਾਰ
(ਆਰ. ਰੌ)
ਦਸਤਖ਼ਤ

# 10. ਕੂਕਿਆਂ ਦੇ ਜੱਥੇ ਦੀ ਗ੍ਰਿਫ਼ਤਾਰੀ ਦੀਆਂ ਸੂਚਨਾਵਾਂ ਦੇਣ ਸੰਬੰਧੀ ਲਿਖੀਆਂ ਗਈਆਂ ਚਿੱਠੀਆਂ ਅਤੇ ਅੰਗਰੇਜ਼ ਸਰਕਾਰ ਵੱਲੋਂ ਜੱਥੇ ਨੂੰ ਮਲੇਰ ਕੋਟਲਾ ਲਿਆਉਣ ਦੇ ਹੁਕਮ

## ਮਹਾਰਾਜਾ ਪਟਿਆਲਾ ਨੂੰ ਲਿਖੀ ਗਈ ਚਿੱਠੀ

ਲੋੜਵੰਦਾ ਤੇ ਜ਼ਮਾਨੇ ਦੇ ਸਖ਼ੀ,
ਗ਼ਰੀਬ ਪਰਵਰ! ਸਲਾਮਤ!

ਸ੍ਰੀ ਮਾਨ ਜੀ,

ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ ਦਾ ਖ਼ਤ ਅੱਜ ਰਾਤ 10 ਵਜੇ ਇਸ ਦਾਸ ਕੋਲ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੂੰ ਇਤਲਾਹ ਦੇਣ ਵਾਸਤੇ ਪੁੱਜਾ। ਇਸ ਖ਼ਤ ਰਾਹੀਂ ਰਾਮਪੁਰ ਮਲੌਦ ਤੇ ਮਲੇਰ ਕੋਟਲਾ ਦੀ ਵਾਰਦਾਤ ਦੇ 68 ਮੁਲਜ਼ਿਮ ਕੂਕਿਆਂ ਨੂੰ ਪਿੰਡ ਰੜ ਤਅੱਲੁਕਾ ਸ਼ੇਰਪੁਰ ਦੇ ਜੰਗਲ ਵਿੱਚੋਂ ਗ੍ਰਿਫ਼ਤਾਰ ਕਰਨ ਅਤੇ 15 ਤਲਵਾਰਾਂ, ਗੰਡਾਸੇ ਤੇ ਕੁਹਾੜੇ ਬਰਾਮਦ ਹੋਣ, 8 ਜਣਿਆਂ ਦੇ ਕਤਲ ਹੋਣ, ਉਪ੍ਰੋਕਤ ਮੁਲਜ਼ਿਮਾਂ ’ਚੋਂ 29 ਦੇ ਜਖ਼ਮੀ ਹੋਣ ਬਾਰੇ ਸੂਚਿਤ ਕੀਤਾ ਗਿਆ ਸੀ।

ਇਸ ਦਾਸ ਨੇ ਉਸ ਖ਼ਤ ਨੂੰ, ਜਿਹੜਾ ਚਾਰ ਵਰਕਿਆਂ ’ਤੇ ਲੰਮਾਂ ਚੌੜਾ ਲਿਖਿਆ ਹੋਇਆ ਸੀ, ਫ਼ੌਰਨ ਜਨਾਬ ਮੇਮ ਸਾਹਿਬ ਦੀ ਸੇਵਾ ’ਚ ਹਾਜ਼ਿਰ ਹੋ ਕੇ ਪੜ੍ਹ ਕੇ ਸੁਣਾਇਆ। ਮੇਮ ਸਾਹਿਬ 68 ਆਦਮੀਆਂ ਦੀ ਗ੍ਰਿਫ਼ਤਾਰੀ ਦਾ ਹਾਲ ਸੁਣ ਕੇ ਅਤਿਅੰਤ ਪ੍ਰਸੰਨ ਹੋਏ ਅਤੇ ਚਪੜਾਸੀ ਨੂੰ ਹੁਕਮ ਦਿੱਤਾ ਕਿ ਇਸ ਵੇਲੇ ਜਨਾਬ ਸਾਹਿਬ ਕਮਿਸ਼ਨਰ ਬਹਾਦੁਰ ਅੰਬਾਲਾ ਤੋਂ ਤਸ਼ਰੀਫ਼ ਲਿਆਏ ਹਨ, ਵਕੀਲ ਸਾਹਿਬ ਨੂੰ ਉਸਤਤ ਯੋਗ ਸਾਹਿਬ ਦੀ ਸੇਵਾ ਵਿੱਚ ਲੈ ਜਾ ਕੇ ਸਾਡੇ ਵੱਲੋਂ ਬਹੁਤ ਬਹੁਤ ਸਲਾਮ ਕਹੋ। ਸੋ ਇਹ ਦਾਸ ਚਪੜਾਸੀ ਨਾਲ ਡਾਕ ਬੰਗਲੇ ’ਚ ਆਇਆ। ਉੱਥੇ ਬਰਾਂਡੇ ਵਿਚ ਸਰਦਾਰ ਨਰਾਇਣ ਸਿੰਘ ਸਾਹਿਬ ਐਕਸਟਰਾ ਅਸਿਸਟੈਂਟ ਕਮਿਸ਼ਨਰ ਬਹਾਦੁਰ, ਤਹਿਸੀਲਦਾਰ ਲੁਧਿਆਣਾ ਤੇ ਸਾਹਿਬ ਟੋਪਸ ਆਦਿ ਵਕੀਲ ਕੋਟਲਾ ਬੈਠੇ ਹੋਏ ਸਨ। ਚਪੜਾਸੀ ਨੇ ਮੇਮ ਸਾਹਿਬ ਵਲੋਂ ਸਲਾਮ ਬੁਲਾਕੇ ਇਸ ਦਾਸ ਦੀ ਹਾਜ਼ਿਰੀ ਦੀ ਇਤਲਾਹ ਸਾਹਿਬ ਕਮਿਸ਼ਟਰ ਬਹਾਦੁਰ ਨੂੰ ਦਿੱਤੀ। ਸਾਹਿਬ ਬਹਾਦੁਰ ਨੇ ਹੁਕਮ ਦਿੱਤਾ ਕਿ ਉਸ ਨੂੰ ਬੁਲਾਓ।

ਸੋ ਇਸ ਦਾਸ ਨੇ ਇਸ ਤਰ੍ਹਾਂ ਸੰਖੇਪ ਹਾਲ ਅਰਜ਼ ਕੀਤਾ ਕਿ ਨਾਇਬ ਨਾਜ਼ਿਮ ਅਮਰਗੜ੍ਹ ਨੇ ਮਲੌਦ ਤੇ ਮਲੇਰਕੋਟਲਾ ਦੇ ਵਾਰਦਾਤ ਦੀ ਘਟਨਾ ਦੇ 68 ਮੁਜ਼ਰਿਮ ਕੂਕਿਆਂ ਨੂੰ 15 ਤਲਵਾਰਾਂ, ਗੰਡਾਸਿਆਂ ਤੇ ਕੁਹਾੜਿਆਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਵਿੱਚੋਂ 29 ਆਦਮੀ ਜ਼ਖ਼ਮੀ ਹਨ, ਤਿੰਨ ਮਰਨ ਕਿਨਾਰੇ ਹਨ, ਬਹੁਤਿਆਂ ਦੇ ਗੋਲੀਆਂ ਲੱਗੀਆਂ ਹੋਈਆ ਹਨ ਤੇ ਇੱਕ ਦਾ ਪਹੁੰਚੇ ਨਾਲੋਂ ਹੱਥ ਕੱਟਿਆ ਹੋਇਆ ਹੈ। ਸਾਹਿਬ ਬਹਾਦੁਰ ਨੇ ਇਸ ਕਦਰ ਹਾਲ ਸੁਣ ਕੇ ਫ਼ਰਮਾਇਆ ਸੀ ਕਿ ਸਾਰਾ ਕਾਗ਼ਜ ਪੜ੍ਹ ਕੇ ਸੁਣਾਓ ਕਿ ਇਹ ਕਿਸ ਥਾਂ ਤੇ ਕਿਵੇਂ ਕਿਵੇਂ ਗ੍ਰਿਫ਼ਤਾਰ ਹੋਏ। ਫ਼ਿਰ ਇਸ ਦਾਸ ਨੇ ਅਰੰਭ ਤੋਂ ਅਖੀਰ ਤੱਕ ਅੱਖਰ-ਅੱਖਰ ਪੜ੍ਹ ਕੇ ਸੁਣਾਇਆ। ਉਸਤਤ ਯੋਗ ਸਾਹਿਬ, ਕਰਨੈਲ ਬੈਲ ਸਾਹਿਬ ਤੇ ਡੇਕੀ ਸਾਹਿਬ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਉਪ੍ਰੋਕਤ ਮੁਜ਼ਰਿਮਾਂ ਦੀ ਗ੍ਰਿਫ਼ਤਾਰੀ ਦਾ ਹਾਲ ਸੁਣ ਕੇ ਅਤਿਅੰਤ ਖ਼ੁਸ਼ ਹੋਏ। ਸਾਹਿਬ ਕਮਿਸ਼ਨਰ ਬਹਾਦੁਰ ਤੇ ਕਰਨੈਲ ਬੈਲ ਸਾਹਿਬ ਬਹਾਦੁਰ ਨੇ ਫ਼ਰਮਾਇਆ ਕੇ ਅਸੀਂ ਜਨਾਬ ਸ਼੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਅਤਿਅੰਤ ਸ਼ੁਕਰ ਗੁਜ਼ਾਰ ਤੇ ਅਹਿਸਾਨਮੰਦ ਹਾਂ ਕਿ ਫ਼ਸਾਦੀਆਂ ਦੇ ਇੱਕ ਗਰੋਹ ਨੂੰ ਨਾਇਬ ਨਾਜ਼ਿਮ ਨੇ ਹਥਿਆਰਾਂ ਸਮੇਤ ਇੰਨੀ ਜਲਦੀ ਗ੍ਰਿਫ਼ਤਾਰ ਕੀਤਾ। ਫ਼ਿਰ ਕਿਹਾ ਕਿ ਕਾਫ਼ੀ ਸਮੇਂ ਤੋਂ ਸ਼੍ਰੀ ਮਹਾਰਾਜਾ ਸਾਹਿਬ ਵਲੋਂ ਜੱਗ ਜ਼ਾਹਿਰ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ਜਿਵੇਂ ਸੰਨ 1857

---

ਵਿੱਚ ਵਿਸ਼ੇਸ਼ ਤੌਰ ਤੇ ਰਾਏਕੋਟ ਦੇ ਮਾਮਲੇ ਵਿੱਚ ਜਿਹੜੀ ਕੋਸ਼ਿਸ਼ ਤੇ ਜਾਨ ਮਾਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਮੁਲਾਜ਼ਿਮਾਂ ਵਲੋਂ ਕੀਤੀ ਗਈ ਹੈ, ਉਹ ਇਸ ਗੱਲ ਦਾ ਸਬੂਤ ਹੈ।

-ਬਸ-

ਸੋ ਹੁਣ ਸਾਡੇ ਵਲੋਂ ਤੁਸੀਂ ਸ਼੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਬਹੁਤ ਬਹੁਤ ਸਲਾਮ ਲਿਖ ਦਿਓ ਤੇ ਸਾਡੀ ਸ਼ੁਕਰਗੁਜ਼ਾਰੀ ਜ਼ਾਹਿਰ ਕਰੋ ਅਤੇ ਨਾਇਬ ਨਾਜ਼ਿਮ ਨੂੰ ਜਵਾਬ ਲਿਖ ਦਿਓ ਕਿ ਉਹ ਅਗਲਾ ਹੁਕਮ ਜਾਰੀ ਹੋਣ ਤੱਕ ਇਨ੍ਹਾਂ ਮੁਜ਼ਰਿਮਾਂ ਦੀ ਪੂਰੀ ਹਿਫ਼ਾਜ਼ਤ ਰੱਖੇ। ਅਸੀਂ ਇਸ ਵੇਲੇ ਮਿਸਟਰ ਕਾਵਨ ਸਾਹਿਬ ਬਹਾਦੁਰ ਡਿਪਟੀ ਕਮਿਸ਼ਨਰ ਨੂੰ ਵੀ ਲਿਖਾਂਗੇ ਅਤੇ ਜਵਾਬ ਆਉਣ ਮਗਰੋਂ ਜੋ ਮੁਨਾਸਿਬ ਹੋਵੇਗਾ ਹੁਕਮ ਦਿੱਤਾ ਜਾਵੇਗਾ।

ਇਸ ਦੀ ਇਤਲਾਹ ਦੇਣੀ ਮੁਨਾਸਿਬ ਸਮਝਕੇ ਸੂਚਨਾ ਹਿਤ ਹਜ਼ੂਰ ਨੂੰ ਅਰਜ਼ ਕੀਤਾ। ਨਾਇਬ ਨਾਜ਼ਿਮ ਨੂੰ ਜਵਾਬ ਵਜੋਂ ਲਿਖਿਆ ਗਿਆ ਹੈ।

ਦਾਸ

16 ਜਨਵਰੀ 1872.

ਪੁਰਾਣਾ ਨਮਕ ਪਰਵਰਦਾ,
ਸੱਯਦ ਅਹਿਮਦ ਹਸਨ ਵਕੀਲ ਲੁਧਿਆਣਾ।

---

## ਮੁਹੰਮਦ ਨਾਮਦਾਰ ਖ਼ਾਨ ਨਾਜ਼ਿਮ ਦੀ ਤਜਵੀਜ਼ ਨਾਲ ਨਿਜ਼ਾਮਤ ਅਨਾਹਦਗੜ੍ਹ ਦੀ ਫ਼ੌਜਦਾਰੀ ਅਦਾਲਤ ਦੀ ਰੋਬਕਾਰ

**ਮਿਤੀ 16 ਜਨਵਰੀ 1872 ਈ: ਮੁਤਾਬਿਕ 5 ਮਾਘ 1928.**

ਮੀਰ ਨਿਆਜ਼ ਅਲੀ ਨਾਇਬ ਨਾਜ਼ਿਮ ਜ਼ਿਲ੍ਹਾ ਅਮਰਗੜ੍ਹ ਦਾ ਮਿਤੀ 15 ਜਨਵਰੀ 1872 ਈ: ਮੁਤਾਬਿਕ 4 ਮਾਘ 1928 ਸਮਾਂ 8 ਵਜੇ ਸ਼ਾਮ ਦਾ ਲਿਖਿਆ ਖ਼ਤ ਆਇਆ ਜਿਸ ਵਿੱਚ ਇਹ ਸੂਚਿਤ ਕੀਤਾ ਗਿਆ ਹੈ ਕਿ " ਅਗਲੇ ਦਿਨ ਕੋਟਲਾ ਤੇ ਮਲੌਦ ਦੇ ਅਸਥਾਨਾਂ 'ਤੇ ਕੂਕਾ ਕੌਮ ਨੇ ਸਖ਼ਤ ਦੰਗਾ ਫ਼ਸਾਦ ਕੀਤਾ ਜਿਸ ਦੇ ਕਾਰਨ ਉੱਥੋਂ ਦੇ ਕੁਝ ਲੋਕ ਕਤਲ ਤੇ ਜ਼ਖ਼ਮੀ ਹੋਏ। ਅਸੀਂ ਉਨ੍ਹਾਂ ਸੱਤਰ ਦੇ ਕਰੀਬ ਆਦਮੀਆਂ ਨੂੰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ ਜਿਹੜੇ ਜ਼ਖ਼ਮੀ ਹੋ ਕੇ ਇਸ ਇਲਾਕੇ 'ਚ ਆਏ। ਇਹ ਇੱਕ ਭਾਰੀ ਜੰਗ ਹੋਇਆ ਹੈ। ਇੱਥੇ ਗ੍ਰਿਫ਼ਤਾਰ ਆਦਮੀਆਂ ਦੀ ਲੋੜ ਮੁਤਾਬਿਕ ਬੇੜੀਆਂ ਮੌਜੂਦ ਨਹੀਂ ਹਨ। ਮੀਰ ਨਿਆਜ਼ ਅਲੀ ਨਾਇਬ ਨਾਜ਼ਿਮ ਜ਼ਿਲ੍ਹਾ ਅਮਰਗੜ੍ਹ ਦਾ ਖ਼ਤ ਰਾਤ ਦੇ ਦੋ ਵਜੇ ਸਾਡੇ ਕੋਲ ਪੁੱਜਾ ਜਿਸ ਰਾਹੀ ਇਸ ਨਿਜ਼ਾਮਤ ਤੋਂ 30 ਬੇੜੀਆਂ, 15 ਸਵਾਰ, ਜੰਗੀ ਪਲਟਣ ਦੇ ਦੋ ਪਹਿਰੇ, ਸਮੇਤ ਕਿਸੇ ਤਜਰਬੇਕਾਰ ਆਦਮੀ ਦੇ ਮੰਗੇ ਹਨ। ਸਾਫ਼ ਜਾਹਿਰ ਹੈ ਕਿ ਇਸ ਨਿਜ਼ਾਮਤ ਵਿੱਚ ਦਸ ਸਵਾਰ ਤੇ ਤਿੰਨ ਪਹਿਰਾ ਪਲਟਣ ਨਿਯੁਕਤ ਹਨ। ਖ਼ਤ ਪ੍ਰਾਪਤ ਹੋਣ ਉਪ੍ਰੰਤ ਨਿਜ਼ਾਮਤ ਵਿੱਚ ਸਵਾਰਾਂ ਦੀ ਮੌਜੂਦਗੀ ਦਾ ਪਤਾ ਕੀਤਾ ਗਿਆ ਤਾਂ ਮਾਲੂਮ ਹੋਇਆ ਕਿ ਦਸ ਸਵਾਰਾਂ ਵਿੱਚੋਂ ਪੰਜ ਸਵਾਰ ਡਿਊਟੀ 'ਤੇ ਗਏ ਹੋਏ ਹਨ ਅਤੇ ਦੋ ਸਵਾਰਾਂ ਦੇ ਘੋੜੇ ਅਤੀ ਕਮਜ਼ੋਰ ਤੇ ਬਿਮਾਰ ਹਨ। ਕੁੱਲ ਤਿੰਨ ਸਵਾਰ ਕੰਮ ਦੇ ਕਾਬਿਲ ਮੌਜੂਦ ਪਾਏ। ਤਿੰਨ ਪਹਿਰੇ ਪਲਟਣ 'ਚੋ ਇੱਕ ਪਹਿਰਾ ਫ਼ਤਹ ਸਿੰਘ ਕੈਦੀ ਨਾਲ ਭੇਜਿਆ ਹੋਇਆ ਹੈ ਕਿਉਂਕਿ ਇਸ ਕੈਦੀ ਨੇ ਦੂਜੇ ਮੁਜ਼ਰਿਮਾਂ ਨੂੰ ਗ੍ਰਿਫ਼ਤਾਰ ਕਰਵਾਉਣ ਦਾ ਇਕਰਾਰ ਕੀਤਾ ਹੈ, ਅਤੇ ਇੱਕ ਪਹਿਰਾ ਖ਼ਾਸ ਖ਼ਜ਼ਾਨੇ 'ਤੇ ਮੌਜੂਦ ਹੈ ਅਤੇ ਤੀਸਰਾ ਪਹਿਰਾ ਕਿਲੇ ਦੇ ਦਰਵਾਜ਼ੇ 'ਤੇ ਨਿਯੁਕਤ ਹੈ। ਇਸ ਪਹਿਰੇ ਨਾਲ ਕਿਲੇ ਦੇ ਅੰਦਰਲੇ ਸਾਰੇ ਭਵਨਾਂ ਤੇ ਹਵਾਲਾਤ ਦੀ ਹਿਫ਼ਾਜ਼ਤ ਰਹਿੰਦੀ ਹੈ ਕਿਉਂਕਿ ਇਹ ਦਰਵਾਜ਼ਾ ਤਿੰਨ ਕਿਵਾੜਾਂ ਵਾਲਾ ਖੁੱਲਾ-ਡੁੱਲਾ ਹੈ। ਇਸ ਵਾਸਤੇ ਪਲਟਣ ਦੇ ਸਿਪਾਹੀਆਂ ਦੇ ਭੇਜਣ ਦੀ ਕੋਈ ਗੁੰਜਾਇਸ਼ ਨਹੀਂ ਸੀ। ਸੋ ਤਿੰਨ ਸਵਾਰ, ਕਿਲੇ ਦੇ ਪੰਜ ਸਿਪਾਹੀ, ਨਿਜ਼ਾਮਤ ਤੇ ਦੋ ਚਪੜਾਸੀ ਤੇ ਅਨਾਹਦਗੜ੍ਹ ਦੇ 15 ਜ਼ਿਮੀਂਦਾਰ, ਜਿਹੜੇ ਜਵਾਨ ਹਨ, ਮਾਲ ਖ਼ਾਨੇ 'ਚ ਮੌਜੂਦ ਹਥਿਆਰ ਤੇ 30 ਬੇੜੀਆਂ ਦੇ ਕੇ ਲਾਲਾ ਬਿਸ਼ੰਭਰ ਦਾਸ ਨਾਇਬ ਨਾਜ਼ਿਮ ਨੂੰ ਮਦਦ ਕਰਨ ਵਾਸਤੇ ਉਸੇ ਵੇਲੇ ਸ਼ੇਰਪੁਰ ਨੂੰ ਰਵਾਨਾ ਕੀਤਾ ਗਿਆ ਅਤੇ ਕਿਹਾ ਗਿਆ ਹੈ ਕਿ ਸ਼ੇਰਪੁਰ ਪਹੁੰਚਦੇ ਸਾਰ ਉੱਥੋ ਦੇ ਹਾਲਾਤ ਦੀ ਵੇਰਵੇ ਸਹਿਤ ਸੂਚਨਾ ਦੇਣ।

ਸੋ ਉਸਤਤ ਯੋਗ ਨਾਇਬ ਨਾਜ਼ਿਮ ਸਾਹਿਬ ਨੇ ਸ਼ੇਰਪੁਰ ਪੁੱਜ ਕੇ ਇਸ ਸਮੇਂ ਵੇਰਵੇ ਸਹਿਤ ਹਾਲ 'ਤੇ ਆਧਾਰਿਤ ਖ਼ਤ ਸਾਡੇ ਕੋਲ ਭੇਜਿਆ। ਇਹ ਖ਼ਤ ਵਾਚਣ ਮਗਰੋਂ ਇੱਕ ਪ੍ਰਕਾਰ ਇਉਂ ਲਗਦਾ ਹੈ ਕਿ ਕੂਕਾ ਮਜ਼ਹਬ ਦੇ ਆਦਮੀਆਂ ਦੀ ਨੀਅਤ ਬੁਰੀ ਹੈ। ਯਕੀਨ ਹੈ ਕਿ ਇਸ ਹਾਲ ਦੀ ਵੇਰਵੇ ਸਹਿਤ ਇਤਲਾਹ ਨਾਇਬ ਨਾਜ਼ਿਮ ਸਾਹਿਬ ਜ਼ਿਲ੍ਹਾ ਅਮਰਗੜ੍ਹ ਦੀ ਲਿਖਤ ਰਾਹੀਂ ਵੀ ਮਹਿਕਮਾ ਮੁਨਸ਼ੀ ਖ਼ਾਨਾ ਕੋਲ ਪੁੱਜੀ ਹੋਵੇਗੀ ਅਤੇ ਇਤਲਾਹ ਪੁੱਜਣ 'ਤੇ ਸਿਪਾਹੀ ਤੇ ਸਵਾਰ ਮਦਦ ਵਜੋਂ ਭੇਜਣ ਦੀ ਤਜਵੀਜ਼ ਵੀ ਅਮਲ 'ਚ ਆਈ ਹੋਵੇਗੀ।

ਕਿਉਂਕਿ ਕੂਕਿਆਂ ਦਾ ਇਹ ਫ਼ਸਾਦ ਬੇ ਬੁਨਿਆਦ ਮਾਲੂਮ ਹੁੰਦਾ ਹੈ ਪਰ ਫਿਰ ਵੀ ਦੂਰ ਅੰਦੇਸ਼ੀ ਨੂੰ ਮੁੱਖ ਰਖਦੇ ਹੋਏ ਸਿਪਾਹੀਆਂ ਦੀ ਨਿਯੁਕਤੀ ਸਦਕਾ ਹਰੇਕ ਜਗਾ ਦਾ ਪ੍ਰਬੰਧ ਰਹਿਣਾ ਚਾਹੀਦਾ ਹੈ। ਇਸ ਨਿਜ਼ਾਮਤ ਵਿੱਚ ਜੋ ਲਾਓ ਲਸ਼ਕਰ ਦੀ ਹਾਲਤ ਸੀ ਉਹ ਉੱਪਰ ਦਰਜ਼ ਹੋ ਚੁੱਕੀ ਹੈ। ਸੋ ਨਾਇਬ ਨਾਜ਼ਿਮ ਸਾਹਿਬ ਨੂੰ ਕਿਸੇ ਸਮੇਂ ਸਵਾਰ ਹੋ ਕੇ ਬਾਹਰ ਜਾਣ ਦਾ ਮੌਕਾ ਬਣਦਾ ਹੈ ਤਾਂ ਇੱਥੇ ਕੋਈ ਲਾਓ ਲਸ਼ਕਰ ਮੌਜੂਦ ਨਹੀਂ ਹੋਵੇਗਾ ਤੇ ਨਾ ਹੀ ਖ਼ਾਸ ਨਿਜ਼ਾਮਤ ਦੇ ਅਸਥਾਨ ਦਾ ਇੰਤਜ਼ਾਮ ਕਰਨ ਵਾਸਤੇ ਕਿਉਂਕਿ ਇਸ ਜਗ੍ਹਾ ਨਿਜ਼ਾਮਤ ਦਾ ਆਪਣਾ ਖ਼ਜ਼ਾਨਾ ਵੀ ਮੌਜੂਦ ਹੈ।

---

## ਸੋ ਹੁਕਮ ਹੋਇਆ ਕਿ

ਨਾਇਬ ਸਾਹਿਬ ਦੇ ਭੇਜੇ ਖ਼ਤ ਦੀ ਨਕਲ ਰੋਬਕਾਰ ਰਾਹੀਂ ਮੁਨਸ਼ੀ ਖ਼ਾਨੇ ਵਾਲਿਆਂ ਦੀ ਸੇਵਾ ਵਿੱਚ ਜ਼ਰੂਰੀ ਤੌਰ ’ਤੇ ਭੇਜ ਕੇ ਬੇਨਤੀ ਕੀਤੀ ਜਾਵੇ ਕਿ ਉਹ ਉਪ੍ਰੋਕਤ ਗੱਲਾਂ ਨੂੰ ਮੱਦੇ ਨਜ਼ਰ ਰਖਦੇ ਹੋਏ ਛੇਤੀ ਨਾਲ ਮੁਨਾਸਿਬ ਹੁਕਮ ਫ਼ਰਮਾ ਕੇ ਇਤਲਾਹ ਬਖ਼ਸ਼ਣ ਅਤੇ ਜਵਾਬੀ ਖ਼ਤ ਰਾਹੀਂ ਲਾਲਾ ਬਿਸ਼ੰਭਰ ਦਾਸ ਨਾਇਬ ਨਾਜ਼ਿਮ ਸਾਹਿਬ ਨੂੰ ਲਿਖਿਆ ਜਾਵੇ ਕਿ ਉਹ ਤਸੱਲੀ-ਬਖ਼ਸ਼ ਪ੍ਰਬੰਧ ਹੋਣ ਤਕ ਮੀਰ ਨਿਆਜ਼ ਅਲੀ ਨਾਇਬ ਨਾਜ਼ਿਮ ਜ਼ਿਲ੍ਹਾ ਅਮਰਗੜ੍ਹ ਕੋਲ ਇਮਦਾਦ ਦੇਣ ਵਾਸਤੇ ਠਹਿਰੇ ਰਹਿਣ ਤੇ ਇਹ ਵੀ ਲਿਖਿਆ ਜਾਵੇ ਕਿ ਸਾਡੇ ਮੁਤਾਬਿਕ ਇਹ ਮੁਨਾਸਿਬ ਲੱਗਦਾ ਹੈ ਕਿ ਜਿੰਨਾ ਚਿਰ ਲੋੜੀਂਦੀ ਮਦਦ ਅਨੁਸਾਰ ਫ਼ੌਜ ਇੱਕਠੀ ਨਹੀਂ ਹੋ ਜਾਂਦੀ ਓਨ੍ਹਾਂ ਚਿਰ ਫ਼ਸਾਦੀ ਕੂਕਿਆਂ ਨੂੰ ਦੂਸਰੀ ਜਗ੍ਹਾਂ ਪਹੁੰਚਾਉਣ ਵਾਸਤੇ ਕਿਲ੍ਹੇ ’ਚੋਂ ਬਾਹਰ ਕੱਢਣਾ ਠੀਕ ਨਹੀਂ ਅਤੇ ਯਕੀਨ ਹੈ ਕਿ ਦੌਲਤਮਦਾਰ ਸਰਕਾਰ ਅੰਗਰੇਜ਼ੀ ਜਾਂ ਰਿਆਸਤ ਕੋਟਲਾ ਦੇ ਅਹੁਦੇਦਾਰ ਛੇਤੀ ਹੀ ਇਸ ਮੌਕੇ ’ਤੇ ਪੁੱਜ ਜਾਣਗੇ।

ਨੱਥੀ

ਇਹ ਰੋਬਕਾਰ + ਲਾਲਾ ਬਿਸ਼ੰਭਰ ਦਾਸ ਨਾਇਬ ਦੇ ਖ਼ਤ ਦੀ ਨਕਲ।

---

## ਲਾਲਾ ਬਿਸ਼ੰਭਰ ਦਾਸ ਨਾਇਬ ਨਾਜ਼ਿਮ ਦੇ ਖ਼ਤ ਦੀ ਨਕਲ

ਦਾਸ ਦੇ ਸਤਿਕਾਰ ਯੋਗ ਖ਼ਾਨ ਸਾਹਿਬ ਮੁਹੰਮਦ ਨਾਮਦਾਰ ਖ਼ਾਨ ਸਾਹਿਬ,

ਆਦਾਬ ਅਰਜ਼ ਹੈ। ਇਹ ਦਾਸ ਤੁਹਾਡੀ ਸੇਵਾ 'ਚੋਂ ਸਵਾਰ ਹੋ ਕੇ ਸ਼ੇਰਪੁਰ ਵਿਖੇ ਜਨਾਬ ਮੀਰ ਨਿਆਜ਼ ਅਲੀ ਸਾਹਿਬ ਨਾਇਬ ਨਾਜ਼ਿਮ ਦੀ ਸੇਵਾ ਵਿੱਚ 7 ਵਜੇ ਪੁੱਜਾ। ਮੇਰੇ ਨਾਲ ਹਥਿਆਰਾਂ ਸਮੇਤ 15 ਆਦਮੀ ਸਨ। ਮੀਰ ਸਾਹਿਬ ਦੀ ਜ਼ੁਬਾਨੀ ਇਸ ਹਾਲ ਦਾ ਪਤਾ ਲੱਗਾ ਕਿ "68 ਕੂਕੇ ਕੈਦ ਵਿੱਚ ਹਨ ਜਿਨ੍ਹਾਂ ਵਿੱਚੋਂ 29 ਜ਼ਖ਼ਮੀ ਤੇ ਬਾਕੀ ਤੰਦਰੁਸਤ ਹਨ। ਇਹ ਲੋਕ ਕਿਲੇ 'ਚ ਕੈਦ ਹਨ। ਇਨ੍ਹਾਂ ਦੇ ਪਿੱਛਾ ਕਰਨ ਤੇ ਇਨ੍ਹਾਂ ਦੀ ਸਰਕਸ਼ੀ (ਨਾਫ਼ਰਮਾਨੀ) ਦਾ ਹਾਲ ਇਹ ਹੈ ਕਿ ਪਰਸੋਂ ਕੋਈ ਸਵਾ ਸੌ ਕੂਕੇ ਪਿੰਡ ਭੈਣੀ, ਜਿਥੇ ਗੁਰੂ ਰਾਮ ਸਿੰਘ ਰਹਿੰਦਾ ਹੈ, ਤੋਂ ਚੱਲ ਕੇ ਮਲੌਦ ਵਿਖੇ ਰਹੇ। ਇਹ ਲੋਕ ਲੋਹੜੀ ਦੇ ਮੇਲੇ ਦੇ ਮੌਕੇ ਪਿੰਡ ਭੈਣੀ ਵਿਖੇ ਇੱਕਠੇ ਸਨ। ਉਨ੍ਹਾਂ ਨੇ ਮਲੌਦ ਆ ਕੇ ਮਲੌਦ ਵਾਲੇ ਸਰਦਾਰ ਤੋਂ ਇੱਕ ਘੋੜਾ ਮੰਗਿਆ ਤੇ ਇਹ ਕਿਹਾ ਕਿ ਤੂੰ ਸਾਨੂੰ ਘੋੜਾ 'ਸੂਬੇ' ਦੀ ਸਵਾਰੀ ਵਾਸਤੇ ਦੇ ਨਾਲੇ ਤੂੰ ਕੂਕਾ ਲੋਕਾਂ ਨੂੰ ਅਕਸਰ ਬੁਰਾ ਭਲਾ ਕਿਹਾ ਕਰਦਾ ਹੈ। ਮੁੱਕਦੀ ਗੱਲ ਇਸ ਪ੍ਰਕਾਰ ਦੇ ਹੀਲੇ ਬਹਾਨੇ ਨਾਲ ਫ਼ਸਾਦ ਦਾ ਇੱਕ ਕਾਰਨ ਬਣਾ ਕੇ ਉਸ ਤੋਂ ਘੋੜਾ ਖੋਹ ਲਿਆ ਅਤੇ ਦੰਗਾ ਕਰਨ ਲਈ ਤਿਆਰ ਬਰ ਤਿਆਰ ਹੋ ਕੇ ਅਤਿਅੰਤ ਫ਼ਸਾਦ ਪਾ ਦਿੱਤਾ। ਇੱਕ ਕੂਕੇ ਦੀ ਜ਼ੁਬਾਨੀ ਇਹ ਪਤਾ ਲੱਗਿਆ ਹੈ ਕਿ ਮਲੌਦ ਵਾਲੇ ਸਰਦਾਰ ਨੂੰ ਤਲਵਾਰ ਮਾਰ ਕੇ ਜ਼ਖ਼ਮੀ ਕੀਤਾ ਹੈ, ਉਨ੍ਹਾਂ ਦੇ ਤਿੰਨ ਚਾਰ ਸਾਥੀ ਜ਼ਖ਼ਮੀ ਹੋਏ ਹਨ ਅਤੇ ਪਰਸੋਂ ਸ਼ਾਮ ਨੂੰ ਇਹ ਵਾਰਦਾਤ ਮਲੌਦ ਕਰਕੇ ਉਸੇ ਵੇਲੇ, ਕੋਟਲਾ ਵਾਸੀ ਕਸਾਈਆਂ ਨਾਲ ਲੜਨ ਵਾਸਤੇ ਕੋਟਲੇ ਨੂੰ ਰਵਾਨਾ ਹੋ ਗਏ। ਕੱਲ ਤੜਕੇ ਹੀ ਕੋਟਲਾ ਵਿਖੇ ਸ਼ਹਿਰ 'ਚ ਕਸਾਈਆਂ ਦੇ ਘਰੀਂ ਜਾ ਕੇ ਉਨ੍ਹਾਂ ਨੂੰ ਇਹ ਤਾੜਨਾ ਕੀਤੀ ਕਿ ਤੁਸੀਂ ਗਊਆਂ ਨੂੰ ਨਾ ਵੱਢਿਆ ਕਰੋ। ਸੋ ਇਸ ਗੱਲ ਦਾ ਬਹਾਨਾ ਬਣਾ ਕੇ ਉਨ੍ਹਾਂ ਨਾਲ ਫ਼ਸਾਦ ਤੇ ਝਗੜਾ ਕਰਨ ਲਈ ਤਤਪਰ ਹੋਏ। ਸ਼ਹਿਰ ਵਿੱਚ ਰੌਲਾ-ਗੌਲਾ ਪੈ ਗਿਆ ਤੇ ਤਰਥੱਲੀ ਮੱਚ ਗਈ ਤਾਂ ਉਸੇ ਵੇਲੇ ਕੋਟਲਾ ਦੇ ਨਵਾਬਾਂ ਦੇ ਮੁਲਾਜ਼ਿਮ ਇੰਤਜ਼ਾਮ ਕਰਨ ਤੇ ਇਸ ਫ਼ਸਾਦ ਨੂੰ ਰੋਕਣ ਵਾਸਤੇ ਆ ਗਏ ਅਤੇ ਕੂਕਿਆਂ ਨੇ ਉਨ੍ਹਾਂ ਨਾਲ ਮੁਕਾਬਲਾ ਕਰਕੇ ਅਤਿਅੰਤ ਦੰਗਾ ਫ਼ਸਾਦ ਕੀਤਾ ਤੇ ਉਨ੍ਹਾਂ ਦੇ ਹੀ ਹਥਿਆਰ ਖੋਹ ਕੇ ਉਨ੍ਹਾਂ ਨਾਲ ਸਖ਼ਤ ਮੁਕਾਬਲਾ ਕੀਤਾ। ਉੱਥੇ ਕੋਟਲੇ ਦਾ ਇੱਕ ਕੋਤਵਾਲ ਅਤੇ 10 ਸਿਪਾਹੀ ਤੇ ਸਵਾਰ ਮਾਰੇ ਗਏ, ਕੁਝ ਲੋਕ ਜ਼ਖ਼ਮੀ ਹੋਏ। ਉੱਥੇ ਕੂਕਿਆਂ ਦੇ ਵੀ 9 ਆਦਮੀ ਮਾਰੇ ਗਏ ਤੇ ਕਾਫ਼ੀ ਜ਼ਖ਼ਮੀ ਹੋਏ। ਸੋ ਇਸ ਥਾਂ 29 ਆਦਮੀ ਜ਼ਖ਼ਮੀ ਹਨ। ਕੂਕੇ ਉੱਥੋਂ ਦੰਗਾ ਫ਼ਸਾਦ ਕਰਕੇ ਸ਼ਹਿਰ ਤੋਂ ਬਾਹਰ ਚਲੇ ਗਏ ਅਤੇ ਕੁੱਛ ਦਿਨ ਚੜ੍ਹੇ ਇਹ ਲੋਕ ਥੱਕੇ ਟੁੱਟੇ ਸ਼ੇਰਪੁਰ ਦੇ ਇਲਾਕੇ ਪਿੰਡ ਰੜ ਵਿਖੇ ਆ ਗਏ। ਕੋਟਲੇ ਦੇ ਮੁਲਾਜ਼ਿਮਾਂ ਨੇ ਰੜ ਤੱਕ ਇਨ੍ਹਾਂ ਦਾ ਪਿੱਛਾ ਕੀਤਾ ਤੇ ਉੱਥੋਂ ਵਾਪਸ ਕੋਟਲੇ ਚਲੇ ਗਏ। ਇਸੇ ਦੌਰਾਨ ਇੱਕ ਜ਼ਿਮੀਂਦਾਰ ਨੇ ਸ਼ੇਰਪੁਰ ਆ ਕੇ ਮੀਰ ਨਿਆਜ਼ ਅਲੀ ਸਾਹਿਬ ਨੂੰ ਇਤਲਾਹ ਦੇ ਦਿੱਤੀ ਤਾਂ ਮੀਰ ਸਾਹਿਬ ਉਸੇ ਵੇਲੇ ਨਿੱਜੀ ਤੌਰ 'ਤੇ ਦੋ ਸਵਾਰਾਂ ਨੂੰ ਲੈ ਕੇ ਤੇ ਕਮਾਲ ਦੀ ਜੁਰਅਤ ਨਾਲ ਸਵਾਰ ਹੋ ਕੇ ਅੱਡੀਆਂ ਵੱਢਦੇ ਹੋਏ ਰੜ ਵਿਖੇ ਪੁੱਜ ਗਏ ਜਿਥੇ ਇਨ੍ਹਾਂ ਕੂਕਿਆਂ ਦਾ ਇੱਕਠ ਸੀ। ਉਨ੍ਹਾਂ ਨੂੰ ਅਤਿਅੰਤ ਜੁਗਤ ਤੇ ਸਿਆਣਪ ਨਾਲ ਸ਼ੇਰਪੁਰ ਲਿਆ ਕੇ ਕਿਲੇ 'ਚ ਡੱਕ ਦਿੱਤਾ ਅਤੇ ਸ਼ੇਰਪੁਰ ਖ਼ਾਸ ਆਦਿ ਦੇ ਜ਼ਿਮੀਂਦਾਰਾਂ ਨੂੰ ਇੱਕਠੇ ਕਰਕੇ ਉਨ੍ਹਾਂ ਦੀ ਨਿਗਰਾਨੀ ਰੱਖੀ। ਨਾਇਬ ਨਾਜ਼ਿਮ ਸਾਹਿਬ ਖ਼ੁਦ ਸਾਰੀ ਰਾਤ ਉਨ੍ਹਾਂ ਦੀ ਹਿਫ਼ਾਜ਼ਤ ਤੇ ਇੰਤਜ਼ਾਮ ਵਿਚ ਲਗਾਤਾਰ ਰੁੱਝੇ ਰਹੇ ਤੇ ਬੜੀ ਮੁਸ਼ਕਿਲ ਨਾਲ ਰਾਤ ਲੰਘਾਈ। ਇਨ੍ਹਾਂ ਕੂਕਿਆਂ ਵਿਚ ਕੁਝ ਜ਼ਿਲ੍ਹਿਆਂ ਤੇ ਪਿੰਡਾਂ ਦੇ ਆਦਮੀ ਹਨ ਜਿਵੇਂ ਕਿ ਮੁਕਤਸਰ, ਅੰਮ੍ਰਿਤਸਰ, ਸਕਰੌਦੀ ਤੇ ਹੋਰ ਅੰਗਰੇਜ਼ੀ ਸਰਕਾਰ ਦੇ ਇਲਾਕੇ ਆਦਿ ਦੇ। ਇਨ੍ਹਾਂ ਜ਼ਖ਼ਮੀਆਂ ਵਿੱਚੋਂ ਦੋ ਤਾਂ ਮਰਨ ਕਿਨਾਰੇ ਹਨ, ਦੋ ਘੋੜੇ ਜ਼ਖ਼ਮੀ ਹਨ ਜਿਨ੍ਹਾਂ ਵਿੱਚੋਂ ਮਲੌਦ ਦੇ ਸਰਦਾਰ ਦਾ ਇੱਕ ਵੱਡਾ ਘੋੜਾ ਤੇ ਕੋਟਲੇ ਵਾਲੇ ਉਸ ਕੋਤਵਾਲ ਦਾ ਇੱਕ ਘੋੜਾ ਹੈ ਜਿਹੜਾ ਕੋਟਲੇ ਵਿਖੇ ਮੁਕਾਬਿਲੇ 'ਚ ਮਾਰਿਆ ਗਿਆ ਹੈ। ਦੋ ਹੋਰ ਕੂਕਾ ਔਰਤਾਂ ਬਾਰੇ ਮੈਂ ਸੁਣਿਆ ਹੈ ਕਿ ਉਨ੍ਹਾਂ ਨੇ ਵੀ ਕੋਟਲੇ ਦੇ ਕੁਝ ਆਦਮੀਆਂ ਨੂੰ ਤਲਵਾਰਾਂ ਮਾਰਕੇ ਕੁਝ ਜ਼ਖ਼ਮੀ ਕੀਤਾ ਹੈ, ਇਸ ਵੇਲੇ ਤੱਕ ਇਹ ਹਾਲ ਹੈ।

ਅਜੇ ਤੱਕ ਇੱਥੇ ਕੋਟਲਾ ਜਾਂ ਸਰਕਾਰ ਅੰਗਰੇਜ਼ੀ ਵੱਲੋਂ ਕੋਈ ਆਦਮੀ ਜਾਂ ਮਦਦ ਨਹੀਂ ਆਈ ਹੈ। ਇਨ੍ਹਾਂ ਕੂਕਿਆਂ ਦੀ ਹਿਫ਼ਾਜਤ ਕਰਨ ਵਾਸਤੇ ਨਾਇਬ ਨਾਜ਼ਿਮ ਸਾਹਿਬ ਦਾ ਇਰਾਦਾ ਹੈ ਕਿ ਇਨ੍ਹਾਂ ਲੋਕਾਂ ਦੇ, ਜਿਹੜੇ ਤੰਦਰੁਸਤ ਹਨ, ਬੇੜੀਆਂ

---

ਪਾਈਆਂ ਜਾਣ। ਇਸ ਦਾਸ ਬਾਰੇ ਨਾਇਬ ਸਾਹਿਬ ਦੀ ਮਨਸ਼ਾ ਹੈ ਕਿ ਮੈਂ ਇੱਥੇ ਹੀ ਰਹਾਂ ਤੇ ਇਨ੍ਹਾਂ ਦੇ ਇੰਤਜ਼ਾਮ ਆਦਿ ਵਿੱਚ ਸਲਾਹ ਦਿੰਦਾ ਰਹਾਂ। ਨਾਇਬ ਸਾਹਿਬ ਦੀ ਸਲਾਹ ਤੇ ਇਰਾਦਾ ਇਹ ਹੈ ਕਿ ਇਨ੍ਹਾਂ ਲੋਕਾਂ ਨੂੰ ਹਿਫ਼ਾਜ਼ਤ ਨਾਲ ਆਪਣੇ ਸਾਥ ਕੋਟਲਾ ਤੇ ਮਲੌਦ ਨੂੰ ਲੈ ਜਾਈਏ। ਦਰਅਸਲ ਨਾਇਬ ਸਾਹਿਬ ਦਾ ਇਹ ਯਕੀਨ ਠੀਕ ਹੈ ਤੇ ਮੇਰੀ ਵੀ ਇਹੋ ਰਾਏ ਹੈ ਕਿ ਇਨ੍ਹਾਂ ਫ਼ਸਾਦੀਆਂ ਨੂੰ ਪੂਰੇ ਇੰਤਜ਼ਾਮ ਨਾਲ ਕੋਟਲਾ ਵਿਖੇ, ਜਿਹੜੀ ਵਾਰਦਾਤ ਵਾਪਰਨ ਦੀ ਖ਼ਾਸ ਜਗ੍ਹਾ ਹੈ, ਲੈ ਜਾ ਕੇ ਅੰਗਰੇਜ਼ੀ ਹਾਕਿਮਾਂ ਦੇ ਸਪੁਰਦ ਕਰ ਦਿੱਤਾ ਜਾਵੇ ਅਤੇ ਉਮੀਦ ਹੈ ਕਿ ਅੱਜ ਅੰਗਰੇਜ਼ੀ ਸਰਕਾਰ ਦਾ ਕੋਈ ਅਹੁਦੇਦਾਰ ਕੁਝ ਮਦਦ ਲੈ ਕੇ ਇੱਥੇ ਸ਼ੇਰਪੁਰ ਪੁੱਜੇਗਾ ਤੇ ਜੇ ਨਹੀਂ ਆਵੇਗਾ ਤਾਂ ਇਨ੍ਹਾਂ ਲੋਕਾਂ ਨੂੰ ਕੋਟਲਾ ਵਿਖੇ ਲੈ ਕੇ ਜਾਣਾ ਪਵੇਗਾ ਤੇ ਇਹ ਦਾਸ ਓਨੀਂ ਦੇਰ ਨਾਇਬ ਸਾਹਿਬ ਦੇ ਨਾਲ ਰਹੇਗਾ ਜਿੰਨਾ ਚਿਰ ਇਨ੍ਹਾਂ ਲੋਕਾਂ ਨੂੰ ਅੰਗਰੇਜ਼ੀ ਹਾਕਿਮਾਂ ਦੇ ਸਪੁਰਦ ਨਹੀਂ ਕੀਤਾ ਜਾਂਦਾ। ਨਾਇਬ ਸਾਹਿਬ ਦਾ ਇਹੋ ਯਕੀਨ ਹੈ ਕਿ ਇਹ ਦਾਸ ਉਦੋਂ ਤੱਕ ਉਨ੍ਹਾਂ ਨਾਲ ਰਹੇ। ਜਨਾਬ ਲਾਲਾ ਗਿਰਧਾਰੀ ਲਾਲ ਸਾਹਿਬ ਮਦਰੱਸਿਆਂ ਦੇ ਇੰਸਪੈਕਟਰ ਜਨਰਲ ਵੀ ਦੌਰੇ ’ਤੇ ਇੱਥੇ ਠਹਿਰੇ ਹੋਏ ਹਨ ਅਤੇ ਇਹ ਕੱਲ ਦੇ ਹੀ ਨਾਇਬ ਸਾਹਿਬ ਦੀ ਮਦਦ ਕਰ ਰਹੇ ਹਨ ਤੇ ਸਲਾਹ ਦੇ ਰਹੇ ਹਨ। ਇਸ ਵੇਲੇ ਤੱਕ ਇਹ ਹਾਲ ਮਾਲੂਮ ਹੋਇਆ ਹੈ ਜਿਹੜਾ ਅਰਜ਼ ਕਰ ਦਿੱਤਾ। ਅੱਗੋਂ ਨੂੰ ਜੋ ਹਾਲਾਤ ਹੋਣਗੇ ਦੱਸ ਦਿੱਤੇ ਜਾਣਗੇ।

ਕ੍ਰਿਪਾ ਕਰਕੇ ਇਸ ਪਰਚੇ ਦਾ ਜਵਾਬ ਦੇਣਾ।

ਮਿਤੀ 5 ਮਾਘ 1928

9 ਵਜੇ ਸਵੇਰੇ ਮੁਕਾਮ ਸ਼ੇਰਪੁਰ

ਮੇਰੀ ਬੇਨਤੀ ਹੈ ਕਿ ਇਹ ਵੇਰਵੇ ਸਹਿਤ ਹਾਲ ਲਿਖ ਕੇ ਪਟਿਆਲੇ ਨੂੰ ਜ਼ਰੂਰੀ ਤੌਰ ’ਤੇ ਭੇਜ ਦਿਓ ਅਤੇ ਜਨਾਬ ਸ਼ੇਖ ਸਾਹਿਬ ਨੂੰ ਵੀ ਇਹ ਪਰਚਾ ਇਤਲਾਹ ਵਜੋਂ ਦਿਖਾ ਦੇਣਾ।

--ਬੱਸ--

ਕੱਲ ਕਿਉਂਕਿ ਪੰਜਾਹ ਸਵਾਰ ਤੇ ਇੱਕ ਰਿਸਾਲਦਾਰ ਉਨ੍ਹਾਂ ਕੋਲ ਪਹੁੰਚ ਗਏ ਹਨ, ਅਨਾਹਦਗੜ੍ਹ ਵਿੱਚ ਉਸ ਜ਼ਿਲ੍ਹੇ ਦੇ ਇੰਤਜ਼ਾਮ ਵਾਸਤੇ ਕਾਫ਼ੀ ਹੋਣਗੇ।

## ਹੁਕਮ ਹੋਇਆ ਕਿ

ਇਸ ਰਿਪੋਰਟ ਦੀ ਨਕਲ ਇਤਲਾਹ ਦੇ ਤੌਰ ’ਤੇ ਵਕੀਲ ਗੌਰਮਿੰਟ ਕੋਲ ਭੇਜੀ ਜਾਵੇ।

17 ਜਨਵਰੀ 1872 ਈ:

## ਇਹ ਚਿੱਠੀ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੂੰ, ਸੱਯਦ ਨਿਆਜ਼ ਅਲੀ (ਨਾਇਬ ਨਾਜ਼ਿਮ ਅਮਰਗੜ੍ਹ) ਨੇ ਲਿਖੀ

ਐ ਮਾਲਿਕ,

ਅੱਜ ਸੁਬਾ ਸਵੇਰੇ ਹੀ ਇੱਕ ਬਿਨੈ-ਪੱਤਰ ਇੱਕ ਆਦਮੀ ਦੇ ਹੱਥ, ਕੂਕਿਆਂ ਦੇ ਮਾਮਲੇ ਸੰਬੰਧੀ, ਹਕੂਮਤ ਦੇ ਹਾਕਿਮਾਂ ਦੀ ਸੇਵਾ ਵਿੱਚ ਭੇਜਿਆ ਗਿਆ ਸੀ। ਉਸ ਬਿਨੈ-ਪੱਤਰ ਤੋਂ ਸਾਰਾ ਹਾਲ ਮਾਲੂਮ ਹੋ ਗਿਆ ਹੋਵੇਗਾ। ਉਸ ਵਿੱਚ ਬੇਨਤੀ ਕੀਤੀ ਗਈ ਸੀ ਕਿ ਇੱਥੇ ਜ਼ਿਆਦਾ ਬੇੜੀਆਂ ਉਪਲੱਬਦ ਨਹੀਂ ਹਨ ਜਿਹੜੀਆਂ ਕੂਕਿਆਂ ਦੇ ਲਾਉਣੀਆਂ ਹਨ। ਨਿਜ਼ਾਮਤ ਅਨਾਹਦਗੜ੍ਹ ਤੋਂ ਬੇੜੀਆਂ ਮੰਗੀਆਂ ਗਈਆਂ ਹਨ। ਜਿਸ ਵੇਲੇ ਆ ਜਾਣਗੀਆਂ ਕੂਕਿਆਂ ਦੇ ਪਾ ਦਿੱਤੀਆਂ ਜਾਣਗੀਆਂ।

ਅੱਜ ਕੋਈ ਨੌਂ ਵਜੇ ਲਾਲਾ ਬਿਸ਼ੰਭਰ ਦਾਸ ਨਾਇਬ ਨਾਜ਼ਿਮ ਅਨਾਹਦਗੜ੍ਹ, 30 ਬੇੜੀਆਂ ਤੇ ਮਦਦ ਵਾਸਤੇ ਤੀਹ ਚਾਲੀ ਹਥਿਆਰਬੰਦ ਸਵਾਰਾਂ ਸਮੇਤ ਇੱਥੇ ਪੁੱਜੇ। ਜੋ ਕੂਕੇ ਜ਼ਿਆਦਾ ਜ਼ਖ਼ਮੀ ਸਨ, ਉਨ੍ਹਾਂ ਨੂੰ ਗੱਡਿਆਂ 'ਤੇ ਲੈ ਜਾਣਾ ਪਏਗਾ। ਵਕਤ ਤੰਗ ਸੀ ਇਸ ਵਾਸਤੇ, ਇਸ ਖ਼ਿਆਲ ਨਾਲ ਕਿ ਕੋਟਲੇ ਪੁੱਜਿਆ ਨਹੀਂ ਜਾ ਸਕੇਗਾ ਤੇ ਰਸਤੇ 'ਚ ਇੰਨੇ ਲੋਕਾਂ ਨੂੰ ਰਖਣਾ ਠੀਕ ਨਹੀਂ, ਅਸੀਂ ਰਵਾਨਾ ਨਹੀਂ ਹੋਏ। ਲਾਲਾ ਗਿਰਧਾਰੀ ਲਾਲ ਸਾਹਿਬ ਮਦਰੱਸਿਆਂ ਦੇ ਇੰਸਪੈਕਟਰ ਵੀ ਪਰਸੋਂ ਤੋਂ ਇੱਥੇ ਤਸ਼ਰੀਫ਼ ਲਿਆਏ ਹੋਏ ਹਨ। ਉਸਤਤ ਯੋਗ ਲਾਲਾ ਸਾਹਿਬ ਨੇ ਮੇਰੀ ਤਨੋਂ ਮਨੋਂ ਮਦਦ ਕੀਤੀ ਹੈ। ਅੱਜ ਮੈਂ, ਲਾਲਾ ਗਿਰਧਾਰੀ ਲਾਲ ਸਾਹਿਬ ਤੇ ਲਾਲਾ ਬਿਸ਼ੰਭਰ ਦਾਸ ਨੇ, ਸਾਰੇ ਕੂਕਿਆਂ ਦੇ ਬੇੜੀਆਂ ਪਾ ਦਿੱਤੀਆ ਹਨ।

ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਲੁਧਿਆਣਾ, ਮਲੌਦ ਵਿਖੇ ਤਸ਼ਰੀਫ਼ ਲਿਆਏ ਹਨ। ਸਾਹਿਬ ਬਹਾਦੁਰ ਨੇ ਪੁਲਿਸ ਦਾ ਇੱਕ ਸਵਾਰ ਭੇਜਿਆ ਸੀ। ਮੈਂ ਵੇਰਵੇ ਸਹਿਤ ਬਿਨੈ-ਪੱਤਰ ਲਿਖ ਦਿੱਤਾ ਹੈ। ਕੱਲ ਸੁਬਾ ਸਵੇਰੇ ਹੀ ਮੈਂ, ਲਾਲਾ ਗਿਰਧਾਰੀ ਲਾਲ ਸਾਹਿਬ ਇੰਸਪੈਕਟਰ ਤੇ ਲਾਲਾ ਬਿਸ਼ੰਭਰ ਦਾਸ, ਕੂਕਿਆਂ ਦੇ ਇਸ ਭਾਰੀ ਟੋਲੇ ਨੂੰ ਲੈ ਕੇ ਕੋਟਲਾ ਜਾਵਾਂਗੇ। ਪਲਟਨ ਦੇ ਸਿਪਾਹੀ ਤੇ ਸਵਾਰ ਛੇਤੀ ਆਉਣੇ ਚਾਹੀਦੇ ਹਨ। **ਇਸ ਇਲਾਕੇ 'ਚ ਕੂਕਿਆਂ ਦਾ ਬਹੁਤ ਸਹਿਮ ਛਾਇਆ ਹੋਇਆ ਹੈ ਅਤੇ ਨਾਲੇ ਅਸੀਂ ਲੋਕਾਂ ਨੇ ਖ਼ੁਦ ਨੂੰ ਜਿਉਂਦੇ ਨਹੀਂ ਸਮਝਿਆ ਹੋਇਆ।** * ਬਾਕੀ ਜੋ ਹਾਲ ਹੋਵੇਗਾ ਅਰਜ਼ ਕੀਤਾ ਜਾਵੇਗਾ।

ਅੱਜ ਜ਼ਖ਼ਮੀਆਂ ਦੇ ਜ਼ਖ਼ਮ ਵੀ ਸਿਉਂਤੇ ਗਏ ਹਨ। ਸਰਦਾਰ ਪੰਜਾਬ ਸਿੰਘ ਰਾਏਪੁਰੀਆ ਵੀ ਸਾਡੇ ਕੋਲ ਇਸ ਵਕਤ ਤੱਕ ਹਾਜ਼ਿਰ ਹੈ ਅਤੇ ਉਸਦਾ ਭਾਈ ਪਰਤਾਪ ਸਿੰਘ ਵੀ। ਸਾਨੂੰ ਇਹ ਦੋਨੋਂ ਸਾਹਿਬ ਬਹੁਤ ਕੰਮ ਦਿੰਦੇ ਹਨ। ਕੂਕਿਆਂ ਦੀ ਘੋੜੀ ਅੱਜ ਪਿੰਡ ਰੜ ਤੋਂ ਮਿਲੀ ਹੈ। ਥਾਣੇ ਦੇ ਮੁਨਸ਼ੀ ਨੂੰ ਅੱਜ ਸਵੇਰੇ ਹੀ ਭੇਜਿਆ ਸੀ, ਉਹ ਲਿਆਇਆ ਹੈ। ਸਾਨੂੰ ਪਤਾ ਲੱਗ ਗਿਆ ਸੀ ਕਿ ਇਸ ਘੋੜੀ ਦੇ ਤਲਵਾਰ ਦੇ ਫੱਟ ਵੱਜੇ ਹਨ ਤੇ ਇਹ ਘੋੜੀ ਕੂਕਿਆਂ ਦੀ ਮਲਕੀਅਤ ਹੈ। ਵਾਜਿਬ ਤੌਰ 'ਤੇ ਬੇਨਤੀ ਕੀਤੀ।

ਹਕੂਮਤ ਦਾ ਸੂਰਜ ਚਮਕਦਾ ਰਹੇ!

ਦਾਸ

5 ਮਾਘ 1928 ਮੁਤਾਬਿਕ 16 ਜਨਵਰੀ 1872

ਪੁਰਾਣਾ ਨਮਕ ਪਰਵਰਦਾ,
ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ,
ਮੁਕਾਮ ਸ਼ੇਰਪੁਰ ਤੋਂ

ਨੋਟ: * ਇਸ ਇਲਾਕੇ 'ਚ ਕੂਕਿਆਂ ਦਾ ਬਹੁਤ ਸਹਿਮ ਛਾਇਆ ਹੋਇਆ ਹੈ ਅਤੇ ਨਾਲੇ ਅਸੀਂ ਲੋਕਾਂ ਨੇ ਖ਼ੁਦ ਨੂੰ ਜਿਉਂਦੇ ਨਹੀਂ ਸਮਝਿਆ ਹੋਇਆ

ਇਸ ਗੱਲ ਤੋਂ ਸਪਸ਼ਟ ਹੈ ਕਿ ਕੂਕਿਆਂ ਨੇ ਹਥਿਆਰ ਆਪ ਦਿਤੇ ਤੇ ਆਪ ਹੀ ਗ੍ਰਿਫ਼ਤਾਰੀ ਦਿੱਤੀ ਸੀ।

---

## ਇਹ ਚਿੱਠੀ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੂੰ, ਸੱਯਦ ਨਿਆਜ਼ ਅਲੀ (ਨਾਇਬ ਨਾਜ਼ਿਮ ਅਮਰਗੜ੍ਹ) ਨੇ ਲਿਖੀ

ਗ਼ਰੀਬ ਪਰਵਰ! ਸਲਾਮਤ!

ਸ੍ਰੀ ਮਾਨ ਜੀ,

ਜਿਹੜਾ ਹਾਲ ਕੂਕਿਆਂ ਦੀ ਗ੍ਰਿਫ਼ਤਾਰੀ ਤੇ ਉਨ੍ਹਾਂ ਦੇ ਬੇੜੀਆਂ ਪਾਉਣ ਦਾ ਵੇਰਵੇ ਸਹਿਤ ਹਾਲ ਰਾਤ ਅਰਜ਼ ਕਰ ਚੁੱਕਿਆ ਹਾਂ ਉਸ ਬਾਰੇ ਹੁਣ ਬੇਨਤੀ ਇਹ ਹੈ ਕਿ ਰਾਤ ਅੱਠ ਵਜੇ ਹਮੀਦਉੱਦੀਨ ਸਰਾਏ ਮਾਲਕ ਤਾਅੱਲੁਕਾ ਮਰਦਾਨਪੁਰ ਦਾ ਮੇਰੇ ਕੋਲ ਆਇਆ ਤੇ ਬਿਆਨ ਕੀਤਾ ਕਿ ਲਾਲਾ ਤਿਪਰ ਚੰਦ ਸਾਹਿਬ ਨਾਜ਼ਿਮ ਅਮਰਗੜ੍ਹ ਇਸ ਵਾਰਦਾਤ ਦਾ ਹਾਲ ਸੁਣ ਕੇ ਨਾਭੇ ਤੋਂ ਕੂਕਿਆਂ ਦੀ ਗ੍ਰਿਫ਼ਤਾਰੀ ਤੇ ਪ੍ਰਬੰਧ ਵਾਸਤੇ ਸਵਾਰ ਹੋ ਕੇ ਆਏ ਤੇ ਜਦੋਂ ਅਮਰਗੜ੍ਹ ਪੁੱਜੇ ਤਾਂ ਉਨ੍ਹਾਂ ਨੂੰ ਇਸ ਦਾਸ ਦੇ ਮੁਹੱਰਿਰ ਤੋਂ ਕੂਕਿਆਂ ਦੀ ਗ੍ਰਿਫ਼ਤਾਰੀ ਦਾ ਵੇਰਵੇ ਸਹਿਤ ਹਾਲ ਮਾਲੂਮ ਹੋਇਆ। ਇਹ ਖ਼ਬਰ ਪੁੱਜੀ ਕਿ ਜਨਾਬ ਡਿਪਟੀ ਕਮਿਸ਼ਨਰ ਬਹਾਦੁਰ ਲੁਧਿਆਣਾ ਨੇ ਮਲੌਂਦ ਪੁੱਜ ਕੇ ਤਹਿਕੀਕਾਤ ਕਰਾਈ ਅਤੇ ਹੁਣ ਕੋਟਲੇ ਪੁੱਜਣ ਵਾਲੇ ਹਨ। ਸੋ ਉਸਤਤ ਯੋਗ ਨਾਜ਼ਿਮ ਸਾਹਿਬ ਉਸੇ ਵੇਲੇ ਕੋਟਲਾ ਨੂੰ ਤਸ਼ਰੀਫ਼ ਲੈ ਗਏ। ਅਜੇ ਤੱਕ ਸਾਹਿਬ ਬਹਾਦੁਰ ਕੋਟਲੇ ਪੁੱਜੇ ਨਹੀਂ ਸਨ ਕਿ ਦੋ ਕੋਹ ਦੇ ਪੈਂਡੇ ’ਤੇ ਨਾਜ਼ਿਮ ਸਾਹਿਬ ਨੇ ਸਾਹਿਬ ਬਹਾਦੁਰ ਨਾਲ ਜਾ ਮੁਲਾਕਾਤ ਕੀਤੀ ਅਤੇ ਮੁਜ਼ਰਿਮਾਂ ਦੀ ਸ਼ੇਰਪੁਰ ਵਿਖੇ ਹੋਈ ਗ੍ਰਿਫ਼ਤਾਰੀ ਦਾ ਵਿਆਖਿਆ ਸਹਿਤ ਹਾਲ ਬਿਆਨ ਕੀਤਾ।

ਸਾਹਿਬ ਬਹਾਦੁਰ ਗ੍ਰਿਫ਼ਤਾਰੀ ਦਾ ਹਾਲ ਸੁਣ ਕੇ ਅਤਿਅੰਤ ਪ੍ਰਸੰਨ ਹੋਏ ਅਤੇ ਫ਼ਰਮਾਇਆ ਕਿ ਨਾਇਬ ਨਾਜ਼ਿਮ ਨੇ ਬੜੀ ਜੁਰਅਤ ਤੇ ਬਹਾਦੁਰੀ ਨਾਲ ਉਨ੍ਹਾਂ ਫ਼ਸਾਦੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਤੇ ਪੁੱਛਿਆ ਕਿ ਹੀਰਾ ਸਿੰਘ ਜਥੇਦਾਰ ਵਾਸੀ ਸਕਰੌਦੀ ਵੀ ਗ੍ਰਿਫ਼ਤਾਰ ਹੋਇਆ ਹੈ ਜਾਂ ਨਹੀਂ ? ਨਾਜ਼ਿਮ ਸਾਹਿਬ ਨੇ ਕਿਹਾ ਕਿ ਨਾਇਬ ਨਾਜ਼ਿਮ ਨੇ, ਉਸ ਨੂੰ ਵੀ ਉਸ ਦੇ ਗਰੋਹ ਸਮੇਤ ਗ੍ਰਿਫ਼ਤਾਰ ਕਰਕੇ ਕੈਦ ਕਰ ਰੱਖਿਆ ਹੈ। ਇਸ ਤੋਂ ਮਗਰੋਂ ਸਾਹਿਬ ਬਹਾਦੁਰ ਨੇ ਹੁਕਮ ਦਿੱਤਾ ਕਿ ਜਿਵੇਂ ਵੀ ਹੋ ਸਕੇ ਉਨ੍ਹਾਂ ਸਾਰੇ ਗ੍ਰਿਫ਼ਤਾਰ ਕੀਤੇ ਆਦਮੀਆਂ ਨੂੰ ਕੋਟਲਾ ਵਿਖੇ ਹਾਜ਼ਿਰ ਕਰੋ ਤਾਂ ਕਿ ਉੱਥੇ ਤਹਿਕੀਕਾਤ ਕੀਤੀ ਜਾ ਸਕੇ। ਨਾਜ਼ਿਮ ਸਾਹਿਬ ਨੇ ਉਸੇ ਵੇਲੇ, ਜਿਹੜੇ ਆਦਮੀ ਵੀ ਉਨ੍ਹਾਂ ਨਾਲ ਸਨ, ਸਾਹਿਬ ਬਹਾਦੁਰ ਦੇ ਸਾਹਮਣੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਤੁਸੀਂ ਇਸੇ ਵੇਲੇ ਪੰਜ ਸਵਾਰਾਂ ਤੇ ਇੱਕ ਅਫ਼ਸਰ ਸਮੇਤ ਸ਼ੇਰਪੁਰ ਜਾ ਕੇ ਛੇਤੀ ਨਾਲ ਉਨ੍ਹਾਂ ਸਾਰੇ ਗ੍ਰਿਫ਼ਤਾਰ ਹੋਏ ਆਦਮੀਆਂ ਨੂੰ ਗੱਡਿਆਂ ਆਦਿ ’ਤੇ ਚੜ੍ਹਾ ਕੇ ਲੈ ਆਓ ਤੇ ਨਾਇਬ ਨਾਜ਼ਿਮ ਸਾਹਿਬ ਨੂੰ ਵੀ ਨਾਲ ਲਈ ਆਉਣਾ। ਸੋ ਇਸ ਦਾਸ ਨੇ ਹਮੀਦਉੱਦੀਨ ਦੇ ਬਿਆਨ ਕਰਨ ਅਨੁਸਾਰ ਗੱਡਿਆਂ ਦਾ ਇੰਤਜ਼ਾਮ ਕੀਤਾ ਅਤੇ ਜਿਹੜੇ ਮੁਜ਼ਰਿਮ ਤੰਦਰੁਸਤ ਸਨ ਉਨ੍ਹਾਂ ਨੂੰ ਗੱਡਿਆਂ ’ਤੇ ਚੜ੍ਹਾ ਕੇ ਤੇ ਜਿਹੜੇ ਬੀਮਾਰ ਸਨ, ਉਨ੍ਹਾਂ ਨੂੰ ਮੰਜਿਆਂ ਤੇ ਦੌਲਿਆਂ ’ਤੇ ਪਾ ਕੇ ਸਵਾਰਾਂ ਤੇ ਸਿਪਾਹੀਆਂ ਸਮੇਤ ਅੱਜ ਸਵੇਰੇ ਕੋਟਲੇ ਨੂੰ ਰਵਾਨਾ ਕਰ ਦਿੱਤਾ ਹੈ। ਮੈਂ ਲਾਲ ਬਿਸ਼ੰਭਰ ਦਾਸ ਨਾਇਬ ਨਾਜ਼ਿਮ ਅਨਾਹਦਗੜ੍ਹ, ਜਿਹੜੇ ਮੇਰੇ ਕੋਲ ਮਦਦ ਵਾਸਤੇ 30 ਸਿਪਾਹੀ ਲੈ ਕੇ ਆਏ ਹੋਏ ਸਨ ਤੇ ਲਾਲਾ ਗਿਰਧਾਰੀ ਲਾਲ ਸਾਹਿਬ ਇੰਸਪੈਕਟਰ ਸਕੂਲਜ਼ ਨੂੰ ਲੈ ਕੇ ਸਮਾਨ, ਸੰਦ, ਕੁਹਾੜੇ ਤੇ ਗੰਡਾਸੇ ਆਦਿ ਸਮੇਤ ਕੋਟਲੇ ਨੂੰ ਰਵਾਨਾ ਹੋਇਆ ਹਾਂ। ਮੁਜ਼ਰਿਮਾਂ ਨੂੰ ਸਾਹਿਬ ਬਹਾਦੁਰ ਦੇ ਮੁਲਾਜ਼ਿਮਾਂ ਦੇ ਪੇਸ਼ ਕਰਨ ਮਗਰੋਂ ਜੋ ਕੁਝ ਹਾਲ ਹੋਵੇਗਾ ਅਰਜ਼ ਕੀਤਾ ਜਾਵੇਗਾ।

ਵਾਜ਼ਿਬ ਸਮਝ ਕੇ ਅਰਜ਼ ਕੀਤਾ ਗਿਆ।

ਦਾਸ<br>
ਸੱਯਦ ਨਿਆਜ਼ ਅਲੀ,<br>
ਨਾਇਬ ਨਾਜ਼ਿਮ,<br>
ਅਮਰਗੜ੍ਹ, ਮੁਕਾਮ ਸ਼ੇਰਪੁਰ।<br>
6 ਮਾਘ 1928.<br>
(17 ਜਨਵਰੀ 1872)

---

## ਸਖ਼ੀ ਸ਼੍ਰੀ ਮਹਾਰਾਜਾ ਸਾਹਿਬ ਬਹਾਦੁਰ,

ਕੂਕਿਆਂ ਦੇ ਫ਼ਸਾਦ ਦਾ ਵੇਰਵੇ ਸਹਿਤ ਹਾਲ ਸੱਯਦ ਮੁਹੰਮਦ ਕਾਜ਼ਿਮ ਦੇ ਨਾਭੇ ਤੇ ਅਮਰਗੜ੍ਹ ਤੋਂ ਭੇਜੇ ਖ਼ਤਾਂ ਤੋਂ ਹਜ਼ੂਰ ਨੂੰ ਚੰਗੀ ਤਰ੍ਹਾ ਪਤਾ ਲੱਗ ਗਿਆ ਹੋਵੇਗਾ।

ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਜ਼ਿਲ੍ਹਾ ਲੁਧਿਆਣਾ, ਸਾਹਿਬ ਸੁਪਰਡੈਂਟ ਬਹਾਦੁਰ ਪੁਲਿਸ ਲੁਧਿਆਣਾ ਨਾਲ ਸਰਕਾਰ ਹਜ਼ੂਰ ਦੀ ਬੱਘੀ 'ਚ ਸਵਾਰ ਹੋ ਕੇ ਕੋਈ ਚਾਰ ਵਜੇ ਮਲੌਦ ਤੋਂ ਤਸ਼ਰੀਫ਼ ਲਿਆਏ। ਉਨ੍ਹਾਂ ਦੇ ਤਸ਼ਰੀਫ਼ ਲਿਆਉਣ ਸਾਰ ਇਸ ਦਾਸ ਨੇ ਸ਼ੇਖ ਬਰਕਤ ਅਲੀ ਤਹਿਸੀਲਦਾਰ ਅਮਰਗੜ੍ਹ ਸਮੇਤ ਹਾਜ਼ਿਰ ਹੋ ਕੇ ਨਜ਼ਰ ਨਿਆਜ਼ ਪੇਸ਼ ਕੀਤੀ। ਸਾਹਿਬ ਬਹਾਦੁਰ ਨੇ ਬੱਘੀ ਖੜ੍ਹਵਾ ਕੇ ਇਸ ਦਾਸ ਨੂੰ ਪੁੱਛਿਆ। ਇਸ ਦਾਸ ਨੇ ਕੂਕਿਆਂ ਦੇ ਸ਼ੇਰਪੁਰ ਵਿਖੇ ਗ੍ਰਿਫ਼ਤਾਰ ਹੋਣ ਦਾ ਵੇਰਵੇ ਸਹਿਤ ਹਾਲ ਅਰਜ਼ ਕੀਤਾ ਤੇ ਬਿਆਨ ਕੀਤਾ ਕਿ ਹਜ਼ੂਰ ਦੇ ਤੇਜ ਪਰਤਾਪ ਸਦਕਾ ਕੂਕਿਆਂ ਵਿੱਚੋਂ ਉਨ੍ਹਾਂ ਦੇ ਜਥੇਦਾਰ ਹੀਰਾ ਸਿੰਘ ਤੇ ਲਹਿਣਾ ਸਿੰਘ ਵਾਸੀ ਸਕਰੌਦੀ ਤਅੱਲੁਕਾ ਭਵਾਨੀਗੜ੍ਹ ਵੀ ਗ੍ਰਿਫ਼ਤਾਰ ਹੋਏ ਹਨ। ਸੋ ਸਾਹਿਬਾਨ ਬਹਾਦੁਰ ਨੇ ਅਤਿਅੰਤ ਪ੍ਰਸੰਨ ਹੋ ਕੇ ਫ਼ਰਮਾਇਆ ਕਿ ਪਹਿਲਾਂ ਵੀ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਤੋਂ ਬੜੀਆਂ ਬੜੀਆਂ ਖ਼ੈਰ ਖ਼ਾਹੀਆਂ (ਸ਼ੁਭਚਿੰਤਕਤਾਵਾਂ) ਹੋਈਆਂ ਹਨ, ਖ਼ਾਸ ਕਰਕੇ ਪਿਛਲੇ ਦਿਨੀਂ ਕੂਕਿਆਂ ਦੇ ਇੰਤਜ਼ਾਮ ਬਾਬਤ ਅਤੇ ਹੁਣ ਅਤਿਅੰਤ ਖ਼ੈਰ ਖ਼ਾਹੀ ਤੇ ਸੇਵਾ ਹੋਈ ਹੈ। ਇਹ ਫ਼ਸਾਦ ਪਹਿਲੇ ਫ਼ਸਾਦ ਨਾਲੋਂ ਵੱਡਾ ਹੈ ਜਿਸ ਵਿੱਚ ਤੁਹਾਡੀ ਸਰਕਾਰ ਨੇ ਜ਼ਿਆਦਾ ਖ਼ੈਰ ਖ਼ਾਹੀ ਦਿਖਾਈ। ਸਾਹਿਬ ਬਹਾਦੁਰ ਅੱਧੇ ਘੰਟੇ ਤੱਕ ਅਤਿਅੰਤ ਮਿਹਰਬਾਨੀ ਤੇ ਪਿਆਰ ਨਾਲ ਪ੍ਰਸੰਸਾ ਕਰਦੇ ਰਹੇ ਮਾਸਟਰ ਵਜ਼ੀਰ ਅਲੀ ਬਖ਼ਸ਼ ਸਰਕਾਰ ਨਾਭਾ, ਜਿਹੜਾ ਨਾਭੇ ਤੋਂ ਮੈਥੋਂ ਦੋ ਘੰਟੇ ਪਹਿਲਾਂ ਰਿਸਾਲੇ ਦੇ ਸਵਾਰਾਂ ਸਮੇਤ ਸਵਾਰ ਹੋਇਆ ਸੀ, ਪੁੱਜਾ ਪਰ ਉਸ ਦੀ ਕੇਵਲ ਸਾਹਿਬ ਨਾਲ ਸਲਾਮ ਹੋਈ ਫਿਰ ਸਾਹਿਬ ਬਹਾਦੁਰ ਨੇ ਫਰਮਾਇਆ ਕਿ ਸਾਡੇ ਨਾਲ ਨਾਜ਼ਿਮ ਸਾਹਿਬ ਸਵਾਰ ਹੋਣ। ਸੋ ਸਵਾਰ ਹੋ ਕੇ ਨਵਾਬ ਸਾਹਿਬ ਦੀ ਬਾਗ਼ ਵਾਲੀ ਕੋਠੀ 'ਤੇ ਤਸ਼ਰੀਫ਼ ਲਿਆਏ ਜਿਹੜੀ ਅਮਰਗੜ੍ਹ ਦੇ ਰਾਹ 'ਤੇ ਪੈਂਦੀ ਸੀ। ਸਾਹਿਬ ਬਹਾਦੁਰ ਨੇ ਬੱਘੀ ਤੋਂ ਉਤੱਰ ਕੇ ਮੇਰਾ ਹੱਥ ਫੜ ਕੇ ਫ਼ਰਮਾਇਆ ਕਿ ਕੋਠੀ ਵਿੱਚ ਆਉ। ਸੋ ਅਸੀਂ ਕੋਠੀ 'ਚ ਚਲੇ ਗਏ।

ਸਾਹਿਬ ਬਹਾਦੁਰ ਨੇ ਖ਼ੁਸ਼ੀ ਨਾਲ ਫ਼ਰਮਾਇਆ ਕਿ ਤੁਮ ਮੇਰੇ ਸੱਜੇ ਪਾਸੇ ਕੁਰਸੀ 'ਤੇ ਬੈਠੋ। ਇਸ ਦਾਸ ਨੇ ਅਰਜ਼ ਕੀਤਾ ਕਿ ਪਹਿਲਾਂ ਹਜ਼ੂਰ ਆਪਣੀ ਕੁਰਸੀ 'ਤੇ ਸੁਸ਼ੋਭਤ ਹੋਣ ਪਰ ਫਿਰ ਜ਼ਿੱਦ ਨਾਲ ਆਪਣੇ ਹੱਥ ਨਾਲ ਮੈਨੂੰ ਸੱਜੇ ਪਾਸੇ ਕੁਰਸੀ 'ਤੇ ਬੈਠਾਇਆ। ਪਹਿਲਾਂ ਉੱਚੀ ਸ਼ਾਨ ਵਾਲੀ ਸਰਕਾਰ ਪਟਿਆਲਾ ਦਾ ਹਾਲ ਪੁੱਛਿਆ। ਇਸ ਦਾਸ ਨੇ ਮੁਨਾਸਿਬ ਤੌਰ 'ਤੇ ਹਜ਼ੂਰ ਦੇ ਹਾਲ ਚਾਲ ਬਾਰੇ ਬਿਆਨ ਕੀਤੇ। ਫਿਰ ਕੂਕਿਆਂ ਦੀ ਗ੍ਰਿਫ਼ਤਾਰੀ ਬਾਰੇ ਪੁੱਛਿਆ। ਸੋ ਇਸ ਦਾਸ ਨੇ ਅਲਿਫ਼ ਤੋਂ ਆਖਿਰ ਤੱਕ, ਜਿਵੇਂ ਕਿ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਨੇ ਮੇਰੇ ਨਾਮ ਖ਼ਤ ਲਿਖ ਕੇ ਦੱਸਿਆ ਸੀ, ਸਾਰਾ ਹਾਲ ਸੁਣਾ ਦਿੱਤਾ। ਨਾਇਬ ਨਾਜ਼ਿਮ ਦਾ ਖ਼ਤ ਅਸਲੀ ਰੂਪ 'ਚ ਹਜ਼ੂਰ ਦੀ ਸੇਵਾ ਵਿੱਚ ਅਮਰਗੜ੍ਹ ਤੋਂ ਇਤਲਾਹ ਵਜੋਂ ਭੇਜਿਆ ਗਿਆ ਸੀ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਸਾਨੂੰ ਸਰਕਾਰ ਦੀਆ ਸੇਵਾਵਾਂ ਤੋਂ ਅਤਿਅੰਤ ਖ਼ੁਸ਼ੀ ਹੈ ਕਿ ਅਸੀਂ ਬਿਆਨ ਨਹੀਂ ਕਰ ਸਕਦੇ। ਫਿਰ ਫ਼ਰਮਾਇਆ ਕਿ ਤੁਸੀਂ ਮੁਜ਼ਰਿਮਾਂ ਨੂੰ ਫ਼ੌਰਨ ਇੱਥੇ ਬੁਲਾਓ। ਸੋ ਇਸ ਦਾਸ ਨੇ ਫ਼ੌਰਨ ਅਹਿਮਦਉੱਦੀਨ ਥਾਣੇਦਾਰ ਮਰਦਾਨਪੁਰ ਨੂੰ, ਜਿਹੜਾ ਰਸਤੇ 'ਚ ਮੈਨੂੰ ਭਵਾਨੀਗੜ੍ਹ ਤੋਂ ਆਉਂਦੇ ਸਮੇਂ ਮਿਲਿਆ ਸੀ, ਤੇ ਕਾਰ ਸਰਦਾਰ ਵਾਸਤੇ ਉਸ ਨੂੰ ਬੁਲਾਇਆ ਸੀ, ਇੱਕ ਅਫ਼ਸਰ ਤੇ ਸਵਾਰਾਂ ਸਮੇਤ ਭੇਜਿਆ ਕਿ ਉਹ ਮੁਜ਼ਰਿਮਾਂ ਨੂੰ ਸਵੇਰ ਤੱਕ ਲੈ ਕੇ ਆ ਜਾਣ। ਸੱਯਦ ਨਿਆਜ਼ ਅਲੀ ਨੂੰ ਵੀ ਮੈਂ ਬੁਲਾਇਆ ਹੈ।

ਸਾਹਿਬ ਬਹਾਦੁਰ ਨੇ ਕਾਫ਼ੀ ਦੇਰ ਹੋਰ ਗੱਲਾਂ ਕਰਕੇ ਅਤਿਅੰਤ ਖ਼ੁਸ਼ੀ ਨਾਲ ਫ਼ਰਮਾਇਆ ਕਿ ਹੁਣ ਤੁਸੀਂ ਡੇਰਾ ਲਾਓ ਪਰ ਸਾਡੇ ਕੋਲ ਇੱਕੋ ਹੀ ਕੋਠੀ 'ਚ ਰਹੋ ਅਤੇ ਨਵਾਬ ਸਾਹਿਬ ਦੇ ਅਹਿਲਕਾਰਾਂ ਨੂੰ ਕਹਿ ਕੇ ਦੂਜਾ ਕਮਰਾ ਖੁਲ੍ਹਵਾ ਦਿੱਤਾ ਅਤੇ ਉਨ੍ਹਾਂ ਨੂੰ ਖ਼ੁਦ ਆਪਣੀ ਜ਼ੁਬਾਨ ਨਾਲ ਫ਼ਰਮਾਇਆ ਕਿ ਨਾਜ਼ਿਮ ਸਾਹਿਬ ਦੀ ਹਰ ਤਰ੍ਹਾਂ ਨਾਲ ਸੇਵਾ ਕਰੋ। ਇਸ ਗੱਲਬਾਤ ਦੇ ਦੌਰਾਨ ਮਾਸਟਰ ਵਜ਼ੀਰ ਅਲੀ ਬਖ਼ਸ਼ੀ ਸਰਕਾਰ ਨਾਭਾ ਆਇਆ ਤੇ ਖੜ੍ਹਾ ਰਿਹਾ ਤੇ ਸਾਹਿਬ ਬਹਾਦੁਰ ਨੇ ਫ਼ੌਰਨ ਫ਼ਰਮਾ ਦਿੱਤਾ ਕਿ ਉਹ ਰੁਖਸਤ ਹੋ ਜਾਵੇ। (ਚਲੇ ਜਾਵੇ)

---

ਸਾਹਿਬ ਬਹਾਦੁਰ ਇਸ ਦਾਸ ਨਾਲ ਬਹੁਤ ਮਿਹਰਬਾਨੀ ਤੇ ਖਿੜੇ ਮੱਥੇ ਗੱਲਾਂ ਕਰਦੇ ਰਹੇ ਅਤੇ ਫ਼ਰਮਾਇਆ ਕਿ ਤੁਸੀਂ ਮੁਜਰਿਮਾਂ ਸਮੇਤ ਸਵੇਰ ਨੂੰ ਹਾਜ਼ਿਰ ਆਓ। ਦਾਸ ਨੇ ਬੇਨਤੀ ਕੀਤੀ ਕਿ ਜਦੋਂ ਨਾਇਬ ਨਾਜ਼ਿਮ ਮੁਜ਼ਰਿਮਾਂ ਨੂੰ ਲੈ ਕੇ ਆ ਜਾਣਗੇ, ਇਹ ਦਾਸ ਫ਼ੌਰਨ ਹਾਜ਼ਿਰ ਹੋ ਜਾਵੇਗਾ। ਸ਼੍ਰੀ ਮਾਨ ਜੀ, ਖ਼ੁਦਾ ਦਾ ਸ਼ੁਕਰ ਹੈ ਕਿ ਕੂਕਿਆਂ ਦੀ ਗ੍ਰਿਫ਼ਤਾਰੀ ਦੀ ਫ਼ਤਹ, ਜਿਹੜੇ ਇੱਕ ਤਰ੍ਹਾਂ ਨਾਲ ਮਹਾਨ ਫ਼ਸਾਦੀ ਬਣ ਗਏ ਸਨ, ਅਸਲ ਵਿੱਚ ਸਰਕਾਰ ਪਟਿਆਲਾ ਦੀ ਹੋਈ ਹੈ। ਸਾਹਿਬਾਨ ਬਹਾਦੁਰ ਨੇ ਜਿੱਥੋਂ ਤੱਕ ਉਹ ਕਰ ਸਕੇ, ਉੱਚੀ ਸ਼ਾਨ ਵਾਲੀ ਸਰਕਾਰ ਪਟਿਆਲਾ ਦੀ ਪ੍ਰਸ਼ੰਸਾ ਕੀਤੀ। ਪਤਾ ਲੱਗਿਆ ਹੈ ਕਿ ਸਰਦਾਰ ਮਿੱਤ ਸਿੰਘ (ਮਲੌਦੀਆ) ਥੋੜ੍ਹਾ ਜਿਹਾ ਜ਼ਖ਼ਮੀ ਹੋਇਆ ਹੈ ਪਰ ਵੇਰਵੇ ਸਹਿਤ ਹਾਲ ਕੱਲ ਬਿਆਨ ਕਰਾਂਗਾ। ਮੇਰੇ ਕੋਲ ਕੋਈ ਸਵਾਰ ਜਾਂ ਪਿਆਦਾ ਇਸ ਵੇਲੇ ਮੌਜੂਦ ਨਹੀਂ ਹੈ।

ਇਹ ਬਿਨੈ-ਪੱਤਰ ਕੋਟਲਾ ਦੇ ਸੱਯਦ ਔਲਾਦ ਅਲੀ ਦੇ ਹੱਥ ਨਾਭੇ ਤੋਂ ਪਟਿਆਲਾ ਪਹੁੰਚੇਗਾ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣਾ ਹੈ।

ਦਾਸ
ਪੁਰਾਣਾ ਨਮਕ ਪਰਵਰਦਾ,
ਨਾਜ਼ਿਮ ਅਮਰਗੜ੍ਹ।
ਮੁਕਾਮ ਕੋਟਲਾ।

16 ਜਨਵਰੀ 1872
6 ਵਜੇ ਸ਼ਾਮ ਦੇ

ਦੋਬਾਰਾ ਅਰਜ਼ ਹੈ ਕਿ ਇਹ ਬਿਨੈ-ਪੱਤਰ ਬਿਨਾ ਇਤਲਾਹ ਦਿੱਤੇ ਹੀ, ਕਿਉਂਕਿ ਇਸ ਵੇਲੇ ਤੱਕ ਕੁਛ ਸਾਮਾਨ ਮੌਜੂਦ ਨਹੀਂ ਹੈ, ਲਿਖਿਆ ਗਿਆ ਹੈ। ਕਮੀ ਪੇਸ਼ੀ ਮੁਆਫ਼ ਹੋਵੇ।

## ਸਰਕਾਰ ਨੇ ਮੁਲਾਹਿਜ਼ਾ ਕੀਤਾ ਤੇ ਹੁਕਮ ਹੋਇਆ ਕਿ

**ਜਵਾਬ ਲਿਖਿਆ ਜਾਵੇ ਕਿ ਜਿਵੇਂ ਵੀ ਸੰਭਵ ਹੋਵੇ ਉਨ੍ਹਾਂ ਬਦਮਾਸ਼ਾਂ ਨੂੰ, ਜਿਹੜੇ ਇਸ ਵਾਰਦਾਤ ਵਿੱਚ ਸ਼ਾਮਿਲ ਹੋਏ ਹੋਣ ਤੇ ਜਿੱਥੇ-ਜਿੱਥੇ ਵੀ ਮਿਲਣ, ਫ਼ੌਰਨ ਗ੍ਰਿਫ਼ਤਾਰ ਕਰੋ। ਸਮੇਂ ਸਮੇਂ ਤੇ ਸਰਕਾਰ ਨੂੰ ਇਤਲਾਹ ਦਿੰਦੇ ਰਹੋ ਅਤੇ ਅੰਗਰੇਜ਼ੀ ਹਾਕਿਮਾਂ ਦੀ ਮਦਦ ਕਰਨ ਵਿੱਚ ਤਨੋਂ ਮਨੋਂ ਰੁੱਝੇ ਰਹੋ।**

ਅਹਿਮਦ ਹਸਨ,
ਵਕੀਲ ਲੁਧਿਆਣਾ।

17 ਜਨਵਰੀ 1872

# 11. ਜੱਥਾ ਸ਼ੇਰਪੁਰ ਤੋਂ ਮਲੇਰ ਕੋਟਲਾ ਵੱਲ ਲਿਆਂਦਾ ਗਿਆ ਇਹ ਚਿੱਠੀ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੂੰ ਤਿਪਰ ਚੰਦ (ਨਾਜ਼ਿਮ ਅਮਰਗੜ੍ਹ) ਨੇ ਲਿਖੀ

ਗ਼ਰੀਬ ਪਰਵਰ! ਸਲਾਮਤ!

ਉੱਚੀ ਪਦਵੀ ਵਾਲੇ ਸਾਹਿਬ ਬਹਾਦੁਰ,

ਬੇਨਤੀ ਇਹ ਹੈ ਕਿ ਪਹਿਲਾਂ ਅੱਜ ਸਵੇਰੇ ਵਿਸ਼ੇਸ਼ ਆਦਮੀ ਰਾਹੀਂ ਭੇਜੇ ਵੇਰਵੇ ਸਹਿਤ ਹਾਲ ਤੋਂ ਤੁਸੀਂ ਚੰਗੀ ਤਰ੍ਹਾਂ ਜਾਣੂ ਹੋ ਗਏ ਹੋਵੋਗੇ ਪਰ ਇਸ ਵੇਲੇ 9 ਵਜੇ ਤੱਕ ਸਰਕਾਰੀ ਤੋਪਾਂ ਨਹੀਂ ਪੁੱਜੀਆਂ ਹਾਲਾਂਕਿ ਵਲੀ ਮੁਹੰਮਦ ਖ਼ਾਨ ਅਹੁਦੇਦਾਰ (ਐਡਜੂਟੈਂਟ) ਵੀ ਤੁਹਾਡੇ ਕੋਲ ਭੇਜਿਆ ਗਿਆ ਸੀ। ਮੈਂ ਮੁਨਾਸਿਬ ਸਮਝਦਾ ਹਾਂ ਕਿ ਕੂਕਿਆਂ ਨੂੰ ਸਦੀਵੀ ਹਕੂਮਤ ਦੇ ਵਾਲੀ , ਨਿਆਮਤਾਂ ਦੇ ਮਾਲਿਕ ਤੇ ਦੁਨੀਆਂ ਦੇ ਬਾਦਸ਼ਾਹ ਸਾਡੀ ਸਰਕਾਰ ਪਟਿਆਲਾ ਰਾਹੀਂ ਸਜ਼ਾ ਦਿੱਤੀ ਜਾਵੇ ਅਤੇ ਮੈਂ ਇਹ ਗੱਲ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਤੋਂ ਮਨਜ਼ੂਰ ਕਰਵਾ ਲਈ ਹੈ। ਸਾਹਿਬ ਬਹਾਦੁਰ ਨੇ ਸਰਕਾਰ ਨਾਭਾ ਦੀ ਫ਼ੌਜ ਦੇ ਅਫ਼ਸਰਾਂ ਨੂੰ ਹੁਕਮ ਦੇ ਦਿੱਤਾ ਸੀ ਕਿ ਕੂਕਿਆਂ ਨੂੰ ਉਹਨਾਂ ਦੇ ਤੋਪਚੀ ਉਡਾ ਦੇਣ। ਫ਼ਿਰ ਮੇਰੇ ਬੇਨਤੀ ਕਰਨ ’ਤੇ ਸਾਹਿਬ ਬਹਾਦੁਰ ਨੇ ਫ਼ਰਮਾਇਆ ਸੀ ਕਿ ਤੁਸੀਂ ਛੇਤੀ ਤੋਪਾਂ ਮੰਗਵਾ ਲਓ। ਮੈਂ ਤੋਪਾਂ ਆਉਣ ਦੀ ਖ਼ਬਰ ਦੀ ਉਡੀਕ ਕਰ ਰਿਹਾ ਹਾਂ। ਸਾਹਿਬ ਬਹਾਦੁਰ ਨੇ ਸਰਕਾਰ ਨਾਭਾ ਤੇ ਜੀਂਦ ਦੀਆ ਫ਼ੌਜਾਂ ਤੇ ਤੋਪਾਂ ਤਿਆਰ ਕਰਾ ਰੱਖੀਆਂ ਹਨ ਤੇ ਉਹ ਸ਼ੇਰਪੁਰ ਤੋਂ ਕੂਕਿਆਂ ਦੇ ਉਡੀਕਵਾਨ ਹਨ। ਮੈਂ ਪੰਜਾਹ ਸਵਾਰਾਂ ਵਿੱਚੋਂ ਪੱਚੀ ਸਵਾਰਾਂ ਨੂੰ ਮਦਨ ਸਿੰਘ ਜਮਾਂਦਾਰ, ਜਿਹੜਾ ਇਸ ਵੇਲੇ ਕੋਈ 8 ਵਜੇ ਪੁੱਜਾ, ਤੇ ਸੰਤੋਖ ਸਿੰਘ ਰਿਸਾਲਦਾਰ ਨਾਲ ਸ਼ੇਰਪੁਰ ਨੂੰ ਰਵਾਨਾ ਕਰ ਦਿੱਤਾ ਹੈ। ਉਮੀਦ ਹੈ ਕਿ 12 ਵਜੇ ਤੱਕ ਕੂਕੇ ਆ ਜਾਣਗੇ। ਸਾਹਿਬ ਬਹਾਦੁਰ ਜਦੋਂ ਵਾਰਦਾਤ ਦਾ ਮੌਕਾ ਵੇਖਣ ਵਾਸਤੇ ਸਵਰਗਵਾਸੀ ਨਵਾਬ ਸਿੰਕਦਰ ਅਲੀ ਖ਼ਾਨ ਦੇ ਮਕਾਨ ’ਤੇ ਤਸ਼ਰੀਫ਼ ਲੈ ਗਏ ਤਾਂ ਇਹ ਦਾਸ ਉਨ੍ਹਾਂ ਨਾਲ ਸੀ। ਇਸ ਦਾਸ ਨੇ ਇਹ ਅਰਜ਼ ਕੀਤਾ ਸੀ ਕਿ ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਹੁਕਮ ਅਨੁਸਾਰ ਮਦਨ ਸਿੰਘ ਜਮਾਂਦਾਰ ਸਵਾਰਾਂ ਸਮੇਤ ਆ ਗਿਆ ਹੈ ਪਰ ਸਾਹਿਬ ਬਹਾਦੁਰ ਫ਼ਰਮਾਉਂਦੇ ਰਹੇ ਕਿ ਤੁਸੀਂ ਮੁਜ਼ਰਿਮਾਂ ਨੂੰ ਛੇਤੀ ਬੁਲਾਓ। ਸਵਾਰ ਸ਼ੇਰਪੁਰ ਵੱਲ ਪਹੁੰਚ ਗਏ ਹਨ। ਮੇਰੇ ਜਨਾਬ! ਇਹ ਸਾਰਾ ਕੁਝ ਨੂਰਾਨੀ ਸਰਕਾਰ ਦੇ ਤੇਜ ਪਰਤਾਪ ਤੇ ਵਧੀਆ ਪ੍ਰਬੰਧ ਦਾ ਨਤੀਜਾ ਹੈ। ਖ਼ੁਦਾ ਦਾ ਸ਼ੁਕਰ ਹੈ ਕਿ ਸਾਰੇ ਰਈਸ ਤੇ ਮੁਲਾਜ਼ਿਮ ਦੁਖੀ ਹੁੰਦੇ ਹਨ ਕਿ ਹਰੇਕ ਮੌਕੇ ’ਤੇ ਫ਼ਤਿਹ ਸਰਕਾਰ ਪਟਿਆਲਾ ਦੇ ਅਹਿਲਕਾਰਾਂ ਨੂੰ ਨਸੀਬ ਹੁੰਦੀ ਹੈ। ਡਾਕ ਵਾਲੇ ਸਵਾਰ ਇੱਥੋਂ ਤੋਂ ਲੈ ਕੇ ਨਾਭੇ ਤੱਕ ਬੈਠਾ ਦਿੱਤੇ ਹਨ ਅਤੇ ਨਾਭੇ ਤੋਂ ਮੀਰ ਔਲਾਦ ਅਲੀ ਆਪਣੇ ਰੂ-ਬ-ਰੂ ਡਾਕ ਵਾਲੇ ਤਿੰਨ ਸਵਾਰ ਪਟਿਆਲਾ ਤੱਕ ਨਿਯੁਕਤ ਕਰ ਆਇਆ ਸੀ।

ਇਹ ਸਾਰਾ ਹਾਲ ਹਜ਼ੂਰ ਸਰਕਾਰ ਨੂੰ ਦੱਸ ਦੇਣਾ ਜੀ।

17 ਜਨਵਰੀ 1872

ਦਿਨ ਬੁੱਧਵਾਰ — ਤਿਪਰ ਚੰਦ

ਸਮਾਂ 9 ਵਜੇ ਸਵੇਰ ਦੇ। — ਨਾਜ਼ਿਮ ਅਮਰਗੜ੍ਹ।

## ਨਿਆਮਤਾਂ ਦੇ ਮਾਲਿਕ, ਦੁਨੀਆਂ ਦੇ ਬਾਦਸ਼ਾਹ, ਸਖ਼ੀ ਸਰਕਾਰ ਸ੍ਰੀ ਹਜ਼ੂਰ ਮਹਾਰਾਜਾ ਸਾਹਿਬ,

ਜਨਾਬ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਤੇ ਸਾਹਿਬ ਸੁਪਰਡੈਂਟ ਪੁਲਿਸ ਲੁਧਿਆਣਾ ਨਾਲ ਮੁਲਾਕਾਤ ਹੋਣ ਤੇ ਸਾਹਿਬਾਨ ਬਹਾਦੁਰ ਦੀ ਪ੍ਰਸੰਨਤਾ ਦੇ ਵੇਰਵੇ ਸਹਿਤ ਹਾਲ ਦਾ ਪਤਾ ਦਾਸ ਦੇ ਭੇਜੇ ਬਿਨੈ-ਪੱਤਰ ਤੋਂ ਸਰਕਾਰ ਨੂੰ ਭਲੀ ਭਾਂਤ ਲੱਗ ਗਿਆ ਹੋਵੇਗਾ।

ਕਿਉਂਕਿ ਨਵਾਬ ਕੋਟਲਾ ਤੇ ਉਨ੍ਹਾਂ ਤੇ ਮੁਲਾਜ਼ਿਮਾਂ ਦੇ ਦਿਲਾਂ ਵਿੱਚ ਕੂਕਿਆਂ ਦੇ ਹੋਰ ਹਮਲੇ ਦਾ ਡਰ ਤੇ ਫ਼ਿਕਰ ਸੀ, ਇਥੋਂ ਤੱਕ ਸ਼ਹਿਰ ਤੇ ਦਰਵਾਜ਼ੇ ਬੰਦ ਸਨ, ਇਸ ਲਈ ਨਾ ਕੋਈ ਸਾਹਿਬਾਨ ਬਹਾਦੁਰ ਦਾ ਸਵਾਗਤ ਕਰਨ ਲਈ ਗਿਆ ਤੇ ਨਾ ਉਨ੍ਹਾਂ ਨੂੰ ਸਾਹਿਬਾਨ ਬਹਾਦੁਰ ਦੇ ਤਸ਼ਰੀਫ਼ ਲਿਆਉਣ ਦੀ ਇਤਲਾਹ ਹੋਈ ਤੇ ਨਾ ਤੋਪਾਂ ਦੀ ਸਲਾਮੀ ਦਿੱਤੀ ਗਈ, ਹਾਲਾਂਕਿ ਅਸੀਂ ਲੋਕ ਮਲੌਦ ਦੇ ਬੰਨੇ 'ਤੇ ਜਾ ਕੇ ਸਾਹਿਬਾਨ ਬਹਾਦੁਰ ਨੂੰ ਮਿਲੇ। ਨਿਰਸੰਦੇਹ ਕੋਟਲਾ ਦਾ ਪ੍ਰਬੰਧ ਚੰਗਾ ਮਾਲੂਮ ਨਹੀਂ ਹੋਇਆ ***ਕਿਉਂਕਿ ਕੋਟਲਾ ਵਾਲੇ ਕੂਕਿਆਂ ਦੇ ਇੱਥੋਂ ਨਿਕਲ ਜਾਣ 'ਤੇ ਵੀ ਉਨ੍ਹਾਂ ਦਾ ਪਿੱਛਾ ਨਹੀਂ ਕਰ ਸਕੇ।** ਸਰਕਾਰ ਨਾਭਾ ਤੇ ਜੀਂਦ ਦੀ ਫ਼ੌਜ, ਜਿਹੜੀ ਕੱਲ ਚਾਰ ਵਜੇ ਸ਼ਾਮ ਦੀ ਨਾਭਾ ਜੀਂਦ ਤੋਂ ਆਈ ਸੀ ਉਹ ਸ਼ਹਿਰ ਦੇ ਨਾਲ ਲਗਦੀ ਜਗ੍ਹਾ 'ਤੇ ਠਹਿਰੀ ਰਹੀ।

ਇਹ ਦਾਸ ਰਾਤ ਦੇ 11 ਵਜੇ ਸਾਹਿਬ ਬਹਾਦੁਰ ਦੀ ਕੋਠੀ 'ਤੇ ਹਾਜ਼ਿਰ ਹੋਇਆ ਤੇ ਬੇਨਤੀ ਕੀਤੀ ਕਿ ਮੈਂ ਇੱਕਲਾ ਹੀ ਦੋ ਆਦਮੀਆਂ ਨਾਲ ਹਾਜ਼ਿਰ ਹਾਂ ਅਤੇ ਮੈਂ ਸਵਾਰਾਂ ਨੂੰ ਮੁਜ਼ਰਿਮਾਂ ਨੂੰ ਲਿਆਉਣ ਵਾਸਤੇ ਸ਼ੇਰਪੁਰ ਵੱਲ ਰਵਾਨਾ ਕਰ ਚੁੱਕਿਆ ਹਾਂ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਕੋਠੀ 'ਚ ਠਹਿਰੋ। ਤਿੰਨ ਵਜੇ ਸਵੇਰੇ ਵਲੀ ਮੁਹੰਮਦ ਖ਼ਾਂ ਐਡਜੂਟੈਂਟ (ਅਹੁਦੇਦਾਰ) ਪੁੱਜਾ। ਉਸ ਨੂੰ ਸਵੇਰੇ ਸਾਹਿਬ ਬਹਾਦੁਰ ਕੋਲ ਲੈ ਜਾ ਕੇ ਉੱਚੀ ਸ਼ਾਨ ਵਾਲੀ ਸਰਕਾਰ ਪਟਿਆਲਾ ਦਾ ਪੱਤਰ ਦਿੱਤਾ ਅਤੇ ਬਿਆਨ ਕੀਤਾ ਕਿ ਸਰਕਾਰ ਦੀ ਫ਼ੌਜ ਤੇ ਅਫ਼ਸਰ ਆ ਰਹੇ ਹਨ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਇਸ ਵਿੱਚ ਸ਼ੱਕ ਨਹੀਂ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਅਤਿਅੰਤ ਤਿਆਰ ਬਰ ਤਿਆਰ ਤੇ ਸਰਕਾਰ ਅੰਗਰੇਜ਼ੀ ਦੇ ਸ਼ੁਭਚਿੰਤਕ ਹਨ। ਜੇ ਜ਼ਰੂਰੀ ਹੋਵੇ ਤਾਂ ਜਨਾਬ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਨਿੱਜੀ ਤੌਰ 'ਤੇ ਲੁਧਿਆਣਾ ਵਿਖੇ ਤੇ ਇੱਥੇ ਤਸ਼ਰੀਫ਼ ਲਿਆਉਣ। ਬੇਨਤੀ ਕੀਤੀ ਗਈ ਕਿ ਹਜ਼ੂਰ ਸ਼੍ਰੀ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ, ਦੌਲਤਮਦਾਰ ਸਰਕਾਰ ਅੰਗਰੇਜ਼ੀ ਦੇ ਹੱਦ ਦਰਜੇ ਦੇ ਸ਼ੁਭ ਚਿੰਤਕ ਹਨ। ਫ਼ਿਰ ਸਾਹਿਬ ਬਹਾਦੁਰ ਨੇ ਮੈਨੂੰ ਅਲਿਹਦਾ ਲੈ ਜਾ ਕੇ ਫ਼ਰਮਾਇਆ ਕਿ ਸਾਡੀ ਰਾਏ ਹੈ ਕਿ ਮੁਜ਼ਰਿਮਾਂ ਨੂੰ ਕੋਟਲਾ ਵਿਖੇ ਤੋਪ ਨਾਲ ਉੜਾਇਆ ਜਾਵੇ। ਸਰਕਾਰ ਨਾਭਾ ਦੀਆਂ ਦੋ ਤੋਪਾਂ ਆ ਗਈਆਂ ਹਨ ਪਰ ਸਰਕਾਰ ਨਾਭਾ ਦੇ ਤੋਪਚੀ ਕਿਹੋ ਜਿਹੇ ਹਨ ? ਦਾਸ ਨੇ ਬੇਨਤੀ ਕੀਤੀ ਕਿ ਸ਼ਾਇਦ ਚੰਗੇ ਹੀ ਹੋਣਗੇ। ਸਾਡੀ ਸਰਕਾਰ ਦੇ ਤੋਪਚੀ ਵੀ ਅਤਿਅੰਤ ਤਜਰਬੇਕਾਰ ਹਨ ਕਿਉਂਕਿ ਮੇਰੇ ਹਜ਼ੂਰ ਸਰਕਾਰ ਤੇ ਸਾਡੇ ਨਿਅਮਤਾਂ ਦੇ ਮਾਲਿਕ ਇਸ ਪਾਸੇ ਭਾਵ ਫ਼ੌਜ ਤੇ ਉਸ ਦੀ ਕਵਾਇਤ ਦੇ ਨਿਰੀਖਣ ਕਰਨ ਵੱਲ ਬੇਹੱਦ ਧਿਆਨ ਦਿੰਦੇ ਹਨ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਹੁਣ ਤੁਹਾਡੀ ਫ਼ੌਜ ਦੇ ਆਉਣ ਦੀ ਲੋੜ ਨਹੀਂ ਹੈ ਕਿਉਂਕਿ ਕੰਮ ਠੀਕ ਹੋ ਗਿਆ ਹੈ। ਇਸ ਦਾਸ ਨੇ ਅਰਜ਼ ਕੀਤਾ ਕਿ ਫ਼ੌਜ ਛੇਤੀ ਹੀ ਆਉਣ ਵਾਲੀ ਹੈ, ਸ਼ਾਇਦ ਕੋਹ ਦੋ ਕੋਹ ਦੇ ਪੈਂਡੇ 'ਤੇ ਹੋਵੇਗੀ ਅਤੇ ਫ਼ੌਜ ਦੇ ਅਫ਼ਸਰ ਹਜ਼ੂਰ ਨੂੰ ਸਲਾਮ ਵੀ ਕਰ ਲੈਣਗੇ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਤੁਸੀਂ ਅਪਣੀਆਂ ਤੋਪਾਂ ਦੇ ਅਫ਼ਸਰਾਂ ਨੂੰ ਚੰਗੀ ਤਰ੍ਹਾਂ ਸਮਝਾ ਦਿਓ ਕਿ ਜਦੋਂ ਮਿਸਟਰ ਹੁਕਮ ਦੇਣ ਉਹ ਫ਼ੌਰਨ ਮੁਜ਼ਰਿਮਾਂ ਨੂੰ ਤੋਪਾਂ ਨਾਲ ਉਡਾ ਦੇਣ। ਸੋ ਉਸੇ ਵੇਲੇ ਵਲੀ ਮੁਹੰਮਦ ਖ਼ਾਂ (ਐਡਜੂਟੈਂਟ) ਅਜੀਟਨ ਨੂੰ ਤੋਪਾਂ ਛੇਤੀ ਲਿਆਉਣ ਵਾਸਤੇ ਅਮਰਗੜ੍ਹ ਵੱਲ ਰਵਾਨਾ ਕੀਤਾ ਗਿਆ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਜਦੋਂ ਵਾਪਸ ਆ ਜਾਣ ਤਾਂ ਛੇਤੀ ਹਾਜ਼ਿਰ ਹੋ ਜਾਣ। ਦਾਸ ਨੇ ਬੇਨਤੀ ਕੀਤੀ ਕਿ ਨਾਇਬ ਨਾਜ਼ਿਮ ਦਾ ਮੁਹੱਰਿਰ ਹੁਣੇ (ਉਸ ਨੂੰ ਲਿਖੇ ਪਰਵਾਨੇ ਦਾ) ਜਵਾਬ ਲੈ ਕੇ ਆਇਆ ਹੈ ਕਿ ਨਾਇਬ ਸਾਹਿਬ ਮੁਜ਼ਰਿਮਾਂ ਨੂੰ ਲੈ ਕੇ ਦਸ ਵਜੇ

ਤੋਂ ਮਗਰੋਂ ਹਾਜ਼ਿਰ ਹੋਵੇਗਾ ਕਿਉਂਕਿ ਬਹੁਤ ਸਾਰੇ ਮੁਜ਼ਰਿਮ ਜ਼ਖ਼ਮੀ ਹਨ ਜਿਨ੍ਹਾਂ ਨੂੰ ਮੰਜਿਆਂ ਤੇ ਗੱਡਿਆਂ 'ਤੇ ਲਿਆਉਣਾ ਹੈ ਅਤੇ ਮੀਂਹ ਪੈਣ ਕਾਰਨ ਰਸਤਾ ਅਤਿਅੰਤ ਖ਼ਰਾਬ ਹੈ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ, ਅਸੀਂ ਤੁਹਾਨੂੰ ਕੱਲ ਘੋੜੇ 'ਤੇ ਚੜ੍ਹੇ ਹੋਏ ਵੇਖਿਆ ਸੀ। ਤੁਹਾਡੇ ਸਾਰੇ ਕੱਪੜੇ ਚਿੱਕੜ ਨਾਲ ਲੱਥ ਪੱਥ ਸਨ। ਦਾਸ ਨੇ ਅਰਜ਼ ਕੀਤਾ ਕਿ ਰਸਤੇ ਵਿੱਚ ਪਾਣੀ ਦਾ ਹੜ੍ਹ ਆਇਆ ਹੋਇਆ ਹੈ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਅਜਿਹੇ ਮੌਕੇ 'ਤੇ ਅਜਿਹਾ ਹੀ ਹੁੰਦਾ ਹੈ। ਫ਼ਿਰ ਸਾਹਿਬ ਬਹਾਦੁਰ ਉੱਚੀ ਸ਼ਾਨ ਵਾਲੀ ਸਰਕਾਰ ਦੇ ਵਧੀਆ ਪ੍ਰਬੰਧ ਦਾ ਸ਼ੁਕਰੀਆ ਅਦਾ ਕਰਦੇ ਰਹੇ।

ਸੋ ਵੇਰਵੇ ਸਹਿਤ ਅਰਜ਼ ਕੀਤਾ ਅਤੇ ਇੱਥੋਂ ਤੋਂ ਲੈ ਕੇ ਸ਼ੇਰਪੁਰ ਤੱਕ ਮੁਜ਼ਰਿਮਾਂ ਨੂੰ ਲਿਆਉਣ ਦਾ ਬਹੁਤ ਚੰਗੀ ਤਰ੍ਹਾਂ ਇੰਤਜ਼ਾਮ ਕੀਤਾ ਗਿਆ ਹੈ ਤੇ ਕਿਸੇ ਪ੍ਰਕਾਰ ਦਾ ਡਰ ਨਹੀਂ ਹੈ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣ ਸਮਾਨ ਹੈ।

ਦਾਸ
ਨਮਕ ਪਰਵਰਦਾ,
ਤਿਪਰ ਚੰਦ ਨਾਜ਼ਿਮ ਅਮਰਗੜ੍ਹ।

17 ਜਨਵਰੀ 1872
ਮੁਕਾਮ ਕੋਟਲਾ।
ਸਮਾਂ 6 ਵਜੇ ਸਵੇਰ ਦੇ

ਦੋਬਾਰਾ ਅਰਜ਼ ਇਹ ਹੈ ਕਿ ਸਾਹਿਬ ਬਹਾਦੁਰ ਨੇ ਇਸ ਦਾਸ ਤੋਂ ਪੁੱਛਿਆ ਕਿ ਕੀ ਤੁਹਾਡੇ ਮੁਤਾਬਿਕ ਇਹ ਵੀ ਮੁਨਾਸਿਬ ਹੈ ਕਿ ਮੁਜ਼ਰਿਮਾਂ ਨੂੰ ਤੋਪਾਂ ਨਾਲ ਉਡਾਇਆ ਜਾਵੇ ? ਅਰਜ਼ ਕੀਤਾ ਗਿਆ ਕਿ ਜਿਹੜੀ ਰਾਏ ਹਜ਼ੂਰ ਦਤੀ ਹੈ ਉਹ ਮੇਰੇ ਮੁਤਾਬਿਕ ਮੁਨਾਸਿਬ ਹੈ ਕਿ ਅੱਧੇ ਕੂਕਿਆਂ ਨੂੰ ਕੋਟਲਾ ਵਿਖੇ ਤੇ ਅੱਧਿਆਂ ਨੂੰ ਮਲੌਦ ਵਿਖੇ ਤੋਪਾਂ ਨਾਲ ਉਡਾਇਆ ਜਾਵੇ ਕਿਉਂਕਿ ਪਹਿਲਾਂ ਮਲੌਦ ਵਿਖੇ ਫ਼ਸਾਦ ਹੋਇਆ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਇਹ ਗੱਲ ਅਤਿਅੰਤ ਖ਼ੂਬ ਹੈ ਕਿ ਅੱਧੇ ਮੁਜ਼ਿਰਮਾਂ ਨੂੰ ਇੱਥੇ ਤੋਪ ਨਾਲ ਉਡਾਇਆ ਜਾਵੇ ਤੇ ਅੱਧਿਆਂ ਨੂੰ ਇੱਥੋਂ ਮਲੌਦ ਵਿਖੇ ਭੇਜਿਆ ਜਾਵੇ।

ਸੋ ਇਤਲਾਹ ਵਜੋਂ ਅਰਜ਼ ਕੀਤਾ ਗਿਆ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣਾ ਹੈ।

ਤਿਪਰ ਚੰਦ

# 12. 65 ਸਿੱਖਾਂ ਨੂੰ ਤੋਪਾਂ ਨਾਲ ਅਤੇ ਇੱਕ ਸਿੱਖ ਬਾਲਕ ਬਿਸ਼ਨ ਸਿੰਘ ਨੂੰ ਤਲਵਾਰਾਂ ਨਾਲ ਕੱਟ ਕੇ ਸ਼ਹੀਦ ਕੀਤਾ ਗਿਆ। ਜੱਥੇ ਵਿਚਲੀਆਂ ਦੋ ਇਸਤਰੀਆਂ ਨੂੰ ਸ਼ਹੀਦ ਨਹੀਂ ਕੀਤਾ ਗਿਆ

**ਨਿਆਮਤਾਂ ਦੇ ਮਾਲਿਕ ਤੇ ਦੁਨੀਆਂ ਦੇ ਬਾਦਸ਼ਾਹ ਸ੍ਰੀ ਹਜ਼ੂਰ ਮਹਾਰਾਜਾ ਸਾਹਿਬ,**

ਇਸ ਜਗ੍ਹਾਂ ਦੇ ਵੇਰਵੇ ਸਹਿਤ ਹਾਲਾਤ ਦਾ ਕੱਲ ਤੇ ਅੱਜ ਦੇ ਭੇਜੇ ਬਿਨੈ-ਪੱਤਰ ਤੇ ਦੂਜੇ ਕਾਗਜ਼ਾਤ ਤੋਂ ਭਲੀ ਭਾਂਤ ਪਤਾ ਲੱਗ ਗਿਆ ਹੋਵੇਗਾ।

ਦਿਨ ਦੇ 12 ਵਜੇ ਕਰਨੈਲ ਮਾਨ ਸਿੰਘ ਤੇ ਕਰਨੈਲ ਲਾਲ ਸਿੰਘ ਫ਼ੌਜ ਤੇ ਤੋਪਾਂ ਲੈ ਕੇ ਪੁੱਜੇ। ਕਿਉਂਕਿ 12 ਵਜੇ ਤੱਕ ਸ਼ੇਰਪੁਰ ਤੋਂ ਕੂਕੇ ਤੇ ਨਾਇਬ ਨਾਜ਼ਿਮ ਨਹੀਂ ਪੁੱਜੇ ਸਨ ਇਸ ਲਈ ਸਾਹਿਬ ਬਹਾਦੁਰ ਨੇ ਪਹਿਲਾਂ ਤਾਂ ਦੋ-ਤਿੰਨ ਵਾਰ ਪੁੱਛਿਆ ਕਿ ਦੇਰ ਕਿਉਂ ਹੋਈ ਹੈ ? ਫ਼ਿਰ ਸਾਹਿਬ ਬਹਾਦੁਰ ਨੇ ਵਕੀਲ ਸਰਕਾਰ ਨਾਭਾ ਨੂੰ ਇਸ ਦਾਸ ਕੋਲ ਭੇਜਿਆ ਕਿ ਲੇਟ ਹੋਣ ਦਾ ਕੀ ਕਾਰਨ ਹੈ ? ਮੈਂ ਅਰਜ਼ ਕੀਤਾ ਕਿ ਬਾਰਿਸ਼ ਦੀ ਵਜ੍ਹਾ ਨਾਲ ਰਸਤਾ ਖ਼ਰਾਬ ਹੈ, ਇਸ ਤੋਂ ਇਲਾਵਾ ਕੂਕੇ ਗੱਡਿਆਂ 'ਤੇ ਸਵਾਰ ਹਨ, ਮੁਜ਼ਰਿਮਾਂ 'ਚੋਂ ਜਿਹੜੇ ਲੋਕ ਜ਼ਖ਼ਮੀ ਹਨ ਉਹ ਮੰਜਿਆਂ 'ਤੇ ਸਵਾਰ ਹਨ, ਇੱਕ ਪਿੰਡ ਤੋਂ ਦੂਜੇ ਪਿੰਡ ਜਾ ਕੇ ਬਲਦ ਤੇ ਬੇਗਾਰੀ ਬਦਲਣੇ ਪੈਂਦੇ ਹਨ, ਇਸ ਲਈ ਵੀ ਦੇਰ ਹੋ ਜਾਂਦੀ ਹੈ ਪਰ ਉਹ ਸ਼ੇਰਪੁਰ ਤੋਂ ਰਵਾਨਾ ਹੋ ਚੁੱਕੇ ਹਨ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਉਨ੍ਹਾਂ ਦੇ ਰਵਾਨਾ ਹੋਣ ਦੀ ਵੀ ਕੋਈ ਖ਼ਬਰ ਨਹੀਂ ਆਈ। ਇਸ 'ਤੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੇ ਰਿਸਾਲਦਾਰ ਨੂੰ ਮੇਰੇ ਕੋਲ ਭੇਜਿਆ। ਮੈਨੂੰ ਬੜਾ ਫ਼ਿਕਰ ਲੱਗਾ ਕਿ ਹੁਣ ਤੱਕ ਕਿਉਂ ਏਨੀ ਦੇਰ ਹੋਈ ਹੈ। ਫ਼ਿਰ ਸਾਹਿਬ ਬਹਾਦੁਰ ਨੇ ਕਹਾ ਭੇਜਿਆ ਕਿ ਐਸਾ ਨਾ ਹੋਵੇ ਕਿ ਕੋਈ ਫ਼ਸਾਦ ਦੰਗਾ ਹੋ ਜਾਵੇ। ਮੈਂ ਬੇਨਤੀ ਕਰਵਾ ਭੇਜੀ ਕਿ ਹਜ਼ੂਰ ਤਸੱਲੀ ਰੱਖਣ ਕਿਉਂਕਿ ਛੇਤੀ ਹੀ ਕੋਈ ਖ਼ਬਰ ਆ ਰਹੀ ਹੈ ਪਰ ਜ਼ਿਆਦਾ ਕਹਿਣਾ ਮੁਨਾਸਿਬ ਨਾ ਸਮਝ ਕੇ ਪਹਿਲਾਂ ਵਲੀ ਮੁਹੰਮਦ ਅਜਟੀਨ (ਅਹੁਦੇਦਾਰ) ਨੂੰ ਰਵਾਨਾ ਕੀਤਾ ਅਤੇ ਫ਼ਿਰ ਉਸੇ ਵੇਲੇ ਖ਼ੁਦ ਸ਼ੇਰਪੁਰ ਵੱਲ ਸਵਾਰ ਹੋਇਆ। ਮੇਰੇ ਨਾਲ ਹੀ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੇ ਆਪਣੇ ਸਾਥੀ ਨੂੰ ਸਵਾਰ ਕਰਾ ਦਿੱਤਾ। ਅਸੀਂ ਘੋੜੇ ਦੌੜਾਉਂਦੇ-ਦੌੜਾਉਂਦੇ ਪਿੰਡ ਲੇਲੇਪੁਰ ਪੁੱਜੇ ਜਿਹੜਾ ਕੋਟਲੇ ਤੋਂ ਪੰਜ ਕੋਹ ਦੇ ਪੈਂਡੇ 'ਤੇ ਸਥਿਤ ਹੈ। ਉਸ ਪਾਸਿਉਂ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ, ਲਾਲਾ ਬਿਸ਼ੰਭਰ ਦਾਸ ਨਾਇਬ ਨਾਜ਼ਿਮ ਅਨਾਹਦਗੜ੍ਹ, ਲਾਲਾ ਗਿਰਧਾਰੀ ਲਾਲ ਸਕੂਲਾਂ ਦੇ ਇੰਸਪੈਕਟਰ ਤੇ ਥਾਣੇਦਾਰ ਸ਼ੇਰਪੁਰ, ਅੱਠ ਗੱਡੇ ਗੱਡੀਆਂ ਤੇ ਅੱਠ ਮੰਜਿਆਂ ਜਿਨ੍ਹਾਂ 'ਤੇ ਕੂਕੇ ਸਵਾਰ ਸਨ, ਸਮੇਤ ਆ ਪੁੱਜੇ।

ਉਨ੍ਹਾਂ ਤੋਂ ਸਾਹਿਬ ਬਹਾਦੁਰ ਨੂੰ ਨਜ਼ਰਾਨੇ ਪੇਸ਼ ਕਰਵਾ ਕੇ ਇਸ ਦਾਸ ਨੇ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ ਦੀ ਜੁਰਅਤ ਤੇ ਉਸ ਵੱਲੋਂ ਨਿਭਾਈ ਸੇਵਾ ਦਾ ਵੇਰਵੇ ਸਹਿਤ ਹਾਲ ਬਿਆਨ ਕੀਤਾ। ਸਾਹਿਬ ਬਹਾਦੁਰ ਨੇ ਉਸ ਵੇਲੇ ਇੱਕ ਚਿੱਠੀ ਸਾਹਿਬ ਬਹਾਦੁਰ ਡਿਪਟੀ ਕਮਿਸ਼ਨਰ ਦੇ ਨਾਮ ਲਿਖੀ ਜਿਸ ਵਿੱਚ ਕੂਕਿਆਂ ਦੇ ਪਿੰਡ ਲੇਲੇਪੁਰ ਵਿਖੇ ਮਿਲ ਜਾਣ ਤੇ ਇਨ੍ਹਾਂ ਦਾਸਾਂ ਦੇ ਅਪਣੇ ਨਾਲ ਹਾਜ਼ਿਰ ਆਉਣ ਆਦਿ ਦਾ ਹਾਲ ਲਿਖਿਆ। ਇਹ ਚਿੱਠੀ ਮੈਨੂੰ ਦੇ ਕੇ ਫ਼ਰਮਾਇਆ ਕਿ ਇਸ ਨੂੰ ਕੋਟਲਾ ਵਿਖੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਪਹੁੰਚਾ ਦੇਵੋ। ਸੋ ਮੈਂ ਕੋਟਲਾ ਪਹੁੰਚਾ ਦਿੱਤੀ। ਫ਼ਿਰ ਸਾਹਿਬ ਬਹਾਦੁਰ ਦੋ ਕੋਹ ਤੱਕ ਕੂਕਿਆਂ ਨਾਲ ਆਏ ਅਤੇ ਉੱਥੋਂ ਘੋੜਾ ਨਠਾਉਂਦੇ ਨਠਾਉਂਦੇ ਕੋਟਲਾ ਪੁੱਜ ਗਏ। ਇਹ ਦਾਸ ਵੀ ਨਾਲ ਰਿਹਾ। ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਪੁੱਜ ਕੇ ਚਿੱਠੀ 'ਚ ਲਿਖ ਕੇ ਭੇਜੇ ਅਨੁਸਾਰ ਦੇਰੀ ਹੋਣ ਦਾ ਕਾਰਨ ਦਾਸ ਨੇ ਬਿਆਨ ਕੀਤਾ। ਦਾਸ ਨੇ ਫ਼ਿਰ ਅਰਜ਼ ਕੀਤਾ ਕਿ ਹਜ਼ੂਰ ਦੀ ਨਾਰਾਜ਼ਗੀ ਦੇਖ ਕੇ ਮੈਂ ਖ਼ੁਦ ਹੀ ਚਲਾ ਗਿਆ ਸੀ। ਡਿਪਟੀ ਕਮਿਸ਼ਨਰ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਸਾਹਿਬ ! ਤੁਸੀਂ ਹੁਣ ਖਿਆਲ ਨਾ ਕਰੋ ਅਸੀਂ ਤੁਹਾਡੇ 'ਤੇ ਬਹੁਤ ਖ਼ੁਸ਼ ਹਾਂ ਕਿਉਂਕਿ ਇਸ ਵੇਲੇ ਆਪ ਨੇ ਬਹੁਤ ਤਕਲੀਫ਼ ਉਠਾਈ ਹੈ। ਫ਼ਿਰ ਦਾਸ ਨੇ ਬੇਨਤੀ ਕੀਤੀ ਕਿ ਹਜ਼ੂਰ ਨੇ ਜਿਹੜਾ ਕੁਝ ਕਹਿਣਾਂ ਹੋਵੇ ਉਹ ਵਕੀਲ ਨਾਭਾ ਕੋਲ ਨਾ ਕਿਹਾ ਕਰੋ ਕਿਉਂਕਿ ਮੈਨੂੰ ਇਹ ਗੱਲ ਚੰਗੀ ਨਹੀਂ ਲਗਦੀ। ਪਹਿਲੀ ਗੱਲ ਤਾਂ ਇਹ ਕਿ ਮੈਂ

---

ਹਰ ਵੇਲੇ ਹਾਜ਼ਿਰ ਰਹਿੰਦਾ ਹਾਂ ਨਹੀਂ ਤਾਂ ਸਰਕਾਰ ਦੇ ਵਕੀਲ ਆਉਣ ਤੱਕ ਸ਼ੇਖ਼ ਬਰਕਤ ਅਲੀ ਤਹਿਸੀਲਕਾਰ ਅਮਰਗੜ੍ਹ ਹਾਜ਼ਿਰ ਹੈ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਅਸੀਂ ਭੁੱਲ ਗਏ, ਆਪ ਸਾਡਾ ਕਸੂਰ ਮੁਆਫ਼ ਕਰੋ, ਆਪ ਨਿਰਸੰਦੇਹ ਠੀਕ ਕਹਿੰਦੇ ਹੋ, ਅਸੀਂ ਸ਼ੇਖ਼ ਬਰਕਤ ਅਲੀ ਨੂੰ ਬੁਲਾ ਲਿਆ ਕਰਾਂਗੇ। ਇਸ ਤੋਂ ਮਗਰੋਂ ਪੁੱਛਿਆ ਕਿ ਸਾਡੀ ਮਰਜ਼ੀ ਹੈ ਕਿ ਜਿਹੜੇ ਕੂਕੇ ਜ਼ਖ਼ਮੀ ਹਨ, ਉਨ੍ਹਾਂ ਨੂੰ ਅੱਜ ਹੀ ਤੋਪ ਨਾਲ ਉਡਾ ਦਿੱਤਾ ਜਾਵੇ ਅਤੇ ਜਿਹੜੇ ਲੋਕ ਸਹੀ ਸਲਾਮਤ ਤੇ ਤਕੜੇ ਹਨ ਉਨ੍ਹਾਂ ਨੂੰ ਆਪ ਸਵੇਰੇ ਮਲੌਦ ਪਹੁੰਚਾ ਦਿਉ ਤੇ ਉਨ੍ਹਾਂ ਨੂੰ ਉੱਥੇ ਉਡਾ ਦਿੱਤਾ ਜਾਵੇਗਾ। ਤੁਸੀਂ ਆਪਣੀ ਫ਼ੌਜ ਤੇ ਤੋਪਾਂ ਤਿਆਰ ਕਰਾਓ। ਬੇਨਤੀ ਕੀਤੀ ਗਈ ਕਿ ਬਿਹਤਰ ਹੈ ਅਜਿਹਾ ਹੀ ਹੋਵੇਗਾ ਪਰ ਗ੍ਰਿਫ਼ਤਾਰ ਹੋਏ ਕੂਕਿਆਂ 'ਚ ਦੋ ਔਰਤਾਂ ਵੀ ਹਨ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਉਹ ਕੈਦ ਰਹਿਣ ਕਿਉਂਕਿ ਉਹ ਫ਼ਾਂਸੀ ਦੇਣ ਦੇ ਲਾਇਕ ਨਹੀਂ ਹਨ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਤੁਸੀਂ ਜੀਂਦ ਦੇ ਮੁਲਾਜ਼ਿਮਾਂ ਨੂੰ ਵੀ ਇਤਲਾਹ ਦੇ ਦਿਓ ਕਿ ਉਹ ਆਪਣੀਆਂ ਤੋਪਾਂ ਨੂੰ ਨਵਾਬ ਸਾਹਿਬ 'ਦੇ ਪਰੇਟ (ਪਰੇਡ ਗਰਾਉਂਡ) ਪਹੁੰਚਾ ਦੇਣ। ਰਈਸ ਕੋਟਲਾ ਦੇ ਮੁਲਾਜ਼ਿਮਾਂ ਨੂੰ ਵੀ ਹੁਕਮ ਦਿੱਤਾ ਕਿ ਜੋ ਕੁਝ ਨਾਜ਼ਿਮ ਸਾਹਿਬ ਤੁਹਾਨੂੰ ਕਹਿਣ ਉਸ ਦੀ ਫ਼ੌਰਨ ਤਾਮੀਲ ਕਰੋ। ਇਸ ਵੇਲੇ ਤਿੰਨਾਂ ਸਰਕਾਰਾਂ ਦੀਆਂ ਫ਼ੌਜਾਂ ਤੇ ਤੋਪਾਂ ਪਰੇਟ 'ਤੇ ਪੁੱਜ ਗਈਆਂ ਹਨ, ਕੇਵਲ ਕੂਕਿਆਂ ਦੀ ਉਡੀਕ ਹੈ। ਹੁਣ ਸ਼ਾਮ ਹੋ ਗਈ ਸ਼ਾਇਦ ਅੱਜ ਕੂਕੇ ਨਾ ਉਡਾਏ ਜਾਣ। ਸਾਹਿਬ ਬਹਾਦੁਰ ਨੂੰ ਕਹਾ ਦਿੱਤਾ ਗਿਆ ਹੈ ਕਿ ਫ਼ੌਜ ਤੇ ਤੋਪਾਂ ਤਿਆਰ ਹਨ ਪਰ ਕੂਕਿਆਂ ਦੇ ਗੱਡੇ ਜਿਸ ਵੇਲੇ ਪੁੱਜਣਗੇ ਫ਼ੌਰਨ ਅਰਜ਼ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਕਟਾਰ ਸਿੰਘ ਮੁਲਾਜ਼ਿਮ ਸਰਦਾਰ ਮਲੌਦ ਦੇ ਮਾਰੇ ਜਾਣ ਦੀ ਖ਼ਬਰ ਗਲਤ ਸੀ ਜਿਹੜੀ ਪਹਿਲਾਂ ਦੱਸੀ ਗਈ ਸੀ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਠੀਕ ਹੈ।

-ਬਸ-

ਰਸਤੇ ਦੇ ਦੌਰਾਨ ਕੂਕੇ ਗੱਡਿਆਂ 'ਤੇ ਬੈਠੇ ਬਹੁਤ ਬੇਹੂਦਾ ਗੱਲਾਂ ਕਰਦੇ ਆਏ ਅਤੇ ਇਹ ਕਥਨ ਉਨ੍ਹਾਂ ਦੇ ਹਾਲ ਦੇ ਮੁਤਾਬਿਕ ਸੀ :-

" ਜਿਸ ਨੇ ਜਾਨ ਤੋਂ ਹੱਥ ਧੋਤੇ ਉਹ ਜੋ ਕੁਝ ਦਿਲ 'ਚ ਆਉਂਦਾ ਹੈ ਕਹੀ ਜਾਂਦਾ ਹੈ"

ਸਾਹਿਬ ਬਹਾਦੁਰ! ਮੈਨੂੰ ਤਾਂ ਕੁਝ ਨਹੀਂ ਕਿਹਾ ਪਰ ਤੁਹਾਨੂੰ ਗਾਲਾਂ ਕੱਢਦੇ ਹਨ। ਇਸ ਦਾਸ ਨੇ ਬੇਨਤੀ ਕੀਤੀ ਕਿ ਕੁਛ ਕੁਛ ਬੇਹੂਦਾ ਬਕਦੇ ਹਨ, ਹਜ਼ੂਰ ਅੱਗੇ ਹੋ ਜਾਣ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਕੁਛ ਪਰਵਾਹ ਨਹੀਂ ਹੈ।

ਕੂਕੇ ਸ਼ਾਮ 5 ਵਜੇ ਤੱਕ ਕੋਟਲਾ ਪੁੱਜੇ। ਨਾਇਬ ਨਾਜ਼ਿਮ ਸੱਯਦ ਨਿਆਜ਼ ਅਲੀ, ਲਾਲਾ ਬਿਸ਼ੰਭਰ ਦਾਸ, ਲਾਲਾ ਗਿਰਧਾਰੀ ਲਾਲ ਤੇ ਕਰਨੈਲ ਮਾਨ ਸਿੰਘ ਨੂੰ ਸਾਹਿਬ ਬਹਾਦੁਰ ਦੇ ਰੂ-ਬ-ਰੂ ਕੀਤਾ ਗਿਆ ਅਤੇ ਕੂਕਿਆਂ ਨੂੰ ਪਰੇਟ 'ਤੇ ਬੁਲਾ ਕੇ ਤੋਪਾਂ ਦੇ ਗੋਲਿਆਂ ਨਾਲ ਉਡਵਾ ਦਿੱਤਾ ਭਾਵ 49 ਜਣੇ ਤਾਂ ਉਡਾਏ ਗਏ ਅਤੇ ਤਕੜੇ ਤਕੜੇ 16 ਜਣੇ ਬਾਕੀ ਬਚੇ ਕਿ ਉਨ੍ਹਾਂ ਨੂੰ ਕੱਲ, ਮਲੌਦ ਵਿਖੇ ਸਜ਼ਾ ਦਿੱਤੀ ਜਾਵੇਗੀ। ਦੋ ਔਰਤਾਂ ਨੂੰ, ਜਿਨ੍ਹਾਂ ਵਿੱਚੋਂ ਇੱਕ ਪਿੰਡ ਰਾਮਪੁਰਾ ਇਲਾਕਾ ਅਨਾਹਦਗੜ੍ਹ ਦੀ ਹੈ ਤੇ ਦੂਜੀ ਤਅੱਲੁਕਾ ਚੁਨਾਰਥਲ ਦੀ, ਇਸ ਦਾਸ ਦੇ ਸਪੁਰਦ ਕਰਕੇ ਫ਼ਰਮਾਇਆ ਕਿ ਇਨ੍ਹਾਂ ਬਾਰੇ ਵੇਰਵੇ ਸਹਿਤ ਹੁਕਮ ਕੱਲ ਦਿੱਤਾ ਜਾਵੇਗਾ ਅਤੇ ਫ਼ਰਮਾਇਆ ਕਿ ਤੁਸੀਂ ਸਵੇਰੇ ਸਾਡੇ ਕੋਲ ਹਾਜ਼ਿਰ ਹੋਵੋ।

ਇਸ ਵੇਲੇ ਇੱਕ ਹੋਰ ਝਗੜਾ ਹੋਇਆ ਕਿ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਮੈਨੂੰ ਨਾਲ ਲੈ ਕੇ ਹਰੇਕ ਕੂਕੇ ਤੋਂ ਪੁੱਛਦੇ ਸਨ ਕਿ ਤੁਸੀਂ ਮਲੌਦ ਕਿਉਂ ਗਏ। * ਇੱਕ ਕੂਕੇ ਨੇ, ਜਦੋਂ ਉਨ੍ਹਾਂ ਨੂੰ ਤੋਪ ਵੱਲ ਲੈ ਚਲੇ, ਮੇਰੇ ਤੇ ਸਾਹਿਬ ਬਹਾਦੁਰ ਵੱਲ ਆ ਕੇ ਇੱਕ ਅਜਿਹਾ ਹਮਲਾ ਕੀਤਾ ਕਿ ਉਸ ਦੇ ਹੱਥ ਵਿੱਚ ਸਾਹਿਬ ਬਹਾਦੁਰ ਅਜਿਹੇ ਆ ਗਏ ਤੇ ਸਾਹਿਬ ਬਹਾਦੁਰ ਨਾਲ ਅਜਿਹਾ ਲਿਪਟ ਗਿਆ ਕਿ ਕੀ ਦੱਸਿਆ ਜਾਵੇ। ਸਾਹਿਬ ਬਹਾਦੁਰ ਨੇ ਜਿਹੜੇ ਅਤੀ ਤਨੋਮੰਦ (ਤਕੜੇ ਸ਼ਰੀਰ ਵਾਲੇ ਰਿਸ਼ਟ-ਪੁਸ਼ਟ) ਹਨ, ਉਹ ਦੇ ਨਾਲ ਪੂਰਾ ਮੁਕਾਬਲਾ ਕੀਤਾ। ਫ਼ਿਰ ਉੱਤਮ ਸਿੰਘ ਥਾਣੇਦਾਰ ਸ਼ੇਰਪੁਰ ਤੇ ਸ਼ੇਖ਼ ਬਰਕਤ ਅਲੀ ਆਦਿ ਉਸ ਨੂੰ ਚਿਮਟ ਗਏ ਪਰ ਬੜੀ ਮੁਸ਼ਕਿਲ ਨਾਲ ਸਾਹਿਬ ਬਹਾਦੁਰ ਨੂੰ ਛੁਡਵਾਇਆ ਅਤੇ ਫ਼ਿਰ ਉਸ ਨੂੰ ਤਲਵਾਰਾਂ ਮਾਰ ਮਾਰ ਕੇ ਉੱਥੇ ਹੀ ਕਤਲ ਕਰ ਦਿੱਤਾ ਗਿਆ।

---

ਇਹ ਹਾਲ ਸੀ ਅੱਜ ਦਾ ਜਿਹੜਾ ਅਰਜ਼ ਕੀਤਾ।

ਜਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣਾ ਹੈ।

ਦਾਸ
ਪੁਰਾਣੇ ਨਮਕ ਪਰਵਰਦਾ,
1. ਤਿਪਰ ਚੰਦ ਨਾਜ਼ਿਮ ਅਮਰਗੜ੍ਹ,
2. ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ,

ਨੂਰਾਨੀ ਹਜ਼ੂਰ ਦੇ ਮੁਲਾਹਿਜ਼ਾ ਕਰਨ ਉਪ੍ਰੰਤ ਹੁਕਮ ਹੋਇਆ ਕਿ ਇਸ ਦੀ ਨਕਲ ਵਕੀਲ ਗੌਰਮਿੰਟ ਕੋਲ ਭੇਜ ਦਿੱਤੀ ਜਾਵੇ
18 ਜਨਵਰੀ 1872.

ਫੁਟ ਨੋਟ: * ਇਹ ਬਾਰਾਂ ਸਾਲ ਦੇ ਬਾਲਕ ਬਿਸ਼ਨ ਸਿੰਘ ਦੀ ਗੱਲ ਹੈ ਜਿਸ ਨੂੰ, ਡੀ . ਸੀ . ਕਾਵਨ ਦੀ ਦਾੜ੍ਹੀ ਫੜ ਕੇ ਝੰਜੋੜਨ ਕਾਰਨ ਤਲਵਾਰਾਂ ਨਾਲ ਕਤਲ ਕੀਤਾ ਗਿਆ ਸੀ।

ਨੋਟ: ਅਗਲੇ ਪੰਨੇ 12ਵੇਂ ਅਧਿਆਏ ਵਾਲੀ ਚਿੱਠੀ ਦੇ ਉਰਦੂ ਵਾਲੇ ਮੂਲ ਦਸਤਾਵੇਜ਼ਾਂ ਦੀ ਕਾਪੀ ਹੈ-

[illegible]

204/1

205/1



[illegible]

206 | I

224

[illegible]

[illegible]

---

ਗ਼ਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਅਸੀਂ ਦਾਸ ਨੂਰਾਨੀ ਸਰਕਾਰ ਦੇ ਹੁਕਮ ਅਨੁਸਾਰ ਪਟਿਆਲਾ ਤੋਂ ਸਾਥੀਆਂ ਸਮੇਤ 5 ਵਜੇ ਸ਼ਾਮ ਚੱਲੇ ਅਤੇ ਬਿਨਾਂ ਦੇਰੀ ਕੀਤਿਆਂ ਤੇ ਬਿਨਾਂ ਝਿਜਕ ਚਲਦੇ ਗਏ ਹਾਲਾਂਕਿ ਜ਼ਿਆਦਾ ਮੀਂਹ ਪੈਣ ਸਦਕਾ ਗਿਲ-ਗਿਲੌਂਲਾ ਬਹੁਤ ਹੋ ਗਿਆ ਸੀ ਤੇ ਆਉਣ-ਜਾਣ 'ਚ ਰੁਕਾਵਟ ਬਣਿਆ ਹੋਇਆ ਸੀ, ਪਰ ਅਸੀਂ ਮੌਕਾ ਮੁਨਾਸਿਬ ਸਮਝ ਕੇ ਰਾਤੋਂ-ਰਾਤ ਤੁਰਦੇ ਹੋਏ ਕੋਈ 10 ਵਜੇ ਸਵੇਰੇ ਕੋਟਲਾ ਵਿਖੇ ਪੁੱਜ ਗਏ। ਉਸ ਵੇਲੇ ਸਾਹਿਬ ਭੱਦਰ ਚੰਦਰ ਫ਼ਸਾਦੀ ਕੂਕਿਆਂ ਨੂੰ ਲਿਆਉਣ ਵਾਸਤੇ ਸ਼ੇਰਪੁਰ ਨੂੰ ਤਿਆਰ ਸੀ। ਇਹ ਦਾਸ ਮਾਨ ਸਿੰਘ ਕਰਨੈਲ ਉਸ ਵੇਲੇ ਉਪ੍ਰੋਕਤ ਸਾਹਿਬ ਦੇ ਨਾਲ ਕੋਟਲੇ ਨੂੰ ਚਲ ਪਿਆ। ਕੋਟਲੇ ਤੋਂ ਤਿੰਨ ਕੋਹ ਉਤੇ ਹੀ ਮੀਰ ਨਿਆਜ਼ ਅਲੀ ਨਾਇਬ ਨਾਜ਼ਿਮ ਮਿਲੇ ਜਿਹੜੇ ਕੂਕਿਆਂ ਨੂੰ ਲਿਆ ਰਹੇ ਸਨ। ਉਪ੍ਰੋਕਤ ਸਾਹਿਬ ਬਹਾਦੁਰ ਕੂਕਿਆਂ ਨੂੰ ਵੇਖ ਕੇ ਲਾਲਾ ਤਿਪਰ ਚੰਦ ਨਾਜ਼ਿਮ ਸਮੇਤ ਵਾਪਸ ਕੋਟਲੇ ਨੂੰ ਚਲ ਪਏ। ਇਹ ਦਾਸ ਮਾਨ ਸਿੰਘ ਕਰਨੈਲ ਵੀ ਸਮੇਤ ਨਿਆਜ਼ ਅਲੀ ਵਾਪਸ ਹੋ ਕੇ ਦੋ ਘੜੀ ਦਿਨ ਰਹਿੰਦੇ ਕੋਟਲਾ ਵਿਖੇ ਪੁੱਜ ਗਿਆ, ਜਦੋਂ ਕਿ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਲੁਧਿਆਣਾ ਤੋਂ। ਉਪ੍ਰੋਕਤ ਸਾਹਿਬ ਬਹਾਦੁਰ, ਲਾਲਾ ਤਿਪਰ ਚੰਦ ਸਾਹਿਬ ਨਾਜ਼ਿਮ ਅਤੇ ਹੋਰ ਅੰਗਰੇਜ਼ ਸਾਹਿਬਾਨ ਪਰੇਟ ਵੇਖਣ ਵਾਸਤੇ ਤਸ਼ਰੀਫ਼ ਲੈ ਗਏ। ਇਹ ਦਾਸ ਵੀ ਸਰਕਾਰੀ ਪਰੇਟ 'ਤੇ ਹਾਜ਼ਿਰ ਸੀ। ਉੱਥੇ ਲਾਲ ਸਿੰਘ ਕਰਨੈਲ ਪਲਟਣ ਤੇ ਰਿਸਾਲਿਆਂ ਸਮੇਤ ਹਾਜ਼ਿਰ ਸੀ। ਪਰੇਟ ਵਾਲੀ ਜਗ੍ਹਾਂ ਦਾ ਨਿਰੀਖਣ ਕਰਨ ਉਪ੍ਰੰਤ ਹੁਕਮ ਦਿੱਤਾ ਕਿ ਤੁਸੀਂ ਇੱਥੇ ਆਪਣਾ ਬੰਦੋਬਸਤ ਰੱਖੋ ਅਤੇ ਕੂਕਿਆਂ ਨੂੰ ਪਰੇਟ 'ਚ ਮੰਗਵਾਕੇ ਉਨ੍ਹਾਂ ਦੀ ਨਿਗਰਾਨੀ ਰੱਖੋ। ਸੰਤੋਖ ਸਿੰਘ ਰਸਾਲਦਾਰ, ਜਿਹੜਾ ਹੁਕਮ ਅਨੁਸਾਰ ਰਸਤੇ ਵਿੱਚੋਂ ਹੀ ਮਿੱਡਾ ਚੋਬਦਾਰ ਨੂੰ ਲਿਆਉਣ ਵਾਸਤੇ ਸ਼ੇਰਪੁਰ ਨੂੰ ਭੇਜਿਆ ਗਿਆ ਸੀ, ਨੂੰ ਪੂਰੀ ਹਿਫ਼ਾਜ਼ਤ ਨਾਲ ਸੌ ਕੂਕਿਆਂ ਨੂੰ ਪਰੇਟ ਵਿੱਚ ਲਿਆਉਣ ਲਈ ਬੁਲਾਇਆ ਗਿਆ। ਉੱਚੀ ਸ਼ਾਨ ਵਾਲੀ ਸਰਕਾਰ ਦੀਆਂ ਤੋਪਾਂ, ਸਰਕਾਰ ਨਾਭਾ, ਸਰਕਾਰ ਜੀਂਦ ਤੇ ਰਈਸ ਕੋਟਲਾ ਪਰੇਟ 'ਚ ਹਾਜ਼ਿਰ ਸਨ, ਸਾਹਿਬ ਬਹਾਦੁਰ ਦੇ ਹੁਕਮ ਅਨੁਸਾਰ ਸੱਤੇ ਤੋਪਾਂ ਨਾਲ 66 ਬਦਮਾਸ਼ ਕੂਕਿਆਂ ਨੂੰ ਸ਼ਿਕਾਇਤ ਵਜੋਂ ਬੰਦ ਹਵਾ-ਘਰ ਜਾ ਕੇ ਉਡ਼ਾ ਦਿੱਤਾ ਗਿਆ। ਮੁਕਦੀ ਗੱਲ ਇਸ ਤਰ੍ਹਾਂ 50 ਬਦਮਾਸ਼ ਸ਼ਿਕਾਇਤ ਵਜੋਂ ਤੋਪਾਂ ਨਾਲ ਉਡਾ ਦਿੱਤੇ ਗਏ। 18 ਵਿਅਕਤੀ, ਉਨ੍ਹਾਂ ਸਾਹਿਬਾਂ ਵਿੱਚੋਂ 2 ਔਰਤਾਂ ਬਾਕੀ ਰਹੇ। ਜੋ ਕੁਝ ਹੋਰ ਵਾਪਰੇਗਾ ਮੈਂ ਵੇਰਵੇ ਸਹਿਤ ਬੇਨਤੀ ਕੰਰੂਗਾ।

ਦੁਬਾਰਾ ਬੇਨਤੀ ਇਹ ਹੈ ਕਿ ਇਹ ਦਾਸ ਮਾਨ ਸਿੰਘ ਕਰਨੈਲ, ਲਾਲ ਸਿੰਘ ਕਰਨੈਲ, 5 ਜਮਾਂਦਾਰ ਰਿਸਾਲਾ, ਦਫ਼ੇਦਾਰ ਤੇ ਸਵਾਰ ਰੌਂਦ ਗਸ਼ਤ 'ਤੇ ਹਾਂ। ਵਾਜਿਬ ਅਰਜ਼ ਕੀਤਾ। ਹਕੂਮਤ ਦਾ ਤੇਜ ਪਰਤਾਪ ਚਮਕਦਾ ਰਵ੍ਹੇ !

-ਬਸ-

ਦਾਸ

ਮਿਤੀ 7 ਮਾਘ ਸੰਮਤ 1928 — ਮਾਨ ਸਿੰਘ ਕਰਨੈਲ, ਲਾਲ ਸਿੰਘ ਕਰਨੈਲ,

ਮੁਕਾਮ ਕੋਟਲਾ, ਸਮਾਂ 7 ਵਜੇ ਸਵੇਰੇ। — (ਮੁਹਰ)

ਫੁਟ ਨੋਟ: ਉਪਰੋਕਤ ਚਿੱਠੀ ਦੇ ਮੂਲ ਉਰਦੂ ਵਾਲੇ ਦਸਤਾਵੇਜ਼ ਅਗਲੇ ਦੋ ਪੰਨਿਆਂ 'ਤੇ ਹਨ-

۳۰

117

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

---

**ਦੁਨੀਆਂ ਦੇ ਮਾਲਿਕ, ਨਿਆਮਤਾਂ ਦੇ ਵਾਲੀ, ਨੂਰਾਂ ਦੇ ਨੂਰ ਸ੍ਰੀ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ ਦਾ ਸਦੀਵੀ ਤੇਜ ਪਰਤਾਪ ਬਣਿਆ ਰਵ੍ਹੇ !**

ਮਾਲਕੋ ! ਤੁਹਾਨੂੰ ਹੁਣ ਦੀ ਕਾਰਗੁਜ਼ਾਰੀ ਦਾ ਲਾਲਾ ਤਿਪਰ ਚੰਦ ਦੀ ਕੱਲ ਵਾਲੀ ਲਿਖਤ ਤੋਂ ਪਤਾ ਲੱਗ ਗਿਆ ਹੋਵੇਗਾ। ਖ਼ਲੀਫ਼ਾ ਮੀਰ ਮੁਹੰਮਦ ਹਸਨ ਖ਼ਾਨ ਸਾਹਿਬ ਬਹਾਦੁਰ ਦੀ ਕੱਲ ਦੀ ਤਹਿਰੀਰ ਤੋਂ ਮਾਲੂਮ ਹੋਇਆ ਸੀ ਕਿ ਮੀਰ ਅਹਿਮਦ ਹਸਨ ਵਕੀਲ ਰਵਾਨਾ ਕੀਤੇ ਹੋਏ ਹਨ, ਜਿਹੜੇ ਪਹੁੰਚ ਜਾਣਗੇ। ਵਕੀਲ ਸਾਹਿਬ ਮੀਰ ਮੁਹੰਮਦ ਹਸਨ ਦਰਬਾਰ ਵਿੱਚ ਪਹੁੰਚੇ। ਮੀਰ ਅਹਿਮਦ ਹਸਨ ਨੇ ਮੁਹੰਮਦ ਹਸਨ ਨੂੰ ਸਾਹਿਬ ਬਹਾਦੁਰ ਦੇ ਸਾਹਮਣੇ ਕੀਤਾ। ਸਾਹਿਬ ਬਹਾਦੁਰ ਖਿੜੇ ਮੱਥੇ ਫ਼ਰਮਾਉਣ ਲੱਗੇ ਕਿ ਮਹਾਰਾਜਾ ਸਾਹਿਬ ਬਹਾਦੁਰ ਕਦੋਂ ਤੱਕ ਆਪਣੇ ਅਹੁਦੇਦਾਰਾਂ ਨੂੰ ਭੇਜੀ ਜਾਣਗੇ, ਸਾਥੋਂ ਮਹਾਰਾਜਾ ਸਾਹਿਬ ਬਹਾਦੁਰ ਦੀ ਮਿਹਰਬਾਨੀ ਦਾ ਸ਼ੁਕਰੀਆ ਅਦਾ ਨਹੀਂ ਕੀਤਾ ਜਾ ਸਕਣਾ, ਇਹ ਗੱਲਬਾਤ ਬਾਗੀਚੇ ਵਾਲੀ ਕੋਠੀ ਵਿੱਚ ਹੋ ਰਹੀ ਸੀ।

ਇਹ ਰੌਸ਼ਨ ਜ਼ਮੀਰ ਦਾਸ ਵੀ ਬਗ਼ੈਰ ਸੂਚਨਾ ਦਿੱਤੇ, ਬਿਨ੍ਹਾਂ ਉਚੇਚ ਦੇ, ਕਿਉਂਕਿ ਸਾਹਿਬ ਬਹਾਦੁਰ ਦੇ ਘਰ ਰਹਿ ਚੁੱਕਿਆ ਸੀ, ਉੱਥੇ ਪੁੱਜਾ। ਸਾਹਿਬ ਬਹਾਦੁਰ ਮੈਨੂੰ ਦੂਰੋਂ ਵੇਖ ਕੇ ਹੱਸਨ ਲੱਗ ਪਏ। ਜਦੋਂ ਮੈਂ ਨੇੜੇ ਪੁੱਜਾ ਤਾਂ ਉਨ੍ਹਾਂ ਨੇ ਫ਼ਰਮਾਇਆ, " ਓ ! ਬਹਾਦੁਰ ਨਾਇਬ ਨਾਜ਼ਿਮ ਸਾਹਿਬ"। ਮੈਂ ਅਰਜ਼ ਕੀਤੀ ਕਿ ਹਜ਼ੂਰ ਦੀ ਮਿਹਰਬਾਨੀ ਹੈ। ਸਾਹਿਬ ਬਹਾਦੁਰ ਨੇ ਫ਼ਿਰ ਫ਼ਰਮਾਇਆ, "ਹਮ ਕੋ ਬੜੀ ਗ਼ੈਰਤ ਦੇਤੇ ਹੈ ਕਿ ਹਮਾਰੇ ਸੇ ਦੋਨੋਂ ਮੁੱਕਦਮਾਤ ਮੇਂ ਕੁੱਛ ਨਾ ਹੋ ਸਕਾ"। ਅਸੀਂ ਲੋਕਾਂ ਨੇ ਬੇਨਤੀ ਕੀਤੀ ਕਿ ਤੁਸੀਂ ਇਹ ਕੀ ਫ਼ਰਮਾਉਂਦੇ ਹੋ, ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਮੁਲਾਜ਼ਿਮ ਤੇ ਅੰਗਰੇਜ਼ੀ ਸਰਕਾਰ ਕੋਈ ਅੱਡ ਅੱਡ ਹਨ ?

ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ 16 ਕੂਕੇ, ਜਿਹੜੇ ਬਾਕੀ ਰਹਿੰਦੇ ਹਨ, ਉਨ੍ਹਾਂ ਨੂੰ ਹਾਜਿਰ ਕਰੋ ਅਤੇ ਉਨ੍ਹਾਂ ਨੂੰ ਪੇਸ਼ ਕਰਨ ਦੀ ਤਰਤੀਬ ਦਿਓ।

ਸੋ ਕੂਕਿਆਂ ਨੂੰ ਹਾਜ਼ਿਰ ਕੀਤਾ ਗਿਆ। ਦਰਬਾਰ ਦੇ ਕਮਰੇ 'ਚ ਨਾਜ਼ਿਮ ਸਾਹਿਬ, ਇਹ ਦਾਸ, ਲਾਲਾ ਗਿਰਧਾਰੀ ਲਾਲ ਸਾਹਿਬ ਮਦਰੱਸਿਆਂ ਦੇ ਇੰਸਪੈਕਟਰ, ਲਾਲਾ ਸ਼ਮੀਰ ਦਾਸ ਸਾਹਿਬ ਨਾਇਬ ਨਾਜ਼ਿਮ ਅਨਾਹਦਗੜ੍ਹ, ਮੀਰ ਅਹਿਮਦ ਹਸਨ ਵਕੀਲ ਲੁਧਿਆਣਾ ਅਤੇ ਬਰਕਤ ਅਲੀ ਤਹਿਸੀਲਦਾਰ ਕੁਰਸੀਆਂ 'ਤੇ ਸਸ਼ੋਭਤ ਹੋਏ। ਹਮੀਦ ਉੱਦੀਨ ਥਾਣੇਦਾਰ ਮਰਦਾਨਪੁਰ, ਉੱਤਮ ਸਿੰਘ ਥਾਣੇਦਾਰ, ਮੁਹੰਮਦ ਤਾਹਿਰ ਥਾਣੇਦਾਰ ਅਮਰਗੜ੍ਹ ਲਾਇਨ ਬੰਨ੍ਹ ਕੇ ਸਾਹਮਣੇ ਕੀਤੇ ਗਏ। ਮਸਤਾਨ ਅਲੀ ਤੇ ਤਿਲਕ ਰਾਮ ਨਾਇਬ ਨਾਜ਼ਿਰ ਨੂੰ ਡਿਪਟੀ ਕਮਿਸ਼ਨਰ ਬਹਾਦੁਰ ਦੇ ਸਰਿਸ਼ਤੇਦਾਰ ਕੋਲ ਬਿਠਾਇਆ ਗਿਆ। ਜਿਹੜੇ ਮੁਜ਼ਰਿਮ ਉਨ੍ਹਾਂ ਕੋਲ ਆਪਣੀ ਆਜਿਜ਼ੀ (ਨਿਮਰਤਾ ਤੇ ਅਧੀਨਗੀ) ਜਤਾਉਂਦੇ ਜਾਂਦੇ ਸਨ ਪਹਿਲਾਂ ਸਾਹਿਬ ਬਹਾਦੁਰ ਨੇ ਇਸ ਦਾਸ ਨੂੰ ਉਨ੍ਹਾਂ ਨੂੰ ਪੇਸ਼ ਕਰਨ ਲਈ ਕਿਹਾ। ਇਸ ਤੋਂ ਮਗਰੋਂ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਇੱਕ ਹੋਰ ਆਦਮੀ ਨੂੰ ਆਪਣੇ ਮੁਜ਼ਰਿਮ ਪੇਸ਼ ਕਰਨ ਨੂੰ ਕਿਹਾ ਜਾਵੇ। ਫਿਰ ਮੁਹੰਮਦ ਇਕਬਾਲ ਨੇ ਸਰਦਾਰ ਪੰਜਾਬ ਸਿੰਘ ਰਾਏਪੁਰੀਏ ਦੇ ਨਾਲ ਦੇ ਕੂਕੇ ਪੇਸ਼ ਕੀਤੇ। ਇਸ ਤੋਂ ਮਗਰੋਂ ਮੁਹੰਮਦ ਹੁਸੈਨ ਦਰਬਾਰੀ ਮੁਜ਼ਰਿਮ ਕੂਕਿਆਂ ਨੂੰ ਲਿਆਉਂਦੇ ਜਾਂਦੇ ਰਹੇ ਅਤੇ ਪੇਸ਼ ਕਰਦੇ ਜਾਂਦੇ ਸਨ। ਇਸ ਤਰ੍ਹਾਂ ਤਿੰਨ ਚਾਰ ਗਰੁਪ ਪੇਸ਼ ਕੀਤੇ ਜਾ ਚੁੱਕੇ ਸਨ ਕਿ ਇਸੇ ਦੌਰਾਨ ਸਾਹਿਬ ਬਹਾਦੁਰ ਕਮਿਸ਼ਨਰ ਅੰਬਾਲਾ ਵਿਕਟਰੀ ਸਾਹਿਬ ਤਸ਼ਰੀਫ਼ ਲੈ ਆਏ। ਉਸ ਵੇਲੇ ਹਕੂਮਤ ਦੇ ਇਨ੍ਹਾਂ ਪਾਲਕਾਂ ਦੀ ਉਨ੍ਹਾਂ ਨਾਲ ਮੁਲਾਕਾਤ ਹੋਈ। ਮੀਰ ਅਹਿਮਦ ਹਸਨ ਵਕੀਲ ਹਰੇਕ ਦਾ ਨਾਮ ਤੇ ਅਹੁਦਾ ਦੱਸਦੇ ਰਹੇ। ਸਾਰਿਆਂ ਨੇ ਭੇਟਾਵਾਂ ਪੇਸ਼ ਕੀਤੀਆਂ।

ਸੱਯਦ ਨਿਆਜ ਅਲੀ,
ਨਾਇਬ ਨਾਜਿਮ ,ਅਮਰਗੜ੍ਹ।

---

**ਸਤਿਕਾਰ ਯੋਗ ਤੇ ਖ਼ਿਦਮਤ ਯੋਗ ਖ਼ਲੀਫ਼ਾ ਸੱਯਦ ਮੁਹੰਮਦ ਹਸਨ ਖ਼ਾਨ ਸਾਹਿਬ ਬਹਾਦੁਰ ਮੰਤਰੀ !**

ਆਦਾਬ ਅਰਜ਼ ਹੈ,

ਬੇਨਤੀ ਹੈ ਕਿ ਤੁਹਾਡੀ ਚਿੱਠੀ ਮਿਲੀ ਜਿਸ ਵਿੱਚ ਉੱਚੀ ਸ਼ਾਨ ਵਾਲੀ ਸਰਕਾਰ ਦੇ ਇਲਾਕੇ ਦੇ ਪਿੰਡਾਂ ਦੇ ਕੂਕਿਆਂ ਦੀਆਂ ਜਾਇਦਾਦਾਂ ਜ਼ਬਤ ਕਰਨ ਵਾਸਤੇ ਲਿਖਿਆ ਹੋਇਆ ਸੀ। ਸੋ ਨਾਜ਼ਿਮ ਸਾਹਿਬਾਨ ਆਦਿ ਦੇ ਨਾਮ ਰੋਬਕਾਰਾਂ ਲਿਖੀਆਂ ਗਈਆਂ ਕਿ ਉਹ ਹੁਕਮ ਦੀ ਪਾਲਣਾ ਕਰਨ।

90 ਕੂਕਿਆਂ ਦੀ ਸੂਚੀ ਤੁਹਾਡੀ ਸੇਵਾ ਵਿੱਚ ਭੇਜੀ ਜਾਂਦੀ ਹੈ। ਭਾਵੇਂ ਉਨ੍ਹਾਂ ਕੂਕਿਆਂ ਦੇ ਨਾਵਾਂ ਦਾ ਪਤਾ ਨਹੀਂ ਲੱਗਾ ਜਿਹੜੇ ਇਸ ਟੋਲੇ ਨਾਲੋਂ ਅਲਹਿਦਾ ਤੇ ਵੱਖਰੇ ਹੋ ਗਏ। ਪਰ ਸੁਣਿਆ ਹੈ ਕਿ ਅਜਿਹੇ ਕੁੱਲ 20 ਵਿਅਕਤੀ ਹਨ।

ਸੋ ਉਨ੍ਹਾਂ ਵਿੱਚੋਂ 68 ਜਣੇ ਤਾਂ ਥਾਣਾ ਸ਼ੇਰਪੁਰ ਵਿੱਚ ਗ੍ਰਿਫ਼ਤਾਰ ਹੋਏ, ਹੋਰ ਸੱਤ ਕੋਟਲਾ ਤੇ ਮਲੌਦ ਵਿੱਚ ਅਤੇ ਕਰੀਬ ਸੱਤ ਜਾਣੇ ਹੋਰ ਮਾਰੇ ਗਏ। ਇੱਕ ਹੋਰ ਕਾਹਨਾ ਸਿੰਘ ਸਰਗਣਾ, ਜਿਸ ਨੂੰ ਭਾਈ (ਗੁਰੂ) ਰਾਮ ਸਿੰਘ ਦੇ ਵਜ਼ੀਰ ਦੇ ਤੌਰ ’ਤੇ ਜਾਣਿਆ ਜਾਂਦਾ ਹੈ, ਅਤੇ ਇੱਕ ਕਾਲੂ ਇਲਾਕਾ ਕੋਟਲਾ ਤੋਂ ਅੱਜ ਗ੍ਰਿਫ਼ਤਾਰ ਹੋਇਆ। ਬਾਕੀਆਂ ਨੂੰ ਟੋਲਣ ਵਾਸਤੇ ਸਾਰੇ ਨਾਜ਼ਿਮ ਸਾਹਿਬਾਨ, ਸਾਰੇ ਉੱਘੇ ਥਾਣੇਦਾਰਾਂ ਜਿਵੇਂ ਉੱਤਮ ਸਿੰਘ ਥਾਣੇਦਾਰ ਸ਼ੇਰਪੁਰ, ਮੁਹੰਮਦ ਅਲੀ ਥਾਣੇਦਾਰ ਅਮਰਗੜ੍ਹ ਦੀ ਸੇਵਾ ਵਿੱਚ ਕਈ-ਕਈ ਆਦਮੀ ਰਵਾਨਾ ਕੀਤੇ ਗਏ ਹਨ। ਨਾਲੇ ਪੰਜਾਬ ਸਿੰਘ ਤੇ ਪਰਤਾਪ ਸਿੰਘ ਪੁੱਤਰਾਨ ਸਾਧੂ ਸਿੰਘ ਰਾਏਪੁਰੀਆ, ਉਹ ਹਰ ਤਰ੍ਹਾਂ ਨਾਲ ਇਲਾਕੇ ਦੇ ਥਾਣੇਦਾਰ, ਸਾਰੇ ਸਰਕਾਰੀ ਮੁਲਾਜ਼ਿਮਾਂ ਤੇ ਸਰਕਾਰ ਦੇ ਹਾਕਿਮਾਂ ਦੀ ਤਨਦਿਹੀ ਨਾਲ ਮਦਦ ਕਰਨ ਵਿੱਚ ਰੁੱਝੇ ਹੋਏ ਹਨ ਅਤੇ ਕਿਸੇ-ਕਿਸੇ ਸਮੇਂ ਸਾਰੇ ਹਾਲਾਤ ਦਸਦੇ ਰਹਿੰਦੇ ਹਨ।

ਕਮਿਸ਼ਨਰ ਬਹਾਦੁਰ ਨੇ ਦਾਸ ਕੋਲ ਹੁਕਮ ਭੇਜਿਆ ਕਿ ਮੈਂ ਸੁਣਿਆ ਹੈ ਕਿ ਕੂਕੇ ਰਾਤ ਨੂੰ ਸ਼ਹਿਰ ਵਿੱਚ ਆਉਣ ਵਾਲੇ ਹਨ ਇਸ ਲਈ ਤੁਸੀਂ ਸਵਾਰਾਂ ਦੀ ਰੌਂਦ ਗਸ਼ਤ ਛੇਤੀ ਕਰਵਾਓ। ਸੋ ਫ਼ੌਰਨ ਸਵਾਰਾਂ ਤੇ ਰਸਾਲਦਾਰਾਂ ਦੀ ਨਿਯੁਕਤੀ ਕੀਤੀ ਗਈ ਤੇ ਹੋਰ ਸਾਰੇ ਸਾਮਾਨ ਦਾ ਪ੍ਰਬੰਧ ਕੀਤਾ ਗਿਆ ਅਤੇ ਮੈਂ ਸਾਰੀ ਰਾਤ ਪਹਿਰੇ ’ਤੇ ਰਿਹਾ ਤੇ ਸਾਰੇ ਕੰਮਾਂ ’ਚ ਸ਼ਾਮਿਲ ਰਿਹਾ। ਚਾਰ ਵਜੇ ਸਵੇਰੇ ਸੱਯਦ ਅਹਿਮਦ ਹਸਨ ਵਕੀਲ ਇੱਕ ਅੰਗਰੇਜ਼ ਸਾਹਿਬ ਨਾਲ ਆਏ ਅਤੇ ਰਾਤ ਦਾ ਹਾਲ ਸੁਣ ਕੇ ਹੁਕਮ ਦਿੱਤਾ ਕਿ ਤੁਸੀਂ ਸੁਬ੍ਹਾ ਹਾਜ਼ਿਰ ਹੋਣਾ। ਸੋ ਮੈਂ ਹਾਜ਼ਿਰ ਹੋਇਆ ਤਾਂ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਅੱਜ ਸ਼ਾਮ ਤੱਕ ਜਨਾਬ ਸਾਹਿਬ ਕਮਿਸ਼ਨਰ ਬਹਾਦੁਰ ਲੁਧਿਆਣੇ ਆਉਣ ਵਾਲੇ ਹਨ। ਉਹ ਲੁਧਿਆਣਾ ਵਿਖੇ ਤੀਸਰੇ ਪਹਿਰ ਤੱਕ ਭਾਈ ਗੁਰੂ ਰਾਮ ਸਿੰਘ ਭੈਣੀ (ਸਾਹਿਬ) ਵਾਲਾ ਤੋਂ ਕੁਝ ਪੁੱਛਗਿਛ ਕਰਕੇ ਸ਼ਾਇਦ ਸ਼ਾਮ ਤੱਕ ਤਸ਼ਰੀਫ਼ ਲਿਆਉਣ ਨਹੀਂ ਤਾਂ ਕੱਲ ਸਵੇਰੇ ਜ਼ਰੂਰ ਤਸ਼ਰੀਫ਼ ਲੈ ਆਉਣਗੇ। ਕਿਉਂਕਿ ਬਾਕੀ ਮੁਜ਼ਰਿਮਾਂ ਨੂੰ ਉਹ ਛੇਤੀ ਸਜ਼ਾ ਦੇਣੀ ਚਾਹੁੰਦੇ ਹਨ ਅਤੇ ਫ਼ਰਮਾਇਆ ਕਿ ਅਸੀਂ ਇਸ ਵੇਲੇ ਬਾਕੀ ਰਹਿੰਦੇ 16 ਕੂਕਿਆਂ ਨੂੰ ਛੇਤੀ ਪੇਸ਼ ਕਰਾ ਦੇਈਏ ਅਤੇ ਦੋ ਚਾਰ ਦਿਨਾਂ ’ਚ ਕਿਸੇ ਵੇਲੇ ਸਾਰੇ ਕੂਕਿਆਂ ਨੂੰ ਹਾਜ਼ਿਰ ਕਰ ਦਈਏ। ਸਵੇਰੇ ਜਿਹੜੇ-ਜਿਹੜੇ ਮੌਜੂਦ ਸਨ ਉਨ੍ਹਾਂ ਦਾ ਨਾਮ ਲਿਆ ਗਿਆ ਅਤੇ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਦੇ ਸਾਹਮਣੇ ਪੇਸ਼ ਕਰਨ ਦਾ ਵਾਅਦਾ ਲਿਖਾਇਆ ਜਾਵੇਗਾ।

ਮਿਤੀ 18 ਜਨਵਰੀ ਸੰਨ 1872 ਈ: 8 ਵਜੇ ਸਵੇਰੇ, ਮੁਕਾਮ ਮਲੇਰ ਕੋਟਲਾ।

ਹੋਰ ਪਤਾ ਲੱਗਾ ਕਿ ਪਿੰਡ ਰੜ ਦੇ ਵਾਸੀ ਕੁਝ ਕੂਕੇ ਖ਼ਾਸ ਰੜ ਤੋਂ ਫ਼ਰਾਰ ਹੋ ਗਏ :-

1. ਕੇਸਰ ਸਿੰਘ ਪੁੱਤਰ ਸਾਧੂ ਸਿੰਘ ਜੋ ਪਿੰਡ ਰੜ ਤੋਂ 15 ਜਨਵਰੀ ਮੁਤਾਬਿਕ ਚਾਰ ਮਾਘ ਨੂੰ ਫ਼ਰਾਰ ਹੋਇਆ।
2. ਸ੍ਰੀ ਮਤੀ ਭੋਲੀ ਪਤਨੀ ਕੇਸਰ ਸਿੰਘ ਵੀ ਉਪ੍ਰੋਕਤ ਤਰੀਕ ਨੂੰ ਫ਼ਰਾਰ ਹੋਈ।
3. ਉਪ੍ਰੋਕਤ ਸਾਧੂ ਸਿੰਘ ਦੀ ਪਤਨੀ ਨੂੰ 8 ਦਿਨ ਹੋ ਗਏ ਭੈਣੀ (ਸਾਹਿਬ) ਨੂੰ ਗਈ ਨੂੰ ਅਤੇ ਫਿਰ ਵਾਪਸ ਨਹੀਂ ਆਈ।

---

4. ਸਾਧੂ ਸਿੰਘ ਤੇ ਗੁੱਜਰ ਸਿੰਘ ਪਿਸਰਾਨ ਬਾਦਲ ਸਿੰਘ ਜੋ ਪਟਿਆਲਾ ਨੌਕਰੀ ਪਰ ਹਾਜ਼ਿਰ ਹੈ ਜਿਸ ਦੀ ਰਜਮੈਂਟ ਤੇ ਰਸਾਲੇ ਦਾ ਪਤਾ ਮਾਲੂਮ ਨਹੀਂ ਹੋਇਆ।
5. ਹੀਰਾ ਸਿੰਘ ਪੁੱਤਰ ਮਹਾਂ ਸਿੰਘ ਲੋਹਾਰ ਚਾਰ ਦਿਨ ਹੋਏ ਭੈਣੀ (ਸਾਹਿਬ) ਨੂੰ ਗਿਆਂ।
6. ਵਜ਼ੀਰ ਸਿੰਘ ਭਾਈ ਸੱਦਾ ਸਿੰਘ ਭੈਣੀ (ਸਾਹਿਬ) ਤੋਂ ਖਮਾਣੋਂ ਆ ਗਿਆ।
7. ਸ੍ਰੀ ਮਤੀ ਮਾਨ ਕੌਰ ਪਤਨੀ ਭੋਲਾ ਸਿੰਘ 4 ਮਾਘ ਨੂੰ।
8. ਭੋਲਾ ਸਿੰਘ ਪੁੱਤਰ ਮਾਨ ਸਿੰਘ ਲੋਹਾਰ 4 ਮਾਘ ਨੂੰ ਫ਼ਰਾਰ ਹੋਇਆ।
9. ਸ੍ਰੀ ਮਤੀ ਖੇਮੋਂ, ਹਰਨਾਮ ਸਿੰਘ ਦੀ ਮਾਂ, ਕੌਮ ਲੋਹਾਰ 8 ਦਿਨ ਪਹਿਲਾਂ ਭੈਣੀ (ਸਾਹਿਬ) ਨੂੰ ਗਈ ਸੀ।
10. ਜਵਾਹਰ ਸਿੰਘ ਤੇ ਸ਼ੇਰ ਸਿੰਘ ਸਵਾਰਾਂ ਦੀ ਮਾਂ ਸ੍ਰੀ ਮਤੀ ਰਾਉ।
11. ਸ੍ਰੀ ਮਤੀ ਰਾਜ ਕੌਰ ਪਤਨੀ ਪ੍ਰੇਮ ਸਿੰਘ ਜ਼ਿਮੀਂਦਾਰ।
    ਪ੍ਰੇਮ ਸਿੰਘ ਨੇ ਗ੍ਰਿਫ਼ਤਾਰ ਹੋ ਕੇ ਸਜ਼ਾ ਪਾਈ।

ਇਹ ਲੋਕ ਫ਼ਸਾਦ ਪਾਉਣ ਦੇ ਇਰਾਦੇ ਨਾਲ ਆਪਣੇ ਆਪ ਭੈਣੀ (ਸਾਹਿਬ) ਨੂੰ ਗਏ ਸਨ ਪਰੰਤੂ ਪਿੰਡ ਰੜ ਦੇ ਭੂਪ ਸਿੰਘ ਉਰਫ਼ ਰੋੜੀਕਿਆਂ ਨੰਬਰਦਾਰਾਂ ਆਦਿ ਨੇ ਇਸ ਗੱਲ ਦੀ ਇਤਲਾਹ ਥਾਣੇਦਾਰ ਨੂੰ ਜਾ ਦਿੱਤੀ। ਸੋ ਉਨ੍ਹਾਂ ਨੂੰ ਬਾਕੀ ਰਹਿੰਦੇ ਮੁਜ਼ਰਿਮਾਂ ਨੂੰ ਤਲਾਸ਼ ਕਰਨ ਵਾਸਤੇ ਹਮੀਦ ਉੱਦੀਨ ਥਾਣੇਦਾਰ ਦੇ ਲਾਉ ਲਸ਼ਕਰ ਨਾਲ ਨਿਯੁਕਤ ਕੀਤਾ ਗਿਆ। ਨਾਲੇ ਰੜ ਪਿੰਡ ਦੇ ਵਾਸੀਆਂ ਦੇ ਹਿਫ਼ਾਜ਼ਤ ਵਾਸਤੇ ਮੁਨਾਸਿਬ ਵੀ ਹੈ।

ਕੋਈ 8 ਵਜੇ ਸੁਬ੍ਹਾ, ਇਸ ਦਾਸ ਤੇ ਸੱਯਦ ਨਿਆਜ਼ ਅਲੀ ਨੂੰ ਬੁਲਵਾ ਕੇ 16 ਕੂਕਿਆਂ ਨੂੰ ਪੇਸ਼ ਕਰਨ ਦੀ ਤਰਤੀਬ ਲਿਖੀ। ਸ਼ੁਰੂ ਤੋਂ ਨਾਭੇ ਤੇ ਜੀਂਦ ਦੇ ਅਹਿਲਕਾਰ ਬਾਹਿਰ ਚਬੂਤਰੇ 'ਤੇ ਖੜੇ ਰਹੇ। ਦੁਪਹਿਰ ਦੇ ਠੀਕ 12 ਵਜੇ ਜਨਾਬ ਸਾਹਿਬ ਕਮਿਸ਼ਨਰ ਬਹਾਦੁਰ ਅੰਬਾਲਾ ਤਸ਼ਰੀਫ਼ ਲਿਆਕੇ ਦੋ ਬੰਦ ਕਮਰਿਆਂ 'ਚ ਠਹਿਰੇ। 12 ਜਣੇ ਇੱਕ ਵਜੇ ਤੱਕ ਪੇਸ਼ ਕੀਤੇ ਗਏ। ਫਿਰ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ 2 ਵਜੇ ਤੋਂ ਮਗਰੋਂ ਬਾਕੀ ਰਹਿੰਦੇ ਮੁਜ਼ਰਿਮਾਂ ਨੂੰ ਪੇਸ਼ ਕਰਨ ਲਈ ਤੁਹਾਨੂੰ ਬੁਲਾਇਆ ਜਾਵੇਗਾ। ਉਹ ਫਿਰ ਕਮਰੇ 'ਚ ਜਾ ਕੇ ਵਾਪਸ ਆਏ ਅਤੇ ਸਾਨੂੰ ਬੁਲਾਕੇ ਫ਼ਰਮਾਇਆ ਕਿ ਸਾਹਿਬ ਕਮਿਸ਼ਨਰ ਬਹਾਦੁਰ ਚਾਹੁੰਦੇ ਹਨ ਕਿ ਸਾਡੇ ਕੱਪੜੇ ਰਸਤੇ 'ਚ ਨਾਲੇ ਦੇ ਚਿੱਕੜ ਨਾਲ ਖ਼ਰਾਬ ਹੋ ਗਏ ਅਤੇ ਕੱਪੜੇ ਬਦਲ ਕੇ ਤੇ ਤੁਹਾਨੂੰ ਬੁਲਾ ਕੇ ਮੁਲਾਕਾਤ ਕੀਤੀ ਜਾਵੇਗੀ। ਸੋ ਇਹ ਦਾਸ ਕੁਝ ਥੋੜ੍ਹਾ ਜਿਹਾ ਖਾ ਪੀ ਕੇ ਹਜ਼ੂਰ (ਕਮਿਸ਼ਨਰ ਸਾਹਿਬ) ਕੋਲ ਹਾਜ਼ਿਰ ਹੋ ਗਏ।

ਬਾਅਦ ਦਾ ਹਾਲ ਜੋ ਹੋਵੇਗਾ ਅਰਜ਼ ਕੀਤਾ ਜਾਵੇਗਾ।

–

## ਨਿਆਮਤਾਂ ਦੇ ਮਾਲਿਕ ਨੂਰਾਨੀ ਹਜ਼ੂਰ ਸ੍ਰੀ ਮਹਾਰਾਜਾ ਮਹਿੰਦਰ ਬਹਾਦੁਰ! ਜਿਨ੍ਹਾਂ ਦਾ ਤੇਜ ਪ੍ਰਤਾਪ ਹਮੇਸ਼ਾ ਕਾਇਮ ਰਹੇ!

ਐ ਮਾਲਿਕ! ਮੈਂ ਤੋਂ ਛੁੱਟੀ ਲੈ ਕੇ ਕੱਲ ਰਾਤ ਨੂੰ ਕੋਟਲਾ ਵਿਖੇ ਪੁੱਜਾ। ਮੁਹੰਮਦ ਹੁਸੈਨ ਦਰਬਾਰੀ ਨੂੰ ਦਸ ਸਵਾਰਾਂ ਤੇ ਇੱਕ ਅਫ਼ਸਰ, ਜਿਹੜਾ ਮੇਰੇ ਨਾਲ ਗਿਆ ਸੀ, ਨੂੰ ਪੇਸ਼ ਕੀਤਾ ਗਿਆ। ਸਾਹਿਬ ਬਹਾਦੁਰ ਬਹੁਤ ਖ਼ੁਸ਼ ਹੋਏ ਅਤੇ ਫ਼ਰਮਾਇਆ ਕਿ " ਮਹਾਰਾਜਾ ਸਾਹਿਬ ਕਿੱਥੋਂ ਤੱਕ ਇਮਦਾਦ ਪਹੁੰਚਾਈ ਜਾਣਗੇ ? ਮਹਾਰਾਜਾ ਸਾਹਿਬ ਦੀ ਮਿਹਰਬਾਨੀ ਦਾ ਸ਼ੁਕਰੀਆ ਅਦਾ ਨਹੀਂ ਹੋ ਸਕਦਾ।"

ਇਸੇ ਦੌਰਾਨ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਵੀ ਸਾਡੇ ਕੋਲ ਪੁੱਜ ਗਿਆ। ਸਾਹਿਬ ਬਹਾਦੁਰ ਉਸ ਦੇ ਨਾਲ ਬੜੀ ਮਿਹਰਬਾਨੀ ਨਾਲ ਪੇਸ਼ ਆਏ ਤੇ ਗੱਲਾਂ ਕਰਦੇ ਰਹੇ। ਨਾਇਬ ਸਾਹਿਬ ਬਹਾਦੁਰ ਬਹੁਤ ਹੱਸ ਹੱਸ ਕੇ ਸਾਹਿਬ ਬਹਾਦੁਰ ਨੂੰ ਹਾਲ ਦਸਦੇ ਰਹੇ।

ਫਿਰ ਸਾਹਿਬ ਬਹਾਦੁਰ ਨੇ 16 ਕੂਕਿਆਂ ਨੂੰ ਪੇਸ਼ ਕਰਨ ਲਈ ਕਿਹਾ। ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਤੇ ਪੰਜਾਬ ਸਿੰਘ ਰਾਏਪੁਰੀਆ ਵੀ ਉਨ੍ਹਾਂ 16 ਕੂਕਿਆਂ ਨਾਲ ਪੇਸ਼ ਹੋਏ। ਇਸੇ ਦੌਰਾਨ ਸਾਹਿਬ ਕਮਿਸ਼ਨਰ ਅੰਬਾਲਾ ਤਸ਼ਰੀਫ਼ ਲੈ ਆਏ। ਸਾਹਿਬ ਕਮਿਸ਼ਨਰ ਬਹਾਦੁਰ ਕੱਪੜੇ ਬਦਲਣ ਵਿੱਚ ਰੁੱਝ ਗਏ। ਕਰਨੈਲ ਸਾਹਿਬ, ਜਿਹੜੇ ਵਿਹਲੇ ਸਨ, ਨਾਲ ਉੱਥੇ ਮੌਜੂਦ ਉੱਚੀ ਸ਼ਾਨ ਵਾਲੀ ਸਰਕਾਰ ਦੇ ਅਹਿਲਕਾਰਾਂ ਨੂੰ ਨਿਆਜ਼ ਅਲੀ ਨਾਲ ਇਹ ਕਰਨੈਲ ਸਾਹਿਬ ਬਹੁਤ ਖ਼ੁਸ਼ ਹੋਏ ਅਤੇ ਫ਼ਰਮਾਇਆ ਕਿ " ਤੁਸੀਂ ਸਾਡੇ ਵਾਸਤੇ ਕੋਈ ਕੰਮ ਨਹੀਂ ਛੱਡਿਆ। ਜਿਹੜਾ ਕੰਮ ਹੁੰਦਾ ਹੈ ਉਹ ਤੁਸੀਂ ਕਰ ਛੱਡਦੇ ਹੋ ਅਤੇ ਸਾਨੂੰ ਬਹੁਤ ਸ਼ਰਮਿੰਦਗੀ ਹੁੰਦੀ ਹੈ।" ਨਿਆਜ਼ ਅਲੀ ਨੇ ਬੇਨਤੀ ਕੀਤੀ ਕਿ " ਇਹ ਘਰ ਅੱਡ ਨਹੀਂ ਹੈ, ਸਾਰੀ ਅੰਗਰੇਜ਼ੀ ਸਰਕਾਰ ਦੀ ਮਿਹਰਬਾਨੀ ਹੈ।" ਫਿਰ ਇਨ੍ਹਾਂ ਸਾਰੇ ਅਹਿਲਕਾਰਾਂ ਨੂੰ ਸਾਹਿਬ ਕਮਿਸ਼ਨਰ ਨਾਲ ਮਿਲਾਇਆ ਗਿਆ। ਸਾਹਿਬ ਕਮਿਸ਼ਨਰ ਬਹਾਦੁਰ ਬਹੁਤ ਪ੍ਰਸੰਨ ਹੋਏ ਅਤੇ ਨਿਆਜ਼ ਅਲੀ ਨੂੰ ਸੰਬੋਧਨ ਕਰਕੇ ਫ਼ਰਮਾਉਣ ਲੱਗੇ ਕਿ " ਅਸੀਂ ਤਾਰ ਰਾਹੀਂ ਮਹਾਰਾਜਾ ਸਾਹਿਬ ਬਹਾਦੁਰ ਦਾ ਬਹੁਤ ਸ਼ੁਕਰੀਆ ਅਦਾ ਕੀਤਾ ਹੈ ਅਤੇ ਤੁਹਾਡਾ ਪਾਲਣ ਪੋਸ਼ਣ ਮਹਾਰਾਜਾ ਸਾਹਿਬ ਕਰਨਗੇ। ਅਸੀਂ ਗਵਰਨਮੈਂਟ ਕੋਲ ਤੁਹਾਡੀ ਬਹੁਤ ਪ੍ਰਸੰਸ਼ਾ ਲਿਖਾਂਗੇ ਅਤੇ ਲਿਖੀ ਵੀ ਜਾ ਚੁੱਕੀ ਹੈ। ਗਵਰਨਮੈਂਟ ਤੁਹਾਡੀ ਪਰਵਰਿਸ਼ ਕਰੇਗੀ।"

ਇਸ ਤੋਂ ਮਗਰੋਂ ਸਾਹਿਬ ਬਹਾਦੁਰ ਆਪਣੀ ਫ਼ੌਜ 'ਚ ਤਸ਼ਰੀਫ਼ ਲੈ ਗਏ ਅਤੇ 16 ਕੂਕਿਆਂ, ਜਿਹੜੇ ਬਾਕੀ ਰਹਿੰਦੇ ਸਨ, ਉਡਾਇਆ ਗਿਆ। ਉਸ ਤੋਂ ਬਾਅਦ ਨਵਾਬ ਸਿਕੰਦਰ ਅਲੀ ਖ਼ਾਨ ਦੇ ਮਕਾਨ 'ਤੇ ਤਸ਼ਰੀਫ਼ ਲੈ ਗਏ। ਸਾਰੇ ਅਹਿਲਕਾਰ ਬਾਹਰ ਹਾਥੀਆਂ 'ਤੇ ਖੜ੍ਹੇ ਰਹੇ ਕਿ ਅਜਿਹਾ ਨਾ ਹੋਵੇ ਕਿ ਰਿਆਸਤ ਕੋਟਲਾ ਦੇ ਅਹਿਲਕਾਰਾਂ ਨੂੰ ਸਾਡੇ ਵਾਸਤੇ ਕੁਝ ਵਿਦਾਇਗੀ ਦਾ ਸਾਮਾਨ ਕਰਨਾ ਪਵੇ ਪਰੰਤੂ ਇਹ ਦਾਸ ਸਾਹਿਬ ਬਹਾਦੁਰ ਦੇ ਨਾਲ ਗਿਆ। ਉੱਥੇ ਕੁਝ ਇਸ ਪ੍ਰਕਾਰ ਦੀ ਗੱਲਬਾਤ ਹੋਈ ਕਿ ਜਿਹੜੇ ਲੋਕਾਂ ਨੇ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਜਾਨ ਦੀ ਬਾਜ਼ੀ ਲਾਈ ਹੈ ਉਨ੍ਹਾਂ ਨੂੰ ਕੁਝ ਦਿੱਤਾ ਜਾਵੇ। ਕਿਉਂਕਿ (ਕੁਝ ਲੈਣ ਦੀ ) ਇਹ ਗੱਲ ਸ਼ੋਭਦੀ ਨਹੀਂ ਸੀ ਇਸ ਵਾਸਤੇ ਮੈਂ ਬਾਹਰ ਆ ਕੇ ਤਿਪਰ ਚੰਦ ਸਾਹਿਬ ਨਾਜ਼ਿਮ ਤੇ ਨਿਆਜ਼ ਅਲੀ ਨਾਇਬ ਨਾਜ਼ਿਮ ਨੂੰ ਕਹਾ ਭੇਜਿਆ। ਉਹ ਉਸੇ ਵੇਲੇ ਚਲੇ ਆਏ। ਸਾਹਿਬ ਬਹਾਦੁਰ ਨੇ ਉਨ੍ਹਾਂ ਦੇ ਪਿੱਛੇ ਆਦਮੀ ਭੇਜਿਆ। ਉਹ ਆਦਮੀ ਆ ਕੇ ਉਨ੍ਹਾਂ ਨੂੰ ਵਾਪਸ ਲੈ ਗਿਆ ਪਰੰਤੂ ਸਾਹਿਬ ਬਹਾਦੁਰ ਉੱਠ ਖੜ੍ਹੇ ਹੋਏ ਸਨ। ਸਾਹਿਬ ਬਹਾਦੁਰ ਮੈਨੂੰ ਰਸਤੇ 'ਚ ਮਿਲੇ ਪਰ ਰਸਤੇ 'ਚ ਮੇਰੇ ਨਾਲ ਕੋਈ ਗੱਲ ਨਾ ਕੀਤੀ। ਡੇਰੇ ਭਾਵ ਕੋਠੀ 'ਤੇ ਪੁੱਜ ਕੇ ਸਾਹਿਬ ਬਹਾਦੁਰ, ਨਿਆਜ਼ ਅਲੀ ਨੂੰ ਕਹਿਣ ਲੱਗੇ ਕਿ ਤੁਸੀਂ ਉੱਥੋਂ ਕਿਉਂ ਚਲੇ ਆਏ ਸੀ ? ਨਿਆਜ਼ ਅਲੀ ਨੇ ਬਦਲੇ 'ਚ ਇਹ ਕਿਹਾ ਕਿ (ਕੋਟਲਾ ਵਾਲਿਆਂ ਨਾਲ) ਸਾਡਾ ਭਾਈਚਾਰਾ ਹੈ, ਜੇ ਉਹ ਬੁਲਾਉਂਦੇ ਤਾਂ ਸਾਡੇ ਲੋਕਾਂ ਦਾ ਉੱਥੇ ਜਾਣਾ ਮੁਨਾਸਿਬ ਸੀ।

ਫਿਰ ਸਾਹਿਬ ਬਹਾਦੁਰ ਇਸ ਦਾਸ ਨੂੰ ਸੰਬੋਧਨ ਹੋ ਕੇ ਫ਼ਰਮਾਉਂਣ ਲੱਗੇ ਕਿ ਇੱਕ ਘੰਟੇ ਮਗਰੋਂ ਤੁਸੀਂ ਉਨ੍ਹਾਂ ਸਾਰੇ ਲੋਕਾਂ ਨੂੰ ਹਾਜ਼ਿਰ ਕਰਨਾ ਜਿਨ੍ਹਾਂ ਨੇ ਇਹ (ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਦਾ) ਕੰਮ ਨੇਪਰੇ ਚਾੜ੍ਹਿਆ ਹੈ ਅਤੇ ਇਹ ਵੀ ਫ਼ਰਮਾਇਆ ਕਿ ਰਿਆਸਤ ਸਰਕਾਰ ਨਾਭਾ ਤੇ ਜੀਂਦ ਦੇ ਅਹਿਲਕਾਰਾਂ ਨੂੰ ਵੀ ਮੰਗਵਾ ਲੈਣਾ। ਸੋ ਸਾਰੇ ਲੋਕ ਹਾਜ਼ਿਰ ਕੀਤੇ ਗਏ।

# ਲੁਕਿਆ ਸੱਚ

---

ਸਾਹਿਬ ਕਮਿਸ਼ਨਰ ਬਹਾਦੁਰ ਨੇ ਦਰਬਾਰ ਲਾਇਆ ਅਤੇ ਸਾਰੇ ਲੋਕ ਕੁਰਸੀਆਂ 'ਤੇ ਬੈਠ ਗਏ। ਕੁਰਸੀਆਂ 'ਤੇ ਬੈਠਣ ਮਗਰੋਂ ਸਾਹਿਬ ਕਮਿਸ਼ਨਰ ਬਹਾਦੁਰ ਨੇ ਜਿਹੜੀ ਸਪੀਚ ਦਿੱਤੀ ਅਤੇ ਨਾਜ਼ਿਮ ਸਾਹਿਬ ਅਮਰਗੜ੍ਹ ਨੇ ਉਸ ਸਪੀਚ ਦੇ ਬਦਲੇ 'ਚ ਆਪਣੀ ਸਪੀਚ 'ਚ ਸ਼ੁਕਰੀਆਂ ਅਦਾ ਕਰਨ ਦਾ ਵੇਰਵੇ ਸਹਿਤ ਹਾਲ ਤੁਹਾਨੂੰ ਜਨਾਬ ਨਾਜ਼ਿਮ ਸਾਹਿਬ ਦੀ ਲਿਖਤ ਤੋਂ ਪਤਾ ਲੱਗ ਗਿਆ ਹੋਵੇਗਾ। ਸਾਹਿਬ ਕਮਿਸ਼ਨਰ ਨੇ ਸਪੀਚ ਵਿੱਚ ਨਿਆਜ਼ ਅਲੀ ਦੀ ਬਹਾਦੁਰੀ ਦੀ ਅਤਿਅੰਤ ਪ੍ਰਸ਼ੰਸ਼ਾ ਕੀਤੀ। ਜਿਸ ਦੇ ਜਵਾਬ ਵਿੱਚ ਨਿਆਜ਼ ਅਲੀ ਨੇ ਇਹ ਅਰਜ਼ ਕੀਤਾ ਕਿ ਮੈਥੋਂ ਕੁਝ ਨਹੀਂ ਹੋ ਸਕਿਆ, ਇਹ ਤਾਂ ਹਜ਼ੂਰ ਦੀ ਬੰਦਾ-ਪ੍ਰਵਰੀ ਤੇ ਕਦਰ-ਦਾਨੀ ਦੀ ਕ੍ਰਿਪਾ ਹੈ ਅਤੇ ਇਹ ਕੇਵਲ ਸਾਡੇ ਨਿਆਮਤਾਂ ਦੇ ਮਾਲਿਕ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਤੇਜ ਪਰਤਾਪ ਦਾ ਕਮਾਲ ਹੈ।

ਤੁਹਾਨੂੰ ਇਹ ਗੱਲ ਭਲੀ ਭਾਂਤ ਪ੍ਰਤੱਖ ਹੋਵੇ ਕਿ ਜਿਹੜਾ ਇਨਾਮ ਦਿੱਤਾ ਗਿਆ ਹੈ ਉਹ ਨਾਜ਼ਿਮ ਸਾਹਿਬ ਦੀ ਲਿਖਤ ਵਿੱਚ ਵੇਰਵੇ ਸਹਿਤ ਦਰਜ ਹੈ ਅਤੇ ਨਾਲੇ ਉਸ ਚਿੱਠੀ ਵਿੱਚ ਦਰਜ ਹੈ ਜਿਹੜੀ ਹਜ਼ੂਰ ਕੋਲ ਭੇਜੀ ਜਾ ਰਹੀ ਹੈ।

ਕੋਟਲੇ ਦਾ ਇਨਾਮ ਲੈਣ ਵਿੱਚ ਸਾਨੂੰ ਬੇਹੱਦ ਝਿਜਕ ਸੀ (ਭਾਵ ਅਸੀਂ ਲੈਣਾ ਨਹੀਂ ਚਾਹੁੰਦੇ ਸਾਂ)। ਜਿਸ ਵੇਲੇ ਰੁਪਿਆਂ ਦੀਆਂ ਥੈਲੀਆਂ ਨਵਾਬ ਸਿੰਕਦਰ ਅਲੀ ਖ਼ਾਨ ਦੇ ਮਕਾਨ 'ਤੇ ਆਈਆਂ ਸਨ, ਮੈਂ ਉਸੇ ਵੇਲੇ ਸਮਝ ਗਿਆ ਸੀ। ਫਿਰ ਡੇਰੇ 'ਤੇ ਆ ਕੇ ਸਾਰੇ ਅਹਿਲਕਾਰਾਂ ਨੇ ਆਪਸ ਵਿੱਚ ਸਲਾਹ ਕੀਤੀ ਕਿ ਸਾਨੂੰ ਇਹ ਇਨਾਮ ਨਹੀਂ ਲੈਣਾ ਚਾਹੀਦਾ। ਸੋ ਸਾਰੇ ਅਹਿਲਕਾਰਾਂ ਨੇ, ਖ਼ਾਸ ਕਰਕੇ ਜਨਾਬ ਨਾਜ਼ਿਮ ਸਾਹਿਬ ਲਾਲਾ ਤਿਪਰ ਚੰਦ ਨੇ, ਮੈਨੂੰ ਸਾਹਿਬ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਭੇਜਿਆ। ਮੈਂ ਜਾ ਕੇ ਉਨ੍ਹਾਂ ਕੋਲ ਵੇਰਵੇ ਸਹਿਤ ਉਜ਼ਰ ਕੀਤਾ। ਸਾਹਿਬ ਡਿਪਟੀ ਕਮਿਸ਼ਨਰ ਨੇ ਫ਼ਰਮਾਇਆ ਕਿ "ਸਾਹਿਬ ਕਮਿਸ਼ਨਰ ਬਹਾਦੁਰ ਤੇਜ ਤਬੀਅਤ ਹਨ ਜਿਸ ਬਾਰੇ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ। ਅਸੀਂ ਉਨ੍ਹਾਂ ਨੂੰ ਨਹੀਂ ਕਹਿ ਸਕਦੇ। ਜੇ ਤੁਸੀਂ ਇਨਾਮ ਨਹੀਂ ਲੈਣਾ ਚਾਹੁੰਦੇ ਤਾਂ ਤੁਸੀਂ ਆਪ ਜਾ ਕੇ ਸਾਹਿਬ ਕਮਿਸ਼ਨਰ ਬਹਾਦੁਰ ਨੂੰ ਜਵਾਬ ਦੇ ਦਿਓ।"

ਸੋ ਸਾਡੇ ਅਹਿਲਕਾਰ ਸਾਹਿਬਾਨ ਨੇ ਸਲਾਹ ਕੀਤੀ ਕਿ ਸਾਨੂੰ ਸਾਹਿਬ ਕਮਿਸ਼ਨਰ ਬਹਾਦੁਰ ਕੋਲ ਜਾ ਕੇ ਜ਼ਰੂਰ ਉਜ਼ਰ ਕਰਨਾ ਚਾਹੀਦਾ ਹੈ। ਫਿਰ ਇਸ ਦਾਸ ਨੇ ਜਾ ਕੇ ਸਾਹਿਬ ਕਮਿਸ਼ਨਰ ਬਹਾਦੁਰ ਦੇ ਅਰਦਲੀ ਤੋਂ ਅਰਜ਼ ਕਰਵਾਉਣ ਵਾਸਤੇ ਕਿਹਾ। ਅਰਦਲੀ ਸੋਚੀਂ ਪੈ ਗਿਆ ਸ਼ਾਇਦ ਸਾਹਿਬ ਨੇ ਉਸ ਨੂੰ ਕੁਝ ਕਹਿ ਦਿੱਤਾ ਹੋਵੇਗਾ। ਪਰੰਤੂ ਅਰਜ਼ ਕਰਨਾ ਜ਼ਰੂਰੀ ਸੀ ਇਸ ਲਈ ਇਸ ਦਾਸ ਨੇ ਸਾਹਿਬ ਡਿਸਟਰਿਕਟ ਸੁਪਰਡੈਂਟ ਪੁਲਿਸ ਲੁਧਿਆਣਾ ਰਾਹੀਂ ਬੇਨਤੀ ਕਰਵਾਈ। ਸਾਹਿਬ ਬਹਾਦੁਰ ਨੇ ਇਸ ਦੇ ਬਦਲੇ ਇਹ ਫ਼ਰਮਾਇਆ ਕਿ " ਅਸੀਂ ਮਿਲਣਾ ਨਹੀਂ ਚਾਹੁੰਦੇ।" ਇਸ ਦਾ ਇਹ ਮਤਲਬ ਸੀ ਕਿ ਨਾ ਉਹ ਮਿਲਣਗੇ ਤੇ ਨਾ ਅਸੀਂ ਉਜ਼ਰ ਕਰਾਂਗੇ। ਜਦੋਂ ਹਾਕਿਮਾਂ ਦਾ ਇਹ ਹਾਲ ਹੋਵੇ ਤਾਂ ਕੀ ਕੀਤਾ ਜਾਂਦਾ। ਮਜਬੂਰੀ ਵਸ ਇਹ ਤਜਵੀਜ਼ ਠਹਿਰੀ ਕਿ ਸਾਨੂੰ ਦਰਬਾਰ ਵਿੱਚ ਕੁਝ ਉਜ਼ਰ ਨਹੀਂ ਕਰਨਾ ਚਾਹੀਦਾ।

ਹਾਲ ਇਹ ਸੀ ਜਿਹੜਾ ਬਿਆਨ ਕੀਤਾ ਗਿਆ। ਬਾਅਦ ਵਿੱਚ ਜੋ ਕੁਝ ਵਾਪਰੇਗਾ ਉਹ ਅਰਜ਼ ਕੀਤਾ ਜਾਵੇਗਾ। ਹਜ਼ੂਰ ਨੂੰ ਇਹ ਵੀ ਪ੍ਰਤੱਖ ਹੋਵੇ ਕਿ ਸਾਹਿਬ ਕਮਿਸ਼ਨਰ ਬਹਾਦੁਰ ਨੇ ਆਪਣੀ ਸਪੀਚ ਵਿੱਚ ਇਸ ਇਨਾਮ ਬਾਰੇ ਕੁਝ ਖੋਲ੍ਹ ਕੇ ਨਹੀਂ ਦੱਸਿਆ ਕਿ ਇਹ ਇਨਾਮ ਕੋਟਲਾ ਵਾਲਿਆਂ ਵਲੋਂ ਦਿੱਤਾ ਜਾਣਾ ਹੈ ਜਾਂ ਸਰਕਾਰ ਗੌਰਮਿੰਟ ਵਲੋਂ ਪਰੰਤੂ ਸਾਡਾ ਸ਼ੁਕਰੀਆ ਦੋਹਾਂ ਰਿਆਸਤਾ (ਕੋਟਲਾ ਤੇ ਅੰਗਰੇਜ਼ੀ ਸਰਕਾਰ) ਵਲੋਂ ਫ਼ਰਮਾਉਂਦੇ ਸਨ। ਜ਼ਿਆਦਾ ਲਿਖਣਾ ਅਦਬ ਆਦਾਬ ਦੀ ਹੱਦ ਟੱਪ ਜਾਣ ਦੀ ਨਿਆਈਂ ਹੈ।

ਲਿਖਤ :- 19 ਜਨਵਰੀ ਸੰਨ 1872 ਈ:

---

## ਸਤਿਕਾਰ ਯੋਗ ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਖ਼ਾਨ ਸਾਹਿਬ ਬਹਾਦੁਰ ਪ੍ਰਧਾਨ ਮੰਤਰੀ ਦੀ ਸੇਵਾ ਵਿੱਚ ਆਦਾਬ ਅਰਜ਼ ਹੈ

ਕੱਲ ਭੇਜੇ ਬਿਨੈ-ਪੱਤਰਾਂ ਤੋਂ ਤੁਹਾਨੂੰ ਵੇਰਵੇ ਸਹਿਤ ਹਾਲਾਤ ਦਾ ਪੱਤਾ ਲੱਗ ਗਿਆ ਹੋਵੇਗਾ।

ਸਾਹਿਬ ਬਹਾਦੁਰ ਦੇ ਹੁਕਮ ਅਨੁਸਾਰ ਚਾਰ ਵਜੇ ਸ਼ਾਮ ਤੇ ਤੋਪਾਂ ਵਗੈਰਾ ਪਰੇਡ ਗਰਾਊਂਡ 'ਚ ਮੌਜੂਦ ਕਰ ਦਿੱਤੀਆਂ ਅਤੇ ਸਰਕਾਰ ਜੀਂਦ ਤੇ ਨਾਭਾ ਦੀਆਂ ਫ਼ੌਜਾਂ ਦੇ ਅਫ਼ਸਰਾਂ ਨੂੰ ਵੀ ਮੈਥੋਂ ਫ਼ੌਰੀ ਹੁਕਮ ਦਿਵਾਇਆ। ਜਨਾਬ ਸਾਹਿਬ ਕਮਿਸ਼ਨਰ ਬਹਾਦੁਰ, ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਤੇ ਸਾਹਿਬ ਸੁਪਰਡੈਂਟ ਪਲਟਨ, ਸਮੇਤ ਸਰਕਾਰ ਜੀਂਦ ਤੇ ਸਰਕਾਰ ਨਾਭਾ ਦੇ ਅਹਿਲਕਾਰਾਂ ਤੇ ਮੁਲਾਜ਼ਿਮਾਂ, ਪਰੇਟ ਵੱਲ ਸਵਾਰ ਹੋਏ ਅਤੇ ਪਰੇਡ 'ਤੇ ਜਾ ਕੇ 16 ਕੂਕਿਆਂ ਨੂੰ, ਜਿੰਨ੍ਹਾਂ ਦੇ ਪੇਸ਼ ਕਰਨ ਦੀ ਤਰਤੀਬ ਲਿਖੀ ਜਾ ਚੁੱਕੀ ਸੀ, ਤੋਪਾਂ ਨਾਲ ਉਡਾ ਦਿੱਤਾ। ਫਿਰ ਸਵਰਗੀ ਨਵਾਬ ਸਿੰਕਦਰ ਅਲੀ ਖ਼ਾਨ ਦੇ ਮਕਾਨ 'ਤੇ ਤਸ਼ਰੀਫ਼ ਲੈ ਗਏ।

ਕਿਉਂਕਿ ਉੱਥੇ ਵਿਦਾਇਗੀ ਆਦਿ ਦਾ ਕੋਈ ਸਾਮਾਨ ਮੌਜੂਦ ਨਹੀਂ ਸੀ। ਇਸ ਲਈ ਖ਼ਾਨ ਬਹਾਦੁਰ ਰੰਜ ਹੋਏ। ਇਹ ਦਾਸ, ਸੱਯਦ ਨਿਆਜ਼ ਅਲੀ ਸਮੇਤ ਪਹਿਲਾਂ ਚਲਿਆ ਆਇਆ ਸੀ। ਸਾਹਿਬ ਬਹਾਦੁਰ ਨੇ ਸਾਨੂੰ ਬਲਾਉਣ ਵਾਸਤੇ ਇੱਕ ਸਵਾਰ ਭੇਜਿਆ। ਪਰੰਤੂ ਅਜੇ ਅਸੀਂ ਸ਼ਹਿਰ ਪੁੱਜੇ ਹੀ ਸਾਂ ਕਿ ਸਾਹਿਬ ਬਹਾਦੁਰ ਲਾਇਨਾਂ ਬੰਨ੍ਹੀ ਰਸਤੇ 'ਚ ਮਿਲੇ ਅਤੇ ਫ਼ਰਮਾਇਆ ਕਿ ਤੁਸੀਂ ਅਪਣਾ ਹਾਥੀ ਸਾਡੇ ਬਰਾਬਰ ਰੱਖੋ। ਸੋ ਠਹਿਰਨ ਵਾਲੀ ਕੋਠੀ 'ਤੇ ਆ ਕੇ ਸਵਾਏ ਇਬਰਾਹੀਮ ਖ਼ਾਨ ਸਾਹਿਬ ਤੇ **ਮੁਤਸੱਦੀਆਂ** ਦੇ ਸਾਨੂੰ ਬੁਲਾਇਆ। ਸਾਹਿਬ ਬਹਾਦੁਰ ਨੇ ਅਪਣੇ ਸੱਜੇ ਪਾਸੇ ਇਸ ਖਾਲਿਸ ਦੋਸਤ ਦੀ ਕੁਰਸੀ ਲਗਵਾਈ ਅਤੇ ਫਿਰ ਦਰਜਾ ਬਦਰਜਾ ਭਾਵ ਮਾਸਟਰ ਗਿਰਧਾਰੀ ਲਾਲ, ਸੱਯਦ ਨਿਆਜ਼ ਅਲੀ, ਲਾਲ ਸ਼ਮੀਰ ਦਾਸ, ਬਰਕਤ ਅਲੀ, **ਮਾਨ ਸਿੰਘ, ਕਰਨੈਲ** ਤੇ ਲਾਲ ਸਿੰਘ ਆਦਿ ਬੈਠੇ। ਖੱਬੇ ਪਾਸੇ ਨਵਾਬ ਇਬਰਾਹੀਮ ਖ਼ਾਨ, ਫਿਰ ਸਰਕਾਰ ਜੀਂਦ ਦੇ ਮੁਲਾਜ਼ਿਮ **ਰਾਮ ਸਿੰਘ, ਕਰਨੈਲ** ਤੇ ਉਮਰ ਖ਼ਾਨ। ਉਨ੍ਹਾਂ ਦੇ ਬਰਾਬਰ ਮਾਸਟਰ ਮਦੀਰ ਅਲੀ ਬਖ਼ਸ਼ੀ ਸਰਕਾਰ ਨਾਭਾ। ਉਸ ਦੇ ਬਾਅਦ ਵਕੀਲਾਂ ਕੋਲ ਜੀਂਦ ਸਰਕਾਰ ਵੱਲੋਂ ਪੁੱਜਿਆ ਵਕੀਲ।

ਸਾਹਿਬ ਬਹਾਦੁਰ ਨੇ ਇਸ ਵਿਸ਼ੇ 'ਤੇ ਆਧਾਰਿਤ ਇੱਕ ਸਪੀਚ ਦਿੱਤੀ ਕਿ ਜਿਸ ਸਮੇਂ ਤੋਂ ਬਹੁ ਅਧਿਕਾਰੀ ਸਰਕਾਰ ਦਾ ਰਾਜ ਹਿੰਦੋਸਤਾਨ ਦੇ ਖਿੱਤੇ 'ਤੇ ਕਾਇਮ ਹੋਇਆ ਹੈ, ਸਾਰੇ ਖ਼ਾਸ ਤੇ ਆਮ ਲੋਕ ਮਿਲ-ਜੁਲ ਕੇ ਆਪਣੇ-ਆਪਣੇ ਧਰਮ 'ਤੇ ਫ਼ਰਾਖ਼ ਦਿਲੀ ਨਾਲ ਕਾਇਮ ਤੇ ਅਮਲ ਕਰਦੇ ਰਹੇ ਅਤੇ ਕਿਸੇ ਨੇ ਇੱਕ ਦੂਸਰੇ ਨੂੰ ਤੰਗ ਨਹੀਂ ਕੀਤਾ ਪਰੰਤੂ ਇਸ ਵੇਲੇ ਕੂਕਿਆਂ ਦੇ ਫਿਰਕੇ ਦੇ **ਬਦਮਾਸ਼ਾਂ ਨੇ ਮਜ਼ਹਬ ਦੇ ਬਹਾਨੇ ਨਾਲ ਅੰਮ੍ਰਿਤਸਰ ਤੇ ਰਾਏਕੋਟ ਵਿਚ ਪਹਿਲਾਂ ਅਜਿਹੀ ਕਰਤੂਤ ਕੀਤੀ ਤੇ ਹੁਣ ਮਲੌਦ ਤੇ ਕੋਟਲਾ ਵਿਖੇ ਡਕੈਤੀ ਤੇ ਜ਼ੁਲਮ ਕੀਤਾ ਜਿਸ ਦੀ ਸਜ਼ਾ ਵਜੋਂ ਉਹ ਆਵਾਮ ਦੇ ਸਾਹਮਣੇ ਉਡਾਏ ਗਏ।** ਸਾਹਿਬ ਬਹਾਦੁਰ ਨੇ ਤਕਰੀਰ 'ਚ ਬਿਆਨ ਕੀਤਾ ਕਿ ਪਟਿਆਲਾ ਦੇ ਮਾਲਿਕ ਸ੍ਰੀ ਮਹਾਰਾਜਾ ਬਹਾਦੁਰ ਨੇ ਮੇਰੀ ਸਰਕਾਰ ਦੀ ਪਹਿਲਾਂ ਵੀ ਮਦਦ ਕੀਤੀ ਹੈ ਅਤੇ ਹੁਣ ਅਜਿਹੇ ਫ਼ਸਾਦ ਵਿੱਚ ਵੀ ਅਸੀਂ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦੇ ਹਾਂ। ਵਿਸ਼ੇਸ਼ ਕਰਕੇ ਸੰਨ 1857 ਵਿੱਚ ਹਿੰਦੋਸਤਾਨ ਦੇ ਫ਼ਸਾਦ ਸਮੇਂ ਜਿਹੜੀ ਉਨ੍ਹਾਂ ਵਲੋਂ ਖਿਦਮਤ ਹੋਈ ਉਸ ਦਾ ਬਿਆਨ ਕਰਨਾ ਬਹੁਤ ਲੰਬਾ ਹੈ। ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਨੇ ਇਨ੍ਹਾਂ ਮੁਜ਼ਰਿਮਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਇਹ ਉਸਤਤ ਯੋਗ ਸਰਕਾਰ ਦੇ ਸਾਰੇ ਹਾਜ਼ਿਰ ਮੁਲਾਜ਼ਿਮਾਂ ਵਲੋਂ ਫੜੇ ਗਏ ਹਨ।

ਸਾਹਿਬ ਬਹਾਦੁਰ ਨੇ ਉੱਚੀ ਸ਼ਾਨ ਵਾਲੀ ਸਰਕਾਰ ਦੇ ਨਾਉਂ ਦਾ ਇੱਕ ਪੱਤਰ ਮੇਰੇ ਹੱਥ 'ਚ ਫੜਾ ਦਿੱਤਾ ਅਤੇ ਦੂਜਾ ਪੱਤਰ ਸਰਕਾਰ ਜੀਂਦ ਦੇ ਮੁਲਾਜ਼ਿਮਾਂ ਨੂੰ ਫੜਾਇਆ। ਇੱਕ ਪੱਤਰ ਸਰਕਾਰ ਨਾਭਾ ਦੇ ਬਖ਼ਸ਼ੀ ਮਿਰਜ਼ਾ ਮਦੀਰ ਅਲੀ ਨੂੰ ਦਿੱਤਾ ਅਤੇ ਸਾਹਿਬ ਬਹਾਦੁਰ ਕੁਰਸੀ 'ਤੇ ਬੈਠ ਗਏ।

ਇਸ ਤੋਂ ਮਗਰੋਂ ਇਸ ਦਾਸ ਨੇ ਖੜ੍ਹੇ ਹੋ ਕੇ ਇਹ ਸਪੀਚ ਦਿੱਤੀ ਕਿ **ਜਿਸ ਦਿਨ ਤੋਂ ਵੱਡੇ ਵਕਾਰ ਵਾਲੀ ਅੰਗਰੇਜ਼ੀ ਸਰਕਾਰ ਦਾ ਸਾਇਆ ਹਿੰਦੋਸਤਾਨ 'ਤੇ ਪਿਆ ਹੈ ਸ਼੍ਰੀ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ ਨੇ ਕਮਾਲ ਦੀ ਸਿਦਕ ਦਿਲੀ ਨਾਲ ਤੇ ਤਨੋਂ ਮਨੋਂ ਹਰੇਕ ਲੜਾਈ ਤੇ ਫ਼ਸਾਦ ਵਿੱਚ ਹਾਜ਼ਿਰ ਹੋ ਕੇ ਅੰਗਰੇਜ਼ ਸਰਕਾਰ ਦੀ ਮਦਦ ਕੀਤੀ** ਭਾਵ ਅਲਕਾ ਰਾਉ, ਖ਼ੁਸ਼ਵੰਤ ਰਾਉ ਹੋਲਕਰ ਦੇ ਕਤਲ ਸਮੇਂ, ਗੋਰਖਿਆਂ ਤੇ ਅਕਾਲੀਆਂ ਦੀਆਂ ਗੜਬੜਾਂ ਵੇਲੇ ਅਤੇ ਵਿਸ਼ੇਸ਼ ਕਰਕੇ ਸੰਨ 1857 ਦੇ ਫ਼ਸਾਦ ਸਮੇਂ, ਅੰਗਰੇਜ਼ੀ

---

ਦੌਲਤਮਦਾਰ ਸਰਕਾਰ ਨੇ ਉੱਚੀ ਸ਼ਾਨ ਵਾਲੀ ਸਰਕਾਰ ਦੀ ਆਏ ਦਿਨ ਖਿਤਾਬ ਦੇ ਕੇ ਤਰੱਕੀ ਕੀਤੀ, ਵੱਕਾਰ ਵਧਾਇਆ ਅਤੇ ਇਲਾਕੇ ਵਧਾਏ। ਸਾਡੀ ਸਰਕਾਰ ਨੂੰ ਸੱਚਾ ਦੋਸਤ ਤੇ ਪੂਰਨ ਸਾਥੀ ਬਣਾਇਆ ਅਤੇ ਇਸ ਰਿਆਸਤ ਦੇ ਅਹਿਲਕਾਰਾਂ ਦੀ ਇੱਜ਼ਤ ਵਧਾਈ।

ਹੁਣ ਸ੍ਰੀ ਮਹਾਰਾਜਾ ਬਹਾਦੁਰ ਦਾ ਧਿਆਨ ਹਰ ਵੇਲੇ ਇੱਧਰ ਹੀ ਹੈ ਕਿ ਉਨ੍ਹਾਂ ਦੇ ਸਾਰੇ ਮੁਲਾਜ਼ਿਮਾਂ ਅਜਿਹੇ ਮੌਕੇ ਦੇ ਸਮੇਂ 'ਤੇ ਅੰਗਰੇਜ਼ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਹਨ ? ਮੈਂ ਇਸ ਸਪੀਚ ਨੂੰ ਦੁਆਈਆ ਫਿਰਕੇ ਨਾਲ ਖ਼ਤਮ ਕਰਦਾ ਹਾਂ ਕਿ ਐ ਖ਼ੁਦਾ ! ਇਸ ਅੰਗਰੇਜ਼ੀ ਦੌਲਤਮਦਾਰ ਸਰਕਾਰ ਦਾ ਤੇਜ ਪਰਤਾਪ ਤੇ ਤੱਰਕੀ ਆਏ ਦਿਨ ਦੂੱਗਣੀ ਹੁੰਦੀ ਰਵ੍ਹੇ ! ਸਾਡੇ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਨਾਲ ਹਮੇਸ਼ਾ ਦੋਸਤੀ ਬਣੀ ਰਹੇ ! ਅਤੇ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਮੁਲਾਜ਼ਿਮ ਅਜਿਹੀਆਂ -ਅਜਿਹੀਆਂ ਵਧੀਆ ਸੇਵਾਵਾਂ ਨਿਭਾਉਂਦੇ ਰਹਿਣ !

ਫਿਰ ਦਰਬਾਰ ਬਰਖ਼ਾਸਤ ਹੋਇਆ । ਫਿਰ ਮੈਨੂੰ ਸਾਹਿਬ ਕਮਿਸ਼ਨਰ ਬਹਾਦੁਰ ਨੇ ਬੁਲਾ ਕੇ ਫ਼ਰਮਾਇਆ ਕਿ ਤੁਹਾਨੂੰ ਸਵੇਰ ਨੂੰ ਛੁੱਟੀ ਹੈ ਤੇ ਤੁਸੀਂ ਆਪਣੀ ਫ਼ੌਜ ਲੈ ਜਾਵੋ। ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੇ ਇਹ ਫ਼ਰਮਾਇਆ ਕਿ ਤੁਸੀਂ ਸਾਨੂੰ 8 ਵਜੇ ਸਵੇਰੇ ਮਿਲ ਕੇ ਸਵਾਰ ਹੋਣਾ। ਦਸ ਵਜੇ ਰਾਤ ਨੂੰ ਫਿਰ ਰਸਾਲਦਾਰ ਮੇਰੇ ਕੋਲ ਪੁੱਜਾ ਕਿ ਮਲੌਦ ਦੇ ਸਵਾਰ ਤੋਂ ਪਤਾ ਲੱਗਾ ਹੈ ਕਿ ਕੋਈ ਦੋ ਸੌ ਕੂਕੇ ਮਲੌਦ ਵਲ ਇੱਕਠੇ ਹੋਏ ਹਨ, ਇਸ ਲਈ ਤੁਸੀਂ ਰੌਂਦ ਗਸ਼ਤ ਦਾ ਪ੍ਰਬੰਧ ਕਰਾ ਦੇਵੋ ਅਤੇ ਮਲੌਦ ਵਲ ਕੁਝ ਸਵਾਰ ਭੇਜੋ। ਸੋ ਸਾਰਾ ਬੰਦੋਬਸਤ ਕੀਤਾ ਗਿਆ, ਵਲੀ ਮੁਹੰਮਦ ਨੂੰ ਰਜਮੈਂਟ ਦੇ 35 ਸਵਾਰਾਂ ਨਾਲ ਮਲੌਦ ਸ਼ਹਿਰ ਨੂੰ ਭੇਜਿਆ ਗਿਆ ਪਰ ਉਨ੍ਹਾਂ ਨੂੰ ਕੋਈ ਕੂਕਾ ਨਹੀਂ ਮਿਲਿਆ।

ਅੱਜ ਸਵੇਰੇ 8 ਵਜੇ ਮੈਂ ਸੱਯਦ ਅਹਿਮਦ ਹੁਸੈਨ ਵਕੀਲ ਸਰਕਾਰ ਨਾਲ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਹਾਜ਼ਿਰ ਹੋਇਆ। ਉਨ੍ਹਾਂ ਨੇ ਫ਼ਰਮਾਇਆ ਕਿ ਤੁਸੀਂ ਸਾਡੀ ਸੇਵਾ ਕੀਤੀ ਹੈ, ਮੈਂ ਲੁਧਿਆਣਾ ਤੋਂ ਵੀ ਅਸਲੀ ਚਿੱਠੀ ਲਿਖ ਕੇ ਵਕੀਲ ਰਾਹੀਂ ਭੇਜਾਂਗਾ ਕਿਉਂਕਿ ਇਸ ਵੇਲੇ ਫ਼ੁਰਸਤ ਨਹੀਂ ਹੈ।

ਸੋ ਮੈਂ ਸੱਯਦ ਨਿਆਜ਼ ਅਲੀ ਨਾਲ ਅਮਰਗੜ੍ਹ ਨੂੰ ਸਵਾਰ ਹੋ ਗਿਆ ਅਤੇ ਫ਼ੌਜ ਵੀ।

ਦੋ ਕੂਕਾ ਔਰਤਾਂ ਅਤੇ ਚਾਰ ਕੂਕੇ, ਜਿਹੜੇ ਸਾਹਿਬ ਬਹਾਦੁਰ ਮੁਹੰਮਦ ਸਯੱਦ ਹੁਸੈਨ ਵਕੀਲ ਦੇ ਸਪੁਰਦ ਹਨ ਤੇ ਨਾਜ਼ਿਮ ਸਾਹਿਬ ਕੋਲ ਹਿਰਾਸਤ ਵਿੱਚ ਹਨ, ਉਨ੍ਹਾਂ ਬਾਬਤ ਤਹਿਕੀਕਾਤ ਕਰਕੇ ਆਪਣੀ ਅਦਾਲਤ ਤੋਂ ਹੁਕਮ ਦਿਓ। ਸੋ ਸ੍ਰੀਮਤੀ ਇੰਦੋ ਨੂੰ, ਜਿਹੜੀ ਪਿੰਡ ਹੰਢਿਆਇਆ ਵਿਖੇ ਹਾਜ਼ਿਰ ਸੀ, ਨਾਜ਼ਿਮ ਸਾਹਿਬ ਅਨਾਹਦਗੜ੍ਹ ਦੀ ਸੇਵਾ ਵਿੱਚ ਰਵਾਨਾ ਕੀਤਾ ਗਿਆ ਅਤੇ ਬਾਕੀ ਦੇ ਮਹਿਕਮੇ ਦੇ ਰੋਬਕਾਰ ਦੀ ਲਿਖਤ ਨਾਲ ਨਾਇਬ ਸਾਹਿਬ ਸਪੁਰਦ ਹੋਏ ਅਤੇ ਕਿਹਾ ਗਿਆ ਕਿ ਉਹ ਤਹਿਕੀਕਾਤ ਕਰਨ ਉਪ੍ਰੰਤ ਵੇਰਵੇ ਸਹਿਤ ਰਿਪੋਰਟ ਕਰਨ।

ਤੁਹਾਨੂੰ ਇਹ ਚੰਗੀ ਤਰ੍ਹਾਂ ਪਤਾ ਲੱਗ ਜਾਵੇ ਕਿ ਰਿਆਸਤ ਕੋਟਲਾ ਦੇ ਅਹਿਲਕਾਰਾਂ ਵਲੋਂ ਸਰਕਾਰ ਦੇ ਮੁਲਾਜ਼ਿਮਾਂ ਦੀ ਕਿਸੇ ਪ੍ਰਕਾਰ ਦੀ ਸੇਵਾ ਨਹੀਂ ਹੋਈ। ਸ਼ਾਇਦ ਇੱਕ ਦੋ ਦਾ ਡਾਕੀਆ ਵੀ ਆਇਆ ਹੋਵੇਗਾ। ਇਤਲਾਹ ਵਜੋਂ ਅਰਜ਼ ਹੈ ਅਤੇ ਲਾਲਾ ਸ਼ਮੀਰ ਦਾਸ ਨਾਇਬ ਨਾਜ਼ਿਮ ਅਨਾਹਦਗੜ੍ਹ ਨੂੰ ਅਨਾਹਦਗੜ੍ਹ ਵਲ ਰਵਾਨਾ ਹੋਣ ਦੀ ਇਜਾਜ਼ਤ ਦਿੱਤੀ। ਸੋ ਸਵਾਰ ਹੋਏ।

ਲਿਖਤ 9 ਵਜੇ ਸਵੇਰੇ 19 ਜਨਵਰੀ ਸੰਨ 1872 ਈ:

ਮੁਕਾਮ ਕੋਟਲਾ ਤੋਂ ਅਮਰਗੜ੍ਹ ਨੂੰ ਰਵਾਨਾ ਹੋਣ ਸਮੇਂ ।

ਪੰਜਾਬ ਸਿੰਘ ਤੇ ਪਰਤਾਪ ਸਿੰਘ ਦਾ ਹਾਲ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਦੀ ਲਿਖਤ ਤੋਂ ਹਜ਼ੂਰ ਨੂੰ ਪ੍ਰਤੱਖ ਪਤਾ ਲੱਗ ਜਾਵੇਗਾ।

ਫ਼ੌਰਨ ਅੱਡ ਅਰਜ਼ ਲਿਖਣ ਦੀ ਫ਼ੁਰਸਤ ਨਹੀਂ ਸੀ, ਇਸ ਲਈ ਮੁਆਫ਼ ਫ਼ਰਮਾਉਣਾ।

ਦਾਸ

ਨਿਆਜ਼ ਅਲੀ,

ਤਿਪਰ ਚੰਦ

ਨਾਜ਼ਿਮ ਅਮਰਗੜ੍ਹ।

## ਗ਼ਰੀਬ ਪਰਵਰ, ਨਿਆਮਤਾਂ ਦੇ ਮਾਲਿਕ, ਹਜ਼ੂਰ ਸ੍ਰੀ ਮਹਾਰਾਜਾ ਮਹਿੰਦਰ ਬਹਾਦੁਰ! ਸ਼ਾਨੋ ਸ਼ੌਕਤ ਹਮੇਸ਼ਾ ਕਾਇਮ ਰਹੇ!

ਐ ਮਾਲਿਕ ! ਕੂਕਿਆਂ ਦੇ ਮੁਕੱਦਮੇਂ ਦੀ ਕੱਲ ਦੀ ਕਾਰਵਾਈ, ਜਿਹੜੀ 12 ਵਜੇ ਤੱਕ ਚਲੀ, ਦਾ ਹਾਲ ਵੇਰਵੇ ਸਹਿਤ ਅਰਜ਼ ਕਰ ਦਿੱਤਾ ਗਿਆ ਹੈ। ਅਤੇ ਜੋ 12 ਵਜੇ ਤੋਂ ਮਗਰੋਂ ਹੋਇਆ, ਉਸ ਦਾ ਵੇਰਵੇ ਸਹਿਤ ਹਾਲ ਨਾਜ਼ਿਮ ਸਾਹਿਬ ਆਪਣੀ ਲਿਖਤ ਵਿੱਚ, ਜਿਹੜੀ ਅੱਜ ਹਜ਼ੂਰ ਨੂੰ ਭੇਜੀ ਗਈ ਹੈ ਦਰਜ਼ ਕਰ ਚੁੱਕੇ ਹਨ। ਪਰ ਕੂਕਿਆਂ ਦੀ ਗ੍ਰਿਫ਼ਤਾਰੀ ਦੀ ਕਾਰਗੁਜ਼ਾਰੀ ਬਾਬਤ ਜੋ ਇਨਾਮ ਸਾਡੇ ਲੋਕਾਂ ਨੂੰ ਮਿਲਿਆ ਹੈ ਉਸ ਦੀ ਲਿਖਤ ਵੀ ਇਸ ਦਾਸ ਦੇ ਹਿਸਾਬ ਨਾਲ ਪਹੁੰਚਣੀ ਚਾਹੀਦੀ ਹੈ। ਇਸ ਵਾਸਤੇ ਅਰਜ਼ ਕੀਤਾ ਹੈ ਕਿ :-

ਸਾਰੇ ਕੂਕਿਆਂ 'ਚੋਂ ਬਾਕੀ ਰਹਿੰਦੇ 16 ਕੂਕਿਆਂ ਦੀ ਪੇਸ਼ੀ ਕੱਲ ਹੋਈ ਸੀ। ਸਾਹਿਬ ਬਹਾਦੁਰ ਨੇ ਸ਼ਾਮ ਵੇਲੇ ਉਨ੍ਹਾਂ ਨੂੰ ਵੀ ਫ਼ੌਜ 'ਚ ਭੇਜ ਕੇ ਤੋਪ ਨਾਲ ਉਡਾ ਦਿੱਤਾ ਅਤੇ ਸਾਹਿਬ ਬਹਾਦੁਰ ਉੱਥੋਂ ਸਿੱਧੇ ਸਿਕੰਦਰ ਅਲੀ ਖ਼ਾਨ ਸਾਹਿਬ ਦੇ ਮਕਾਨ 'ਤੇ ਤਸ਼ਰੀਫ਼ ਲੈ ਗਏ। ਸਾਹਿਬ ਕਮਿਸ਼ਨਰ ਬਹਾਦੁਰ, ਸਾਹਿਬ ਡਿਪਟੀ ਕਮਿਸ਼ਨਰ ਲੁਧਿਆਣਾ, ਕਰਨੈਲ ਸਾਹਿਬ ਤੇ ਸਾਹਿਬ ਸੁਪਰਡੈਂਟ ਪੁਲਿਸ ਤਾਂ ਮੁੱਹਸਿਲ ਸਾਹਿਬ ਦੇ ਮਕਾਨ ਵਿੱਚ ਤਸ਼ਰੀਫ਼ ਲੈ ਗਏ। ਅਸੀਂ ਲੋਕ ਰਿਆਸਤ ਨਾਭਾ ਤੇ ਜੀਂਦ ਦੇ ਅਹਿਲਕਾਰਾਂ ਸਮੇਤ ਇਸ ਖ਼ਿਆਲ ਨਾਲ ਹਾਥੀਆਂ 'ਤੇ ਹੀ ਬੈਠੇ ਕਿ ਰਈਸ ਜੀਵਤ ਨਹੀਂ ਤੇ ਅਜੇ ਤੱਕ ਕੋਈ ਕਾਇਮ ਮੁਕਾਮ (ਵਲੀ ਅਹਿਦ) ਮੁੱਕਰਰ ਨਹੀਂ ਹੋਇਆ ਹੈ ਤੇ ਇਹ ਮਾਮਲਾ ਅਹਿਲਕਾਰਾਂ ਦਾ ਹੈ। ਰੱਬ ਜਾਣੇ ਕਿ ਉਨ੍ਹਾਂ ਦੇ ਕੀ ਵਿਚਾਰ ਹੋਣਗੇ।

ਥੋੜ੍ਹੀ ਦੇਰ ਬਾਅਦ ਸਰਕਾਰ ਦਾ ਵਕੀਲ ਸੱਯਦ ਅਹਿਮਦ ਹਸਨ, ਜਿਹੜਾ ਸਾਹਿਬ ਬਹਾਦੁਰ ਦੇ ਨਾਲ ਗਿਆ ਸੀ, ਨੇ ਸਾਨੂੰ ਇਹ ਕਹਾ ਭੇਜਿਆ ਕਿ ਰੁਪਿਆਂ ਦੀਆਂ ਛੇ ਸੱਤ ਥੈਲੀਆਂ, ਜਿਨ੍ਹਾਂ ਵਿੱਚੋਂ ਕਿਸੇ 'ਚ ਘੱਟ ਤੇ ਕਿਸੇ 'ਚ ਵੱਧ ਰੁਪਏ ਹਨ, ਸਾਹਿਬ ਕਮਿਸ਼ਨਰ ਬਹਾਦੁਰ ਨੇ ਮੰਗਵਾਈਆਂ ਹਨ। ਸ਼ਾਇਦ ਇਹ ਰੁਪਏ ਤੁਹਾਨੂੰ ਦਿੱਤੇ ਜਾਣ। ਮੈਂ ਤੇ ਨਾਜ਼ਿਮ ਸਾਹਿਬ ਇਹ ਗੱਲ ਸੁਣ ਕੇ ਆਪਣੇ ਡੇਰੇ ਨੂੰ ਰਵਾਨਾ ਹੋ ਗਏ। ਸਾਹਿਬ ਬਹਾਦੁਰ ਨੇ ਮੈਨੂੰ ਤੇ ਨਾਜ਼ਿਮ ਸਾਹਿਬ ਨੂੰ ਤਲਬ ਕੀਤਾ। ਇਤਲਾਹ ਮਿਲਣ ਉਪ੍ਰੰਤ ਅਸੀਂ ਵਾਪਸ ਚਲੇ ਆਏ। ਪਰੰਤੂ ਸਾਹਿਬ ਬਹਾਦੁਰ ਉਸ ਥਾਂ ਸਾਡੀ ਗ਼ੈਰ ਹਾਜ਼ਿਰੀ ਬਾਰੇ ਸੁਣ ਕੇ ਖ਼ਫ਼ਾ ਹੋ ਗਏ ਸਨ। ਰਸਤੇ 'ਚ ਮੈਂ ਉਨ੍ਹਾਂ ਨੂੰ ਸਲਾਮ ਬੁਲਾਈ ਪਰ ਉਨ੍ਹਾਂ ਨੇ ਕੋਈ ਜਵਾਬ ਨਾ ਦਿੱਤਾ। ਕੋਠੀ 'ਤੇ ਪੁੱਜ ਕੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਲੁਧਿਆਣਾ ਫ਼ਰਮਾਉਣ ਲੱਗੇ ਕਿ ਤੂੰ ਉੱਥੇ ਕਿਉਂ ਨਹੀਂ ਰਿਹਾ ਸੀ ? ਮੈਂ ਬੇਨਤੀ ਕੀਤੀ ਕਿ ਕੋਟਲਾ ਵਾਲਿਆਂ ਨਾਲ ਤੇ ਸਾਡਾ ਭਰਾਵਾਂ ਵਾਲਾ ਤਅੱਲੁਕ ਹੈ, ਜੇ ਉਹ ਬੁਲਾਉਂਦੇ ਤਾਂ ਸਾਡਾ ਜਾਣਾ ਸ਼ੋਭਦਾ ਸੀ।

ਫਿਰ ਮੀਰ ਅਹਿਮਦ ਹਸਨ ਵਕੀਲ ਨੂੰ ਹੁਕਮ ਦਿੱਤਾ ਕਿ ਤੁਸੀਂ ਇੱਕ ਘੰਟੇ ਮਗਰੋਂ ਉਨ੍ਹਾਂ ਲੋਕਾਂ ਨੂੰ ਹਾਜ਼ਿਰ ਕਰੋ, ਜਿੰਨ੍ਹਾਂ ਵਲੋਂ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਅੱਵਲ ਦਰਜੇ ਦੀ ਕਾਰਵਾਈ ਕੀਤੀ ਗਈ ਹੈ ਅਤੇ ਆਪਣੀ ਰਿਆਸਤ ਦੇ ਸਾਰੇ ਅਹਿਲਕਾਰਾਂ ਨੂੰ ਵੀ ਹਾਜ਼ਿਰ ਕਰੋ।

ਸੋ ਸਾਹਿਬ ਸਿੰਘ ਮੁਹੱਸਿਲ ਦੇ ਮਕਾਨ 'ਤੋਂ ਇਹ ਰੁਪਿਆ ਮੰਗਵਾਇਆ ਗਿਆ ਅਤੇ ਨਾਲੇ ਉਨ੍ਹਾਂ ਤੇ ਤੋਸ਼ਾਖ਼ਾਨੇ ਤੋਂ। ਇਹ ਗੱਲ ਧੁੰਮ ਗਈ ਕਿ ਇਹ ਇਨਾਮ ਨਵਾਬ ਸਾਹਿਬ ਵਲੋਂ ਦਿੱਤਾ ਜਾਵੇਗਾ। ਹਕੂਮਤ ਦੇ ਘਰ ਦੇ ਨਮਕ ਖ਼ਾਹਾਂ (ਲੂਣ ਖਾਣ ਵਾਲਿਆਂ) ਨੂੰ ਇਸ ਇਨਾਮ ਦਾ ਲੈਣਾ ਕਾਫ਼ੀ ਸ਼ੱਕੀ ਲੱਗਿਆ। ਵਿਸ਼ੇਸ਼ ਤੌਰ 'ਤੇ ਇਸ ਦਾਸ ਨੇ ਇਹ ਕਿਹਾ ਕਿ ਮੈਨੂੰ ਇਹ ਇਨਾਮ ਲੈਣਾ ਕਦੰਤ ਮੰਨਜ਼ੂਰ ਨਹੀਂ ਤੇ ਮੈਂ ਨਹੀਂ ਲਵਾਂਗਾ। ਸਾਰੇ ਅਹਿਲਕਾਰਾਂ ਦੀ ਇਹ ਸਲਾਹ ਬਣੀ ਕਿ ਸਾਨੂੰ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਕੋਲ ਉਜ਼ਰ ਕਰਨਾ ਚਾਹੀਦਾ ਹੈ। ਸੋ ਸੱਯਦ ਅਹਿਮਦ ਹਸਨ ਵਕੀਲ ਨੂੰ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਭੇਜਿਆ ਗਿਆ। ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੇ ਇਹ ਫ਼ਰਮਾਇਆ ਕਿ ਅਸੀਂ ਸਾਹਿਬ ਕਮਿਸ਼ਨਰ ਬਹਾਦੁਰ ਦੇ ਮਾਮਲਿਆਂ 'ਚ ਦਖ਼ਲ ਨਹੀਂ ਦਿੰਦੇ ਕਿਉਂਕਿ ਸਾਹਿਬ ਤੇਜ਼ ਤਬੀਅਤ ਹਨ ਤੇ ਭੜਕ ਜਾਣਗੇ। ਤੁਹਾਨੂੰ ਇਖ਼ਤਿਆਰ ਹੈ, ਜੇ ਇਨਾਮ ਨਹੀਂ ਲੈਣਾ ਤਾਂ ਜਵਾਬ ਦੇ ਦਿਓ। ਜਦੋਂ ਵਕੀਲ ਨੇ ਉੱਤਰ ਦਿੱਤਾ ਤਾਂ ਸਾਰਿਆਂ ਦੀ ਰਾਏ ਬਣੀ ਕਿ ਭਾਵੇ ਕੁਝ ਵੀ ਹੋਵੇ ਸਾਹਿਬ ਕਮਿਸ਼ਨਰ ਬਹਾਦੁਰ ਕੋਲ ਉਜ਼ਰ ਕਰਨਾ ਚਾਹੀਦਾ ਹੈ।

---

ਸੋ ਮੀਰ ਅਹਿਮਦ ਹਸਨ ਵਕੀਲ ਨੂੰ ਭੇਜਿਆ ਗਿਆ ਜਦੋਂ ਸਾਹਿਬ ਕਮਿਸ਼ਨਰ ਬਹਾਦੁਰ ਦੇ ਕਿਸੇ ਮੁਲਾਜ਼ਿਮ ਨੇ ਸਾਹਿਬ ਬਹਾਦੁਰ ਕੋਲ ਬੇਨਤੀ ਨਾ ਕੀਤੀ ਤਾਂ ਮਜਬੂਰ ਹੋ ਕੇ ਵਕੀਲ ਸਾਹਿਬ ਨੇ ਸਾਹਿਬ ਡਿਸਟਰਿਕਟ ਸੁਪਰਡੈਂਟ ਜ਼ਿਲ੍ਹਾ ਲੁਧਿਆਣਾ ਰਾਹੀਂ ਆਪਣੀ ਬੇਨਤੀ ਪਹੁੰਚਾਈ। ਸਾਹਿਬ ਬਹਾਦੁਰ ਨੇ ਅਹਿਲਕਾਰਾਂ ਦੀ ਬੇਨਤੀ ਦਾ ਜਵਾਬ ਦਿੱਤਾ ਕਿ " ਅਸੀਂ ਨਹੀਂ ਮਿਲਦੇ " । ਅਸੀਂ ਮਜਬੂਰ ਲੋਕ ਸਮਝ ਗਏ ਅਤੇ ਇਹ ਗੱਲ ਤੈਅ ਪਾਈ ਕਿ ਹੁਣ ਦਰਬਾਰ ਵਿੱਚ ਉਜ਼ਰ ਕਰਨਾ ਠੀਕ ਨਹੀਂ ਕਿਉਂਕਿ ਸਾਹਿਬ ਬਹਾਦੁਰ ਗੁੱਸੇ ਹੋ ਜਾਣਗੇ।

ਮੁਕਦੀ ਗੱਲ ਅਸੀਂ ਸਾਰੇ ਲੋਕ ਦਰਬਾਰ ਵਿੱਚ ਬੁਲਾਏ ਗਏ ਅਤੇ ਰਿਆਸਤ ਕੋਟਲਾ, ਸਰਕਾਰ ਜੀਂਦ ਤੇ ਸਰਕਾਰ ਨਾਭਾ ਦੇ ਅਹਿਲਕਾਰ ਤੇ ਅੰਗਰੇਜ਼ੀ ਮੁਲਾਜ਼ਿਮ ਵੀ । ਮੁਹੱਸਿਲ ਮੁਹੰਮਦ ਇਬਰਾਹੀਮ ਅਲੀ ਖ਼ਾਨ ਰਈਸ ਕੋਟਲਾ ਵੀ ਤਲਬ ਕੀਤੇ ਗਏ। ਉਹ ਵੀ ਤਸ਼ਰੀਫ਼ ਲੈ ਆਏ।

ਪਹਿਲਾਂ ਤਾਂ ਸਾਹਿਬ ਬਹਾਦੁਰ ਨੇ ਕੁਰਸੀ ਤੋਂ ਉਠ ਕੇ ਇੱਕ ਬਹੁਤ ਲੰਬੀ ਚੌੜੀ ਸਪੀਚ ਦਿੱਤੀ ਜਿਸ ਵਿੱਚ ਵਾਰ ਵਾਰ ਇਹੋ ਫ਼ਰਮਾਉਂਦੇ ਸਨ " ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਨੇ ਅੰਗਰੇਜ਼ੀ ਗੌਰਮਿੰਟ ਨਾਲ ਉਹ ਉਹ ਸਲੂਕ ਕੀਤੇ ਹਨ ਜਿਨ੍ਹਾਂ ਦਾ ਬਿਆਨ ਸਾਡੇ ਤੋਂ ਨਹੀਂ ਹੋ ਸਕਦਾ। ਸੰਨ 1857 ਈ: ਦੇ ਦੰਗਾ ਫ਼ਸਾਦ ਦੀ ਮਦਦ ਅੰਗਰੇਜ਼ੀ ਸਰਕਾਰ ਕਿਵੇਂ ਭੁੱਲ ਸਕਦੀ ਹੈ ਅਤੇ ਲਾਹੌਰ ਦੇ ਇਸ ਦੰਗੇ ਫ਼ਸਾਦ ਨੂੰ ਵੀ ਰਾਏਕੋਟ ਦੇ ਮੁਕੱਦਮੇਂ ਵਿੱਚ ਉਨ੍ਹਾਂ ਦੇ ਵਕੀਲ ਅਹਿਮਦ ਹਸਨ ਨੇ ਕਿਸ ਕਦਰ ਜਾਨ ਜੋਖ਼ਮ 'ਚ ਪਾ ਕੇ ਸੱਤ ਮੁਜ਼ਰਿਮਾਂ ਨੂੰ ਗ੍ਰਿਫ਼ਤਾਰ ਕੀਤਾ। ਹੁਣ ਇਹ ਦੁਰਘਟਣਾ ਅਜਿਹੀ ਵਾਪਰੀ ਸੀ ਕਿ ਜਿਹੜੀ ਲਾ ਮਿਸਾਲ ਹੈ। ਅੰਗਰੇਜ਼ੀ ਗੌਰਮਿੰਟ ਬਹੁਤ ਧੰਨਵਾਦੀ ਹੈ ਮਹਾਰਾਜਾ ਸਾਹਿਬ ਬਹਾਦੁਰ ਦੀ ਕਿਉਂਕਿ ਇਸ ਫ਼ਸਾਦ ਦੇ ਮੁਜ਼ਰਿਮ ਵੀ ਉਨ੍ਹਾਂ ਦੇ ਮੁਲਾਜ਼ਿਮਾਂ ਦੇ ਹੱਥੋਂ ਫੜੇ ਜਾ ਕੇ ਤੋਪ ਨਾਲ ਉਡਾਏ ਗਏ।" ਸਾਹਿਬ ਬਹਾਦੁਰ ਬਾਰ ਬਾਰ ਇਸ ਦਾਸ ਦਾ ਨਾਮ ਲੈ ਕੇ ਪ੍ਰਸ਼ੰਸਾ ਕਰਦੇ ਸਨ।

ਫਿਰ ਲਾਲਾ ਤਿਪਰ ਚੰਦ ਸਾਹਿਬ ਨਾਜ਼ਿਮ ਅਮਰਗੜ੍ਹ ਨੇ ਇੱਕ ਸਪੀਚ ਰਾਹੀਂ ਸ਼ੁਕਰੀਆ ਅਦਾ ਕੀਤਾ। ਦੋਨਾਂ ਸਪੀਚਾਂ ਦਾ ਵੇਰਵੇ ਸਹਿਤ ਹਾਲ ਨਾਜ਼ਿਮ ਸਾਹਿਬ ਦੀ ਅੱਜ ਦੀ ਲਿਖਤ ਵਿੱਚ ਦਰਜ ਹੈ ਜਿਸ ਦੀ ਵਿਆਖਿਆ ਦੀ ਜ਼ਰੂਰਤ ਨਹੀਂ। ਸਾਹਿਬ ਬਹਾਦੁਰ ਨੇ ਅਹੁਦੇ ਮੁਤਾਬਿਕ ਹੇਠ ਲਿਖੇ ਵੇਰਵੇ ਅਨੁਸਾਰ ਇਨਾਮ ਤੇ ਰੁਪਏ ਬਖ਼ਸ਼ੇ :-

| ਨਾਂ | ਇਨਾਮ |
|---|---|
| ਨਾਇਬ ਨਾਜ਼ਿਮ ਸਮੇਤ ਇਸ ਦਾਸ ਦੇ | 1000/- |
| ਸਰਦਾਰ ਪੰਜਾਬ ਸਿੰਘ ਰਾਏਪੁਰੀਆ | 300/- |
| ਮਸਤਾਨ ਅਲੀ ਮੁਹੱਰਿਰ ਫ਼ੌਜਦਾਰੀ | 100/- |
| ਪੰਜਾਬ ਸਿੰਘ ਰਾਏਪੁਰੀਏ ਦਾ ਭਰਾ ਪਰਤਾਪ ਸਿੰਘ | 50/- |
| ਉੱਤਮ ਸਿੰਘ | 50/- |
| ਰਤਨ ਸਿੰਘ | 50/- |
| ਗੁਲਾਬ ਸਿੰਘ ਚੋਬਦਾਰ ਜ਼ਿਲ੍ਹਾ ਸ਼ੇਰਪੁਰ | 50/- |
| ਜੈਮਲ ਸਿੰਘ ਮੁਖ਼ਬਿਰ | 200/- |
| ਤੋਪਾਂ ਦੇ ਗੋਲੇ ਦਾਗਣ ਵਾਲੇ ਤੋਪਚੀ | 100/- |

ਜਦੋਂ ਮੈਨੂੰ ਇਨਾਮ ਦੇ ਰੁਪਏ ਤਾਂ ਬਖ਼ਸ਼ੇ ਗਏ ਤਾਂ ਮੈਂ ਸਾਹਿਬ ਬਹਾਦੁਰ ਦਾ ਇਨ੍ਹਾਂ ਸ਼ਬਦਾ ਨਾਲ ਸ਼ੁਕਰੀਆ ਅਦਾ ਕੀਤਾ ਕਿ 'ਹਜ਼ੂਰ ਨੇ ਮੇਰੀ ਇਸ ਕਦਰ, ਕਦਰ ਕੀਤੀ ਹੈ ਤੇ ਇੱਜ਼ਤ ਵਧਾਈ ਹੈ ਕਿ ਮੈਂ ਇਸ ਦਾ ਸ਼ੁਕਰੀਆ ਅਦਾ ਨਹੀਂ ਕਰ ਸਕਦਾ। ਮੈਥੋਂ ਜੋ ਕੁਝ ਹੋਇਆ ਇਹ ਸਾਡੇ ' ਨਿਆਮਤਾਂ ਦੇ ਮਾਲਿਕ ' ਸ੍ਰੀ ਮਹਾਰਾਜਾ ਸਾਹਿਬ ਬਹਾਦੁਰ (ਉਨ੍ਹਾਂ ਦੀ ਹਮੇਸ਼ਾ ਚੜਦੀ ਕਲਾ ਰਵ੍ਹੇ !) ਦੇ ਤੇਜ ਪਰਤਾਪ ਦੀ ਖ਼ੂਬੀ ਹੈ।"

# ਲੁਕਿਆ ਸੱਚ

---

ਫਿਰ ਸਾਹਿਬ ਬਹਾਦੁਰ ਨੇ ਸਰਕਾਰਾਂ ਦੇ ਅਹਿਲਕਾਰਾਂ ਨੂੰ ਸਨਮਾਨ-ਪੱਤਰ ਬਖ਼ਸ਼ੇ ਅਤੇ ਹਜ਼ੂਰ (ਤੁਹਾਡਾ) ਦਾ ਸਨਮਾਨ-ਪੱਤਰ ਲਾਲਾ ਤਿਪਰ ਚੰਦ ਨੂੰ ਦਿੱਤਾ ਜਿਹੜਾ ਉਨ੍ਹਾਂ ਨੇ ਹਜ਼ੂਰ ਵੱਲ ਭੇਜਿਆ ਹੈ ਤੇ ਪੁੱਜ ਜਾਵੇਗਾ। ਇੱਕ ਚਿੱਠੀ ਜਿਹੜੀ ਕੁਝ ਸਮਾਂ ਮਗਰੋਂ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੇ ਭੇਜੀ ਹੈ ਉਹ ਵੀ ਰਵਾਨਾ ਕੀਤੀ ਗਈ ਹੈ।

ਅੱਜ ਕੋਈ ਇੱਕ ਵਜੇ ਸਾਹਿਬ ਬਹਾਦੁਰ, ਮਲੌਦ ਨੂੰ ਤਸ਼ਰੀਫ਼ ਲੈ ਜਾਣਗੇ। ਕਮਿਸ਼ਨਰੀ ਦੇ ਵਕੀਲ ਮੀਰ ਨਿਸਾਰ ਅਲੀ ਸਾਹਿਬ ਵੀ ਆ ਗਏ ਸਨ। ਉਹ ਵੀ ਸਾਹਿਬ ਬਹਾਦੁਰ ਦੇ ਨਾਲ ਹੀ ਗਏ ਅਤੇ ਮੀਰ ਅਹਿਮਦ ਹਸਨ ਵਕੀਲ ਵੀ । ਤਸ਼ਰੀਫ਼ ਲੈ ਜਾਣ ਸਮੇਂ ਸਾਹਿਬ ਬਹਾਦੁਰ ਨੇ ਸਾਡੇ ਲੋਕਾਂ ਨੂੰ ਥਾਪੀ ਦਿੱਤੀ ਅਤੇ ਸਾਨੂੰ ਖਿੜੇ ਮੱਥੇ ਵਿਦਾ ਕੀਤਾ।

ਲਾਲਾ ਗਿਰਧਾਰੀ ਲਾਲ ਸਾਹਿਬ ਮਦਰੱਸਿਆ ਦੇ ਇੰਨਸਪੈਕਟਰ, ਲਾਲਾ ਸ਼ਮੀਰ ਦਾਸ ਨਾਇਬ ਨਾਜ਼ਿਮ ਅਨਾਹਦਗੜ੍ਹ, ਮੈਂ ਤੇ ਨਾਜ਼ਿਮ ਸਾਹਿਬ ਅਨਾਹਦਗੜ੍ਹ ਨੂੰ ਚਲੇ ਗਏ। ਫ਼ੌਜ ਦਾ ਡੇਰਾ ਅੱਜ ਅਮਰਗੜ੍ਹ ਵਿਖੇ ਹੈ ਇਸ ਲਈ ਮੈਂ ਅਮਰਗੜ੍ਹ ਪੁੱਜਾ। ਕੱਲ ਸਵੇਰੇ ਸ਼ੇਰਪੁਰ ਨੂੰ ਰਵਾਨਾ ਹੋਵਾਂਗਾ ਕਿਉਂਕਿ ਨਾਇਬ ਨਾਜ਼ਿਮ ਦਾ ਦਫ਼ਤਰ ਉੱਥੇ ਹੈ।

ਜ਼ਿਆਦਾ ਲਿਖਣਾ ਅਦਬ ਆਦਾਬ ਦੀ ਹੱਦ ਟੱਪਣ ਸਮਾਨ ਹੈ।
ਹਕੂਮਤ ਦਾ ਤੇਜ ਪਰਤਾਪ ਹਮੇਸ਼ਾ ਚਮਕਦਾ ਰਵ੍ਹੇ !

ਦਾਸ

19 ਜਨਵਰੀ ਸੰਨ 1872 ਈ: ਸਮਾਂ ਰਾਤ

ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ,
ਸਥਾਨ ਅਮਰਗੜ੍ਹ।

---

**ਲਾਲਾ ਤਿਪਰ ਚੰਦ ਨਾਜ਼ਿਮ ਦੀ ਤਜਵੀਜ਼ ਨਾਲ ਮਹਿਕਮਾਂ ਫ਼ੌਜਦਾਰੀ ਨਿਜ਼ਾਮਤ ਜ਼ਿਲ੍ਹਾ ਅਮਰਗੜ੍ਹ ਦੀ ਰੋਬਕਾਰ ਮਿਤੀ 25 ਮਾਘ ਸੰਮਤ 1928.**

**ਮਲੌਂਦ ਤੇ ਕੋਟਲਾ ਮਾਲੇਰ ਵਿਖੇ ਕੂਕਾ ਫ਼ਿਰਕੇ ਦੇ ਫ਼ਸਾਦ ਪਾਉਣ ਦੇ ਮੁਕੱਦਮੇ ਸੰਬੰਧੀ।**

ਇਸ ਮੁਕੱਦਮੇ ਵਿੱਚ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਵੱਲੋਂ ਤਜਵੀਜ਼ ਕੀਤੀ ਨਿਆਬਤ ਦੀ ਰੋਬਕਾਰ ਪੁੱਜੀ ਤੇ ਵਾਚੀ ਗਈ। ਇਸ ਰੋਬਕਾਰ ਰਾਹੀਂ ਇਹ ਇਤਲਾਹ ਦਿੱਤੀ ਗਈ ਸੀ ਕਿ **ਸ੍ਰੀ ਮਤੀ ਖੇਮੋਂ (ਪਤਨੀ ਸੁੱਖਾ ਸਿੰਘ /ਗੁਰਸਾ ਸਿੰਘ ਜ਼ਿਮੀਂਦਾਰ) ਦਿੱਤੂਪੁਰਾ** ਇਲਾਕਾ ਸਰਕਾਰ ਪਟਿਆਲਾ) ਨੂੰ, ਅਦਾਲਤ ਸਰਕਾਰ ਨਾਭਾ ਵਿੱਚ ਭੇਜ ਦਿੱਤਾ ਗਿਆ ਅਤੇ ਇਹ ਔਰਤ ਉਨ੍ਹਾਂ 68 ਕੂਕਿਆਂ ’ਚੋਂ ਹੈ ਜਿਹੜੇ ਰੜ੍ਹ ਵਿਖੇ ਗ੍ਰਿਫ਼ਤਾਰ ਹੋ ਕੇ ਮਲੇਰਕੋਟਲਾ ਵਿਖੇ ਤੋਪ ਨਾਲ ਉਡਾਏ ਗਏ ਸਨ। ਇਸ ਖ਼ਿਆਲ ਨਾਲ ਕਿ ਇਸ ਦੀ ਰਿਹਾਇਸ਼ ਦਿੱਤੂਪੁਰ ਤਾਅੱਲੁਕਾ ਚਨਾਰਥਲ (ਪਟਿਆਲਾ) ’ਚ ਹੈ, ਵਕੀਲ ਰਾਹੀਂ ਇਸ ਅਦਾਲਤ ਦੇ ਸਪੁਰਦ ਹੋਈ। ਉਸ ਤੇ ਦੱਸਣ ਤੋਂ ਸਾਬਿਤ ਹੋਇਆ ਕਿ ਇਹ ਇਲਾਕਾ ਨਾਭਾ ਦਾ ਹੈ। ਇਸ ਲਈ ਇਹ ਔਰਤ ਅਦਾਲਤ ਨਾਭਾ ’ਚ ਭੇਜੀ ਗਈ।

ਇਸ ਮੁਜ਼ਰਿਮ ਔਰਤ ਦਾ ਬਿਨਾਂ ਸਾਬਿਤ ਹੋਏ ਤੇ ਬਗੈਰ ਇਸ ਮਹਿਕਮੇਂ ਤੇ ਮੁਖ ਅਦਾਲਤ ਦੇ ਰਾਹੀਂ, ਅਦਾਲਤ ਸਰਕਾਰ ਨਾਭਾ ਦੇ ਸਪੁਰਦ ਹੋਣਾ ਅਤਿਅੰਤ ਹੀ ਬੇਜਾ ਤੇ ਕਾਇਦੇ ਦੇ ਵਿਰੁੱਧ ਹੋਇਆ। ਨਾਇਬ ਨਾਜ਼ਿਮ ਸਾਹਿਬ ਨੂੰ ਇਹ ਇਖਤਿਆਰ ਹਾਸਿਲ ਨਹੀਂ ਹਨ ਕਿ ਉਹ ਆਪਣੇ ਹੁਕਮ ਰਾਹੀਂ ਅਜਿਹੇ ਮੁਜ਼ਰਿਮ ਨੂੰ ਬੇਗਾਨੀ ਅਦਾਲਤ ਦੇ ਸਪੁਰਦ ਕਰਨ ਬਲਕਿ ਇਹ ਮਹਿਕਮਾਂ ਵੀ ਅਜਿਹਾ ਨਹੀਂ ਕਰ ਸਕਦਾ ਪਰ ਕਿਉਂਕਿ ਹੁਣ ਇਹ ਤਾਮੀਲ ਹੋ ਚੁੱਕੀ ਹੈ ਇਸ ਲਈ ਅੱਗੋਂ ਨੂੰ ਚੌਕਸ ਰਹਿਣਾ ਵਾਜਿਬ ਹੈ।

**ਇਸ ਲਈ ਹੁਕਮ ਹੋਇਆ ਕਿ**

ਨਾਇਬ ਨਾਜ਼ਿਮ ਨੂੰ ਸੂਚਿਤ ਕੀਤਾ ਜਾਵੇ ਕਿ ਉਹ ਅੱਗੋਂ ਨੂੰ ਇਸ ਤਰ੍ਹਾਂ ਕਾਇਦੇ ਦੇ ਖਿਲਾਫ਼ ਕੰਮ ਨਾ ਕਰਿਆ ਕਰਨ ਅਤੇ ਦੂਜੇ ਨਾਇਬ ਸਾਹਿਬ ਨੂੰ ਇਸ ਗੱਲ ਤੋਂ ਸੂਚਿਤ ਕੀਤਾ ਜਾਵੇ। ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨਾ ਤੇ ਮੁੱਖ ਅਦਾਲਤ ਵਿੱਚ ਵੇਰਵੇ ਸਹਿਤ ਇਤਲਾਹ ਦੇ ਕੇ ਬੇਨਤੀ ਕੀਤੀ ਜਾਵੇ ਕਿ ਇਹ ਗੱਲ ਕਾਇਦੇ ਦੇ ਖਿਲਾਫ਼ ਹੁਣ ਜੋ ਹੋ ਚੁੱਕੀ ਹੈ ਇਸ ਸੰਬੰਧੀ ਸਾਡੀ ਮਜਬੂਰੀ ਹੈ। ਨਾਇਬ ਨਾਜ਼ਿਮਾਂ ਨੂੰ ਅੱਗੋਂ ਵਾਸਤੇ ਇਹਤਿਆਤ ਰੱਖਣ ਵਾਸਤੇ ਇਤਲਾਹ ਦੇ ਦਿੱਤੀ ਗਈ ਹੈ।

* ਇਹ ਪਿੰਡ ਦਿੱਤੂਪੁਰ ਜੱਟਾਂ ਪਹਿਲਾਂ ਰਿਆਸਤ ਨਾਭਾ ਵਿਚ ਸੀ ਅਮਰਗੜ੍ਹ ਕੋਲ, ਅੱਜ ਕੱਲ ਪਟਿਆਲਾ ਵਿਚ ਹੈ।

# 13. ਸ਼ੇਰਪੁਰ ਤੋਂ ਗ੍ਰਿਫਤਾਰ ਕੀਤੇ ਗਏ ਜੱਥੇ ਦੇ ਹਥਿਆਰਾਂ ਕੱਪੜਿਆਂ ਅਤੇ ਫੁੱਟਕਲ ਸਮਾਨ ਦੀ ਸੂਚੀ

**ਉਨ੍ਹਾਂ ਫ਼ਸਾਦੀ ਕੂਕਿਆਂ ਦੇ ਹਥਿਆਰਾਂ ਤੇ ਫ਼ੁਟਕਲ ਸਾਮਾਨ ਦੀ ਫ਼ਰਦ ਜਿਹੜੇ ਪਿੰਡ ਰੜ ਤੋਂ 4 ਮਾਘ 1928 ਮੁਤਾਬਿਕ 15 ਜਨਵਰੀ 1872 ਈਃ ਨੂੰ ਗ੍ਰਿਫ਼ਤਾਰ ਹੋਏ।**

ਕੁੱਲ 42 ਹਥਿਆਰ

| | |
|---|---|
| ਮਿਆਨਾਂ ਤੋਂ ਬਿਨਾਂ ਖ਼ੂਨ ਨਾਲ ਲੱਥ ਪੱਥ ਨੰਗੀਆਂ ਤਲਵਾਰਾਂ | 8 ਨਗ (ਮੁੱਠਿਆਂ ਵਾਲੀਆਂ 6, ਮੁੱਠਿਆਂ ਤੋਂ ਬਿਨਾਂ 2) |
| ਮਿਆਨਾਂ ਸਮੇਤ ਖ਼ੂਨ ਨਾਲ ਲੱਥ ਪੱਥ ਤਲਵਾਰਾਂ | 8 ਨਗ ( ਲੋਹੇ ਦੇ ਮੁੱਠੇ ਵਾਲੀਆਂ 7, ਸੁਨਹਿਰੀ ਮੁੱਠੇ ਵਾਲੀ 1 ) |
| ਸੰਗੀਨ ਬੰਦੂਕਾਂ | 1 |
| ਖ਼ੂਨ ਨਾਲ ਲੱਥ ਪੱਥ ਟਾਕੂਏ | 9 ਨਗ |
| ਲੋਹੇ ਦਾ ਵੱਡਾ ਕੁਹਾੜਾ ਖ਼ੂਨ ਨਾਲ ਲੱਥ ਪੱਥ | 1 |
| ਖ਼ੂਨ ਨਾਲ ਲੱਥ ਪੱਥ ਲੋਹੇ ਦੀ ਵੱਡੀ ਕੁਹਾੜੀ | 1 |
| ਗੰਡਾਸੇ | 2 |
| ਖ਼ੂਨ ਨਾਲ ਲੱਥ ਪੱਥ ਲੱਕੜ ਦੇ ਸੋਟੇ | 9 ਨਗ |
| ਲੋਹੇ ਦਾ ਤੇਸ਼ਾ | 1 |
| ਵੱਡਾ ਨੇਜ਼ਾ | 1 |
| ਲੋਹੇ ਦੀ ਲੜੀ | 1 |

18 ਜਨਵਰੀ ਸੰਨ 1872 ਈਃ ਨੂੰ ਇਹ ਹਥਿਆਰ ਵਸੂਲ ਹੋਏ।

ਇਨਾਯਤੁੱਲਾਹ ਮੁਹੱਰਿਰ ਰਿਆਸਤ ਕੋਟਲਾ,

---

**ਉਨ੍ਹਾਂ ਫਸਾਦੀ ਕੂਕਿਆਂ ਦੇ ਖ਼ੂਨ ਨਾਲ ਲੱਥ ਪੱਥ ਕੱਪੜਿਆਂ ਦੀ ਲਿਸਟ ਜਿਹੜੇ ਪਿੰਡ ਰੜ੍ਹ ਤੋਂ ਗ੍ਰਿਫਤਾਰ ਹੋਏ।**

**4 ਮਾਘ ਸੰਮਤ 1928 ਮੁਤਾਬਿਕ 15 ਜਨਵਰੀ ਸੰਨ 1872 ਈਃ ਨੂੰ**

ਕੁੱਲ 21 ਕੱਪੜੇ

| | |
|---|---|
| ਖ਼ੂਨ ਨਾਲ ਲਿਬੜੇ ਹੋਏ ਦੁੱਪਟੇ | 2 |
| ਖ਼ੂਨ ਨਾਲ ਲੱਥ ਪੱਥ ਲੀਰ | 1 |
| ਖ਼ੂਨ ਨਾਲ ਲੱਥ ਪੱਥ ਪਜਾਮਾ | 1 |
| ਕੱਛਾਹਿਰਾ ਖ਼ੂਨ ਨਾਲ ਲਿਬੜਿਆ ਹੋਇਆ | 1 |
| ਖ਼ੂਨ ਨਾਲ ਲੱਥ ਪੱਥ ਵਿਛੌਣਾ | 1 |
| ਖ਼ੂਨ ਨਾਲ ਲਿਬੜੀ ਚਾਦਰ | 1 |
| ਖ਼ੂਨ ਨਾਲ ਲਿਬੜੀ ਹੋਈ ਲੋਈ | 1 |
| ਖ਼ੂਨ ਨਾਲ ਲਿਬੜਿਆ ਸਾਫ਼ਾ | 1 |
| ਖ਼ੂਨ ਨਾਲ ਲਿਬੜਿਆ ਅੰਗੀਆ | 1 |
| ਖ਼ੂਨ ਨਾਲ ਲਿਬੜਿਆ ਹੋਇਆ ਕੁੜਤਾ | 1 |
| ਖ਼ੂਨ ਨਾਲ ਲਿਬੜਿਆ ਹੋਇਆ ਪਜਾਮਾ | 1 |
| ਖ਼ੂਨ ਨਾਲ ਲਿਬੜੀ ਚਾਦਰ | 1 |
| ਖ਼ੂਨ ਨਾਲ ਲੱਥ ਪੱਥ ਕੁੜਤਾ | 1 |
| ਖ਼ੂਨ ਨਾਲ ਲਿਬੜੀਆਂ ਚਾਦਰਾਂ | 2 |
| ਦੁਪੱਟਾ, ਪਜਾਮਾ ਤੇ ਕੁੜਤਾ ਜਿਨ੍ਹਾਂ ਉੱਤੇ ਖ਼ੂਨ ਦੇ ਧੱਬੇ ਹਨ | 3 |
| ਖ਼ੂਨ ਨਾਲ ਲਿਬੜੀ ਧੋਤੀ | 1 |
| ਬਿਨਾਂ ਖ਼ੂਨ ਲੱਗੇ ਗਲੀਮ (ਕੰਬਲੀ) | 1 |

ਸਾਰੀਆਂ ਚੀਜ਼ਾਂ ਵਸੂਲ ਹੋਈਆਂ ।

ਇਨਾਯਤੁੱਲਾਹ ਮੁਹੱਰਿਰ ਰਿਆਸਤ ਕੋਟਲਾ,

------------------------------------------------------------

**ਉਨ੍ਹਾਂ ਫ਼ਸਾਦੀ ਕੂਕਿਆਂ ਦੇ ਫ਼ੁਟਕਲ ਸਾਮਾਨ ਦੀ ਫ਼ਰਦ ਜਿਹੜੇ 4 ਮਾਘ ਸੰਮਤ 1928 ਮੁਤਾਬਿਕ 15 ਜਨਵਰੀ 1872 ਈ: ਨੂੰ ਪਿੰਡ ਰੜ ਤੋਂ ਗ੍ਰਿਫ਼ਤਾਰ ਹੋਏ।**

| | | | |
|---|---|---|---|
| ਲੋਹੇ ਦੇ ਵਲਟੋਹੇ | 2 | ਪਿੱਤਲ ਦਾ ਗੜਵਾ | 1 |
| ਪਿੱਤਲ ਦਾ ਗਲਾਸ | 1 | ਲੋਹੇ ਦਾ ਟੱਬ | 1 |
| ਲੋਹੇ ਦੀ ਬਾਟੀ | 1 | ਪੱਥਰ ਦੀ ਕੂੰਡੀ | 1 |
| ਪੋਥੀਆਂ ਗੁਰਮੁਖੀ | 4 | ਪਿੱਤਲ ਦਾ ਰੰਬਾ | 1 |
| ਲੱਕੜ ਦੇ ਬੋਹੀਏ | 2 ਜੋੜੀ | ਵਹੀ ਹਿਸਾਬ | 1 |
| ਲੱਕੜ ਦਾ ਡੱਬਾ | 1 | ਲੱਕੜ ਦਾ ਪਟੜਾ | 1 |
| ਗਿਲਾਫ਼ ਸਣੇ ਤਕੀਆ (ਸਿਰ੍ਹਾਣਾ) | 1 | ਗਮਲੇ | 2 |
| ਸਿਤਾਰ | 1 | ਕੋਟ ਬਾਨਾਤ ਸੁਰਖ | 1 |
| ਦੁੱਪਟੇ | 2 | ਘੜੀ | 1 |
| ਕੁੜਤੇ | 3 | ਸਾਫ਼ੇ | 2 |
| ਖੱਦਰ ਦੇ ਕੱਛੇ | 2 | ਆਸਣ ਸਫ਼ੈਦ | 2 |
| ਕੁੜਤਾ ਮਲਮਲ | 1 | ਜੁਰਾਬ | 1 ਜੋੜਾ |
| ਨਿਹੰਗਾਂ ਵਾਲੀ ਲੋਹੇ ਦੀ ਚਕਰੀ | 1 | ਕੁੜਤਾ ਲੱਠਾ | 1 |
| ਡੱਬੀ ਬਟਨ | 1 | ਪਜਾਮਾ ਲੱਠਾ | 1 |
| ਚਾਦਰ ਮਲਮਲ | 1 | ਸਾਫ਼ਾ | 1 |
| ਰੁਮਾਲ ਸਫ਼ੈਦ | 1 | ਪੁਰਾਣਾ ਰੁਮਾਲ | 1 |
| ਕੰਬਲੀ | 1 | | |

ਇਹ ਚੀਜ਼ਾਂ ਵਸੂਲ ਹੋਈਆਂ ।

ਇਨਾਯਤੁੱਲਾਹ ਮੁਹੱਰਿਰ ਰਿਆਸਤ ਕੋਟਲਾ,

# ਉਸ ਸਮਾਨ ਦੀ ਫ਼ਰਦ, ਜਿਹੜਾ ਨਾਜ਼ਿਮ ਸਾਹਿਬ ਨੇ ਪਿੰਡ ਰੜ ਤੋਂ ਕੂਕਿਆਂ ਨੂੰ ਗ੍ਰਿਫ਼ਤਾਰ ਕਰਕੇ ਨਾਲ ਹੀ ਭੇਜਿਆ ਸੀ।

| | | | |
|---|---|---|---|
| ਟਾਕੂਏ | 9 | ਛੋਟੀ ਕੁਹਾੜੀ | 1 |
| ਵੱਡੀ ਕੁਹਾੜੀ | 1 | ਲਕੜੀ ਦੇ ਸੋਟੇ | 7 |
| ਤੇਸ਼ਾ | 1 | ਲੋਹੇ ਦੀ ਆਰੀ | 1 |
| ਖ਼ੂਨ ਨਾਲ ਲੱਥ-ਪੱਥ ਕੱਪੜੇ | 21 | ਟੋਕਰਾ | 1 |
| ਪਿੱਤਲ ਦਾ ਗਿਲਾਸ | 1 | ਲੋਹੇ ਦੀ ਦਵਾਤ | 1 |
| ਦਵਾਤ ਲੋਹੇ ਦੀ ਛੋਟੀ | 1 | ਲੋਹੇ ਦਾ ਟੱਬ | 1 |
| ਤਸ਼ਤੱਰੀ | 1 | ਟੋਕਰੀ | 1 |
| ਪੋਥੀਆਂ ਗੁਰਮੁਖੀ | 4 | ਪਿੱਤਲ ਦੇ ਫਰੇਮ ਵਾਲਾ ਸ਼ੀਸ਼ਾ | 1 |
| ਲੱਕੜ ਦੇ ਪਊਏ (ਖੜਾਵਾਂ) | 2 ਜੋੜੀ | ਵਹੀ ਹਿਸਾਬ | 1 |
| ਲੱਕੜ ਦਾ ਡੱਬਾ | 1 | ਰੰਬਾ | 1 |
| ਕੱਛਾਹਿਰਾ ਸਮੇਤ ਕਮਰਬੰਦ | 1 | ਅੰਗਰੱਖਾ | 1 |
| ਦਸਤਾਰ | 1 | ਕੋਟ ਬਾਨਾਤ ਸੁਰਖ | 1 |
| ਦੁੱਪਟੇ | 2 | ਖੁਰਜੀ | 1 |
| ਕੁੜਤੇ | 3 | ਪਜਾਮਾ | 1 |
| ਟੁੱਟਿਆ ਹੋਇਆ ਟੀਨ ਦਾ ਛਾਬਾ | 1 | ਚਾਦਰ ਲਾਲ | 1 |
| ਰੁਮਾਲ ਸਫ਼ੈਦ | 1 | ਥੈਲੇ | 2 |
| ਕਪੜੇ ਦਾ ਝੋਲਾ | 1 | ਦਸਤਾਰ | 1 |
| ਕੱਪੜੇ ਦਾ ਥੈਲਾ | 1 | ਖੱਦਰ ਦੇ ਪੁਰਾਣੇ ਕੱਛਾਹਿਰੇ | 2 |
| ਕੱਪੜਾ, ਲੋਈਆਂ ਫਟੀਆਂ ਹੋਈਆਂ | 2 | ਲੋਹੇ ਦਾ ਤਗਾਰ | 1 |
| ਕੱਪੜਾ ਭੂਰਾ | 1 | ਦੱਪਟਾ ਮਲਮਲ | 2 |
| ਤਿੰਨ ਤੈਹਾਂ ਵਾਲਾ ਦੁੱਪਟਾ | 1 | ਪੋਥੀ | 1 |
| ਪੁਰਾਣਾ ਪਜਾਮਾ | 1 | | |

**ਦਾਸ ਦੇ ਸਤਿਕਾਰ ਯੋਗ ਤੇ ਖ਼ਿਦਮਤ ਯੋਗ ਸੱਯਦ ਮੁਹੰਮਦ ਹੁਸੈਨ ਸਾਹਿਬ ਮੀਰ ਮੁਨਸ਼ੀ, ਤੁਹਾਡਾ ਤੇਜ ਪਰਤਾਪ ਹਮੇਸ਼ਾ ਕਾਇਮ ਰਹੇ!**

ਨਿਮਰਤਾ ਸਹਿਤ ਅਦਬ ਆਦਾਬ ਅਰਜ਼ ਕਰਨ ਮਗਰੋਂ ਬੇਨਤੀ ਹੈ ਕਿ ਮਲੌਦ ਤੇ ਮਲੇਰ ਕੋਟਲਾ ਦੀ ਡਕੈਤੀ ਤੇ ਕਤਲੋਂ ਗ਼ਾਰਤ ਦੀ ਵਾਰਦਾਤ ਮਗਰੋਂ ਕੂਕਿਆਂ ਦੀ ਗ੍ਰਿਫ਼ਤਾਰੀ ਦੇ ਮੁੱਕਦਮੇ ਦਾ ਵੇਰਵੇ ਸਹਿਤ ਹਾਲ ਹਜ਼ੂਰ ਕੋਲ ਬਿਆਨ ਹੋ ਚੁੱਕਿਆ ਹੈ। ਜਿਹੜੇ ਹਥਿਆਰ, ਹੋਰ ਸਾਮਾਨ ਤੇ ਕੂਕਿਆਂ ਦੀ ਸਵਾਰੀ ਵਾਲੇ ਘੋੜੇ ਘੋੜੀਆਂ, ਜਿਹੜੇ ਗ੍ਰਿਫ਼ਤਾਰੀ ਸਮੇਂ ਕੂਕਿਆਂ ਪਾਸੋਂ ਲਏ ਗਏ ਸਨ ਉਹ ਸਾਹਿਬ ਬਹਾਦੁਰ ਦੇ ਪੇਸ਼ ਕੀਤੇ ਗਏ ਸਨ। ਸਾਹਿਬ ਬਹਾਦੁਰ ਨੇ ਖ਼ੂਨ ਨਾਲ ਲੱਥ ਪੱਥ ਨੰਗੀਆਂ ਤਲਵਾਰਾਂ ਆਦਿ ਹਥਿਆਰ ਵੇਖ ਕੇ ਹੁਕਮ ਦਿੱਤਾ ਕਿ ਇਹ ਹਥਿਆਰ ਰਿਆਸਤ ਕੋਟਲਾ ਤੇ ਮਲੌਦ ਦੇ ਕਾਰਿੰਦਿਆਂ ਦੇ ਸਪੁਰਦ ਕਰ ਦਿਉ। ਸੋ ਸਾਹਿਬ ਬਹਾਦੁਰ ਦੇ ਹੁਕਮ ਅਨੁਸਾਰ ਉਹ ਸਾਰੇ ਹਥਿਆਰ, ਸਾਮਾਨ ਤੇ ਕੁਝ ਘੋੜੇ ਘੋੜੀਆਂ ਰਿਆਸਤ ਕੋਟਲਾ ਤੇ ਮਲੌਦ ਦੇ ਕਾਰਕੁਨਾਂ ਨੂੰ ਦੇ ਦਿੱਤੇ ਗਏ ਜਿਨ੍ਹਾਂ ਦੇ ਵੇਰਵੇ ਪਹਿਲਾਂ ਭੇਜੇ ਨਹੀਂ ਗਏ ਸਨ, ਸੋ ਹੁਣ ਉਨ੍ਹਾਂ ਹਥਿਆਰਾਂ, ਹੋਰ ਸਾਮਾਨ ਤੇ ਘੋੜੇ ਘੋੜੀਆਂ, ਜਿਹੜੇ ਕੂਕਿਆਂ ਤੋਂ ਲਏ ਗਏ ਸਨ, ਦਾ ਵੇਰਵਾ ਇਸ ਬਿਨੈ-ਪੱਤਰ ਰਾਹੀਂ ਹਜ਼ੂਰ ਕੋਲ ਭੇਜ ਰਿਹਾ ਹਾਂ ਜਿਹੜਾ ਹਜ਼ੂਰ ਮੁਲਾਹਿਜ਼ਾ ਫ਼ਰਮਾਉਣਗੇ।

ਕੂਕਿਆਂ ਦੀ ਸਵਾਰੀ ਵਾਲੇ ਚਾਰ ਘੋੜੇ ਘੋੜੀਆਂ ਸਨ, ਜਿਨ੍ਹਾਂ ਵਿੱਚੋਂ ਇੱਕ ਘੋੜਾ ਸਰਕਾਰ ਰਈਸ ਕੋਟਲਾ ਦੇ ਮੁਲਾਜ਼ਿਮ ਦਾ ਸੀ, ਦੋ ਘੋੜੀਆਂ ਤੇ ਇੱਕ ਘੋੜਾ ਮਲੌਦ ਵਾਲੇ ਸਰਦਾਰ ਦੇ ਸਨ ਅਤੇ ਇੱਕ ਘੋੜੀ ਰਈਸ ਕੋਟਲਾ ਦੀ ਰਿਆਸਤ ਦੇ ਮੁਹੱਰਿਰ ਦੀ ਸੀ। ਇਹ ਸਾਰੇ ਘੋੜੀਆਂ ਘੋੜੇ, ਹੋਰ ਹਥਿਆਰ ਤੇ ਸਾਮਾਨ ਮਲੌਦ ਦੇ ਸਰਦਾਰ ਦੇ ਕਾਰਮੁਖ਼ਤਾਰ ਨਰਾਇਨ ਸਿੰਘ ਨੂੰ ਦੇ ਕੇ ਉਨ੍ਹਾਂ ਦੀਆਂ ਰਸੀਦਾਂ ਲੈ ਲਈਆਂ ਗਈਆਂ ਹਨ ਜਿਨ੍ਹਾਂ ਦੀ ਨਕਲ ਭੇਜ ਰਿਹਾ ਹਾਂ। ਪਹਿਲੇ ਬਿਨੈ-ਪੱਤਰ ਵਿੱਚ ਜਿਹੜੀਆਂ 15 ਤਲਵਾਰਾਂ ਲਿਖੀਆਂ ਗਈਆਂ ਸਨ ਉਹ ਦਰਅਸਲ 16 ਸਨ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣ ਸਮਾਨ ਹੈ।

21 ਜਨਵਰੀ 1872 ਈ:

ਦਾਸ
ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ,
ਅਮਰਗੜ੍ਹ ਦੇ ਅਸਥਾਨ ਤੋਂ।

---

## ਸਰਦਾਰ ਮਿੱਤ ਸਿੰਘ ਮਲੌਂਦ ਵਾਲੇ ਦੇ ਕਾਰ ਮੁਖ਼ਤਾਰ ਨਾਰਾਇਣ ਸਿੰਘ ਦੀ ਰਸੀਦ ਦੀ ਨਕਲ

ਬਾਇਸ ਤਹਿਰੀਰਆਂ ਕਿ ( ਲਿਖਣ ਦਾ ਕਾਰਨ ਇਹ ਹੈ ਕਿ) ਸਰਦਾਰ ਸਾਹਿਬ ਸਰਦਾਰ ਮਿੱਤ ਸਿੰਘ ਰਈਸ ਮਲੌਂਦ ਦੀਆਂ ਦੋ ਘੋੜੀਆਂ ਤੇ ਇੱਕ ਘੋੜਾ ਸਮੇਤ ਕਾਠੀਆਂ, ਜਿਨ੍ਹਾਂ ਨੂੰ ਕੂਕੇ ਮਲੌਂਦ ਤੋਂ ਲੈ ਗਏ ਸਨ, ਜਿਹੜੇ ਨਾਇਬ ਨਾਜ਼ਿਮ ਸਾਹਿਬ ਨੇ ਸ਼ੇਰਪੁਰ ਵਿਖੇ ਫ਼ੜ ਲਏ ਸਨ, ਅੱਜ ਉਸਤਤ ਯੋਗ ਨਾਇਬ ਨਾਜ਼ਿਮ ਸਾਹਿਬ ਤੋਂ ਵਸੂਲ ਪਾਏ।

ਸੋ ਇਹ ਰਸੀਦ ਲਿਖ ਦਿੱਤੀ।

ਲਿਖਤ:- 18 ਜਨਵਰੀ ਸੰਨ 1872 ਈ:

| | |
|---|---|
| ਇੱਕ ਘੋੜੀ ਸੁਨਹਿਰੀ ਰੰਗ ਦੀ, ਉਮਰ 6 ਸਾਲ, ਮੁੱਲ 300/- ਰੁਪਏ, ਕਿਆਮ ਕੱਦ | ਇੱਕ ਘੋੜੀ ਮੁਸ਼ਕੀ, ਕਿਆਮ ਕੱਦ, ਉਮਰ 7 ਸਾਲਾ ਕੀਮਤ -150/- ਰੁਪਏ |
| | |
| ਇੱਕ ਘੋੜਾ ਰੰਗ ਗੂੜਾ ਸੁਰਖ -ਸਮੇਤ ਕਾਠੀ, ਕੱਦ ਛੋਟਾ, ਉਮਰ 6 ਸਾਲਾ | |

ਦਾਸ
ਨਾਰਾਇਣ ਸਿੰਘ,
ਕਾਰ ਮੁਖ਼ਤਾਰ ਸਰਦਾਰ ਮਿੱਤ ਸਿੰਘ,
ਰਈਸ ਮਲੌਂਦ।

## ਨਕਲ ਰਸੀਦ ਜ਼ਹੂਰ ਬਖ਼ਸ਼ ਇਜ਼ਹਾਰ ਨਵੀਸ ਤਹਿਸੀਲ ਰਿਆਸਤ ਕੋਟਲਾ।

ਲਿਖਤ:- 18 ਜਨਵਰੀ ਸੰਨ 1872 ਈ:

ਇੱਕ ਘੋੜੀ ਸੁਨਹਿਰੀ ਸਮੁੰਦ ਖਾਂ ਵਾਲੀ ਤੇ ਇੱਕ ਘੋੜੀ ਸਫ਼ੈਦ ਸਮੇਤ ਕਾਠੀ ਸੱਯਦ ਨਿਆਜ਼ ਅਲੀ ਸਾਹਿਬ ਨਾਇਬ ਨਾਜ਼ਿਮ ਰਿਆਸਤ ਪਟਿਆਲਾ ਰਾਹੀਂ ਵਸੂਲ ਪਾਈ।

ਦਾਸ
ਜ਼ਹੂਰ ਬਖ਼ਸ਼, ਇਜ਼ਹਾਰ ਨਵੀਸ,
ਤਹਿਸੀਲ ਰਿਆਸਤ ਕੋਟਲਾ।

---

# 14 . ਸ਼ਹੀਦਾਂ ਦੀ ਸੂਚੀ ਅਤੇ ਅਸਲੀ ਦਸਤਾਵੇਜ, ਸੂਚੀ ਬਾਰੇ ਵਿਚਾਰ

## ਵਜ਼ੀਰ ਸਾਹਿਬ ਬਹਾਦੁਰ ਦੀ ਤਜਵੀਜ਼ ਅਨੁਸਾਰ ਇਜਲਾਸ ਤੋਂ ਹੁਕਮ ਹੋਇਆ ਕਿ :-

ਇਹ ਸੂਚੀ, ਮੇਰੇ ਪਾਲਣਹਾਰ ਦੇ ਮਹਿਕਮੇ ਦੇ ਹੁਕਮ ਅਨੁਸਾਰ, ਲਾਲਾ ਤਿਪਰ ਚੰਦ ਨਾਜ਼ਿਮ ਜ਼ਿਲ੍ਹਾ ਅਮਰਗੜ੍ਹ ਰਾਹੀਂ ਮਹਿਕਮਾ ਮੁਨਸ਼ੀ ਖ਼ਾਨੇ 'ਚ ਪ੍ਰਾਪਤ ਹੋਈ ਹੈ। ਸੋ ਅਸਲ ਸੂਚੀ ਮੁਤਾਬਿਕ ਨਕਲ ਕੀਤੀ ਸੂਚੀ ਨੂੰ ਦਰੁਸਤ ਕਰਕੇ ਫ਼ੌਜਦਾਰੀ ਅਦਾਲਤ ਦੇ ਮਹਿਕਮੇ 'ਚ ਭੇਜ ਦਿੱਤੀ ਜਾਵੇ ਅਤੇ ਲਿਖਿਆ ਜਾਵੇ ਕਿ ਇਸ ਸੂਚੀ ਵਿੱਚੋਂ ਛਾਂਟ ਕੇ ਜਿੱਥੇ ਕਿਸੇ ਦੀ ਰਿਹਾਇਸ਼ ਹੋਵੇ, ਉਸ ਇਲਾਕੇ ਦੇ ਨਾਜ਼ਿਮ ਕੋਲ ਇਸ ਹੁਕਮ ਨਾਲ ਭੇਜ ਦਿਓ ਕਿ ਜਾਰੀ ਕਰਨ ਵਾਲੇ ਮਹਿਕਮੇ ਦੇ ਦੱਸੇ ਹੁਕਮ ਅਨੁਸਾਰ ਦਸ ਦਿਨਾਂ ਦੇ ਅੰਦਰ-ਅੰਦਰ ਅਮਲ ਕਰਨ। ਇਹ ਵੀ ਦਰਜ਼ ਕੀਤਾ ਜਾਵੇ ਕਿ ਇਸ ਸੂਚੀ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਫਸਾਦੀਆਂ ਵਿੱਚੋਂ 36 ਜਣੇ ਸਰਕਾਰ ਦੀ ਰਿਆਇਆਹਨ, ਦੌਲਤਮਦਾਰ (ਹਕੂਮਤ ਦਾ ਧੁਰਾ) ਅੰਗਰੇਜ਼ੀ ਸਰਕਾਰ ਦੀ ਰਿਆਇਆ 20 ਜਣੇ, ਸੱਤ ਜਣੇ ਨਾਭਾ ਸਰਕਾਰ ਦੀ ਰਿਆਇਆ, 2 ਜਣੇ ਜੀਂਦ ਦੇ ਇਲਾਕੇ ਦੇ ਵਸਨੀਕ, ਦੋ ਜਣੇ ਇਲਾਕਾ ਕੋਟਲਾ ਅਤੇ ਇੱਕ ਜਣਾ ਫ਼ਰੀਦਕੋਟ ਦੇ ਇਲਾਕੇ ਦਾ ਹੈ। ਅਰਥਾਤ ਅੱਧੀ ਨਾਲੋਂ ਵੱਧ ਪਰਜਾ ਸਰਕਾਰ ਦੀ ਹੈ ਅਤੇ ਇਹ ਗੱਲ ਫ਼ੌਜਦਾਰੀ ਹਾਕਿਮਾਂ ਦੇ ਅਤਿਅੰਤ ਧਿਆਨ ਦੇਣ ਯੋਗ ਹੈ।

ਲਿਖਤ :- 20 ਜਨਵਰੀ ਸੰਨ 1872 ਈ: ਮੁਤਾਬਿਕ 9 ਮਾਘ ਸੰਮਤ 1928.

---

**16 ਜਨਵਰੀ 1872 ਨੂੰ ਗ੍ਰਿਫ਼ਤਾਰ ਕੀਤੇ ਗਏ 68 ਕੂਕਿਆਂ ਦੀ ਲਿਸਟ**

| ਨੰ: | ਨਾਮ | ਪਿਤਾ ਦਾ ਨਾਂ | ਵੇਰਵਾ | ਪਿੰਡ | ਜਖ਼ਮੀ | ਥਾਣਾ ਤਹਿਸੀਲ ਆਦਿ |
|---|---|---|---|---|---|---|
| 1. | ਸ. ਹੀਰਾ ਸਿੰਘ | ਸ. ਕਾਹਨ ਸਿੰਘ | ਜਿਮੀਂਦਾਰ | ਸਕਰੌਂਦੀ | ਹਾਂ | ਤਹਿਸੀਲ ਭਵਾਨੀਗੜ੍ਹ |
| 2. | ਸ. ਲਹਿਣਾ ਸਿੰਘ | ਸ. ਮਹਿਤਾਬ ਸਿੰਘ | ਜਿਮੀਂਦਾਰ | ਸਕਰੌਂਦੀ | ਹਾਂ | ਤਹਿਸੀਲ ਭਵਾਨੀਗੜ੍ਹ |
| 3. | ਸ. ਜੈ ਸਿੰਘ | ਸ. ਗੰਡਾ ਸਿੰਘ | ਜਿਮੀਂਦਾਰ | ਭੱਦਲਥੂਹਾ | ਹਾਂ | ਥਾਣਾ ਅਮਲੋਹ, ਇਲਾਕਾ ਸਰਕਾਰ ਨਾਭਾ |
| 4. | ਸ. ਕਾਹਨ ਸਿੰਘ | ਸ. ਅਕਰਦ ਸਿੰਘ | ਜਿਮੀਂਦਾਰ | ਲਹਿਰਾ | ਹਾਂ | ਥਾਣਾ ਡੇਹਲੋਂ, ਜ਼ਿਲ੍ਹਾ ਲੁਧਿਆਣਾ |
| 5. | ਸ. ਦੇਵਾ ਸਿੰਘ | ਸ. ਹਕੂਮਤ ਸਿੰਘ | ਜਿਮੀਂਦਾਰ | ਲੋਹਗੜ੍ਹ | ਹਾਂ | ਥਾਣਾ ਡੇਹਲੋਂ, ਜ਼ਿਲ੍ਹਾ ਲੁਧਿਆਣਾ |
| 6. | ਸ. ਨਾਰਾਇਣ ਸਿੰਘ | ਸ. ਮਹਿਤਾਬ ਸਿੰਘ | ਜਿਮੀਂਦਾਰ | ਰੜ | ਹਾਂ | ਤਹਿਸੀਲ ਸ਼ੇਰਪੁਰ |
| 7. | ਸ. ਮੋਗਾ ਸਿੰਘ | ਸ. ਸਾਹਿਬ ਸਿੰਘ | ਜਿਮੀਂਦਾਰ | ਮਹਿਰਾਜ | ਹਾਂ | ਥਾਣਾ ਨਥਾਣਾ, ਤਹਿਸੀਲ ਮੋਗਾ, ਜ਼ਿਲ੍ਹਾ ਫਿਰੋਜ਼ਪੁਰ |
| 8. | ਸ. ਵਰਿਆਮ ਸਿੰਘ | ਸ. ਅਮਰੀਕ ਸਿੰਘ | ਜਿਮੀਂਦਾਰ | ਮਹਿਰਾਜ | ਹਾਂ | ਥਾਣਾ ਨਥਾਣਾ, ਤਹਿਸੀਲ ਮੋਗਾ, ਜ਼ਿਲ੍ਹਾ ਫਿਰੋਜ਼ਪੁਰ |
| 9. | ਸ. ਅਤਰ ਸਿੰਘ | ਸ. ਭਾਗ ਸਿੰਘ | ਜਿਮੀਂਦਾਰ | ਮਹਿਰਾਜ | ਹਾਂ | ਥਾਣਾ ਨਥਾਣਾ, ਤਹਿਸੀਲ ਮੋਗਾ, ਜ਼ਿਲ੍ਹਾ ਫਿਰੋਜ਼ਪੁਰ |
| 10. | ਸ. ਗੁਰਮੁਖ ਸਿੰਘ | ਸ. ਖ਼ਜਾਨ ਸਿੰਘ | ਜਿਮੀਂਦਾਰ | ਫਰਵਾਹੀ | ਹਾਂ | ਇਲਾਕਾ ਕੋਟਲਾ |
| 11. | ਸ. ਭੂਪ ਸਿੰਘ | ਸ. ਖ਼ਜਾਨ ਸਿੰਘ | ਜਿਮੀਂਦਾਰ | ਫਰਵਾਹੀ | ਹਾਂ | ਇਲਾਕਾ ਕੋਟਲਾ |
| 12. | ਸ. ਖ਼ਜਾਨ ਸਿੰਘ | ਸ. ਵਜੀਰ ਸਿੰਘ | ਜਿਮੀਂਦਾਰ | ਮੱਲੋਕੇ | ਹਾਂ | ਇਲਾਕਾ ਫ਼ਰੀਦਕੋਟ |
| 13. | ਸ. ਵਰਿਆਮ ਸਿੰਘ | ਸ. ਨਗਾਹੀਆ ਸਿੰਘ | ਜਿਮੀਂਦਾਰ | ਮੂੰਮ | ਹਾਂ | ਥਾਣਾ ਭਦੌੜ, ਤਹਿਸੀਲ ਅਨਾਹਦਗੜ੍ਹ (ਬਰਨਾਲਾ) |
| 14. | ਸਰਦਾਰਨੀ ਇੰਦਾਂ | ਸੁਪਤਨੀ ਸ. ਨੰਦ ਸਿੰਘ | ਜਿਮੀਂਦਾਰ | ਹੰਡਿਆਇਆ | ਹਾਂ | ਥਾਣਾ ਵ ਤਹਿਸੀਲ ਅਨਾਹਦਗੜ੍ਹ |
| 15. | ਸ. ਕਾਹਨ ਸਿੰਘ | ਸ. ਡੱਲਾ ਸਿੰਘ | ਜਿਮੀਂਦਾਰ | ਲਹਿਰਾ | ਹਾਂ | ਥਾਣਾ ਸੁਨਾਮ |
| 16. | ਸ. ਨੱਥਾ ਸਿੰਘ | ਸ. ਬੁੱਧ ਸਿੰਘ | ਜਿਮੀਂਦਾਰ | ਬਰਨਾਲਾ | ਹਾਂ | ਇਲਾਕਾ ਪਟਿਆਲਾ |
| 17. | ਸ. ਹੀਰਾ ਸਿੰਘ | ਸ. ਮਹਿਤਾਬ ਸਿੰਘ | ਜਿਮੀਂਦਾਰ | ਰੜ | ਹਾਂ | ਥਾਣਾ ਵ ਤਹਿਸੀਲ ਸ਼ੇਰਪੁਰ |
| 18. | ਸ. ਵਰਿਆਮ ਸਿੰਘ | ਸ. ਮੱਖਣ ਸਿੰਘ | ਜਿਮੀਂਦਾਰ | ਬਰਨਾਲਾ | ਹਾਂ | ਥਾਣਾ ਵ ਤਹਿਸੀਲ ਅਨਾਹਦਗੜ੍ਹ |
| 19. | ਸ. ਸੁਜਾਨ ਸਿੰਘ | ਸ. ਸੁੱਚਾ ਸਿੰਘ | ਜਿਮੀਂਦਾਰ | ਰਬੋਂ | ਹਾਂ | ਥਾਣਾ ਡੇਹਲੋਂ, ਜ਼ਿਲ੍ਹਾ ਲੁਧਿਆਣਾ |
| 20. | ਸ. ਉੱਤਮ ਸਿੰਘ | ਸ. ਮੇਹਰ ਸਿੰਘ | ਜਿਮੀਂਦਾਰ | ਰੁੜਕਾ | ਹਾਂ | ਥਾਣਾ ਡੇਹਲੋਂ, ਜ਼ਿਲ੍ਹਾ ਲੁਧਿਆਣਾ |

| | | | | | | |
|---|---|---|---|---|---|---|
| 21. | ਸ. ਅਤਰ ਸਿੰਘ | ਸ. ਦੇਸਾ ਸਿੰਘ | ਜਿਮੀਂਦਾਰ | ਮਛਰਾਏ | ਹਾਂ | ਥਾਣਾ ਵ ਤਹਿਸੀਲ ਅਮਲੋਹ, ਇਲਾਕਾ ਨਾਭਾ |
| 22. | ਸ. ਜਵਾਹਰ ਸਿੰਘ | ਸ. ਦੇਸਾ ਸਿੰਘ | ਜਿਮੀਂਦਾਰ | ਮਛਰਾਏ | ਹਾਂ | ਥਾਣਾ ਵ ਤਹਿਸੀਲ ਅਮਲੋਹ, ਇਲਾਕਾ ਨਾਭਾ |
| 23 | ਸ. ਬਸੰਤ ਸਿੰਘ | ਸ. ਸੁਜਾਨ ਸਿੰਘ | ਖ਼ਾਕਰੋਬ | ਸੇਲਬਰਾਹ | ਹਾਂ | ਥਾਣਾ ਵ ਤਹਿਸੀਲ ਫੂਲ |
| 24. | ਸ. ਨਿਹਾਲ ਸਿੰਘ | ਸ. ਬੂਟਾ ਸਿੰਘ | ਜਿਮੀਂਦਾਰ | ਲਹਿਰਾ | ਹਾਂ | ਥਾਣਾ ਡੇਹਲੋਂ, ਜ਼ਿਲ੍ਹਾ ਲੁਧਿਆਣਾ |
| 25. | ਸ. ਗੁਲਾਬ ਸਿੰਘ | ਸ. ਜਮੀਅਤ ਸਿੰਘ | ਜਿਮੀਂਦਾਰ | ਮਿਸਰਾਂਵਾਲਾ | ਹਾਂ | ਜ਼ਿਲ੍ਹਾ ਅੰਮ੍ਰਿਤਸਰ |
| 26. | ਸ. ਬੇਲਾ ਸਿੰਘ | ਸ. ਰਾਮ ਸਿੰਘ | ਖ਼ਾਕਰੋਬ | ਰਬੋਂ | ਨਹੀਂ | ਥਾਣਾ ਡੇਹਲੋਂ, ਜ਼ਿਲ੍ਹਾ ਲੁਧਿਆਣਾ |
| 27. | ਸ. ਮਿਤ ਸਿੰਘ | ਸ. ਬੁਧ ਸਿੰਘ | ਖ਼ਾਕਰੋਬ | ਸਕਰੌਦੀ | ਨਹੀਂ | ਥਾਣਾ ਵ ਤਹਿਸੀਲ ਭਵਾਨੀਗੜ੍ਹ |
| 28. | ਸ. ਜਵਾਹਰ ਸਿੰਘ | ਸ. ਊਧਮ ਸਿੰਘ | ਖ਼ਾਕਰੋਬ | ਬਾਲੀਆਂ | ਨਹੀਂ | ਥਾਣਾ ਵ ਤਹਿਸੀਲ ਸ਼ੇਰਪੁਰ |
| 29. | ਸ. ਖ਼ਜਾਨ ਸਿੰਘ | ਸ. ਭਗਵਾਨ ਸਿੰਘ | ਖ਼ਾਕਰੋਬ | ਪੀਰ ਕੇ ਕੋਟ | ਨਹੀਂ | ਤਹਿਸੀਲ ਰਾਏਸਰ |
| 30 | ਸ. ਸੇਧਾ ਸਿੰਘ | ਸ. ਦਯਾ ਸਿੰਘ | ਜਿਮੀਂਦਾਰ | ਰਬੋਂ | ਨਹੀਂ | ਥਾਣਾ ਡੇਹਲੋਂ, ਜ਼ਿਲ੍ਹਾ ਲੁਧਿਆਣਾ |
| 31. | ਸ. ਸੋਭਾ ਸਿੰਘ | ਸ. ਦਯਾ ਸਿੰਘ | ਜਿਮੀਂਦਾਰ | ਰਬੋਂ | ਨਹੀਂ | ਥਾਣਾ ਡੇਹਲੋਂ, ਜ਼ਿਲ੍ਹਾ ਲੁਧਿਆਣਾ |
| 32. | ਸ. ਵਜੀਰ ਸਿੰਘ | ਸ. ਬਾਰਾ ਸਿੰਘ | ਜਿਮੀਂਦਾਰ | ਰਬੋਂ | ਨਹੀਂ | ਥਾਣਾ ਡੇਹਲੋਂ, ਜ਼ਿਲ੍ਹਾ ਲੁਧਿਆਣਾ |
| 33. | ਸ. ਗੁਰਮੁਖ ਸਿੰਘ | ਸ. ਬਹਾਲੇ | ਤਜਾਰ (ਦੁਕਾਨਦਾਰ) | ਲਤਾਲਾ | ਨਹੀਂ | ਥਾਣਾ ਡੇਹਲੋਂ, ਜ਼ਿਲ੍ਹਾ ਲੁਧਿਆਣਾ |
| 34. | ਸ. ਬੀਰ ਸਿੰਘ | ਸ. ਸੁਹੇਲ ਸਿੰਘ | ਜਿਮੀਂਦਾਰ | ਮੂੰਮ | ਨਹੀਂ | ਥਾਣਾ ਭਦੌੜ, ਤਹਿਸੀਲ ਅਨਾਹਦਗੜ੍ਹ |
| 35. | ਸ. ਭੂਪ ਸਿੰਘ | ਸ. ਮੇਹਰ ਸਿੰਘ | ਜਿਮੀਂਦਾਰ | ਦਿਆਲਗੜ੍ਹ | ਨਹੀਂ | ਥਾਣਾ ਵ ਤਹਿਸੀਲ ਭਵਾਨੀਗੜ੍ਹ |
| 36. | ਸ. ਵਸਾਵਾ ਸਿੰਘ | ਸ. ਸੌਧਾ ਸਿੰਘ | ਜਿਮੀਂਦਾਰ | ਦਿਆਲਗੜ੍ਹ | ਨਹੀਂ | ਥਾਣਾ ਵ ਤਹਿਸੀਲ ਭਵਾਨੀਗੜ੍ਹ |
| 37. | ਸ. ਵਰਿਆਮ ਸਿੰਘ | ਸ. ਲਹਿਣਾ ਸਿੰਘ | ਜਿਮੀਂਦਾਰ | ਦਿਆਲਗੜ੍ਹ | ਨਹੀਂ | ਥਾਣਾ ਵ ਤਹਿਸੀਲ ਭਵਾਨੀਗੜ੍ਹ |
| 38. | ਸ. ਅਨੂਪ ਸਿੰਘ | ਸ. ਮਹਿਤਾਬ ਸਿੰਘ | ਜਿਮੀਂਦਾਰ | ਸਕਰੌਦੀ | ਨਹੀਂ | ਥਾਣਾ ਵ ਤਹਿਸੀਲ ਭਵਾਨੀਗੜ੍ਹ |
| 39. | ਸ. ਭੂਪ ਸਿੰਘ | ਸ. ਭੂਰਾ ਸਿੰਘ | ਜਿਮੀਂਦਾਰ | ਦੀਵਾ | ਨਹੀਂ | ਥਾਣਾ ਵ ਤਹਿਸੀਲ ਸਾਹਿਬਗੜ੍ਹ (ਪਾਇਲ) |

---

| | | | | | | |
|---|---|---|---|---|---|---|
| 40. | ਸ. ਰਤਨ ਸਿੰਘ | ਸ. ਚਤਰ ਸਿੰਘ | ਜਿਮੀਂਦਾਰ | ਗੁਮਟੀ | ਨਹੀਂ | ਥਾਣਾ ਵ ਤਹਿਸੀਲ ਸ਼ੇਰਪੁਰ |
| 41. | ਸ. ਗੁਰਦਿੱਤ ਸਿੰਘ | ਸ. ਰੱਬੀ ਸਿੰਘ | ਜਿਮੀਂਦਾਰ | ਰੜ | ਨਹੀਂ | ਥਾਣਾ ਵ ਤਹਿਸੀਲ ਸ਼ੇਰਪੁਰ |
| 42. | ਸ. ਬਿਸ਼ਨ ਸਿੰਘ | ਸ. ਮਹਿਤਾਬ ਸਿੰਘ | ਜਿਮੀਂਦਾਰ | ਰੜ | ਹਾਂ | ਥਾਣਾ ਵ ਤਹਿਸੀਲ ਸ਼ੇਰਪੁਰ |
| 43. | ਸ. ਦਸੌਧਾ ਸਿੰਘ | ਸ. ਬੀਰ ਸਿੰਘ | ਨਜ਼ਾਰ (ਤਰਖਾਣ) | ਬਿਲਾਸਪੁਰ | ਹਾਂ | ਥਾਣਾ ਖਮਾਣੋਂ |
| 44. | ਸ. ਹਰਨਾਮ ਸਿੰਘ | ਸ. ਜੈ ਸਿੰਘ | ਜਿਮੀਂਦਾਰ | ਘਨੌਰੀ | ਨਹੀਂ | ਤਾਅਲੁੱਕਾ ਸ਼ੇਰਪੁਰ, ਤਹਿਸੀਲ ਅਮਰਗੜ੍ਹ |
| 45. | ਸ. ਵਰਿਆਮ ਸਿੰਘ | ਸ. ਮਾਹੀਆ ਸਿੰਘ | ਜਿਮੀਂਦਾਰ | ਬਹਾਦੁਰ ਸਿੰਘ ਵਾਲਾ | ਨਹੀਂ | ਜ਼ਿਲ੍ਹਾ ਅੰਬਾਲਾ |
| 46. | ਸਰਦਾਰਨੀ ਖੇਮੋਂ | ਸ. ਗੁਰਸਾ ਸਿੰਘ | ਜਿਮੀਂਦਾਰ | ਦਿੱਤੂਪੁਰਾ | ਹਾਂ | ਥਾਣਾ ਚੁਨਾਰਥਲ |
| 47. | ਸ. ਪ੍ਰੇਮ ਸਿੰਘ | ਸ. ਮਾਨ ਸਿੰਘ | ਜਿਮੀਂਦਾਰ | ਗਗੜ੍ਹਪੁਰ | ਨਹੀਂ | ਥਾਣਾ ਵ ਤਹਿਸੀਲ ਸੰਗਰੂਰ, ਇਲਾਕਾ ਜੀਂਦ |
| 48. | ਸ. ਕਾਹਨ ਸਿੰਘ | ਸ. ਹਰਗੁਲਾਲ ਸਿੰਘ | ਰਾਮਗੜ੍ਹੀਏ ਸਿੱਖ | ਸੰਗੋਵਾਲ | ਨਹੀਂ | ਥਾਣਾ ਵ ਤਹਿਸੀਲ ਸਾਹਿਬਗੜ੍ਹ |
| 49. | ਸ. ਹਰਨਾਮ ਸਿੰਘ | ਸ. ਦਲੇਲ ਸਿੰਘ | ਜਿਮੀਂਦਾਰ | ਮੰਡੀ | ਹਾਂ | ਥਾਣਾ ਨਾਈਆਂ ਵਾਲਾ, ਇਲਾਕਾ ਜੀਂਦ |
| 50. | ਸ. ਅਲਬੇਲ ਸਿੰਘ | ਸ. ਸੁਜਾਨ ਸਿੰਘ | ਜਿਮੀਂਦਾਰ | ਬਾਲੀਆਂ | ਨਹੀਂ | ਥਾਣਾ ਵ ਤਹਿਸੀਲ ਸ਼ੇਰਪੁਰ |
| 51. | ਸ. ਸੱਦਾ ਸਿੰਘ | ਸ. ਮਹਾਂ ਸਿੰਘ | ਰਾਮਗੜ੍ਹੀਏ ਸਿੱਖ | ਰੜ | ਨਹੀਂ | ਥਾਣਾ ਸ਼ੇਰਪੁਰ |
| 52. | ਸ. ਹਰਨਾਮ ਸਿੰਘ | ਸ. ਚੜ੍ਹਤ ਸਿੰਘ | ਰਾਮਗੜ੍ਹੀਏ ਸਿੱਖ | ਰੜ | ਨਹੀਂ | ਥਾਣਾ ਸ਼ੇਰਪੁਰ |
| 53. | ਸ. ਬਖ਼ਸ਼ਾ ਸਿੰਘ | ਸ. ਤਾਰਾ ਸਿੰਘ | ਅਰੋੜਾ | ਜੰਡਵਾਲਾ | ਨਹੀਂ | ਥਾਣਾ ਸਰਸਾ |
| 54. | ਸ. ਚੜ੍ਹਤ ਸਿੰਘ | ਸ. ਧਰਮ ਸਿੰਘ | ਜਿਮੀਂਦਾਰ | ਬਾਲੀਆਂ | ਨਹੀਂ | ਥਾਣਾ ਵ ਤਹਿਸੀਲ ਸ਼ੇਰਪੁਰ |
| 55. | ਸ. ਰੂੜ ਸਿੰਘ | ਸ. ਬੂਟਾ ਸਿੰਘ | ਰਾਮਗੜ੍ਹੀਏ ਸਿੱਖ | ਮੱਲੂਮਾਜਰਾ | ਨਹੀਂ | ਥਾਣਾ ਸ਼ੇਰਪੁਰ |
| 56. | ਸ. ਕੇਸਰ ਸਿੰਘ | ਸ. ਧਿਆਨ ਸਿੰਘ | ਛੀਂਬਾ | ਗਿੱਲ | ਨਹੀਂ | ਥਾਣਾ ਫੂਲ, ਇਲਾਕਾ ਨਾਭਾ |
| 57. | ਸ. ਚੜ੍ਹਤ ਸਿੰਘ | ਸ. ਮਾਘ ਸਿੰਘ | ਜਿਮੀਂਦਾਰ | ਰੁੜਕਾ | ਨਹੀਂ | ਥਾਣਾ ਡੇਹਲੋਂ, ਜ਼ਿਲ੍ਹਾ ਲੁਧਿਆਣਾ |
| 58. | ਸ. ਭਗਤ ਸਿੰਘ | ਸ. ਦਿਆਲ ਸਿੰਘ | ਜਿਮੀਂਦਾਰ | ਕਾਂਝਲਾ | ਨਹੀਂ | ਥਾਣਾ ਵ ਤਹਿਸੀਲ ਸ਼ੇਰਪੁਰ |
| 59. | ਸ. ਜੀਵਨ ਸਿੰਘ | ਸ. ਧੌਂਕਲ ਸਿੰਘ | ਜਿਮੀਂਦਾਰ | ਫੂਲ | ਨਹੀਂ | ਥਾਣਾ ਵ ਤਹਿਸੀਲ ਸੁਨਾਮ |
| 60. | ਸ. ਸ਼ੋਭਾ ਸਿੰਘ | ਸ. ਖ਼ਜਾਨ ਸਿੰਘ | ਜਿਮੀਂਦਾਰ | ਭੱਦਲਥੂਹਾ | ਨਹੀਂ | ਥਾਣਾ ਅਮਲੋਹ ਇਲਾਕਾ ਨਾਭਾ |

---

| | | | | | | |
|---|---|---|---|---|---|---|
| 61. | ਸ. ਸ਼ਾਮ ਸਿੰਘ | ਸ. ਵੀਰ ਸਿੰਘ | ਜਿਮੀਂਦਾਰ | ਜੋਗਾ | ਨਹੀਂ | ਇਲਾਕਾ ਭਿਖੀ |
| 62. | ਸ. ਸੱਦਾ ਸਿੰਘ | ਸ. ਰੂਪਾ ਸਿੰਘ | ਜਿਮੀਂਦਾਰ | ਜੋਗਾ | ਨਹੀਂ | ਇਲਾਕਾ ਭਿਖੀ |
| 63. | ਸ. ਮਹਾਂ ਸਿੰਘ | ਸ. ਮੰਗਲ ਸਿੰਘ | ਜਿਮੀਂਦਾਰ | ਚਾਓ ਕੇ | ਨਹੀਂ | ਥਾਣਾ ਮਲੌਦ, ਇਲਾਕਾ ਕੋਟ |
| 64. | ਸ. ਚੜ੍ਹਤ ਸਿੰਘ | ਸ. ਰਾਮ ਸਿੰਘ | ਜਿਮੀਂਦਾਰ | ਬਾਲੀਆਂ | ਨਹੀਂ | ਥਾਣਾ ਵ ਤਹਿਸੀਲ ਸ਼ੇਰਪੁਰ |
| 65. | ਸ. ਰੂੜ ਸਿੰਘ | ਸ. ਜੱਸਾ ਸਿੰਘ | ਜਿਮੀਂਦਾਰ | ਬਿਸ਼ਨਪੁਰਾ | ਨਹੀਂ | ਥਾਣਾ ਸਾਹਿਬਗੜ੍ਹ |
| 66. | ਸ. ਹੀਰਾ ਸਿੰਘ | ਸ. ਵੀਰ ਸਿੰਘ | ਜਿਮੀਂਦਾਰ | ਪਿੱਥੋ ਕੇ | ਨਹੀਂ | ਥਾਣਾ ਫੂਲ, ਇਲਾਕਾ ਨਾਭਾ |
| 67. | ਸ. ਚਤਰ ਸਿੰਘ | ਸ. ਗੁਲਾਬ ਸਿੰਘ | ਜਿਮੀਂਦਾਰ | ਗੁਮਟੀ | ਨਹੀਂ | ਥਾਣਾ ਵ ਤਹਿਸੀਲ ਸ਼ੇਰਪੁਰ |
| 68. | ਸ. ਕਟਾਰ ਸਿੰਘ | ਸ. ਟੇਕ ਸਿੰਘ | ਜਿਮੀਂਦਾਰ | ਧਨੌਲਾ | ਨਹੀਂ | ਇਲਾਕਾ ਨਾਭਾ |

ਲੇਖਿਕਾ ਅਨੁਸਾਰ- ਸੂਚੀ ਨੰਬਰ 25 ਵਿਚ ਸ. ਗੁਲਾਬ ਸਿੰਘ ਪਿੰਡ ਮਿਸਰਾਂਵਾਲਾ ਸਪੁੱਤਰ ਸ. ਜਮੀਅਤ ਸਿੰਘ ਨਹੀਂ ਬਲਕਿ ਇਹ ਸ. ਹਾਕਮ ਸਿੰਘ ਸਪੁੱਤਰ ਸ. ਬੁੱਧ ਸਿੰਘ ਪਿੰਡ ਝਬਾਲ ਜ਼ਿਲ੍ਹਾ ਅੰਮ੍ਰਿਤਸਰ ਹੈ।

ਸੂਚੀ ਨੰਬਰ 42 ਵਿਚ ਸ. ਬਿਸ਼ਨ ਸਿੰਘ ਸਪੁੱਤਰ ਮਹਿਤਾਬ ਸਿੰਘ ਜਿਮੀਦਾਰ ਨਹੀਂ ਬਲਕਿ ਸ. ਬਿਸ਼ਨ ਸਿੰਘ ਸਪੁੱਤਰ ਸ. ਮਹਾਂ ਸਿੰਘ ਰਾਮਗੜ੍ਹੀਆਂ ਸਿੱਖ ਹੈ।

Archives Department 1 PATIALA

۱۰۵

نقل فرد [illegible]

[illegible] — [illegible]

۱ [illegible] سنگھ ولد [illegible] سنگھ زمیندار
سکنہ [illegible] — یک

۲ لہنا سنگھ ولد [illegible] سنگھ زمیندار
سکنہ [illegible] — یک

۳ [illegible] سنگھ ولد [illegible] سنگھ زمیندار [illegible]
ساکن [illegible] — یک

۴ [illegible] سنگھ ولد [illegible] سنگھ زمیندار [illegible]
ساکن [illegible] — یک

۵ [illegible] سنگھ ولد [illegible] سنگھ زمیندار
[illegible] ساکن [illegible] — یک

File H92M I
Rx 252
Archives Department
2
25?

٦ [illegible]

[illegible]

٧ [illegible]

[illegible]

٨ [illegible]

[illegible]

٩ [illegible]

[illegible]

١٠ [illegible]

[illegible]

١١ [illegible]

[illegible]

١٢ [illegible]

[illegible]

File 442 M1
ਪੰਨਾ 253

Archives Department
3
PATIALA

۱۳ [illegible]

[illegible]

۱۴ [illegible]

[illegible]

۱۵ [illegible]

[illegible]

۱۶ [illegible]

[illegible]

۱۷ [illegible]

۱۸ [illegible]

۱۹ [illegible]

[illegible]

۲۰ [illegible]

[illegible]

۴۱ [illegible] سکه دارد سکه [illegible] [illegible]

[illegible] نسازه [illegible] [illegible] [illegible]

۴۲ [illegible] سکه دارد سکه [illegible] [illegible]

[illegible] نسازه [illegible] [illegible]

۴۳ [illegible] سکه دارد [illegible] سکه [illegible] [illegible]

[illegible] سید [illegible]

۴۴ [illegible] سکه دارد سکه [illegible] سکه [illegible] [illegible]

[illegible] [illegible] [illegible] [illegible]

۴۵ [illegible] سکه دارد [illegible] سکه [illegible] [illegible]

[illegible] [illegible]

۴۶ [illegible] سکه دارد [illegible] سکه [illegible] [illegible]

نسازه [illegible] [illegible] [illegible]

۴۷ [illegible] سکه دارد [illegible] سکه [illegible] [illegible]

[illegible] [illegible] [illegible]

2Px 755

5

[illegible]

[illegible]

[illegible]

[illegible]

[illegible]

[illegible]

naliá

Archives Department PATIALA 6

[illegible]

257

File H92M I
पत्र 257

7

[illegible]

8

[illegible]

Archives Department
9
PATIALA

[illegible]

File H42 M1
260

Archives Department
10
PATIALA

63 [illegible]

[illegible]

64 [illegible]

[illegible]

65 [illegible]

[illegible]

66 [illegible]

[illegible]

67 [illegible]

[illegible]

68 [illegible]

CERTIFIED TO BE TRUE COPY

[signature]
Assistant Archivist
Punjab State Archives
PATIALA.
30/6/2005

---

# ਸ਼ਹੀਦਾਂ ਦੀ ਸੂਚੀ ਬਾਰੇ ਲੇਖਿਕਾ ਦੇ ਵਿਚਾਰ

ਮਲੇਰਕੋਟਲਾ ਸਾਕੇ ਤੋਂ ਬਾਅਦ ਜਿਹੜੇ ਗ੍ਰਿਫਤਾਰ ਹੋਏ 68 ਨਾਮਧਾਰੀ ਸਿੱਖ ਸ਼ੇਰਪੁਰ ਥਾਣੇ ਵਿਚ ਲਿਆਂਦੇ ਗਏ, ਉਨ੍ਹਾਂ ਦੀ ਲਿਸਟ ਪਟਿਆਲਾ ਆਰਕਾਈਵਜ਼ ਦੇ ਦਸਤਾਵੇਜ਼ਾਂ ਵਿਚੋਂ ਲੱਭੀ ਗਈ ਹੈ। 16 ਜਨਵਰੀ ਦੀ ਸ਼ਾਮ ਨੂੰ ਹੀ 68 ਨਾਮਧਾਰੀ ਸਿੱਖ ਸ਼ੇਰਪੁਰ ਥਾਣੇ ਪਹੁੰਚੇ ਸਨ ਅਤੇ 17 ਜਨਵਰੀ 1872 ਨੂੰ ਬਿਨਾਂ ਮੁਕੱਦਮਾ ਚਲਾਏ ਇਨ੍ਹਾਂ ਵਿਚ ਸ਼ਾਮਿਲ ਦੋ ਇਸਤਰੀਆਂ (ਮਾਈ ਇੰਦ ਕੌਰ ਅਤੇ ਮਾਈ ਖੇਮ ਕੌਰ ) ਨੂੰ ਛੱਡ ਕੇ 49 ਸਿੱਖ ਮਲੇਰ ਕੋਟਲਾ ਦੇ ਰੱਕੜ ਵਿਚ ਤੋਪਾਂ ਨਾਲ ਅਤੇ ਇੱਕ 12 ਸਾਲ ਦੇ ਬਾਲਕ ਬਿਸ਼ਨ ਸਿੰਘ ਨੂੰ ਤਲਵਾਰਾਂ ਨਾਲ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਬਾਕੀ 16 ਸਿੱਖ 18 ਜਨਵਰੀ ਨੂੰ ਤੋਪਾਂ ਨਾਲ ਸ਼ਹੀਦ ਕਰ ਦਿੱਤੇ ਗਏ।

ਚੂੰਕਿ ਡੀ. ਸੀ. ਕਾਵਨ ਨੇ ਅਜਿਹਾ ਕਰਦਿਆਂ 17 ਜਨਵਰੀ ਨੂੰ ਕੋਈ ਰਸਮੀ ਤੌਰ 'ਤੇ ਵੀ ਅਦਾਲਤੀ ਕਾਰਵਾਈ ਨਹੀਂ ਸੀ ਕੀਤੀ, ਏਸ ਲਈ 17 ਜਨਵਰੀ ਵਾਲੇ ਸ਼ਹੀਦਾਂ ਦੀ ਅਜੇ ਤੀਕ ਕੋਈ ਪ੍ਰਮਾਣਿਤ ਲਿਸਟ ਉਪਲੱਬਧ ਨਹੀਂ ਸੀ।

ਸ. ਨਾਹਰ ਸਿੰਘ ਨੇ ਦਿੱਲੀ ਆਰਕਾਇਵਜ਼ ਤੋਂ ਕੂਕਾ ਮੂਵਮੈਂਟ ਬਾਰੇ ਅੰਗਰੇਜੀ ਵਿਚ ਲਿਖੇ ਦਸਤਾਵੇਜ਼ ਕੱਢਵਾਏ ਸਨ, ਉਨ੍ਹਾਂ ਵਿਚੋਂ 18 ਜਨਵਰੀ 1872 ਨੂੰ ਮਲੇਰ ਕੋਟਲਾ ਵਿਖੇ ਸ਼ਹੀਦ ਕੀਤੇ ਗਏ 16 ਨਾਮਧਾਰੀ ਸਿੱਖਾਂ ਦੀ ਲਿਸਟ ਮਿਲ ਗਈ ਸੀ। ਇਹ ਲਿਸਟ ਸਵ. ਸ. ਨਾਹਰ ਸਿੰਘ ਦੀ ਪੁਸਤਕ " REBEL AGAINST THE BRITISH RUIE " ਦੇ ਪੰਨਾ ਨੰ:204 -205 ਤੇ ਛਪੀ ਹੋਈ ਹੈ।

ਮਲੇਰ ਕੋਟਲਾ ਦੇ ਸਾਕੇ ਵਿੱਚ 17 ਜਨਵਰੀ 1872 ਨੂੰ ਸ਼ਹੀਦ ਕੀਤੇ ਨਾਮਧਾਰੀ ਸਿੱਖਾਂ ਦੀ ਲਿਸਟ ਪਹਿਲੀ ਵਾਰ ਇਨ੍ਹਾਂ ਦਸਤਾਵੇਜ਼ਾਂ ਵਿਚੋਂ ਮਿਲੀ ਹੈ। ਪਹਿਲੋਂ ਤਾਂ ਇਹ ਪਤਾ ਨਹੀਂ ਸੀ ਲਗ ਰਿਹਾ ਕਿ 140 ਦੇ ਕ੍ਰੀਬ ਸਿੱਖਾਂ ਦੇ ਜੱਥੇ ਵਿਚੋਂ ਕਿਹੜੇ ਨਿਕਲ ਕੇ ਚਲੇ ਗਏ ਤੇ ਕਿਹੜੇ ਸ਼ਹੀਦ ਹੋਏ।

ਇਹ ਲਿਸਟ ਅਜੇ ਵੀ ਅੰਤਿਮ ਨਹੀਂ ਹੈ,ਕਿਉਂਕਿ ਉਸ ਵੇਲੇ ਕਾਹਲੀ ਕਾਹਲੀ ਲਿਖੇ ਨਾਵਾਂ ਵਿਚ ਕੋਈ ਗਲਤੀ ਰਹਿ ਜਾਣੀ ਸੰਭਵ ਹੈ। ਫਿਰ ਵੀ ਇਹ ਲਿਸਟ ਅਸਲੀਅਤ ਦੇ ਕਾਫੀ ਨੇੜੇ ਹੈ। ਕੁੱਝ ਗਲਤੀਆਂ ਹੋ ਸਕਦੀਆਂ ਹਨ।

ਕਿਉਂਕਿ ਮੈਂ ਨਾਮਧਾਰੀ ਸ਼ਹੀਦਾਂ ਦੇ ਪਰਿਵਾਰਾਂ ਦੀ ਉਨ੍ਹਾਂ ਦੇ ਪਿੰਡਾਂ ਵਿਚ ਜਾ ਜਾ ਕੇ ਕਈ ਸਾਲ ਲਗਾ ਕੇ ਖੋਜ ਪੜਤਾਲ ਕੀਤੀ ਹੈ, ਇਸ ਕਰਕੇ ਮੈਨੂੰ ਇਨ੍ਹਾਂ ਦੇ ਪਿੰਡਾਂ ਨਾਵਾਂ-ਥਾਵਾਂ ਬਾਰੇ ਜਾਣਕਾਰੀ ਹੈ। ਕਈ ਸ਼ਹੀਦਾਂ ਨੇ ਆਪਣੇ ਨਾਮ ਪਤੇ ਗਲਤ ਲਿਖਵਾਏ ਤਾਂ ਕਿ ਉਨ੍ਹਾਂ ਪਿੱਛੋਂ ਉਨ੍ਹਾਂ ਦੇ ਪਰਿਵਾਰਾਂ ਨੂੰ ਅੰਗਰੇਜ ਸਰਕਾਰ ਤੰਗ ਨਾ ਕਰੇ। ਜਿਵੇਂ ਕਿ ਦਸਤਾਵੇਜ਼ਾਂ ਵਿਚ ਸ਼ਹੀਦਾਂ ਦੀ ਲਿਸਟ (ਫਾਇਲ H 92 M I ਦਾ ਪੰਨਾ ਨੰ: 251 ਤੋਂ260 ਤੀਕ ਵਿਚ) ਸੂਚੀ ਨੰ: 25 'ਤੇ ਗੁਲਾਬ ਸਿੰਘ ਸਪੁੱਤਰ ਜਮੀਅਤ ਸਿੰਘ ਪਿੰਡ ਮਿਸਰਾਂਵਾਲਾ ਜ਼ਿਲ੍ਹਾ ਅੰਮ੍ਰਿਤਸਰ ਲਿਖਿਆ ਹੈ ਪਰ ਸ. ਨਾਹਰ ਸਿੰਘ ਦੀ ਪੁਸਤਕ 'Rebels against the British Rule ' 'ਚ ਛਪੇ ਮੁਕੱਦਮਿਆਂ ਦੇ ਡਾਕੂਮੈਂਟਸ ਵਿਚ 18 ਜਨਵਰੀ 1872 ਨੂੰ ਸ਼ਹੀਦ ਹੋਣ ਵਾਲਿਆਂ ਦੀ ਲਿਸਟ ਵਿੱਚ, ਇਹ ਨਾਂ ਹਾਕਮ ਸਿੰਘ ਪਿੰਡ ਝਬਾਲ ਲਿਖਿਆ ਹੋਇਆ ਹੈ। ਅੰਮ੍ਰਿਤਸਰ ਵਿਚ ਮਿਸਰਾਂਵਾਲਾ ਕੋਈ ਪਿੰਡ ਨਹੀਂ ਹੈ, ਝਬਾਲ ਹੈ। ਸ਼ਹੀਦ ਹਾਕਮ ਸਿੰਘ ਦੇ ਪਰਿਵਾਰ ਬਾਰੇ ਵੀ ਮੈਨੂੰ ਪੂਰੀ ਜਾਣਕਾਰੀ ਹੈ। ਸੋ ਇਸ ਸ਼ਹੀਦ ਦਾ ਨਾਮ ਹਾਕਮ ਸਿੰਘ ਹੀ ਹੈ।

ਇਸੇ ਤਰ੍ਹਾਂ ਸੂਚੀ ਨੰ: 53 ਵਿਚ ਜੰਡਵਾਲਾ (ਸਰਸਾ) ਦਾ ਸ਼ਹੀਦ ਬਖਸ਼ਾ ਸਿੰਘ ਲਿਖਿਆ ਹੈ। ਪੁਰਾਣੀਆਂ ਲਿਸਟਾਂ ਵਿਚ ਇਹ ਨਾਂ ਪਰਸਾ ਸਿੰਘ ਹੈ। ਹੋ ਸਕਦਾ ਹੈ, ਦੱਸਣ ਵਾਲੇ ਨੇ ' ਪਰਸਾ ਸਿੰਘ' ਦੱਸਿਆ ਹੋਵੇ ਤੇ ਲਿਖਣ

---

ਵਾਲੇ ਨੇ 'ਬਖਸ਼ਾ ਸਿੰਘ' ਲਿਖ ਦਿੱਤਾ ਹੋਵੇ।

ਸ਼ਹੀਦ ਭੂਪ ਸਿੰਘ , ਬਸਾਵਾ ਸਿੰਘ ਤੇ ਵਰਿਆਮ ਸਿੰਘ ਪਿੰਡ ਦਿਆਲਗੜ੍ਹ ਨੂੰ ਇਨ੍ਹਾਂ ਦਸਤਾਵੇਜ਼ਾਂ ਵਿੱਚ ਸ਼ਹੀਦਾਂ ਦੀ ਲਿਸਟ ਵਿਚ (ਫਾਇਲ H 92 M I ਦਾ ਪੰਨਾ ਨੰ: 251ਤੋਂ 260 ਤੀਕ) ਜਿਮੀਂਦਾਰ ਲਿਖਿਆ ਹੋਇਆ ਹੈ (ਵੇਖੋ ਇਸ ਪੁਸਤਕ ਦੇ ਪੰਨਾ ਨੰ. 189 ਤੋਂ 198) ਜਦੋਂ ਕਿ ਇਸੇ ਫਾਇਲ ਵਿਚ ਇਨ੍ਹਾਂ ਤਿੰਨਾਂ ਸ਼ਹੀਦਾਂ ਦੀ ਜਾਇਦਾਦ ਦੀ ਕੁਰਕੀ ਦੀ ਫਰਦ ਵਿਚ ਇਨ੍ਹਾਂ ਨੂੰ ਮਿਸਤਰੀ ਸਿੱਖ (ਪੰਨਾ ਨੰ: 442 ਤੋਂ 447 ਤੀਕ ਲਿਖਿਆ ਹੋਇਆ) ਵੇਖੋ ਇਸ ਇਹ ਪੁਸਤਕ ਦੇ ਪੰਨਾ ਨੰ. 346 ਤੋਂ 348 ਹੈ। ਇਸੇ ਫਾਇਲ ਵਿਚ (ਪੰਨਾ 56 ਤੋਂ 58 ਤੀਕ ਅਤੇ ਪੰਨਾ 106 ਤੋਂ108 ਤੀਕ) ਇਨ੍ਹਾਂ ਨੂੰ ਹੇੜੀ ਰਾਜਪੂਤ (ਗਵਾਲੇ) ਲਿਖਿਆ ਹੋਇਆ ਹੈ। ਵੇਖੋ ਇਸ ਪੁਸਤਕ ਦੇ ਪੰਨਾ ਨੰ. 110 ਅਤੇ 114)

ਪਿੰਡ ਦਿਆਲਗੜ੍ਹ (ਹੁਣ ਜ਼ਿਲ੍ਹਾ ਸੰਗਰੂਰ) ਵਿਚ ਵਸਦੇ ਇਨ੍ਹਾਂ ਤਿੰਨਾਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਲੱਭ ਕੇ ਮਿਲਣ ਤੋਂ ਪਤਾ ਚੱਲਿਆ ਕਿ ਇਹ ਹੇੜੀ ਰਾਜਪੂਤ ਗੁਆਲੇ ਹਨ। ਪੀੜੀ ਦਰ ਪੀੜੀ ਚਲੇ ਆ ਰਹੇ ਇਨ੍ਹਾਂ ਦੇ ਗੋਤ ਭਗਵਾਨ ਸ੍ਰੀ ਕ੍ਰਿਸ਼ਨ ਜੀ ਵਾਲਾ ਗੋਤ ਯਾਦਵ ਅਤੇ ਚੌਹਾਨ ਹਨ।

ਜਿਹੜੇ ਲੋਕਾਂ ਕੋਲ ਜ਼ਮੀਨ ਹੁੰਦੀ ਸੀ ਜਾਂ ਉਹ ਖੇਤੀ ਕਰਦੇ ਸਨ, ਉਹ ਆਪਣੇ ਆਪ ਨੂੰ ਜਿਮੀਂਦਾਰ ਅਖਵਾਉਂਦੇ ਸਨ।

ਕਿਸੇ ਨਿਰਣੇ 'ਤੇ ਪਹੁੰਚਣ ਲਈ ਦਸਤਾਵੇਜ਼ ਵਾਚਣ ਤੋਂ ਇਲਾਵਾ ਸ਼ਹੀਦਾਂ ਦੇ ਪਿੰਡਾਂ ਵਿਚ ਜਾ ਕੇ ਉਨ੍ਹਾਂ ਦੇ ਪਰਿਵਾਰਾਂ ਤੋਂ ਪੁੱਛ ਗਿਛ ਕਰਨ ਦੀ ਲੋੜ ਪੈਂਦੀ ਹੈ।

ਪਿੰਡ ਦਿਆਲਗੜ ਵਿੱਚ ਸ਼ਹੀਦ ਬਸਾਵਾ ਸਿੰਘ ਨੂੰ, ਸ਼ਹੀਦ ਨਿੱਕਾ ਸਿੰਘ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਕਈ ਵਾਰ ਘਰ ਦੇ ਛੋਟੇ ਨਾਮ ਹੀ ਪ੍ਰਚਲਿਤ ਹੋ ਜਾਂਦੇ ਹਨ ਤੇ ਅਸਲੀ ਨਾਮ ਬਾਰੇ ਘੱਟ ਪਤਾ ਹੁੰਦਾ ਹੈ।

ਪਿੰਡ ਬਾਲੀਆਂ ਉਦੋਂ ਥਾਣਾ ਤੇ ਤਹਿਸੀਲ ਸ਼ੇਰਪੁਰ ਹੁਣ ਜ਼ਿਲ੍ਹਾ ਸੰਗਰੂਰ ਦੇ ਚਾਰ ਸ਼ਹੀਦ ਹੋਏ। ਦੋ 17 ਜਨਵਰੀ 1872 ਨੂੰ ਅਤੇ ਦੋ 18 ਜਨਵਰੀ 1872 ਨੂੰ ਮਲੇਰ ਕੋਟਲਾ ਵਿਖੇ ਤੋਪਾਂ ਨਾਲ ਸ਼ਹੀਦ ਹੋਏ। 18 ਜਨਵਰੀ ਨੂੰ ਸ਼ਹੀਦ ਹੋਏ ਸ. ਜਵਾਹਰ ਸਿੰਘ ਜਿਮੀਂਦਾਰ (ਸੂਚੀ ਨੰ: 28) ਅਤੇ ਸ. ਅਲਬੇਲ ਸਿੰਘ ਜਿਮੀਂਦਾਰ (ਸੂਚੀ ਨੰ: 50) ਬਾਰੇ ਤਾਂ ਕੋਈ ਸ਼ੱਕ ਨਹੀਂ। ਪਿੰਡ ਬਾਲੀਆਂ ਵਿਖੇ ਰਹਿੰਦੇ ਇਨ੍ਹਾਂ ਦੇ ਪਰਿਵਾਰਾਂ ਬਾਰੇ ਮੈਨੂੰ ਜਾਣਕਾਰੀ ਹੈ। ਚੜਤ ਸਿੰਘ ਜਿਮੀਂਦਾਰ (ਸੂਚੀ ਨੰ: 54) ਅਤੇ ਸ. ਚੜਤ ਸਿੰਘ ਜਿਮੀਦਾਰ (ਸੂਚੀ ਨੰ:64) ਬਾਰੇ ਕੁਝ ਪਤਾ ਨਹੀਂ ਚਲਦਾ। ਪਿੰਡ ਬਾਲੀਆਂ ਵਿਖੇ ਕੀਤੀ ਪੁੱਛ ਗਿੱਛ ਅਨੁਸਾਰ ਅਤੇ ਪੁਰਾਣੀਆਂ ਲਿਸਟਾਂ ਨੂੰ ਵਾਚਣ ਤੋਂ ਲਗਦਾ ਹੈ ਕਿ ਇਨ੍ਹਾਂ ਦੇ ਨਾਮ ਅਤਰ ਸਿੰਘ ਤੇ ਫਤਿਹ ਸਿੰਘ ਸਨ ਅਤੇ ਇਹ ਜਿਮੀਂਦਾਰ ਨਹੀਂ ਪਿਛੜੀ ਜਾਤੀ ਦੇ ਰਵਿਦਾਸੀਏ ਸਿੱਖ ਸਨ।

ਮਲੇਰ ਕੋਟਲਾ ਸਾਕੇ ਦੇ ਸ਼ਹੀਦਾਂ ਬਾਰੇ ਬਣਾਈਆਂ ਗਈਆਂ ਪੁਰਾਣੀਆਂ ਲਿਸਟਾਂ ਇਹ ਹਨ:-

1- ਸੰਤ ਸੰਤੋਖ ਸਿੰਘ ਬਾਹੋਵਾਲ ਦੁਆਰਾ ਉਨ੍ਹਾਂ ਦੀ ਪੁਸਤਕ 'ਸਤਿਗੁਰੂ ਬਿਲਾਸ' ਵਿਚ ਲਿਖੀ ਲਿਸਟ
2- ਸੰਤ ਨਿਧਾਨ ਸਿੰਘ ਆਲਿਮ ਦੁਆਰਾ ਉਨ੍ਹਾਂ ਦੀ ਪੁਸਤਕ 'ਜੁਗ ਪਲਟਾਊ ਸਤਿਗੁਰੂ' ਵਿਚ ਲਿਖੀ ਹੋਈ ਲਿਸਟ
3- ਸੰਤ ਇੰਦਰ ਸਿੰਘ ਚੱਕਰਵਰਤੀ ਦੁਆਰਾ ਸਤਿਜੁਗ ਦੇ 22 ਮਾਘ ਸੰਮਤ 1986 ਦੇ ਬਸੰਤ ਅੰਕ ਵਿਚ ਛਪੇ ਲੇਖ ਵਿਚ ਲਿਖੀ ਹੋਈ ਲਿਸਟ
4- ਸ. ਬਿਸ਼ਨ ਸਿੰਘ ਹਿਸਟੋਰੀਅਨ ਦੁਆਰਾ ਉਨ੍ਹਾਂ ਦੀ ਪੁਸਤਕ 'ਅਣਖੀ ਮਸਤਾਨੇ' ਵਿਚ ਲਿਖੀ ਹੋਈ ਲਿਸਟ
5- ਸ. ਨਾਹਰ ਸਿੰਘ ਐਮ. ਏ. ਦੁਆਰਾ ਉਨ੍ਹਾਂ ਦੀ ਪੁਸਤਕ 'ਨਾਮਧਾਰੀ ਇਤਿਹਾਸ' ਵਿਚ ਲਿਖੀ ਹੋਈ ਲਿਸਟ, ਜੋ ਉਪਰੋਕਤ ਲਿਸਟਾਂ 'ਤੇ ਅਧਾਰਿਤ ਹੈ।

6- ਮਲੇਰਕੋਟਲਾ ਸਾਕੇ ਦੇ ਸ਼ਹੀਦਾਂ ਦੀ ਹੁਣ ਵਾਲੀ ਦਸਤਾਵੇਜੀ ਲਿਸਟ, ਸਟੇਟ ਆਰਕਾਈਵਜ਼ ਪਟਿਆਲਾ ਵਿਚੋਂ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਦੇ ਵਿਦੇਸ਼ ਵਿਭਾਗ ਦੀ ਗੁਪਤ ਫਾਇਲ ਐਚ. 92 ਐਮ. ਭਾਗ ਪਹਿਲਾ ਵਿਚੋਂ ਲਈ ਗਈ ਹੈ। ਇਸ ਫਾਇਲ ਨੂੰ ਮੈਂ ਮਈ ਸੰਨ 2005 ਵਿਚ ਕਢਵਾਇਆ ਸੀ। ਇਹ ਸ਼ੇਰਪੁਰ ਥਾਣੇ ਵਿਚ ਗ੍ਰਿਫਤਾਰ ਹੋਏ ਸ਼ਹੀਦੀ ਜੱਥੇ ਦੇ 68 ਸਿੱਖਾਂ (ਜਿੰਨਾਂ ਵਿਚ ਦੋ ਇਸਤਰੀਆਂ ਸਨ) ਦੀ ਲਿਸਟ ਹੈ।

ਪੁਰਾਣੀਆਂ ਲਿਸਟਾਂ ਉਸ ਵੇਲੇ ਕੀਤੀ ਗਈ ਪੁੱਛ ਗਿੱਛ 'ਤੇ ਆਧਾਰਿਤ ਹਨ। ਕ੍ਰੀਬ 140 ਸ਼ਹੀਦਾਂ ਦੇ ਜੱਥੇ ਵਿਚੋਂ ਜੋ ਅੱਸੀ ਸਿੱਖ ਸ਼ਹੀਦ ਹੋਏ ( 66 ਸਿੱਖ ਤੋਪਾਂ ਨਾਲ, 8 ਸਿੱਖ ਮਲੇਰਕੋਟਲਾ ਵਿਖੇ ਲੜਦਿਆਂ ਅਤੇ 4 ਕਾਲੇ ਪਾਣੀ ਦੀ ਕੈਦ ਵਿਚ ਭੇਜੇ ਹੋਏ ਸਿੱਖ ਸ਼ਹੀਦ ਹੋਏ ) ਬਾਕੀ ਸਿੱਖ ਜਿਹੜੇ ਜੱਥੇ ਵਿਚੋਂ ਨਿਕਲ ਕੇ ਵਾਪਸ ਚਲੇ ਗਏ, ਉਨ੍ਹਾਂ ਵਿਚੋਂ ਜ਼ਿਆਦਾਤਰ ਵਾਪਸ ਆਪਣੇ ਘਰਾਂ ਨੂੰ ਮੁੜੇ ਹੀ ਨਹੀਂ, ਗੁਪਤਵਾਸ 'ਚ ਰਹੇ। ਪਰਿਵਾਰ ਵਾਲਿਆਂ ਨੇ ਸਮਝਿਆ ਕਿ ਸ਼ਹੀਦ ਹੋ ਗਏ ਹਨ, ਕਿਉਂਕਿ ਉਨ੍ਹਾਂ ਬਾਰੇ ਕੁਝ ਪਤਾ ਹੀ ਨਹੀ ਲਗਿਆ।

ਜਿਵੇਂ ਕਿ

ਸ. ਜਗਤ ਸਿੰਘ ( ਪਿੰਡ ਗੰਜੀ ਗੁਲਾਬ ਸਿੰਘ ਵਾਲਾ, ਤਹਿਸੀਲ ਬਾਘਾ ਪੁਰਾਣਾ, ਮੋਗਾ )

ਸ. ਹਰਨਾਮ ਸਿੰਘ (ਪਿੰਡ ਧਮੋਟ ਤਹਿਸੀਲ ਪਾਇਲ , ਜ਼ਿਲ੍ਹਾ ਲੁਧਿਆਣਾ)

ਸ. ਧਿਆਨ ਸਿੰਘ (ਪਿੰਡ ਚੱਕ ਕੂਕਿਆਂ, ਹੁਣ ਜ਼ਿਲ੍ਹਾ ਸੰਗਰੂਰ)

ਸ. ਗੁੱਜਰ ਸਿੰਘ ( ਪਿੰਡ ਹਰੀਪੁਰ, ਹੁਣ ਬਲਾਕ ਅਮਲੋਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ) ਆਦਿਕ ਕਈ ਜਣੇਂ, ਜਿੰਨ੍ਹਾਂ ਦਾ ਨਾਂ ਦਸਤਾਵੇਜ਼ੀ ਲਿਸਟ ਵਿਚ ਨਹੀਂ ਹੈ, ਉਹ ਜਾਂ ਤਾਂ ਮਲੇਰਕੋਟਲਾ ਸਾਕੇ ਸਮੇਂ ਲੜਦਿਆਂ ਸ਼ਹੀਦ ਹੋ ਗਏ ਅਤੇ ਜਾਂ ਮਲੇਰਕੋਟਲਾ ਸਾਕੇ ਮਗਰੋਂ ਘਰਾਂ ਨੂੰ ਮੁੜੇ ਨਹੀਂ, ਗੁਪਤਵਾਸ 'ਚ ਰਹੇ।

ਕਈ ਜਣੇਂ ਜਿਹੜੇ ਸ਼ਹੀਦੀ ਜੱਥੇ ਵਿਚ ਸ਼ਾਮਲ ਸਨ, ਪਰ ਸ਼ਹੀਦ ਨਹੀ ਹੋਏ , ਵਾਪਸ ਆ ਗਏ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਜੀ ਨੇ ਉਨ੍ਹਾਂ ਨੂੰ ਦਰਸ਼ਨ ਦਿੱਤੇ ਬਾਰੇ ਮੈਂ ਪੰਨਾ ਨੰ 43 'ਤੇ ਮਲੇਰਕੋਟਲਾ ਸਾਕੇ ਦੇ ਅਧਿਆਏ ਵਿਚ ਲਿਖਿਆ ਹੈ।

ਹੁਣ ਅਗਲੀ ਗੱਲ ਹੈ ਪਿੰਡ ਰੜ (ਜ਼ਿਲ੍ਹਾ ਸੰਗਰੂਰ ) ਦੇ ਸ਼ਹੀਦਾਂ ਦੀ। ਦਸਤਾਵੇਜ਼ੀ ਲਿਸਟ ਅਨੁਸਾਰ ਪਿੰਡ ਰੜ ਦੇ ਇਹ ਛੇ ਸਿੰਘ ਸ਼ਹੀਦ ਹੋਏ-

ਇਨ੍ਹਾਂ ਦਸਤਾਵੇਜ਼ਾਂ ਅਨੁਸਾਰ ਪਿੰਡ ਰੜ੍ਹ ਦੇ ਸ਼ਹੀਦਾਂ ਦੀ ਸੂਚੀ ਇਸ ਪ੍ਰਕਾਰ ਹੈ:-

ਸੂਚੀ ਨੰਬਰ

| | | |
|---|---|---|
| 51. | 1 | ਸ਼ਹੀਦ ਸੱਦਾ ਸਿੰਘ ਸਪੁੱਤਰ ਸ. ਮਹਾਂ ਸਿੰਘ ਰਾਮਗੜ੍ਹੀਆ |
| 52. | 2 | ਸ਼ਹੀਦ ਹਰਨਾਮ ਸਿੰਘ ਸਪੁੱਤਰ ਸ. ਚੜ੍ਹਤ ਸਿੰਘ ਰਾਮਗੜ੍ਹੀਆ |
| 43. | 3 | ਸ਼ਹੀਦ ਬਿਸ਼ਨ ਸਿੰਘ ਸਪੁੱਤਰ ਸ. ਮਹਿਤਾਬ ਸਿੰਘ ਮਹਾਂ ਸਿੰਘ ਜਿਮੀਂਦਾਰ |
| 17 | 4 | ਸ਼ਹੀਦ ਹੀਰਾ ਸਿੰਘ ਸਪੁੱਤਰ ਸ. ਮਹਿਤਾਬ ਸਿੰਘ ਜਿਮੀਂਦਾਰ |
| 6. | 5 | ਸ਼ਹੀਦ ਨਰਾਇਣ ਸਿੰਘ ਸਪੁੱਤਰ ਸ. ਮਹਿਤਾਬ ਸਿੰਘ ਜਿਮੀਂਦਾਰ |
| 41. | 6 | ਸ਼ਹੀਦ ਗੁਰਦਿੱਤ ਸਿੰਘ ਸਪੁੱਤਰ ਸ. ਰੱਬੀ ਸਿੰਘ ਜਿਮੀਂਦਾਰ |

---

ਇਨ੍ਹਾਂ ਵਿਚੋਂ ਸ਼ਹੀਦ ਬਾਲਕ ਬਿਸ਼ਨ ਸਿੰਘ ਬਾਰੇ ਕੁੱਝ ਭੁਲੇਖੇ ਹਨ। ਇਨ੍ਹਾਂ ਦਾ ਵਰਨਣ ਮੈਂ ਚਾਰ ਤਰੀਕਿਆਂ ਨਾਲ ਕਰਾਂਗੀ–

1– ਪਰਿਵਾਰ ਦੁਆਰਾ ਲਈ ਜਾਣਕਾਰੀ ਅਨੁਸਾਰ
2– ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨਾਂ ਅਨੁਸਾਰ
3– ਸਰਕਾਰੀ ਦਸਤਾਵੇਜ਼ਾਂ ਅਨੁਸਾਰ
4– ਸਮਕਾਲੀਨ ਅਤੇ ਵਰਤਮਾਨ ਲੇਖਕਾਂ ਦੇ ਲੇਖਾਂ ਅਨੁਸਾਰ

## ਪਰਿਵਾਰਕ ਸਰੋਤਾਂ ਅਨੁਸਾਰ–

ਸ਼ਹੀਦ ਸਦਾ ਸਿੰਘ, ਸ਼ਹੀਦ ਬਿਸ਼ਨ ਸਿੰਘ ਤੇ ਸ਼ਹੀਦ ਹਰਨਾਮ ਸਿੰਘ ਤਿੰਨੋ ਚਾਚੇ ਤਾਏ ਦੇ ਪੁੱਤ ਭਰਾ ਸਨ।ਇਹ ਪਿੰਡ ਰੜ੍ਹ ਦੇ ਦੋ ਭਰਾਵਾਂ ਸ.ਮਹਾਂ ਸਿੰਘ ਚਾਨਾ ਰਾਮਗੜ੍ਹੀਆ ਤੇ ਸ.ਚੜ੍ਹਤ ਸਿੰਘ ਚਾਨਾ ਰਾਮਗੜ੍ਹੀਆਂ ਦੀ ਸੰਤਾਨ ਸਨ।

ਸ਼ਹੀਦ ਸਦਾ ਸਿੰਘ ਤੇ ਸ਼ਹੀਦ ਬਿਸ਼ਨ ਸਿੰਘ ਦੋਵੇਂ ਭਰਾ, ਸ.ਮਹਾਂ ਸਿੰਘ ਦੇ ਸਪੁੱਤਰ ਸਨ ਅਤੇ ਸ਼ਹੀਦ ਹਰਨਾਮ ਸਿੰਘ, ਸ.ਚੜ੍ਹਤ ਸਿੰਘ ਦੇ ਸਪੁੱਤਰ ਸੀ।ਸ਼ਹੀਦ ਸੱਦਾ ਸਿੰਘ ਤੇ ਸ਼ਹੀਦ ਬਿਸ਼ਨ ਸਿੰਘ ਦੀ ਇੱਕ ਭੈਣ ਵੀ ਸੀ ਜੋ ਪਿੰਡ ਲੋਹਟਬੱਦੀ ਵਿਆਹੀ ਸੀ।

ਸ਼ਹੀਦ ਹਰਨਾਮ ਸਿੰਘ ਕ੍ਰੀਬ 14 ਸਾਲ ਦੇ ਅਤੇ ਸ਼ਹੀਦ ਬਿਸ਼ਨ ਸਿੰਘ ਕ੍ਰੀਬ 12 ਸਾਲ ਦੇ ਸਨ, ਜਦੋਂ ਉਹ ਸ਼ਹੀਦ ਕੀਤੇ ਗਏ।

ਸ਼ਹੀਦ ਸੱਦਾ ਸਿੰਘ ਨੌਜਵਾਨ ਅਵਸਥਾ ਦੇ ਸਨ ਅਤੇ ਵਿਆਹੇ ਹੋਏ ਸਨ, ਜਦੋਂ ਉਹ ਸ਼ਹੀਦ ਹੋਏ। ਇਨ੍ਹਾਂ ਦੇ ਇੱਕ ਡੇਢ ਕੁ ਸਾਲ ਦਾ ਸਪੁੱਤਰ ਨਿਰੰਜਣ ਸਿੰਘ ਸੀ ਅਤੇ ਇਕ ਧੀ ਵੀ ਸੀ। ਮਲੇਰਕੋਟਲਾ ਸਾਕੇ ਮਗਰੋਂ ਇਸ ਦੀ ਮਾਤਾ ਆਪਣੇ ਬਚਿੱਆਂ ਨੂੰ ਅੰਗ੍ਰੇਜ਼ਾਂ ਤੋਂ ਬਚਾ ਕੇ ਰੱਖਣ ਲਈ, ਇਨ੍ਹਾਂ ਨੂੰ ਆਪਣੇ ਪੇਕੇ ਪਿੰਡ ਝੁਨੇਰ ਹੁਣ (ਜ਼ਿਲ੍ਹਾ ਸੰਗਰੂਰ) ਲੈ ਗਈ ਸੀ। ਜਦੋਂ ਨਿਰੰਜਣ ਸਿੰਘ ਜਵਾਨ ਹੋਇਆ, ਉਦੋਂ ਇਹ ਆਪਣੇ ਪਿੰਡ ਰੜ੍ਹ ਵਿਖੇ ਆਪਣੇ ਘਰ ਵਾਪਸ ਆਇਆ।ਇਸ ਦਾ ਵਿਆਹ ਹੋਇਆ।ਇਸ ਦੇ ਦੋ ਪੁੱਤਰ ਸਰਬਣ ਸਿੰਘ ਤੇ ਅਰਜਨ ਸਿੰਘ ਹੋਏ।

ਸ.ਸਰਬਣ ਸਿੰਘ ਤੇ ਬੀਬੀ ਨਿਹਾਲ ਕੌਰ (ਪਿੰਡ ਭੈਣੀ ਮਹਿਰਾਜ ਜ਼ਿਲ੍ਹਾ ਸੰਗਰੂਰ ਦੇ ਨਾਮਧਾਰੀ ਪਰਿਵਾਰ ਵਿਚੋਂ, ਮੇਰੇ ਭੂਆ ਜੀ) ਦੇ ਤਿੰਨ ਸਪੁੱਤਰਾਂ ਸਰਵ ਸ੍ਰੀ ਲਾਲ ਸਿੰਘ ,ਬਲਵਿੰਦਰ ਸਿੰਘ ਅਤੇ ਸੁਰਜੀਤ ਸਿੰਘ ਹੋਏ।ਸੰਤ ਲਾਲ ਸਿੰਘ ਅਤੇ ਸੰਤ ਸੁਰਜੀਤ ਸਿੰਘ ਪਰਿਵਾਰ ਸਮੇਤ ਸ੍ਰੀ ਭੈਣੀ ਸਾਹਿਬ ਰਹਿੰਦੇ ਹਨ।ਸਵ.ਸੰਤ ਬਲਵਿੰਦਰ ਸਿੰਘ ਦਾ ਪਰਿਵਾਰ ਧੂਰੀ ਰਹਿੰਦਾ ਹੈ।ਇਨ੍ਹਾਂ ਤਿੰਨਾਂ ਭਰਾਵਾਂ ਦੇ ਬੱਚੇ ਵਿਆਹੇ ਹੋਏ ਹਨ ਅਤੇ ਅੱਗੋਂ ਇਨ੍ਹਾਂ ਦੇ ਬੱਚੇ ਹਨ।

ਸੰਤ ਲਾਲ ਸਿੰਘ ਦੱਸਦੇ ਹਨ ਕਿ ਜਦੋਂ ਇਹ ਚੌਥੀ ਕਲਾਸ ਵਿਚ ਪੜ੍ਹਦੇ ਸਨ ਉਦੋਂ ਇਨ੍ਹਾਂ ਦੇ ਦਾਦਾ ਜੀ ਸੰਤ ਨਿਰੰਜਣ ਸਿੰਘ ਚੜ੍ਹਾਈ ਕੀਤੇ ਸਨ।ਦੱਸਦੇ ਹਨ ਕਿ ਮੈਂ ਆਪਣੇ ਦਾਦਾ ਜੀ ਤੋਂ ਫਿਰ ਪਿਤਾ ਜੀ ਤੋਂ ਸ਼ਹੀਦਾਂ ਬਾਰੇ ਕਾਫੀ ਗੱਲਾਂ ਸੁਣੀਆਂ ਹੋਈਆਂ ਹਨ।

ਸੰਤ ਲਾਲ ਸਿੰਘ ਦੇ ਪਿਤਾ ਜੀ ਸ.ਸਰਬਣ ਸਿੰਘ ਸੰਨ 1975 ਨੂੰ ਅਤੇ ਮਾਤਾ ਨਿਹਾਲ ਕੌਰ 21 ਫਰਵਰੀ ਸੰਨ 1993 ਨੂੰ ਚੜ੍ਹਾਈ ਕੀਤੇ।

ਸ.ਸਰਬਣ ਸਿੰਘ ਦੇ ਭਰਾ ਸ.ਅਰਜਨ ਸਿੰਘ ਦਾ ਪਰਿਵਾਰ ਪਿੰਡ ਰੜ੍ਹ ਦੇ ਨੇੜੇ ਪਿੰਡ ਅਲੀਪੁਰ ਖਾਲਸਾ ਵਿਖੇ ਰਹਿੰਦਾ ਹੈ।ਸ.ਅਰਜਨ ਸਿੰਘ ਦੇ ਤਿੰਨ ਸਪੁੱਤਰ-ਸਰਵ ਸ੍ਰੀ ਜਸਵੰਤ ਸਿੰਘ, ਸਵ.ਕੇਸਰ ਸਿੰਘ ਤੇ ਸ.ਤੇਜਾ ਸਿੰਘ ਦੇ ਪਰਿਵਾਰ ਇਥੇ ਰਹਿੰਦੇ ਹਨ।ਐਸ ਵੇਲੇ ਇਨ੍ਹਾਂ ਦੇ ਬੱਚੇ ਵੀ ਵਿਆਹੇ ਹੋਏ ਹਨ ਅਤੇ ਬੱਚਿਆਂ ਵਾਲੇ ਹਨ।

ਸੰਤ ਲਾਲ ਸਿੰਘ ਤੇ ਸੰਤ ਸੁਰਜੀਤ ਸਿੰਘ ਪਰਿਵਾਰਾਂ ਵੱਲੋਂ ਹਰ ਸਾਲ ਪਿੰਡ ਰੜ੍ਹ ਵਿਖੇ ਸ਼ਹੀਦ ਯਾਦਗਾਰੀ ਸਮਾਗਮ ਅਥਵਾ ਮੇਲਾ,ਆਪਣੇ ਪਰਿਵਾਰ ਦੇ ਤਿੰਨਾਂ ਸ਼ਹੀਦਾਂ ਅਤੇ ਪਿੰਡ ਦੇ ਤਿੰਨਾਂ ਸ਼ਹੀਦਾਂ ਯਾਨੀ ਪਿੰਡ ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਕਰਵਾਇਆ ਜਾਂਦਾ ਹੈ। ਪਿੰਡ ਵਾਲੇ ਇਸ ਮੇਲੇ ਵਿਚ ਪੂਰਾ ਸਹਿਯੋਗ ਦਿੰਦੇ ਹਨ।ਭਰਵਾਂ ਇੱਕਠ ਹੁੰਦਾ ਹੈ।ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਸ ਮੇਲੇ 'ਚ ਦਰਸ਼ਨ ਦਿੰਦੇ ਸਨ।ਹੁਣ ਵਰਤਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੀ ਇਸ ਮੇਲੇ 'ਚ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਦੇ ਹਨ।ਕਦੇ ਕਦੇ ਰੜ ਵਾਲਾ ਸਾਲਾਨਾ ਸ਼ਹੀਦੀ ਮੇਲਾ ਸ੍ਰੀ ਭੈਣੀ ਸਾਹਿਬ ਵੀ ਹੋ ਜਾਂਦਾ ਹੈ।

ਪਿੰਡ ਰੜ੍ਹ ਵਿਖੇ ਸ਼ਹੀਦਾਂ ਦੀ ਯਾਦਗਾਰ ਬਣੀ ਹੋਈ ਹੈ।ਪਿੰਡ ਵਿਖੇ ਸੰਤ ਲਾਲ ਸਿੰਘ ਤੇ ਇਨ੍ਹਾਂ ਦੇ ਭਰਾਵਾਂ ਦੇ ਪਰਿਵਾਰਾਂ ਨੂੰ ਸ਼ਹੀਦ ਬਿਸ਼ਨ ਸਿੰਘ ਦੇ ਪਰਿਵਾਰਾਂ ਵਜੋਂ ਜਾਣਿਆ ਜਾਂਦਾ ਹੈ।

ਸ਼ਹੀਦ ਸੱਦਾ ਸਿੰਘ ਦੀ ਬੇਟੀ (ਨਰੰਜਣ ਸਿੰਘ ਦੀ ਭੈਣ ) ਪਿੰਡ ਬੋਪਾਰਾਏ ਹੁਣ (ਜ਼ਿਲ੍ਹਾ ਸੰਗਰੂਰ) ਵਿਆਹੀ ਗਈ। ਇਸਦੀ ਧੀ ਕਿਸ਼ਨ ਕੌਰ ਬੋਪਾਰਾਏ ਤੋਂ ਸ੍ਰੀ ਭੈਣੀ ਸਾਹਿਬ ਵਿਆਹੀ ਗਈ। ਬੀਬੀ ਕਿਸ਼ਨ ਕੌਰ, ਇਸ ਵੇਲੇ ਲੁਧਿਆਣਾ ਰਹਿੰਦੇ ਸ. ਤਰਲੋਚਨ ਸਿੰਘ ਮਠਾੜੂ ਤੇ ਉਨ੍ਹਾਂ ਦੇ ਭੈਣ ਭਰਾਵਾਂ ਦੇ ਦਾਦੀ ਜੀ ਸਨ। ਸ. ਤਰਲੋਚਨ ਸਿੰਘ ਦੇ ਦਾਦਾ ਜੀ ਸੰਤ ਅਰਜਨ ਸਿੰਘ ਸਨ। ਇਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਤਾਇਆ ਜੀ ਦੇ ਪਰਿਵਾਰ ਵਿਚੋਂ ਸਨ।

## ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨਾਂ ਅਨੁਸਾਰ-

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਨ੍ਹਾਂ ਦੇ ਪਰਿਵਾਰ ਨੂੰ ਸ਼ਹੀਦ ਬਿਸ਼ਨ ਸਿੰਘ ਦਾ ਪਰਿਵਾਰ ਆਖ ਬਚਨ ਕਰਿਆ ਕਰਦੇ ਸਨ।

ਨਾਮਧਾਰੀ ਦਰਬਾਰ ਵੱਲੋਂ ਛਾਪੀ ਗਈ ਪੁਸਤਕ 'ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ' ਦੇ ਪੰਨਾ ਨੰ.164 ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨ '**ਸੀਸ ਦੀਏ ਅਰੁ ਸੀ ਨ ਕਰੀ**'ਵਿੱਚ ਇੰਜ ਛਪਿਆ ਹੋਇਆ ਹੈ:-

"ਉਹ ਬਿਸ਼ਨ ਸਿੰਘ ਬੱਚਾ ਰਾਮਗੜ੍ਹੀਆ ਪਰਿਵਾਰ ਵਿਚੋਂ,ਰੜ੍ਹ ਪਿੰਡ,ਜਿਸ ਨੂੰ ਰੂੜਗੜ੍ਹ ਵੀ ਆਖਿਆ ਜਾਂਦਾ ਹੈ,ਉਥੋਂ ਦਾ ਸੀ। ਉਨ੍ਹਾਂ ਦੇ ਪਰਿਵਾਰ ਅਜੇ ਵੀ ਹੈਣ ਬਿਸ਼ਨ ਸਿੰਘ ਦੇ ਭਤੀਜੇ ਵਗੈਰਾ, ਕਿਉਂਕਿ ਉਹ ਤੇ ਬਾਰਾਂ ਸਾਲ ਦਾ ਹੀ ਚੜ੍ਹਾਈ ਕਰ ਗਿਆ ਸੀ।''

ਸੰਤ ਸੁਰਜੀਤ ਸਿੰਘ ਦੱਸਦੇ ਹਨ ਕਿ ਸੰਨ 1982 ਨੂੰ ਦਿੱਲੀ ਵਿਖੇ ਬਸੰਤ ਦਾ ਮੇਲਾ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜੂਰੀ ਵਿਚ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਖੇ ਕੀਤਾ ਜਾ ਰਿਹਾ ਸੀ। ਸ੍ਰੀ ਸਤਿਗੁਰੂ ਜੀ ਨੇ ਮੇਰੇ ਬਾਰੇ ਫਰਮਾਇਆ ਕਿ ਸ਼ਹੀਦ ਬਿਸ਼ਨ ਸਿੰਘ ਦਾ ਪੜ੍ਹਪੋਤਰਾ ਇਥੇ ਆਇਆ ਹੋਇਆ ਹੈ, ਉਹ ਸੰਗਤ ਵਿਚੋਂ ਉੱਠ ਕੇ ਖੜ੍ਹਾ ਹੋਵੇ ਅਤੇ ਆ ਕੇ ਸਟੇਜ਼ 'ਤੇ ਬੈਠ ਜਾਵੇ।ਸੰਤ ਸੁਰਜੀਤ ਸਿੰਘ ਹੁਕਮ ਮੰਨ ਕੇ ਉੱਠ ਕੇ ਖੜ੍ਹੇ ਹੋਏ ਤੇ ਸਟੇਜ 'ਤੇ ਬੈਠ ਗਏ।ਸੰਤ ਤਰਸੇਮ ਸਿੰਘ (ਸ੍ਰੀ ਸਤਿਗੁਰੂ ਜੀ ਦੇ ਨਿੱਜੀ ਸਕੱਤਰ) ਲਾਗੇ ਬੈਠੇ ਹੋਏ

ਸਨ। ਉਨ੍ਹਾਂ ਨੇ ਸੰਤ ਸੁਰਜੀਤ ਸਿੰਘ ਨੂੰ ਆਖਿਆ ਕਿ ਸ੍ਰੀ ਸਤਿਗੁਰੂ ਜੀ ਦੀ ਰਜ਼ਾ ਹੈ ਕਿ ਤੁਹਾਡਾ ਵਿਆਹ ਬੀਬੀ ਰਮਿੰਦਰਪਾਲ ਕੌਰ ਸਪੁੱਤਰੀ ਸੰਤ ਹਵੇਲਾ ਸਿੰਘ ਤੇ ਬੀਬੀ ਪ੍ਰੀਤਮ ਕੌਰ ਦਿੱਲੀ (ਸ੍ਰੀ ਹਰਵਿੰਦਰ ਸਿੰਘ ਹੰਸਪਾਲ ਜੀ ਪ੍ਰਧਾਨ, ਨਾਮਧਾਰੀ ਦਰਬਾਰ ਦੇ ਭੂਆ ਜੀ) ਨਾਲ ਕੀਤਾ ਜਾਵੇ।ਬਾਅਦ 'ਚ ਸੰਤ ਸੁਰਜੀਤ ਸਿੰਘ ਦੇ ਅਨੰਦ ਕਾਰਜ ਬੀਬੀ ਰਮਿੰਦਰਪਾਲ ਕੌਰ ਨਾਲ ਹੋਏ।ਇਨ੍ਹਾਂ ਦੇ ਤਿੰਨ ਬੇਟੇ ਹਨ-ਵੱਡਾ ਜਗਦੀਪ ਸਿੰਘ ਅਮਰੀਕਾ, ਵਿਚਕਾਰਲਾ ਹਰਦੀਪ ਸਿੰਘ ਬਿਸ਼ਨ ਕੈਨੇਡਾ ਅਤੇ ਛੋਟਾ ਗੁਰਦੀਪ ਸਿੰਘ ਹਰਜੀ ਦਿੱਲੀ (ਹੁਣ ਸ੍ਰੀ ਭੈਣੀ ਸਾਹਿਬ) ਵਿਖੇ ਆਪਣੇ ਪਰਿਵਾਰਾਂ ਨਾਲ ਵਸੱਦੇ ਹਨ।

ਸੰਤ ਲਾਲ ਸਿੰਘ ਦੱਸਦੇ ਹਨ ਕਿ ਉਹ ਤੇ ਉਨ੍ਹਾਂ ਦੇ ਪਰਿਵਾਰ ਜਦੋਂ ਕਿਸੇ ਮੇਲੇ ਜਾਂ ਸਮਾਗਮ 'ਤੇ ਜਾਇਆ ਕਰਦੇ ਸਨ, ਸ੍ਰੀ ਸਤਿਗੁਰੂ ਜੀ ਹੁਕਮ ਕਰਦੇ ਸਨ ਕਿ ਸ਼ਹੀਦ ਬਿਸ਼ਨ ਸਿੰਘ ਦਾ ਪਰਿਵਾਰ ਇਥੇ ਆਇਆ ਹੈ, ਉਹ ਜਿਥੇ ਵੀ ਬੈਠੇ ਹਨ, ਉੱਠ ਕੇ ਖੜ੍ਹੇ ਹੋ ਜਾਣ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 5 ਨਵੰਬਰ 1981 'ਚ 'ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ' ਦੀ ਸਥਾਪਨਾ ਮਾਨ ਸਰੋਵਰ ਗਾਰਡਨ ਦਿੱਲੀ ਵਿਖੇ ਕੀਤੀ।ਇਹ ਸਕੂਲ ਜੁਲਾਈ 1984 ਵਿਚ ਹੁਣ ਵਾਲੀ ਮੌਜੂਦਾ ਸਕੂਲ ਦੀ ਬਿਲਡਿੰਗ 'ਚ ਤਬਦੀਲ ਹੋਇਆ।ਇਸ ਸਕੂਲ ਵਿਚ ਸ਼ਹੀਦ ਬਿਸ਼ਨ ਸਿੰਘ ਦੇ ਪਿਤਾ ਜੀ ਦਾ ਨਾਂ ਸ .ਮਹਾਂ ਸਿੰਘ ਪੜ੍ਹਾਇਆ ਜਾਂਦਾ ਹੈ।

ਹਜ਼ੂਰੀ ਸੇਵਕ ਰਛਪਾਲ ਸਿੰਘ ਦੇ ਦੱਸਣ ਅਨੁਸਾਰ ਸੰਨ 1986 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਨ੍ਹਾਂ ਦੇ ਪਿਤਾ ਸੰਤ ਕਸ਼ਮੀਰਾ ਸਿੰਘ ਅਤੇ ਮਾਤਾ ਬਲਬੀਰ ਕੌਰ ਨੂੰ ,ਜੋ ਉਦੋਂ ਮਾਈਆਂ ਦੇ ਡੇਰੇ ਸ੍ਰੀ ਭੈਣੀ ਸਾਹਿਬ ਵਿਖੇ ਰਹਿੰਦੇ ਸਨ, ਕੋਠੀ ਵਿੱਚ ਬੁਲਾਇਆ ਤੇ ਬਚਨ ਕਰਦਿਆਂ ਹੁਕਮ ਕੀਤਾ ਕਿ ਰਛਪਾਲ ਸਿੰਘ ਦਾ ਵਿਆਹ ਮੈਂ ਆਪ ਕਰਨੈ।

ਸੰਨ 1990 'ਚ ਰਛਪਾਲ ਸਿੰਘ, ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਸੇਵਕ ਬਣੇ।

ਸ੍ਰੀ ਸਤਿਗੁਰੂ ਜੀ ਨੇ ਹਜੂਰੀ ਸੇਵਕ ਰਛਪਾਲ ਸਿੰਘ ਦੇ ਅਨੰਦ ਕਾਰਜ ਬੀਬੀ ਗੁਰਪਾਲ ਕੌਰ ਸਪੁੱਤਰੀ ਸੰਤ ਲਾਲ ਸਿੰਘ ਪਿੰਡ ਰੜ੍ਹ (ਮੇਰੇ ਭੂਆ ਜੀ ਦੇ ਬੇਟੇ ) ਨਾਲ 8 ਮਾਰਚ ਸੰਨ 1993 ਨੂੰ ਮੱਘਰ ਦੀ ਪੂਰਨਮਾਸ਼ੀ ਵਾਲੇ ਦਿਨ ਕੀਤੇ।

ਉਸ ਦਿਨ ਮੈਂ ਤੇ ਮੇਰੇ ਜੀਵਨ ਸਾਥੀ ਸੰਤ ਭਗਵੰਤ ਸਿੰਘ ਰੋਪੜ ਤੋਂ ਬੱਸ ਰਾਹੀਂ ਸਵੇਰੇ ਕ੍ਰੀਬ ਸਾਢੇ ਦੱਸ ਵਜੇ ਸ੍ਰੀ ਭੈਣੀ ਸਾਹਿਬ ਪਹੁੰਚੇ।ਸ੍ਰੀ ਸਤਿਗੁਰੂ ਜੀ ਰਾਈਆਂ ਵਾਲੇ ਬਾਗ ਵਿਚ ਗਏ ਹੋਏ ਸਨ।ਸਾਨੂੰ ਪਤਾ ਲੱਗਾ ਤਾਂ ਅਸੀਂ ਵੀ ਸ੍ਰੀ ਭੈਣੀ ਸਾਹਿਬ ਤੋਂ ਰਾਈਆਂ ਬਾਗ ਵਿਚ ਪਹੁੰਚ ਗਏ।ਸ੍ਰੀ ਸਤਿਗੁਰੂ ਜੀ ਉਥੋਂ ਚੱਲਣ ਲਈ ਕਾਰ ਵਿਚ ਬੈਠੇ ਸਨ। ਨਾਲ ਛੋਟੇ ਠਾਕੁਰ ਜੀ (ਵਰਤਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ) ਅਤੇ ਸੰਤ ਜਗਤਾਰ ਸਿੰਘ ਜੀ (ਪਨਿਹਾਰੀ) ਬੈਠੇ ਹੋਏ ਸਨ। ਜਦੋਂ ਅਸੀਂ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕਿਆ ਤਾਂ ਹਜ਼ੂਰ ਨੇ ਫਰਮਾਇਆ ,"ਕਿਵੇਂ ਆਏ ?"

ਮੈਂ ਅਰਜ਼ ਕੀਤੀ ,"ਸੱਚੇ ਪਾਤਸ਼ਾਹ ਜੀ ਦਰਸ਼ਨ ਕਰਨ ਹੀ ਆਏ ਹਾਂ।"

ਸ੍ਰੀ ਸਤਿਗੁਰੂ ਜੀ ਨੇ ਫਰਮਾਇਆ ,"ਕੁੜੀ ਵਿਆਹ ਦਿੱਤੀ (ਮੇਰੀ ਭਤੀਜੀ ਗੁਰਪਾਲ ਕੌਰ), ਮੈਂ ਰਛਪਾਲ ਸਿੰਘ ਦਾ ਵਿਆਹ ਸ਼ਹੀਦ ਬਿਸ਼ਨ ਸਿੰਘ ਦੇ ਪਰਿਵਾਰ 'ਚ ਕੀਤਾ ਹੈ।

---

ਸ਼ਹੀਦ ਬਿਸ਼ਨ ਸਿੰਘ ਦੀ ਸਕਰੌਦੀ ਵਾਲੇ ਸ਼ਹੀਦਾਂ ਦੇ ਪਰਿਵਾਰ ਨਾਲ ਕੋਈ ਰਿਸ਼ਤੇਦਾਰੀ ਨਹੀਂ ਸੀ।

ਸ਼ਹੀਦ ਹੀਰਾ ਸਿੰਘ, ਸ਼ਹੀਦ ਲਹਿਣਾ ਸਿੰਘ ਅਤੇ ਸ਼ਹੀਦ ਅਨੂਪ ਸਿੰਘ ਸਕਰੌਦੀ ਵਾਲੇ ਤਿੰਨਾਂ ਗਰੇਵਾਲ ਭਰਾਵਾਂ (ਚਾਚੇ ਤਾਏ ਦੇ ਪੁੱਤ ਭਰਾ) ਦੀ ਭੂਆ ਬੀਬੀ ਮਹਿਤਾਬ ਕੌਰ ਪਿੰਡ ਰੜ੍ਹ ਵਿਖੇ ਵਿਆਹੀ ਹੋਈ ਸੀ।ਸਕਰੌਦੀ ਵਾਲੇ ਸ਼ਹੀਦਾਂ ਦੇ ਪਰਿਵਾਰਾਂ ਦੇ ਦੱਸਣ ਮੁਤਾਬਿਕ ਵੀ ਸ਼ਹੀਦਾਂ ਦੀ ਇਹ ਭੂਆ ਮਹਿਤਾਬ ਕੌਰ ਪਿੰਡ ਰੜ੍ਹ ਵਿਖੇ ਵਿਆਹੀ ਹੋਈ ਸੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਚਨਾਂ ਅਨੁਸਾਰ-

''ਰੜ੍ਹ ਪਿੰਡ ਜਿਥੇ ਭਾਈ ਹੀਰਾਂ ਸਿੰਘ ਹੋਰਾਂ ਦੀ ਭੂਆ ਸੀ ਜਾਂ ਨਾਨਕੇ ਸਨ-ਮੈਨੂੰ ਐਨੀ ਗੱਲ ਯਾਦ ਨਹੀਂ, ਲਿਖੀ ਹੋਵੇਗੀ।''

ਪਿੰਡ ਸਕਰੌਦੀ ਵਿਖੇ ਸ਼ਹੀਦਾਂ ਦੀ ਯਾਦ ਵਿੱਚ 13 ਫਰਵਰੀ 1997 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਕੀਤੇ ਗਏ ਸ਼ਹੀਦ ਯਾਦਗਾਰੀ ਸਮਾਗਤ ਸਮੇਂ ਸ੍ਰੀ ਸਤਿਗੁਰੂ ਜੀ ਨੇ ਮੈਨੂੰ ਹੁਕਮ ਕੀਤਾ ਸੀ ਕਿ ਸਕਰੌਦੀ ਵਾਲੇ ਸ਼ਹੀਦਾਂ ਦੀ ਭੂਆ ਜੋ ਰੜ੍ਹ ਵਿਆਹੀ ਸੀ, ਦੇ ਪਰਿਵਾਰ ਨੂੰ ਲੱਭੋ।ਗਿਆਨ ਮਾਰਤੰਡ ਪੰ. ਗੋਪਾਲ ਸਿੰਘ ਵੀ ਸ੍ਰੀ ਸਤਿਗੁਰੂ ਜੀ ਦੇ ਨਾਲ ਬੈਠੇ ਸਨ, ਉਹ ਵੀ ਸ਼ਹੀਦਾਂ ਦੀ ਰੜ੍ਹ ਵਿਆਹੀ ਭੂਆ ਦੇ ਪਰਿਵਾਰ ਬਾਰੇ ਜਾਣਕਾਰੀ ਲੈਣਾ ਚਾਹੁੰਦੇ ਸਨ। ਸ੍ਰੀ ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਮੈਂ ਇਹ ਪਰਿਵਾਰ ਲੱਭਿਆ ਸੀ ਤੇ ਉਨ੍ਹਾਂ ਦੇ ਇਤਿਹਾਸ ਅਤੇ ਪਰਿਵਾਰਕ ਕੁਰਸੀਨਾਮੇ ਬਾਰੇ ਉਨ੍ਹਾਂ ਦੇ ਪਰਿਵਾਰ ,ਪਿੰਡ ਦੇ ਪਟਵਾਰੀ ਅਤੇ ਪਿੰਡ ਦੇ ਵਾਸੀਆਂ, ਪੁਰਾਣੇ ਬਜੁਰਗਾਂ ਤੋਂ ਸਾਰੀ ਜਾਣਕਾਰੀ ਲਈ ਸੀ।

ਪਿੰਡ ਸਕਰੌਦੀ ਵਾਲੇ ਸ਼ਹੀਦਾਂ ਦੀ ਭੂਆ ਦਾ ਨਾਂ ਬੀਬੀ ਮਹਿਤਾਬ ਕੌਰ ਸੀ ਅਤੇ ਫੁੱਫੜ ਜੀ ਦਾ ਨਾਂ ਸ.ਬਦਨ ਸਿੰਘ ਸੀ। ਇਨ੍ਹਾਂ ਦੇ ਦੋ ਪੁੱਤਰ ਗੁੱਜਰ ਸਿੰਘ ਤੇ ਕਿਸ਼ਨ ਸਿੰਘ ਸਨ।

ਸ.ਗੁੱਜਰ ਸਿੰਘ ਦੇ ਕੋਈ ਔਲਾਦ ਨਹੀਂ ਹੋਈ।ਇਹ ਮਹਾਰਾਜਾ ਪਟਿਆਲਾ ਕੋਲ ਨੌਕਰੀ ਕਰਦੇ ਸਨ।

ਸ.ਕਿਸ਼ਨ ਸਿੰਘ ਸ਼ਹੀਦੀ ਜੱਥੇ ਵਿਚ ਸ਼ਾਮਿਲ ਸਨ,ਪਰ ਇਹ ਸ਼ਹੀਦ ਨਹੀਂ ਹੋਏ। ਜੱਥੇ 'ਚੋਂ ਵਾਪਸ ਮੁੜ ਆਏ ਸਨ। ਪੁਲਿਸ ਇਨ੍ਹਾਂ ਦੇ ਪਿਛੇ ਲੱਗੀ ਹੋਈ ਸੀ। ਇਹ ਕਾਫੀ ਸਮਾਂ ਗੁਪਤ ਵਿਚਰਦੇ ਰਹੇ।ਫਿਰ ਇਨ੍ਹਾਂ ਦੇ ਭਰਾ ਸ.ਗੁੱਜਰ ਸਿੰਘ ਨੇ ਇਨ੍ਹਾਂ ਦਾ ਨਾਂ ਮਹਾਰਾਜਾ ਪਟਿਆਲਾ ਦੀ ਸਿਫਾਰਸ਼ ਲੱਗਾ ਕੇ ਕੱਢਵਾਇਆ ਸੀ। ਅਜਿਹੀਆਂ ਕੁੱਝ ਜਾਣਕਾਰੀਆਂ ਦਸਤਾਵੇਜ਼ਾਂ 'ਚੋਂ ਨਹੀਂ ਮਿਲਦੀਆਂ ਬਲਕਿ ਪਰਿਵਾਰਕ ਸਰੋਤਾਂ ਤੋਂ ਮਿਲਦੀਆਂ ਹਨ।

ਸ.ਕਿਸ਼ਨ ਸਿੰਘ ਦਾ ਪਰਿਵਾਰ ਚਲ ਰਿਹਾ ਹੈ।ਇਨ੍ਹਾਂ ਦੇ ਦੋ ਪੁੱਤਰ ਚੰਨਣ ਸਿੰਘ ਤੇ ਗੁਰਦਿਆਲ ਸਿੰਘ ਹੋਏ।ਸ.ਚੰਨਣ ਸਿੰਘ ਦਾ ਪੁੱਤਰ ਅਜਮੇਰ ਸਿੰਘ ਹੋਇਆ।ਸ.ਅਜਮੇਰ ਸਿੰਘ ਦੇ ਤਿੰਨ ਪੁੱਤਰ :- ਜਸਵਿੰਦਰ ਸਿੰਘ,ਭੁਪਿੰਦਰ ਸਿੰਘ, ਤੇ ਮੋਹਨ ਸਿੰਘ ਅਤੇ ਚਾਰ ਧੀਆਂ :-ਬਲਬੀਰ ਕੌਰ, ਰਛਪਾਲ ਕੌਰ,ਮਨਜੀਤ ਕੌਰ,ਜਸਵੀਰ ਕੌਰ ਹਨ।

ਸ.ਗੁਰਦਿਆਲ ਸਿੰਘ ਦਾ ਪੁੱਤਰ ਹਰੀ ਸਿੰਘ ਹੋਇਆ। ਸ.ਹਰੀ ਸਿੰਘ ਦੇ ਤਿੰਨ ਪੁੱਤਰ - ਮਨੋਰਥ ਸਿੰਘ,ਤਾਰਵਿੰਦਰ ਸਿੰਘ ਤੇ ਸਵ.ਬਲਦੇਵ ਸਿੰਘ ਅਤੇ ਦੋ ਧੀਆਂ -ਗੁਰਿੰਦਰ ਕੌਰ ਤੇ ਹਰਮਿੰਦਰ ਕੌਰ ਹਨ।ਉਪਰੋਕਤ ਸਾਰੇ ਪਰਿਵਾਰ ਪਿੰਡ ਰੜ੍ਹ ਵਿਖੇ ਵੱਸਦੇ ਹਨ।

---

## -ਸਰਕਾਰੀ ਦਸਤਾਵੇਜ਼ਾਂ ਅਨੁਸਾਰ-

ਸਰਕਾਰੀ ਦਸਤਾਵੇਜ਼ਾਂ ਦੀ ਫਾਇਲ H 92 M I ਵਿਚ ਪੰਨਾ ਨੰ: 339 ਤੋਂ 342 ਤੀਕ, ਸ਼ਹੀਦ ਹੀਰਾ ਸਿੰਘ ਤੇ ਸ਼ਹੀਦ ਨਰਾਇਣ ਸਿੰਘ, ਸ.ਮਹਿਤਾਬ ਸਿੰਘ ਦੇ ਦੋ ਹੀ ਬੇਟੇ ਸ਼ਹੀਦ ਹੋਏ ਲਿਖੇ ਹੋਏ ਹਨ।ਜੇ ਉਨ੍ਹਾਂ ਦਾ ਤੀਸਰਾ ਪੁੱਤਰ ਬਿਸ਼ਨ ਸਿੰਘ ਹੁੰਦਾ ਤਾਂ ਉਹ ਵੀ ਸ਼ਹੀਦ ਹੋਇਆ ਲਿਖਿਆ ਹੋਣਾ ਸੀ।

ਇਹ ਇੱਕ ਚਿੱਠੀ ਹੈ। ਜਨਾਬ ਖਲੀਫਾ ਮੁਹੰਮਦ ਹਸਨ ਖਾਨ ਸਾਹਿਬ ਬਹਾਦਰ ਨੂੰ ਲਿਖੀ ਹੋਈ ਇਹ ਚਿੱਠੀ 20 ਜਨਵਰੀ 1872 ਦੀ ਸਵੇਰ 8 ਵਜ੍ਹੇ ਰਵਾਨਾ ਕੀਤੀ ਗਈ ।ਇਹ ਚਿੱਠੀ 21 ਜਨਵਰੀ 1872 (10 ਮਾਘ 1928) ਨੂੰ ਮੁਹੰਮਦ ਤੀਵਰ ਉਲ ਹੱਕ ਵਕੀਲ ਅੰਬਾਲਾ ਰਾਹੀਂ ਡਿਪਟੀ ਕਮਿਸ਼ਨਰ ਬਹਾਦਰ ਦੇ ਪੇਸ਼ ਕੀਤੀ ਗਈ।ਇਸ ਵਿਚ ਲਿਖਿਆ ਹੋਇਆ ਹੈ:-

"**ਮਹਿਤਾਬ ਸਿੰਘ ਤਾਂ ਕਾਫੀ ਸਮਾਂ ਪਹਿਲਾਂ ਮਰ ਗਿਆ। ਘਰ ਉਹਦੇ ਨਾਮ** ਮਸ਼ਹੂਰ ਹੈ।ਉਹਦੇ ਦੋ ਕੂਕੇ ਬੇਟੇ ਨਰਾਇਣ ਸਿੰਘ ਤੇ ਹੀਰਾ ਸਿੰਘ,ਜਿਹੜੇ ਜਖਮੀ ਹੋ ਗਏ ਸਨ,ਪਰਸੋਂ ਕੋਟਲਾ ਵਿਖੇ ਤੋਪ ਨਾਲ ਉਡਾ ਦਿੱਤੇ ਗਏ ਹਨ।....ਕੁੱਝ ਥੋੜ੍ਹਾ ਬਹੁਤਾ ਸਮਾਨ,ਜਿਹੜਾ ਉਨ੍ਹਾਂ ਦੇ ਘਰ 'ਚ ਸੀ, ਉਹ ਅਸੀਂ ਲੈ ਆਏ ਸਾਂ ਤੇ ਉੱਥੇ ਕੁੱਝ ਨਹੀਂ ਛੱਡਿਆ ......... ਜਿਸ ਵੇਲੇ ਆਪ ਵੱਲੋਂ ਜਾਇਦਾਦ ਦੀ ਕੁਰਕੀ ਦਾ ਹੁਕਮ ਮਿਲਿਆ ਹੈ,ਮਹਿਤਾਬ ਸਿੰਘ ਜਿਸ ਦੇ ਦੋਵੇਂ ਬੇਟੇ ਤੋਪਾਂ ਨਾਲ ਉਡਾਏ ਗਏ, ਦੇ ਭਾਵੇਂ ਜਾਹਿਰੀ ਸਮਾਨ ਦਾ ਪਤਾ ਨਹੀਂ ਪਰੰਤੂ ਸ਼ਾਇਦ ਉਸ ਦੀ ਅਚੱਲ ਜਾਇਦਾਦ ਹੋਵੇ।" ( **ਇਹ ਪੁਸਤਕ ਦੇ ਪੰਨਾ ਨੰ. 440 ਤੇ ਇਹ** ਦਸਤਾਵੇਜ਼ ਹੈ।

ਜੇ ਸ਼ਹੀਦ ਬਿਸ਼ਨ ਸਿੰਘ ਕਿਸੇ ਹੋਰ ਸ.ਮਹਿਤਾਬ ਸਿੰਘ ਦਾ ਪੁੱਤਰ ਹੁੰਦਾ ਤਾਂ ਵੀ ਉਸ ਦੀ ਜਾਇਦਾਦ ਦੀ ਕੁਰਕੀ ਦਾ ਵੇਰਵਾ ਦਸਤਾਵੇਜ਼ਾਂ ਵਿਚ ਹੁੰਦਾ।

ਜੇ ਇਹ ਕਿਹਾ ਜਾਵੇ ਕਿ ਸ਼ਹੀਦ ਬਿਸ਼ਨ ਸਿੰਘ 12 ਸਾਲ ਦਾ ਬੱਚਾ ਸੀ ਤੇ ਜਾਇਦਾਦ ਉਸ ਦੇ ਨਾਮ ਨਹੀ ਸੀ ਤਾਂ ਵੀ ਗਲਤ ਹੈ ਕਿਉਂਕਿ ਪਿੰਡ ਦਿਆਲਗੜ੍ਹ ਦੇ ਤਿੰਨ ਸ਼ਹੀਦ :- ਬਸਾਵਾ ਸਿੰਘ (ਉਮਰ ਕ੍ਰੀਬ 11-12 ਸਾਲ), ਵਰਿਆਮ ਸਿੰਘ (ਉਮਰ 15 ਸਾਲ), ਭੂਪ ਸਿੰਘ (ਉਮਰ ਕ੍ਰੀਬ 18-19 ਸਾਲ) ਦੀ ਜਾਇਦਾਦ ਕੁਰਕੀ ਦੀਆਂ ਫਰਦਾਂ ਦਸਤਾਵੇਜ਼ਾਂ 'ਚ ਸ਼ਾਮਿਲ ਹਨ।

ਫਾਇਲ H 92 M I ਵਿਚ ਇਨ੍ਹਾਂ ਤਿੰਨਾਂ ਸ਼ਹੀਦਾਂ ਦੀ ਜਾਇਦਾਦ ਦੀ ਕੁਰਕੀ ਵਿਚ ਲਿਖਿਆ ਹੋਇਆ ਹੈ:-

1. ਬਸਾਵਾ ਸਿੰਘ ਪੁੱਤਰ ਸੌਂਧਾ ਸਿੰਘ ਦੀ ਉਮਰ ਗਿਆਰਾਂ-ਬਾਰਾਂ ਬਰਸ ਦੀ ਹੈ।ਉਸ ਦੀ ਅਜੇ ਤੱਕ ਸ਼ਾਦੀ ਨਹੀਂ ਹੋਈ ਹੈ, ਇਹ ਜਾਇਦਾਦ ਉਸ ਦੇ ਬਾਪ ਦੀ ਹੈ।
2. ਵਰਿਆਮ ਸਿੰਘ ਪੁੱਤਰ ਲਹਿਣਾ ਸਿੰਘ ਦੀ ਉਮਰ ਪੰਦਰਾਂ ਸਾਲਾਂ ਦੀ ਹੈ ਅਤੇ ਹੁਣ ਤੱਕ ਸ਼ਾਦੀ ਨਹੀਂ ਹੋਈ,ਜਾਇਦਾਦ ਉਸ ਦੇ ਬਾਪ ਦੀ ਹੈ।
3. ਭੂਪ ਸਿੰਘ ਪੁੱਤਰ ਮਿਹਰ ਸਿੰਘ ਦੀ ਉਮਰ ਅਠਾਰਾਂ ਉਨੀਂ ਬਰਸ ਦੀ ਹੈ ਤੇ ਅਜੇ ਤੱਕ ਸ਼ਾਦੀ ਨਹੀਂ ਹੋਈ, ਜਾਇਦਾਦ ਉਸ ਦੇ ਬਾਪ ਦੀ ਹੈ।

ਇਹ ਪੁਸਤਕ ਦੇ ਪੰਨਾ ਨੰ 346-347 ਅਤੇ 348 ਤੇ ਇਹ ਦਸਤਾਵੇਜ਼ ਲਿਖੇ ਹੋਏ ਹਨ।

---

ਇਹ ਦਸਤਾਵੇਜ਼ ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ 24 ਅਕਤੂਬਰ ਸੰਨ 2005 ਨੂੰ ਸੁਣਾਇਆ ਕਿ ਸ. ਮਹਿਤਾਬ ਸਿੰਘ ਦੇ ਦੋ ਬੇਟੇ ਹੀਰਾ ਸਿੰਘ ਤੇ ਨਰਾਇਣ ਸਿੰਘ ਸਨ, ਦੋਵੇਂ ਤੋਪਾਂ ਨਾਲ ਉਡਾ ਕੇ ਸ਼ਹੀਦ ਕਰ ਦਿੱਤੇ ਗਏ। ਸ. ਮਹਿਤਾਬ ਸਿੰਘ ਪਹਿਲੋਂ ਹੀ ਚੜ੍ਹਾਈ ਕਰ ਚੁੱਕੇ ਸਨ। ਘਰ ਖਾਲੀ ਹੋ ਗਿਆ ਤੇ ਜਿਹੜਾ ਉਨ੍ਹਾਂ ਦੇ ਘਰ 'ਚ ਥੋੜ੍ਹਾ ਬਹੁਤ ਸਮਾਨ ਸੀ,ਉਹ ਵੀ ਚੁੱਕ ਲਿਆ ਗਿਆ ਤੇ ਘਰ 'ਚ ਕੁੱਝ ਨਹੀਂ ਛੱਡਿਆ ਗਿਆ।

ਸ੍ਰੀ ਸਤਿਗੁਰੂ ਜੀ ਦਸਤਾਵੇਜ਼ ਸੁਣਦਿਆਂ ਸਾਨੂੰ ਖੁਸ਼ੀਆਂ ਬਖਸ਼ਦਿਆਂ ਹੁਕਮ ਕੀਤਾ ਕਿ ਇਸ ਇਤਿਹਾਸ ਨੂੰ ਦੁਨੀਆਂ ਦੇ ਸਾਹਮਣੇ ਲਿਆਓ, ਇਸ ਨੂੰ ਛਪਵਾਓ।

ਸ੍ਰੀ ਸਤਿਗੁਰੂ ਜੀ ਨੂੰ ਸਮੇਂ ਸਮੇਂ ਤੇ ਇਹ ਦਸਤਾਵੇਜ਼ ਸੁਣਾਏ ਗਏ।

ਸਰਕਾਰੀ ਦਸਤਾਵੇਜ਼ਾਂ ਅਨੁਸਾਰ ਕਈ ਤੱਥ ਗਲਤ ਵੀ ਹੋ ਸਕਦੇ ਹਨ। ਕਈ ਵਾਰ ਇੱਕ ਜਣਾ ਬੋਲ ਰਿਹਾ ਹੋਵੇ ਤੇ ਦੂਸਰਾ ਲਿਖ ਰਿਹਾ ਹੋਵੇ ਤਾਂ ਸੁਣਨ ਲਿਖਣ ਸਮੇਂ ਭੁਲੇਖੇ ਨਾਲ ਗਲਤ ਵੀ ਲਿਖਿਆ ਜਾ ਸਕਦਾ ਹੈ। ਸ਼ਹੀਦ ਬਿਸ਼ਨ ਸਿੰਘ ਦੇ ਪਿਤਾ ਦਾ ਨਾਂ ਮਹਿਤਾਬ ਸਿੰਘ,ਮਹਾਂ ਸਿੰਘ ਦੇ ਭੁਲੇਖੇ ਪੈ ਸਕਦਾ ਹੈ।

ਜਿਮੀਂਦਾਰ ਸ਼ਬਦ ਦਾ ਮਤਲਬ, ਜ਼ਮੀਨ ਵਾਹੁਣ ਵਾਲੇ ਹੁੰਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਿਤਾ ਬਾਬਾ ਜੱਸਾ ਸਿੰਘ ਅਤੇ ਭਰਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਵਾਹੀ ਕਰਦੇ ਰਹੇ ਸਨ। ਜਿਮੀਂਦਾਰ ਸ਼ਬਦ ਭੁਲੇਖੇ ਪਾਊ ਹੈ। ਜੋ ਲੋਕ ਖੇਤੀ ਕਰਦੇ ਸਨ ਉਨ੍ਹਾਂ ਨੂੰ ਵੀ ਜਿਮੀਂਦਾਰ ਆਖਿਆ ਜਾਂਦਾ ਸੀ।

## -ਨਵੀਆਂ ਪੁਰਾਣੀਆਂ ਲਿਖਤਾਂ ਅਨੁਸਾਰ –

ਸਮਕਾਲੀਨ ਲੇਖਕਾਂ ਦੀਆਂ ਲਿਖਤਾਂ ਵੀ ਮਹਤੱਵਪੂਰਨ ਸਰੋਤ ਹੁੰਦੀਆ ਹਨ।

ਬਾਬਾ ਕਾਲਾ ਸਿੰਘ ਦੇ ਸਪੁੱਤਰ ਸ. ਬਿਸ਼ਨ ਸਿੰਘ ਹਿਸਟੋਰੀਅਨ ਪਿੰਡ ਨੰਗਲ ਜ਼ਿਲ੍ਹਾ ਲੁਧਿਆਣਾ ਆਪਣੀ ਪੁਸਤਕ ਨਾਮਧਾਰੀ ਦੇਵੀਆਂ ਦਾ ਇਤਿਹਾਸ ਦੇ ਪੰਨਾ ਨੰ: 53-54 ਤੇ ਲਿਖਦੇ ਹਨ ਕਿ ਸ਼ਹੀਦੀ ਜੱਥੇ ਵਿਚ ਸ਼ਾਮਲ ਦੋਵੇਂ ਬੀਬੀਆਂ ਮਾਈ ਇੰਦ ਕੌਰ ਤੇ ਮਾਈ ਖੇਮ ਕੌਰ ਨੂੰ ਦੋ ਸਾਲ ਬਹਾਦਰਗੜ ਦੇ ਕਿਲੇ ਵਿਚ ਕੈਦ ਰੱਖਿਆ ਗਿਆ ਸੀ ਅਤੇ ਫੇਰ ਆਪਣੇ ਆਪਣੇ ਪਿੰਡ 'ਚ ਨਜ਼ਰਬੰਦ ਕਰ ਦਿੱਤਾ ਗਿਆ ਸੀ। ਨਜ਼ਰਬੰਦੀ ਦੌਰਾਨ ਹੀ ਮਾਈ ਇੰਦ ਕੌਰ ਇਕ ਵਾਰ ਸ. ਬਿਸ਼ਨ ਸਿੰਘ ਹਿਸਟੋਰੀਅਨ ਦੇ ਪਿਤਾ ਬਾਬਾ ਕਾਲਾ ਸਿੰਘ ਪਾਸ ਨੰਗਲ ਆਈ ਅਤੇ ਆਪ ਮਲੇਰਕੋਟਲਾ ਸਾਕੇ ਦਾ ਸ਼ਹੀਦੀ ਬ੍ਰਿਤਾਂਤ ਸੁਣਾਇਆ ਸੀ।

ਸ. ਬਿਸ਼ਨ ਸਿੰਘ ਹਿਸਟੋਰੀਅਨ ਆਪਣੇ ਪਿਤਾ ਬਾਬਾ ਕਾਲਾ ਸਿੰਘ ਦੀ ਖੋਜ਼ ਨੂੰ ਅੱਗੇ ਲੈ ਕੇ ਤੁਰੇ ਅਤੇ ਵਿਸਥਾਰ ਦਿਤਾ। ਉਨ੍ਹਾਂ ਨੇ ਸ਼ਹੀਦਾਂ ਦੇ ਪਿੰਡਾਂ 'ਚ ਜਾ ਕੇ ਆਪ ਖੋਜ਼ ਵੀ ਕੀਤੀ। ਸ. ਬਿਸ਼ਨ ਸਿੰਘ ਆਪਣੀ ਪੁਸਤਕ 'ਅਣਖੀ ਮਸਤਾਨੇ' ਦੇ ਪੰਨਾ ਨੰ. 170 'ਤੇ ਸ਼ਹੀਦ ਬਿਸ਼ਨ ਸਿੰਘ ਨੂੰ ਰਾਮਗੜ੍ਹੀਆ ਲਿਖਦੇ ਹਨ।

ਸਪਤਾਹਿਕ ਸਤਿਜੁਗ 2 ਤੋਂ 8 ਮਾਘ 2071 (15 ਤੋਂ 21 ਜਨਵਰੀ 2015) ਵਿਚ ਛਪੇ ਹੋਏ ਲੇਖ **'ਮਲੇਰ ਕੋਟਲਾ ਦਾ ਸ਼ਹੀਦੀ ਸਾਕਾ'** ਵਿਚ ਸ. ਜਸਵਿੰਦਰ ਸਿੰਘ ਹਿਸਟੋਰੀਅਨ ਲਿਖਦੇ ਹਨ ਕਿ ਉਨ੍ਹਾਂ ਨੇ ਖੁਦ ਪਿੰਡ ਰੜ੍ਹ ਵਿਚ ਜਾ ਕੇ ਲੰਮੀ ਪੜਤਾਲ ਕੀਤੀ। ਪਿੰਡ ਦੇ ਬਜੁਰਗ ਪ੍ਰੋਹਿਤ ਤੋਂ ਵੀ ਪੁੱਛਿਆ ਸੀ, ਸਭ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਬਿਸ਼ਨ ਸਿੰਘ ਦਾ ਪਰਿਵਾਰ ਰਾਮਗੜ੍ਹੀਆ ਭਾਈਚਾਰੇ 'ਚੋਂ ਸੀ ਅਤੇ ਬਜੁਰਗ ਵਾਹੀ ਵੀ ਕਰਦੇ ਹੁੰਦੇ ਸਨ।

---

ਉਸ ਦਿਨ ਮੈਂ, ਮੇਰੇ ਜੀਵਨ ਸਾਥੀ ਸੰਤ ਭਗਵੰਤ ਸਿੰਘ ਅਤੇ ਸ਼ਹੀਦ ਬਿਸ਼ਨ ਸਿੰਘ ਦੇ ਪਰਿਵਾਰ ਵਿਚੋਂ ਮੇਰੇ ਵੀਰ ਜੀ ਸੰਤ ਲਾਲ ਸਿੰਘ ਰੜ੍ਹ ਵਾਲੇ ਵੀ, ਸ. ਜਸਵਿੰਦਰ ਸਿੰਘ ਦੇ ਨਾਲ ਸੀ।

ਸਤਿਜੁਗ ਦੇ ਇਸੇ 15 ਤੋਂ 21 ਜਨਵਰੀ 2015 ਦੇ ਅੰਕ ਵਿੱਚ ਸ੍ਰੀ ਦਵਿੰਦਰ ਸਿੰਘ ਗਿੱਲ ਜੀਆ ਨੱਥਾ, ਆਪਣੇ ਲੇਖ 'ਮਲੇਰਕੋਟਲਾ ਦਾ ਸਾਕਾ' ਵਿਚ ਸ਼ਹੀਦ ਬਿਸ਼ਨ ਸਿੰਘ ਨੂੰ ਰਾਮਗੜ੍ਹੀਆ ਜਿਮੀਂਦਾਰ ਲਿਖਦੇ ਹਨ।

ਪਿੰਡ ਦੇ ਬਾਕੀ ਤਿੰਨ ਸ਼ਹੀਦਾਂ-ਸ਼ਹੀਦ ਹੀਰਾ ਸਿੰਘ, ਸ਼ਹੀਦ ਨਰਾਇਣ ਸਿੰਘ ਤੇ ਸ਼ਹੀਦ ਗੁਰਦਿੱਤ ਸਿੰਘ ਦੇ ਪਰਿਵਾਰਾਂ ਵਿਚੋਂ ਕੋਈ ਵੀ ਪਿੰਡ ਰੜ੍ਹ ਵਿਚ ਨਹੀਂ ਹੈ। ਪਿੰਡ ਵਾਲਿਆਂ ਅਨੁਸਾਰ ਜਾਂ ਤਾਂ ਉਨ੍ਹਾਂ ਦੇ ਪਰਿਵਾਰ ਖਤਮ ਹੋ ਗਏ ਜਾਂ ਪਿੰਡੋਂ ਕਿਧਰੇ ਹੋਰ ਚਲੇ ਗਏ, ਉਨ੍ਹਾਂ ਬਾਰੇ ਕਿਸੇ ਨੂੰ ਕੁੱਝ ਪਤਾ ਨਹੀਂ।

# 15. ਸ਼ਹੀਦੀ ਕਾਂਡ ਮਗਰੋਂ ਮਹਾਰਾਜਾ ਪਟਿਆਲਾ ਨੂੰ ਫੌਜਾਂ ਤੇ ਸਮਾਨ ਵਾਪਸ ਪਟਿਆਲੇ ਮੰਗਵਾ ਲੈਣ ਦੇ ਅੰਗਰੇਜ ਸਰਕਾਰ ਦੇ ਆਦੇਸ਼

## ਮਿਸਟਰ ਫ਼ੌਰਸਾਇਥ ਸਾਹਿਬ ਬਹਾਦੁਰ ਕਮਿਸ਼ਨਰ ਅੰਬਾਲਾ ਦੀ ਚਿੱਠੀ ਦੀ ਨਕਲ ਜੋ ਮਹਾਰਾਜਾ ਪਟਿਆਲਾ ਦੇ ਨਾਮ ਲਿਖੀ ਗਈ

ਮਿਤੀ 17 ਜਨਵਰੀ 1872

ਹਜ਼ੂਰ ਮਹਾਰਾਜਾ ਸਾਹਿਬ ਬਹਾਦੁਰ,

ਇਸ ਬਿਨੈ-ਕਾਰ ਦੀ ਨਜ਼ਰ ਵਿੱਚ ਆਇਆ ਤਾਂ ਮੈਂ ਕੂਕਿਆਂ ਦੇ ਫ਼ਸਾਦ ਨੂੰ ਰੋਕਣ ਵਾਸਤੇ ਤੁਹਾਨੂੰ ਅੰਗਰੇਜ਼ੀ 'ਚ ਚਿੱਠੀ ਰਾਹੀਂ ਤੇ ਜ਼ਬਾਨੀ ਵੀ ਅੰਗਰੇਜ਼ੀ ਸਰਕਾਰ ਦੀ ਫ਼ੌਜ ਦੀ ਮਦਦ ਵਾਸਤੇ ਫ਼ੌਜਾਂ, ਰਸਦ ਤੇ ਬਾਰਬਰਦਾਰੀ ਆਦਿ ਜ਼ਰੂਰੀ ਸਮਾਨ ਪਹੁੰਚਾਉਣ ਲਈ ਬੇਨਤੀ ਕੀਤੀ ਸੀ ਪਰ ਵੱਡੀ ਸ਼ਾਨ ਵਾਲੀ ਸਰਕਾਰ ਪਟਿਆਲਾ ਦੇ ਦੁਸ਼ਮਣਾਂ ਨੂੰ ਖ਼ਤਮ ਕਰਨ ਵਾਲੇ ਤੇਜ ਪਰਤਾਪ ਸਦਕਾ ਜਿਹੜਾ ਸਾਡੇ ਦਿਲ ਵਿੱਚ ਡਰ ਸੀ ਉਹ ਸਾਰਾ ਜਾਂਦਾ ਰਿਹਾ ਅਤੇ ਉਨ੍ਹਾਂ ਆਪਣਾ ਅੰਤ ਨਾ ਸੋਚਣ ਵਾਲੇ, ਕੂਕਿਆਂ ਦਾ ਹਰ ਤਰ੍ਹਾਂ ਨਾਲ ਇੰਤਜ਼ਾਮ ਹੋ ਕੇ ਪੂਰਾ ਅਮਨ ਅਮਾਨ ਹੋ ਗਿਆ ਹੈ। ਜਿਵੇਂ ਕਿ ਐਨ ਮੌਕੇ 'ਤੇ ਸਰਕਾਰ ਪਟਿਆਲਾ ਵੱਲੋਂ ਫ਼ੌਜਾਂ ਭੇਜ ਕੇ ਵਧੀਆ ਮਦਦ ਹੋਣੀ ਚਾਹੀਦੀ ਸੀ ਉਹ ਬਹੁਤ ਚੰਗੀ ਤਰ੍ਹਾਂ ਹੋਈ ਜਿਸ ਵਾਸਤੇ ਅਸੀਂ ਅੰਗਰੇਜ਼ੀ ਸਰਕਾਰ ਵਲੋਂ ਤੇ ਆਪਣੇ ਨਿੱਜ ਦੀ ਤਰਫ਼ੋਂ ਸਰਕਾਰ ਪਟਿਆਲਾ ਦਾ ਸ਼ੁਕਰੀਆ ਅਦਾ ਕਰਦੇ ਹੋਏ ਲਿਖਦੇ ਹਾਂ ਕਿ ਹੁਣ ਅੱਗੋਂ ਵਾਸਤੇ ਫ਼ੌਜਾਂ, ਰਸਦ ਦੇ ਬਾਰਬਰਦਾਰੀ ਖੰਨਾ ਆਦਿ ਕਿਸੇ ਥਾਂ ਭੇਜਣ ਦੀ ਲੋੜ ਨਹੀਂ ਰਹੀ ਅਤੇ ਤੁਸੀਂ ਕਿਸੇ ਪ੍ਰਕਾਰ ਦੀ ਤਕਲੀਫ਼ ਨਾ ਕਰਿਓ।

**ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨਾ ਵਲੋਂ**
**ਹੁਕਮ ਹੋਇਆ ਕਿ**

ਇਸ ਦੀ ਇਤਲਾਹ ਵਜੋਂ ਇਹ ਵਕੀਲ ਗੌਰਮਿੰਟ ਕੋਲ ਭੇਜ ਦਿੱਤੀ ਜਾਵੇ।

18 ਜਨਵਰੀ 1872.
ਮੁਤਾਬਿਕ 7 ਮਾਘ 1928.

---

## ਤਰਜ਼ਮਾ ਤਾਰ-ਸੰਦੇਸ਼

ਵਲੋ :-ਸਾਹਿਬ ਕਮਿਸ਼ਨਰ ਸਾਹਿਬ,
ਲੁਧਿਆਣਾ ਵਿਖੇ।

ਵੱਲ:- ਜਨਾਬ ਮਹਾਰਾਜਾ ਸਾਹਿਬ ਬਹਾਦੁਰ ਮਾਲਿਕ ਪਟਿਆਲਾ।

ਖੰਨਾ ਵਿਖੇ ਫ਼ੌਰਨ ਬਾਰਬਰਦਾਰੀ ਪਹੁੰਚਾਉਣ ਵਾਸਤੇ ਬਹੁਤ ਬਹੁਤ ਸ਼ੁਕਰੀਆਂ ਕਬੂਲ ਫ਼ਰਮਾਈਏ। ਹੁਣ ਕਿਸੇ ਬਾਰਬਰਦਾਰੀ ਦੀ ਲੋੜ ਨਹੀਂ ਹੈ ਕਿਉਂਕਿ ਸਾਰਾ ਫ਼ਸਾਦ ਖ਼ਤਮ ਹੋ ਗਿਆ ਹੈ। ਆਪ ਦੇ ਨਾਜ਼ਿਮ ਸਾਹਿਬ ਨੇ ਸ਼ੇਰਪੁਰ ਵਿਖੇ ਪ੍ਰਸੰਸਾ ਯੋਗ ਕੰਮ ਕੀਤਾ ਹੈ।

18 ਜਨਵਰੀ 1872

## ਹੁਕਮ ਹੋਇਆ ਕਿ

ਇਸ ਦੀ ਨਕਲ ਇਤਲਾਹ ਵਜੋਂ ਵਕੀਲ ਗੌਰਮਿੰਟ ਕੋਲ ਭੇਜ ਦਿੱਤੀ ਜਾਵੇ ।

18 ਜਨਵਰੀ 1872.

## Copy of Private Message by Telegraph.

**From:-** Commissioner at Ludhiana.
**To:-** His Highness Maharaja Patiala,
Word 23 prepaid.
**No:** 77, 17th - , 23-55

Many thanks for promptly supplying carriage at Khanna, none however is now required as all disturbance has ceased, Your Nazim at Sherpur has done admirally.

-Sd-
Rajpura Telegraph Office Clerk in Charge
18th January 1872
2-50

## ਮਹਿਕਮਾ ਨਿਜ਼ਾਮਤ ਤੋਂ ਮਿਤੀ 17 ਜਨਵਰੀ ਨੂੰ ਦਿਨ ਬੁਧਵਾਰ ਸ਼ਾਮ ਦੇ 6 ਵਜੇ

**ਨਿਆਮਤਾਂ ਦੇ ਮਾਲਿਕ ਸੱਯਦ ਮੁਹੰਮਦ ਹੁਸੈਨ ਖ਼ਾਨ ਸਾਹਿਬ ਬਹਾਦੁਰ ਵਿਦੇਸ਼ ਮੰਤਰੀ ਪਟਿਆਲਾ,**

ਆਦਾਬ ਅਰਜ਼ ਕਰਨ ਮਗਰੋਂ ਬੇਨਤੀ ਹੈ ਕਿ 15 ਜਨਵਰੀ ਦੀ ਕਾਰਵਾਈ ਵੇਰਵੇ ਸਹਿਤ ਜਨਾਬ ਹਜ਼ਰਤ ਮੀਰ ਮੁਨਸ਼ੀ ਸਾਹਿਬ ਰਾਹੀਂ ਗੁਜਾਰਿਸ਼ ਹੋਈ ਹੋਵੇਗੀ।

ਅੱਜ ਦਿਨ ਦੇ 11 ਵਜੇ ਹੁਕਮ ਨਾਮਾ ਜ਼ਰੂਰੀ ਤੌਰ 'ਤੇ ਡਾਕ ਦੇ ਥੈਲੇ 'ਚ ਪੁੱਜਾ। ਇਸ ਦਾਸ ਨੇ ਉਸੇ ਵੇਲੇ ਨਿੱਜੀ ਤੌਰ 'ਤੇ ਸਵਾਰ ਹੋ ਕੇ ਤੇ ਥਾਂ ਪੁਰ ਥਾਂ ਜਾ ਕੇ ਬਾਰਬਰਦਾਰੀ ਦੇ ਭੇਜਣ ਦਾ ਪ੍ਰਬੰਧ ਕੀਤਾ। ਰੱਬ ਨੇ ਚਾਹਿਆ ਅਤੇ ਹਜ਼ੂਰ ਦੇ ਤੇਜ ਪਰਤਾਪ ਸਦਕਾ ਸਵੇਰ ਤੱਕ ਸਾਰੀ ਬਾਰਬਰਦਾਰੀ ਹਾਜ਼ਿਰ ਹੋ ਜਾਵੇਗੀ। ਹੁਕਮ ਨਾਮੇ ਵਿੱਚ ਬਾਰਬਰਦਾਰੀ ਦੀ ਗਿਣਤੀ ਦਰਜ਼ ਨਹੀਂ ਹੈ ਕੇਵਲ ਦੋ ਰਜ਼ਮੈਂਟਾਂ ਦੀ ਬਾਰਬਰਦਾਰੀ ਦਾ ਪ੍ਰਬੰਧ ਕਰਨ ਲਈ ਲਿਖਿਆ ਹੋਇਆ ਹੈ। ਐ ਮੇਰੇ ਸਖ਼ੀ ਸਾਹਿਬ! ਕੋਈ ਪੰਜ ਸੌ ਗੱਡੇ, ਗੱਡੀਆਂ, ਟੱਟੂ ਤੇ ਖੱਚਰਾਂ ਆਦਿ ਦਾ ਬੰਦੋਬਸਤ ਕਰਨ ਲਈ ਸਾਰੇ ਪਿੰਡਾਂ ਵਿੱਚ ਥਾਣੇ, ਤਹਿਸੀਲ, ਨਿਜ਼ਾਮਤ ਤੇ ਨਿਆਬਤ ਦਾ ਅਮਲਾ **ਫਿਆਲਾ** (ਕਰਮਚਾਰੀ) ਰਵਾਨਾ ਕੀਤਾ ਗਿਆ ਅਤੇ ਉਨ੍ਹਾਂ ਨੂੰ ਰਾਤੋਂ ਰਾਤ ਬਾਰਬਰਦਾਰੀ ਇੱਕਠੀ ਕਰਨ ਦੀ ਤਾਕੀਦ ਕੀਤੀ ਗਈ। ਇਸ ਵੇਲੇ ਤੱਕ 68 ਗੱਡੇ, ਗੱਡੀਆਂ, ਕੋਈ 10 ਟੱਟੂ ਤੇ ਖੱਚਰਾਂ ਰਵਾਨਾ ਵੀ ਕੀਤੀਆਂ ਜਾ ਚੁੱਕੀਆਂ ਹਨ। 17 ਗੱਡੀਆਂ ਤੇ 10 ਊਂਠ ਇਸ ਬਿਨੈ-ਪੱਤਰ ਦੇ ਲਿਖਣ ਮਗਰੋਂ ਰਵਾਨਾ ਕੀਤੇ ਜਾਣਗੇ। ਰੱਬ ਨੇ ਚਾਹਿਆ ਤਾਂ ਕੱਲ ਦੀ ਡਾਕ ਵਿੱਚ ਵੇਰਵੇ ਸਹਿਤ ਲਿਸਟ ਅਰਜ਼ ਕਰਾਂਗਾ। ਮੈਂ ਦਿਨ ਰਾਤ ਹਰ ਪ੍ਰਕਾਰ ਦਾ ਪ੍ਰਬੰਧ ਵਿੱਚ ਰੁੱਝਿਆ ਹੋਇਆ ਹਾਂ। ਅੱਜ ਦੇ ਹਾਲਾਤ ਦੀ ਕਾਰਵਾਈ ਜ਼ੁਬਾਨੀ ਤੌਰ 'ਤੇ ਜਨਾਬ ਮਿਲਟਨ ਸਾਹਿਬ ਦੀ ਸੇਵਾ ਵਿੱਚ ਗੁਜ਼ਾਰਿਸ਼ ਹੋ ਕੇ ਮੁਬਾਰਕ ਨਜ਼ਰ 'ਚੋਂ ਲੰਘੇਗੀ। ਆਪ ਹਰ ਤਰ੍ਹਾਂ ਨਾਲ ਤਸੱਲੀ ਰੱਖੋ। ਇਹ ਦਾਸ ਤਨੋਂ ਮਨੋਂ ਸੇਵਾ ਨਿਭਾਉਣ ਵਿੱਚ ਦਿਨ ਰਾਤ ਲੱਗਿਆ ਹੋਇਆ ਹੈ। ਜੇ ਬਾਰਬਰਦਾਰੀ ਦੀ ਗਿਣਤੀ ਵੱਧ ਜਾਵੇ ਤਾਂ ਅਤਿਅੰਤ ਬਿਹਤਰ ਹੈ।

ਜਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣ ਸਮਾਨ ਹੈ।

ਬਿਨੈ-ਕਾਰ
ਸੱਯਦ ਮੁਹੰਮਦ ਮਹਿਦੀ,
ਮੁਕਾਮ ਨਿਜ਼ਾਮਤ।

## ਹੁਕਮ ਹੋਇਆ ਕਿ

ਜਵਾਬ ਲਿਖਿਆ ਜਾਵੇ ਕਿ ਜਨਾਬ ਸਾਹਿਬ ਕਮਿਸ਼ਨਰ ਅੰਬਾਲਾ ਦੇ ਪੱਤਰ ਪ੍ਰਾਪਤ ਹੋਣ ਨਾਲ ਪਤਾ ਲੱਗਿਆ ਕਿ ਹੁਣ ਬਾਰਬਰਦਾਰੀ ਦੀ ਸਾਮਾਨ ਇੱਕਠਾ ਕਰਨ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਹੁਣ ਕੋਈ ਵੀ ਫ਼ਸਾਦ ਬਾਕੀ ਨਹੀਂ ਰਿਹਾ। ਸੋ ਤੁਹਾਨੂੰ ਮੁਨਾਸਿਬ ਹੈ ਕਿ ਜਿੰਨੀਆਂ ਗੱਡੀਆਂ ਆਦਿ ਇੱਕਠੀਆ ਕੀਤੀਆਂ ਹਨ ਉਨ੍ਹਾਂ ਨੂੰ ਸਰਕਾਰ ਵੱਲੋ. ਕਿਰਾਇਆ ਦੇ ਕੇ ਛੱਡ ਦਿਓ ਅਤੇ ਊਂਠ ਤੇ ਹਾਥੀ, ਜਿਹੜੇ ਖ਼ਾਸ ਪਟਿਆਲੇ ਤੋਂ ਮਲਕ ਮਹਿਮੂਦ ਮੈਨੇਜਰ ਮਹਿਕਮਾ ਸਰਕਾਰ ਖੰਨਾ ਲੈ ਕੇ ਗਿਆ ਹੈ, ਉਸ ਨੂੰ ਵੀ ਹਦਾਇਤ ਕਰ ਦਿਉ ਕਿ ਪਟਿਆਲਾ ਵਾਪਸ ਆ ਜਾਵੇ।

18 ਜਨਵਰੀ 1872.

---

**ਮਿਹਰਬਾਨੀਆਂ ਦੇ ਸਰੋਤ ਜਨਾਬ ਸੱਯਦ ਮੁਹੰਮਦ ਹੁਸੈਨ ਸਾਹਿਬ ਮੀਰ ਮੁਨਸ਼ੀ ਸਰਕਾਰ**

ਸਲਾਮ ਅਰਜ਼ ਕਰਨ ਮਗਰੋਂ ਬੇਨਤੀ ਹੈ ਕਿ ਕੱਲ ਮਿਤੀ 17 ਜਨਵਰੀ ਸੰਨ 1872 ਈ: ਮੁਤਾਬਿਕ 6 ਮਾਘ ਸੰਮਤ 1928 ਈ: ਚਾਲੂ ਸਾਲ ਨੂੰ ਤੁਹਾਡਾ ਪੱਤਰ ਮਿਲਿਆ ਜਿਸ ਵਿੱਚ ਉਸ ਫ਼ੌਜ ਨੂੰ ਪਟਿਆਲਾ ਵੱਲ ਰਵਾਨਾ ਕਰਨ ਬਾਰੇ ਲਿਖਿਆ ਗਿਆ ਹੈ ਜਿਹੜੀ ਮਹਿੰਦਰਗੜ੍ਹ ਤੋਂ ਬਦਲ ਕੇ ਜਾਣ ਵਾਲੀ ਹੈ। ਉਸੇ ਵੇਲੇ ਸੁਜਾਨ ਸਿੰਘ ਕੁਮੇਦਾਨ , ਪ੍ਰੇਮ ਸਿੰਘ ਰਸਾਲਦਾਰ ਤੇ ਹਰਨਾਮ ਸਿੰਘ ਜਮਾਂਦਾਰ ਤੋਪਖਾਨਾ ਨੂੰ ਬੁਲਾ ਕੇ ਪੱਤਰ ਦੇ ਮਜ਼ਮੂਨ ਤੋਂ ਜਾਣੂੰ ਕਰਾਇਆ ਅਤੇ ਸਖ਼ਤ ਤਾਕੀਦ ਕੀਤੀ ਗਈ ਕਿ ਤੁਸੀਂ ਫ਼ੌਰਨ ਫ਼ੌਜ ਨੂੰ ਪਟਿਆਲੇ ਨੂੰ ਰਵਾਨਾ ਕਰ ਦਿਓ। ਤਿੰਨ-ਤਿੰਨ ਚਾਰ ਚਾਰ ਪੜਾਵਾਂ ਦਾ ਕੂਚ ਹਰ ਰੋਜ਼ ਕਰਕੇ ਛੇਤੀ ਨਾਲ ਪਟਿਆਲੇ ਵਿਖੇ ਪੁੱਜ ਜਾਓ। ਸਾਮਾਨ ਦੇ ਮੁਤਾਬਿਕ ਲੋੜੀਦੀਆਂ ਛਕੜਾ ਗੱਡੀਆਂ ਤੇ ਊਂਠ ਆਪਣੇ ਨਾਲ ਲੈ ਜਾਉ ਅਤੇ ਸੁਰੱਖਿਆ ਵਾਸਤੇ ਪਹਿਰਾ ਛੱਡ ਕੇ ਬਾਕੀ ਸਾਰੀ ਫ਼ੌਜ ਛੇਤੀ ਨਾਲ ਪਟਿਆਲਾ ਵਿਖੇ ਪਹੁੰਚਾ ਦਿਓ।

ਸੋ ਭਾਰ ਢੋਣ ਵਾਲੀਆਂ ਦੋਨੋਂ ਛਕੜਾ ਗੱਡੀਆਂ ਤੇ ਊਠਾਂ ਦਾ ਪ੍ਰਬੰਧ ਕਰ ਦਿੱਤਾ ਗਿਆ। ਫ਼ੌਜ ਦਾ ਡੇਰਾ ਅੱਜ ਦੀ ਤ੍ਰੀਕ ਵਿੱਚ ਮਹਿੰਦਰਗੜ੍ਹ ਤੋਂ 18 ਕੋਹ ਦੇ ਫ਼ਾਸਲੇ 'ਤੇ ਹੋਵੇਗਾ। ਕੱਲ ਨੂੰ ਉੱਥੋਂ ਕੂਚ ਕਰਕੇ ਫ਼ੌਜ ਛੇਤੀ ਪਟਿਆਲਾ ਪੁੱਜ ਜਾਵੇਗੀ। ਸਾਮਾਨ ਢੋਣ ਵਾਸਤੇ ਊਂਠ ਨਾਲ ਲਏ ਹਨ। ਬਾਕੀ ਸਾਮਾਨ ਵਾਲੇ ਗੱਡੇ ਵੀ ਛੇਤੀ ਨਾਲ ਪੁੱਜ ਜਾਣਗੇ।

ਸੋ ਪਲਟਣਾਂ ਤੇ ਰਜਮੈਂਟ ਨੂੰ ਜਿੰਨੇ ਗੱਡਿਆਂ ਆਦਿ ਦੀ ਲੋੜ ਸੀ, ਦੇ ਦਿੱਤੇ ਗਏ ਅਤੇ ਸਾਰੀ ਫ਼ੌਜ ਦਾ ਸਾਮਾਨ ਲਦਵਾ ਦਿੱਤਾ ਗਿਆ। ਫ਼ੌਜ ਦੇ ਸਰਦਾਰਾਂ ਦਾ ਸਾਮਾਨ ਊਂਠਾਂ 'ਤੇ ਲਦਵਾ ਕੇ ਨਾਲ ਲੈ ਲਿਆ ਗਿਆ। ਬਾਕੀ ਦਾ ਸਮਾਨ ਗੱਡਿਆਂ 'ਤੇ ਲਦਵਾ ਕੇ ਅਹੁਦੇਦਾਰ ਦੇ ਸਪੁਰਦ ਕਰ ਦਿੱਤਾ ਗਿਆ। ਇਸ ਤਰ੍ਹਾਂ ਤਬਦੀਲ ਹੋ ਕੇ ਜਾਣ ਵਾਲੀ ਸਾਰੀ ਫ਼ੌਜ ਰਵਾਨਾ ਹੋ ਕੇ ਛੇਤੀ ਤੋਂ ਛੇਤੀ ਪਟਿਆਲਾ ਪੁੱਜ ਜਾਵੇਗੀ।

ਅੱਜ ਮਿਤੀ 18 ਜਨਵਰੀ ਸੰਨ 1872 ਈ: ਦਿਨ ਵੀਰਵਾਰ ਨੂੰ ਦੁਪਹਿਰ 12 ਵਜੇ ਫ਼ੌਜ ਨੂੰ ਸਰਦਾਰ ਪ੍ਰੇਮ ਸਿੰਘ ਰਸਾਲਦਾਰ, ਹਰਨਾਮ ਸਿੰਘ ਜਮਾਂਦਾਰ, ਪ੍ਰਧਾਨ ਸਿੰਘ ਦਫ਼ੇਦਾਰ ਅਤੇ ਸੁਜਾਨ ਸਿੰਘ ਕੁਮੇਦਾਨ ਸਮੇਤ ਪਟਿਆਲਾ ਨੂੰ ਰਵਾਨਾ ਕਰ ਦਿੱਤਾ ਹੈ।

ਸੂਚਨਾ ਹਿਤ ਬੇਨਤੀ ਹੈ।

ਲਿਖਤ :- 18 ਜਨਵਰੀ 1872 ਈ: ਦਿਨ ਵੀਰਵਾਰ ਸਮਾਂ 1 ਵਜੇ ਦਿਨ ਦੇ ਭਾਵ ਦੁਪਹਿਰ ਤੋਂ, ਮਗਰੋਂ ਸਥਾਨ ਮਹਿੰਦਰਗੜ੍ਹ।

# ਲੁਕਿਆ ਸੱਚ

---

ਗ਼ਰੀਬ ਪਰਵਰ ! ਸਲਾਮਤ

ਐ ਮਾਲਿਕ !

ਤਹਿਸੀਲ ਸਮਰਾਲਾ ਇਲਾਕਾ ਸਰਕਾਰ ਅੰਗਰੇਜ਼ੀ ਦਾ ਖ਼ਤ ਉੱਚੀ ਸ਼ਾਨ ਵਾਲੀ ਸਰਕਾਰ ਦੇ ਮੁਲਾਜ਼ਿਮ ਸਵਾਰ ਦੇ ਹੱਥ ਕੱਲ 2 ਵਜੇ ਇਸ ਥਾਣੇ 'ਚ ਪੁੱਜਾ, ਜਿਸ ਰਾਹੀਂ ਲਿਖਿਆ ਗਿਆ ਸੀ ਕਿ ਖੰਨਾ ਵਿਖੇ ਯੱਕੇ (ਟਾਂਗਾ) ਇੱਕਠੇ ਕੀਤੇ ਜਾਣ। ਇਸ ਦਾਸ ਨੇ ਖ਼ਤ ਦੇ ਜਵਾਬ ਵਿੱਚ ਲਿਖ ਦਿੱਤਾ ਕਿ ਫ਼ਤਹਿਗੜ੍ਹ, ਸਰਹਿੰਦ ਤੇ ਬਸੀ ਵਿੱਚ ਕੋਈ ਯੱਕਾ ਨਹੀਂ ਹੈ ਇਸ ਲਈ ਗੱਡੀਆਂ ਥਾਣਾ ਖੰਨਾ ਵਿਖੇ ਰਵਾਨਾ ਕਰ ਰਿਹਾ ਹਾਂ। ਦਾਸ ਨੇ ਉਸੇ ਵੇਲੇ ਜ਼ਾਤੀ ਤੌਰ 'ਤੇ ਫ਼ਤਹਿਗੜ੍ਹ ਤੇ ਬਸੀ ਪੁੱਜ ਕੇ ਗੱਡੀਆਂ ਤੇ ਗੱਡੇ ਸਿਪਾਹੀਆਂ ਦੀ ਨਿਗਰਾਨੀ ਹੇਠ ਖੰਨੇ ਨੂੰ ਰਵਾਨਾ ਕਰ ਦਿੱਤੇ। ਇਸ ਕਾਰਵਾਈ ਤੋਂ ਮਗਰੋਂ ਜਨਾਬ ਨਾਇਬ ਨਾਜ਼ਿਮ ਸਾਹਿਬ ਜ਼ਿਲ੍ਹਾ ਫ਼ਤਹਿਗੜ੍ਹ ਦਾ ਮੇਰੇ ਨਾਮ ਖ਼ਤ ਦਿਨ ਦੇ ਤਿੰਨ ਵਜੇ ਪੁੱਜਾ ਜਿਸ ਵਿੱਚ ਬਾਰਬਰਦਾਰੀ ਵਾਸਤੇ ਗੱਡੀਆਂ ਆਦਿ ਖੰਨੇ ਵੱਲ ਰਵਾਨਾ ਕਰਨ ਵਾਸਤੇ ਹੁਕਮ ਦਿੱਤਾ ਗਿਆ ਸੀ। ਸੋ ਦਾਸ ਨੇ ਜ਼ਾਤੀ ਤੌਰ 'ਤੇ ਫ਼ਤਹਿਗੜ੍ਹ , ਸਰਹਿੰਦ ਤੇ ਜ਼ਿਲ੍ਹਾ ਅੰਬਾਲਾ ਤੋਂ ਗੱਡੀਆਂ ਫੜ ਕੇ , ਜਿੰਨੀਆਂ ਗੱਡੀਆਂ ਮਿਲ ਸਕੀਆਂ, ਖੰਨੇ ਨੂੰ ਭੇਜ ਦਿੱਤੀਆਂ। ਇਹ ਦਾਸ ਅੱਜ ਦਿਨ ਦੇ 10 ਵਜੇ ਜ਼ਾਤੀ ਤੌਰ 'ਤੇ ਥਾਣਾ ਖੰਨਾ ਵਿਖੇ ਪੁੱਜਾ ਅਤੇ ਡਿਪਟੀ ਇੰਸਪੈਕਟਰ ਥਾਣਾ ਖੰਨਾ ਨਾਲ ਜਦੋਂ ਬਾਰਬਰਦਾਰੀ ਦੇ ਪੁੱਜਣ ਦਾ ਜ਼ਿਕਰ ਕੀਤਾ ਤਾਂ ਡਿਪਟੀ ਇੰਸਪੈਕਟਰ ਦੀ ਜ਼ਬਾਨੀ ਪਤਾ ਲੱਗਾ ਕਿ "ਜਿਹੜੇ ਕੂਕਿਆਂ ਨੇ ਫ਼ਸਾਦ ਕੀਤਾ ਸੀ ਉਹ ਸਾਰੇ ਗ੍ਰਿਫ਼ਤਾਰ ਹੋ ਗਏ ਹਨ ਤੇ, ਕਮਿਸ਼ਨਰ ਸਾਹਿਬ ਬਹਾਦੁਰ ਦੇ ਹੁਕਮ ਅਨੁਸਾਰ ਅਤੇ ਜਿੰਨੀਆਂ ਗੱਡੀਆਂ ਆਦਿ ਇਸ ਖੰਨੇ ਦੇ ਇਲਾਕੇ 'ਚੋਂ ਫੜੀਆਂ ਸਨ ਉਹ ਸਾਰੀਆਂ ਤਹਿਸੀਲਦਾਰ ਸਮਰਾਲਾ ਨੇ ਛੱਡ ਦਿੱਤੀਆਂ ਹਨ ਤੇ ਮੇਰੇ ਨਾਮ ਅਜੇ ਤੱਕ ਬਾਰਬਰਦਾਰੀ ਮੁਹੱਈਆ ਕਰਵਾਉਣ ਵਾਸਤੇ ਕੋਈ ਹੁਕਮ ਨਹੀਂ ਆਇਆ ਹੈ ਪਰ ਸ਼੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਇਲਾਕੇ ਦੀ ਬਾਰਬਰਦਾਰੀ ਪੁੱਜਣ ਬਾਰੇ ਰਿਪੋਰਟ ਕੀਤੀ ਗਈ ਹੈ ਤੇ ਥਾਣੇ ਦੀ ਰਿਪੋਰਟ ਦੇ ਜਵਾਬ ਵਿੱਚ ਅੱਜ ਹੁਕਮ ਜਾਰੀ ਹੋਵੇਗਾ। ਇਸ ਲਈ ਗੱਡੀਆਂ ਇੱਕਠੀਆਂ ਕਰਕੇ ਰੱਖੀਆਂ ਹਨ ਤੇ ਹੁਕਮ ਜਾਰੀ ਹੋਣ ਮਗਰੋਂ ਛੱਡ ਦਿੱਤੀਆਂ ਜਾਣਗੀਆਂ ਕਿਉਂਕਿ ਹੁਣ ਲੋੜ ਨਹੀਂ ਰਹੀ। ਹੁਣ ਅੱਗੋਂ ਨੂੰ ਗੱਡੀਆਂ ਇੱਥੇ ਨਾ ਭੇਜਿਓ ਬਲਕਿ ਆਪਣੇ ਥਾਣੇ 'ਚ ਮੌਜੂਦ ਰੱਖੋ, ਜਦੋਂ ਲੋੜ ਹੋਵੇਗੀ ਮੰਗਵਾ ਲਈਆ ਜਾਣਗੀਆਂ"। ਇਸ ਗੱਲਬਾਤ ਤੋਂ ਮਗਰੋਂ ਇਹ ਦਾਸ ਗੱਡੀਆਂ ਆਦਿ ਦੇ ਖੰਨਾ ਵਿਖੇ ਪੁੱਜਣ ਦੀ ਰਸੀਦ ਥਾਣਾ ਖੰਨਾ ਤੋਂ ਲੈ ਕੇ ਮਲਿਕ ਮਹਿਮੂਦ ਮੈਨੇਜਰ ਰਜਮੈਂਟ ਨੂੰ ਮਿਲਿਆ ਜਿਹੜਾ ਖੰਨਾ ਵਿਖੇ ਹਾਥੀ ਤੇ ਊਠ ਲੈ ਕੇ ਆਇਆ ਹੋਇਆ ਸੀ। ਉਸ ਦੀ ਜ਼ੁਬਾਨੀ ਵੀ ਐਸਾ ਹੀ ਹਾਲ ਮਾਲੂਮ ਹੋਇਆ, ਇਸ ਲਈ ਇਹ ਦਾਸ ਵਾਪਸ ਆਪਣੇ ਥਾਣਾ ਵਿਖੇ ਚਲਾ ਆਇਆ।

ਥਾਣੇਦਾਰ ਖੰਨਾ ਦੇ ਇਸ਼ਾਰੇ ਮੁਤਾਬਿਕ ਦਾਸ ਇਸ ਥਾਣੇ ਦੇ ਪੜਾਉ (ਫ਼ਤਹਿਗੜ੍ਹ) 'ਤੇ ਗੱਡੀਆਂ ਇੱਕਠੀਆਂ ਕਰਨ ਵਿੱਚ ਰੁੱਝ ਗਿਆ। ਸੋ ਇਸ ਵੇਲੇ ਇਸ ਥਾਣੇ 'ਚ ਬਾਰਾਂ ਤੇਰਾਂ ਗੱਡੇ ਮੌਜੂਦ ਹਨ। ਗੱਡੀਆਂ ਦੇ ਪੁੱਜਣ ਬਾਰੇ ਜਿਸ ਕਦਰ ਥਾਣੇਦਾਰ ਖੰਨਾ ਨੇ ਰਸੀਦ ਲਿਖ ਕੇ ਦਿੱਤੀ ਉਹ ਸਹੀ ਨਹੀਂ ਹੈ ਕਿਉਂਕਿ ਕੋਈ ਸੌ ਗੱਡੀਆਂ ਖੱਚਰਾਂ ਸਮੇਤ ਭੇਜੀਆਂ ਗਈਆਂ ਸਨ। ਥਾਣੇਦਾਰ ਨੇ ਜਿੰਨੀਆਂ ਗੱਡੀਆਂ ਰੱਖੀਆਂ ਉਨ੍ਹਾਂ ਦੀ ਰਸੀਦ ਦੇ ਦਿੱਤੀ ਤੇ ਬਾਕੀ ਗੱਡੀਆਂ ਲੋੜ ਨਾ ਹੋਣ ਕਾਰਨ ਛੱਡ ਦਿੱਤੀਆਂ ਜਿਹੜੀਆਂ ਇਸ ਦਾਸ ਨੇ ਵੀ ਵਾਪਸ ਆਈਆਂ ਵੇਖੀਆਂ। ਗੱਡੀਆਂ ਹੱਕਣ ਵਾਲੇ ਬਿਆਨ ਕਰਦੇ ਸਨ ਕਿ ਲੋੜ ਨਾ ਹੋਣ ਕਰਕੇ ਸਾਨੂੰ ਡਿਪਟੀ ਇੰਸਪੈਕਟਰ ਥਾਣਾ ਖੰਨਾ ਨੇ ਵਾਪਸ ਕਰ ਦਿੱਤਾ। ਦਾਸ ਦੇ ਵਾਪਸ ਆਉਣ ਮਗਰੋਂ ਉੱਥੇ ਹੋਰ ਵੀ ਬਾਰਬਰਦਾਰੀ ਪੁੱਜੀ ਹੋਵੇਗੀ। ਇਸ ਰਸੀਦ ਵਿੱਚ ਡਿਪਟੀ ਇੰਸਪੈਕਟਰ ਥਾਣਾ ਖੰਨਾ ਦੋ ਗੱਡੀਆਂ ਦੇ ਰੱਖਣ ਤੇ ਹੋਰ ਗੱਡੀਆਂ ਨੂੰ ਵਾਪਸ ਕਰਨ ਬਾਰੇ ਲਿਖਦਾ ਹੈ। ਸੋ ਜਿਹੜੀਆਂ ਗੱਡੀਆਂ ਭੇਜੀਆਂ ਗਈਆਂ ਸਨ ਉਨ੍ਹਾਂ 'ਚੋਂ ਡਿਪਟੀ ਇੰਸਪੈਕਟਰ ਨੇ ਦੋ ਗੱਡੀਆਂ ਰੱਖ ਕੇ ਬਾਕੀ ਵਾਪਸ ਭੇਜ ਦਿੱਤੀਆਂ।

ਸੋ ਥਾਣਾ ਖੰਨਾ ਦੀਆ ਦੋਵੇਂ ਰਸੀਦਾਂ ਇਸ ਬਿਨੈ-ਪੱਤਰ ਦੇ ਨਾਲ ਹਜ਼ੂਰ ਕੋਲ ਭੇਜ ਕੇ ਇਤਲਾਹ ਵਜੋਂ ਇਸ ਕਾਰਵਾਈ ਬਾਰੇ ਅਰਜ਼ ਕਰਦਾ ਹਾਂ।

ਵਾਜਿਬ ਤੌਰ 'ਤੇ ਅਰਜ਼ ਕੀਤਾ। ਐ ਖ਼ੁਦਾ ! ਜ਼ੁਲਮ ਸੀਮਤ ਰਹੇ ! ਦਾਸ

ਥਾਣੇਦਾਰ ਫ਼ਤਹਿਗੜ੍ਹ,
7 ਮਾਘ 1928.
18 ਜਨਵਰੀ 1872.

---

## ਰਸੀਦ

ਥਾਣੇਦਾਰ ਵਲੋਂ ਲਾਲ ਸਿੰਘ ਸਿਪਾਹੀ ਰਾਹੀਂ ਭੇਜੀਆਂ ਦੋ ਗੱਡੀਆਂ ਪੁੱਜੀਆਂ ਤੇ ਬਾਕੀ ਵਾਪਸ ਕਰ ਦਿੱਤੀਆਂ ਗਈਆਂ।

ਦਾਸ

17 ਜਨਵਰੀ 1872 (ਦਸਤਖ਼ਤ)

ਥਾਣੇਦਾਰ ਫ਼ਤਹਿਗੜ੍ਹ ਤੇ ਨਾਇਬ ਨਾਜ਼ਿਮ ਫ਼ਤਿਹਗੜ੍ਹ ਵਲੋਂ ਭੇਜੀ ਬਾਰਬਰਦਾਰੀ ਹੇਠ ਲਿਖੇ ਵੇਰਵੇ ਅਨੁਸਾਰ ਪੁੱਜੀ।

1. ਟੱਟੂ 6
2. ਊਂਠ 2
3. ਖੱਚਰਾਂ 3
4. ਘੋੜੀ 1
5. ਗੱਡੇ 21
6. ਬਹਿਲੀਆਂ (ਬੈਲ ਗੱਡੀਆਂ) 19
7. 5 ਗੱਡੇ ਚੌਕੀਦਾਰ ਰਾਹੀਂ ਪੁੱਜੇ।

ਦਾਸ

18 ਜਨਵਰੀ 1872 ਡਿਪਟੀ ਇੰਸਪੈਕਟਰ ਥਾਣਾ ਖੰਨਾ,

## ਵੇਰਵਾ

| | | ਬਹਿਲੀਆਂ (ਬੈਲ ਗੱਡੀਆਂ) | ਤੇ ਗੱਡੇ |
|---|---|---|---|
| 1. | ਪਿੰਡ ਤਲਾਣੀਆਂ ਤੋਂ | 1 | 13 |
| 2. | ਬਹਾਦੁਰਗੜ੍ਹ ਤੋਂ | 3 | 8 |
| 3. | ਬਸੀ ਤੋਂ | 15 | - |

## ਲੁਕਿਆ ਸੱਚ

---

ਨਿਆਮਤਾਂ ਦੇ ਮਾਲਿਕ ਤੇ ਗ਼ਰੀਬ ਪਰਵਰ
ਸਲਾਮਤ !

ਸ੍ਰੀ ਮਾਨ ਜੀ,

ਇਹ ਦਾਸ ਤੁਹਾਡੇ ਹੁਕਮ ਅਨੁਸਾਰ ਪਟਿਆਲੇ ਤੋਂ ਸਵਾਰ ਹੋ ਕੇ, 20 ਹਾਥੀ ਤੇ 58 ਊਂਠ ਲੈ ਕੇ ਰਾਤੋ ਰਾਤ ਅੱਧੀ ਰਾਤ ਮਗਰੋਂ 3 ਵਜੇ ਖੰਨਾ ਵਿਖੇ ਪੁੱਜਾ। ਥਾਣੇਦਾਰ ਖੰਨਾ ਤੇ ਤਹਿਸੀਲਦਾਰ ਸਮਰਾਲਾ, ਜਿਹੜੇ ਅੰਗਰੇਜ਼ੀ ਫ਼ੌਜ ਲਈ ਬਾਰਬਰਦਾਰੀ ਦਾ ਪ੍ਰਬੰਧ ਕਰਨ ਵਾਸਤੇ ਖੰਨਾ ਹਾਜ਼ਿਰ ਸਨ ਉਨ੍ਹਾਂ ਦੇ ਹੁਕਮ ਅਨੁਸਾਰ ਉੱਥੇ ਦਾਸ ਨੇ ਡੇਰਾ ਕੀਤਾ। ਫ਼ਿਰ ਮੀਰ ਮਹਿਦੀ ਸਾਹਿਬ ਤੇ ਸਰਕਾਰ ਨਾਭਾ ਦੇ ਅਹਿਲਕਾਰਾਂ ਦੇ ਡੇਰੇ ਬਾਰੇ ਦਰਿਆਫ਼ਤ ਕੀਤਾ ਤਾਂ ਤਹਿਸੀਲਦਾਰ ਸਾਹਿਬ ਨੇ ਕਿਹਾ ਕਿ ਬਾਰਬਰਦਾਰੀ ਵਾਸਤੇ ਯੱਕੇ, ਗੱਡੇ ਤੇ ਟੱਟੂ ਆਦਿ ਫ਼ਤਹਿਗੜ੍ਹ ਤੋਂ ਇੱਥੇ ਆ ਗਏ ਹਨ, ਯਕੀਨ ਹੈ ਕਿ ਮੀਰ ਮਹਿਦੀ ਸਾਹਿਬ ਵੀ ਸਵੇਰੇ ਆ ਜਾਣਗੇ, ਸਰਕਾਰ ਨਾਭਾ ਦੇ ਅਹਿਲਕਾਰਾਂ ਬਾਰੇ ਕੋਈ ਇਤਲਾਹ ਨਹੀਂ ਮਿਲੀ। ਫ਼ਿਰ ਖੰਨਾ ਵਿਖੇ ਹੀ ਸਰਕਾਰ ਨਾਭਾ ਦਾ ਭੇਜਿਆ ਕਾਹਲਾ ਸਿੰਘ ਦਰਬਾਰੀ ਮਿਲਿਆ ਤੇ ਉਸ ਨੇ ਦੱਸਿਆ ਕਿ ਅਸੀਂ ਦੋ ਜਣੇ ਦਰਬਾਰੀ ਬਾਰਬਰਦਾਰੀ ਨਾਲ ਇੱਥੇ ਮੌਜੂਦ ਹਾਂ ਤੇ ਅਹਿਲਕਾਰ ਕੋਈ ਨਹੀਂ ਆਇਆ। ਫ਼ਿਰ ਇਸ ਦਾਸ ਨੇ ਰੇਲ ਘਰ ਵਾਲੇ ਬਾਬੂ ਕੋਲ ਪੁੱਜਕੇ ਅੰਗਰੇਜ਼ੀ ਫ਼ੌਜ ਦੇ ਆਉਣ ਬਾਰੇ ਪੁੱਛਿਆ ਤਾਂ ਬਾਬੂ ਸਾਹਿਬ ਨੇ ਕਿਹਾ ਕਿ ਅਜੇ ਕੋਈ ਖ਼ਬਰ ਨਹੀਂ ਹੈ। ਫ਼ਿਰ ਇਹ ਦਾਸ ਮੀਰ ਸਾਹਿਬ ਬਹਾਰ ਅਲੀ ਨਾਲ, ਜਿਹੜੇ ਥਾਣੇ 'ਚ ਆਏ, ਤਹਿਸੀਲਦਾਰ ਸਾਹਿਬ ਸਮਰਾਲਾ ਵੱਲ ਸਵਾਰ ਹੋ ਕੇ ਗਏ ਤਾਂ ਤਹਿਸੀਲਦਾਰ ਸਾਹਿਬ ਨੇ ਕਿਹਾ ਕਿ ਇਸ ਵੇਲੇ ਮੇਰੇ ਨਾਮ ਸਾਹਿਬ ਬਹਾਦੁਰ ਦਾ ਹੁਕਮ ਜਾਰੀ ਹੋਇਆ ਹੈ ਕਿ ਹੁਣ ਬਾਰਬਰਦਾਰੀ ਦਾ ਪ੍ਰਬੰਧ ਕਰਨ ਦੀ ਕੋਈ ਲੋੜ ਨਹੀਂ ਹੈ ਇਸ ਵਾਸਤੇ ਜਿਹੜੀ ਬਾਰਬਰਦਾਰੀ ਤਆਲੁੱਕਾ ਸਮਰਾਲਾ 'ਚੋਂ ਇੱਕਠੀ ਕੀਤੀ ਸੀ ਉਹ ਸਾਰੀ ਛੱਡ ਦਿੱਤੀ ਗਈ ਹੈ ਅਤੇ ਤੁਹਾਡੀ ਬਾਰਬਰਦਾਰੀ ਨੂੰ ਵਾਪਸ ਰਵਾਨਾ ਕਰਨ ਵਾਸਤੇ ਮੈਂ ਡਿਪਟੀ ਕਮਿਸ਼ਨਰ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਬੇਨਤੀ ਕਰਕੇ ਇਤਲਾਹ ਦਿਆਂਗਾ।

ਸੋ ਜਿਹੜਾ ਹਾਲ ਸੀ ਉਹ ਇਤਲਾਹ ਵਜੋਂ ਹਜ਼ੂਰ ਵੱਲ ਅਰਜ਼ ਕੀਤਾ ਗਿਆ।

ਵਾਜਿਬ ਸਮਝ ਕੇ ਅਰਜ਼ ਕੀਤਾ।

ਹਜ਼ੂਰ ਦੇ ਤੇਜ ਪਰਤਾਪ ਤੇ ਹਕੂਮਤ ਦਾ ਸੂਰਜ ਹਮੇਸ਼ਾ ਚਮਕਦਾ ਰਵ੍ਹੇ !

-ਬਸ-

ਦਾਸ
ਪੁਰਾਣਾ ਨਮਕ ਪਰਵਰਦਾ,
ਮਲਿਕ ਮਹਿਮੂਦ ਮੈਨੇਜਰ,
7 ਮਾਘ 1928.
(18ਜਨਵਰੀ 1872)

**ਕਿਉਂਕਿ ਕੱਲ ਮੀਰ ਮਹਿਦੀ ਨਾਇਬ ਨਾਜ਼ਿਮ ਦੇ ਨਾਮ ਰੋਬਕਾਰ ਲਿਖਿਆ ਗਿਆ ਹੈ**
**ਸੋ ਹੁਕਮ ਹੋਇਆ ਕਿ**

ਸ਼ਾਮਿਲ ਮਿਸਲ ਰਹੇ। 19 ਜਨਵਰੀ 1872.

---

ਸ੍ਰੀ ਮਾਨ ਜੀ,

18 ਜਨਵਰੀ ਸੰਨ 1872 ਈਃ ਨੂੰ ਰਾਤ ਦੇ ਤਿੰਨ ਵਜੇ ਮਲਿਕ ਮਹਿਮੂਦ ਖ਼ਾਨ ਮੈਨੇਜਰ , ਬਾਰਬਰਦਾਰੀ ਵਾਸਤੇ ਸਮੇਤ 20 ਹਾਥੀ ਤੇ ਦੋ ਸੌ ਊਂਠਾਂ ਦੇ ਮੇਰੇ ਡੇਰੇ 'ਤੇ ਆਏ। ਅੱਜ ਅਦਾਲਤ ਦੇ ਹੁਕਮ ਨਾਲ ਜਨਾਬ ਤਹਿਸੀਲਦਾਰ ਸਾਹਿਬ ਸਮਰਾਲਾ ਦਾ ਖ਼ਤ ਜਾਰੀ ਹੋਣ ਅਨੁਸਾਰ ਉਨ੍ਹਾਂ ਨੂੰ ਵਾਪਿਸ ਜਾਣ ਦੀ ਇਜਾਜ਼ਤ ਦਿੱਤੀ ਗਈ ਕਿ ਹੁਣ ਬਾਰਬਰਦਾਰੀ ਦੀ ਕੋਈ ਲੋੜ ਨਹੀਂ ਹੈ।

ਇਹ ਲਿਖਤ ਉਨ੍ਹਾਂ ਦੀ ਦਰਖ਼ਾਸਤ ਅਨੁਸਾਰ ਦਿੱਤੀ ਗਈ।

19 ਜਨਵਰੀ ਸੰਨ 1872 ਈਃ

ਦਾਸ
ਸ੍ਰੀ ਚੰਦ ਜਮਾਂਦਾਰ
ਤਹਿਸੀਲ ਸਮਰਾਲਾ।

ਸ੍ਰੀ ਚੰਦ ਜਮਾਂਦਾਰ ਸਮਰਾਲਾ,

ਸਾਹਿਬ ਡਿਪਟੀ ਇੰਸਪੈਕਟਰ ਜਨਰਲ ਦੇ ਹੁਕਮ ਅਨੁਸਾਰ ਤੁਹਾਨੂੰ ਲਿਖਿਆ ਜਾਂਦਾ ਹੈ ਕਿ ਥਾਣੇਦਾਰ ਸਰਹਿੰਦ ਦੀਆਂ ਭੇਜੀਆਂ ਬਾਰਬਰਦਾਰੀ ਤੇ ਸਵਾਰੀ ਦੀਆਂ ਗੱਡੀਆਂ ਆਦਿ ਜਿਹੜੀਆਂ ਖੰਨਾ ਵਿਖੇ ਮੌਜੂਦ ਹਨ ,ਉਨ੍ਹਾਂ ਨੂੰ ਕਹਿ ਦਿਓ ਕਿ ਉਹ ਉਨ੍ਹਾਂ ਨੂੰ ਵਾਪਸ ਲੈ ਜਾਣ ਕਿਉਂਕਿ ਹੁਣ ਉਨ੍ਹਾਂ ਦੀ ਕੋਈ ਲੋੜ ਨਹੀਂ। ਸਰਕਾਰ ਨਾਭਾ ਤੇ ਸਰਕਾਰ ਪਟਿਆਲਾ ਦੇ ਜਿਹੜੇ ਭਰੋਸੇਯੋਗ ਵਿਅਕਤੀ ਸਵਾਰੀ ਤੇ ਬਾਰਬਰਦਾਰੀ ਲਈ ਗੱਡੇ ਲਿਆਏ ਹਨ ਉਨ੍ਹਾਂ ਨੂੰ ਵੀ ਕਹਿ ਦਿਓ ਕਿ ਵਾਪਸ ਲੈ ਜਾਣ।

ਮੁਕਦੀ ਗੱਲ ਕਿ ਹੁਣ ਸਵਾਰੀ ਤੇ ਬਾਰਬਰਦਾਰੀ ਦੀ ਕੋਈ ਲੋੜ ਨਹੀਂ ਰਹੀ ਹੈ। ਸਾਰੀ ਸਵਾਰੀ ਤੇ ਬਾਰਬਰਦਾਰੀ ਵਾਪਸ ਹੋ ਜਾਵੇ।

ਚਤਰ ਸਿੰਘ
ਤਹਿਸੀਲਦਾਰ ਖੰਨਾ

---

ਮਿਹਰਬਾਨ ਮਲਿਕ ਮਹਿਮੂਦ ਖ਼ਾਨ ਸਾਹਿਬ,

ਸਲਾਮ ਅਰਜ਼ ਕਰਨ ਮਗਰੋਂ ਪ੍ਰਤੱਖ ਹੋਵੇ ਕਿ ਅੱਜ ਜਨਾਬ ਸੱਯਦ ਮੁਹੰਮਦ ਕਾਜ਼ਿਮ ਦਾ ਪੱਤਰ ਮਿਤੀ 18 ਜਨਵਰੀ ਪੁੱਜਾ। ਉਹ ਖ਼ਤ ਵਿੱਚ ਦਰਜ ਹੈ ਕਿ ਹੁਣ ਬਾਰਬਰਦਾਰੀ ਦੀ ਲੋੜ ਨਹੀਂ ਹੈ। ਆਪ ਜਿਹੜੇ ਹਾਥੀ ਤੇ ਊਂਠ ਲੈ ਕੇ ਖੰਨਾ ਵਿਖੇ ਤਸ਼ਰੀਫ਼ ਲਿਆਏ ਹੋ ਉਨ੍ਹਾਂ ਬਾਰੇ ਉਸਤਤ ਯੋਗ ਸਾਹਿਬ ਦੀ ਲਿਖਤ ਅਨੁਸਾਰ ਆਪ ਨੂੰ ਲਿਖ ਰਿਹਾ ਹਾਂ ਕਿ ਆਪ ਪਟਿਆਲੇ ਨੂੰ ਵਾਪਸ ਤਸ਼ਰੀਫ਼ ਲੈ ਜਾਓ।

-ਬਸ-

ਲੇਖਕ
ਸੱਯਦ ਮੁਹੰਮਦ ਜ਼ੈਦੀ,
ਨਾਇਬ ਨਾਜ਼ਿਮ ਅਮਰਗੜ੍ਹ।
19 ਜਨਵਰੀ ਸੰਨ 1872 ਈ:
ਦਿਨ ਜੁਮਾ (ਸ਼ੁਕਰਵਾਰ)

ਇਹ ਲਿਫ਼ਾਫ਼ਾ ਘੋੜਿਆਂ ਦੇ ਇੰਚਾਰਜ ਮਲਿਕ ਮਹਿਮੂਦ ਖ਼ਾਨ ਮੈਨੇਜਰ ਕੋਲ ਖੰਨਾ ਵਿਖੇ ਮੁਲਾਹਿਜ਼ਾ ਕਰਨ ਤੇ ਸੂਚਨਾ ਹਿਤ ਭੇਜ ਦਿੱਤਾ ਜਾਵੇ।

ਸੱਯਦ ਮੁਹੰਮਦ ਜ਼ੈਦੀ,
ਨਾਇਬ ਨਾਜ਼ਿਮ ਅਮਰਗੜ੍ਹ।

## ਕ੍ਰਿਪਾਲੂ ਤੇ ਦਿਆਲੂ ਜਨਾਬ ਮੁਨਸ਼ੀ ਸਾਹਿਬ
## ਸੱਯਦ ਮੁਹੰਮਦ ਹੁਸੈਨ ਸਾਹਿਬ ਮੀਰ ਮੁਨਸ਼ੀ ਸਰਕਾਰ

ਗੌਰਵ ਪੂਰਨ ਮੇਲ ਮਿਲਾਪ ਦੀ ਖ਼ਾਹਿਸ਼ ਕਰਨ ਤੋਂ ਬਾਅਦ ਬੇਨਤੀ ਹੈ ਕਿ ਤੁਹਾਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਤੁਹਾਡਾ ਪੱਤਰ 17 ਜਨਵਰੀ ਸੰਨ 1872 ਰਾਤ ਦੇ 9 ਵਜੇ ਮਗਰੋਂ ਮਿਲਿਆ ਜਿਹੜਾ ਊਂਠ-ਸਵਾਰ ਲਿਆਇਆ ਸੀ ਅਤੇ ਜਿਸ ਵਿੱਚ ਉਸ ਫ਼ੌਜ ਨੂੰ ਛੇਤੀ ਰਵਾਨਾ ਕਰਨ ਵਾਸਤੇ ਲਿਖਿਆ ਸੀ ਜਿਹੜੀ ਮਹਿੰਦਰਗੜ੍ਹ ਤੋਂ ਬਦਲ ਕੇ ਪਟਿਆਲਾ ਜਾਣ ਵਾਲੀ ਸੀ। ਸੋ ਤੁਹਾਡੇ ਲਿਖਣ ਮੁਤਾਬਿਕ ਰਾਤੋ ਰਾਤ ਫ਼ੌਜ ਦੀ ਤਿਆਰੀ ਕਰਕੇ ਰਜਮੈਂਟ ਦੇ ਸਵਾਰਾਂ ਤੇ ਪਲਟਣ ਦੇ ਸਿਪਾਹੀਆਂ ਦੇ ਢੋਆ ਢੁਆਈ ਦਾ ਸਾਮਾਨ (ਜੁਗਾੜ) ਉਪਲਭਦ ਕਰਾ ਕੇ ਫ਼ੌਜ ਨੂੰ 18  ਜਨਵਰੀ ਨੂੰ ਦਿਨ ਦੇ 12 ਵਜੇ ਰਵਾਨਾ ਕੀਤਾ ਗਿਆ ਸੀ। ਫ਼ੌਜ ਦੇ ਅਹੁਦੇਦਾਰਾਂ ਨੂੰ ਬੇਹੱਦ ਤਾਕੀਦ ਕੀਤੀ ਸੀ ਕਿ ਉਹ ਡਬਲ ਕੂਚ ਕਰਕੇ ਫ਼ੌਜ ਨੂੰ ਛੇਤੀ ਪਟਿਆਲਾ ਵਿਖੇ ਪ੍ਰਵੇਸ਼ ਕਰਾ ਦੇਣ।

ਸੋ ਉਪ੍ਰੋਕਤ ਹਾਲ ਤੋਂ ਉਸੇ ਤਰੀਕ ਨੂੰ ਬਿਨੈ-ਪੱਤਰ ਰਾਹੀਂ ਜਨਾਬ ਨੂੰ ਇਤਲਾਹ ਦਿੱਤੀ ਗਈ ਸੀ। ਯਕੀਨ ਹੈ ਕਿ ਮੇਰਾ ਬਿਨੈ-ਪੱਤਰ ਹਜ਼ੂਰ ਦੀ ਨਿਗ੍ਹਾ 'ਚੋਂ ਲੰਘਿਆ ਹੋਵੇਗਾ।

ਹੁਣ ਤੁਸੀਂ ਇਹ ਇਤਲਾਹ ਬਖਸ਼ੋ ਕਿ ਫ਼ੌਜ ਨੇ, ਜਿਹੜੀ ਬੜੀ ਕੋਸ਼ਿਸ਼ ਤੇ ਅਤਿਅੰਤ ਤਾਕੀਦ ਕਰਕੇ ਇਸ ਦਾਸ ਨੇ ਪਟਿਆਲਾ ਨੂੰ ਰਵਾਨਾ ਕੀਤੀ ਸੀ, ਕਿਹੜੀ ਤਰੀਕ ਨੂੰ ਪਟਿਆਲੇ 'ਚ ਪ੍ਰਵੇਸ਼ ਕੀਤਾ। ਕੀ ਮੇਰੀ ਤਾਕੀਦ ਨੇ ਫ਼ੌਜ 'ਤੇ ਅਸਰ ਕੀਤਾ ਜਾਂ ਨਹੀਂ ? ਤਾਂ ਕਿ ਫ਼ੌਜ ਦੇ ਸਰਦਾਰਾਂ ਦੀ ਕਾਰਗੁਜ਼ਾਰੀ ਤੇ ਉਨ੍ਹਾਂ ਦੇ ਛੇਤੀ ਪੁੱਜਣ ਦੇ ਹਾਲ ਦਾ ਇਸ ਦਾਸ ਨੂੰ ਵੀ ਪਤਾ ਲੱਗ ਜਾਵੇ। ਜੋ ਕੁਝ ਇੰਤਜ਼ਾਮ ਜ਼ਿਲ੍ਹਾ ਲੁਧਿਆਣੇ ਦੇ ਫ਼ਸਾਦੀ ਕੂਕਿਆਂ ਦਾ ਹੋ ਗਿਆ ਹੋਵੇ, ਉਸ ਬਾਰੇ ਵੀ ਸੂਚਿਤ ਕਰੋਂ ਕਿਉਂਕਿ ਦਾਸ ਨੂੰ ਵੀ ਅਜਿਹੇ ਮਾਮਲਿਆਂ ਦੀ ਵਾਕਫ਼ੀਅਤ ਹੋਣੀ ਚਾਹੀਦੀ ਹੈ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਉਲੰਘਣ ਤੁੱਲ ਹੈ।
11 ਮਾਘ ਸੰਮਤ 1928 ਮੁਤਾਬਿਕ 22 ਜਨਵਰੀ 1872 ਈ:,
ਦਿਨ ਸੋਮਵਾਰ।

ਦਾਸ
ਬਿਸ਼ਨ ਦਾਸ ਨਾਜ਼ਿਮ ਮਹਿੰਦਰਗੜ੍ਹ,

## ਹੁਕਮ ਹੋਇਆ ਕਿ

ਅਸਲ ਕਾਗ਼ਜ਼ ਬਖ਼ਸ਼ੀ ਖ਼ਾਨੇ ਨੂੰ ਭੇਜਕੇ ਲਿਖਿਆ ਜਾਵੇ ਕਿ ਉਹ ਹੁਣ ਵੇਰਵੇ ਸਹਿਤ ਲਿਖ ਕੇ ਦੱਸਣ ਕਿ ਫ਼ੌਜ ਕਿਹੜੀ ਤਰੀਕ ਨੂੰ ਇੱਥੇ ਪੁੱਜੀ ਤਾਂ ਕਿ ਨਾਜ਼ਿਮ ਸਾਹਿਬ ਨੂੰ ਜਵਾਬ ਲਿਖਿਆ ਜਾਵੇ।

27 ਜਨਵਰੀ 1872.

# 16 . ਸ੍ਰੀ ਸਤਿਗੁਰੂ ਰਾਮ ਜੀ ਤੇ ਸੂਬੇ ਸਾਹਿਬਾਨ ਤੇ ਸੇਵਕ ਭਾਈ ਨਾਨੂੰ ਸਿੰਘ ਨੂੰ ਗ੍ਰਿਫਤਾਰ ਕਰਕੇ ਨਜਰਬੰਦੀ ਲਈ ਇਲਾਹਾਬਾਦ ਲਿਜਾਇਆ ਗਿਆ

ਜਨਾਬ ਨਿਆਮਤਾਂ ਦੇ ਮਾਲਿਕ ਖਲੀਫ਼ਾ ਸਾਹਿਬ ਪ੍ਰਧਾਨ ਮੰਤਰੀ ਸਾਹਿਬ ਬਹਾਦੁਰ, ਤੇਜ ਪਰਤਾਪ ਹਮੇਸ਼ਾ ਕਾਇਮ ਰਹੇ !

ਅਦਬ ਆਦਾਬ ਅਰਜ਼ ਕਰਨ ਮਗਰੋਂ ਬੇਨਤੀ ਹੈ ਕਿ ਜਨਾਬ ਕਮਿਸ਼ਨਰ ਸਾਹਿਬ ਬਹਾਦੁਰ, ਜਿਹੜੇ ਕੋਟਲਾ ਵਿਖੇ ਸਸ਼ੋਭਤ ਹੋਏ ਸਨ, ਦੇ ਫ਼ਰਮਾਉਣ ਅਨੁਸਾਰ ਅੱਜ ਪਤਾ ਲੱਗਿਆ ਕਿ **ਗੁਰੂ ਰਾਮ ਸਿੰਘ ਨੂੰ ਕੂਕਿਆਂ ਦੇ ਜਥੇ ਸਮੇਤ ਅੱਜ 3 ਵਜੇ ਸ਼ਾਮ ਰੇਲ ਵਿੱਚ ਸਵਾਰ ਕਰਵਾ ਕੇ ਅਲਾਹਾਬਾਦ ਨੂੰ ਰਵਾਨਾ ਕੀਤਾ ਗਿਆ।**

ਸੋ ਸੂਚਨਾ ਹਿਤ ਹਜ਼ੂਰ ਨੂੰ ਬੇਨਤੀ ਹੈ।

ਸ੍ਰੀ ਮਾਨ ਜੀ

ਇਹ ਦਾਸ ਅੱਜ ਦੀ ਤ੍ਰੀਕ ਦਿਨ ਵੀਰਵਾਰ ਨੂੰ ਸਵੇਰੇ ਵੇਲੇ ਲੁਧਿਆਣਾ ਪੁੱਜਾ। ਕਮਿਸ਼ਨਰ ਸਾਹਿਬ ਕੋਟਲੇ ਵੱਲ ਤਸ਼ਰੀਫ਼ ਲੈ ਗਏ ਹਨ। ਇਹ ਦਾਸ ਵੀ ਯੱਕੇ 'ਤੇ ਸਵਾਰ ਹੋ ਕੇ ਕੋਟਲਾ ਨੂੰ ਰਵਾਨਾ ਹੋ ਰਿਹਾ ਹੈ। **ਭੈਣੀ ਵਾਲਾ ਗੁਰੂ ਰਾਮ ਸਿੰਘ, ਜਿਹੜਾ ਰਾਤ ਗ੍ਰਿਫ਼ਤਾਰ ਹੋ ਕੇ ਲੁਧਿਆਣਾ ਪੁੱਜਾ ਸੀ, ਨੂੰ ਅੱਜ ਰੇਲ ਰਾਹੀਂ ਪੁਲਿਸ ਦੇ ਚਾਰ ਸਿਪਾਹੀਆਂ ਦੀ ਨਿਗਰਾਨੀ ਹੇਠ ਅਲਾਹਾਬਾਦ ਨੂੰ ਰਵਾਨਾ ਕੀਤਾ ਹੈ। ਉਸ ਨੂੰ ਇਸ ਤਰ੍ਹਾਂ ਨਾਲ ਰੱਖਿਆ ਜਾਵੇਗਾ ਕਿ ਉਸ ਦੀ ਰਿਹਾਇਸ਼ ਆਰਜ਼ੀ ਤੌਰ 'ਤੇ ਉਸੇ ਜ਼ੇਲ੍ਹ ਵਿੱਚ ਰਹੇਗੀ।**

ਕੋਈ ਡੇਢ ਸੌ ਕੂਕੇ, ਜਿਹੜੇ ਇੱਥੇ ਹੀ ਹਾਜ਼ਿਰ ਸਨ, ਗੋਰਖਿਆਂ ਦੀ ਨਿਗਰਾਨੀ ਹੇਠ ਗ੍ਰਿਫ਼ਤਾਰ ਕੀਤੇ ਹੋਏ ਹਨ। ਡਿਪਟੀ ਇੰਸਪੈਕਟਰ ਜਨਰਲ ਪੁਲਿਸ ਨੇ ਕਮਿਸ਼ਨਰ ਬਹਾਦੁਰ ਸਾਹਿਬ ਦੀ ਤਜਵੀਜ਼ ਅਨੁਸਾਰ ਉਨ੍ਹਾਂ ਨੂੰ ਅੱਡ ਅੱਡ ਕਰਕੇ ਪੁੱਛਿਆ। ਉਨ੍ਹਾਂ ਨੇ ਬਿਆਨ ਕੀਤਾ ਕਿ ਅਸੀਂ ਸਤਿਗੁਰੂ ਨੂੰ ਮੱਥੇ ਟੇਕਣ ਵਾਸਤੇ ਗਏ ਸਾਂ ਅਤੇ ਦੰਗਾ ਫ਼ਸਾਦ ਕਰਨ ਵਾਸਤੇ ਨਹੀਂ ਗਏ ਸੀ, ਨਾ ਹੀ ਸਾਡੇ ਕੋਲ ਕੋਈ ਹਥਿਆਰ ਸੀ।

ਇਹ ਬਿਆਨ ਸੁਣ ਕੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਨੇ ਕੂਕਿਆਂ ਨੂੰ ਅਲਹਿਦਾ ਅਲਹਿਦਾ ਕਰਕੇ, ਜਿਸ ਜਿਸ ਇਲਾਕੇ ਦੇ ਉਹ ਵਾਸੀ ਸਨ, ਵਕੀਲਾਂ ਦੇ ਸਪੁਰਦ ਕਰ ਦਿੱਤਾ ਅਤੇ ਫ਼ਰਮਾਇਆ ਕਿ ਇਨ੍ਹਾਂ ਨੂੰ ਕੇਵਲ ਇੱਕ ਇੱਕ ਆਦਮੀ ਦੇ ਕੇ ਇਨ੍ਹਾਂ ਦੇ ਟਿਕਾਣੇ 'ਤੇ ਪਹੁੰਚਾ ਦੇਵੋ ਅਤੇ ਉਹ ਜਾ ਕੇ ਆਪਣਾ ਆਪਣਾ ਕਾਰੋਬਾਰ ਕਰਨ, ਆਪਣੇ ਘਰ ਹਾਜ਼ਿਰ ਰਹਿਣ, ਚਾਰ ਪੰਜ ਦਿਨਾਂ ਬਾਅਦ ਇਨ੍ਹਾਂ ਦਾ ਹਾਲ ਦਰਿਆਫ਼ਤ ਕਰ ਲਿਆ ਜਾਇਆ ਕਰੇ ਕਿ ਉਹ ਘਰਾਂ 'ਤੇ ਹਾਜ਼ਿਰ ਹਨ ਜਾਂ ਨਹੀਂ ? ਜੇ ਕੋਈ ਗ਼ੈਰ ਹਾਜ਼ਿਰ ਹੋਵੇਗਾ ਤਾਂ ਅੱਗੋਂ ਵਾਸਤੇ ਉਸ ਦੀ ਗ੍ਰਿਫ਼ਤਾਰੀ ਦੀ ਤਜਵੀਜ਼ ਕਰ ਲਈ ਜਾਵੇਗੀ ਨਹੀ ਤਾਂ ਆਪਣੇ ਘਰ 'ਤੇ ਰਹਿਣ, ਸਰਕਾਰ ਨੂੰ ਉਨ੍ਹਾਂ ਨਾਲ ਕੋਈ ਵਾਹ ਵਾਸਤਾ ਨਹੀਂ ਹੈ।

ਸੋ ਅਰਜ਼ ਕੀਤਾ ਹੈ। ਜ਼ਿਆਦਾ ਲਿਖਣਾ ਅਦਬ ਆਦਾਬ ਦੀ ਹੱਦ ਟੱਪਣਾ ਹੈ।

18 ਜਨਵਰੀ ਸੰਨ 1872 ਈ

ਦਾਸ

ਨਿਸਾਰ ਅਲੀ

ਵੱਡੇ ਰੁਤਬੇ ਵਾਲੀ ਸਰਕਾਰ ਦਾ ਵਕੀਲ

---

**ਸਖ਼ਾਵਤ ਦੇ ਖ਼ਜ਼ਾਨੇ, ਗ਼ਰੀਬ ਪਰਵਰ, ਨਿਆਮਤਾਂ ਦੇ ਮਾਲਿਕ,**

**ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ (ਪਟਿਆਲਾ)**

ਦਾਸਾਂ ਦੇ ਤੌਰ ਤ੍ਰੀਕਿਆਂ ਸਹਿਤ ਆਦਾਬ ਅਰਜ਼ ਕਰਨ ਮਗਰੋਂ ਮੈਂ ਬੇਨਤੀ ਕਰਦਾ ਹਾਂ ਕਿ ਇਸ ਤੋਂ ਪਹਿਲਾਂ ਹਜ਼ੂਰ ਦੀ ਸੇਵਾ ਵਿੱਚ ਪਰਸੋਂ ਖ਼ਤ ਭੇਜਿਆ ਗਿਆ ਸੀ। ਇਸ ਤੋਂ ਬਾਅਦ ਵਾਅਦੇ ਦੇ ਮੁਤਾਬਿਕ ਕੱਲ ਇਹ ਦਾਸ ਉੱਚੀ ਸ਼ਾਨ ਵਾਲੇ ਸਾਹਿਬ ਮਿਸਟਰ ਗ੍ਰਿਫ਼ਨ ਸਾਹਿਬ ਬਹਾਦੁਰ ਸੈਕਟਰੀ ਗੌਰਮਿੰਟ ਪੰਜਾਬ ਦੀ ਸੇਵਾ ਵਿੱਚ ਹਾਜ਼ਿਰ ਹੋਏ। ਸਾਡੇ ਕੋਲ ਆਏ ਮਾਮਲਿਆਂ ਦਾ ਹਾਲ ਅਲਹਿਦਾ ਦੱਸਿਆ ਜਾਵੇਗਾ।

ਜਿਹੜਾ ਇਸ ਵੇਲੇ ਕੂਕਿਆਂ ਦੇ ਮਾਮਲੇ ਦਾ ਸੰਬੰਧ ਹੈ ਉਸ ਬਾਰੇ ਬਿਆਨ ਕੀਤਾ ਜਾਂਦਾ ਹੈ ਕਿ ਇਨ੍ਹਾਂ ਦਾਸਾਂ ਦੇ ਹਾਜ਼ਿਰ ਹੋਣ ਸਮੇਂ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਤਾਜ਼ਾ ਖ਼ਬਰ ਇਹ ਹੈ ਕਿ 68 ਕੂਕੇ, ਜਿੰਨ੍ਹਾਂ ਵਿੱਚ ਜ਼ਿਆਦਾ ਜ਼ਖਮੀ ਹਨ, ਗ੍ਰਿਫ਼ਤਾਰ ਹੋ ਗਏ ਹਨ ਅਤੇ ਫਿਰ ਦਾਸਾਂ ਵਲੋਂ ਪੁੱਛੇ ਜਾਣ ਤੋਂ ਫ਼ਰਮਾਇਆ ਕਿ ਅਜੇ ਤੱਕ ਇਹ ਪਤਾ ਨਹੀਂ ਲੱਗਾ ਕਿ ਇਨ੍ਹਾਂ ਨੂੰ ਕਿਸ ਦੀ ਫ਼ੌਜ ਨੇ ਗ੍ਰਿਫ਼ਤਾਰ ਕੀਤਾ ਹੈ, ਦੌਲਤਮਦਾਰ ਅੰਗਰੇਜ਼ੀ ਸਰਕਾਰ ਦੀ ਫ਼ੌਜ ਨੇ ਜਾਂ ਕੋਟਲਾ ਵਾਲਿਆਂ ਨੇ ਜਾਂ ਮਹਾਰਾਜਾ ਸਾਹਿਬ (ਪਟਿਆਲਾ) ਦੀ ਫ਼ੌਜ ਨੇ ? ਪਰ ਇੰਨ੍ਹਾਂ ਪਤਾ ਲੱਗਾ ਹੈ ਕਿ ਪਟਿਆਲੇ ਦੇ ਇਲਾਕੇ 'ਚ ਗ੍ਰਿਫ਼ਤਾਰ ਹੋਏ ਹਨ। ਇਨ੍ਹਾਂ ਦਾਸਾਂ ਨੇ ਉਸ ਬਿਨੈ-ਪੱਤਰ ਦੀ ਨਕਲ, ਜਿਹੜਾ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਜ਼ਿਲ੍ਹਾ ਲੁਧਿਆਣਾ ਦੇ ਹੁਕਮ ਅਨੁਸਾਰ ਵਕੀਲ ਜ਼ਿਲ੍ਹਾ ਲੁਧਿਆਣਾ ਦੇ ਮੁਹਰਿਰ ਨੇ 13 ਜਨਵਰੀ ਨੂੰ ਰਾਤ ਦੇ ਸਮੇਂ ਉੱਚੀ ਸ਼ਾਨ ਵਾਲੀ ਸਰਕਾਰ (ਪਟਿਆਲਾ) ਨੂੰ ਲਿਖਿਆ ਸੀ ਤੇ ਜਿਸ ਰਾਹੀਂ ਇਤਲਾਹ ਦਿੱਤੀ ਗਈ ਸੀ ਕਿ "ਫ਼ਸਾਦ ਪਾਉਣ ਦੇ ਇਰਾਦੇ ਨਾਲ ਕੂਕਿਆਂ ਦਾ ਇੱਕ ਗਰੋਹ ਇੱਕਠਾ ਹੋ ਕੇ ਗੁਰੂ ਰਾਮ ਸਿੰਘ ਦੀ ਰਿਹਾਇਸ਼ ਭੈਣੀ ਵੱਲ ਰਵਾਨਾ ਹੋਇਆ ਹੈ। ਪਿੰਡ ਭੈਣੀ, ਉੱਚੀ ਸ਼ਾਨ ਵਾਲੀ ਸਰਕਾਰ (ਪਟਿਆਲਾ) ਦੇ ਇਲਾਕੇ ਵਿਚ ਰਾਮਪੁਰ ਕਟਾਣੀ ਵੱਲ ਸਥਿੱਤ ਹੈ। ਉਸ ਗਰੋਹ ਵਿੱਚ ਪਿੰਡ ਸਕਰੌਦੀ ਤਅੱਲੁਕਾ ਭਵਾਨੀਗੜ੍ਹ ਦੇ ਵਾਸੀ ਹੀਰਾ ਸਿੰਘ ਤੇ ਲਹਿਣਾ ਸਿੰਘ ਆਗੂ ਹਨ"। ਇਸ ਬਿਨੈ-ਪੱਤਰ ਵਿੱਚ ਕੂਕਿਆਂ ਦੇ ਮਾਮਲੇ ਨਾਲ ਸੰਬੰਧਤ ਹੋਰ ਹਾਲਾਤ ਵੀ ਲਿਖੇ ਸਨ ਤੇ ਜਿਸ ਦੀ ਨਕਲ ਇਸ ਦਾਸ ਮੁਹੰਮਦ ਹੁਸੈਨ ਦੇ ਕੋਲ ਹੈ ਜਿਹੜੀ ਮੁਨਸ਼ੀ ਖ਼ਾਨੇ ਤੋਂ ਆਈ ਸੀ, ਉਸ ਵਿੱਚ ਦਰਜ ਸਾਰੀ ਸੂਚਨਾ ਸੁਣਾਈ।

ਇਸੇ ਦੌਰਾਨ ਹਜ਼ੂਰ ਮਹਾਰਾਜਾ ਵਲੋਂ ਸਾਹਿਬ ਬਹਾਦੁਰ ਦੇ ਨਾਮ ਤਾਰ ਰਾਹੀਂ ਭੇਜੀ ਖ਼ਬਰ ਪੁੱਜੀ ਜਿਸ ਵਿੱਚ ਦਰਜ ਸੀ ਕਿ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ ਨੇ ਬਹੁਤ ਬਹਾਦੁਰੀ ਨਾਲ 68 ਕੂਕਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਿਨ੍ਹਾਂ ਵਿੱਚ ਲਹਿਣਾ ਸਿੰਘ ਤੇ ਹੀਰਾ ਸਿੰਘ ਸਕਰੌਦੀ ਵਾਲੇ ਵੀ ਸ਼ਾਮਿਲ ਹਨ। ਸਾਹਿਬ ਬਹਾਦੁਰ ਖ਼ਬਰ ਪੜ੍ਹ ਕੇ ਖ਼ੁਸ਼ੀ ਨਾਲ ਮੁਸਕਰਾਏ ਅਤੇ ਖ਼ਬਰ ਇਨ੍ਹਾਂ ਦੋਹਾਂ ਦਾਸਾਂ ਨੂੰ ਦੱਸੀ।

ਇਸ ਤੋਂ ਮਗਰੋਂ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਜੇ ਤੁਸੀਂ ਵਕਾਲਤ ਲੁਧਿਆਣਾ ਦੇ ਮੁਹਰਿਰ ਦੇ ਬਿਨੈ-ਪੱਤਰ ਦੀ ਨਕਲ, ਜਿਸ ਦਾ ਹਾਲ ਉੱਪਰ ਦੱਸਿਆ ਗਿਆ ਹੈ, ਸਾਨੂੰ ਦੇ ਦਿਓ ਤਾਂ ਮੁਨਾਸਿਬ ਹੈ। ਸੋ ਇਨ੍ਹਾਂ ਦਾਸਾਂ ਨੇ ਉਹ ਅਸਲ ਕਾਗਜ਼ ਸਾਹਿਬ ਬਹਾਦੁਰ ਦੇ ਹਵਾਲੇ ਕਰ ਦਿਤਾ। ਸਾਹਿਬ ਬਹਾਦੁਰ ਨੇ ਉਹ ਕਾਗਜ਼ ਅਨੁਵਾਦ ਕਰਨ ਵਾਸਤੇ ਦਫ਼ਤਰ ਨੂੰ ਭੇਜ ਦਿੱਤਾ। ਕਿਉਂਕਿ ਮਲੌਦ 'ਤੇ ਕੂਕਿਆਂ ਦੇ ਹਮਲੇ ਤੋਂ ਪਹਿਲਾਂ, ਜਿਹੜਾ 14 ਜਨਵਰੀ ਦੀ ਰਾਤ ਨੂੰ ਹੋਇਆ ਸੀ, ਇਹ ਸੂਚਨਾ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੇ 13 ਜਨਵਰੀ ਨੂੰ ਦਿੱਤੀ ਸੀ ਇਸ ਲਈ ਇਹ ਸੂਚਨਾ ਇਸ ਫ਼ਸਾਦ ਦੀ ਬੁਨਿਆਦ ਦੇ ਤੌਰ 'ਤੇ ਸਮਝੀ ਗਈ। ਲਹਿਣਾ ਸਿੰਘ ਤੇ ਹੀਰਾ ਸਿੰਘ ਦਾ ਜ਼ਿਕਰ ਉਸ ਕਾਗਜ਼ ਵਿੱਚ ਸੀ ਅਤੇ ਉਸ ਤਾਰ ਰਾਹੀਂ ਆਈ ਖ਼ਬਰ ਵਿੱਚ ਵੀ ਜਿਹੜੀ ਨੂਰਾਨੀ ਹਜ਼ੂਰ (ਮਹਾਰਾਜਾ ਪਟਿਆਲਾ) ਨੇ ਸਾਹਿਬ ਸੈਕਟਰੀ ਬਹਾਦੁਰ ਦੇ ਨਾਮ ਭੇਜੀ ਸੀ। ਇਸ ਤੋਂ ਕੱਲ ਵਾਲੀ ਗੱਲ ਦੀ ਤਸਦੀਕ ਹੁੰਦੀ ਸੀ।

ਇਸ ਤੋਂ ਮਗਰੋਂ ਉੱਚੀ ਸ਼ਾਨ ਵਾਲੀ ਸਰਕਾਰ ਦੀ ਫ਼ੌਜ ਦੀ ਰਵਾਨਗੀ ਦਾ ਜ਼ਿਕਰ ਆਇਆ । ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਭਾਵੇਂ ਦੌਲਤਮਦਾਰ ਸਰਕਾਰ ਅੰਗਰੇਜ਼ੀ ਦੀ ਕੁਝ ਫ਼ੌਜ ਜਲੰਧਰ ਤੋਂ ਵੀ ਲੁਧਿਆਣਾ ਪੁੱਜ ਗਈ ਸੀ ਪਰੰਤੂ ਅਸੀਂ

---

ਇੱਥੋਂ ਵੀ ਸਵਾਰਾਂ ਦੀ ਇੱਕ ਰਜਮੈਂਟ, ਇੱਕ ਤੋਪਖ਼ਾਨਾ, ਅੱਧੀ ਪਲਟਣ ਗੋਰਿਆਂ ਦੀ, ਤੇ ਗੋਰਖਿਆਂ ਦੀ ਇੱਕ ਪਲਟਣ ਸਪੈਸ਼ਲ ਟਰੇਨਾਂ 'ਚ ਭੇਜ ਦਿੱਤੀ ਹੈ। ਸਭ ਖ਼ੈਰੀਅਤ ਹੈ ਤੇ ਕੋਈ ਡਰ ਨਹੀਂ ਹੈ।

ਇਸ ਤੋਂ ਮਗਰੋਂ ਸਾਹਿਬ ਬਹਾਦੁਰ ਨੇ ਜ਼ਿਕਰ ਕੀਤਾ ਕਿ ਮੰਗਲ ਸਿੰਘ ਰਾਏਪੁਰੀਆ (ਬਿਸ਼ਨਪੁਰੀ) ਦੀ ਮਹਾਰਾਜਾ ਸਾਹਿਬ ਬਹਾਦੁਰ ਨਾਲ ਕੁਝ ਕਰੀਬੀ ਰਿਸ਼ਤੇਦਾਰੀ ਹੈ। ਇਨ੍ਹਾਂ ਦਾਸਾਂ ਨੇ ਉਸ ਦੀ ਰਿਸ਼ਤੇਦਾਰੀ ਦਾ ਹਾਲ, ਉਸਤਤਯੋਗ ਮਾਈ ਸਾਹਿਬਾ (ਮਹਾਰਾਜੇ ਦੀ ਮਾਤਾ) ਦੇ ਪ੍ਰਲੋਕ ਸਿਧਾਰਨ ਦਾ ਹਾਲ, ਮਾਈ ਸਾਹਿਬਾ ਦੇ ਜ਼ੇਵਰ ਲੈ ਆਉਣ ਸੰਬੰਧੀ ਉਸ ਦਾ ਸਜ਼ਾ ਪਾਉਣ ਦਾ ਹਾਲ ਅਤੇ ਹੁਣ ਰਿਸ਼ਤੇਦਾਰੀ ਕਰਕੇ ਉੱਚੀ ਸ਼ਾਨ ਵਾਲੀ ਸਰਕਾਰ ਤੋਂ ਕਿਸੇ ਪ੍ਰਕਾਰ ਦੀ ਰਿਆਇਤ ਨਾ ਹੋਣ ਦਾ ਵੇਰਵੇ ਸਹਿਤ ਹਾਲ ਬਿਆਨ ਕੀਤਾ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਅਕਸਰ ਸਾਹਿਬ ਲੋਕ ਬਿਆਨ ਕਰਦੇ ਹਨ ਕਿ ਉਹ ਗੁਰੂ ਰਾਮ ਸਿੰਘ ਨੂੰ ਰੁਪਿਆ ਆਦਿ ਦੀ ਬਹੁਤ ਮਦਦ ਦਿੰਦਾ ਹੈ ਅਤੇ ਉਹ ਉਸ ਦਾ 'ਸੂਬਾ' ਹੈ। ਦਾਸਾਂ ਨੇ ਬੇਨਤੀ ਕੀਤੀ ਕਿ ਉਹ ਨਿਰਸੰਦੇਹ, ਗੁਰੂ ਰਾਮ ਸਿੰਘ ਦਾ ਬਹੁਤ ਸ਼ਰਧਾਲੂ ਹੈ ਅਤੇ ਕਈ ਲੋਕਾਂ ਦੀ ਜ਼ਬਾਨੀ ਇਹੋ ਸੁਣਿਆ ਹੈ ਜੋ ਕੁਝ ਹਜ਼ੂਰ ਫ਼ਰਮਾਉਂਦੇ ਹਨ।

ਇਸ ਜ਼ਿਕਰ ਜ਼ਕਾਰ ਮਗਰੋਂ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਉਮੀਦ ਹੈ ਕਿ ਮਹਾਰਾਜਾ ਸਾਹਿਬ ਬਹਾਦੁਰ ਉਸ ਦੀ ਕੁਝ ਲਿਹਾਜ਼ ਕਰਨ। ਇਨ੍ਹਾਂ ਦਾਸਾਂ ਨੇ ਸ਼ਬਦ " ਲਿਹਾਜ਼" ਨੂੰ "ਰਿਆਇਤ" ਤੇ ਅਰਥ ਖ਼ਿਆਲ ਕਰਕੇ ਬੇਨਤੀ ਕੀਤੀ ਕਿ ਮਹਾਰਾਜਾ ਸਾਹਿਬ ਬਹਾਦੁਰ ਨੂੰ ਉਸ ਦੀ ਕਦੰਤ ਕੁਝ ਲਿਹਾਜ਼ ਨਹੀਂ ਹੈ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਨਹੀਂ ਨਹੀਂ, ਅਸੀਂ ਇਹ ਸ਼ਬਦ ਇਸ ਮਤਲਬ (ਮੁਰਾਦ) ਨਾਲ ਨਹੀਂ ਕਿਹਾ ਬਲਕਿ ਸਾਡਾ ਮਕਸਦ ਬਤੌਰ ਅੰਗਰੇਜ਼ੀ ਮੁਹਾਵਰਾ ਇਹ ਹੈ ਕਿ ਹੁਣ ਮਹਾਰਾਜਾ ਸਾਹਿਬ ਬਹਾਦੁਰ, ਉਮੀਦ ਹੈ, ਇਸ ਮੁਕੱਦਮੇਂ ਵਿੱਚ ਉਸ ਦੇ ਕੁਲ ਹਾਲਾਤ ਚਲਨ ਆਦਿ ਸੰਬੰਧੀ ਲਿਹਾਜ਼ ਕਰਕੇ ਉਸ ਬਾਰੇ ਮੁਨਾਸਿਬ ਤਜਵੀਜ਼ ਫ਼ਰਮਾਉਣ।

ਇਸ ਤੋਂ ਬਾਅਦ ਇਨ੍ਹਾਂ ਦਾਸਾਂ ਨੇ ਗੁਰੂ ਰਾਮ ਸਿੰਘ ਬਾਰੇ ਦਰਿਆਫ਼ਤ ਕੀਤਾ ਕਿ ਉਹ ਜ਼ਾਤੀ ਤੌਰ 'ਤੇ ਇਸ ਹਮਲੇ 'ਚ ਸ਼ਾਮਿਲ ਸੀ ਜਾਂ ਨਹੀਂ ? ਅਤੇ ਹੁਣ ਕਿਸ ਜਗ੍ਹਾ ਹੈ ? ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਦੋ ਚਾਰ ਦਿਨਾਂ ਵਿੱਚ ਆਪਣੇ ਆਪ ਪਤਾ ਲੱਗ ਜਾਵੇਗਾ। ਸਾਹਿਬ ਬਹਾਦੁਰ ਦੇ ਬਿਆਨ ਤੋਂ ਇਹ ਮਾਲੂਮ ਹੋਇਆ ਕਿ ਗੌਰਮਿੰਟ ਵਲੋਂ ਛੇਤੀ ਹੀ ਉਸ ਨੂੰ ਸਜ਼ਾ ਦੇਣ ਸੰਬੰਧੀ ਆਖਿਰੀ ਫ਼ੈਸਲਾ ਹੋਣ ਵਾਲਾ ਹੈ ਅਤੇ ਕੋਈ ਨਾ ਕੋਈ ਸਜ਼ਾ ਉਸ ਨੂੰ ਮਿਲੀ ਹੈ।

ਫਿਰ ਸਾਹਿਬ ਬਹਾਦੁਰ ਨੇ ਦਰਿਆਫ਼ਤ ਕੀਤਾ ਕਿ ਤੁਸੀਂ ਲੱਖਾ ਸਿੰਘ "ਸੂਬਾ" ਨੂੰ ਜਾਣਦੇ ਹੋ ? ਇਸ ਦਾਸ ਮੁਹੰਮਦ ਹੁਸੈਨ ਨੇ ਬੇਨਤੀ ਕੀਤੀ ਕਿ ਜਦੋਂ ਸੰਨ 1867 ਈ: ਦੇ ਆਰੰਭ ਵਿੱਚ ਸਾਬਿਕਾ ਸਾਹਿਬ ਬਹਾਦੁਰ ਲੈਫ਼ਟੀਨੈਂਟ ਗਵਰਨਰ ਮੁਲਕ ਪੰਜਾਬ ਨੇ ਪਟਿਆਲਾ ਤੋਂ ਲੁਧਿਆਣਾ ਦਾ ਦੌਰਾ ਕੀਤਾ ਸੀ ਉਦੋਂ ਸ਼ਾਇਦ ਇੱਕ ਵਿਅਕਤੀ ਇਸ ਨਾਮ ਦਾ ਲੈਫ਼ਟੀਨੈਂਟ ਗਵਰਨਰ ਬਹਾਦੁਰ ਦੇ ਲਸ਼ਕਰ ਨਾਲ ਕੁਝ ਦਿਨ ਲੁਧਿਆਣੇ ਰਿਹਾ ਸੀ ਅਤੇ ਬੜਾ ਚਲਾਕ ਸੀ। ਇਸ ਦਾਸ ਨੇ ਉਸ ਦਾ ਹੁਲੀਆ ਬਿਆਨ ਕੀਤਾ ਤਾਂ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਨਿਰਸੰਦੇਹ ਉਹੋ ਹੈ। ਫਿਰ ਸਾਹਿਬ ਬਹਾਦੁਰ ਨੇ ਪੁੱਛਿਆ ਕਿ ਇਹ ਸ਼ਖਸ ਕਿਸੇ ਸਮੇਂ ਮਹਾਰਾਜਾ ਸਾਹਿਬ ਬਹਾਦੁਰ ਦਾ ਮੁਲਾਜ਼ਿਮ ਵੀ ਰਿਹਾ ਸੀ ? ਦਾਸ ਨੇ ਬੇਨਤੀ ਕੀਤੀ ਕਿ ਜੇ ਉਹ ਕਿਸੇ ਸਮੇਂ ਸਵਾਰਾਂ ਤੇ ਸਿਪਾਹੀਆਂ ਦੇ ਗਰੁੱਪ 'ਚ ਮੁਲਾਜ਼ਿਮ ਰਿਹਾ ਹੋਵੇ ਤਾਂ ਪਤਾ ਨਹੀਂ ਪਰ ਉਹ ਕਦੇ ਵੀ ਇੱਜ਼ਤਦਾਰ ਕੈਟਾਗਰੀ ਵਿੱਚ ਮੁਲਾਜ਼ਿਮ ਨਹੀਂ ਰਿਹਾ। ਸਾਹਿਬ ਬਹਾਦੁਰ ਦੇ ਇਸ ਬਿਆਨ ਤੋਂ ਇੰਜ ਪ੍ਰਤੀਤ ਹੁੰਦਾ ਸੀ ਕਿ ਸ਼ਾਇਦ ਸਾਹਿਬ ਸੈਕਟਰੀ ਬਹਾਦੁਰ ਨੇ ਕਿਸੇ ਜਗ੍ਹਾ ਤੋਂ ਅਜਿਹਾ ਸੁਣਿਆ ਹੋਇਆ ਸੀ ਕਿ ਉਹ ਵੀ ਮੰਗਲ ਸਿੰਘ ਵਾਂਗ ਕਦੇ ਉੱਚੀ ਸ਼ਾਨ ਵਾਲੀ ਸਰਕਾਰ (ਪਟਿਆਲਾ) ਦਾ ਕਿਸੇ ਇੱਜਤਦਾਰ ਕੈਟਾਗਰੀ ਵਿਚ ਮੁਲਾਜ਼ਿਮ ਸੀ।

ਇਨ੍ਹਾਂ ਗੱਲਾਂ ਬਾਤਾਂ ਮਗਰੋਂ ਮੁਲਾਕਾਤ ਦਾ ਜ਼ਿਕਰ ਹੋਇਆ। ਉਪ੍ਰੋਕਤ ਗੱਲਾਂ ਤੈਅ ਹੋਣ ਮਗਰੋਂ ਕਿਉਂਕਿ ਇਨ੍ਹਾਂ ਦਾਸਾਂ ਨੂੰ ਡਰ ਰਿਹਾ ਕਿ ਮੰਗਲ ਸਿੰਘ ਬਾਰੇ ਸਾਹਿਬ ਸੈਕਟਰੀ ਬਹਾਦੁਰ ਦਾ ਮਨਸ਼ਾ ਕੀ ਹੈ ? ਸੋ ਇਨ੍ਹਾਂ ਦਾਸਾਂ ਨੇ ਵਿਦਾ ਹੋਣ ਸਮੇਂ ਸਾਹਿਬ ਬਹਾਦੁਰ ਤੋਂ ਪੁੱਛਿਆ ਕਿ ਤੁਹਾਡੇ ਅਨੁਸਾਰ ਮੰਗਲ ਸਿੰਘ ਬਾਰੇ ਕੀ ਕਰਨਾ ਮੁਨਾਸਿਬ ਹੈ ? ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਮੈਂ ਗੌਰਮਿੰਟ ਦੇ ਸੈਕਟਰੀ ਦੇ ਅਹੁਦੇ ਦੀ ਹੈਸੀਅਤ ਵਿੱਚ ਕੁਝ ਰਾਏ ਦੇਣਾ ਨਹੀਂ ਚਾਹੁੰਦਾ ਕਿਉਂਕਿ ਉਹ ਵਿਅਕਤੀ ਮਹਾਰਾਜਾ ਸਾਹਿਬ ਬਹਾਦੁਰ ਦੀ ਪਰਜਾ ਹੈ ਤੇ ਉਨ੍ਹਾਂ ਦੇ ਇਲਾਕੇ ਵਿੱਚ ਹੈ ਪਰ ਜੇ ਤੁਸੀਂ ਬਤੌਰ ਨਿੱਜ ਮੈਥੋਂ ਰਾਏ

---

ਦਰਿਆਫ਼ਤ ਕਰਦੇ ਹੋ ਤਾਂ, ਕਿਉਂਕਿ ਮਹਾਰਾਜਾ ਸਾਹਿਬ ਬਹਾਦੁਰ ਮੇਰੇ ਦੋਸਤ ਹਨ, ਮੇਰੀ ਰਾਏ ਇਹ ਹੈ ਕਿ ਉਸ ਨੂੰ ਫ਼ੌਰਨ ਇਸੇ ਵੇਲੇ ਗ੍ਰਿਫ਼ਤਾਰ ਕਰ ਲੈਣਾ ਚਾਹੀਦਾ ਹੈ। ਕਿਉਂਕਿ ਉਸ ਬਾਰੇ ਅੰਗਰੇਜ਼ੀ ਸਾਹਿਬ ਲੋਕ ਆਮ ਤੌਰ 'ਤੇ ਇਹ ਸ਼ਿਕਾਇਤ ਕਰਦੇ ਹਨ ਕਿ ਉਹ ਗੁਰੂ ਰਾਮ ਸਿੰਘ ਨੂੰ ਬਹੁਤ ਭਾਰੀ ਮਦਦ ਦਿੰਦਾ ਹੈ ਅਤੇ ਉਸ ਦਾ ਬੜਾ ਸ਼ਰਧਾਲੂ "ਸੂਬਾ" ਹੈ। ਇਸ ਲਈ ਅਜਿਹੇ ਮੌਕੇ 'ਚ ਉਸ ਦਾ ਰਿਹਾ ਰਹਿਣਾ ਕਦੰਤ ਠੀਕ ਨਹੀਂ।

-ਬਸ-

ਅੱਜ ਦਾ ਹਾਲ ਇਹ ਹੈ ਕਿ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ ਦਾ ਸ਼ੇਰਪੁਰ ਤੋਂ ਲਿਖੇ ਬਿਨੈ-ਪੱਤਰ ਮਿਤੀ 15 ਜਨਵਰੀ ਸੰਨ 1872 ਈ: ਦੀ ਨਕਲ, ਜਿਹੜੀ ਵਜ਼ੀਰ ਸਾਹਿਬ ਬਹਾਦੁਰ ਦੇ ਖ਼ਤ ਵਿੱਚ ਨੂਰਾਨੀ ਹਜ਼ੂਰ ਦੇ ਹੁਕਮ ਦੇ ਹਵਾਲੇ ਨਾਲ, ਮੁਹੰਮਦ ਆਬਿਦ ਦੇ ਹੱਥ ਰਾਤ ਨੂੰ ਪ੍ਰਾਪਤ ਹੋਈ, ਜਿਸ ਰਾਹੀਂ 68 ਕੂਕਿਆਂ ਦੀ ਪਿੰਡ ਰੜ ਤੋਂ ਗ੍ਰਿਫ਼ਤਾਰ ਹੋਣ ਬਾਰੇ ਵੇਰਵੇ ਸਹਿਤ ਇਤਲਾਹ ਦਿੱਤੀ ਹੋਈ ਸੀ।

ਇਹ ਦਾਸ ਅੱਜ ਉਪ੍ਰੋਕਤ ਖ਼ਤ ਲੈ ਕੇ ਸਾਹਿਬ ਸੈਕਟਰੀ ਬਹਾਦੁਰ ਦੀ ਸੇਵਾ ਵਿੱਚ ਹਾਜ਼ਿਰ ਹੋਏ ਅਤੇ ਵੇਰਵੇ ਸਹਿਤ ਹਾਲ ਹਰਫ਼ ਹਰਫ਼ ਪੜ੍ਹ ਕੇ ਸੁਣਾਇਆ ਗਿਆ। ਸਾਹਿਬ ਬਹਾਦੁਰ ਨੇ ਸਾਰਾ ਹਾਲ ਬੜੇ ਧਿਆਨ ਨਾਲ ਸੁਣਿਆ ਅਤੇ ਇਸ ਕਾਰਗੁਜ਼ਾਰੀ ਨੂੰ ਬਹੁਤ ਸ਼ੁਭ ਖ਼ਿਆਲ ਕੀਤਾ। ਕਿਉਂਕਿ ਉਸ ਵੇਲੇ ਸਾਹਿਬ ਬਹਾਦੁਰ ਨੇ ਕੁਝ ਜ਼ਰੂਰੀ ਗੱਲਾਂ ਦੱਸਣ ਵਾਸਤੇ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਦੀ ਸੇਵਾ ਵਿੱਚ ਜਾਣਾ ਸੀ। ਸਾਹਿਬ ਬਹਾਦੁਰ ਨੇ ਉੱਥੇ ਜਾ ਕੇ ਪਹਿਲਾਂ ਤਾਂ ਉਸਤਤ ਯੋਗ ਨਵਾਬ ਸਾਹਿਬ ਨਾਲ ਕੁਝ ਗੱਲਾਂ ਕੀਤੀਆਂ ਤੇ ਫਿਰ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਦੇ ਜਮਾਂਦਾਰ ਦੀ ਜ਼ਬਾਨੀ ਇਸ ਦਾਸ ਮੁਹੰਮਦ ਹੁਸੈਨ ਨੂੰ ਇਹ ਕਹਾ ਭੇਜਿਆ ਕਿ ਤੁਸੀਂ ਸਾਡੇ ਖ਼ੇਮੇਂ ਵਿੱਚ ਬੈਠੇ ਰਹੋ। ਫਿਰ ਥੋੜ੍ਹੀ ਦੇਰ ਮਗਰੋਂ ਉਪ੍ਰੋਕਤ ਜਮਾਂਦਾਰ ਨੂੰ ਭੇਜਕੇ ਇਨ੍ਹਾਂ ਦਾਸਾਂ ਨੂੰ ਕਹਾ ਭੇਜਿਆ ਕਿ ਲਾਟ ਸਾਹਿਬ ਬਹਾਦੁਰ ਉਹ ਕਾਗਜ਼ ਸੁਣਨਾ ਚਾਹੁੰਦੇ ਹਨ ਜਿਹੜਾ ਤੁਸੀਂ ਸਾਨੂੰ ਸੁਣਾਇਆ ਹੈ। ਇਸ ਹੁਕਮ ਦੇ ਮੁਤਾਬਿਕ ਇਹ ਦਾਸ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਦੇ ਖ਼ੇਮੇਂ 'ਚ ਜਾ ਹਾਜ਼ਿਰ ਹੋਏ ਜਿਥੇ ਸਾਹਿਬ ਸੈਕਟਰੀ ਬਹਾਦੁਰ ਵੀ ਮੌਜੂਦ ਸਨ। ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਦੇ ਹੁਕਮ ਮੁਤਾਬਿਕ ਉਪ੍ਰੋਕਤ ਬਿਨੈ-ਪੱਤਰ ਦਾ ਅੱਖਰ ਅੱਖਰ ਪੜ੍ਹ ਕੇ ਸੁਣਾਇਆ ਗਿਆ। ਇਹ ਦਾਸ ਆਪਣੇ ਡੇਰੇ ਤੋਂ ਹੀ ਉਪ੍ਰੋਕਤ ਬਿਨੈ-ਪੱਤਰ ਦੀ ਨਕਲ ਇਹਤਿਆਤ ਦੇ ਤੌਰ 'ਤੇ ਆਪਣੇ ਨਾਲ ਲੈ ਗਏ ਸਨ। ਬਿਨੈ-ਪੱਤਰ ਸੁਣਾਉਣ ਮਗਰੋਂ ਇਸ ਦਾਸ ਨੇ ਸਾਹਿਬ ਸੈਕਟਰੀ ਬਹਾਦੁਰ ਨੂੰ ਪੁੱਛਿਆ ਕਿ ਜੇ ਤੁਹਾਨੂੰ ਇਸ ਬਿਨੈ-ਪੱਤਰ ਦੀ ਨਕਲ ਦੀ ਲੋੜ ਹੈ ਤਾਂ ਇਹ ਹਾਜ਼ਿਰ ਹੈ। ਸਾਹਿਬ ਬਹਾਦੁਰ ਨੇ ਕਿਹਾ ਕਿ, ਨਿਰਸੰਦੇਹ, ਇਸ ਦੀ ਲੋੜ ਹੈ। ਸੋ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਦੇ ਸਾਹਮਣੇ ਹੀ ਨਕਲ ਦੇ ਦਿੱਤੀ ਗਈ।

ਇਸ ਤੋਂ ਮਗਰੋਂ ਮੰਗਲ ਸਿੰਘ ਨੂੰ ਕੈਦ ਕਰਨ ਦਾ ਹਾਲ ਵੀ, ਜਿਹੜਾ ਇਹ ਦਾਸ ਸਾਹਿਬ ਸੈਕਟਰੀ ਬਹਾਦੁਰ ਦੀ ਸੇਵਾ ਵਿੱਚ ਕੱਲ ਸੁਣਾ ਚੁੱਕੇ ਸਨ ਅੱਜ ਉਪ੍ਰੋਕਤ ਬਿਨੈ-ਪੱਤਰ ਸੁਣਾਉਣ ਸਮੇਂ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਦੀ ਸੇਵਾ ਵਿੱਚ ਦੱਸਿਆ ਗਿਆ। ਲਾਟ ਸਾਹਿਬ ਬਹਾਦੁਰ ਨੇ ਖ਼ੁਦ ਫ਼ਰਮਾਇਆ ਕਿ ਕਿਹੜਾ ਮੰਗਲ ਸਿੰਘ, ਬਿਸ਼ਨਪੁਰੇ ਵਾਲਾ ? ਦਾਸਾਂ ਨੇ ਬੇਨਤੀ ਕੀਤੀ ਕਿ ਹਾਂ, ਉਹੋ । ਸਾਹਿਬ ਸੈਕਟਰੀ ਬਹਾਦੁਰ ਨੇ ਅੰਗਰੇਜ਼ੀ ਵਿੱਚ ਦੱਸਿਆ ਕਿ ਉਹ ਮਹਾਰਾਜਾ ਸਾਹਿਬ ਸਰਕਾਰ ਦਾ ਰਿਸ਼ਤੇਦਾਰ ਵੀ ਹੈ। ਸਾਹਿਬ ਬਹਾਦੁਰ ਦਾ ਇਹ ਬਿਆਨ ਇਸ ਤਰ੍ਹਾਂ ਸਮਝਿਆ ਗਿਆ ਕਿ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਗੌਰਮਿੰਟ ਦੇ ਅਜਿਹੇ ਸ਼ੁਭਚਿੰਤਕ ਤੇ ਅਕਲਮੰਦ ਹਨ ਕਿ ਰਿਸ਼ਤੇਦਾਰੀ ਹੋਣ 'ਦੇ ਬਾਵਜੂਦ ਉਸ ਦੀ ਕੋਈ ਲਿਹਾਜ਼ ਨਹੀਂ ਕੀਤੀ।

ਇਸ ਤੋਂ ਮਗਰੋਂ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਨੇ ਫ਼ਰਮਾਇਆ ਕਿ ਕੀ ਕੂਕਾ ਲੋਕ ਮਹਾਰਾਜਾ ਸਾਹਿਬ ਬਹਾਦੁਰ ਨਾਲ ਬਹੁਤ ਨਾਰਾਜ਼ ਹਨ ? ਦਾਸ ਨੇ ਬੇਨਤੀ ਕੀਤੀ ਕਿ ਉਹ ਲੋਕ ਜਿਵੇਂ ਅੰਗਰੇਜ਼ ਸਾਹਿਬਾਨ ਨੂੰ ਦੁਸ਼ਮਣ ਸਮਝਦੇ ਹਨ ਤੇ ਨਫ਼ਰਤ ਕਰਦੇ ਹਨ ਉਸੇ ਤਰ੍ਹਾਂ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਨੂੰ ਸਮਝਦੇ ਹਨ। ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਨੇ ਫ਼ਰਮਾਇਆ ਕਿ ਉਨ੍ਹਾਂ ਨੇ ਸ਼ਾਇਦ ਮਲੌਦ ਦੇ ਸਰਦਾਰ 'ਤੇ ਇਸ ਕਰਕੇ ਹਮਲਾ ਕੀਤਾ ਕਿ ਉਹ ਮਹਾਰਾਜਾ ਸਾਹਿਬ ਬਹਾਦੁਰ ਦਾ ਰਿਸ਼ਤੇਦਾਰ ਹੈ। ਫਿਰ

---

ਪੁੱਛਿਆ ਕਿ ਸਾਰੇ ਲੋਕ ਗੁਰੂ ਰਾਮ ਸਿੰਘ ਬਾਰੇ ਕੀ ਖਿਆਲ ਰੱਖਦੇ ਹਨ ? ਭਾਵ ਉਸਦਾ ਸਤਿਕਾਰ ਤੇ ਲਿਹਾਜ਼ ਹੈ ਜਾਂ ਨਹੀਂ ? ਇਸ ਦਾਸ ਨੇ ਬੇਨਤੀ ਕੀਤੀ ਕਿ ਕੂਕਾ ਲੋਕ ਤਾਂ ਨਿਰਸੰਦੇਹ, ਜਿਵੇਂ ਕਿ ਪ੍ਰਗਟ ਹੈ, ਉਸ ਦਾ ਬਹੁਤ ਸਤਿਕਾਰ ਕਰਦੇ ਹਨ, ਇੱਥੋਂ ਤੱਕ ਕਿ ਕੂਕਿਆਂ ਨੇ ਉਸ ਨੂੰ ਬਾਰਵੀਂ ਪਾਤਸ਼ਾਹੀ ਦਾ ਉਪਨਾਮ ਦੇ ਰੱਖਿਆ ਹੈ।

ਸ੍ਰੀ ਮਾਨ ਜੀ ! ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਵਲੋਂ ਇਹ ਗੱਲ ਇਸ ਖਿਆਲ ਨਾਲ ਪੁੱਛੀ ਲੱਗਦੀ ਸੀ ਕਿ ਇਨ੍ਹਾਂ ਦਾਸਾਂ ਦੇ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਦੀ ਸੇਵਾ 'ਚ ਹਾਜ਼ਿਰ ਹੋਣ ਤੋਂ ਪਹਿਲਾਂ ਇਸ ਗੱਲ ਦਾ ਜ਼ਿਕਰ ਕਰ ਚੁੱਕੇ ਸਨ **ਕਿ ਗੁਰੂ ਰਾਮ ਸਿੰਘ ਨੂੰ ਉਸ ਦੇ ਲੱਖਾ ਸਿੰਘ, ਸਾਹਿਬ ਸਿੰਘ ਆਦਿ 10 ਸੂਬਿਆਂ ਸਮੇਤ ਕੈਦ ਰਹਿਣ ਵਾਸਤੇ ਕਿਲਾ ਅਲਾਹਾਬਾਦ ਵਿੱਚ ਭੇਜ ਦਿੱਤਾ ਗਿਆ ਹੈ।**

ਇਨ੍ਹਾਂ ਗੱਲਾਂ ਬਾਤਾਂ ਮਗਰੋਂ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਨੇ ਇਨ੍ਹਾਂ ਦਾਸਾਂ ਨੂੰ ਵਿਦਾ ਕੀਤਾ ਅਤੇ ਖ਼ੁਦ, ਸਾਹਿਬ ਸੈਕਟਰੀ ਬਹਾਦੁਰ ਵਲੋਂ ਪੇਸ਼ ਕੀਤੇ ਕਾਗਜ਼ਾਤ ਸੁਣਨ ਵਿੱਚ ਰੁੱਝ ਗਏ।

ਸਾਹਿਬ ਸੈਕਟਰੀ ਬਹਾਦੁਰ ਪੇਸ਼ੀ ਤੋਂ ਵਿਹਲੇ ਹੋ ਕੇ ਕੋਈ ਸੂਰਜ ਡੁਬਣ ਵੇਲੇ ਆਪਣੇ ਖੇਮੇਂ 'ਚ ਆਏ। ਫਿਰ ਦਾਸਾਂ ਨੂੰ ਯਾਦ ਫ਼ਰਮਾਇਆ , ਮੁੱਕਦਮਿਆਂ ਦੇ ਜ਼ਿਕਰ ਤੋਂ ਪਹਿਲਾਂ ਸਾਹਿਬ ਬਹਾਦੁਰ ਨੇ ਇੱਕ ਚਿੱਠੀ, ਜਿਹੜੀ ਉਸੇ ਵੇਲੇ ਆਈ ਸੀ, ਚੁੱਕ ਕੇ ਫ਼ਰਮਾਇਆ ਕਿ ਮਿਸਟਰ ਕਾਵਨ ਸਾਹਿਬ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਉਨ੍ਹਾਂ ਗ੍ਰਿਫ਼ਤਾਰ ਕੀਤੇ **68 ਕੂਕਿਆਂ ਵਿੱਚੋਂ 49 ਕੂਕਿਆਂ ਨੂੰ ਕੋਟਲਾ ਵਿਖੇ ਤੋਪ ਨਾਲ ਉਡਾ ਦਿੱਤਾ ਹੈ।** ਜ਼ਿਕਰ ਦੇ ਤੌਰ 'ਤੇ ਇਹ ਵੀ ਫ਼ਰਮਾਇਆ ਕਿ ਅਜੇ **ਕੇਵਲ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਦੀ ਤਜਵੀਜ਼ ਅਨੁਸਾਰ ਗੁਰੂ ਰਾਮ ਸਿੰਘ ਨੂੰ ਕਿਲੇ ਅਲਾਹਾਬਾਦ ਵਿੱਚ ਭੇਜ ਦਿੱਤਾ ਗਿਆ ਪਰ ਅੰਤਮ ਤਜਵੀਜ਼ ਕਿ ਉਸ ਨੂੰ ਹਮੇਸ਼ਾ ਵਾਸਤੇ ਕਿੱਥੇ ਕੈਦ ਰੱਖਣਾ ਹੈ, ਸੁਪਰੀਮ ਗੌਰਮਿੰਟ ਵਲੋਂ ਛੇਤੀ ਹੀ ਹੋਣ ਵਾਲੀ ਹੈ। ਫਿਰ ਉਸ ਨੂੰ ਹੋਰ ਜਗ੍ਹਾ ਭੇਜ ਦਿੱਤਾ ਜਾਵੇਗਾ।** ਦਾਸ ਨੇ ਬੇਨਤੀ ਕੀਤੀ ਕਿ ਅਜਿਹੇ ਹਾਲਾਤ ਵਿੱਚ, ਉਹ ਮੌਤ ਦੀ ਸਜ਼ਾ ਦੇ ਕਾਬਿਲ ਹੈ, ਜੇ ਇਹ ਮੰਨਜ਼ੂਰ ਨਾ ਹੋਵੇ ਤਾਂ ਉਸ ਨੂੰ ਕੈਦ ਕਰਕੇ ਹਿੰਦੋਸਤਾਨ ਤੋਂ ਬਾਹਰ ਕਿਸੇ ਟਾਪੂ 'ਚ ਭੇਜ ਦਿੱਤਾ ਜਾਵੇ। ਫ਼ਰਮਾਇਆ ਕਿ ਪੋਰਟ ਬਲੇਅਰ ਭਾਵ ਟਾਪੂ ਅੰਡੇਮਨ ਨੂੰ ਭੇਜ ਦਿੱਤਾ ਜਾਵੇ ? ਦਾਸ ਨੇ ਬੇਨਤੀ ਕੀਤੀ ਕਿ ਮੇਰੀ ਸਮਝ ਅਨੁਸਾਰ ਉਹ ਥਾਂ ਵੀ ਬਿਹਤਰ ਨਹੀਂ ਹੈ ਕਿਉਂਕਿ ਅਕਸਰ ਮੁਜ਼ਰਿਮ ਉੱਥੋਂ ਕੈਦ ਭੁਗਤ ਕੇ ਤੇ ਵਾਪਸ ਆ ਕੇ ਉੱਥੋਂ ਦੇ ਹਾਲਾਤ ਲੋਕਾਂ ਕੋਲ ਬਿਆਨ ਕਰਦੇ ਹਨ ਅਤੇ ਕਦੇ ਕਦੇ ਭੱਜ ਵੀ ਆਉਂਦੇ ਹਨ। ਫ਼ਰਮਾਇਆ ਕਿ ਸਾਡੀ ਵੀ ਅਸਲੀ ਰਾਏ ਇਹੋ ਹੈ।

ਇਸ ਤੋਂ ਮਗਰੋਂ ਹੋਰ ਮਾਮਲਿਆਂ ਦਾ ਜ਼ਿਕਰ ਜ਼ਕਾਰ ਕਰਕੇ ਸੂਰਜ ਡੁੱਬਣ ਮਗਰੋਂ ਸਾਹਿਬ ਬਹਾਦੁਰ ਨੇ ਇਨ੍ਹਾਂ ਦਾਸਾਂ ਨੂੰ ਵਿਦਾ ਕੀਤਾ।

ਕਿਉਂਕਿ ਇਸ ਹਾਲ ਦੀ ਨੂਰਾਨੀ ਹਜ਼ੂਰ ਕੋਲ ਵੇਰਵੇ ਸਹਿਤ ਇਤਲਾਹ ਦੇਣੀ ਵਾਜਿਬ ਸੀ ਇਸ ਵਾਸਤੇ ਦੱਸੀ ਗਈ ਹੈ।

18 ਜਨਵਰੀ ਸੰਨ 1872 ਈ:
ਰਾਤ ਵੇਲੇ ਦਿੱਲੀ ਤੋਂ

ਦਾਸਾਨ

1. ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ
2. ਸੱਯਦ ਮੁਹੰਮਦ ਅਲੀ ਵਕੀਲ ਸਰਕਾਰ

---

ਗ਼ਰੀਬ ਪਰਵਰ ਉੱਚੀ ਪਦਵੀ ਵਾਲੇ

ਸ੍ਰੀ ਮਾਨ ਜੀ,

ਕੱਲ ਸ਼ਾਮ ਦੇ ਪੰਜ ਵਜੇ ਮਿਸਟਰ ਫ਼ੀਲਡ ਸਾਹਿਬ ਕਮਿਸ਼ਨਰ ਤੇ ਫ਼ੌਜਾਂ ਦੇ ਜਰਨੈਲ ਹਲਕਾ ਅੰਬਾਲਾ ,ਗੋਰਖਿਆਂ ਦੀ ਇੱਕ ਕੰਪਨੀ ਪਲਟਨ ਸਮੇਤ ਇੱਕ ਸੌ ਪੰਜਾਹ ਕੂਕਿਆਂ ਨੂੰ ਪਿੰਡ ਭੈਣੀ (ਸਾਹਿਬ) ਤੋਂ ਗ੍ਰਿਫ਼ਤਾਰ ਕਰਕੇ ਲੁਧਿਆਣਾ ਵਿਖੇ ਲਿਆਏ। ਉਨ੍ਹਾਂ ਸਾਰਿਆਂ ਦੇ ਰਿਹਾਇਸ਼ੀ ਪਿੰਡਾਂ ਤੇ ਇਲਾਕਿਆਂ ਦੇ ਨਾਮ ਲਿਖੇ ਗਏ। ਆਖਿਰ ਮੇਜਰ ਸਾਹਿਬ ਬਹਾਦੁਰ ਫ਼ੌਜਾਂ ਦੇ ਜਰਨੈਲ ਹਲਕਾ ਅੰਬਾਲਾ ਨੇ ਸਾਰੇ ਕੂਕਿਆਂ ਨੂੰ ਸੰਬੋਧਨ ਕਰਕੇ ਫ਼ਰਮਾਇਆ ਕਿ "ਦੇਖੋ, ਹੁਣ ਸਰਕਾਰ ਇਸ ਸਮੇਂ ਤੁਹਾਨੂੰ ਰਿਹਾ ਕਰਦੇ ਹਨ, ਤੁਸੀਂ ਆਪਣੀਆਂ ਰਿਹਾਇਸ਼ਾਂ ਵਾਲੇ ਪਿੰਡੀਂ ਜਾ ਕੇ ਆਪਣਾ ਕਾਰੋਬਾਰ ਕਰੋ। ਜੇ ਕਿਸੇ ਦੇ ਗ਼ੈਰ ਹਾਜ਼ਿਰ ਹੋਣ ਦਾ ਪਤਾ ਲੱਗੇਗਾ ਤਾਂ ਤੁਹਾਡੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਹੋਵੇਗਾ"।

ਉਹ ਜਿਸ-ਜਿਸ ਇਲਾਕੇ ਦੇ ਵਾਸੀ ਸਨ, ਉਨ੍ਹਾਂ-ਉਨ੍ਹਾਂ ਰਿਆਸਤਾਂ ਦੇ ਵਕੀਲਾਂ ਨੂੰ ਪਰਵਾਨੇ ਲਿਖ ਕੇ ਸੌਂਪੇ ਗਏ। ਸੋ 28 ਜਣੇ, ਜਿਹੜੇ ਸਬ਼ੀ ਹਜ਼ੂਰ ਦੇ ਇਲਾਕੇ ਦੇ ਵਾਸੀ ਸਨ, ਇਸ ਦਾਸ ਦੇ ਸਪੁਰਦ ਕਰਕੇ ਜ਼ਬਾਨੀ ਹੁਕਮ ਦਿੱਤਾ ਕਿ " ਤੁਸੀਂ ਇਨ੍ਹਾਂ ਨਾਲ ਇੱਕ-ਇੱਕ ਆਦਮੀ ਭੇਜਕੇ ਹਰੇਕ ਥਾਣੇ ਰਾਹੀਂ ਇਨ੍ਹਾਂ ਨੂੰ ਆਪਣੇ-ਆਪਣੇ ਘਰੀਂ ਪਹੁੰਚਾ ਦਿਓ। ਦੋ ਚਾਰ ਦਿਨ ਮਗਰੋਂ ਇਨ੍ਹਾਂ ਦੀ ਹਾਜ਼ਿਰੀ ਜਾਂ ਗ਼ੈਰ ਹਾਜ਼ਿਰੀ ਬਾਰੇ ਇਤਲਾਹ ਦੇਵੋ। ਜੇ ਕੋਈ ਗ਼ੈਰ ਹਾਜ਼ਿਰ ਹੋਇਆ ਤਾਂ ਉਸ ਵਾਸਤੇ ਮੁਨਾਸਿਬ ਸਜ਼ਾ ਤਜਵੀਜ਼ ਕੀਤੀ ਜਾਵੇਗੀ।"

ਅੱਠ ਸੂਬਾ ਕੂਕਿਆਂ ਨੂੰ, ਜਿਹੜੇ ਭੈਣੀ ਤੋਂ ਉਪ੍ਰੋਕਤ ਕੂਕਿਆਂ ਦੇ ਨਾਲ ਆਏ, ਹਵਾਲਾਤ 'ਚ ਰੱਖਣ ਦਾ ਹੁਕਮ ਦਿੱਤਾ। **ਰਾਮ ਸਿੰਘ ਸਤਿਗੁਰੂ ਨੂੰ ਪਰਸੋ ਦੀ ਰੇਲ 'ਚ ਸਵਾਰ ਕਰਾਕੇ ਅਲਾਹਾਬਾਦ ਪਹੁੰਚਾਇਆ ਗਿਆ ਅਤੇ ਸਾਹਿਬ ਕਮਿਸ਼ਨਰ ਬਹਾਦੁਰ ਨੇ ਫ਼ਰਮਾਇਆ ਕਿ " ਹੁਣ ਤੁਹਾਨੂੰ ਉਸੇ ਜ਼ੇਲ੍ਹ 'ਚ ਰਹਿਣਾ ਹੋਵੇਗਾ।**

-ਬਸ-

ਇਸ ਦਾਸ ਨੇ ਉਪ੍ਰੋਕਤ ਮਜ਼ਮੂਨ ਦੇ ਮੁਤਾਬਿਕ ਥਾਣੇਦਾਰਾਂ ਦੇ ਨਾਮ ਖ਼ਤ ਲਿਖ ਕੇ ਉਨ੍ਹਾਂ ਕੂਕਿਆਂ 'ਚੋ ਹਰੇਕ ਦੇ ਨਾਲ ਇੱਕ-ਇੱਕ ਸਵਾਰ ਭੇਜ ਕੇ ਸੰਬੰਧਤ ਥਾਣੇ ਪਹੁੰਚਾ ਦਿੱਤਾ ਹੈ।

**ਕਿਉਂਕਿ ਉਸ ਦੀ ਹਜ਼ੂਰ ਵਿੱਚ ਸੂਚਨਾ ਦੇਣੀ ਜ਼ਰੂਰੀ ਹੈ ਇਸ ਲਈ ਸੂਚਨਾ ਦੇ ਤੌਰ 'ਤੇ 28 ਵਿਅਕਤੀਆਂ ਦੇ ਹਿੱਸਾ ਦੇ ਲਗਾਨ ਦੀ ਫ਼ਰਦ ਇਸ ਬਿਨੈ-ਪੱਤਰ ਦੇ ਪਿੱਛੇ ਨੱਥੀ ਹੈ।**

19 ਜਨਵਰੀ ਸੰਨ 1872 ਈ:

ਦਾਸ

ਪੁਰਾਣਾ ਨਮਕ ਪਰਵਰਦਾ (ਟੁਕੜਿਆਂ 'ਤੇ ਪਲਣ ਵਾਲਾ),

ਸੱਯਦ ਅਹਿਮਦ ਹਸਨ ਵਕੀਲ ਜ਼ਿਲ੍ਹਾ ਲੁਧਿਆਣਾ

---

**ਕੂਕਿਆਂ ਦੀ ਫ਼ਰਦ ਜਿਹੜੇ ਭੈਣੀ (ਸਾਹਿਬ) ਵਿੱਚ ਮੌਜੂਦ ਸਨ ਅਤੇ ਇਸ ਦਾਸ ਦੇ ਸਪੁਰਦ ਹੋਏ।**

1 ਥਾਣਾ ਸ਼ੇਰਪੁਰ :- 1. ਵਜ਼ੀਰ ਸਿੰਘ ਪਿੰਡ ਰੜ ਸਮੇਤ ਛੋਟੇ ਬੱਚੇ ਗੁੱਜਰ ਸਿੰਘ।
2. ਹਜ਼ਾਰਾ ਸਿੰਘ ਪਿੰਡ ਰੰਗੀਆਂ।
3. ਸਾਹਿਬ ਸਿੰਘ ਪਿੰਡ ਰੰਗੀਆਂ।
4. ਬਹਾਰਾ ਸਿੰਘ (ਪਹਾੜਾ ਸਿੰਘ) ਪਿੰਡ ਰੰਗੀਆਂ।
5. ਊਧਮ ਸਿੰਘ ਪਿੰਡ ਬਾਲੀਆਂ।
6. ਫ਼ਤਹਿ ਸਿੰਘ ਪਿੰਡ ਬਾਲੀਆਂ।

2 ਥਾਣਾ ਅਨਾਹਦਗੜ੍ਹ :- 1. ਵਜ਼ੀਰ ਸਿੰਘ ਪਿੰਡ ਫ਼ਰਵਾਹੀ।
2. ਚੰਦਾ ਸਿੰਘ ਪਿੰਡ ਫ਼ਰਵਾਹੀ।
3. ਦਿਲਵਰ ਸਿੰਘ (ਦੇਵਾ ਸਿੰਘ) ਪਿੰਡ ਫ਼ਰਵਾਹੀ।
4. ਸਦਾ ਸਿੰਘ ਪਿੰਡ ਫ਼ਰਵਾਹੀ।
5. ਧੰਨਾ ਸਿੰਘ ਪਿੰਡ ਫ਼ਰਵਾਹੀ।

3 ਥਾਣਾ ਭੀਖੀ :- 1. ਵਰਿਆਮ ਸਿੰਘ ਪਿੰਡ ਲੱਲੂ ਵਾਲਾ।
2. ਦਿਆ ਸਿੰਘ ਪਿੰਡ ਜੋਂਗਾ।
3. ਸਾਉਣ ਸਿੰਘ ਪਿੰਡ ਖ਼ਾਸ ਭੀਖੀ ਸਮੇਤ ਛੋਟੇ ਬੱਚੇ।
4. ਫ਼ਤਿਹ ਸਿੰਘ ਪਿੰਡ ਉਭਾ।
5. ਦਿਆ ਸਿੰਘ ਪਿੰਡ ਉਭਾ।
6. ਮਾਨ ਸਿੰਘ ਪਿੰਡ ਉਭਾ।
7. ਮਿਹਰ ਸਿੰਘ ਪਿੰਡ ਉਭਾ।
8. ਕਾਹਨਾ ਸਿੰਘ ਪਿੰਡ ਉਭਾ।
9. ਹਰਨਾਮ ਸਿੰਘ ਪਿੰਡ ਉਭਾ।
10. ਸੱਜਣ ਸਿੰਘ ਪਿੰਡ ਉਭਾ।
11. ਪਰੇਮ ਸਿੰਘ ਪਿੰਡ ਉਭਾ।

4 ਥਾਣਾ ਗੋਬਿੰਦਗੜ੍ਹ :- 1. ਬਘੇਲ ਸਿੰਘ ਪਿੰਡ ਖਾਨਾ (ਮਾਈਸਰ ਖਾਨਾ)

5 ਥਾਣਾ ਜਾਖਲ :- 1. ਬੂਟਾ ਸਿੰਘ ਪਿੰਡ ਸਾਦਿਕ

6 ਥਾਣਾ *ਸਾਹਿਬਗੜ੍ਹ :- 1. ਦਿਆ ਸਿੰਘ ਪਿੰਡ ਘੁੱਲੂ
2. ਸ਼ਮਸ਼ੇਰ ਸਿੰਘ ਪਿੰਡ ਦਲੱਦੀ

ਦਾਸ

ਸੱਯਦ ਅਹਿਮਦ ਹਸਨ ਵਕੀਲ ਜ਼ਿਲ੍ਹਾ ਲੁਧਿਆਣਾ

* ਸਾਹਿਬਗੜ੍ਹ- ਲੁਧਿਆਣਾ ਦਾ ਇਲਾਕਾ ਜਾਂ ਪਾਇਲ

## ਨਕਲ ਬਿਨੈ-ਪੱਤਰ ਸ਼ੇਖ਼ ਸ਼ਮੀਮੁੱਲਾਹ ਬਹਾਦੁਰ

ਗ਼ਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਅੱਜ ਪਤਾ ਲੱਗਾ ਕਿ ਇੱਕ ਰਸਾਲਾ ਸਵਾਰਾਂ ਤੇ ਗੋਰਖਾ ਪਲਟਣ ਦੀਆਂ ਕੁਝ ਕੰਪਨੀਆਂ ਪਿੰਡ ਭੈਣੀ (ਸਾਹਿਬ) ਵਿਖੇ ਆਈਆਂ ਤੇ **ਕੂਕਾ ਕੌਮ ਦੇ ਰਾਮ ਸਿੰਘ ਗੁਰੂ ਨੂੰ ਲੁਧਿਆਣੇ ਲੈ ਗਈਆਂ ਅਤੇ ਹਾਕਿਮਾਂ ਨੇ ਉਪ੍ਰੋਕਤ ਗੁਰੂ ਰਾਮ ਸਿੰਘ ਨੂੰ ਅੰਦਰ ਡੱਕ ਕੇ ਪਹਿਰਾ ਲਵਾ ਦਿੱਤਾ ਹੈ।**

ਸੂਚਨਾ ਹਿਤ ਬੇਨਤੀ ਕੀਤੀ। ਹਜ਼ੂਰ ਦੇ ਹੁਕਮ ਅਨੁਸਾਰ ਭਾਰ ਢੋਣ ਵਾਲੀਆਂ ਦੋਨੋਂ ਛਕੜਾ ਗੱਡੀਆਂ ਖੰਨਾ ਵਿਖੇ ਪਹੁੰਚਾ ਦਿੱਤੀਆਂ ਗਈਆਂ ਸਨ। ਉੱਥੋਂ ਵਾਪਸ ਹੋਣ ਦੀ ਇਜਾਜ਼ਤ ਹੋ ਗਈ, ਇਸ ਲਈ ਭਾਰ ਢੋਣ ਵਾਲੀਆਂ ਸਾਰੀਆਂ ਗੱਡੀਆਂ ਵਾਪਸ ਆ ਗਈਆਂ।

ਵੇਰਵੇ ਸਹਿਤ ਬੇਨਤੀ ਕੀਤੀ ਗਈ।

### ਵਲੋਂ ਮਹਿਕਮਾ ਨਿਜ਼ਾਮਤ
### ਹੁਕਮ ਹੋਇਆ ਕਿ :-

ਇਤਲਾਹ ਵਾਸਤੇ ਸ਼ਾਮਿਲ ਮਿਸਲ ਰਹੇ ਅਤੇ ਇਸ ਦੀ ਇੱਕ ਨਕਲ ਮਹਿਕਮਾ ਮੁਨਸ਼ੀ ਖ਼ਾਨਾ ਸ਼ਾਹੀ ਨੂੰ ਸੂਚਨਾ ਹਿਤ ਭੇਜੀ ਜਾਵੇ।

10 ਮਾਘ ਸੰਮਤ 1928.
ਮੁਤਾਬਿਕ 21 ਜਨਵਰੀ ਸੰਨ 1872 ਈ:

# ਲੁਕਿਆ ਸੱਚ

---

ਗ਼ਰੀਬ ਪਰਵਰ! ਬਾਦਸ਼ਾਹਾਂ ਦੇ ਬਾਦਸ਼ਾਹ ! ਸਲਾਮਤ !

ਸ੍ਰੀ ਮਾਨ ਜੀ,

ਪਰਸੋਂ ਦੀ ਡਾਕ ਵਿੱਚ ਇਹ ਮਹਾਨ ਪਰਵਾਨਾ ਅਤੇ ਕੱਲ ਦੀ ਡਾਕ ਵਿੱਚ ਮੀਰ ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ ਦੇ ਨਾਮ ਮਿਤੀ 15 ਜਨਵਰੀ 1872 ਈ: ਦੇ ਲਿਖੇ ਖ਼ਤ ਦੀ ਨਕਲ ਇਸ ਦਾਸ ਕੋਲ ਪੁੱਜੀ ਜਿਸ ਰਾਹੀਂ ਮਲੌਦ ਤੇ ਕੋਟਲਾ ਅਫ਼ਗਾਨਾ ਦੀ ਵਾਰਦਾਤ ਦੇ ਵਾਪਰਨ ਦੀ ਇਤਲਾਹ ਦਿੱਤੀ ਗਈ ਸੀ।

ਇਸ ਦਾਸ ਨੇ ਇਸ ਪਰਵਾਨੇ ਤੇ ਖ਼ਤ ਦੇ ਦੋਵੇਂ ਕਾਗਜ਼ ਲਿਖਤ ਰਾਹੀਂ ਜਨਾਬ ਸਾਹਿਬ ਅਸਿਸਟੈਂਟ ਕਮਿਸ਼ਨਰ ਬਹਾਦੁਰ, ਜਨਾਬ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ, ਸਾਹਿਬ ਡਿਸਟਰਿਕਟ ਸੁਪਰਡੈਂਟ ਬਹਾਦੁਰ ਅਤੇ ਡਾਕਟਰ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਇਸ ਘਟਨਾ ਦਾ ਹਾਲ ਦਸਿਆ। ਸਾਹਿਬ ਅਸਿਸਟੈਂਟ ਕਮਿਸ਼ਨਰ ਬਹਾਦੁਰ ਦੌਰੇ 'ਤੇ ਪਿੰਡਾਂ ਵੱਲ ਤਸ਼ਰੀਫ਼ ਲੈ ਆਉਣਗੇ।

ਡਾਕਟਰ ਸਾਹਿਬ ਬਹਾਦੁਰ ਦੇ ਕੋਲ ਪਹਿਲਾਂ ਹੀ ਮਲੌਦ 'ਤੇ ਜ਼ਿਲ੍ਹਾ ਲੁਧਿਆਣਾ ਦੇ ਕੂਕਿਆਂ ਵਲੋਂ ਕੀਤੇ ਹਮਲੇ ਦਾ ਹਾਲ ਲਾਹੌਰ ਤੋਂ ਤਾਰ ਰਾਹੀਂ ਪੁੱਜ ਚੁੱਕਾ ਸੀ। ਇਹ ਹਾਲ ਹਿਸਾਰ ਤੇ ਹਾਂਸੀ ਤੇ ਅਸਥਾਨਾਂ 'ਤੇ ਵੀ ਤਾਰ ਰਾਹੀਂ ਪੁੱਜ ਚੁੱਕਾ ਸੀ ਅਤੇ ਜਿੱਥੇ ਚਿੱਠੀ ਰਾਹੀਂ ਖ਼ਬਰ ਪੁੱਜ ਸਕਦੀ ਸੀ, ਇਹ ਖ਼ਬਰ ਪੁੱਜ ਗਈ।

ਫਿਰ ਕੱਲ ਸਾਹਿਬ ਬਹਾਦੁਰ ਕੋਲ ਕੋਟਲੇ ਦੀ ਵਾਰਦਾਤ ਦੀ ਖ਼ਬਰ ਵੇਰਵੇ ਸਹਿਤ ਪੁੱਜੀ। ਸਾਹਿਬ ਬਹਾਦੁਰ ਫ਼ਰਮਾਉਂਦੇ ਸਨ ਕਿ ਕੂਕਾ ਕੌਮ ਦੇ ਅਜਿਹੇ 68 ਆਦਮੀ ਗ੍ਰਿਫ਼ਤਾਰ ਹੋ ਗਏ। ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਲੁਧਿਆਣਾ ਦੀ ਮਦਦ ਲਈ ਕੁਝ ਪਲਟਨ ਗੋਰਾ ਲੋਕ ਤੇ ਤੋਪਖਾਨਾ ਦਿੱਲੀ ਤੇ ਲਾਹੌਰ ਤੋਂ ਭੇਜੇ ਗਏ।

ਇਸ ਦਾਸ ਨੇ ਮੀਰ ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ ਦੀ ਦਲੇਰੀ ਤੇ ਹਿੰਮਤ ਨਾਲ 68 ਕੂਕੇ ਮੁਜ਼ਰਿਮਾਂ ਨੂੰ ਪਿੰਡ ਰੜ ਤੱਅਲੁਕਾ ਥਾਣਾ ਸ਼ੇਰਪੁਰ ਤੋਂ ਗ੍ਰਿਫ਼ਤਾਰ ਕਰਨ, ਉਨ੍ਹਾਂ ਨੂੰ ਸ਼ੇਰਪੁਰ ਥਾਣੇ 'ਚ ਲੈ ਜਾਣ ਅਤੇ ਨਾਮੀ ਸਰਕਾਰ (ਪਟਿਆਲਾ) ਵਲੋਂ ਵਾਰਦਾਤ ਦੇ ਅਸਥਾਨ 'ਤੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਲੁਧਿਆਣਾ ਦੀ ਸੇਵਾ ਵਿੱਚ ਸਭ ਤੋਂ ਪਹਿਲਾਂ ਪਲਟਨ, ਸਵਾਰਾਂ ਤੇ ਦੋ ਤੋਪਾਂ ਦੀ ਮਦਦ ਪਹੁੰਚਾਉਣ ਬਾਰੇ ਵੇਰਵੇ ਸਹਿਤ ਹਾਲ ਦੱਸਿਆ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਅਸਾਂ ਨੂੰ ਵੀ ਖ਼ਬਰ ਲੱਗੀ ਹੈ ਅਤੇ ਕੁਝ ਹਾਲ ਅਖ਼ਬਾਰ ਵਿੱਚ ਵੀ ਲਿਖਿਆ ਦੇਖਿਆ ਹੈ।

ਸਾਹਿਬ ਅਸਿਸਟੈਂਟ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਦੋਨੋ ਕਾਗਜ਼ਾਂ ਦਾ ਹਰਫ਼ ਹਰਫ਼ ਪੜ੍ਹ ਕੇ ਸੁਣਾ ਦਿੱਤਾ। ਸਾਹਿਬ ਡਿਸਟਰਿਕਟ ਸੁਪਰਡੈਂਟ ਬਹਾਦੁਰ ਨੇ ਫ਼ਰਮਾਇਆ ਕਿ **ਸਰਕਾਰ ਨੇ ਇਨ੍ਹਾਂ ਦੇ ਗੁਰੂ ਰਾਮ ਸਿੰਘ ਨੂੰ ਰੇਲ 'ਚ ਬੈਠਾਕੇ ਹਿੰਦੋਸਤਾਨ ਵੱਲ ਰਵਾਨਾ ਕਰ ਦਿੱਤਾ ਹੈ ਪਰ ਜਗ੍ਹਾ ਦੇ ਨਾਮ ਦਾ ਪਤਾ ਨਹੀਂ ਕਿ ਕਿਹੜੀ ਜਗ੍ਹਾ ਨੂੰ ਭੇਜਿਆ ਹੈ,** ਅਖ਼ਬਾਰ 'ਚ ਲਿਖਿਆ ਵੇਖਿਆ ਹੈ ਅਤੇ ਵੇਰਵੇ ਸਹਿਤ ਅਜੇ ਪਤਾ ਨਹੀਂ ਲੱਗਿਆ।

ਫਿਰ ਉਸਤਤ ਯੋਗ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਅਸੀਂ ਅੱਜ ਸਾਹਿਬ ਕਮਿਸ਼ਨਰ ਬਹਾਦੁਰ ਹਿਸਾਰ ਵੱਲ ਲਿਖ ਦਿੱਤਾ ਹੈ ਕਿ ਜੇ ਕੂਕਾ ਲੋਕ ਜ਼ਿਲ੍ਹਾ ਸਿਰਸਾ ਦੇ ਪਾਸੇ ਇਸੇ ਤਰ੍ਹਾਂ ਦਾ ਦੰਗਾ ਫ਼ਸਾਦ ਕਰਦੇ ਹੋਏ ਸਾਡੇ ਕਾਬੂ ਆ ਗਏ ਤਾਂ ਅਸੀਂ ਉਨ੍ਹਾਂ ਨੂੰ ਉੱਥੇ ਹੀ ਮੁਕਾਬਿਲੇ 'ਚ ਸਖ਼ਤ ਸਜ਼ਾ ਦੇ ਕੇ ਉਨ੍ਹਾਂ ਨੂੰ ਖ਼ਤਮ ਕਰ ਦਿਆਂਗੇ ਤੇ ਮਗਰੋਂ ਹੀ ਸਰਕਾਰੀ ਹੁਕਮ ਮੰਗਾਂਗੇ। ਕਿਉਂਕਿ ਇਹ ਜ਼ਿਲ੍ਹਾ ਅਤਿਅੰਤ ਸਖ਼ਤ ਹੈ ਤੇ ਇੱਥੋਂ ਦੇ ਲੋਕ *ਪਚਾਧੇ ਹਨ ਉਹ ਕੂਕਿਆਂ 'ਚ ਰਲ ਕੇ ਕੂਕੇ ਬਣ ਜਾਣਗੇ ਤੇ ਲੁੱਟਮਾਰ ਕਰਨ ਲਈ ਤਤਪਰ ਹੋ ਜਾਣਗੇ। ਇਸ ਦਾਸ ਨੇ ਬੇਨਤੀ ਕੀਤੀ ਕਿ ਤੁਹਾਡਾ ਫ਼ਰਮਾਉਣਾ ਦਰੁਸਤ ਹੈ ਤੇ ਜੇ ਕੋਈ ਉੱਥੋਂ **ਦਾ ਭੱਜਿਆ ਹੋਇਆ ਮੁਜ਼ਰਿਮ ਕੂਕਾ ਡਰ ਦਾ ਮਾਰਿਆ ਇਸ ਪਾਸੇ ਆ ਗਿਆ ਤਾਂ ਉਸ ਦੀ ਗ੍ਰਿਫ਼ਤਾਰੀ, ਨਿਗਰਾਨੀ ਤੇ ਚੌਕਸੀ ਰੱਖਣੀ ਵਾਜਿਬ ਹੈ। ਸਾਹਿਬ** ਬਹਾਦੁਰ ਨੇ ਫ਼ਰਮਾਇਆ ਕਿ ਅਜੇ ਤੱਕ ਸਾਡੇ ਕੋਲ ਕਤਈ **ਪੱਕਾ** ਹੁਕਮ ਨਹੀਂ। **ਹਾਂ** ! ਜਿਸ ਵੇਲੇ ਅਜਿਹਾ ਕੋਈ ਹੁਕਮ ਜਾਰੀ ਹੋਇਆ ਤਾਂ ਅਸੀਂ ਖ਼ੁਦ ਤਿਆਰ ਬਰ ਤਿਆਰ ਹਾਂ। ਮੁਕਦੀ ਗੱਲ ਅਜਿਹੀਆਂ ਅਜਿਹੀਆਂ ਗੱਲਾਂ ਕਰਕੇ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਇਸ ਮੁਕੱਦਮੇ ਸੰਬੰਧੀ ਜਿਹੜੀ ਤਾਜ਼ਾ ਖ਼ਬਰ ਤੁਹਾਡੇ ਕੋਲ ਆਵੇ ਤਾਂ ਸਾਨੂੰ ਫ਼ੌਰਨ ਹਰ ਰੋਜ਼ ਖ਼ਬਰ ਦਿੰਦੇ ਰਹੋ ਅਤੇ ਅਸੀਂ ਤੁਹਾਨੂੰ ਇਤਲਾਹ ਦਿੰਦੇ ਰਹਾਂਗੇ। ਇਹ ਦਾਸ " ਬਹੁਤ ਬਿਹਤਰ" ਕਹਿਕੇ ਵਿਦਾ ਹੋਇਆ।

---

ਕਿਉਂਕਿ ਹੁਕਮ ਦੀ ਪਾਲਣਾ ਕਰਨ ਦੇ ਤੌਰ ’ਤੇ ਇਹ ਤੁਹਾਨੂੰ ਦਸਣਾ ਵਾਜਿਬ ਤੇ ਜ਼ਰੂਰੀ ਸੀ। ਸੋ ਮੈਂ ਦੱਸ ਕੇ ਬੇਨਤੀ ਕਰਦਾ ਹਾਂ ਕਿ ਇਸ ਤੋਂ ਮਗਰੋਂ ਇਸ ਮੁੱਕਦਮੇਂ ਦਾ ਜੋ ਹਾਲ ਤੇ ਨਤੀਜਾ ਹੋਵੇ ਉਸ ਬਾਰੇ ਇਸ ਦਾਸ ਨੂੰ ਕਦੇ ਕਦੇ ਜ਼ਰੂਰ ਸੂਚਿਤ ਕੀਤਾ ਜਾਇਆ ਕਰੇ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣ ਸਾਮਾਨ ਹੈ।

ਐ ਖ਼ੁਦਾ! ਜ਼ੁਲਮ ਦਾ ਨਾਸ ਹੋਵੇ।

21 ਜਨਵਰੀ 1872 ਈ: ਦਿਨ ਐਤਵਾਰ

ਸਮਾਂ 10 ਵਜੇ ਰਾਤ

ਦਾਸ
ਪੁਰਾਣਾ ਨਮਕ ਪਰਵਰਦਾ,
ਸੱਯਦ ਹਸਨ ਅਲੀ,
ਵਕੀਲ ਸਰਕਾਰ (ਪਟਿਆਲਾ)
ਜ਼ਿਲ੍ਹਾ ਸਿਰਸਾ ਦੀ ਅਦਾਲਤ ’ਚ ਨਿਯੁਕਤ

ਮਾਨਸਾ ਜ਼ਿਲ੍ਹੇ ਦੇ ਘੱਗਰ ਦਰਿਆ ਦੇ ਪਾਰ ਰਹਿਣ ਵਾਲੇ ਲੋਕ ‘ਪਚਾਧੇ’ ਅਖਵਾਉਂਦੇ ਹਨ ਤੇ ਭਰੋਸੇਯੋਗ ਨਹੀਂ ਹਨ। ਇਨ੍ਹਾਂ ਬਾਰੇ ਇੱਕ ਕਹਾਵਤ ਮਸ਼ਹੂਰ ਹੈ ਕਿ “ਬੁੱਢੀ ਮੈਂਸ ਪੁਰਾਣਾ ਗੱਡਾ ਮਿੱਤ ਪਚਾਧਾ, ਭੱਜਣਾ ਭੱਜ ਨਹੀਂ ਖਾਧਾ ਹੀ ਖਾਧਾ”

–ਡਾ. ਅਮਰਵੰਤ ਸਿੰਘ (ਟਰਾਂਸਲੇਟਰ)

---

ਸ੍ਰੀ ਮਾਨ ਜੀ,

ਮਹਿਕਮਾ ਆਲੀਆ ਵਜ਼ਾਰਤ ਦੇ ਹੁਕਮ ਦੀ ਨਕਲ ਤੋਂ ਸੂਚਿਤ ਹੋ ਕੇ ਅਰਜ਼ ਕਰਦਾ ਹਾਂ ਕਿ ਉਸ ਖ਼ਤ ਦੀ ਪਹਿਲੀ ਨਕਲ ਜੋ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਨੇ ਨਾਜ਼ਿਮ ਸਾਹਿਬ ਅਮਰਗੜ੍ਹ ਦੇ ਨਾਮ ਲਿਖਿਆ ਸੀ ਇਸ ਦਾਸ ਕੋਲ ਸੂਚਨਾ ਹਿਤ ਮਹਿਕਮਾ ਮੁਨਸ਼ੀ ਖ਼ਾਨਾ ਤੋਂ ਪੁੱਜੀ ਸੀ।

ਜਨਾਬ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੇ ਉਸ ਚਿੱਠੀ ਦਾ ਹਰਫ਼ ਹਰਫ਼ ਤੇ ਮਜ਼ਮੂਨ ਸੁਣਕੇ ਹੁਕਮ ਦਿੱਤਾ ਕਿ ਇਸ ਕੂਕਾ ਕੌਮ ਦੇ ਬਦਮਾਸ਼ਾਂ ਦਾ ਜਿਹੜਾ ਤਸੱਲੀ ਬਖ਼ਸ਼ ਇੰਤਜ਼ਾਮ ਸ੍ਰੀ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ ਦੇ ਮਦਦ ਦੇਣ ਨਾਲ ਮਲੌਦ ਤੇ ਕੋਟਲਾ ਤੇ ਲੁਧਿਆਣਾ ਆਦਿ ਦਾ ਹੋਇਆ ਹੈ, ਬਹੁਤ ਮੁਨਾਸਿਬ ਤੇ ਅਤੀ ਜਾਇਜ਼ ਹੈ। **ਫ਼ਸਾਦ ਦੀ ਬੁਨਿਆਦ ਰੱਖਣ ਵਾਲੇ ਇਸ ਕੌਮ ਦੇ ਗੁਰੂ ਰਾਮ ਸਿੰਘ ਨੂੰ ਹੁਕਮ ਨਾਲ ਪਿੰਡ ਭੈਣੀ ਤੋਂ ਰੇਲ 'ਚ ਸਵਾਰ ਕਰਵਾ ਕੇ ਅਲਾਹਾਬਾਦ ਭੇਜਿਆ ਗਿਆ ਅਤੇ ਉਹ ਹਮੇਸ਼ਾ ਲਈ ਉੱਥੇ ਹੀ ਰਹੇਗਾ। ਉਸ ਦੇ ਚੇਲੇ ਤੇ ਸੂਬੇ ਵੀ ਪਿੰਡ ਭੈਣੀ ਤੋਂ ਗ੍ਰਿਫ਼ਤਾਰ ਹੋਏ ਹਨ।** ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਆਪਣੇ ਖ਼ਤ ਵਿੱਚ ਲਿਖਦਾ ਹੈ ਕਿ ਇਨ੍ਹਾਂ ਕੂਕਾ ਲੋਕਾਂ ਵਿੱਚੋਂ ਕੁਝ ਕੂਕੇ ਹੋਰ ਸਥਾਨਾਂ, ਜ਼ਿਲ੍ਹਿਆਂ ਤੇ ਜ਼ਿਲ੍ਹਾ ਸਿਰਸਾ ਦੇ ਵੀ ਹਨ। ਜੇ ਉਨ੍ਹਾਂ ਦੇ ਥਹੁ ਪਤੇ, ਪਿੰਡ ਤੇ ਰਿਹਾਇਸ਼ ਬਾਰੇ ਦਰਿਆਫ਼ਤ ਹੋ ਜਾਵੇ ਤਾਂ ਬਹੁਤ ਚੰਗਾ ਤੇ ਮੁਨਾਸਿਬ ਹੈ। ਇਸ ਦਾਸ ਨੇ ਬੇਨਤੀ ਕੀਤੀ ਕਿ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਨੇ ਆਪਣੇ ਖ਼ਤ ਵਿੱਚ ਜਿਹੜਾ ਜ਼ਿਲ੍ਹਾ ਸਿਰਸਾ ਦਾ ਨਾਮ ਲਿਖਿਆ ਹੈ, ਉਹ ਤਾਂ 68 ਜਣੇ ਮੌਕਾ ਵਾਰਦਾਤ 'ਤੇ ਭਾਵ ਕੋਟਲਾ ਅਫ਼ਗਾਨਾ ਵਿਖੇ ਤੋਪ ਨਾਲ ਉਡਾ ਦਿੱਤੇ ਗਏ, ਉਹ ਬਹੁਤ ਭਿੰਨ ਭਿੰਨ ਥਾਵਾਂ ਦੇ ਲੋਕ ਸਨ। ਹੁਣ ਪਤਾ ਨਹੀਂ ਕਿ ਉਨ੍ਹਾਂ ਦਾ ਥਹੁ ਪਤਾ, ਪਿੰਡ ਦੇ ਰਿਹਾਇਸ਼ ਦਾ ਕਿਸੇ ਨੂੰ ਪਤਾ ਹੋਵੇ ਜਾਂ ਨਾ। ਡਿਪਟੀ ਕਮਿਸ਼ਨਰ ਬਹਾਦੁਰ ਨੇ ਫ਼ਰਮਾਇਆ ਕਿ ਜਿਹੜੇ ਲੋਕ ਭੈਣੀ (ਸਾਹਿਬ) ਵਿਖੇ ਗ੍ਰਿਫ਼ਤਾਰ ਹੋਏ ਹਨ ਸ਼ਾਇਦ ਉਨ੍ਹਾਂ ਵਿੱਚੋਂ ਕੁਝ ਸ਼ਖਸ ਇਸ ਜ਼ਿਲ੍ਹਾ ਸਿਰਸਾ ਦੇ ਨਾਲ ਲੱਗਦੀਆਂ ਹੱਦਾਂ ਦੇ ਵਾਸੀ ਹੋਣ। ਇਸ ਦਾਸ ਨੇ ਅਰਜ਼ ਕੀਤੀ ਕਿ ਜੇ ਦਰਿਆਫ਼ਤ ਕਰਨ 'ਤੇ ਕਿਸੇ ਦਾ ਥਹੁ ਪਤਾ, ਪਿੰਡ ਤੇ ਰਿਹਾਇਸ਼ ਦਾ ਪਤਾ ਲੱਗਿਆ ਤਾਂ ਇਹ ਦਾਸ ਹਜ਼ੂਰ ਦੀ ਸੇਵਾ ਵਿੱਚ ਦੱਸ ਦੇਵੇਗਾ। ਇਸ ਚਿੱਠੀ ਦੇ ਸੁਣਾਉਣ ਤੇ ਗੁਫ਼ਤਗੂ ਸਮੇਂ ਸਾਹਿਬ ਅਸਿਸਟੈਂਟ ਕਮਿਸ਼ਨਰ ਬਹਾਦੁਰ ਉੱਥੇ ਮੌਜੂਦ ਸਨ। ਸਾਹਿਬ ਡਿਸਟਰਿਕਟ ਸੁਪਰਡੈਂਟ ਬਹਾਦੁਰ ਦੀ ਸੇਵਾ ਵਿੱਚ ਜੋ ਇਸ ਮਦਦ ਫ਼ਰਮਾਉਣ ਅਤੇ ਖ਼ੁਦ ਸਰਕਾਰ ਦੌਲਤਮਦਾਰ ਦੇ ਇਲਾਕੇ ਦੇ ਕੂਕਿਆਂ ਦੇ ਪ੍ਰਬੰਧ ਦਾ ਜ਼ਿਕਰ ਤੇ ਇਸ ਯਾਦਦਾਸ਼ਤ ਦੇ ਮਜ਼ਮੂਨ ਨੂੰ ਸੁਣਨ ਸਮੇਂ ਜ਼ਿਕਰ ਆਇਆ ਤਾਂ ਬਹੁਤ ਪਸੰਦ ਕੀਤਾ ਤੇ ਫ਼ਰਮਾਇਆ ਕਿ ਅਸੀਂ ਵੀ ਇਸ ਕੌਮ ਦੇ ਆਦਮੀਆਂ ਦੇ ਹਾਲ ਦੇ ਆਉਣ ਜਾਣ ਵੱਲ ਤਕਦੇ ਰਹਿੰਦੇ ਹਾਂ ਇਸ ਲਈ ਇਸ ਮੁਕਦਮੇ ਬਾਰੇ ਜਿਹੜੀ ਖ਼ਬਰ ਪਟਿਆਲੇ ਤੋਂ ਆਵੇ ਤੁਸੀਂ (ਭਾਵ ਇਹ ਦਾਸ) ਫ਼ੌਰਨ ਸਾਨੂੰ ਖ਼ਬਰ ਦਿਓ। ਦਾਸ ਨੇ ਅਰਜ਼ ਕੀਤਾ ਕਿ ਇਹ ਨਿਮਾਣਾ ਤਾਂ ਤੁਹਾਨੂੰ ਉਸੇ ਵੇਲੇ ਦੱਸ ਦਿੰਦਾ ਹੈ ਅਤੇ ਅੱਗੋਂ ਨੂੰ ਵੀ ਫ਼ੌਰਨ ਤੋਂ ਪਹਿਲਾਂ ਦੱਸ ਦਿੱਤਾ ਜਾਇਆ ਕਰੇਗਾ।

ਕਿਉਂਕਿ ਉੱਚੀ ਸ਼ਾਨ ਵਾਲੇ ਸਾਹਿਬ ਬਹਾਦੁਰ (D.C) ਦੇ ਹੁਕਮ ਫ਼ਰਮਾਉਣ ਮੁਤਾਬਿਕ ਇਸ ਕੌਮ ਦੇ ਥਹੁ ਪਤੇ ਤੇ **ਰਿਹਾਇਸ਼ੀ ਪਿੰਡ ਦਾ ਹਾਲ ਦਰਿਆਫ਼ਤ ਕਰਨ ਵਾਸਤੇ ਬੇਨਤੀ ਕਰਨੀ ਵਾਜਿਬ ਤੇ ਜ਼ਰੂਰੀ ਸੀ, ਸ਼ਾਇਦ ਕੋਈ ਸਖਸ਼ ਜ਼ਿਲ੍ਹਾ ਸਿਰਸਾ ਦਾ ਵਾਸੀ ਹੋਵੇ ਬਲਕਿ ਜ਼ਰੂਰ ਹੋਵੇਗਾ, ਇਸ ਲਈ ਮੈਂ ਇਹ ਰਿਪੋਟ ਪੇਸ਼ ਕਰਦੇ ਹੋਏ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਬਦਮਾਸ਼ ਗ੍ਰਿਫ਼ਤਾਰਾਂ ਵਿੱਚੋਂ ਕਿਸੇ ਦੇ ਥਹੁਪਤੇ ਤੇ ਰਿਹਾਇਸ਼ੀ ਪਿੰਡ ਦਾ ਪਤਾ ਲੱਗ ਜਾਵੇ ਤਾਂ ਇਸ ਦਾਸ ਨੂੰ ਵੇਰਵੇ ਸਹਿਤ ਛੇਤੀ ਸੂਚਿਤ ਕੀਤਾ ਜਾਵੇ।**

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣ ਸਾਮਾਨ ਹੈ।

-ਬਸ-

ਦਾਸ

ਪੁਰਾਣਾ ਨਮਕ ਪਰਵਰਦਾ,

ਮਿਤੀ 27 ਜਨਵਰੀ 1872 ਈ: ਸੱਯਦ ਹਸਨ ਅਲੀ,

ਵਕੀਲ ਸਰਕਾਰ,

ਮਹਿਕਮਾ ਜ਼ਿਲ੍ਹਾ ਸਿਰਸਾ ਵਿਖੇ ਹਾਜ਼ਿਰ ਰਹਿਣ ਵਾਲਾ।

---

# 17 . ਸ. ਮੰਗਲ ਸਿੰਘ ਬਿਸ਼ਨਪੁਰੀ ਬਾਰੇ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਾਮਾਨ ਦੀ ਵਾਪਸੀ ਬਾਰੇ

## ਤਾਰ-ਸੰਦੇਸ਼

ਵਲੋਂ :- ਮੀਰ ਮੁਨਸ਼ੀ ਸਾਹਿਬ ਦਿੱਲੀ ਤੋਂ

ਵੱਲ :- ਪ੍ਰਧਾਨ ਮੰਤਰੀ ਸਾਹਿਬ ਪਟਿਆਲਾ
ਮਾਅਰਫ਼ਤ ਨਾਜ਼ਿਮ ਰਾਜਪੁਰਾ।

17 ਜਨਵਰੀ 1872, 17-20 (5:30 P.M)

**ਮੰਗਲ ਸਿੰਘ ਰਾਏਪੁਰੀਏ ਵਾਸੀ ਬਿਸ਼ਨਪੁਰਾ** ਨੂੰ ਫ਼ੌਰਨ ਗ੍ਰਿਫ਼ਤਾਰ ਕਰ ਲਵੋ। ਹਜ਼ੂਰ ਲੈਫ਼ਟੀਨੈਂਟ ਗਵਰਨਰ ਸਾਹਿਬ ਬਹਾਦੁਰ ਕੱਲ ਸ਼ਾਇਦ ਪਰਸੋਂ ਵੀ ਦਿੱਲੀ ਤੋਂ ਰਵਾਨਾ ਨਹੀਂ ਹੋਣਗੇ। ਤਦ ਤੱਕ ਇੱਥੇ ਹੀ ਤਸ਼ਰੀਫ਼ ਰੱਖਣਗੇ। ਮੈਂ ਵੀ ਅੱਜ ਦੀ ਰਾਤ ਨੂੰ ਸਵਾਰ ਨਹੀਂ ਹੋਵਾਂਗਾ। ਹਜ਼ੂਰ ਨੂੰ ਅਰਜ਼ ਕਰ ਦਿਓ।

ਤਰਜ਼ਮਾ ਸਹੀ ਹੈ।

ਦਸਤਖ਼ਤ
ਮੁਹੰਮਦ ਖ਼ੁਦਾ ਬਖ਼ਸ਼ ਖ਼ਾਂ

**From:-** Meer Munshi Patiala at Delhi
**To:-** Prime Minister through Nazim Rajpura.

Word 62 prepaid.
**No:** 832 -17-17-20

Sieze Mangal Singh Raipuria of Bishan Pura at once. Lt. Governer will not leave Delhi tomorrow and perhaps will stay here day after tomorrow, also I will not leave this tonight. Inform His Highness.

-Sd-
Clerk in Charge

Rajpura Telegraph Office
17th January 1872
Time 21:55

ਜਦੋਂ ਕਿ ਮੰਗਲ ਸਿੰਘ ਕੂਕਾ ਪਹਿਲੇ ਹੀ ਦਿਨ ਕੈਦ ਕੀਤਾ ਗਿਆ ਸੀ * ਸੋ ਹੁਕਮ ਹੋਇਆ ਕਿ ਸ਼ਾਮਿਲ ਮਿਸਲ ਰਹੇ।

18 ਜਨਵਰੀ 1872.

* ਸ. ਮੰਗਲ ਸਿੰਘ ਬਿਸ਼ਨਪੁਰਾ ਨੂੰ ਪਹਿਲੋਂ ਕਿਲਾ ਬਹਾਦੁਰਗੜ੍ਹ ਵਿਚ ਕੈਦ ਰਖਿਆ ਗਿਆ। ਬਾਅਦ ਵਿਚ ਇਲਾਹਾਬਾਦ ਨਜਰਬੰਦ ਕੀਤਾ ਗਿਆ।

# ਲੁਕਿਆ ਸੱਚ

---

ਗ਼ਰੀਬ ਪਰਵਰ! ਸਲਾਮਤ!

ਸ਼੍ਰੀ ਮਾਨ ਜੀ,

ਇਹ ਦਾਸ ਨੇ ਹਜ਼ੂਰ ਦੇ ਹੁਕਮ ਅਨੁਸਾਰ ਕੱਲ ਗੁਲਾਬ ਚੋਬਦਾਰ ਨੂੰ ਲੈ ਕੇ **ਮੰਗਲ ਸਿੰਘ ਰਾਏਪੁਰੀਏ** ਨੂੰ ਉਸ ਦੇ ਖ਼ਾਸ ਘਰ 'ਤੇ ਜਾ ਕੇ ਗ੍ਰਿਫ਼ਤਾਰ ਕੀਤਾ ਤਾਂ ਉਸ ਵੇਲੇ **ਮੰਗਲ ਸਿੰਘ** ਨੇ ਆਪ ਮੁਹਾਰੇ ਇਹ ਗੱਲ ਕਹੀ ਕਿ "ਮੈਂ ਜਾਣਦਾ ਹਾਂ ਕਿ ਮੇਰੀ ਗ੍ਰਿਫ਼ਤਾਰੀ ਅੰਗਰੇਜ਼ੀ ਸਰਕਾਰ ਵੱਲੋਂ ਕਹੇ ਜਾਣ 'ਤੇ ਹੀ ਕੀਤੀ ਜਾ ਰਹੀ ਹੈ।" ਫ਼ਿਰ ਉਸ ਨੇ ਆਪਣੇ ਇੱਕ ਨੌਕਰ ਤੋਂ ਪੁੱਛਿਆ ਕਿ

" ਮੇਰੀ ਗ੍ਰਿਫ਼ਤਾਰੀ ਦਾ ਕਾਰਨ ਤੇਰੀ ਸਮਝ ਵਿੱਚ ਕੁੱਝ ਆਇਆ ?"

ਉਸ ਨੇ ਵੀ ਸਹਿਜ ਸੁਭਾਅ ਸਾਫ਼ ਗੱਲ ਇਸ ਦਾਸ ਤੇ ਗੁਲਾਬ ਦੇ ਸਾਹਮਣੇ ਕਹਿ ਦਿੱਤੀ ਕਿ

" ਮੈਂ ਜਾਣਦਾ ਹਾਂ, ਜਿਹੜਾ ਸਤਿਗੁਰੂ ਦਾ ਭਾਣਾ ਬੀਤਿਆ ਹੈ, ਉਸ ਵਜ੍ਹਾ ਨਾਲ ਗ੍ਰਿਫ਼ਤਾਰ ਹੋਏ ਹੋ।"

ਫ਼ਿਰ ਉਹ ਖ਼ਾਮੋਸ਼ ਹੋ ਰਹੇ। ਹੁਕਮ ਅਨੁਸਾਰ ਕੋਤਵਾਲੀ 'ਚ ਲਿਆ ਕੇ ਬੇੜੀਆਂ ਪਾਈਆਂ ਗਈਆਂ। ਬੇੜੀਆਂ ਪਾਉਣ ਮਗਰੋਂ **ਮੰਗਲ ਸਿੰਘ** ਤੇ ਉਸ ਦਾ ਨੌਕਰ ਬਹੁਤ ਜ਼ਿਆਦਾ ਕੁੱਦਣ ਲੱਗ ਪਏ ਜਿਵੇਂ ਕਿ ਕੂਕਿਆਂ ਦੀ ਆਦਤ ਹੈ ਅਤੇ ਬਕਣ ਲਗੇ ਪਰ ਉਨ੍ਹਾਂ ਦਾ ਬਕਵਾਸ ਸਮਝ 'ਚ ਨਹੀਂ ਆਉਂਦਾ ਸੀ। ਮੰਗਲ ਸਿੰਘ ਇਹ ਵੀ ਕਹਿੰਦਾ ਰਿਹਾ ਕਿ "ਤੁਸੀਂ ਮੈਨੂੰ ਨਾਜਾਇਜ਼ ਗ੍ਰਿਫ਼ਤਾਰ ਕਰਕੇ ਮੇਰੇ ਬੇੜੀਆਂ ਲਾਈਆਂ ਹਨ। ਮੈਂ ਬਹੁਤ ਛੇਤੀ ਸਤਿਗੁਰੂ ਦੀ ਕ੍ਰਿਪਾ ਨਾਲ ਰਿਹਾ ਹੋ ਜਾਵਾਂਗਾ।"

ਕਿਉਂਕਿ ਹਜ਼ੂਰ ਨੂੰ ਇਸ ਹਾਲ ਦੀ ਇਤਲਾਹ ਦੇਣੀ ਵਾਜਿਬ ਸੀ, ਇਸ ਲਈ ਗੁਜ਼ਾਰਿਸ਼ ਕਰ ਦਿੱਤਾ ਹੈ। ਇਸ ਦੀ ਇੱਕ ਨਕਲ ਇਤਲਾਹ ਦੇ ਤੌਰ 'ਤੇ ਮਹਿਕਮਾ ਮੁੱਖ ਅਦਾਲਤ ਨੂੰ ਵੀ ਭੇਜੀ ਗਈ। ਆਪਣੇ ਬਿਆਨ ਤਸਦੀਕ ਕਰਨ ਵਾਸਤੇ ਇਸ ਬਿਨੈ-ਪੱਤਰ 'ਤੇ ਗੁਲਾਬ ਚੋਬਦਾਰ ਦੀ ਮੁਹਰ ਲਗਵਾਕੇ ਪੇਸ਼ ਕਰਦਾ ਹਾਂ ਜਿਹੜਾ ਉਸ ਸਮੇਂ ਆਪਣੇ ਰੂਬਰੂ ਸਾਰਾ ਹਾਲ ਸੁਣ ਰਿਹਾ ਸੀ।

17 ਜਨਵਰੀ 1872 ਈ: ਦਾਸ ਦਾਸ

ਗੁਲਾਬ ਚੋਬਦਾਰ, ਮੁਹੰਮਦ ਅਬਦੁਲ ਵਦੂਦ,

# ਲੁਕਿਆ ਸੱਚ

---

ਗ਼ਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਅੱਜ 4 ਵਜੇ ਸ਼ਾਮ ਦੇ ਇਹ ਦਾਸ ਅਹਿਮਦ ਹਸਨ, ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਹਾਜ਼ਿਰ ਹੋਇਆ। ਮੇਮ ਸਾਹਿਬਾ ਵੀ ਉਸੇ ਕਮਰੇ 'ਚ ਤਸ਼ਰੀਫ਼ ਰੱਖਦੀ ਸੀ। ਉਨ੍ਹਾਂ ਨੇ ਇਸ ਦਾਸ ਨੂੰ ਪਛਾਣਿਆਂ ਨਹੀਂ ਕਿਉਂਕਿ ਬੀਮਾਰੀ ਦੇ ਕਾਰਨ ਮੇਰੀ ਸ਼ਕਲ ਬਦਲ ਗਈ ਹੈ। ਜਦੋਂ ਇਹ ਦਾਸ ਨਜ਼ਰ (ਨਜ਼ਰਾਨਾ) ਪੇਸ਼ ਕਰਕੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੀ ਆਗਿਆ ਨਾਲ ਕੁਰਸੀ 'ਤੇ ਬੈਠ ਗਿਆ ਤਾਂ ਉਸ ਸਮੇਂ ਮੇਮ ਸਾਹਿਬਾ ਨੇ ਮੈਨੂੰ ਪਛਾਣਿਆ ਅਤੇ ਉਹ ਕਾਫ਼ੀ ਦੇਰ ਮੇਰਾ ਹਾਲ ਚਾਲ ਪੁੱਛਦੇ ਰਹੇ ਅਤੇ ਇਹ ਵੀ ਫ਼ਰਮਾਇਆ ਕਿ " ਜਬ ਹਮਨੇ ਤੇਰੇ ਕੋਟਲਾ ਪਹੁੰਚਨੇ ਕਾ ਹੁਕਮ ਸਾਹਿਬ ਸੇ ਪਾਇਆ ਤੋਂ ਹਮਾਰਾ ਗਹਿਰਾ ਤਸੱਲੀ ਹੂਆ ਔਰ ਤੁਮ ਨੇ ਆਨੇ ਮੇਂ ਇਸ ਹਾਲ ਸੇ ਬੜੀ ਜਲਦੀ ਕੀਆ, ਖ਼ੂਬ ਹੂਆ, ਤੁਮ ਆ ਗਿਆ।"

ਇਸੇ ਦੌਰਾਨ ਅਸਿਸਟੈਂਟ ਇੰਸਪੈਕਟਰ ਨਾਰਾਇਣ ਸਿੰਘ ਵੀ ਆ ਗਿਆ। ਸਾਹਿਬ ਨੇ ਫ਼ਰਮਾਇਆ ਕਿ " ਤੁਸੀਂ ਮਲੇਰ ਕੋਟਲੇ ਦੀ ਸੁਰੱਖਿਆ ਤੇ ਕੂਕਿਆਂ ਦੇ ਮੁਕੱਦਮੇਂ ਦੀ ਤਹਿਕੀਕਾਤ ਕਰਨ ਵਾਸਤੇ ਕੱਲ ਸਵੇਰੇ ਹੀ ਚਲੇ ਜਾਓ। ਅੱਜ ਅਸੀਂ ਇੱਕ ਰੋਬਕਾਰ ਲਿਖਵਾ ਦਿੱਤੀ ਹੈ, ਤੁਹਾਡੇ ਕੋਲ ਇੱਕ ਗਾਰਦ ਰਹੇਗੀ। ਨਰਾਇਣ ਸਿੰਘ ਉੱਠ ਕੇ ਚਲਾ ਗਿਆ।

ਫਿਰ ਸਾਹਿਬ ਨੇ ਇਸ ਦਾਸ ਤੋਂ **ਮੰਗਲ ਸਿੰਘ ਪੁੱਤਰ ਮਿਹਰੂ ਸਿੰਘ ਰਾਏਪੁਰੀਏ** ਦਾ ਹਾਲ ਪੁੱਛਿਆ। ਦਾਸ ਨੇ ਉਸ ਦੇ ਕੈਦ ਹੋਣ ਤੇ ਉਸ ਦੇ ਘਰ 'ਤੇ ਪਹਿਰਾ ਮੁਕੱਰਰ ਹੋ ਜਾਣ ਦਾ ਵੇਰਵੇ ਸਹਿਤ ਹਾਲ ਸੁਣਾਇਆ। ਸਾਹਿਬ ਬਹੁਤ ਖ਼ੁਸ਼ ਹੋਏ ਤੇ ਫ਼ਰਮਾਇਆ ਕਿ ਇਹੋ ਹੀ ਸਰਗ਼ਨਾ (ਟੋਲੇ ਦਾ ਆਗੂ) ਹੈ। ਫਿਰ ਇਸ ਗ਼ੁਲਾਮ ਨੇ ਬੇਨਤੀ ਕੀਤੀ ਕਿ ਜਿਹੜੇ ਕੂਕੇ ਰਿਹਾ ਹੋਏ ਅਤੇ ਆਪਣੇ ਘਰੀਂ ਪੁੱਜ ਗਏ ਉਨ੍ਹਾਂ ਦਾ ਕੀ ਪ੍ਰਬੰਧ ਕੀਤਾ ਜਾਵੇ। ਸਾਹਿਬ ਨੇ ਫ਼ਰਮਾਇਆ ਕਿ ਤੁਹਾਡੇ ਮਹਾਰਾਜਾ ਸਾਹਿਬ ਨੂੰ ਇਖ਼ਤਿਆਰ ਹੈ। ਅਸੀਂ ਤਾਂ ਕਾਨੂੰਨ ਦੇ ਹੱਥੋਂ ਲਾਚਾਰ ਸੀ ਨਹੀਂ ਤਾਂ ਅਸੀਂ ਕਦੇ ਨਾ ਛੱਡਦੇ ਅਤੇ ਔਰਤਾਂ ਨੂੰ ਵੀ ਤੁਹਾਡੇ ਸਪੁਰਦ ਕੀਤਾ ਹੈ, ਉਹ ਵੀ ਦੋਨੋਂ ਕਾਤਿਲ ਹਨ, ਉਨ੍ਹਾਂ ਨੂੰ ਸਖ਼ਤ ਸਜ਼ਾ ਹੋਣੀ ਚਾਹੀਦੀ ਹੈ ਤਾਂ ਕਿ ਹੋਰਾਂ ਨੂੰ ਕੰਨ ਹੋਣ।

ਫਿਰ ਸਾਹਿਬ ਇਸ ਦਾਸ ਦਾ ਹੱਥ ਫੜ ਕੇ ਇੱਕ ਕਮਰੇ 'ਚ ਤਸ਼ਰੀਫ਼ ਲੈ ਗਏ ਅਤੇ ਫ਼ਰਮਾਇਆ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਅਜਿਹੀਆਂ ਕਰਤੂਤਾਂ ਇਨ੍ਹਾਂ ਕੂਕਿਆਂ ਤੋਂ ਹੀ ਹੁੰਦੀਆਂ ਹਨ ਪਰੰਤੂ ਇਹ ਬਾਜ਼ ਨਹੀਂ ਆਉਂਦੇ। ਅੱਜ 3 ਵਜੇ ਸਾਡੇ ਕੋਲ ਲਾਹੌਰ ਤੋਂ ਤਾਰ ਆਈ ਹੈ ਤੇ ਲਿਖਿਆ ਹੈ ਕਿ ਅੱਜ ਰਾਤ ਨੂੰ ਤਾਰ, ਜਿਹੜੀ ਫ਼ੀਰੋਜ਼ਪੁਰ ਦੇ ਪਾਸ ਸੀ ਕਟੀ ਗਈ ਅਤੇ ਕੋਈ ਤਿੰਨ ਸੌ ਕੂਕੇ ਜ਼ੀਰੇ ਵਲੋਂ ਆ ਕੇ ਸ਼ਹਿਰ ਫ਼ੀਰੋਜ਼ਪੁਰ ਵੱਲ ਜਾ ਰਹੇ ਸਨ। ਇੱਕ ਮਾਨ ਸਿੰਘ, ਜਿਹੜਾ ਗੁਰੂ ਰਾਮ ਸਿੰਘ ਦਾ ਬੜਾ ਸੂਬਾ ਸੀ, ਲਾਹੌਰ ਵਿਖੇ ਕੈਦ ਹੋ ਗਿਆ।

ਸਾਹਿਬ ਨੇ ਕਿਹਾ ਕਿ ਤੁਹਾਨੂੰ (ਦਾਸ ਨੂੰ) ਇਹ ਗੱਲ ਇਤਲਾਹ ਦੇ ਤੌਰ 'ਤੇ ਦੱਸੀ ਗਈ ਹੈ ਅਤੇ ਜੇ ਤੁਸੀਂ ਮੁਨਾਸਿਬ ਸਮਝੋ ਤਾਂ ਮਹਾਰਾਜਾ ਸਾਹਿਬ ਨੂੰ ਇਸ ਗੱਲ ਦੀ ਇਤਲਾਹ ਤਾਂ ਜ਼ਰੂਰ ਦੇ ਦਿਓ। ਤੁਸੀਂ , ਨਿਆਜ਼ ਅਲੀ, ਮੁਹੰਮਦ ਹਸਨ, ਮਨਸੂਰ ਹਸਨ ਤੇ ਅਲੀ ਉੱਦੀਨ ਹੁਸ਼ਿਆਰੀ ਨਾਲ ਰਹੋ।

ਇਸ ਦਾਸ ਨੇ ਸੂਚਨਾ ਹਿਤ ਬੇਨਤੀ ਕੀਤੀ ਕਿ ਇਹ ਹਾਲ ਕੂਕਿਆਂ ਦਾ ਹੈ । 42 ਜਣੇ ਸਵਾਰ ਸਾਬਿਕਾ ਸਮੇਤ ਦਫ਼ੇਦਾਰ ਇੱਥੇ ਹਨ, 30 ਜਣੇ ਸਵਾਰ ਤੇ ਦੋ ਦਫ਼ੇਦਾਰ ਹੋਰ ਇੱਥੇ ਹਨ ਪਰ ਸਿੱਕਾ ਬਾਰੂਦ ਕਿਸੇ ਕੋਲ ਨਹੀਂ ਹੈ।

ਅੱਜ ਸਾਹਿਬ ਫ਼ਰਮਾਉਂਦੇ ਸਨ ਕਿ ਜੇ ਤੁਹਾਡੇ ਕੋਲੋਂ ਬੰਦੋਬਸਤ ਹੋ ਸਕਦਾ ਹੈ, ਤੁਸੀਂ ਕਰੋਂ ਨਹੀਂ ਤਾਂ ਅਸੀਂ ਕੱਲ ਪਰਸੋਂ ਤੱਕ ਕਰ ਦੇਵਾਂਗੇ। (ਦਾਸ ਨੇ ਕਿਹਾ) ਕਿ ਹਜ਼ੂਰ ਬਾਰੂਦ ਸਿੱਕਾ ਛੇਤੀ ਨਾਲ ਬਖਸ਼ ਦੇਣ ਅਤੇ ਤੋਪਾਂ ਤੇ ਬੰਦੂਕਾਂ ਵੀ ਬਹੁਤ ਸਾਰੀਆਂ ਬਖ਼ਸ਼ ਦਿੱਤੀਆਂ ਜਾਣ ਕਿਉਂਕਿ ਇਹ ਗੜਬੜ ਦੇਰ ਨਾਲ ਹਟਣ ਵਾਲੀ ਹੈ। ਇਨ੍ਹਾਂ ਲੋਕਾਂ ਦੀ ਕੂਕਿਆਂ ਨਾਲ ਹੱਦੋਂ **ਵੱਧ ਦੁਸ਼ਮਨੀ ਹੈ ਜਿਨ੍ਹਾਂ ਦੇ ਹੱਥੋਂ ਕੂਕਿਆਂ ਨੂੰ ਤਕਲੀਫ਼ ਪੁੱਜੀ ਹੈ ਅਤੇ ਕੂਕੇ ਆਪਣੀ ਮੌਤ ਨੂੰ ਚੰਗੀ ਗੱਲ ਸਮਝਦੇ ਹਨ। ਇਨ੍ਹਾਂ** ਲੋਕਾਂ ਭਾਵ ਆਪਣੇ ਗੁਲਾਮਾਂ ਦੀਆਂ ਜਾਨਾਂ ਦੇ ਵੀ ਹਜ਼ੂਰ ਰਖਵਾਲੇ ਹਨ ਅਤੇ ਇਹ ਲੋਕ ਹਜ਼ੂਰ ਦੇ ਪੁਰਾਣੇ, ਲੂਣ ਖਾਣ ਵਾਲੇ ਹਨ। ਹਜ਼ੂਰ ਮਾਲਿਕ ਹਨ। ਵਾਜਿਬ ਤੌਰ 'ਤੇ ਸੂਚਨਾ ਹਿਤ ਬੇਨਤੀ ਕੀਤੀ।

ਲਿਖਤ :- 21 ਜਨਵਰੀ 8 ਵਜੇ ਰਾਤ ਦੇ। ਦਾਸ

ਪੁਰਾਣਾ ਨਮਕ ਖ਼ਾਹ (ਲੂਣ ਖਾਣ ਵਾਲਾ),
ਅਹਿਮਦ ਹਸਨ ( ਵਕੀਲ ਲੁਧਿਆਣਾ)

---

**ਦਾਸ ਦੇ ਮਿਹਰਬਾਨ, ਸਤਿਕਾਰ ਯੋਗ ਤੇ ਸੇਵਾ ਯੋਗ ਜਨਾਬ ਮੀਰ ਸਾਹਿਬ**

**ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਸਾਹਿਬ ਮੀਰ ਮੁਨਸ਼ੀ,**

ਨਿਮਰਤਾ ਸਹਿਤ ਆਦਾਬ ਅਰਜ਼ ਕਰਨ ਮਗਰੋਂ ਹਾਲ ਇਹ ਹੈ ਕਿ ਅੱਜ ਦਾਸ 4 ਵਜੇ ਸ਼ਾਮ ਨੂੰ ਸਾਹਿਬ ਸੈਕਟਰੀ ਬਹਾਦੁਰ ਦੀ ਸੇਵਾ ਵਿੱਚ ਹਾਜ਼ਿਰ ਹੋਇਆ। ਫਿਰ ਦਾਸ ਨੇ ਮੌਕਾ ਪਾ ਕੇ ਸਾਹਿਬ ਕਮਿਸ਼ਨਰ ਬਹਾਦੁਰ ਦੇ ਖ਼ਤ ਦੇ ਮਜ਼ਮੂਨ ਦਾ ਵੇਰਵੇ ਸਹਿਤ ਹਾਲ ਅਰਜ਼ ਕੀਤਾ। ਇਹ ਮਜ਼ਮੂਨ ਕੂਕਿਆਂ ਦੇ ਫ਼ਸਾਦ ਦੇ ਮਾਮਲੇ 'ਚ ਮੀਰ ਨਿਆਜ਼ ਅਲੀ ਸਾਹਿਬ ਆਦਿ ਅਹੁਦੇਦਾਰਾਂ ਨੂੰ ਇਨਾਮ ਬਖ਼ਸ਼ੇ ਜਾਣ ਬਾਰੇ ਸੀ। ਉਸਤਤ ਯੋਗ ਸਾਹਿਬ ਬਹਾਦੁਰ ਨੇ ਹਾਲ ਧਿਆਨ ਨਾਲ ਸੁਣ ਕੇ ਹੁਕਮ ਦਿੱਤਾ ਕਿ ਸਾਨੂੰ ਇਸ ਇਨਾਮ ਦੇ ਬਖ਼ਸ਼ੇ ਜਾਣ ਬਾਰੇ ਸਾਹਿਬ ਕਮਿਸ਼ਨਰ ਬਹਾਦੁਰ ਵੱਲੋਂ ਕੋਈ ਲਿਖਤੀ ਇਤਲਾਹ ਨਹੀਂ ਆਈ। ਅਸੀਂ ਇਸ ਬਾਰੇ ਦਰਿਆਫ਼ਤ ਕਰਨ ਲਈ ਸਾਹਿਬ ਕਮਿਸ਼ਨਰ ਬਹਾਦੁਰ ਨੂੰ ਲਿਖਿਆ ਹੈ, ਜਦੋਂ ਜਵਾਬ ਆਇਆ ਤੁਹਾਨੂੰ ਜਵਾਬ ਦੇਵਾਂਗੇ।

ਫਿਰ ਦਾਸ ਨੇ ਮੰਗਲ ਸਿੰਘ ਰਾਏਪੁਰੀਏ ਬਾਰੇ ਅਰਜ਼ ਕੀਤਾ ਕਿ ਹਜ਼ੂਰ ਨੂੰ ਪਤਾ ਹੈ ਕਿ ਜਿਸ ਵੇਲੇ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਇੱਥੋਂ ਪਟਿਆਲੇ ਨੂੰ ਤਸ਼ਰੀਫ਼ ਲੈ ਗਏ ਸਨ ਤਾਂ ਉਸ ਵੇਲੇ **ਮੰਗਲ ਸਿੰਘ ਤੇ ਉਸ ਦੇ ਸਾਥੀਆਂ ਨੂੰ ਕੈਦ ਕਰ ਦਿੱਤਾ ਸੀ** ਅਤੇ ਰਿਸ਼ਤੇਦਾਰ ਆਦਿ ਦੀ ਕੋਈ ਲਿਹਾਜ ਨਹੀਂ ਕੀਤੀ ਬਲਕਿ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦਾ ਇਹ ਮਨਸ਼ਾ ਹੈ ਕਿ ਅੰਗਰੇਜ਼ ਗੌਰਮਿੰਟ ਇਸ ਨੂੰ ਆਪਣੀ ਨਿਗਰਾਨੀ 'ਚ ਲੈ ਕੇ ਗੁਰੂ ਰਾਮ ਸਿੰਘ ਦੇ ਹੋਰਾਂ "ਸੂਬਿਆਂ" ਵਾਂਗ ਪੰਜਾਬ ਦੀਆਂ ਹੱਦਾਂ ਤੋਂ ਬਾਹਰ ਕਿਸੇ ਮੁਨਾਸਿਬ ਅਸਥਾਨ 'ਤੇ ਭੇਜ ਦੇਣ। ਇਸ ਬਾਰੇ ਆਪ ਦਾ ਕੀ ਮਨਸ਼ਾ ਹੈ ? ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਹਾਂ ਨਿਰਸੰਦੇਹ, ਇਹ ਗੱਲ ਮਹਾਰਾਜਾ ਸਾਹਿਬ ਨੇ ਬਹੁਤ ਸਿਆਣਪ ਵਾਲੀ ਕੀਤੀ ਹੈ ਕਿ **ਮੰਗਲ ਸਿੰਘ** ਨੂੰ ਪਟਿਆਲੇ ਜਾਂਦੇ ਹੀ ਕੈਦ ਕਰ ਦਿੱਤਾ। ਇਹ ਜਿਹੜੀ ਗੱਲ ਲਿਖੀ ਹੈ ਕਿ ਅੰਗਰੇਜ਼ੀ ਸਰਕਾਰ **ਮੰਗਲ ਸਿੰਘ** ਨੂੰ ਆਪਣੀ ਹਿਫ਼ਾਜ਼ਤ 'ਚ ਲੈ ਲਵੇ, ਇਹ ਬਹੁਤ ਹੀ ਮੁਨਾਸਿਬ ਤੇ ਸਿਆਣਪ ਵਾਲੀ ਗੱਲ ਹੈ ਕਿਉਂਕਿ ਇਹ **ਮੰਗਲ ਸਿੰਘ** ਅੱਵਲ ਦਰਜੇ ਦਾ ਫ਼ਸਾਦੀ ਸੀ, ਗੁਰੂ ਰਾਮ ਸਿੰਘ ਨੂੰ ਬਹੁਤ ਮਦਦ ਦਿੰਦਾ ਰਿਹਾ ਹੈ ਤੇ ਹਰੇਕ ਤਰ੍ਹਾਂ ਨਾਲ ਉਸ ਦਾ ਮਦਦਗਾਰ ਰਿਹਾ ਹੈ। ਇਹ ਮਹਾਰਾਜਾ ਸਾਹਿਬ ਦਾ ਬਹੁਤ ਚੰਗਾ ਤੇ ਮੁਨਾਸਿਬ ਮਨਸ਼ਾ ਹੈ ਕਿ **ਮੰਗਲ ਸਿੰਘ** ਨੂੰ ਹੋਰ ਸੂਬਿਆਂ ਵਾਂਗ ਅੱਡ ਰੱਖਿਆ ਜਾਵੇ। ਸ੍ਰੀ ਮਹਾਰਾਜਾ ਸਾਹਿਬ ਨੇ ਜਿਹੜੀ ਉਸ ਦੀ ਲਿਹਾਜ਼ ਨਹੀਂ ਕੀਤੀ ਇਸ 'ਤੇ ਨਵਾਬ ਲੈਫ਼ਟੀਨੈਂਟ ਗਵਰਨਰ ਸਾਹਿਬ ਬਹੁਤ ਖ਼ੁਸ਼ ਹੋਏ ਹਨ। ਅਸੀਂ ਦੋਸਤਾਂ ਵਾਲੀ ਸਲਾਹ ਦਿੰਦੇ ਹਾਂ ਕਿ ਇਹ ਗੱਲ ਮੁਨਾਸਿਬ ਹੈ ਅਤੇ ਅਸੀਂ ਇਸ ਬਾਰੇ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਨੂੰ ਮੁੜ ਅਰਜ਼ ਕਰਾਂਗੇ। ਉਨ੍ਹਾਂ ਦਾ ਜੋ ਮਨਸ਼ਾ ਹੋਵੇਗਾ ਉਸ ਅਨੁਸਾਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਚਿੱਠੀ ਦਾ ਜਵਾਬ ਲਿਖਿਆ ਜਾਵੇਗਾ।

ਮੁਕਦੀ ਗੱਲ ਇਸ ਗੱਲ ਬਾਤ ਤੋਂ ਸਾਹਿਬ ਬਹਾਦੁਰ ਦੀ ਰਜ਼ਾਮੰਦੀ ਤੇ ਪ੍ਰਸੰਨਤਾ ਪਾਈ ਗਈ ਅਤੇ ਇਹ ਤਜਵੀਜ਼ ਅਤਿਅੰਤ ਮੁਨਾਸਿਬ ਹੋਈ ਨਹੀਂ ਤਾਂ ਪਤਾ ਨਹੀਂ ਸ਼ਾਇਦ ਅੰਗਰੇਜ਼ ਹਾਕਿਮਾਂ ਦੇ ਦਿਮਾਗ ਵਿੱਚ ਕੀ ਕਿ ਖ਼ਿਆਲ ਆਉਂਦੇ।

24 ਜਨਵਰੀ 1872.
ਮੁਕਾਮ ਦਿੱਲੀ, ਰਾਤ ਦਾ ਸਮਾਂ

ਦਾਸ
ਸੱਯਦ ਮੁਹੰਮਦ ਅਲੀ,
ਵਕੀਲ ਗੌਰਮਿੰਟ ਪੰਜਾਬ।

# ਲੁਕਿਆ ਸੱਚ

---

ਸ੍ਰੀ ਮਾਨ ਜੀ,

ਇਹ ਦਾਸ ਅੱਜ ਦੀ ਤਰੀਕ 'ਚ ਕਮਿਸ਼ਨਰ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਹਾਜ਼ਿਰ ਹੋਇਆ। ਪਹਿਲਾਂ ਤਾਂ ਸਾਹਿਬ ਬਹਾਦੁਰ ਸ੍ਰੀ ਮਹਾਰਾਜਾ ਸਾਹਿਬ ਦੀ ਪ੍ਰਸ਼ੰਸਾ ਕਰਦੇ ਰਹੇ ਤੇ ਫਿਰ ਫ਼ਰਮਾਇਆ ਕਿ ਪਟਿਆਲਾ ਤੋਂ ਕੂਕਿਆਂ ਦੀ ਵੀ ਕੋਈ ਖ਼ਬਰ ਆਈ ? ਇਸ ਦਾਸ ਨੇ ਬੇਨਤੀ ਕੀਤੀ ਕਿ ਹੁਣ ਕੂਕਿਆਂ ਦੀ ਕੀ ਖ਼ਬਰ ਆਉਣੀ ਹੈ, ਜਿਹੜੇ ਬਦਮਾਸ਼ ਸਨ ਉਹ ਮਾਰੇ ਗਏ ਹਨ ਤੇ ਬਾਕੀ ਰਹਿੰਦਿਆਂ ਨੂੰ ਕੰਨ ਹੋ ਗਏ ਹਨ। ਜੇ ਕੋਈ ਖ਼ਬਰ ਆਵੇਗੀ ਤਾਂ ਹਜ਼ੂਰ ਦੀ ਸੇਵਾ ਵਿੱਚ ਦੱਸ ਦਿੱਤੀ ਜਾਵੇਗੀ। ਸਾਹਿਬ ਬਹਾਦੁਰ ਨੇ ਪੁੱਛਿਆ ਕਿ **ਮੰਗਲ ਸਿੰਘ** ਕਿੱਥੇ ਹੈ ? ਦਾਸ ਨੇ ਬੇਨਤੀ ਕੀਤੀ ਕਿ ਮਹਾਰਾਜਾ ਸਾਹਿਬ ਜਿਸ ਦਿਨ ਤੋਂ ਦਿੱਲੀ ਤੋਂ ਤਸ਼ਰੀਫ਼ ਲਿਆਏ ਸਨ **ਉਸੇ ਦਿਨ ਮੰਗਲ ਸਿੰਘ ਨੂੰ ਕਿਲ੍ਹਾ ਬਹਾਦੁਰਗੜ੍ਹ ਵਿੱਚ ਕੈਦ ਕਰ ਦਿੱਤਾ ਸੀ ਅਤੇ ਅੱਜ ਤੱਕ ਉਸੇ ਤਰ੍ਹਾਂ ਕੈਦ ਹੈ।** ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ, ਨਿਰਸੰਦੇਹ, ਹੁਣ ਕੋਈ ਬਦਮਾਸ਼ ਕੂਕਾ ਨਹੀਂ ਰਿਹਾ।

ਕਿਉਂਕਿ ਇਸ ਗੱਲ ਦਾ ਦੱਸਣਾ ਵਾਜਿਬ ਸੀ ਇਸ ਲਈ ਅਰਜ਼ ਕੀਤਾ।

ਜ਼ਿਆਦਾ ਲਿਖਣਾ ਅਦਬ ਆਦਾਬ ਦੀ ਹੱਦ ਟੱਪਣ ਸਮਾਨ ਹੈ।

ਦਾਸ
ਨਿਸਾਰ ਅਲੀ ਵਕੀਲ ਕਮਿਸ਼ਨਰੀ
5 ਫਰਵਰੀ 1872 ਈ:

ਗਰੀਬ ਪਰਵਰ! ਸਲਾਮਤ !

ਦਾਸ ਨੇ ਕੱਲ ਸਾਹਿਬ ਡਿਪਟੀ ਕਮਿਸ਼ਨਰ ਸਾਹਿਬ ਬਹਾਦੁਰ ਨੂੰ ਬੇਨਤੀ ਕੀਤੀ ਸੀ ਕਿ ਜਿਹੜਾ ਸੋਨਾ, ਨਕਦ ਰੁਪਏ ਤੇ ਕੱਪੜੇ ਆਦਿ ਸਾਮਾਨ (ਗੁਰੂ) ਰਾਮ ਸਿੰਘ ਕੂਕੇ ਦੇ ਘਰੋਂ ਆਇਆ ਹੈ ਉਸ ਦੀ ਫ਼ਰਦ ਜਨਾਬ ਨਾਜ਼ਿਰ ਸਾਹਿਬ ਕੋਲ ਮੌਜੂਦ ਹੈ ਕਿਉਂਕਿ ਇਸ ਦਾਸ ਨੇ ਜਨਾਬ ਮੌਲਵੀ ਸਾਹਿਬ ਤੋਂ ਦਰਿਆਫ਼ਤ ਕੀਤਾ ਸੀ ਕਿ ਉਹ ਫ਼ਰਦ ਕਿਸ ਕੋਲ ਹੈ ? ਜਨਾਬ ਮੌਲਵੀ ਸਾਹਿਬ ਨੇ ਫ਼ਰਮਾਇਆ ਸੀ ਕਿ ਨਾਜ਼ਿਰ ਦੇ ਕੋਲ ਹੈ ਪਰ ਨਾਜ਼ਿਰ, ਸਾਹਿਬ ਬਹਾਦੁਰ ਦੇ ਹੁਕਮ ਤੋਂ ਬਿਨਾ ਨਹੀਂ ਦੇਵੇਗਾ। ਇਸ ਵਾਸਤੇ ਇਸ ਦਾਸ ਨੇ ਸਾਹਿਬ ਨੂੰ ਜ਼ਬਾਨੀ ਬੇਨਤੀ ਕੀਤੀ। ਸਾਹਿਬ ਨੇ ਫ਼ਰਮਾਇਆ ਕਿ ਸਾਮਾਨ ਤਾਂ ਉਹ ਦਾ ਵਾਪਸ ਕਰ ਦਿੱਤਾ ਗਿਆ ਹੈ, ਇੱਕ ਹਜ਼ਾਰ ਰੁਪਏ ਤੇ ਕੁਝ ਜ਼ੇਵਰ ਮੌਜੂਦ ਹਨ, ਤੁਸੀਂ ਮੇਰਾ ਨਾਮ ਲੈ ਕੇ ਨਾਜ਼ਿਰ ਸਾਹਿਬ ਨੂੰ ਜਾ ਕੇ ਕਹੋ ਕਿ ਉਹ ਫ਼ਰਦ ਦੀ ਨਕਲ ਦੇ ਦੇਵੇਗਾ ਜਾਂ ਮੇਰਾ ਫ਼ਰਮਾਨ ਲਾਲਾ ਚੇਤ ਰਾਮ ਸਾਹਿਬ ਸਰਵ ਅਦਾਲਤ ਨੂੰ ਜਾ ਦਿਉ।

ਸੋ ਸਾਹਿਬ ਬਹਾਦੁਰ ਦੇ ਹੁਕਮ ਅਨੁਸਾਰ ਇਜਾਜ਼ਤ ਲੈ ਕੇ ਤਰਾਬ ਅਲੀ ਮੁਹੱਰਿਰ ਨੂੰ ਭੇਜਦਾ ਹਾਂ। ਕ੍ਰਿਪਾ ਕਰਕੇ ਉਸ ਦੀ ਨਕਲ ਤਰਾਬ ਅਲੀ ਨੂੰ ਕਰ ਲੈਣ ਦਿਉ, ਜੇ ਆਪ ਨਕਲ ਕਰ ਦਿਉਂਗੇ ਤਾਂ ਤਕਲੀਫ਼ ਜ਼ਰੂਰ ਹੋਵੇਗੀ।

ਦਾਸ ਅਹਿਮਦ ਹਸਨ ਵਕੀਲ ਲੁਧਿਆਣਾ।
5 ਫਰਵਰੀ ਸੰਨ 1872 ਈ:

ਇਸ ਵਾਪਸ ਕੀਤੇ ਮਾਲ ਦੀ ਕੋਈ ਫ਼ਰਦ ਨਹੀਂ ਬਣੀ ਅਰਥਾਤ ਨਾ ਮਾਲ ਦੀ ਜ਼ਬਤੀ ਸਮੇਂ ਤੇ ਨਾ ਵਾਪਸ ਕਰਨ ਸਮੇਂ ਬਣੀ। ਜ਼ੇਵਰਾਂ ਦੀ ਸੂਚੀ ਜ਼ਰੂਰ ਸੀ ਉਹ ਵੀ ਜ਼ੇਵਰਾਂ ਨਾਲ ਖ਼ਜ਼ਾਨੇ 'ਚ ਹੈ।

ਚੇਤ ਰਾਮ ਅਫ਼ਸਰ

# ਲੁਕਿਆ ਸੱਚ

---

ਗਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਜਿਹੜਾ ਸਾਮਾਨ, ਜ਼ੇਵਰ ਤੇ ਨਕਦ ਰੁਪਏ ਗੁਰੂ ਰਾਮ ਸਿੰਘ ਦੀ ਗ੍ਰਿਫ਼ਤਾਰੀ ਸਮੇਂ ਸਾਹਿਬਾਨ ਬਹਾਦੁਰ ਭੈਣੀ ਤੋਂ ਲਿਆਏ ਸਨ ਉਸ ਦੀ ਸੂਚੀ ਅੱਜ ਤੱਕ ਹਜ਼ੂਰ ਮਹਾਰਾਜਾ ਸਾਹਿਬ ਕੋਲ ਨਹੀਂ ਭੇਜੀ ਗਈ। ਕੱਲ ਇਹ ਦਾਸ ਜਦੋਂ ਸਾਹਿਬ ਬਹਾਦੁਰ ਨੂੰ ਸਲਾਮ ਕਰਨ ਵਾਸਤੇ ਉਨ੍ਹਾਂ ਦੀ ਨਿੱਜੀ ਕੋਠੀ 'ਤੇ ਹਾਜ਼ਿਰ ਹੋਇਆ ਉਸ ਵੇਲੇ ਗੁਰੂ ਰਾਮ ਸਿੰਘ ਦੇ ਮਾਲ ਤੇ ਸਾਮਾਨ ਦਾ ਜ਼ਿਕਰ ਆਇਆ। ਸਾਹਿਬ ਬਹਾਦੁਰ ਨੇ ਹੱਸਦੇ ਹੋਏ ਫ਼ਰਮਾਇਆ ਕਿ ਸਾਨੂੰ ਤਾਂ ਇੱਕ ਟਾਕੂਆ ਮਿਲਿਆ ਹੈ ਜਿਸ ਦੀ ਨਕਲ ਬੇਹੱਦ ਅਨੋਖੀ ਸੀ। ਇਹ ਸਾਰਾ ਪਿੱਤਲ ਦਾ ਬਣਿਆ ਹੋਇਆ ਸੀ ਕੇਵਲ ਉਸ ਦੇ ਮੂੰਹ 'ਤੇ ਕੋਈ ਇੱਕ ਉਂਗਲ ਚੌੜਾ ਫੌਲਾਦੀ ਲੋਹਾ ਲੱਗਿਆ ਹੋਇਆ ਸੀ। ਉਹ ਖ਼ਾਸ ਗ੍ਰਿਫ਼ਤਾਰੀ ਸਮੇਂ ਉਸ ਦੇ ਮੰਜੇ 'ਤੋਂ ਮਿਲਿਆ ਸੀ। ਫਿਰ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਜਿਹੜਾ ਸਾਮਾਨ ਉਹ ਦੇ ਘਰ ਤੋਂ ਆਇਆ ਸੀ ਉਹ ਅਸੀਂ ਅੱਜ ਉਸ ਦੇ ਭਾਈ ਨੂੰ ਦੇ ਦਿੱਤਾ, ਸਿਰਫ਼ ਇੱਕ ਹਜ਼ਾਰ ਰੁਪਏ ਨਕਦ ਤੇ ਕੁਝ ਜ਼ੇਵਰ ਬਾਕੀ ਹਨ ਅਤੇ ਅਸੀਂ ਤਾਰ ਰਾਹੀਂ ਗੁਰੂ ਰਾਮ ਸਿੰਘ ਤੋਂ ਪੁੱਛਿਆ ਸੀ ਕਿ ਤੇਰਾ ਮਾਲ ਕਿਸ ਨੂੰ ਦਿੱਤਾ ਜਾਵੇ ਤਾਂ ਉਸ ਨੇ ਆਪਣੇ ਭਾਈ ਦਾ ਨਾਮ ਲਿਆ, ਸੋ ਉਸ ਨੂੰ ਦੇ ਦਿੱਤਾ। ਇਸ ਗੁਰੂ ਰਾਮ ਸਿੰਘ ਬਾਰੇ ਬੜਾ ਭਰਮ ਸੀ ਪਰ ਪਤਾ ਨਹੀਂ ਕਿ ਉਸ ਦਾ ਰੁਪਿਆ ਕਿੱਥੇ ਗਿਆ। ਉਸ ਨੇ ਇਸ ਅਰਸੇ 'ਚ ਕਿਤੇ ਨੇੜੇ ਤੇੜੇ ਲੁਕਾ ਦਿੱਤਾ ਹੋਵੇਗਾ।

ਇਹ ਦਾਸ ਵੀ ਮੁਨਾਸਿਬ ਸਮੇਂ 'ਤੇ ਕੋਈ ਗੱਲ ਪੁੱਛਦਾ ਰਹਿੰਦਾ ਹੈ ਅਤੇ ਇਹ ਵੀ ਬੇਨਤੀ ਕੀਤੀ ਕਿ ਉਸ ਦੇ ਸਾਮਾਨ ਦੀ ਸੂਚੀ ਇਹ ਦਾਸ ਵੀ ਦੇਖਣੀ ਚਾਹੁੰਦਾ ਹੈ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਅਦਾਲਤ ਦੇ ਮੁਨਸ਼ੀ ਤੋਂ ਲਓ।

ਸੋ ਮੈਂ ਆਪਣੇ ਮੁਹੱਰਿਰ ਨੂੰ ਲਿਖਤ ਰਾਹੀਂ ਭੇਜਿਆ ਉਸ ਦਾ ਉਹ ਜਵਾਬ ਇਸ ਬਿਨੈ-ਪੱਤਰ ਰਾਹੀਂ ਹਜ਼ੂਰ ਕੋਲ ਭੇਜ ਰਿਹਾ ਹਾਂ। ਸਾਹਿਬ ਬਹਾਦੁਰ ਇਹ ਵੀ ਫ਼ਰਮਾਉਂਦੇ ਸਨ ਕਿ ਕੇਵਲ ਦੁਸਹਿਰੇ ਦੇ ਮੌਕੇ 'ਤੇ ਹੀ ਜਿਸ ਕਦਰ ਰੁਪਿਆ ਆਇਆ ਸੀ ਗੁਰੂ ਰਾਮ ਸਿੰਘ ਨੇ ਉਹੀ ਆਪਣੇ ਘਰ ਮੌਜੂਦ ਰੱਖਿਆ, ਬਾਕੀ ਦਾ ਰੱਬ ਜਾਣੇ ਕਿੱਥੇ ਰੱਖਿਆ।

ਜਦੋਂ ਇਹ ਦਾਸ ਸਲਾਮ ਬੁਲਾਕੇ ਸਾਹਿਬ ਦੀ ਨਿੱਜੀ ਕੋਠੀ ਤੋਂ ਵਾਪਸ ਚੱਲਿਆ ਤਾਂ ਸਾਹਿਬ ਨੇ ਮੁੜ ਬੁਲਾ ਲਿਆ। ਉਸ ਵੇਲੇ ਬਾਰਕਸ ਸਾਹਿਬ ਬਹਾਦੁਰ ਸੁਪਰਡੈਂਟ ਤੇ ਜੱਜ ਸਾਹਿਬ ਬਹਾਦੁਰ ਵੀ ਤਸ਼ਰੀਫ਼ ਲੈ ਆਏ। ਤਿੰਨੋਂ ਸਾਹਿਬਾਨ ਬਹਾਦੁਰ ਦਾਸ ਨੂੰ ਫ਼ਰਮਾਉਣ ਲੱਗੇ ਕਿ **ਮੰਗਲ ਸਿੰਘ** "ਸੂਬਾ", ਜਿਸ ਨੂੰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਨੇ ਕੈਦ ਕੀਤਾ ਹੈ, ਉਸ ਨੂੰ ਕੀ ਸਜ਼ਾ ਹੋਈ ? ਇਸ ਦਾਸ ਨੇ ਬੇਨਤੀ ਕੀਤੀ ਕਿ ਉਹ ਸ਼ਖਸ ,ਅਜੇ ਤੱਕ ਉਸ ਵਾਸਤੇ ਕੋਈ ਅੰਤਮ ਹੁਕਮ ਨਹੀਂ ਹੋਇਆ। ਸਾਹਿਬਾਨ ਬਹਾਦੁਰ ਫ਼ਰਮਾਉਣ ਲੱਗੇ ਕਿ **ਇਹ ਸ਼ਖਸ ਗੁਰੂ ਰਾਮ ਸਿੰਘ ਦਾ ਬੜਾ ਕਰੀਬੀ ਹੈ, ਦੇਖਦੇ ਹਾਂ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਇਸ ਨੂੰ ਕਿੰਨੀ ਸਜ਼ਾ ਦਿੰਦੇ ਹਨ।** ਅਸੀਂ ਤਾਂ ਜਿਹੜਾ ਕੋਈ ਵਿਅਕਤੀ ਵੀ "ਸੂਬਾ" ਸੀ ਉਸ ਨੂੰ ਰਾਮ ਸਿੰਘ ਦੇ ਨਾਲ ਭੇਜ ਦਿੱਤਾ ਹੈ। ਇਹ ਉਨ੍ਹਾਂ ਬੜਿਆਂ ਨਾਲੋਂ ਵੀ ਗੁਰੂ ਰਾਮ ਸਿੰਘ ਨੂੰ ਪਿਆਰਾ ਸੀ।

ਇਹ ਦਾਸ ਇਸ ਗੱਲਬਾਤ ਮਗਰੋਂ ਉੱਥੋਂ ਵਾਪਸ ਚਲਾ ਆਇਆ।

ਸੂਚਨਾ ਹਿਤ ਅਰਜ਼ ਕੀਤਾ।

14 ਫਰਵਰੀ ਸੰਨ 1872 ਈ:

ਦਾਸ

ਪੁਰਾਣਾ ਨਮਕ ਖ਼ਾਹ (ਖਾਣ ਵਾਲਾ)

ਅਹਿਮਦ ਹਸਨ ਵਕੀਲ ਲੁਧਿਆਣਾ।

---

**ਖਲੀਫਾ ਸੱਯਦ ਮੁਹੰਮਦ ਹੁਸੈਨ ਮੀਰ ਮੁਨਸੀ ਦੀ ਤਜਵੀਜ ਨਾਲ ਕਚਹਿਰੀ ਮੁਨਸ਼ੀ ਖਾਨਾ ਦੀ ਰੋਬਕਾਰ ਮਿਤੀ 19 ਫਰਵਰੀ 1872**

ਸਾਹਿਬ ਸੈਕਟਰੀ ਗੋਰਮਿੰਟ ਪੰਜਾਬ,ਨੂਰਾਨੀ ਹਜੂਰ ਮਹਾਰਾਜਾ ਸਾਹਿਬ (ਮਹਾਰਾਜਾ ਪਟਿਆਲਾ ) ਦੇ ਨਾਮ ਲਿਖੀ ਚਿੱਠੀ ਉਕਾਣਾ (ਹੁਣ ਹਰਿਆਣਾ,ਉਦੋਂ ਜ਼ਿਲ੍ਹਾ ਹਿਸਾਰ ) ਦੇ ਅਸਥਾਨ ਤੇ ਮਿਤੀ 17 ਫਰਵਰੀ 1872 ਈਃ ਨੂੰ ਪੁੱਜੀ।

ਹੁਕਮ ਹੋਇਆ ਕਿ **ਮੰਗਲ ਸਿੰਘ ਰਾਏਪੁਰੀਆਂ ਨੂੰ ਜਿਹੜਾ ਕੂਕਿਆਂ ਦੇ ਮਾਮਲੇ ਚ ਕਿਲ੍ਹਾ ਬਹਾਦੁਰਗੜ੍ਹ ਵਿਚ ਕੈਦ ਹੈ**,ਗੁੱਜਰ ਸਿੰਘ ਰਿਸਾਲਦਾਰ ਦੇ ਫੌਜੀ ਸਿਪਾਹੀਆਂ ਦੀ ਮੁਨਾਸਿਬ ਨਿਗਰਾਨੀ ਹੇਠ,ਸਾਹਿਬ ਕਮਿਸਨਰ ਬਹਾਦੁਰ ਅੰਬਾਲਾ ਦੀ ਸੇਵਾ ਵਿੱਚ ਭੇਜ ਦਿੱਤਾ ਜਾਵੇ।

ਇਸ ਰੋਬਕਾਰ ਦੀ ਇੱਕ ਨਕਲ ਵਕੀਲ ਕਮਿਸ਼ਨਰੀ ਕੋਲ ਭੇਜ ਦਿੱਤੀ ਜਾਵੇ ਅਤੇ ਇੱਕ ਨਕਲ ਵਕੀਲ ਜਿਲ੍ਹਾ ਕੋਲ ਇਸ ਮਨੋਰਥ ਨਾਲ ਭੇਜੀ ਜਾਵੇ ਕਿ ਜੇ ਸਾਹਿਬ ਬਹਾਦੁਰ ਪੰਜਾਬ ਅਤੇ ਹਰਿਆਣਾ ,ਲੁਧਿਆਣਾ ਨੂੰ ਸਵਾਰ ਹੋ ਗਏ ਹੋਣ ਤਾਂ ਵਕੀਲ ਕਮਿਸ਼ਨਰੀ ਇਸ ਹਾਲ ਬਾਰੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਜਿਲ੍ਹੇ ਦਾ ਪ੍ਰਬੰਧ ਕਰਦਾ ਹੋਵੇ,ਖ਼ਬਰ ਦੇ ਕੇ **ਮੰਗਲ ਸਿੰਘ** ਨੂੰ ਗੁੱਜਰ ਸਿੰਘ ਰਿਸਾਲਦਾਰ ਦੀ ਨਿਗਰਾਨੀ ਚੋਂ ਦੇ ਦੇਵੇ ਅਤੇ ਇਸ ਦੀ ਰਸੀਦ ਲੈ ਕੇ ਗੁੱਜਰ ਸਿੰਘ ਰਿਸਾਲਪੁਰ ਨੂੰ ਵਾਪਿਸ ਭੇਜ ਦੇਵੇ।

ਇਸ ਦੀ ਇੱਕ ਨਕਲ ਸੂਚਨਾ ਵਜੋਂ ਵਕੀਲ ਲੁਧਿਆਣਾ ਕੋਲ ਭੇਜ ਦਿੱਤਾ ਜਾਵੇ।

ਸ੍ਰੀਮਾਨ ਜੀ,

ਸਰਕਾਰ ਦੇ ਹੁਕਮ ਤੋਂ ਸੂਚਿਤ ਹੋਇਆ। ਇਹ ਰਿਪੋਰਟ ਇਤਲਾਹ ਦੇ ਤੌਰ ਤੇ ਜਵਾਬ ਵਜੋਂ ਹਜੂਰ ਕੋਲ ਭੇਜੀ ਜਾਂਦੀ ਹੈ।

ਮਿਤੀ 19 ਫਰਵਰੀ 1872

ਦਾਸ
ਪੁਰਾਣਾ
ਨਿਸਾਰ ਅਲੀ ਵਕੀਲ ਸਰਕਾਰ ਪਟਿਆਲਾ
ਮਹਿਕਮਾ ਕਮਿਸ਼ਨਰੀ ਚੋਂ ਹਾਜਿਰ ਰਹਿਣ ਵਾਲਾ

---

ਸ੍ਰੀ ਮਾਨ ਜੀ, ਗਰੀਬ ਪਰਵਰ ! ਸਲਾਮਤ !

*ਮੰਗਲ ਸਿੰਘ ਰਾਏਪੁਰੀਆ, ਗੁੱਜਰ ਸਿੰਘ ਰਿਸਾਲਦਾਰ ਦੀ ਫ਼ੌਜ ਨਾਲ ਪੁੱਜਾ। ਮੀਰ ਨਿਸਾਰ ਅਲੀ ਸਾਹਿਬ ਵਕੀਲ ਕਮਿਸ਼ਨਰੀ ਤੋਂ ਦਰਿਆਫ਼ਤ ਕੀਤਾ ਗਿਆ ਤਾਂ ਮੀਰ ਸਾਹਿਬ ਨੇ ਲਿਖਿਆ ਕਿ ਜਨਾਬ ਸਾਹਿਬ ਕਮਿਸ਼ਨਰ ਬਹਾਦੁਰ ਤਸ਼ਰੀਫ਼ ਰੱਖਦੇ ਹਨ, ਕੱਲ ਨੂੰ ਸਵਾਰ ਹੋਣਗੇ ਅਤੇ ਮੰਗਲ ਸਿੰਘ ਨੂੰ ਛੇਤੀ ਭੇਜ ਦਿਓ।

ਸੋ ਉਪ੍ਰੋਕਤ ਮੰਗਲ ਸਿੰਘ ਨੂੰ ਰਿਸਾਲਦਾਰ ਦੇ ਫ਼ੌਜੀ ਸਿਪਾਹੀਆਂ ਨਾਲ ਮਹਿਕਮਾ ਕਮਿਸ਼ਨਰੀ ਦੇ ਵਕੀਲ ਕੋਲ ਰਵਾਨਾ ਕੀਤਾ ਗਿਆ ਹੈ।

ਇਹ ਰਿਪੋਰਟ ਇਤਲਾਹ ਵਜੋਂ ਹਜ਼ੂਰ ਕੋਲ ਭੇਜੀ ਜਾਂਦੀ ਹੈ।

ਦਾਸ<br>
ਮਿਹਰ ਸਿੰਘ ਮੁਹੱਰਿਰ,<br>
ਵਕਾਲਤ ਅੰਬਾਲਾ।<br>
ਮਿਤੀ 20 ਫਰਵਰੀ 1872.

ਗ਼ਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਇਸ ਤੋਂ ਪਹਿਲਾਂ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨਾ ਦੀ ਰੋਬਕਾਰ ਮਿਤੀ 19 ਫਰਵਰੀ 1872 ਦੇ ਜਵਾਬ ਵਿੱਚ ਮੰਗਲ ਸਿੰਘ ਦੇ ਪਹੁੰਚਣ ਦਾ ਹਾਲ ਸਖ਼ੀ ਹਜ਼ੂਰ ਦੀ ਸੇਵਾ ਵਿੱਚ ਭੇਜ ਚੁੱਕਿਆਂ ਹਾਂ। ਹੁਣ ਇਹ ਬੇਨਤੀ ਹੈ ਕਿ ਕੱਲ ਸ਼ਾਮ ਦੀ ਰੇਲ ਵਿੱਚ ਮੰਗਲ ਸਿੰਘ ਨੂੰ ਇੱਕ ਆਦਮੀ ਸਮੇਤ, ਜਿਸ ਦੇ ਪੈਰੀਂ ਬੇੜੀਆਂ ਲੱਗੀਆਂ ਹੋਈਆਂ ਸਨ, ਸਟੇਸ਼ਨ ਅੰਬਾਲਾ ਤੋਂ ਚੜ੍ਹਾ ਕੇ ਅਲਾਹਾਬਾਦ ਨੂੰ ਰਵਾਨਾ ਕਰ ਦਿੱਤਾ ਗਿਆ ਅਤੇ ਮੰਗਲ ਸਿੰਘ ਦੇ ਪੈਰਾਂ 'ਚ ਬੇੜੀਆਂ ਪਈਆਂ ਰਹੀਆਂ ਜਦੋਂ ਕਿ ਨਾਲ ਦੇ ਸਾਥੀ ਦੂਜੇ ਆਦਮੀ ਦੀਆਂ ਬੇੜੀਆਂ ਕੱਟ ਦਿੱਤੀਆਂ ਗਈਆਂ।

ਸੋ ਇਹ ਬਿਨੈ-ਪੱਤਰ ਸਖ਼ੀ ਸਰਕਾਰ ਦੀ ਸੇਵਾ ਵਿੱਚ ਇਤਲਾਹ ਵਜੋਂ ਭੇਜਿਆ ਗਿਆ ਹੈ। ਵਾਜਿਬ ਜਾਣ ਕੇ ਅਰਜ਼ ਕੀਤਾ।

ਐ ਖ਼ੁਦਾ ! ਹਕੂਮਤ ਤੇ ਤੇਜ ਪਰਤਾਪ ਦਾ ਸੂਰਜ ਚਮਕਦਾ ਰਵ੍ਹੇ !

ਦਾਸ<br>
ਪੁਰਾਣਾ ਨਮਕ ਪਰਵਰਦਾ,<br>
ਨਿਸਾਰ ਅਲੀ<br>
ਵਕੀਲ ਸਰਕਾਰ, ਮਹਿਕਮਾ ਕਮਿਸ਼ਨਰੀ 'ਚ ਹਾਜ਼ਿਰ ਰਹਿਣ ਵਾਲਾ।<br>
22 ਫਰਵਰੀ 1872

ਮਹਾਰਾਜਾ ਸਾਹਿਬ ਦੇ ਮੁਲਾਹਿਜ਼ੇ ਮਗਰੋਂ ਹੁਕਮ ਹੋਇਆ ਕਿ ਸ਼ਾਮਿਲ ਮਿਸਲ ਹੋਵੇ ਅਤੇ ਵਕੀਲ ਲੁਧਿਆਣਾ ਤੇ ਵਕੀਲ ਗੌਰਮਿੰਟ ਪੰਜਾਬ ਨੂੰ ਇਸ ਬਾਰੇ ਇਤਲਾਹ ਦਿੱਤੀ ਜਾਵੇ।

ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ, 24 ਫਰਵਰੀ 1872.

* ਸ. ਮੰਗਲ ਸਿੰਘ ਨੂੰ ਕਿਲਾ ਬਹਾਦੁਰਗੜ੍ਹ ਦੀ ਕੈਦ ਵਿਚੋਂ ਫਰਵਰੀ 1872 ਨੂੰ ਇਲਾਹਾਬਾਦ ਵਿਖੇ ਨਜ਼ਰਬੰਦ ਕਰ ਦਿੱਤਾ ਗਿਆ।

# ਪਰਚਾ

ਮੰਗਲ ਸਿੰਘ ਦੇ ਭਾਈ ਕਰਤਾਰ ਸਿੰਘ ਨੇ ਭੂਪ ਸਿੰਘ ਨੂੰ **ਸਰਦਾਰ ਮੰਗਲ ਸਿੰਘ** ਕੋਲ ਅੱਲਾਹਾਬਾਦ ਭੇਜਿਆ ਸੀ ਅਤੇ ਭੂਪ ਸਿੰਘ ਨੂੰ ਦੋ ਅਰਦਾਸਾਂ ਦਿੱਤੀਆਂ ਸਨ। **ਅਜੇ ਭੂਪ ਸਿੰਘ ਇਲਾਹਾਬਾਦ ਜਾ ਕੇ ਮੰਗਲ ਸਿੰਘ ਨੂੰ ਮਿਲਿਆ ਵੀ ਨਹੀ ਸੀ ਕਿ ਪੁਲਿਸ ਦੇ ਸਿਪਾਹੀਆਂ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ।** ਉਸ ਤੋਂ ਦੋ ਅਰਦਾਸਾਂ ਬਰਾਮਦ ਹੋਈਆਂ ਤੇ ਉਹ ਪੜ੍ਹੀਆਂ ਗਈਆਂ। ਉਪ੍ਰੋਕਤ ਅਰਦਾਸਾਂ ਵਿੱਚ ਕੋਈ ਅਜਿਹਾ ਮਜ਼ਮੂਨ ਨਹੀਂ ਸੀ ਜਿਹੜਾ ਭੂਪ ਸਿੰਘ ਦੀ ਗ੍ਰਿਫ਼ਤਾਰੀ ਦਾ ਕਾਰਨ ਬਣਦਾ, ਇਸ ਲਈ ਭੂਪ ਸਿੰਘ ਨੂੰ ਉੱਥੋ ਹੀ ਵਾਪਸ ਭੇਜ ਦਿੱਤਾ। ਭੂਪ ਸਿੰਘ ਮੇਜਰ ਤਾਮ ਫੀਲਡ ਸਾਹਿਬ ਬਹਾਦੁਰ ਇੰਸਪੈਕਟਰ ਜਨਰਲ ਪੁਲਿਸ ਰਾਹੀਂ ਅੱਜ ਸਾਹਿਬ ਕਮਿਸ਼ਨਰ ਬਹਾਦੁਰ ਕੋਲ ਪੁੱਜਿਆ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਇਸ ਦਾ ਕੋਈ ਜੁਰਮ ਨਹੀਂ ਹੈ, ਕੇਵਲ ਅਰਦਾਸਾਂ ਲੈ ਕੇ ਗਿਆ ਸੀ। ਹੁਣ ਤੁਸੀਂ ਇਸ ਨੂੰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਭੇਜ ਦਿਓ, ਇਹ ਉੱਥੋਂ ਆਪਣੇ ਘਰ ਚਲਿਆ ਜਾਵੇਗਾ।

ਸੋ ਭੂਪ ਸਿੰਘ ਨੂੰ ਇੱਥੋਂ ਇਸ ਮਹਿਕਮੇ ਦੇ ਸਿਪਾਹੀ ਦੀ ਨਿਗਰਾਨੀ ਹੇਠ ਰਾਜਪੁਰੇ ਨੂੰ ਰਵਾਨਾ ਕਰਦਾ ਹਾਂ ਅਤੇ ਰਾਜਪੁਰੇ ਤੋਂ ਉੱਥੋਂ ਦੇ ਥਾਣੇ ਦੇ ਸਿਪਾਹੀ ਦੀ ਨਿਗਰਾਨੀ 'ਚ ਉੱਚੀ ਸ਼ਾਨ ਵਾਲੀ ਸਰਕਾਰ ਕੋਲ ਹਾਜ਼ਿਰ ਹੋ ਜਾਵੇਗਾ।

ਵਾਜਿਬ ਜਾਣ ਕੇ ਅਰਜ਼ ਕੀਤਾ।

27 ਮਾਰਚ 1872.

ਦਾਸ
ਪੁਰਾਣਾ ਨਮਕ ਪਰਵਰਦਾ,
ਨਿਸਾਰ ਅਲੀ ਵਕੀਲ ਕਮਿਸ਼ਨਰੀ

**ਹੁਕਮ ਹੋਇਆ**

ਕਿਉਂਕਿ ਇਹ ਭੂਪ ਸਿੰਘ ਛੱਡਿਆ ਗਿਆ, ਇਹ ਕਾਗਜ਼ ਇਤਲਾਹ ਵਜੋਂ ਸਰਕਾਰ ਤੋਂ ਮੁਲਾਹਿਜ਼ਾ ਕਰਵਾਇਆ ਜਾਵੇ।

ਮੀਰ ਮੁਨਸ਼ੀ

---

ਗ਼ਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਦਸੌਂਧਾ ਸਿੰਘ ਕੂਕਾ ਜਿਹੜਾ ਮੰਗਲ ਸਿੰਘ ਦੇ ਨਾਲ ਅਲਾਹਾਬਾਦ ਨੂੰ ਭੇਜਿਆ ਗਿਆ, ਦਾ ਹਾਲ ਦਰਿਆਫ਼ਤ ਕਰਨ ਵਾਸਤੇ ਮਹਿਕਮਾ ਕਮਿਸ਼ਨਰੀ ਦਾ ਪਰਵਾਨਾ ਦਾਸ ਕੋਲ ਪੁੱਜਾ।

ਸੋ ਇਸ ਬਿਨੈ-ਪੱਤਰ ਰਾਹੀਂ ਅਸਲ ਕਾਗਜ਼ ਹਜ਼ੂਰ ਕੋਲ ਭੇਜ ਕੇ ਉਮੀਦ ਕਰਦਾ ਹਾਂ ਕਿ ਇਸ ਮਾਮਲੇ ਸੰਬੰਧੀ ਜੋ ਹੁਕਮ ਹੋਵੇ ਉਸ ਬਾਰੇ ਸੂਚਿਤ ਕਰਨਾ ਤਾਂ ਕਿ ਉਹ ਮਹਿਕਮਾ ਕਮਿਸ਼ਨਰੀ 'ਚ ਦੱਸਿਆ ਜਾ ਸਕੇ।

ਵਾਜਿਬ ਜਾਣ ਕੇ ਅਰਜ਼ ਕੀਤਾ।

ਹਕੂਮਤ ਦਾ ਸੂਰਜ ਚਮਕਦਾ ਰਵ੍ਹੇ !

ਦਾਸ
ਪੁਰਾਣਾ ਨਮਕ ਪਰਵਰਦਾ,
ਨਿਸਾਰ ਅਲੀ ਵਕੀਲ ਸਰਕਾਰ,
ਮਹਿਕਮਾ ਕਮਿਸ਼ਨਰੀ 'ਚ ਹਾਜ਼ਿਰ ਰਹਿਣ ਵਾਲਾ।
21 ਅਪ੍ਰੈਲ 1872.

**ਹੁਕਮ ਹੋਇਆ ਕਿ**
ਇਸ ਵੇਲੇ ਦਫ਼ਤਰ ਨਾਲ ਗੱਲਬਾਤ ਹੋਵੇ।

22 ਅਪ੍ਰੈਲ 1872.

-----------------------------------------------------------------------

**ਖ਼ਲੀਫ਼ਾ ਸੱਯਦ ਮੁਹੰਮਦ ਕਾਜ਼ਿਮ ਸਹਾਇਕ ਮੀਰ ਮੁਨਸ਼ੀ ਦੇ ਹੁਕਮ ਨਾਲ ਮਹਿਕਮਾ ਫ਼ੌਜਦਾਰੀ ਮੁਨਸ਼ੀ ਖ਼ਾਨਾ ਵੱਲੋਂ**

ਬਹਾਦੁਰ ਥਾਣੇਦਾਰ,
ਸਾਹਿਬਗੜ੍ਹ,

ਵਕੀਲ ਕਮਿਸ਼ਨਰੀ ਦਾ ਬਿਨੈ-ਪੱਤਰ ਮਿਤੀ 21 ਅਪ੍ਰੈਲ 1872 ਤੇ ਅਦਾਲਤ ਦਾ ਇੱਕ ਪਰਵਾਨਾ ਦਾਸ ਕੋਲ ਪੁੱਜਾ ਜਿਸ ਰਾਹੀਂ ਦਸੌਂਧਾ ਸਿੰਘ ਕੂਕਾ, ਜਿਹੜਾ ਮੰਗਲ ਸਿੰਘ ਦੇ ਨਾਲ ਅਲਾਹਾਬਾਦ ਨੂੰ ਰਵਾਨਾ ਕੀਤਾ ਗਿਆ ਸੀ, ਦਾ ਹਾਲ ਦਰਿਆਫ਼ਤ ਕੀਤਾ ਹੈ। ਸੋ ਇਸ ਬਿਨੈ-ਪੱਤਰ ਰਾਹੀਂ ਅਸਲ ਕਾਗਜ਼ ਹਜ਼ੂਰ ਕੋਲ ਭੇਜ ਕੇ ਉਮੀਦ ਕਰਦਾ ਹਾਂ ਕਿ ਅਗਲੇ 'ਚ ਜੋ ਹੁਕਮ ਹੋਵੇ ਉਹ ਮਹਿਕਮਾ ਕਮਿਸ਼ਨਰੀ ਵਿੱਚ ਜਵਾਬ ਵਜੋਂ ਦੱਸਿਆ ਜਾ ਸਕੇ।

ਵਕੀਲ ਕਮਿਸ਼ਨਰੀ ਦੇ ਬਿਨੈ-ਪੱਤਰ ਦਾ ਮੁਲਾਹਿਜ਼ਾ ਕਰਨ ਉਪ੍ਰੰਤ ਮਹਿਕਮੇਂ ਤੋਂ ਇਸ ਗੱਲ ਦਾ ਵੇਰਵਾ ਮੰਗਿਆ ਗਿਆ ਤਾਂ ਅਹਿਲਮਦ ਨੇ ਰਿਪੋਰਟ ਕੀਤੀ ਕਿ " ਮੰਗਲ ਸਿੰਘ ਰਾਏਪੁਰੀਏ ਤੇ ਉਸ ਦੇ ਨੌਕਰ, ਜਿਸ ਦਾ ਨਾਮ ਦਰਜ ਨਹੀਂ ਹੈ, ਤੋਂ ਇਲਾਵਾ ਕੋਈ ਦਸੌਂਧਾ ਸਿੰਘ ਨਾਮੀ ਵਿਅਕਤੀ ਵਾਸੀ ਰਾਏਪੁਰ ਗ੍ਰਿਫ਼ਤਾਰ ਨਹੀਂ ਹੋਇਆ ਹੈ।"

ਹੁਣ ਤੁਹਾਡੇ ਨਾਮ ਲਿਖਿਆ ਜਾਂਦਾ ਹੈ ਕਿ ਇਸ ਮੰਗਲ ਸਿੰਘ ਦੇ ਨੌਕਰ ਦਾ ਨਾਮ ਕੀ ਹੈ ? ਬਹੁਤ ਛੇਤੀ ਦਰਿਆਫ਼ਤ ਕਰਕੇ ਰਿਪੋਰਟ ਭੇਜੋ। ਇਸ ਦੀ ਸਖ਼ਤ ਤਾਕੀਦ ਸਮਝੋ।

24 ਅਪ੍ਰੈਲ 1872.

**ਲਾਲਾ ਨਾਨਕ ਬਖ਼ਸ਼ ਨਾਇਬ ਮੀਰ ਮੁਨਸ਼ੀ ਦੇ ਹੁਕਮ ਨਾਲ ਮਹਿਕਮਾ ਫ਼ੌਜਦਾਰੀ ਮੁਨਸ਼ੀ ਖ਼ਾਨਾ ਵੱਲੋਂ :-**

ਉੱਚੇ ਰੁਤਬੇ ਵਾਲੇ ਵਕੀਲ ਕਮਿਸ਼ਨਰੀ,

ਖ਼ੁਸ਼ ਰਹੋ !

ਤੁਹਾਡਾ ਬਿਨੈ-ਪੱਤਰ ਮਿਤੀ 21 ਅਪ੍ਰੈਲ 1872 ਸਮੇਤ ਇੱਕ ਪਰਵਾਨਾ ਮੁਹੱਰਿਰ ਅਦਾਲਤ ਅੰਗਰੇਜ਼ੀ ਇਸ ਮਹਿਕਮੇਂ 'ਚ ਪੁੱਜਾ। ਜਿਸ ਰਾਹੀਂ ਇਹ ਦਰਿਆਫ਼ਤ ਕੀਤਾ ਗਿਆ ਸੀ ਕਿ ਕੀ ਮੰਗਲ ਸਿੰਘ ਦੇ ਨਾਲ ਦਸੌਂਧਾ ਸਿੰਘ ਦਾ ਚਾਲਾਣ ਹੋਇਆ ਹੈ ? ਜੇ ਹੋਇਆ ਹੈ ਤਾਂ ਕਿਸ ਅਦਾਲਤ ਵਿੱਚ ਹੋਇਆ ?

ਇਸ ਮਹਿਕਮੇਂ ਨੇ ਥਾਣੇਦਾਰ ਸਾਹਿਬਗੜ੍ਹ ਤੋਂ ਸਹੀ ਹਾਲ ਪੁੱਛਿਆ ਤਾਂ ਥਾਣੇਦਾਰ ਸਾਹਿਬਗੜ੍ਹ ਦੀ ਰਿਪੋਰਟ ਤੋਂ ਪਤਾ ਲੱਗਿਆ ਕਿ ਮੰਗਲ ਸਿੰਘ ਦਾ ਇੱਕ ਨੌਕਰ ਉਹ ਦੇ ਨਾਲ ਗਿਆ ਹੈ ਜਿਸ ਦਾ ਨਾਮ ਦਸੌਂਧਾ ਸਿੰਘ ਪੁੱਤਰ ਬਸਾਵਾ ਸਿੰਘ ਵਾਸੀ ਬਿਸ਼ਨਪੁਰਾ ਹੈ।

ਸੋ ਤੁਸੀਂ ਇਸ ਹੁਕਮ ਤੋਂ ਜਾਣੂੰ ਰਹੋ।

ਤੁਸੀਂ ਸਮਝੋ ਕਿ ਸਰਕਾਰ ਦੀ ਤੁਹਾਡੇ ਉੱਤੇ ਦਇਆ ਦ੍ਰਿਸ਼ਟੀ ਹੈ।

29 ਅਪ੍ਰੈਲ 1872.

---

ਸ੍ਰੀ ਮਾਨ ਜੀ,

ਅੱਜ ਦੀ ਤਰੀਕ 'ਚ ਸਾਹਿਬ ਕਮਿਸ਼ਨਰ ਬਹਾਦੁਰ ਨੇ ਦਾਸ ਨੂੰ ਬੁਲਾਇਆ ਅਤੇ ਕੂਕਿਆਂ ਬਾਰੇ ਗੱਲਬਾਤ ਕਰਕੇ **ਸਰਦਾਰ ਮੰਗਲ ਸਿੰਘ** ਦਾ ਹਾਲ ਦਰਿਆਫ਼ਤ ਕਰਦੇ ਰਹੇ। ਦਾਸ ਨੂੰ ਜੋ ਕੁਝ ਪਤਾ ਸੀ ਦਾਸ ਮੁਨਾਸਿਬ ਜਵਾਬ ਦਿੰਦਾ ਰਿਹਾ। ਸਾਹਿਬ ਬਹਾਦੁਰ ਨੇ ਫਿਰ ਫ਼ਰਮਾਇਆ ਕਿ " **ਮੰਗਲ ਸਿੰਘ** ਨੇ ਸਾਡੇ ਕੋਲ ਬਿਨੈ-ਪੱਤਰ ਭੇਜਿਆ ਹੈ ਤੇ ਉਸ ਵਿੱਚ ਆਪਣਾ ਵੇਰਵੇ ਸਹਿਤ ਹਾਲ ਲਿਖਿਆ ਹੈ। ਸੋ ਅਸੀਂ ਉਸ ਬਿਨੈ-ਪੱਤਰ ਨੂੰ ਇਸ ਹੁਕਮ ਨਾਲ ਵਾਪਸ ਕਰਦੇ ਹਾਂ ਕਿ ਅਸੀਂ ਇਸ ਬਿਨੈ-ਪੱਤਰ ਦੇ ਆਉਣ 'ਤੇ ਕੋਈ ਤਹਿਕੀਕਾਤ ਨਹੀਂ ਕਰ ਸਕਦੇ। ਜੇ ਤੁਸੀਂ ਕੋਈ ਬੇਨਤੀ ਕਰਨੀ ਹੈ ਤਾਂ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਪੰਜਾਬ ਨੂੰ ਦਰਖ਼ਾਸਤ ਦਿਉ। ਉੱਥੋਂ ਜੇ ਕੋਈ ਹੁਕਮ ਸਾਡੇ ਨਾਮ ਆਵੇਗਾ ਤਾਂ ਨਿਰਸੰਦੇਹ ਉਸ ਦੀ ਤਾਮੀਲ ਕੀਤੀ ਜਾਵੇਗੀ।" ਦਾਸ ਨੇ ਅਰਜ਼ ਕੀਤਾ ਕਿ " ਹਜ਼ੂਰ ਨੇ ਬਹੁਤ ਮੁਨਾਸਿਬ ਹੁਕਮ ਲਿਖਿਆ ਹੈ।"

ਜੋ ਕੁਝ ਹਾਲ ਸੀ ਉਹ ਅਰਜ਼ ਕੀਤਾ ਗਿਆ।

5 ਜੁਲਾਈ 1872.

ਦਾਸ  
ਨਿਸਾਰ ਅਲੀ,  
ਵਕੀਲ ਕਮਿਸ਼ਨਰੀ,

ਸਰਕਾਰ ਦੇ ਮੁਲਾਹਿਜ਼ਾ ਕਰਨ ਉਪ੍ਰੰਤ ਹੁਕਮ ਹੋਇਆ ਕਿ ਇਸ ਦੀ ਨਕਲ ਇਤਲਾਹ ਵਜੋਂ ਵਕੀਲ ਗੌਰਮਿੰਟ ਪੰਜਾਬ ਕੋਲ ਭੇਜੀ ਜਾਵੇ।

ਦਸਤਖ਼ਤ  
ਸੱਯਦ ਮੁਹੰਮਦ ਹੁਸੈਨ,  
ਮੀਰ ਮੁਨਸ਼ੀ ਸਰਕਾਰ,

13 ਜੁਲਾਈ 1872

# 18 . ਮਹਾਰਾਜਾ ਪਟਿਆਲਾ ਦੀ ਅੰਗ੍ਰੇਜ਼ ਸਰਕਾਰ ਵੱਲੋਂ ਪ੍ਰਸੰਸਾ ਤੇ ਧੰਨਵਾਦ

**Punjab & Delhi Railway.**

**Office No. 13**

**Copy of private message by Telegraph**

**From:-** Secretary to Govt. Punjab, Delhi.

**To:-** Maharaja Patiala, Patiala via Rajpura.
Words 26 prepaid.
16 th January at 20-40 (8.40 P.M.)
His Honour the Lieutenant Governor conveys thanks to your Highness for the action you have taken,

**Punjabi Translation**

**ਵਲੋਂ ਸਾਹਿਬ ਸੈਕਟਰੀ ਬਹਾਦੁਰ ਗੌਰਮਿੰਟ ਪੰਜਾਬ।**

**ਵੱਲ: ਹਜ਼ੂਰ ਸ੍ਰੀ ਮਹਾਰਾਜਾ ਬਹਾਦੁਰ ਵਾਲੀ-ਏ-ਪਟਿਆਲਾ**

ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਵਾਲੀ-ਏ-ਪਟਿਆਲਾ ਜਨਾਬ ਲੈਫ਼ਟੀਨੈਂਟ ਗਵਰਨਰ ਸਾਹਿਬ ਬਹਾਦੁਰ ਵਾਸਤੇ ਉਸ ਕਾਰਵਾਈ ਦੀ, ਜਿਹੜੀ ਹਜ਼ੂਰ ਨੇ ਕੀਤੀ, ਹਜ਼ੂਰ ਦਾ ਸ਼ੁਕਰੀਆ ਅਦਾ ਕਰਦੇ ਹਨ।

16 ਜਨਵਰੀ ਸੰਨ 1872 ਈ:
ਪੌਣੇ ਦੋ ਵਜੇ ਰਾਤ ਦੇ,

ਅਨੁਵਾਦਕ
ਖ਼ੁਦਾ ਬਖ਼ਸ਼ ਮਾਸਟਰ

ਹਜ਼ੂਰ ਨੂੰ ਮੁਲਾਹਿਜ਼ਾ ਕਰਵਾ ਕੇ
ਹੁਕਮ ਹੋਇਆ ਕਿ ਸ਼ਾਮਿਲ ਮਿਸਲ ਕੀਤੀ ਜਾਵੇ

7 ਮਾਘ 1928.
17 ਜਨਵਰੀ 1872

-----------------------------------------------------------------

ਗ਼ਰੀਬ ਪਰਵਰ ! ਜ਼ਮਾਨੇ ਦੇ ਨਿਆਂਕਾਰ ! ਸਲਾਮਤ !

ਸ੍ਰੀ ਮਾਨ ਜੀ,

ਨਾਇਬ ਨਾਜ਼ਿਮ ਦਾ ਖ਼ਤ ਆਉਣ ਤੋਂ ਪਹਿਲਾਂ ਜਿਹੜਾ ਇਸ ਦਾਸ ਕੋਲ 10 ਵਜੇ ਰਾਤ ਦੇ ਪੁੱਜਾ ਸੀ, ਉੱਚੀ ਸ਼ਾਨ ਵਾਲੇ ਸਾਹਿਬ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਪੇਸ਼ ਕਰਨ ਮਗਰੋਂ ਅੱਜ 8 ਵਜੇ ਸਵੇਰੇ ਇੱਕ ਜ਼ਰੂਰੀ ਬਿਨੈ-ਪੱਤਰ ਹਜ਼ੂਰ ਕੋਲ ਭੇਜ ਚੁੱਕਿਆ ਹਾਂ।

ਅੱਜ ਦਿਨ ਦੇ 11 ਵਜੇ ਉੱਚੀ ਸ਼ਾਨ ਵਾਲੇ ਸਾਹਿਬ ਨੇ ਫ਼ਿਰ ਦੁਬਾਰਾ ਨਾਇਬ ਨਾਜ਼ਿਮ ਸਾਹਿਬ ਦਾ ਅਸਲੀ ਖ਼ਤ ਮੰਗਵਾਕੇ ਸਰਿਸ਼ਤੇਦਾਰ ਤੋਂ ਸੁਣਿਆ। ਖ਼ਤ ਸੁਣਨ ਮਗਰੋਂ ਕਰਨੈਲ ਬੈਲ ਸਾਹਿਬ ਡਿਪਟੀ ਇੰਸਪੈਕਟਰ **ਤੇ ਉਸਤਤ ਯੋਗ ਸਾਹਿਬ ਨੇ ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਸ਼ੁਕਰ ਗੁਜ਼ਾਰੀ ਤੇ ਅਹਿਸਾਨਮੰਦੀ ਸੰਬੰਧੀ ਸ਼ਬਦ ਕਹੇ ਅਤੇ ਸਰਿਸ਼ਤੇਦਾਰ ਨੂੰ ਹੁਕਮ ਦਿੱਤਾ ਕਿ ਅਸੀਂ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਦਿੱਤੀ ਮਦਦ ਤੋਂ, ਜਿਹੜੀ ਐਨ ਵੇਲੇ ਸਿਰ ਮਿਲੀ ਹੈ, ਅਤਿਅੰਤ ਖ਼ੁਸ਼ ਹਾਂ, ਨਾਲੇ ਗੌਰਮਿੰਟ ਵੀ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦੀ ਹੈ, ਤੁਸੀਂ ਇੱਕ ਖ਼ਤ ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਨਾਮ ਸ਼ੁਕਰੀਏ ਦਾ ਲਿਖ ਦੇਵੋ,** ਨਾਲੇ ਇਹ ਵੀ ਲਿਖ ਦਿਉ ਕਿ ਹੁਣ ਫ਼ੌਜ ਆਦਿ ਇਮਦਾਦ ਦੀ ਕੋਈ ਲੋੜ ਨਹੀਂ ਹੈ।

ਸੋ ਉੱਚੀ ਸ਼ਾਨ ਵਾਲੇ ਸਾਹਿਬ ਨੇ ਖ਼ਤ ’ਤੇ ਆਪਣੀ ਮੁਹਰ ਲਾ ਕੇ ਤੇ ਅੰਗਰੇਜ਼ੀ ’ਚ ਦਸਤਖ਼ਤ ਕਰਕੇ ਇਸ ਦਾਸ ਦੇ ਹਵਾਲੇ ਕਰ ਦਿੱਤਾ। ਸੋ ਇਸ ਬਿਨੈ-ਪੱਤਰ ਰਾਹੀਂ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਮੁਲਾਹਿਜ਼ੇ ਲਈ ਤੇ ਇਤਲਾਹ ਵਜੋਂ ਭੇਜਿਆ ਜਾਂਦਾ ਹੈ। ਕ੍ਰਿਪਾ ਕਰਕੇ ਇਸ ਦੀ ਰਸੀਦ ਬਖ਼ਸ਼ੀ ਜਾਵੇ।

ਜਿਆਦਾ ਲਿਖਣਾ ਸਤਿਕਾਰ ਦੀ ਹੱਦ ਉਲੰਘਣਾ ਹੈ।

ਦਾਸ
ਪੁਰਾਣਾ ਨਮਕ ਪਰਵਰਦਾ,
ਸੱਯਦ ਅਹਿਮਦ ਹਸਨ,
ਵਕੀਲ ਲੁਧਿਆਣਾ।

17 ਜਨਵਰੀ 1872 ਈ:

(ਬ. ਕਲਮ ਮੀਰ ਅਹਿਮਦ ਅਲੀ ਮੁਹੱਰਿਰ)

---

**ਨਿਆਮਤਾਂ ਦੇ ਮਾਲਿਕ ਸਿਪਾਹ ਸਾਲਾਰ (ਕਮਾਂਡਰ ਇਨ ਚੀਫ਼) ਬਹਾਦੁਰ !**

**ਤੁਹਾਡਾ ਤੇਜ ਪਰਤਾਪ ਹਮੇਸ਼ਾ ਕਾਇਮ ਰਵ੍ਹੇ !**

ਇਸ ਛੋਟੇ ਜਿਹੇ ਦਾਸ ਦੇ ਬਿਨੈ-ਪੱਤਰਾਂ ਦੇ ਹਾਲਾਤ ਤੋਂ ਮੌਲਵੀ ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਖ਼ਾਨ ਸਾਹਿਬ ਬਹਾਦੁਰ ਪ੍ਰਧਾਨ ਮੰਤਰੀ ਰਿਆਸਤ ਦੀ ਰਾਏ ਦਾ ਪਤਾ ਲੱਗ ਗਿਆ ਹੋਵੇਗਾ।

ਸੱਯਦ ਅਹਿਮਦ ਹਸਨ ਵਕੀਲ ਸਮੇਤ ਮੁਹੰਮਦ ਹੁਸੈਨ ਦਰਬਾਰੀ ਇੱਥੇ ਪੁੱਜੇ ਅਤੇ ਅੱਜ ਬਰਮਕ ਸਾਹਿਬ ਵੀ ਸਾਹਿਬ ਕਮਿਸ਼ਨਰ ਬਹਾਦੁਰ ਅੰਬਾਲਾ ਦੇ ਨਾਲ ਇੱਥੇ ਤਸ਼ਰੀਫ਼ ਲਿਆਏ। ਕਿਉਂਕਿ ਸਾਹਿਬ ਕਮਿਸ਼ਨਰ ਬਹਾਦੁਰ ਪੁਸ਼ਾਕ ਬਦਲ ਰਹੇ ਸਨ ਇਸ ਲਈ ਉਨ੍ਹਾਂ ਨੇ ਕਰਨੈਲ ਸਾਹਿਬ ਨੂੰ ਬੁਲਾ ਕੇ ਇਨ੍ਹਾਂ ਦਾਸਾਂ ਕੋਲ ਭੇਜਿਆ। ਸਾਹਿਬ ਬਹਾਦੁਰ ਨੇ ਉੱਚੀ ਸ਼ਾਨ ਵਾਲੀ ਸਰਕਾਰ ਦੇ ਮੁਲਾਜ਼ਿਮਾਂ ਵਲੋਂ ਨਿਭਾਇਆਂ ਵਧੀਆ ਸੇਵਾਵਾਂ ਦੀ ਪ੍ਰਸੰਸਾ ਕੀਤੀ ਅਤੇ ਇਹ ਵੀ ਫ਼ਰਮਾਇਆ ਕਿ ਸਾਡੇ ਖਾਤਰ ਤੁਹਾਡੇ ਗੋਚਰਾ ਕੋਈ ਕੰਮ ਨਹੀਂ ਹੈ ਕਿਉਂਕਿ ਸਾਰਾ ਇੰਤਜ਼ਾਮ ਕਰ ਦਿੱਤਾ ਗਿਆ ਹੈ। ਦਾਸਾਂ ਨੇ ਬੇਨਤੀ ਕੀਤੀ ਕਿ ਜਦੋਂ ਅਸੀਂ ਲੋਕ ਹਾਜ਼ਿਰ ਹਾਂ ਤਾਂ ਅਤਿਅੰਤ ਜ਼ਰੂਰੀ ਕੰਮ ਤੋਂ ਬਿਨਾਂ ਹਜ਼ੂਰ ਨੂੰ ਕਿਉਂ ਤਕਲੀਫ਼ ਦਿੱਤੀ ਜਾਵੇ।

ਸੂਚਨਾ ਹਿਤ ਬੇਨਤੀ ਕੀਤੀ ਜਾਂਦੀ ਹੈ। ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣ ਸਮਾਨ ਹੈ।

ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਨੂੰ ਕਰਨੈਲ ਬਹਾਦੁਰ ਦੇ ਪੇਸ਼ ਕੀਤਾ ਗਿਆ ਕਿ ਉਨ੍ਹਾਂ ਨੇ ਕੂਕਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਲਿਖਤ :- ਇੱਕ ਵਜੇ ਦੁਪਹਿਰ 18 ਜਨਵਰੀ ਸੰਨ 1872 ਮੁਕਾਮ ਕਸਬਾ ਕੋਟਲਾ

ਇਸ ਦਾਸ ਅਹਿਮਦ ਹਸਨ ਤੋਂ ਕਰਨੈਲ ਪਾਰਕਿੰਨਜ਼ ਸਾਹਿਬ, ਪ੍ਰਸੰਸ਼ਾ ਯੋਗ ਕਮਿਸ਼ਨਰ ਬਹਾਦੁਰ ਸਾਹਿਬ ਨੇ ਰਾਏਕੋਟ ਦੇ ਮੁਕੱਦਮੇਂ ਦਾ ਵੇਰਵੇ ਸਹਿਤ ਹਾਲ ਸੁਣਿਆ ਅਤੇ ਫ਼ਰਮਾਇਆ ਕਿ ਅਸੀਂ ਗਜ਼ਟ ਵਿੱਚ ਤੁਹਾਡੀ ਬਹੁਤ ਪ੍ਰਸੰਸ਼ਾ ਲਿਖੀ ਦੇਖੀ ਹੈ **ਅਤੇ ਤੁਹਾਡੀ ਪ੍ਰਸੰਸ਼ਾ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਨੇ ਵੀ ਅਤੇ ਅੰਗਰੇਜ਼ੀ ਸਰਕਾਰ ਨੇ ਵੀ ਕੀਤੀ ਹੈ ਅਤੇ ਇਹ ਦੋਵੇਂ ਪਲੈਨਾਂ (Plans) ਤੁਹਾਡੇ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਮਦਦ ਤੇ ਤੇਜ ਪ੍ਰਤਾਪ ਸਦਕਾ ਸਿਰੇ ਚੜ੍ਹੀਆਂ ਹਨ ਅਤੇ ਸਾਡੇ ਅਹਿਲਕਾਰਾਂ ਤੋਂ ਕੋਈ ਜਵਾਂ ਮਰਦੀ ਨਾ ਦਿਖਾਈ ਗਈ।**

ਦਾਸ, ਨਮਕ ਪਰਵਰਦਾ
ਅਹਿਮਦ ਹਸਨ ਵਕੀਲ ਲੁਧਿਆਣਾ ਤੇ
ਨਿਆਜ਼ ਅਲੀ ਨਾਇਬ ਨਾਜ਼ਿਮ,
ਮੁਕਾਮ (ਅਮਰਗੜ੍ਹ)

**ਨਿਆਮਤਾਂ ਦੇ ਮਾਲਿਕ, ਦੁਨੀਆਂ ਦੇ ਬਾਦਸ਼ਾਹ, ਸੰਸਾਰ ਨੂੰ ਪਨਾਹ ਦੇਣ ਵਾਲੇ, ਸੰਸਾਰੀ ਜੀਵਾਂ ਦੀ ਓਟ ! ਸ੍ਰੀ ਮਹਾਰਾਜਾ ਸਾਹਿਬ !**

ਤੁਹਾਡਾ ਤੇਜ ਪਰਤਾਪ ਤੇ ਦਬਦਬਾ ਹਮੇਸ਼ਾ ਕਾਇਮ ਰਵ੍ਹੇ !

ਹਜ਼ੂਰ ਦਾ ਪਰਵਾਨਾ ਪੁੱਜਣ ਨਾਲ ਮੈਂ ਸਤਿਕਾਰਤ ਹੋ ਕੇ ਬੇਨਤੀ ਕਰਦਾ ਹਾਂ ਕਿ ਤੁਹਾਡੇ ਪਰਵਾਨੇ ਦੇ ਵਿਸ਼ੇ ਤੋਂ ਜਾਣੂੰ ਹੋਇਆ ਅਤੇ ਤੁਹਾਡੇ ਹੁਕਮ ਅਨੁਸਾਰ ਮੁਨਾਸਿਬ ਮੌਕਾ ਵੇਖ ਕੇ ਇਹ ਪਰਵਾਨਾ ਉੱਚੇ ਦਰਜੇ ਵਾਲੇ ਜਨਾਬ ਸਾਹਿਬ ਕਮਿਸ਼ਨਰ ਬਹਾਦੁਰ ਤੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਜ਼ਿਲ੍ਹਾ ਹਿਸਾਰ ਦੀ ਸੇਵਾ ਵਿੱਚ ਪੇਸ਼ ਕੀਤਾ ਗਿਆ । ਸਾਹਿਬਾਨ ਨੇ ਫ਼ਰਮਾਇਆ ਕਿ **"ਮਹਾਨ ਸਿਫ਼ਤਾਂ ਵਾਲੇ ਸ੍ਰੀ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ ਦੀ ਜ਼ਾਤ ( ਨਿੱਜ) ਅਜਿਹੀਆਂ ਖ਼ੂਬੀਆਂ ਦਾ ਸਮੂਹ ਹੈ ਕਿ ਜਿਹੜੇ ਹਰ ਵੇਲੇ ਤਨੋਂ ਮਨੋਂ ਸਰਕਾਰ ਦੌਲਤਮਦਾਰ ਅੰਗਰੇਜ਼ੀ ਦੇ ਹਰੇਕ ਕੰਮ ਵਿੱਚ ਮਦਦ ਦੇਣ ਲਈ ਸਰਗਰਮ ਤੇ ਤਤਪਰ ਰਹੇ ਅਤੇ ਰਹਿੰਦੇ ਹਨ।** ਸਾਨੂੰ ਪੱਕਾ ਭਰੋਸਾ ਹੈ ਕਿ ਇਹ ਨਤੀਜਾ ਨਾ ਸੋਚਣ ਵਾਲੇ ਬਦਮਾਸ਼, ਜਿਹੜੇ ਵਾਰਦਾਤ ਦੇ ਭਾਗੀ ਬਣੇ ਹਨ, ਸਰਕਾਰ ਸ੍ਰੀ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ ਦੀ ਮਦਦ ਨਾਲ ਗ੍ਰਿਫ਼ਤਾਰ ਹੋ ਕੇ ਪੂਰੀ ਸਜ਼ਾ ਪਾਉਣਗੇ। ਇਸ ਸੰਬੰਧੀ ਬਾਅਦ ਵਿੱਚ ਜੋ ਹਾਲ ਵਾਪਰੇ ਉਸ ਦੀ ਇਤਲਾਹ ਦਿਉ।"

ਸੋ ਮੈਂ ਉਮੀਦ ਰੱਖਦਾ ਹਾਂ ਕਿ ਜ਼ਾਬਿਤੇ ਦੀ ਤਹਿਕੀਕਾਤ ਮਗਰੋਂ, ਜਿਹੜੇ ਹਾਲਾਤ ਵਾਪਰਨ, ਉਨਾਂ ਦਾ ਵੇਰਵੇ ਸਹਿਤ ਹਾਲ ਤੋਂ ਦਾਸ ਨੂੰ ਜਾਣੂੰ ਕਰਵਾਇਆ ਜਾਵੇ ਤਾਂ ਕਿ ਤੁਹਾਡੇ ਵਲੋਂ ਪੁੱਜੀ ਇਤਲਾਹ ਦੇ ਮੁਤਾਬਿਕ ਕਮਿਸ਼ਨਰ ਸਾਹਿਬ ਤੇ ਡਿਪਟੀ ਕਮਿਸ਼ਨਰ ਸਾਹਿਬ ਨੂੰ ਸੂਚਿਤ ਕੀਤਾ ਜਾ ਸਕੇ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਲੰਘਣ ਦੀ ਨਿਆਈਂ ਹੈ।
ਐ ਖ਼ੁਦਾ ! ਜ਼ੁਲਮ ਦਾ ਨਾਸ ਹੋਵੇ !

19 ਜਨਵਰੀ 1872 ਈ: ,
8 ਮਾਘ 1928.

ਦਾਸ
ਪੁਰਾਣਾ ਨਮਕ ਖ਼ਾਹ,
ਸੱਯਦ ਹੁਸੈਨ ਅਲੀ ਵਕੀਲ ਸਰਕਾਰ,
ਮਹਿਕਮਾਂ ਹਿਸਾਰ 'ਚ ਹਾਜ਼ਿਰ ਰਹਿਣ ਵਾਲਾ।

**Camp Maler Kotla**
**19th January 1872.**

Your Highness,

I desire to offer you my sincere thanks for the very valuable assistance afforded to me by your officials in my enquiry into the outrages committed by some mis guided Kookas in the Zones of Malaudh and Kotla and for the promptitude with which your Highness send troops to my assistance. Your officiars behaved most admirably but special praise is due to Niaz Ali Naib Nazim of Amargarh for the intelligence and courage displayed by him, in effecting the capture with only a few followers, of 68 men of desperate character. I am satisfied that the government acknowledge in a fitting manner the great service Your Highness has rendered.

I remain.
Thankfully yours,

-Sd-
Deputy Commissioner Ludhiana.

**ਉੱਚੀ ਸ਼ਾਨ ਵਾਲੀ ਸਰਕਾਰ ਦੀ ਨਿਗ੍ਹਾ 'ਚੋਂ ਲੰਘਣ ਮਗਰੋਂ**
**ਹੁਕਮ ਹੋਇਆ ਕਿ**

ਇਹ ਚਿੱਠੀ ਸ਼ਾਮਿਲ ਮਿਸਲ ਰਹੇ। ਇਸ ਦੀ ਨਕਲ ਸੂਚਨਾ ਹਿਤ ਵਕੀਲ ਗੌਰਮਿੰਟ ਦੇ ਪਾਸ ਭੇਜ ਦਿੱਤੀ ਜਾਵੇ।

ਸੱਯਦ ਮੁਹੰਮਦ
21 ਜਨਵਰੀ ਸੰਨ 1872 ਈ:

---

**ਜ਼ਮਾਨੇ ਦੇ ਫ਼ਤਹਮੰਦ, ਫ਼ਰਜ਼ੰਦ-ਏ-ਖ਼ਾਸ (ਖ਼ਾਸ ਪੁੱਤਰ ਅੰਗਰੇਜ਼ਾਂ, ਮਤਲਬ ਅੰਗਰੇਜ਼ਾਂ ਦੇ ਖਾਸ ਪੁੱਤਰ) ਜਨਾਬ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ!**

ਐ ਮਿਹਰਬਾਨ!

ਕਿਉਂਕਿ ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਦੋਸਤੀ ਸਦੀਵੀ ਕਾਇਮ ਰਹਿਣ ਵਾਲੀ ਅੰਗਰੇਜ਼ੀ ਸਰਕਾਰ ਨਾਲ ਬਹੁਤ ਲੰਬੇ ਸਮੇਂ ਤੋਂ ਪੱਕੀ ਹੈ, ਵਿਸ਼ੇਸ਼ ਕਰਕੇ ਇਨ੍ਹਾਂ ਦਿਨ੍ਹਾਂ ਵਿੱਚ ਜਦੋਂ **ਕਿ ਕੂਕਾ ਪੰਥ ਦਾ ਮੁਕੱਦਮਾ ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਤੇਜ ਪਰਤਾਪ, ਵਜ਼ੀਰ ਸਾਹਿਬ ਤੇ ਮਿਹਰਬਾਨ ਰਿਆਸਤ ਦੇ ਅਹਿਲਕਾਰਾਂ ਦੇ ਵਧੀਆਂ ਪ੍ਰਬੰਧ ਸਦਕਾ ਨਜਿੱਠਿਆ ਗਿਆ ਹੈ।** ਜਿਸ ਸਮੇਂ ਵੀ ਹਾਕਿਮਾਂ ਕੋਲ ਸਰਕਾਰ ਅੰਗਰੇਜ਼ ਬਹਾਦੁਰ ਦੇ ਤੇਜ ਪਰਤਾਪ, ਆਪਸੀ ਏਕਤਾ ਤੇ ਦੋਸਤੀ ਦਾ ਜ਼ਿਕਰ ਆਉਂਦਾ ਹੈ ਤਾਂ ਸਾਹਿਬ ਬਹਾਦੁਰ ਸਾਫ਼ ਸਾਫ਼ ਫ਼ਰਮਾਉਂਦੇ ਹਨ ਕਿ **ਕੂਕਿਆਂ ਦੇ ਮਾਮਲੇ 'ਚ ਸਰਕਾਰ ਅੰਗਰੇਜ਼ੀ ਦੇ ਅਹਿਲਕਾਰਾਂ ਤੋਂ ਕੋਈ ਪੈਰਵੀ ਨਾ ਹੋ ਸਕੀ ਬਲਕਿ ਇਸ ਮੁਕੱਦਮੇਂ 'ਚ ਜਿਹੜੀ ਕਾਰਗੁਜ਼ਾਰੀ ਤੇ ਪੈਰਵੀ ਹੋਈ ਹੈ ਉਹ ਮਹਾਰਾਜਾ ਸਾਹਿਬ ਬਹਾਦੁਰ ਦੇ ਮਹਿਰਬਾਨ ਅਹਿਲਕਾਰਾਂ ਵਲੋਂ ਹੋਈ ਹੈ। ਸਾਹਿਬ ਬਹਾਦੁਰ ਇਸ ਲਈ ਧੰਨਵਾਦ ਕਰਦੇ ਹਨ।**

ਕਿਉਂਕਿ ਕੂਕਿਆਂ ਦਾ ਇਹ ਮਾਮਲਾ ਸੂਰਜ ਨਾਲੋਂ ਵੀ ਵੱਧ ਪ੍ਰਤੱਖ ਹੈ ਇਸ ਲਈ ਕਿਤੇ ਅਜਿਹਾ ਨਾ ਹੋਵੇ ਕਿ ਇਹ ਬਦਕਾਰ ਟੋਲਾ ਮਿਹਰਬਾਨ ਦੋਸਤਾ ਦੇ ਕਿਸੇ ਮੌਕੇ ਇੱਕਲੇ ਹੋਣ ਦਾ ਪਤਾ ਕਰਕੇ, ਰੱਬ ਨਾ ਕਰੇ ! ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਇਲਾਕੇ 'ਤੇ ਹਮਲਾ ਕਰਕੇ ਮਹਾਰਾਜਾ ਸਾਹਿਬ ਬਹਾਦੁਰ ਆਦਿ 'ਤੇ ਜ਼ੁਲਮ ਕਰਨ। ਭਾਵੇਂ ਇਨ੍ਹਾਂ ਬਦਕਾਰਾਂ ਨੂੰ ਇਨ੍ਹਾਂ ਦੀਆਂ ਕਰਤੂਤਾਂ ਦੀ ਸਜ਼ਾ ਮਿਲ ਚੁੱਕੀ ਹੈ ਪਰ ਫਿਰ ਵੀ ਬੇਨਤੀ ਹੈ ਕਿ ਮਹਾਰਾਜਾ ਸਾਹਿਬ ਆਪਣੀ ਰਿਆਸਤ ਦੇ ਕੰਮਾਂ ਦਾ ਵਧੀਆ ਢੰਗ ਨਾਲ ਖਿਆਲ ਰੱਖਣ। ਸਾਡੀ ਦੁਆ ਹੈ ਕਿ ਹਮੇਸ਼ਾ ਮੌਜ ਤੇ ਸਫ਼ਲਤਾ ਦੇ ਦਿਨ ਗੁਜ਼ਰਦੇ ਰਹਿਣ !

ਮੁਕਾਮ ਦਿੱਲੀ, 19 ਜਨਵਰੀ 1872.

## ਸਖ਼ੀ ਸਰਕਾਰ, ਗ਼ਰੀਬ ਪਰਵਰ ਤੇ ਨਿਆਮਤਾਂ ਦੇ ਮਾਲਿਕ, ਤੁਹਾਡਾ ਤੇਜ ਪਰਤਾਪ ਹਮੇਸ਼ਾ ਕਾਇਮ ਰਵ੍ਹੇ !

ਦਾਸਾਂ ਵਾਲਾ ਅਦਬ ਆਦਾਬ ਪੇਸ਼ ਕਰਨ ਮਗਰੋਂ ਬੇਨਤੀ ਹੈ ਕਿ ਕਰਨੈਲ ਵੈਡਸ ਸਾਹਿਬ ਬਹਾਦੁਰ, ਪ੍ਰਾਈਵੇਟ ਸੈਕਟਰੀ ਨਵਾਬ ਲੈਫ਼ਟੀਨੈਂਟ ਗਵਰਨਰ ਆਪਣੀ ਮੇਮ ਸਾਹਿਬਾ ਸਮੇਤ ਆਪਣੇ ਅਹੁਦੇ ਦੀ ਤੱਰਕੀ ਹੋ ਜਾਣ ਕਾਰਨ ਫ਼ੌਜੀ ਛਾਉਣੀ ਰਾਵਲ ਪਿੰਡੀ ਨੂੰ ਇੱਥੋਂ ਰਵਾਨਾ ਹੋਣਗੇ। ਉਹ 21 ਜਨਵਰੀ ਦੀ ਸ਼ਾਮ ਨੂੰ ਸੱਤ ਵਜੇ ਇੱਥੋਂ ਸਵਾਰ ਹੋ ਕੇ, 22 ਤ੍ਰੀਕ ਸੋਮਵਾਰ ਨੂੰ ਕੋਈ ਸਾਢੇ ਚਾਰ ਵਜੇ ਸਵੇਰੇ ਰਾਜਪੁਰਾ ਵਿਖੇ ਪੁੱਜ ਕੇ ਉੱਥੋਂ ਨੂਰਾਨੀ ਹਜ਼ੂਰ ਨਾਲ ਦੋਸਤਾਨਾ ਮੁਲਾਕਾਤ ਕਰ, ਤੇ ਸੈਰ ਤਮਾਸ਼ੇ ਵੇਖਣ ਵਾਸਤੇ, ਜਿਨ੍ਹਾਂ ਨੂੰ ਵੇਖਣ ਦੇ ਮੇਮ ਸਾਹਿਬਾ ਬਹੁਤ ਸ਼ੌਕੀਨ ਹਨ, ਰਾਜਪੁਰਾ ਵਿਖੇ ਛੋਲੇ ਚਾਵਲ ਖਾਣ ਉਪ੍ਰੰਤ ਪਟਿਆਲਾ ਨੂੰ ਰਵਾਨਾ ਹੋਣਗੇ। ਪਟਿਆਲਾ ਵਿਖੇ ਹਾਜ਼ਰੀ ਦੀ ਰੋਟੀ ਖਾਣਗੇ। ਪਟਿਆਲੇ ਰਾਤ ਰਹਿ ਕੇ ਅਗਲੇ ਦਿਨ 23 ਜਨਵਰੀ ਨੂੰ ਦੁਪਹਿਰ ਮਗਰੋਂ ਵਾਪਸ ਰਾਜਪੁਰਾ ਪੁੱਜ ਕੇ, ਤੀਸਰੇ ਪਹਿਰ ਆਮ ਰੇਲ 'ਚ ਰਵਾਨਾ ਹੋ ਕੇ ਕਪੂਰਥਲਾ ਵਿਖੇ ਤਸ਼ਰੀਫ਼ ਲੈ ਜਾਣਗੇ। ਉੱਥੋਂ ਅੰਮ੍ਰਿਤਸਰ ਪੁੱਜਕੇ ਤੇ ਆਪਣੇ ਦੋਸਤਾਂ ਨੂੰ ਮਿਲ ਕੇ ਅੱਗੇ ਨੂੰ ਰਵਾਨਾ ਹੋਣਗੇ। ਇਹ ਦਾਸ ਸੱਯਦ ਮੁਹੰਮਦ ਹੁਸੈਨ ਉਸਤਤ ਯੋਗ ਸਾਹਿਬ ਨਾਲ ਰਵਾਨਾ ਹੋਵੇਗਾ।

ਸੋ ਬੇਨਤੀ ਹੈ ਕਿ ਇੱਕ ਤਾਂ ਰਾਜਪੁਰਾ ਵਿਖੇ ਇੱਕ ਚੌਕਸ ਵਿਅਕਤੀ ਟਹਿਲ ਸੇਵਾ ਕਰਨ ਲਈ ਤੇ ਖਾਣ ਵਾਲੇ ਚਾਵਲਾਂ ਦਾ ਸਾਮਾਨ ਉਪਲਭਦ ਕਰਵਾਇਆ ਜਾਵੇ। ਚੰਗਾ ਹੋਵੇ ਜੇ ਸਟੇਸ਼ਨ ਦੇ ਹੀ ਕਿਸੇ ਕਮਰੇ ਵਿੱਚ, ਜਿਸ ਨਾਲ ਗੁਸਲ ਖ਼ਾਨਾ ਤੇ ਪਾਖ਼ਾਨਾ ਹੋਵੇ, ਸਾਰੇ ਸਾਮਾਨ ਦਾ ਬੰਦੋਬਸਤ ਕੀਤਾ ਜਾਵੇ। ਇਹ ਸਾਰਾ ਬੰਦੋਬੰਸਤ ਸਟੇਸ਼ਨ ਮਾਸਟਰ ਨਾਲ ਮਿਲ ਕੇ ਕੀਤਾ ਜਾਵੇ ਕਿਉਂਕਿ ਰੇਲ ਦੇ ਬਹੁਤ ਸਵੇਰੇ ਪਹੁੰਚਣ 'ਤੇ ਹੀ ਜੇ ਖੇਮਾਂ ਲਗਵਾਇਆ ਗਿਆ ਤਾਂ ਉਸ ਨਾਲ ਸ਼ਾਇਦ ਮੇਮ ਸਾਹਿਬਾ ਨੂੰ ਤਕਲੀਫ਼ ਹੋਵੇਗੀ। ਦੂਜੇ ਇੱਕ ਸਾਫ਼ ਸੁਥਰੀ ਗੱਡੀ, ਚੌਕੜੀ ਸਮੇਤ ਮੇਮ ਸਾਹਿਬਾ ਤੇ ਸਾਹਿਬ ਬਹਾਦੁਰ ਵਾਸਤੇ ਤੇ ਇੱਕ ਹੋਰ ਗੱਡੀ ਇਸ ਦਾਸ ਵਾਸਤੇ ਰਾਜਪੁਰਾ ਵਿਖੇ ਭੇਜ ਦਿੱਤੀ ਜਾਵੇ। ਡੇਰਾ ਮੋਤੀ ਬਾਗ਼ ਵਿੱਚ ਤਜਵੀਜ਼ ਕੀਤਾ ਜਾਵੇ। (ਮੋਤੀ ਬਾਗ਼ ਦੇ) ਕੋਨੇ ਵਿੱਚ ਇੱਕ ਹੀ ਪਾਸੇ ਇੱਕ ਘਰ ਤੇ ਦੋ ਗੁਸਲਖ਼ਾਨੇ, ਜਿਵੇਂ ਕਿ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਦੇ ਤਸ਼ਰੀਫ਼ ਲਿਆਉਣ ਸਮੇਂ ਲਗਾਏ ਗਏ ਸਨ, ਲਗਾਏ ਜਾਣ। ਹੋਰ ਸੁੱਖ ਆਰਾਮ ਤੇ ਸਜਾਵਟ ਦਾ ਸਾਮਾਨ ਪਹਿਲਾਂ ਵਾਂਗ ਤਿਆਰ ਰਹੇ। ਉਨ੍ਹਾਂ ਨੂੰ ਸ਼ਾਮ ਨੂੰ ਦੀਵਾਨ ਖਾਨੇ ਦੀ ਰੋਸ਼ਨੀ, ਆਤਿਸ਼ਬਾਜ਼ੀ ਅਤੇ ਉਸੇ ਦਿਨ ਮੋਤੀ ਬਾਗ਼ ਵਿੱਚ ਹੋਰ ਖੇਲ ਤਮਾਸ਼ੇ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਦੇ ਤਸ਼ਰੀਫ ਲਿਆਉਣ ਸਮੇਂ ਲਗਾਏ ਗਏ ਸਨ, ਲਗਾਏ ਜਾਣ। ਹੋਰ ਸੁੱਖ ਆਰਾਮ ਤੇ ਸਜਾਵਟ ਦਾ ਸਾਮਾਨ ਪਹਿਲਾਂ ਵਾਂਗ ਤਿਆਰ ਰਹੇ। ਉਨ੍ਹਾਂ ਨੂੰ ਸ਼ਾਮ ਨੂੰ ਦੀਵਾਨ ਖਾਨੇ ਦੀ ਰੋਸ਼ਨੀ ,ਆਤਿਸ਼ਬਾਜੀ ਅਤੇ ਉਸੇ ਦਿਨ ਮੋਤੀ ਬਾਗ ਵਿਚ ਹੋਰ ਖੇਲ ਤਮਾਸ਼ੇ ਨਵਾਬ ਲੈਫਨੀਨੈਂਟ ਗਵਰਨਰ ਬਹਾਦੁਰ ਦੇ ਤਸ਼ਰੀਫ ਲਿਆਉਣ ਵੇਲੇ ਲੇਡੀ ਸਾਹਿਬਾ ਨੇ ਉੱਥੇ ਵੇਖੇ ਸਨ, ਉਨ੍ਹਾਂ ਬਾਰੇ ਸੁਣ ਕੇ ਮੇਮ ਸਾਹਿਬਾ ਨੂੰ ਉਹ ਖੇਡ ਤਮਾਸ਼ੇ ਵੇਖਣ ਦਾ ਬਹੁਤ ਸ਼ੌਕ ਹੋ ਰਿਹਾ ਹੈ।

ਉਨ੍ਹਾਂ ਦਾ ਸਤਿਕਾਰ ਕਰਨ ਦੀਆਂ ਰਸਮਾਂ ਸੰਬੰਧੀ ਇਹ ਮੁਨਾਸਿਬ ਲੱਗਦਾ ਹੈ ਕਿ ਅੱਵਲ ਦਰਜੇ ਦੇ ਦੋ ਅਹਿਲਕਾਰ ਉਨ੍ਹਾਂ ਦਾ ਸਵਾਗਤ ਕਰਕੇ ਮੋਤੀ ਬਾਗ ਵਿਖੇ ਪੰਹੁਚਾ ਦੇਣ। ਉਸ ਤੋਂ ਮਗਰੋਂ ਨੂਰਾਨੀ ਹਜ਼ੂਰ ਤਸ਼ਰੀਫ ਲੈ ਜਾ ਕੇ ਉਨ੍ਹਾਂ ਨਾਲ ਮੁਲਾਕਾਤ ਕਰਨ। ਸ਼ਾਮ ਨੂੰ ਸਾਹਿਬ ਬਹਾਦੁਰ ਤੇ ਮੇਮ ਸਾਹਿਬਾ ਕਿਲੇ ਅੰਦਰ ਆ ਕੇ ਰੁਖਸਤੀ ਮੁਲਾਕਾਤ ਕਰਨਗੇ ਤੇ ਆਤਿਸ਼ਬਾਜੀ ਹੋ ਜਾਵੇ। ਅਗਲੇ ਦਿਨ ਦੁਪਹਿਰ ਤੋਂ ਪਹਿਲਾਂ ਜੋ ਕੋਈ ਤਮਾਸ਼ਾ ਆਦਿ ਨੂਰਾਨੀ ਸਰਕਾਰ ਨੂੰ ਚੰਗਾ ਲੱਗੇ ਉਹ ਉਨ੍ਹਾਂ ਨੂੰ ਦਿਖਾ ਦਿੱਤਾ ਜਾਵੇ।

# ਲੁਕਿਆ ਸੱਚ

---

ਨੂਰਾਨੀ ਸਰਕਾਰ ਨੂੰ ਮੇਮ ਸਾਹਿਬਾ ਦੇ ਉਚੇ ਖਾਨਦਾਨ ਤੇ ਉੱਚੇ ਮਿਜ਼ਾਜ਼ ਦੇ ਹਾਲਦਾ ਤਾਂ ਚੰਗੀ ਤਰ੍ਹਾਂ ਪਤਾ ਹੈ।

ਇਹ ਬੇਨਤੀ ਕਰਨ ਦੀ ਵੀ ਲੋੜ ਹੈ ਕਿ ਇਹ ਦਾਸ ਸੱਯਦ ਮੁਹੰਮਦ ਹੁਸੈਨ ਅੱਜ ਕਰਨੈਲ ਵੈਡਸ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਹਾਜ਼ਿਰ ਹੋਇਆ ਸੀ ਅਤੇ ਇਹ ਸਾਰਾ ਬੰਦੋਬਸਤ ਮੇਮ ਸਾਹਿਬਾ ਦੀ ਮੌਜੂਦਗੀ 'ਚ ਉਸ ਦੇ ਮਸ਼ਵਰੇ ਅਨੁਸਾਰ ਤਜਵੀਜ਼ ਹੋਇਆ ਹੈ।

ਇੱਕ ਸੰਖੇਪ ਖਬਰ ਇਸ ਦਾਸ ਨੇ ਤਾਰ ਰਾਹੀਂ ਵੀ ਦੇ ਦਿੱਤੀ ਹੈ। ਇਹ ਸਾਰਾ ਕੁਝ ਛੇਤੀ 'ਚ ਵਾਜਿਬ ਸਮਝ ਕੇ ਬੇਨਤੀ ਕੀਤੀ ਹੈ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣ ਸਮਾਨ ਹੈ।

19 ਜਨਵਰੀ ਸੰਨ 1872 ਈ:
ਦਿਨ ਜੁਮਾ (ਸ਼ੁਕਰਵਾਰ)
ਸਮਾਂ ਸਾਢੇ ਪੰਜ ਵਜੇ ਸ਼ਾਮ ਦੇ
ਮੁਕਾਮ ਦਿੱਲੀ

ਦਾਸਾਨ
ਨਮਕ ਖਾਣ ਵਾਲੇ
1. ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ
2. ਸੱਯਦ ਮੁਹੰਮਦ ਅਲੀ ਵਕੀਲ ਸਰਕਾਰ
ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਮੁਲਕ ਪੰਜਾਬ ਦੇ ਲਸ਼ਕਰ ਤੋਂ।

## ਐਲ ਗ੍ਰਿਫ਼ਨ ਸਾਹਿਬ ਸੈਕਟਰੀ ਗੌਰਮਿੰਟ ਪੰਜਾਬ ਦੀ

## ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਨਾਮ ਚਿੱਠੀ ਦੀ ਨਕਲ

**ਮਿਤੀ 21 ਜਨਵਰੀ 1872 ਈ:**

ਮੇਰੇ ਪਿਆਰੇ ਮਹਾਰਾਜਾ ਸਾਹਿਬ,

ਮੈਨੂੰ ਅਫ਼ਸੋਸ ਹੈ ਕਿ ਨਾਰਨੌਲ ਦਾ ਦੌਰਾ, ਜਿਸ ਬਾਰੇ ਤੁਹਾਡੀ ਤਮੰਨਾ ਸੀ, ਇੱਕ ਮਨਹੂਸ ਗੱਲ ਭਾਵ ਕੂਕਿਆਂ ਦੀ ਬਗ਼ਾਵਤ ਕਾਰਨ ਮੁਲਤਵੀ ਹੋਇਆ। ਪਤਾ ਲੱਗਾ ਹੈ ਕਿ ਉਨ੍ਹਾਂ ਦੀ ਬਗ਼ਾਵਤ ਬਿਲਕੁਲ ਦਬਾ ਦਿੱਤੀ ਗਈ ਹੈ। ਪਰ ਫੇਰ ਵੀ ਅਜੇ ਸਾਨੂੰ ਹੁਸ਼ਿਆਰ ਰਹਿਣ ਦੀ ਲੋੜ ਹੈ।

**ਭਾਵੇਂ ਗੁਰੂ ਰਾਮ ਸਿੰਘ ਦੀ ਰਵਾਨਗੀ ਦੇ ਕਾਰਨ ਉਨ੍ਹਾਂ ਦੇ ਖ਼ਾਸ ਸ਼ਰਧਾਲੂ ਲੋਕ ਨਿਰਸੰਦੇਹ ਦੁਖੀ ਹੋਏ ਹਨ, ਪਰ ਲੈਫ਼ਟੀਨੈਂਟ ਗਵਰਨਰ ਉਸ ਢੰਗ 'ਤੇ ਬਹੁਤ ਪ੍ਰਸੰਨ ਹੋਏ ਜਿਸ ਢੰਗ ਨਾਲ ਆਪ ਦੇ ਸਾਰੇ ਅਹਿਲਕਾਰਾਂ ਨੇ ਇਸ ਮੁਕੱਦਮੇਂ 'ਚ ਕਾਰਗੁਜ਼ਾਰੀ ਵਿਖਾਈ। ਇਸ ਸੇਵਾ ਤੇ ਵੇਲੇ ਸਿਰ ਦਿੱਤੀ ਮਦਦ, ਜਿਹੜੀ ਦੋਨਾਂ ਤਰ੍ਹਾਂ, ਰੁਪਿਆਂ ਤੇ ਢੋਆ ਢੁਆਈ ਦਾ ਕੰਮ ਕਰਨ ਰਾਹੀਂ ਕੀਤੀ ਗਈ, ਦਾ ਹਜ਼ੂਰ ਦੀ ਸੇਵਾ ਵਿੱਚ ਸ਼ੁਕਰੀਆ ਅਦਾ ਕਰਦੇ ਹਨ।**

-ਬਸ-

## ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ ਦੀ ਤਜਵੀਜ਼ ਅਨੁਸਾਰ ਸ਼ਾਹੀ ਮੁਨਸ਼ੀ ਖ਼ਾਨਾ ਮਹਿਕਮੇਂ ਵਲੋਂ

## ਹੁਕਮ ਹੋਇਆ ਕਿ

ਇਸ ਦੀ ਨਕਲ ਵਕੀਲ ਗੌਰਮਿੰਟ ਪੰਜਾਬ ਕੋਲ ਸੂਚਨਾ ਹਿਤ ਭੇਜੀ ਜਾਵੇ ਅਤੇ ਲਿਖਿਆ ਜਾਵੇ ਕਿ ਇਹ ਉਹ ਚਿੱਠੀ ਹੈ ਜਿਹੜੀ ਸਾਨੂੰ ਦਿੱਲੀ ਵਿਖੇ ਸਾਹਿਬ ਬਹਾਦੁਰ ਨੇ ਸੌਂਪੀ ਸੀ।

23 ਜਨਵਰੀ 1872 ਈ:, 12 ਮਾਘ ਸੰਨ 1928.

ਗ਼ਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਇਸ ਦਾਸ ਨੇ ਅੱਜ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਹਾਜ਼ਿਰ ਹੋ ਕੇ ਮਹਿਕਮਾ ਵਜਾਰਤ ਦੀ ਡਾਇਰੀ ਦਾ ਮਜ਼ਮੂਨ, ਕੂਕਿਆਂ ਦੀ ਗ੍ਰਿਫ਼ਤਾਰੀ ਤੇ ਉਨ੍ਹਾਂ ਨੂੰ ਤੋਪਾਂ ਨਾਲ ਉਡਾਏ ਜਾਣ ਦਾ ਸਾਰਾ ਹਾਲ ਸੁਣਾਇਆ। **ਸਾਹਿਬ ਬਹਾਦੁਰ ਅਤਿਅੰਤ ਖ਼ੁਸ਼ ਹੋਏ ਅਤੇ ਇਹ ਵੀ ਫ਼ਰਮਾਇਆ ਕਿ ਕੂਕਿਆਂ ਨੂੰ ਸਖ਼ਤ ਸਜ਼ਾ ਮਿਲੀ ਹੈ।** ਇਸ ਦਾਸ ਨੇ ਬੇਨਤੀ ਕੀਤੀ ਕਿ ਅਜਿਹੀ ਸਜ਼ਾ ਤੋਂ ਬਿਨਾ ਇਹ ਨਾਦਾਨ ਲੋਕ ਬਾਜ਼ ਨਹੀਂ ਆਉਂਦੇ। ਹੁਣ ਆਸ ਹੈ ਕਿ ਇਸ ਫ਼ਸਾਦ ਦੀ ਰੋਕਥਾਮ ਹੋ ਜਾਵੇਗੀ ਬਲਕਿ ਜੜੋਂ ਪੁੱਟਿਆ ਜਾਵੇਗਾ।

ਸਾਹਿਬ ਬਹਾਦੁਰ ਨੇ **ਮਹਾਰਾਜੇ ਦੇ ਵਧੀਆ ਪ੍ਰਬੰਧ ਕਰਨ ਤੇ ਗੌਰਮਿੰਟ ਨੂੰ ਇਮਦਾਦ ਦੇਣ ਦਾ ਸ਼ੁਕਰੀਆ ਅਦਾ ਕੀਤਾ ਅਤੇ ਫ਼ਰਮਾਇਆ ਕਿ ਸਾਡੇ ਵਲੋਂ ਮਹਾਰਾਜਾ ਸਾਹਿਬ ਨੂੰ ਬਹੁਤ ਬਹੁਤ ਸਲਾਮ ਦੁਆ ਅਰਜ਼ ਕਰੋ** ਕਿ ਅਸੀਂ ਆਪ ਨੂੰ ਇਸ ਨੇਕਨਾਮੀ ਤੇ ਗੌਰਮਿੰਟ ਦੀ ਪ੍ਰਸੰਨਤਾ ਦੀ ਮੁਬਾਰਕਬਾਦ ਦਿੰਦੇ ਹਾਂ ਅਤੇ ਅਤਿਅੰਤ ਖ਼ੁਸ਼ੀ ਨਾਲ ਹਜ਼ੂਰ ਨਾਲ ਸ਼ੁਕਰਗੁਜਾਰੀ ਬਿਆਨ ਕਰਦੇ ਹਾਂ।

ਸੂਚਨਾ ਵਜੋਂ ਅਰਜ਼ ਹੈ।

22 ਜਨਵਰੀ ਸੰਨ 1872 ਈ:
ਦਿਨ ਸੋਮਵਾਰ।

ਗ਼ਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਸਖ਼ੀ ਸਰਕਾਰ ਹਜ਼ੂਰ ਦੇ ਨਾਮ ਜਨਾਬ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਦਾ ਲਿਖਿਆ ਪੱਤਰ ਇਸ ਦਾਸ ਕੋਲ ਪੁੱਜਾ ਜਿਸ ਵਿੱਚ ਕੂਕਿਆਂ ਦੇ ਫ਼ਸਾਦ ਦੀਆਂ ਜੜਾਂ ਪੁੱਟਣ ਲਈ ਉੱਚੀ ਸ਼ਾਨ ਵਾਲੀ ਸਰਕਾਰ ਦੇ ਅਹਿਲਕਾਰਾਂ ਵਲੋਂ ਰਿਆਸਤ ਮਾਲੇਰ ਕੋਟਲਾ ਨੂੰ ਬਹੁਤ ਚੁਸਤੀ ਫੁਰਤੀ ਨਾਲ ਦਿੱਤੀ ਮਦਦ ਦਾ ਸ਼ੁਕਰੀਆ ਅਦਾ ਕੀਤਾ ਗਿਆ ਹੈ ਅਤੇ ਨਾਲੇ ਜਿਹੜੇ ਕੰਮਾਂ ਦੀ ਬਾਬਤ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਨੇ ਉੱਚੀ ਸ਼ਾਨ ਵਾਲੀ ਸਰਕਾਰ ਕੋਲ ਆਪਣੀ ਖ਼ਾਹਿਸ਼ ਪ੍ਰਗਟ ਕੀਤੀ ਸੀ ਉਨ੍ਹਾਂ ਸੰਬੰਧੀ ਸਰਕਾਰ ਨੇ ਬਹੁਤ ਛੇਤੀ ਕਾਰਵਾਈ ਕੀਤੀ ਹੈ।

ਸੋ ਉਹ ਚਿੱਠੀ ਸਰਕਾਰ ਦੇ ਮੁਲਾਹਿਜ਼ੇ ਲਈ ਇਸ ਬਿਨੈ-ਪੱਤਰ ਰਾਹੀਂ ਨੂਰਾਨੀ ਸਰਕਾਰ ਨੂੰ ਭੇਜ ਰਿਹਾ ਹਾਂ।

ਸੂਚਨਾ ਵਜੋਂ ਬੇਨਤੀ ਕੀਤੀ।

ਦਾਸ,

ਮਿਤੀ 23 ਜਨਵਰੀ ਸੰਨ 1872 ਈ:

ਪੁਰਾਣਾ ਨਮਕ ਪਰਵਰਦਾ,
ਸੱਯਦ ਮੁਹੰਮਦ ਅਲੀ,
ਵਕੀਲ ਗੌਰਮਿੰਟ ਪੰਜਾਬ ਆਦਿ,
ਮੁਕਾਮ ਦਿੱਲੀ।

---

## ਐਲ ਗ੍ਰਿਫ਼ਨ ਸਾਹਿਬ ਬਹਾਦੁਰ ਸੈਕਟਰੀ ਗੌਰਮਿੰਟ ਪੰਜਾਬ ਆਦਿ, ਮਿਤੀ 22 ਜਨਵਰੀ 1872 ਦੇ ਪੱਤਰ ਦੀ ਨਕਲ ਜਿਹੜਾ ਨੂਰਾਨੀ ਸਰਕਾਰ ਦੇ ਨਾਮ ਲਿਖਿਆ ਗਿਆ

ਰਿਵਾਜ ਦੇ ਤੌਰ 'ਦੇ ਆਦਾਬ ਅਰਜ਼ !

ਜਿਹੜਾ ਫ਼ਸਾਦ ਕੂਕਿਆਂ ਨੇ ਕੀਤਾ ਸੀ ਉਹ ਹੁਣ ਚੰਗੀ ਤਰ੍ਹਾਂ ਨਜਿੱਠਿਆ ਗਿਆ ਹੈ। ਜਨਾਬ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਪੰਜਾਬ ਆਦਿ ਦੇ ਹੁਕਮ ਅਨੁਸਾਰ ਮਿਤਰਤਾ 'ਤੇ ਆਧਾਰਤ ਖ਼ਤ ਲਿਖਿਆ ਗਿਆ ਕਿ ਉਸ ਮਿਹਰਬਾਨ ਮਿੱਤਰ (ਭਾਵ ਮਹਾਰਾਜਾ ਸਾਹਿਬ) ਦੇ ਅਹਿਲਕਾਰਾਂ ਨੇ ਰਿਆਸਤ ਮਾਲੇਰ ਕੋਟਲਾ ਨੂੰ ਅਤਿਅੰਤ ਚੁਸਤੀ ਨਾਲ ਮਦਦ ਦਿੱਤੀ ਅਤੇ ਫ਼ਸਾਦ ਨੂੰ ਖਤਮ ਕਰਨ ਵਿੱਚ ਜੁਰਅਤ ਵਿਖਾਈ ਜਿਸ ਸੰਬੰਧੀ ਉਸਤਤ ਯੋਗ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ* ਉਸ ਵੇਲੇ ਪੰਜਾਬ ਦੇ ਅੰਗਰੇਜ਼ ਰਾਬਰਟ ਹੈਨਰੀ ਡੇਵਿਸ* (Robert Henry Davies) 20 ਜਨਵਰੀ 1871 ਤੋਂ 2 ਅਪ੍ਰੈਲ 1877 ਤੀਕ ਰਿਹਾ। ਆਪਣੀ ਖ਼ਾਹਿਸ਼ ਅਨੁਸਾਰ ਸ਼ੁਕਰੀਆ ਅਦਾ ਕਰਦੇ ਹਨ ਅਤੇ ਇਹ ਵੀ ਫ਼ਰਮਾਉਂਦੇ ਹਨ ਕਿ ਅਸੀਂ ਜਿਹੜੇ ਕੰਮਾਂ ਬਾਰੇ ਵੀ ਉਸ ਮਿਹਰਬਾਨ ਦੋਸਤ ਕੋਲ ਖ਼ਾਹਿਸ਼ ਪ੍ਰਗਟ ਕੀਤੀ ਹੈ ਉਨ੍ਹਾਂ ਕੰਮਾਂ ਸੰਬੰਧੀ ਉਸ ਮਿਹਰਬਾਨ ਮਿੱਤਰ ਵਲੋਂ ਪੂਰੀ ਤੇਜ਼ੀ ਨਾਲ ਕਾਰਵਾਈ ਕੀਤੀ ਗਈ ਹੈ।

* ਉਸ ਵੇਲੇ ਪੰਜਾਬ ਦਾ ਅੰਗਰੇਜ ਗਵਰਨਰ ਰਾਬਰਟ ਹੈਨਰੀ ਡੇਵਿਸ ਸੀ ਜੋ 20 ਜਨਵਰੀ 1871 ਤੋ 2 ਅਪ੍ਰੈਲ 1877 ਤੱਕ ਰਿਹਾ।

# ਲੁਕਿਆ ਸੱਚ

---

ਗ਼ਰੀਬ ਪਰਵਰ! ਸਲਾਮਤ !

ਸ੍ਰੀ ਮਾਨ ਜੀ,

ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੇ ਹੁਕਮ ਅਨੁਸਾਰ ਕਿ ਜਿਸ ਦੀ ਇਤਲਾਹ ਕੱਲ ਦੀ ਤਰੀਕ 'ਚ ਬਿਨੈ-ਪੱਤਰ ਰਾਹੀਂ ਹਜ਼ੂਰ ਨੂੰ ਦੇ ਚੁੱਕਿਆਂ ਹਾਂ ਕਿ ਕੱਲ ਸਤ ਵਜੇ ਸ਼ਾਮ ਦੇ ਮੀਰ ਅਲਾਉੱਦੀਨ ਥਾਣੇਦਾਰ ਭਵਾਨੀਗੜ੍ਹ ਤੇ ਮੁਹੰਮਦ ਹੁਸੈਨ ਦਰਬਾਰੀ ਮਾਲੇਰ ਕੋਟਲਾ ਤੋਂ ਲੁਧਿਆਣਾ ਵਿਖੇ ਪੁੱਜੇ। ਸੋ ਅੱਜ ਸਵੇਰੇ ਹੀ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਇਤਲਾਹ ਭੇਜੀ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਤੁਸੀਂ ਇਨ੍ਹਾਂ ਨੂੰ 9 ਜਾਂ 10 ਵਜੇ ਮੇਰੇ ਕੋਲ ਲੈ ਆਵੋ।

ਇਸ ਦਾਸ ਨੇ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਹਾਜ਼ਿਰ ਹੋ ਕੇ ਸੱਯਦ ਅਲਾਉੱਦੀਨ ਥਾਣੇਦਾਰ ਤੇ ਮੁਹੰਮਦ ਹੁਸੈਨ ਦਰਬਾਰੀ ਦਾ ਸਲਾਮ ਕਰਵਾਇਆ। ਸਾਹਿਬ ਬਹਾਦੁਰ ਨੇ ਇਨ੍ਹਾਂ ਦੋਹਾਂ ਨਾਲ ਗੱਲਬਾਤ ਕੀਤੀ ਅਤੇ **ਫਿਰ ਹਦੋਂ ਵੱਧ ਖ਼ੁਸ਼ ਹੋ ਕੇ ਮਹਾਰਾਜਾ ਸਾਹਿਬ ਦਾ ਸ਼ੁਕਰੀਆ ਅਦਾ ਕਰਦੇ ਰਹੇ। ਨਾਲੇ ਇਹ ਵੀ ਫ਼ਰਮਾਇਆ ਕਿ ਕੂਕਿਆਂ ਦੇ ਇਸ ਮੁੱਕਦਮੇਂ ਸੰਬੰਧੀ ਸਾਡੀ ਚਿੱਠੀ ਜਿਸ ਜਿਸ ਮਹਿਕਮੇਂ 'ਚ ਜਾਂਦੀ ਹੈ ਉਸ ਵਿੱਚ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਨੇ ਗੌਰਮਿੰਟ ਅੰਗਰੇਜ਼ੀ 'ਤੇ ਅਤਿਅੰਤ ਅਹਿਸਾਨ ਕੀਤਾ ਹੈ। ਗੌਰਮਿੰਟ ਦੀ ਲਿਖਤ ਸਾਡੇ ਕੋਲ ਆਉਂਦੀ ਹੈ ਅਤੇ ਅੰਗਰੇਜ਼ ਗੌਰਮਿੰਟ ਬਹੁਤ ਧੰਨਵਾਦੀ ਹੈ।** ਸਾਹਿਬ ਬਹਾਦੁਰ ਨੇ ਇਹ ਵੀ ਫ਼ਰਮਾਇਆ ਕਿ ਤੁਸੀਂ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਨੂੰ ਸਾਡਾ ਸਲਾਮ ਲਿਖਣ 'ਤੇ ਅਸੀਂ ਕੱਲ ਜਾਂ ਪਰਸੋਂ ਕੂਕਿਆਂ ਦੇ ਆਉਣ ਮਗਰੋਂ ਇਨ੍ਹਾਂ ਨੂੰ ਰਵਾਨਾ ਕਰਾਂਗੇ ਕਿਉਂਕਿ ਕੂਕੇ ਕੋਟਲਾ ਤੋਂ ਆ ਕੇ ਕੱਲ ਡੇਹਲੋਂ ਵਿਖੇ ਰਹੇ ਅਤੇ ਅੱਜ ਮੀਂਹ ਪੈ ਰਿਹਾ ਹੈ ਸ਼ਾਇਦ ਸਵੇਰ ਤੱਕ ਆ ਜਾਣ। ਅਸੀਂ ਅਹਿਲਕਾਰਾਂ ਦੇ ਸਾਹਮਣੇ ਉਨ੍ਹਾਂ ਕੂਕਿਆਂ ਦਾ ਪ੍ਰਗਟਾ (ਭਾਵ ਉਹ ਆਪਣੇ ਜਗ੍ਹਾ ਵਾਲੇ ਕੀ ਪ੍ਰਗਟ ਕਰਦੇ ਹਨ) ਲਿਖਕੇ ਜਿਹੜੇ ਸਜ਼ਾ ਦੇ ਕਾਬਿਲ ਹੋਣਗੇ ਉਨ੍ਹਾਂ ਨੂੰ ਰੱਖ ਲਵਾਂਗੇ ਅਤੇ ਬਾਕੀਆਂ ਨੂੰ ਰਿਹਾ ਕਰ ਦੇਵਾਂਗੇ।

ਵਿਸ਼ੇਸ਼ ਕਰਕੇ ਇਸ ਮੁੱਕਦਮੇਂ ਬਾਰੇ ਜਿਹੜੀ ਗੱਲਬਾਤ ਮੀਰ ਅਲਾਉੱਦੀਨ ਨੇ ਕਹੀ ਸਾਹਿਬ ਬਹਾਦੁਰ ਸੁਣ ਕੇ ਬਹੁਤ ਖ਼ੁਸ਼ ਹੋਏ ਅਤੇ ਫ਼ਰਮਾਇਆ ਕਿ **ਤੂੰ ਤੇ ਵਕੀਲ ਨੇ ਰਤਨ ਸਿੰਘ ਨੂੰ ਬਹੁਤ ਮੁਸ਼ਕਿਲ ਨਾਲ ਗ੍ਰਿਫ਼ਤਾਰ ਕੀਤਾ ਸੀ ਤੇ ਕੀ ਸਰਕਾਰ ਵਲੋਂ ਤੁਹਾਨੂੰ ਬਹੁਤ ਸਾਰਾ ਇਨਾਮ ਮਿਲਿਆ ? ਇਸ ਦਾਸ ਨੇ ਬੇਨਤੀ ਕੀਤੀ ਕਿ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਨੇ ਇਨ੍ਹਾਂ ਦਾਸਾਂ ਨੂੰ ਬਹੁਤ ਸਾਰਾ ਇਨਾਮ ਬਖਸ਼ਿਆ। ਸਾਹਿਬ ਬਹਾਦੁਰ ਨੇ ਮੁੜ ਫ਼ਰਮਾਇਆ ਕਿ ਸੱਯਦ ਨਿਆਜ਼ ਅਲੀ ਆਦਿ** ਜਿਨ੍ਹਾਂ ਨੇ ਇਨ੍ਹਾਂ ਕੂਕਿਆਂ ਨੂੰ ਗ੍ਰਿਫ਼ਤਾਰ ਕੀਤਾ, ਤੇ ਸ਼ੈਖ਼ ਬਰਕਤ ਅਲੀ, ਜਿਸ ਨੇ ਸਾਨੂੰ ਕੂਕਿਆਂ ਤੋਂ ਛੁਡਾਇਆ, ਉਨ੍ਹਾਂ ਨੂੰ ਵੀ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਕੁਝ ਬਖ਼ਸ਼ਣਗੇ ? ਇਸ ਦਾਸ ਅਹਿਮਦ ਹਸਨ ਨੇ ਬੇਨਤੀ ਕੀਤੀ ਕਿ ਨਿਆਜ਼ ਅਹਿਮਦ ਅਲੀ ਅਜੇ ਤੱਕ ਦੌਰੇ 'ਤੇ ਹੈ। ਯਕੀਨ ਹੈ ਕਿ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ, ਉਨ੍ਹਾਂ ਸਾਰਿਆਂ ਦੀ, ਜਿਨ੍ਹਾਂ ਨੇ ਇਸ ਮਾਮਲੇ 'ਚ ਬਹਾਦੁਰੀ ਵਿਖਾਈ ਹੈ, ਕਦਰ ਕਰਨਗੇ।

-ਬਸ-

ਯਕੀਨ ਹੈ ਕੱਲ ਤੱਕ ਕੂਕੇ ਮਾਲੇਰ ਕੋਟਲਾ ਤੋਂ ਪੁੱਜ ਜਾਣਗੇ। ਸੱਯਦ ਮੁਹੰਮਦ ਹਸਨ ਤੇ ਅਲਾਉੱਦੀਨ ਥਾਣੇਦਾਰ ਦੇ ਸਾਹਮਣੇ ਸਾਹਿਬ ਬਹਾਦੁਰ ਪ੍ਰਗਟਾਵਾ ਲਿਖ ਕੇ ਇਨ੍ਹਾਂ ਸਾਹਿਬਾਨ ਨੂੰ ਵਿਦਾ ਕਰ ਦੇਣਗੇ। ਸਾਹਿਬ ਬਹਾਦੁਰ ਨੇ ਇਹ ਵੀ ਫ਼ਰਮਾਇਆ ਕਿ ਅਲਾਉੱਦੀਨ ਤੇ ਮੁਹੰਮਦ ਹੁਸੈਨ ਨੇ ਇਨ੍ਹਾਂ ਕੂਕਿਆਂ ਨੂੰ ਹਿਫ਼ਾਜ਼ਤ ਨਾਲ ਇੱਥੋਂ ਤੱਕ ਪਹੁੰਚਾਇਆ ਕਿਉਂਕਿ ਸਾਨੂੰ ਬੜਾ ਡਰ ਸੀ। ਅਲਾਉੱਦੀਨ ਨੇ ਮਰਦਾਨਗੀ ਕੀਤੀ ਕਿ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਨਾ ਕਠਿਨ ਸੀ।

ਸਾਹਿਬ ਬਹਾਦੁਰ ਨੇ ਫਿਰ ਅਲਾਉੱਦੀਨ ਨੂੰ ਫ਼ਰਮਾਇਆ ਕਿ ਸ਼ਾਇਦ ਇਹ ਕੂਕੇ ਬਰੀ ਹੋਣ ਦੇ ਲਾਇਕ ਹੋਣਗੇ। ਪਰ ਜੇ ਹੋਰ ਕੂਕੇ ਤੁਹਾਡੀ ਜਾਣਕਾਰੀ ਵਿੱਚ ਕਿਸੇ ਥਾਂ ਮੁਜ਼ਰਿਮ ਸਾਬਿਤ ਹੋਣ ਤੁਸੀਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨਾ। ਤੁਸੀਂ ਬਹੁਤ ਹੀ ਹੁਸ਼ਿਆਰ ਆਦਮੀ ਤੇ ਪੁਰਾਣੇ ਥਾਣੇਦਾਰ ਹੋ। ਬਾਰਕਲੀਅਰ ਸਾਹਿਬ ਸੁਪਰਡੈਂਟ ਸਾਡੇ ਕੋਲ ਤੁਹਾਡੀ ਪ੍ਰਸੰਸ਼ਾ ਕਰਦੇ ਹਨ, ਤੁਸੀਂ ਉਨ੍ਹਾਂ ਨੂੰ ਵੀ ਮਿਲਣਾ।

---

ਫਿਰ ਸੱਯਦ ਅਲਾਉੱਦੀਨ ਨੇ ਆਪਣੇ ਸਾਬਿਕਾ ਸਟਾਰ ਮੁਲਾਹਿਜ਼ਾ ਕਰਵਾਏ। ਸਾਹਿਬ ਬਹਾਦੁਰ ਮੁਲਾਹਿਜ਼ਾ ਕਰਕੇ ਬੜੇ ਹੀ ਖ਼ੁਸ਼ ਹੋਏ ਅਤੇ ਫ਼ਰਮਾਇਆ ਕਿ ਤੁਸੀਂ ਬਹੁਤ ਸਮੇਂ ਤੋਂ ਥਾਣੇਦਾਰ ਚਲੇ ਆ ਰਹੇ ਹੋ, ਕੁਝ ਤੱਰਕੀ ਨਹੀਂ ਕੀਤੀ। ਅਲਾਉੱਦੀਨ ਨੇ ਬੇਨਤੀ ਕੀਤੀ ਕਿ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਮੇਰੀ ਬਹੁਤ ਪ੍ਰਵਰਿਸ਼ ਕਰਦੇ ਹਨ। ਫਿਰ ਪੁੱਛਿਆ ਕਿ ਤੁਹਾਨੂੰ ਡਾਕੇ ਦੇ ਮੁੱਕਦਮੇਂ 'ਚ ਲਾਟ ਸਾਹਿਬ ਵਲੋਂ ਇਨਾਮ ਨਹੀਂ ਆਇਆ ? ਸੱਯਦ ਅਲਾਉੱਦੀਨ ਨੇ ਬੇਨਤੀ ਕੀਤੀ ਕਿ ਲਾਟ ਸਾਹਿਬ ਬਹਾਦੁਰ ਨੇ ਇਨਾਮ ਦਿਵਾਇਆ ਸੀ। ਸਾਹਿਬ ਬਹਾਦੁਰ ਸੱਯਦ ਮੁਹੰਮਦ ਹੁਸੈਨ ਵੱਲ ਵੇਖਕੇ ਫ਼ਰਮਾਉਣ ਲੱਗੇ ਕਿ ਇਹ ਦਰਬਾਰੀ ਬੜਾ ਕੱਦਾਵਰ ਜਵਾਨ ਅਤੇ ਹੁਸ਼ਿਆਰ ਹੈ। ਅਸੀਂ ਅਜਿਹੇ ਲੋਕਾਂ ਨਾਲ ਬਹੁਤ ਖ਼ੁਸ਼ ਹੁੰਦੇ ਹਾਂ।

ਅੱਜ ਦਾ ਹਾਲ ਇਹ ਸੀ ਜਿਹੜਾ ਸੂਚਨਾ ਹਿਤ ਦੱਸਿਆ ਗਿਆ। ਬਾਕੀ ਕੱਲ ਨੂੰ ਦੱਸਾਂਗਾ।

2 ਫਰਵਰੀ ਸੰਨ 1872 ਈ:।

ਦਾਸ
ਅਹਿਮਦ ਹਸਨ ਵਕੀਲ ਲੁਧਿਆਣਾ,

---

**ਮਲੌਂਦ ਜ਼ਿਲ੍ਹਾ ਲੁਧਿਆਣਾ ਤੇ ਕੋਟਲਾ ਮਲੇਰ ਵਿਖੇ ਕੂਕਾ ਕੌਮ ਵਲੋਂ ਵਾਰਦਾਤ ਹੋਣ ਬਾਰੇ,**

ਨਿਆਮਤਾਂ ਦੇ ਮਾਲਿਕ, ਜ਼ਮਾਨੇ ਦੇ ਸਖ਼ੀ ਦੁਨੀਆਂ ਦੇ ਬਾਦਸ਼ਾਹ, ਜਹਾਨ ਤੇ ਜਹਾਨ ਵਾਲਿਆਂ ਦੀ ਓਟ ਸ੍ਰੀ ਮਹਾਰਾਜਾ ਸਾਹਿਬ,

ਹਜ਼ੂਰ ਦੇ ਮਿਤੀ 19 ਜਨਵਰੀ 1872 ਈ: ਦੇ ਹੁਕਮ ਨਾਲ ਮਹਿਕਮਾਂ ਆਲੀਆ ਵਜ਼ਾਰਤ ਪਟਿਆਲਾ ਨੂੰ ਲਿਖਿਆ ਗਿਆ ਸੀ ਕਿ ਇਸ ਹੁਕਮ ਦੀ ਨਕਲ ਸਾਰੇ ਵਕੀਲਾਂ ਕੋਲ ਇਤਲਾਹ ਦੇ ਤੌਰ 'ਤੇ ਭੇਜੀ ਜਾਵੇ।

ਇਹ ਨਕਲ ਮੇਰੇ ਕੋਲ ਪੁੱਜੀ ਹੈ ਤੇ ਮੈਂ ਬੇਨਤੀ ਕਰਦਾ ਹਾਂ ਕਿ ਹਜ਼ੂਰ ਦੇ ਹੁਕਮ ਅਨੁਸਾਰ ਉਪ੍ਰੋਕਤ ਯਾਦਦਾਸ਼ਤ ਦੇ ਮਜ਼ਮੂਨ ਤੋਂ ਸੂਚਿਤ ਹੋ ਕੇ ਸਲਾਮ ਅਰਜ਼ ਕਰਦਾ ਹਾਂ।

ਗੱਲਾਂ-ਬਾਤਾਂ ਹੋਣ ਦੇ ਮੌਕੇ ਉਪ੍ਰੋਕਤ ਯਾਦਦਾਸ਼ਤ ਵਿੱਚ ਦਰਜ ਹਾਲ ਉੱਚੀ ਪਦਵੀ ਵਾਲੇ ਜਨਾਬ ਸਾਹਿਬ ਬਹਾਦੁਰ ਤੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਜ਼ਿਲ੍ਹਾ ਹਿਸਾਰ ਕੋਲ ਮੁਨਾਸਿਬ ਮੌਕਾ ਸਮਝ ਕੇ ਵੇਰਵੇ ਸਹਿਤ ਬਿਆਨ ਕੀਤਾ। ਉਸਤਤ ਯੋਗ ਦੋਹਾਂ ਸਾਹਿਬਾਨ ਨੇ ਹੁਕਮ ਦਿੱਤਾ ਕਿ **ਸ੍ਰੀ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ ਨੇ ਇਨ੍ਹਾਂ ਨੇੜ-ਦ੍ਰਿਸ਼ਟ ਬਦਮਾਸ਼ਾਂ ਦਾ ਅਤਿਅੰਤ ਤਸੱਲੀ ਬਖ਼ਸ਼ ਇੰਤਜ਼ਾਮ ਕੀਤਾ ਹੈ ਅਤੇ ਅੱਗੋਂ ਨੂੰ ਵੀ ਕਰਦੇ ਰਹਿਣਗੇ। ਇਸ ਦਾਸ ਨੇ ਬੇਨਤੀ ਕੀਤੀ ਕਿ ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ ਦਾ ਹਮੇਸ਼ਾ ਤੋਂ ਹੀ ਇਹ ਮਨਸ਼ਾ ਰਿਹਾ ਹੈ ਕਿ ਜੇ ਕੋਈ ਦੰਗਾ-ਫ਼ਸਾਦ ਆਮ ਲੋਕਾਂ ਵਿੱਚ ਖ਼ਲਲ ਪਾਵੇ ਤਾਂ ਉਹ ਦੰਗਾ ਫ਼ਸਾਦ ਛੇਤੀ ਨਾਲ ਮੁਕਾ ਦਿੱਤਾ ਜਾਵੇ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ** " ਹਾਂ ! ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ ਦਾ ਅਵਸ਼ ਅਜਿਹਾ ਹੀ ਮਨਸ਼ਾ ਹੈ ਪਰ ਤੁਸੀਂ ਅੱਗੋਂ ਨੂੰ ਇਸੇ ਤਰ੍ਹਾਂ ਇਸ ਹਾਲ ਤੋਂ ਸੂਚਿਤ ਕਰਦੇ ਰਿਹਾ ਕਰੋ।"

ਸੋ ਇਹ ਰਿਪੋਰਟ ਹਜ਼ੂਰ ਕੋਲ ਇਤਲਾਹ ਵਜੋਂ ਭੇਜੀ ਜਾ ਰਹੀ ਹੈ ਜਿਹੜੀ ਹਜ਼ੂਰ ਦੀ ਨਿਗ੍ਹਾ 'ਚੋਂ ਲੰਘੇਗੀ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣ ਸਮਾਨ ਹੈ।

ਐ ਅੱਲਾਹ ! ਜ਼ੁਲਮ ਸੀਮਤ ਰਵ੍ਹੇ !

ਦਾਸ

ਪੁਰਾਣਾ ਨਮਕ ਖ਼ਾਹ,

ਸੱਯਦ ਹੁਸੈਨ ਅਲੀ,

ਵਕੀਲ ਸਰਕਾਰ,

ਮਹਿਕਮਾ ਹਿਸਾਰ 'ਚ ਹਾਜ਼ਿਰ ਰਹਿਣ ਵਾਲਾ।

ਮਿਤੀ 11 ਫਰਵਰੀ 1872 ਈ: ਮੁਤਾਬਿਕ 1 ਫੱਗਣ 1928.

---

**ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਵਾਲੀ-ਏ-ਪਟਿਆਲਾ ਨੂੰ,**
**ਜੀ. ਸੀ. ਐਸ. ਡੀ. ਦੇ ਨਾਮ ਡਬਲੀਉ ਫ਼ਾਸੂਲਹੀਸ ਸਾਹਿਬ ਦੀ ਚਿੱਠੀ**
**ਮਿਤੀ 7 ਫਰਵਰੀ 1872 ਦਾ ਤਰਜ਼ਮਾ ਜਿਹੜੀ 17 ਅਲੀਸੀਮ ਰੋਡ ਕਲਕੱਤਾ ਤੋਂ ਲਿਖੀ ਗਈ।**

ਮੇਰੇ ਪਿਆਰੇ ਮਹਾਰਾਜਾ ਸਾਹਿਬ,

ਦਸ ਦਿਨ ਹੋਏ ਹਨ ਕਿ ਮੈਂ ਬਹੁਤ ਮੁੱਦਤ ਮਗਰੋਂ ਵਾਪਸ ਹਿੰਦੋਸਤਾਨ ਆਇਆ ਹਾਂ। ਹੁਣ ਮੈਂ ਤੁਹਾਡੀ ਰਾਜ਼ੀ-ਖ਼ੁਸ਼ੀ (ਸੁੱਖ-ਸਾਂਦ) ਦਾ ਪਤਾ ਲੈਂਦਾ ਹਾਂ। ਮੈਨੂੰ ਇਹ ਦੇਖ ਕੇ ਅਫ਼ਸੋਸ ਹੋਇਆ ਸੀ ਕਿ ਕੂਕਿਆਂ ਨੇ ਕੁਝ ਤਕਲੀਫ਼ ਦਿੱਤੀ ਸੀ ਪਰ ਇਹ ਪਤਾ ਲੱਗਣ 'ਤੇ ਕਿ ਆਪਣੇ ਤੇ ਆਪ ਦੇ ਲੋਕਾਂ ਨੇ ਇਸ ਫ਼ਸਾਦ ਨੂੰ ਕੁਚਲਣ ਵਿੱਚ ਅੰਗਰੇਜ਼ੀ ਹਾਕਿਮਾਂ ਦੀ ਅਜਿਹੀ ਮਦਦ ਕੀਤੀ, ਅਤਿਅੰਤ ਖ਼ੁਸ਼ ਹੋਇਆ। ਮੈਂ ਇੰਗਲਿਸਤਾਨ ਤੋਂ ਰਵਾਨਾ ਹੋਣ ਤੋਂ ਪਹਿਲਾਂ ਹਿਜ਼ ਰਾਇਲ ਹਾਈਨੈਸ (His Royal Highness) ਡਿਊਕ ਆਫ਼ ਐਡਨਬਰਾ (Duke of Adnbra) ਸਾਹਿਬ ਨੂੰ ਮਿਲਿਆ ਸੀ। ਉਨ੍ਹਾਂ ਨੇ ਮੈਨੂੰ ਕਿਹਾ ਸੀ ਕਿ "ਤੁਸੀਂ ਮੁਲਕ ਹਿੰਦੋਸਤਾਨ ਦੇ ਜਿਸ ਜਿਸ ਰਈਸ ਨੂੰ ਵੀ ਮਿਲੋ ਉਨ੍ਹਾਂ ਨੂੰ ਮੇਰਾ ਸਲਾਮ ਵੀ ਪਹੁੰਚਾ ਦੇਣਾ। ਹਿਜ਼ ਰਾਇਲ ਹਾਈਨੈਸ ਪ੍ਰਿੰਸ ਆਫ਼ ਵੇਲਜ਼ (His Royal Highness Prince of Wales) ਉਨ੍ਹਾਂ ਦਿਨੀਂ ਬੀਮਾਰ ਸਨ ਪਰ ਕੁਝ ਖ਼ੌਫ ਦੀ ਹਾਲਤ 'ਚ ਨਹੀਂ ਸਨ।

**ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ ਦੀ ਤਜਵੀਜ਼ ਨਾਲ ਮਹਿਕਮਾ ਮੁਨਸ਼ੀ ਖ਼ਾਨਾ ਤੋਂ, ਲਿਫ਼ਾਫ਼ੇ 'ਚ ਪਾਈ ਚਿੱਠੀ ਸਰਕਾਰ ਪਟਿਆਲਾ ਦੀ ਨਿਗ੍ਹਾ 'ਚੋਂ ਲੰਘ ਕੇ, ਹੁਕਮ ਹੋਇਆ ਕਿ :-**

ਇਸ ਚਿੱਠੀ ਦਾ ਜਵਾਬ ਸ਼ੌਕੀਆ ਦੋਸਤਾਨਾ ਦੇ ਮਜ਼ਮੂਨ 'ਤੇ ਅਧਾਰਿਤ ਲਿਖਿਆ ਜਾਵੇ। ਚਿੱਠੀ ਵਿੱਚ ਲਾਰਡ ਲਿਊ ਸਾਹਿਬ ਦੇ ਸਵਰਗ ਸਿਧਾਰਨ ਦੇ ਹਾਲ ਦਾ ਵੀ ਅਫ਼ਸੋਸ ਦਰਜ ਹੋਵੇ, ਇਹ ਵੀ ਦਰਜ ਹੋਵੇ ਕਿ ਰਿਆਸਤ ਦਾ ਰੋਬਕਾਰ ਭਲੀ ਭਾਂਤ ਚਲ ਰਿਹਾ ਹੈ ਅਤੇ ਉੱਚੇ ਰੁਤਬੇ ਵਾਲੇ ਸ਼ਹਿਜ਼ਾਦਾ ਡਿਊਕ ਆਫ਼ ਐਡਨਬਰਾ ਨੂੰ ਧੰਨਵਾਦ ਦੇ ਵਾਕ ਵੀ ਦਰਜ ਹੋਣ ਕਿ ਉਨ੍ਹਾਂ ਨੇ ਸਰਕਾਰ ਨੂੰ ਯਾਦ ਕੀਤਾ ਹੈ।

22 ਫਰਵਰੀ 1872.
12 ਫੱਗਣ 1928.

---

**ਮਹਾਰਾਜਾ ਸਾਹਿਬ ਪਟਿਆਲਾ ਵੱਲੋਂ-**

**ਕਰਨੈਲ ਡਬਲਿਊ ਫ਼ਾਲੂਸਹੀਸ ਸਾਹਿਬ ਬਹਾਦੁਰ, 17 ਅਲੀਸੀਮ ਰੋਡ ਕਲਕੱਤਾ ਨੂੰ ਲਿਖੀ ਚਿੱਠੀ ਦਾ ਤਰਜ਼ਮਾ ਮੁਕਾਮ ਪਟਿਆਲਾ ਤੋਂ ਮਿਤੀ 22 ਫਰਵਰੀ 1872 ਨੂੰ**

ਮੇਰੇ ਪਿਆਰੇ ਦੋਸਤ,

ਮੈਨੂੰ ਤੁਹਾਡੀ 7 ਫਰਵਰੀ 1872 ਦੀ ਮਿਹਰਬਾਨੀ ਭਰਪੂਰ ਚਿੱਠੀ ਮਿਲੀ। ਮੈਂ ਬਹੁਤ ਪ੍ਰਸੰਨ-ਚਿੱਤ ਹੋਇਆ ਕਿ ਆਪ ਸੁੱਖ-ਸਾਂਦ ਨਾਲ ਮੁੜ ਹਿੰਦੋਸਤਾਨ ਤਸ਼ਰੀਫ਼ ਲੈ ਆਏ ਹੋ। ਮੈਂ ਰੱਬ ਦੀ ਕ੍ਰਿਪਾ ਨਾਲ ਅਨੰਦ ਪ੍ਰਸੰਨ ਹਾਂ ਅਤੇ ਆਪ ਦੀ ਮਿਹਰਬਾਨੀ ਦਾ ਧੰਨਵਾਦੀ ਹਾਂ ਜੋ ਤੁਸੀਂ ਮੇਰੀ ਸਿਹਤ ਦਾ ਹਾਲ-ਚਾਲ ਪੁੱਛਿਆ। ਮੈਂ ਇਹ ਦਰਿਆਫ਼ਤ ਕਰਕੇ ਅਤੀ ਖ਼ੁਸ਼ ਹੋਇਆ ਕਿ ਉੱਚੀ ਪਦਵੀ ਵਾਲੇ ਸ਼ਹਿਜ਼ਾਦਾ ਡਿਊਕ ਆਫ਼ ਐਡਨਬਰਾ ਬਹਾਦੁਰ ਨੇ ਤੁਹਾਨੂੰ ਫ਼ਰਮਾਇਆ ਸੀ ਕਿ " ਆਪ ਹਿੰਦੋਸਤਾਨ ਦੇ ਜਿਹੜੇ ਜਿਹੜੇ ਸ਼ਹਿਜ਼ਾਦਿਆਂ ਤੇ ਰਈਸਾਂ ਨਾਲ ਮੁਲਾਕਾਤ ਕਰੋ ਉਨ੍ਹਾਂ ਨੂੰ ਮੇਰੇ ਵੱਲੋਂ ਵੀ ਸਲਾਮ ਪਹੁੰਚਾ ਦੇਣਾ।" ਮੈਂ ਵਿਸ਼ੇਸ਼ ਤੌਰ 'ਤੇ ਅਤਿਅੰਤ ਪ੍ਰਸੰਨ ਹੋਇਆ ਜਦੋਂ ਅਖ਼ਬਾਰਾਂ 'ਚ ਪੜ੍ਹਿਆ ਕਿ ਉੱਚੇ ਦਰਜੇ ਵਾਲੇ ਸ਼ਹਿਜ਼ਾਦਾ ਵਲੀਅਹਿਦ (ਉਤਰਾਧਿਕਾਰੀ) ਪ੍ਰਿੰਸ ਆਫ਼ ਵੇਲਜ਼ ਨੂੰ ਜਿਹੜਾ ਰੋਗ ਸੀ ਉਸ ਤੋਂ ਛੁਟਕਾਰਾ ਮਿਲ ਗਿਆ ਹੈ ਅਤੇ ਰੱਬ ਦਾ ਸ਼ੁਕਰ ਹੈ ਕਿ ਉਸ ਨੇ ਆਪਣੀ ਅਤਿਅੰਤ ਰਹਿਮਤ ਤੇ ਅਪਾਰ ਕ੍ਰਿਪਾ ਸਦਕਾ ਸਾਨੂੰ ਸਾਰਿਆਂ ਨੂੰ ਵਿਸ਼ੇਸ਼ ਤੌਰ 'ਤੇ ਹਜ਼ਰਤ ਮਲਿਕਾ ਮੁਅੱਜ਼ਮਾ ਤੇ ਸ਼ਾਹੀ ਖ਼ਾਨਦਾਨ ਨੂੰ ਉਸ ਪੈਣ ਵਾਲੀ ਮੁਸੀਬਤ ਤੋਂ ਸੁਰੱਖਿਅਤ ਰਖਿਆ।

ਅਰਲ ਲੀਊ ਸਾਹਿਬ ਦੀ ਬੇ-ਵਕਤ ਮੌਤ ਸਦਕਾ, ਜਿਹੜੀ ਇੱਕ ਬੁਜ਼ਦਿਲ ਦੇ ਕੁਨਸਲੇ ਆਦਮੀ ਦੇ ਹੱਥੋਂ ਟਾਪੂ ਪੋਰਟ ਬਲੇਅਰ ਵਿੱਚ ਹੋਈ, ਸਾਡੇ ਸਾਰਿਆਂ 'ਤੇ ਅਜਿਹਾ ਗ਼ਮ ਛਾ ਗਿਆ ਹੈ ਅਤੇ ਇਸ ਦੁੱਖ ਦਾ ਸਾਡੇ ਦਿਲਾਂ 'ਤੇ ਅਜਿਹਾ ਡੂੰਘਾ ਅਸਰ ਹੋਇਆ ਹੈ ਕਿ ਜਿਹੜਾ ਕਦੇ ਵੀ ਖ਼ਤਮ ਨਹੀਂ ਹੋਵੇਗਾ। ਸ਼ਾਇਦ ਸਮਾਂ ਬੀਤਣ ਨਾਲ ਮੇਰੇ ਅਤੀ ਦੁਖੀ ਹਿਰਦੇ 'ਤੋਂ ਇਹ ਦੁੱਖ ਕੁਝ ਘਟੇ। ਅਫ਼ਸੋਸ ਕਿ ਮੇਰਾ ਦਿਲੀ ਦੋਸਤ ਸਵਰਗਵਾਸੀ ਅਰਲ ਲੀਊ ਸਾਹਿਬ ਬਹਾਦੁਰ ਇਸ ਨਾਸ਼ਵਾਨ ਸੰਸਾਰ ਤੋਂ ਜਾਂਦਾ ਰਿਹਾ।

ਉਮੀਦ ਹੈ ਕਿ ਆਪ ਆਨੰਦ ਪ੍ਰਸੰਨ ਹੋਵੇਗਾ।

ਮੈਂ ਹਾਂ ਮੇਰੇ ਪਿਆਰੇ ਦੋਸਤ, ਆਪ ਦਾ ਸੱਚਾ ਤੇ ਪਿਆਰਾ,

ਦਸਤਖ਼ਤ<br>
ਮਹਿੰਦਰ ਸਿੰਘ,<br>
ਮਹਾਰਾਜਾ ਪਟਿਆਲਾ।

ਤਰਜ਼ਮਾ ਸਹੀ ਹੈ ।

ਦਸਤਖ਼ਤ ਮਾਸਟਰ ਮੁਹੰਮਦ ਖ਼ੁਦਾ ਬਖ਼ਸ਼ ਖ਼ਾਂ,

# 19. ਅੰਗਰੇਜ਼ਾਂ ਅਤੇ ਮਹਾਰਾਜਾ ਪਟਿਆਲਾ ਵੱਲੋਂ ਮਲੌਦ ਦੇ ਸਰਦਾਰਾਂ ਨੂੰ ਲਿਖੇ ਖਤ ਅਤੇ ਜਵਾਬ

ਦੋਸਤਾਂ ਦੇ ਮਿਹਰਬਾਨ ਸਰਦਾਰ (ਮਿੱਤ ਸਿੰਘ) ਸਾਹਿਬ ! ਸਲਾਮਤ !

ਖ਼ੁਸ਼ੀ ਭਰਪੂਰ ਮੁਲਾਕਾਤ ਦਾ ਸ਼ੌਕ ਪ੍ਰਗਟ ਕਰਨ ਮਗਰੋਂ ਤੁਹਾਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਪੰਜਾਬ ਆਦਿ ਨੂੰ ਇਹ ਗੱਲ ਸੁਣ ਕੇ ਅਫ਼ਸੋਸ ਹੋਇਆ ਕਿ ਉਹ ਮਿਹਰਬਾਨ ਦੋਸਤ ਦੇ ਬੇਟੇ ਬਦਨ ਸਿੰਘ, ਜਿਸ ਵੇਲੇ ਕੂਕਿਆਂ ਨੇ ਉਹ ਦੇ ਘਰ 'ਤੇ ਹਮਲਾ ਕੀਤਾ, ਦੇ ਸੱਟਾਂ ਵੱਜੀਆਂ। ਉਮੀਦ ਹੈ ਕਿ ਸੱਟਾਂ ਸਖ਼ਤ ਨਹੀਂ ਹੋਣਗੀਆਂ।

ਕਦੇ ਕਦਾਈਂ ਆਪਣੀ ਰਾਜ਼ੀ ਖ਼ੁਸ਼ੀ ਦਾ ਖ਼ਤ ਭੇਜ ਕੇ ਸਾਨੂੰ ਪ੍ਰਸੰਨ ਚਿੱਤ ਕਰਦੇ ਰਿਹਾ ਕਰੋ।

20 ਜਨਵਰੀ 1872 ਈ:

ਅੰਗਰੇਜ਼ੀ ਅੱਖਰਾਂ 'ਚ<br>
ਹੈਨਰੀ ਗ੍ਰਿਫ਼ਨ ਸਾਹਿਬ,<br>
ਸੈਕਟਰੀ ਗੌਰਮਿੰਟ ਪੰਜਾਬ ਆਦਿ ਦੇ ਦਸਤਖ਼ਤ।

## ਸ. ਬਦਨ ਸਿੰਘ ਦਾ ਹਾਲ ਪੁੱਛਣ ਲਈ ਮਹਾਰਾਜਾ ਪਟਿਆਲਾ ਵੱਲੋਂ ਖਤ

ਅਦਬ ਆਦਾਬ ਅਰਜ਼ ਕਰਨ ਮਗਰੋਂ ਬੇਨਤੀ ਹੈ ਕਿ ਆਪਣੀ ਆਖਿਰਤ ਬਾਰੇ ਨਾ ਸੋਚਣ ਵਾਲੇ ਕੂਕਿਆਂ ਦੇ ਮਲੌਦ 'ਤੇ ਹਮਲਾ ਕਰਨ ਸਮੇਂ ਉਸ ਉੱਜਲ ਦੀਦਾਰ ਸਰਕਾਰ ਦੇ ਜਖਮੀ ਹੋਣ ਦਾ ਹਾਲ ਸੁਣ ਕੇ ਸਰਕਾਰ ਹਜੂਰ ਦਾ ਦਿਲ ਅਤਿਅੰਤ ਦੁਖੀ ਹੋਇਆ ਪਰ ਫਿਰ ਜਦੋਂ ਅਸਲੀਅਤ ਸਾਹਮਣੇ ਆਈ ਕਿ ਸਤਿਗੁਰੂ ਦਿਆਲ ਦੀ ਮਿਹਰ ਸਦਕਾ ਹਰ ਤਰ੍ਹਾਂ ਨਾਲ ਸੁੱਖ ਸਾਂਦ ਹੈ ਤੇ ਜਖਮੀ ਥੋੜ੍ਹਾ ਹੀ ਹੈ ਤਾਂ ਜਾ ਕੇ ਇੱਕ ਪ੍ਰਸਾਰ ਨਾਲ ਫਿਕਰ ਜਾਂਦਾ ਰਿਹਾ ਸੀ।

ਉਸ ਮਗਰੋਂ ਚੂੰਕਿ ਉਸ ਪਾਸਿਉਂ ਉੱਜਲ ਦੀਦਾਰ ਸਰਦਾਰ ਦੀ ਸਰਕਾਰ ਵੱਲੋਂ ਕੋਲ ਕੋਈ ਖਬਰ ਨਹੀਂ ਪੁੱਜੀ ਇਸ ਲਈ ਭਰੋਸੇ ਯੋਗ ਵਿਅਕਤੀ ਗੁਲਾਬ ਚੋਬਦਾਰ ਸੁਨਿਹਰੀ ਲਾਠੀ ਵਾਲੇ ਨੂੰ ਰਵਾਨਾ ਕੀਤਾ ਕਿਉਂਕਿ ਉਸ ਉੱਜਲ ਦੀਦਾਰ ਸਬੰਧੀ ਸਬੰਧੀ ਸਰਕਾਰ ਦੇ ਮਨ ਦੀ ਤਸੱਲੀ .ਜ਼ਰੂਰੀ ਹੈ। ਇਸ ਲਈ ਜ਼ਰੂਰੀ ਹੈ ਕਿ ਆਪ ਆਪਣੀ ਸਿਹਤ ਦੇ ਵੇਰਵੇ ਹਾਲ ਤੋਂ ਸਰਕਾਰ ਨੂੰ ਸੂਚਿਤ ਕਰੋ।

21 ਮਾਘ ਸੰਮਤ 1928<br>
ਮੁਤਾਬਿਕ 1 ਫਰਵਰੀ 1872 ਈ:

------------------------------------------------------------

# ਸ. ਬਦਨ ਸਿੰਘ ਮਲੌਦ ਵੱਲੋਂ ਮਹਾਰਾਜਾ ਪਟਿਆਲਾ ਨੂੰ ਲਿਖਿਆ ਗਿਆ ਖਤ

ਹਕੂਮਤ ਦੇ ਦਰਖ਼ਤ ਦੇ ਫ਼ਲ, ਸਫ਼ਲਤਾ ਦੇ ਬਾਗ਼ ਦੇ ਮੇਵੇ, ਅੰਗਰੇਜ਼ੀ ਹਕੂਮਤ ਦੇ ਖ਼ਾਸ ਬੇਟੇ, ਅਮੀਰਾਂ ਦੇ ਅਮੀਰ, ਜ਼ਮਾਨੇ ਨੂੰ ਫ਼ਤਿਹ ਕਰਨ ਵਾਲੇ, ਰਾਜਿਆਂ ਦੇ ਮਹਾਰਾਜਾ ਧੀਰਾਜ ਸ੍ਰੀ ਮਹਾਰਾਜਾ ਮਹਿੰਦਰ ਸਿੰਘ ਮਹਿੰਦਰ ਬਹਾਦੁਰ!

ਤੁਹਾਡਾ ਤੇਜ ਪਰਤਾਪ ਹਮੇਸ਼ਾ ਕਾਇਮ ਰਵ੍ਹੇ !

ਤੁਹਾਡੀ ਉਮਰ, ਸ਼ਾਨੋ ਸ਼ੌਕਤ, ਪਦਵੀ ਤੇ ਨਿਆਬਤ ’ਚ ਵਾਧਾ ਹੋਣ ਦੀ ਦੁਆ ਕਰਨ ਮਗਰੋਂ ਤੁਹਾਨੂੰ ਸੂਚਿਤ ਕਰਦਾ ਹਾਂ ਕਿ ਤੁਹਾਡਾ ਖ਼ਤ ਮਿਲਿਆ ਜਿਸ ਰਾਹੀਂ ਤੁਸੀਂ ਇਹ ਜ਼ਿਕਰ ਕੀਤਾ ਹੈ ਕਿ “ ਕੂਕਿਆਂ ਦੇ ਫ਼ਿਰਕੇ ਵਲੋਂ ਮਲੌਦ ’ਤੇ ਹਮਲੇ ਤੇ ਮਾਰਧਾੜ ਦਾ ਹਾਲ ਸੁਣ ਕੇ ਪਹਿਲਾਂ ਤਾਂ ਸਾਡੇ ਦਿਲ ਨੂੰ ਬਹੁਤ ਠੇਸ ਪੁੱਜੀ ਸੀ ਪਰ ਮਗਰੋਂ ਪਤਾ ਲੱਗਣ ਤੇ ਕਿ ਜ਼ਖ਼ਮ ਥੋੜ੍ਹਾ ਸੀ ਤਾਂ ਇੱਕ ਪ੍ਰਕਾਰ ਨਾਲ ਚਿੰਤਾ ਜਾਂਦੀ ਰਹੀ ਸੀ ਅਤੇ ਉਸ ਤੋਂ ਮਗਰੋਂ ਤੁਹਾਡੀ ਸਿਹਤ ਬਾਰੇ ਸਾਨੂੰ ਕੋਈ ਪਤਾ ਨਹੀਂ ਲੱਗਿਆ।” ਇਸ ਲਈ ਤੁਸੀਂ ਗੁਲਾਬ ਚੋਬਦਾਰ, ਜਿਸ ਕੋਲ ਸੁਨਹਿਰੀ ਸੋਟਾ ਹੈ ਤੇ ਤੁਹਾਡੀ ਡਿਊਢੀ ’ਤੇ ਹਾਜ਼ਿਰ ਰਹਿਣ ਵਾਲਾ ਹੈ, ਨੂੰ ਚਿੱਠੀ ਦੇ ਕੇ ਇੱਥੇ ਭੇਜਿਆ। ਇਸ ਚਿੱਠੀ ਆਉਣ ਸਦਕਾ ਸਾਡਾ ਬਹੁਤ ਮਾਣ ਵਧਿਆ ਹੈ।

ਸੋ ਐ ਸਖ਼ੀ ਸਰਕਾਰ ! ਤੁਹਾਡੇ ਵਲੋਂ ਇਸ ਦਾਸ ਨੂੰ ਯਾਦ ਕਰਨ ਦਾ ਸ਼ੁਕਰੀਆ ਕਿਹੜੀ ਜ਼ੁਬਾਨ ਨਾਲ ਅਦਾ ਕਰਾਂ।

ਦਰਅਸਲ ਦੋ ਢਾਈ ਸੌ ਕੂਕਿਆਂ ਨੇ ਇਸ ਦਾਸ ਤੇ ਘਰ ਉੱਤੇ ਬੇਵਕਤ ਤੇ ਅਚੇਤ, ਯਕਲਖ਼ਤ ਸਖ਼ਤ ਹਮਲਾ ਕਰ ਦਿੱਤਾ। ਪਹਿਲਾਂ ਤਾਂ ਕੋਈ ਦਸ ਬਾਰਾਂ ਕੂਕਿਆਂ ਨੇ ਜਦੋਂ ਮੈਂ ਇੱਕ ਨੌਕਰ ਸਮੇਤ ਇੱਕਠਾ ਬੈਠਾ ਸੀ, ਤਲਵਾਰ ਤੇ ਕੁਹਾੜੀ ਮਾਰ ਕੇ ਮੇਰੇ ਸਰੀਰ ’ਤੇ ਚਾਰ ਪੰਜ ਜ਼ਖ਼ਮ ਕਰ ਦਿੱਤੇ। ਉਸ ਸਮੇਂ ਇਸ ਸ਼ੁਭਚਿੰਤਕ ਨੇ ਅਤਿਅੰਤ ਜੁਰਅਤ ਕਰਕੇ ਉਨ੍ਹਾਂ ਦੁਸ਼ਮਣਾਂ ਤੋਂ ਇੱਕ ਕੁਹਾੜੀ ਖੋਹ ਕੇ ਕੁਹਾੜੀ ਮਾਰ ਕੇ ਉਨ੍ਹਾਂ ਦੇ ਤਿੰਨ ਚਾਰ ਜ਼ਖ਼ਮ ਕਰ ਦਿੱਤੇ ਤੇ ਉਨ੍ਹਾਂ ਨੂੰ ਭਜਾ ਦਿੱਤਾ। ਹਾਲਾਂਕਿ ਮੇਰੇ ਪਾਸ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਕੋਈ ਹਥਿਆਰ ਨਹੀਂ ਸੀ ਕਿਉਂਕਿ ਮੈਨੂੰ ਹਮਲੇ ਦੀ ਕੋਈ ਖ਼ਬਰ ਨਹੀਂ ਸੀ ਪਰ ਉਨ੍ਹਾਂ ਨੇ ਹੇਠਾਂ ਉੱਤੇ ਦੇ, ਜਿੱਥੇ ਜਿੱਥੇ ਵੀ ਉਨ੍ਹਾਂ ਨੂੰ ਹਥਿਆਰ ਆਦਿ ਹੋਣ ਦਾ ਸ਼ੱਕ ਸੀ, ਜਿੰਦਰੇ ਤੋੜ ਦਿੱਤੇ, ਕੇਵਲ ਤਿੰਨ ਤਲਵਾਰਾਂ ਤੇ ਇੱਕ ਬੰਦੂਕ ਉਨ੍ਹਾਂ ਦੇ ਹੱਥ ਲੱਗੀਆਂ ਪਰ ਉਸ ਵੇਲੇ ਉਨ੍ਹਾਂ ਨੇ ਦੋ ਸ਼ੁਭਚਿੰਤਕ ਮੁਲਾਜ਼ਿਮਾਂ ਜਿਹੜੇ ਮੁਸਲਮਾਨ ਸਨ, ਨੂੰ ਜਾਨੋਂ ਮਾਰ ਦਿੱਤਾ ਤੇ ਦੋ ਤਿੰਨ ਨੂੰ ਜ਼ਖ਼ਮੀ ਕਰ ਦਿੱਤਾ।

ਜਦੋਂ ਇਸ ਦਾਸ ਦੇ ਅਹਿਲਕਾਰ ਕਟਾਰ ਸਿੰਘ ਨੂੰ ਪਤਾ ਲੱਗਿਆ ਕਿ ਕੂਕੇ ਕਿਲ੍ਹੇ ’ਚ ਕੁਝ ਫ਼ਸਾਦ ਕਰਦੇ ਹੋਣਗੇ ਕਿਉਂਕਿ ਉਸ ਦਾ ਘਰ ਕਿਲ੍ਹੇ ਦੇ ਦਰਵਾਜ਼ੇ ਦੇ ਸਾਹਮਣੇ ਸਥਿੱਤ ਹੈ। ਉਸ ਨੇ ਫ਼ੌਰਨ ਉੱਚੀ ਆਵਾਜ਼ ਨਾਲ ਰੌਲਾ ਪਾ ਕੇ ਵੀਹ ਤੀਹ ਮੁਲਾਜ਼ਿਮ ਤੇ ਸ਼ਹਿਰ ਦੇ ਆਦਮੀ, ਜਿਹੜੇ ਉਸ ਵੇਲੇ ਕੰਮ ਤੋਂ ਆਪਣੇ ਆਪਣੇ ਘਰਾਂ ਨੂੰ ਗਏ ਸਨ, ਇੱਕਠੇ ਕੀਤੇ ਅਤੇ ਜਿੰਨੇ ਵੀ ਕੂਕੇ, ਜਿਹੜੇ ਇੱਕ ਸੌ ਦੇ ਲੱਗਭੱਗ ਹੋਣਗੇ, ਕਿਲ੍ਹੇ ਦੇ ਦਰਵਾਜ਼ੇ ਦੇ ਬਾਹਰ ਸਨ ਉਨ੍ਹਾਂ ਨੂੰ ਮਾਰ ਕੁੱਟ ਕੇ ਤੇ ਸਖ਼ਤ ਜ਼ਖ਼ਮੀ ਕਰਕੇ ਸ਼ਹਿਰ ਦੇ ਦਰਵਾਜ਼ੇ ਰਾਹੀਂ ਭਜਾ ਦਿੱਤਾ। ਉਸ ਵੇਲੇ ਕਟਾਰ ਸਿੰਘ ,ਆਪਣੇ ਪੁੱਤਰ ਜੈਮਲ ਸਿੰਘ, ਮੁਲਾਜ਼ਿਮਾਂ ਤੇ ਸ਼ਹਿਰ ਦੇ ਆਦਮੀਆਂ ਦੀ ਮਦਦ ਲੈ ਕੇ ਕਿਲ੍ਹੇ ਦੇ ਅੰਦਰ ਆ ਗਿਆ ਤੇ ਕੂਕਿਆਂ ’ਤੇ ਹਮਲਾ ਕਰਕੇ ਉਨ੍ਹਾਂ ਨੂੰ ਘੇਰ ਲਿਆ ਤੇ ਦੋ ਕੂਕਿਆਂ ਨੂੰ ਜਾਨੋਂ ਮਾਰ ਦਿੱਤਾ ਅਤੇ ਚਾਰਾਂ ਨੂੰ ਸਖ਼ਤ ਜ਼ਖ਼ਮੀ ਕਰਕੇ ਜਿਉਂਦੇ ਜੀਅ ਗ੍ਰਿਫ਼ਤਾਰ ਕਰ ਲਿਆ। ਇਸ ਤੋਂ ਮਗਰੋਂ ਸਾਰੇ ਕੂਕੇ, ਜਿਹੜੇ ਸਾਡੇ ਘੋੜਿਆਂ ’ਤੇ ਸਵਾਰ ਹੋ ਗਏ ਸਨ, ਘੋੜਿਆਂ ਨੂੰ ਛੱਡ ਕੇ ਡਰ ਦੇ ਮਾਰੇ ਕਿਲ੍ਹੇ ਦੇ ਪਿਛਲੀ ਮੋਰੀ (ਖਿੜਕੀ) ਨੂੰ ਤੋੜ ਕੇ ਭੱਜ ਗਏ। ਉਹ ਦਰਵਾਜ਼ੇ ਦੇ ਰਸਤੇ ਮੁਕਾਬਿਲਾ ਨਾ ਕਰ ਸਕੇ। ਸਾਡੇ ਕੇਵਲ ਚਾਰ ਘੋੜੇ, ਨੌ ਸੌ ਰੁਪਏ ਦਾ ਸਾਮਾਨ, ਕੁਝ ਨਕਦੀ ਤੇ ਕੁਝ ਸੋਨੇ ਦੀਆਂ ਮੁੰਦਰੀਆਂ ਆਦਿ ਜਿਹੜੀਆਂ ਨਿੱਜੀ ਖ਼ਰਚ ਵਾਸਤੇ ਸਨ, ਕਟਾਰ ਸਿੰਘ ਅਹਿਲਕਾਰ ਦੇ ਪੁੱਜਣ ਤੋਂ

---

ਪਹਿਲਾਂ ਆਪਣੇ ਨਾਲ ਲੈ ਗਏ। ਤਿੰਨ ਘੋੜੇ ਵਾਪਸ ਆ ਗਏ ਤੇ ਇੱਕ ਕੋਟਲਾ ਵਿਖੇ ਮਾਰਿਆ ਗਿਆ। ਉਨ੍ਹਾਂ ਦੇ ਦੋ, ਤਿੰਨ ਘੋੜੇ ਤੇ ਕੁੱਝ ਸਾਮਾਨ ਗੰਡਾਸੇ ਆਦਿ ਇੱਥੇ ਰਹਿ ਗਏ ਜਿਸ ਨੂੰ ਉਹ ਡਰ ਦੇ ਮਾਰੇ ਛੱਡ ਗਏ।

ਐ ਸਖ਼ੀ ਸਰਕਾਰ! ਭੈੜੇ ਅੰਤ ਵਾਲੇ ਕੂਕਿਆਂ ਨੇ ਆਪਣੀ ਨੇੜ ਦ੍ਰਿਸ਼ਟੀ ਸਦਕਾ ਇਸ ਸ਼ੁਭਚਿੰਤਕ (ਮੈਨੂੰ) ਨੂੰ ਜਾਨੋਂ ਮਾਰਨ 'ਚ ਕਿਸੇ ਪ੍ਰਕਾਰ ਦੀ ਢਿੱਲ ਮੱਠ ਨਹੀਂ ਕੀਤੀ ਪਰ ਤੁਹਾਡਾ ਤੇਜ ਪਰਤਾਪ ਸਾਡੇ ਸਿਰ 'ਤੇ ਮਦਦਗਾਰ ਸੀ ਇਸ ਲਈ ਇਹ ਫ਼ਸਾਦ ਛੇਤੀ ਖਤਮ ਹੋ ਗਿਆ। ਇਸ ਵਾਰਦਾਤ ਦੇ ਵੇਰਵੇ ਸਹਿਤ ਹਾਲ ਦਾ ਤੁਹਾਨੂੰ ਚੰਗੀ ਤਰ੍ਹਾਂ ਪਤਾ ਹੀ ਹੈ।

ਸੋ ਕੱਲ 6 ਫਰਵਰੀ ਸੰਨ 1872 ਨੂੰ ਤੁਹਾਡੇ ਤੇਜ ਪਰਤਾਪ ਸਦਕਾ ਮੈਂ ਬਿਲਕੁਲ ਤੰਦਰੁਸਤ ਹੋ ਗਿਆ ਹਾਂ। ਪ੍ਰਮਾਤਮਾਂ ਸਾਡੇ ਸਿਰ 'ਤੇ ਤੁਹਾਡਾ ਸਾਇਆ ਹਮੇਸ਼ਾ ਸਲਾਮਤ ਰਖੇ !

ਸੂਚਨਾ ਹਿਤ ਤੇ ਜਵਾਬ ਦੇ ਤੌਰ 'ਤੇ ਹਜ਼ੂਰ ਨੂੰ ਬੇਨਤੀ ਕੀਤੀ ਹੈ।

ਮੁਹਰ

ਮਲੌਂਦ ਰਈਸ

ਬਕਲਮ ਦਾਸ ਜੈਮਲ ਸਿੰਘ ਅਹਿਲਕਾਰ ਮਲੌਂਦ

## ਸਰਦਾਰ ਮਿੱਤ ਸਿੰਘ ਸਾਹਿਬ ਰਈਸ ਮਲੌਂਦ ਦੇ ਨਾਮ ਕਾਵਨ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਲੁਧਿਆਣਾ ਦੀ ਚਿੱਠੀ

ਮਿਤੀ 5 ਫਰਵਰੀ ਸੰਨ 1872 ਈ:।

ਤੁਹਾਡੀ ਕੱਲ ਦੀ ਤਰੀਕ ਦੀ ਚਿੱਠੀ ਪੜ੍ਹ ਕੇ ਮੈਂ ਬਹੁਤ ਖੁਸ਼ ਹੋਇਆ ਕਿ ਆਪ ਦੇ ਲੜਕੇ ਬਦਨ ਸਿੰਘ ਦੇ ਉਨ੍ਹਾਂ ਜ਼ਖ਼ਮਾਂ ਨੂੰ ਬਿਲਕੁਲ ਆਰਾਮ ਆ ਗਿਆ ਹੈ ਜਿਹੜੇ ਬਾਗ਼ੀ ਕੂਕਿਆਂ ਨੇ ਪਿਛਲੇ ਮਹੀਨੇ ਦੀ 14 ਤਰੀਕ ਨੂੰ ਉਸ ਦੇ ਕੀਤੇ ਸਨ। ਮੈਂ ਉਸ ਨੂੰ ਅਰਥਾਤ ਸਰਦਾਰ ਬਦਨ ਸਿੰਘ ਤੇ ਆਪ ਨੂੰ ਉਸ ਜੁਰਅਤ ਲਈ ਮੁਬਾਰਕਬਾਦ ਦਿੰਦਾ ਹਾਂ, ਜਿਹੜੀ ਤੁਹਾਡੇ ਲੜਕੇ ਸਰਦਾਰ ਬਦਨ ਸਿੰਘ ਤੇ ਆਪ ਦੇ ਮੁਲਾਜ਼ਿਮਾਂ ਨੇ ਵਿਖਾਈ ਕਿ ਜਿਸ ਨਾਲ ਇੱਕ ਅਚਣਚੇਤ ਮੁਸੀਬਤ ਛੇਤੀ ਖਤਮ ਹੋ ਗਈ ਅਤੇ ਕੂਕਿਆਂ ਨੂੰ ਮਾਰ ਮਾਰ ਮਲੌਂਦ ਚੋਂ ਬਾਹਰ ਕੱਢ ਦਿੱਤਾ।

**ਕ੍ਰਿਪਾਲੂ ਤੇ ਦਿਆਲੂ ਜਨਾਬ ਵਜ਼ੀਰ ਸਾਹਿਬ ਖ਼ਲੀਫ਼ਾ ਮੁਹੰਮਦ ਹੁਸੈਨ ਤੇ ਖ਼ਲੀਫ਼ਾ ਮੁਹੰਮਦ ਹੁਸੈਨ ਮੀਰ ਮੁਨਸ਼ੀ ਸਾਹਿਬ,**

ਦਾਸਾਂ ਦੇ ਤੌਰ ਤਰੀਕਿਆਂ ਵਾਲਾ ਅਦਬ ਆਦਾਬ ਪੇਸ਼ ਕਰਕੇ ਤੁਹਾਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦਾ ਮਲੌਦ ਦੇ ਰਈਸ ਸਰਦਾਰ ਬਦਨ ਸਿੰਘ ਦੇ ਨਾਮ ਪੱਤਰ ਪ੍ਰਾਪਤ ਹੋਇਆ। ਸਰਦਾਰ ਮਿੱਤ ਸਿੰਘ ਸਾਹਿਬ ਇਸ ਗੱਲ ਵਾਸਤੇ ਬਹੁਤ ਧੰਨਵਾਦੀ ਹਨ ਕਿ ਤੁਸੀਂ ਪੁਰਾਣੀ ਲਿਹਾਜ਼ ਨੂੰ ਮੁੱਖ ਰੱਖ ਕੇ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਵਲੋਂ ਪੱਤਰ ਭੇਜਿਆ ਬਲਕਿ ਪਹਿਲੇ ਭੇਜੇ ਪੱਤਰ ਤੋਂ ਸਰਦਾਰ ਸਾਹਿਬ ਇਸ ਪ੍ਰੇਸ਼ਾਨੀ ਵਿੱਚ ਸਨ ਕਿ ਜਨਾਬ ਸਾਹਿਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਦੇ ਇਸ਼ਾਰੇ ਨਾਲ ਜਨਾਬ ਗ੍ਰਿਫ਼ਨ ਸਾਹਿਬ ਬਹਾਦੁਰ ਸੈਕਟਰੀ ਗੌਰਮਿੰਟ ਪੰਜਾਬ, ਰਿਆਸਤ ਨਾਭਾ ਤੇ ਹੋਰ ਰਿਆਸਤਾਂ ਦੇ ਦਰਬਾਰਾਂ ਵਲੋਂ ਸਰਦਾਰ ਸਾਹਿਬ ਦੀ ਸਿਹਤ ਦਾ ਹਾਲ ਤੇ ਕੂਕਿਆਂ ਦੇ ਫ਼ਸਾਦ ਬਾਰੇ ਦਰਿਆਫ਼ਤ ਕਰਨ ਲਈ ਚਿੱਠੀਆਂ ਜਾਰੀਆ ਹੋਈਆਂ ਪਰ ਉੱਚੀ ਸ਼ਾਨ ਵਾਲੀ ਸਰਕਾਰ (ਪਟਿਆਲਾ) ਵਲੋਂ ਹੁਣ ਤੱਕ ਕੋਈ ਪੱਤਰ ਨਹੀਂ ਲਿਖਿਆ ਗਿਆ ਸੀ।

ਪਰ ਇਸੇ ਦੌਰਾਨ ਹਜ਼ੂਰ ਦਾ ਚੌਬਦਾਰ ਪੱਤਰ ਲੈ ਕੇ ਆ ਗਿਆ ਜਿਸ ਸਦਕਾ ਸਰਦਾਰ ਸਾਹਿਬ ਤੇ ਇਹ ਦਾਸ ਅਤਿਅੰਤ ਧੰਨਵਾਦੀ ਹਾਂ।

ਪ੍ਰਮਾਤਮਾਂ ਅਜਿਹੇ ਮਿਹਰਬਾਨ ਨੂੰ ਹਮੇਸ਼ਾ ਸਲਾਮਤ ਰੱਖੇ!

ਇਤਿਆਤ ਦੇ ਤੌਰ 'ਤੇ ਸੈਕਟਰੀ ਸਾਹਿਬ ਬਹਾਦੁਰ ਦੇ ਖ਼ਤ ਦੀ ਨਕਲ ਤੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਲੁਧਿਆਣਾ ਦੀ ਚਿੱਠੀ ਦਾ ਤਰਜਮਾ, ਜਿਹੜੀ ਉਸਤਤ ਯੋਗ ਸਰਦਾਰ ਸਾਹਿਬ ਦੇ ਨਾਮ ਪ੍ਰਾਪਤ ਹੋਈ, ਹਜ਼ੂਰ ਮਹਾਰਾਜਾ ਬਹਾਦੁਰ ਦੇ ਮੁਲਾਹਿਜ਼ੇ ਲਈ ਭੇਜੀ ਜਾਂਦੀ ਹੈ।

ਉਮੀਦ ਹੈ ਕਿ ਇਹ ਦੋਵੇਂ ਕਾਗਜ਼ ਮੁਲਾਹਿਜ਼ੇ ਵਾਸਤੇ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਪੇਸ਼ ਹੋਣਗੇ ਅਤੇ ਅੱਗੋਂ ਨੂੰ ਇਸੇ ਤਰ੍ਹਾਂ ਪੱਤਰ ਭੇਜ ਕੇ ਤੇ ਸਾਡੇ ਲਾਇਕ ਕੋਈ ਸੇਵਾ ਬਖਸ਼ਕੇ ਸਾਨੂੰ ਸਤਿਕਾਰਤ ਕਰੋਗੇ।

8 ਫਰਵਰੀ 1872 ਈ:

ਦਾਸ
ਕਟਾਰ ਸਿੰਘ ਅਹਿਲਕਾਰ ਰਿਆਸਤ ਮਲੌਦ,

# 20. ਨਵਾਬ ਝੱਜਰ ਅਲੀ ਮੁਹੰਮਦ ਖਾਂ ਨੂੰ ਪ੍ਰਸੰਸਾ ਦੇ ਖਤ ਅਤੇ ਸਰਟੀਫਿਕੇਟ ਦਿਤੇ ਗਏ

**ਨਵਾਬ ਅਲੀ ਮੁਹੰਮਦ ਖ਼ਾਨ ਪੈਨਸ਼ਨਦਾਰ ਝੱਜਰ ਨੂੰ ਜੱਜ ਰੌ ਸਾਹਿਬ ਵੱਲੋਂ ਬਖ਼ਸ਼ੇ ਗਏ ਸਰਟੀਫ਼ਿਕੇਟ ਦਾ ਅਨੁਵਾਦ**

ਨਵਾਬ ਅਲੀ ਮੁਹੰਮਦ ਖ਼ਾਨ, ਜਿਹੜਾ ਝੱਜਰ ਦੇ ਖ਼ਾਨਦਾਨ ਵਿੱਚੋਂ ਹੈ, ਨੇ ਮੈਨੂੰ ਬੇਨਤੀ ਕੀਤੀ ਕਿ ਮੈਂ ਉਸ ਨੂੰ ਉਨ੍ਹਾਂ ਸੇਵਾਵਾ ਬਦਲੇ ਸਰਟੀਫ਼ਿਕੇਟ ਦੇਵਾ, ਜਿਹੜੀਆਂ ਉਸ ਨੇ ਚਾਲੂ ਮਹੀਨੇ ਦੀ 16 ਤਰੀਕ ਨੂੰ ਕੂਕਿਆਂ ਦੇ ਭਾਰੀ ਇੱਕਠ ਵੱਲੋਂ ਮਾਲੇਰਕੋਟਲਾ, ਲੁਧਿਆਣਾ ਸ਼ਹਿਰ ਛਾਉਣੀ ਵਿਖੇ ਸ਼ੋਰ-ਸ਼ਰਾਬਾ ਕਰਨ ਦੀ ਇਤਲਾਹ ਪੁੱਜਣ ਦੇ ਕਾਰਨ ਨਿਭਾਇਆ। ਉਹ ਮੈਥੋਂ ਇਹ ਸਰਟੀਫ਼ਿਕੇਟ ਇਸ ਲਈ ਮੰਗਦਾ ਹੈ ਕਿ ਮਿਸਟਰ ਕਾਵਨ ਸਾਹਿਬ ਡਿਪਟੀ ਕਮਿਸ਼ਨਰ ਦੇ ਲੁਧਿਆਣਾ ਵਿਖੇ ਫ਼ਸਾਦ ਵਾਲੀ ਥਾਂ ਤਸ਼ਰੀਫ਼ ਲੈ ਜਾਣ ਸਮੇਂ ਉਹ ਸੀਨੀਅਰ ਅਫ਼ਸਰ ਵਜੋਂ ਨਿਗਰਾਨ ਸੀ। ਪਹਿਲਾਂ ਉਹ ਸੇਵਾਵਾਂ ਨਿਭਾਉਣ ਲਈ ਮਿਸਟਰ ਕਾਵਨ ਸਾਹਿਬ ਦੀ ਮੇਮ ਸਾਹਿਬਾ ਕੋਲ ਹਾਜ਼ਿਰ ਹੋਇਆ ਪਰੰਤੂ ਉਸ ਦਾ ਇਹ ਬਿਆਨ ਹੈ ਕਿ ਮੇਮ ਸਾਹਿਬਾ ਨੇ ਮੈਨੂੰ ਆਪ ਕੋਲ ਭੇਜਿਆ ਹੈ।

ਪੰਦਰਾਂ ਤਰੀਕ ਨੂੰ ਸੁਨਸਾਨ ਰਾਤ ਸੀ ਤੇ ਬਾਰਿਸ਼ ਹੋ ਰਹੀ ਸੀ। ਅਲੀ ਮੁਹੰਮਦ ਖ਼ਾਨ ਜਦ ਅੱਠ ਵਜੇ ਰਾਤ ਦੇ ਮੇਰੇ ਕੋਲ ਆਇਆ ਤਾਂ ਬਹੁਤ ਜ਼ੋਰ ਦਾ ਮੀਂਹ ਪੈ ਰਿਹਾ ਸੀ। ਉਸ ਨੇ ਬੇਨਤੀ ਕੀਤੀ ਕਿ ਤੁਸੀਂ ਮੇਰੇ ਕੁਝ ਮੁਲਾਜ਼ਿਮਾਂ ਨੂੰ ਕਾਵਨ ਸਾਹਿਬ ਦੀ ਕੋਠੀ ਦੀ ਸੁਰੱਖਿਆ ਵਾਸਤੇ ਮੇਮ ਸਾਹਿਬਾ ਦੀ ਸੇਵਾ ਵਿੱਚ ਨਿਯੁੱਕਤ ਕਰ ਦਿਓ। ਕਿਉਂਕਿ ਅਜਿਹਾ ਕਰਨ ਦੀ ਕੋਈ ਲੋੜ ਨਹੀਂ ਸੀ ਮੈਂ ਉਸ ਨੂੰ ਇਹ ਕਹਿ ਦਿੱਤਾ ਕਿ ਡਿਪਟੀ ਕਮਿਸ਼ਨਰ ਸਾਹਿਬ ਦੇ ਹੁਕਮ ਅਨੁਸਾਰ ਫ਼ੌਜ ਮੰਗਵਾਉਣ ਵਾਸਤੇ ਤਾਰ ਰਾਹੀਂ ਖ਼ਬਰਾਂ ਰਵਾਨਾ ਹੋ ਚੁੱਕੀਆਂ ਹਨ। ਕਿਉਂਕਿ ਉਸੇ ਰਾਤ ਫ਼ੌਜ ਦੇ ਆਉਣ ਦੀ ਉਮੀਦ ਸੀ ਇਸ ਲਈ ਮੈਂ ਤਹਿਸੀਲਦਾਰ ਨੂੰ ਹੁਕਮ ਦਿੱਤਾ ਕਿ ਉਹ ਜਿੰਨੀਆਂ ਵੀ ਬਹਲੀਆਂ (ਬੈਲ ਗੱਡੀਆਂ) ਤੇ ਤਾਂਗੇ ਇੱਕਠੇ ਕਰ ਸਕੇ, ਇੱਕਠੇ ਕਰੇ। ਪਰੰਤੂ ਅਫ਼ਸਰਾਂ ਵਾਸਤੇ ਸਵਾਰੀ ਦਾ ਮਿਲਣਾ ਮੁਸ਼ਕਿਲ ਸੀ। ਸੋ ਅਲੀ ਮੁਹੰਮਦ ਖ਼ਾਨ ਨੇ ਮਿਹਰਬਾਨੀ ਕਰਦੇ ਹੋਏ ਚਾਰ ਘੋੜੇ ਮੇਰੇ ਸਪੁਰਦ ਕੀਤੇ। ਇਹ ਇੰਤਜ਼ਾਮ ਇਸ ਵਾਸਤੇ ਕੀਤਾ ਗਿਆ ਸੀ ਕਿ ਫ਼ੌਜ ਨੂੰ ਪੁੱਜਣ ਸਾਰ ਮਾਲੇਰਕੋਟਲਾ ਨੂੰ ਰਵਾਨਾ ਕਰ ਦਈਏ ਅਤੇ ਜੰਗੀ ਮਦਦ ਪੁੱਜਣ ਵਿੱਚ ਦੇਰ ਨਾ ਲੱਗੇ।

ਅਲੀ ਮੁਹੰਮਦ ਖ਼ਾਨ ਨੇ ਮੈਨੂੰ ਪਟਿਆਲਾ ਦੇ ਅਹਿਲਕਾਰਾਂ ਨੂੰ ਲਿਖਣ ਦੀ ਰਾਏ ਦਿੱਤੀ ਅਤੇ ਆਪਣੇ ਪੁੱਤਰ ਫ਼ੈਜ਼ਉੱਦੀਨ ਖਾਂ ਨੂੰ ਮੇਰੀ ਚਿੱਠੀ ਲੈ ਜਾਣ ਵਾਲਾ ਮੁਕੱਰਰ ਕੀਤਾ। ਕਿਉਂਕਿ ਮਹਾਰਾਜਾ ਸਾਹਿਬ ਤੇ ਉਨ੍ਹਾਂ ਦੇ ਉੱਚੇ ਰੁਤਬੇ ਵਾਲੇ ਅਹਿਲਕਾਰ ਦਿੱਲੀ ਨੂੰ ਤਸ਼ਰੀਫ਼ ਲੈ ਗਏ ਸਨ ਇਸ ਲਈ ਅਲੀ ਮੁਹੰਮਦ ਖ਼ਾਨ ਨੇ ਮੈਥੋਂ ਮੁਹੰਮਦ ਕਾਜ਼ਿਮ ਦੇ ਨਾਮ ਚਿੱਠੀ ਲਿਖਵਾਈ ਜਿਹੜਾ ਪ੍ਰਧਾਨ ਮੰਤਰੀ ਦਾ ਭਰਾ ਹੈ। ਨਾਲੇ ਇੱਕ ਚਿੱਠੀ ਇਤਲਾਹ ਵਜੋਂ ਰਾਜਾ (ਗਜਪਤਿ ਸਿੰਘ) ਜੀਂਦ ਦੇ ਨਾਮ ਭੇਜ ਦਿੱਤੀ ਕਿ ਕੂਕਿਆਂ ਦਾ ਤੁਹਾਡੇ ਇਲਾਕੇ 'ਤੇ ਹਮਲਾ ਕਰਨ ਦਾ ਦ੍ਰਿੜ ਇਰਾਦਾ ਹੈ।

ਕਿਉਂਕਿ ਮੁਸਾਫ਼ਿਰ ਰੇਲ ਗੱਡੀ ਸਵੇਰ ਦੇ 4 ਵਜੇ ਤੱਕ ਨਹੀਂ ਆਉਂਦੀ ਇਸ ਲਈ ਸਮਾਂ ਬਰਬਾਦ ਹੋਣ ਦੇ ਡਰ ਸਦਕਾ ਉਸ ਨੇ ਆਪਣੇ ਪੁੱਤਰ ਨੂੰ ਮਾਲ ਗੱਡੀ 'ਤੇ ਚੜ੍ਹਾ ਕੇ ਤੋਰ ਦਿੱਤਾ ਜਿਸ ਦਾ ਉਸ ਨੂੰ ਕਿਰਾਇਆ ਵੀ ਪਹਿਲੇ ਦਰਜੇ ਦਾ ਦੇਣਾ ਪਿਆ।

---

ਅਲੀ ਮੁਹੰਮਦ ਖ਼ਾਨ ਨੇ ਆਪਣੇ ਵਲੋਂ ਇੱਕ ਤਾਰ ਮਹਾਰਾਜਾ ਪਟਿਆਲਾ ਦੇ ਮੀਰ ਮੁਨਸ਼ੀ ਸਾਹਿਬ ਦੇ ਨਾਮ ਇਸ ਬੇਨਤੀ 'ਤੇ ਆਧਾਰਿਤ ਭੇਜੀ ਕਿ ਉਹ ਮਹਾਰਾਜਾ ਸਾਹਿਬ ਨੂੰ ਇਸ ਘਟਨਾ ਬਾਰੇ ਸੂਚਿਤ ਕਰਕੇ ਛੇਤੀ ਵਾਪਸ ਤਸ਼ਰੀਫ਼ ਲਿਆਉਣ ਵਾਸਤੇ ਬੇਨਤੀ ਕਰਨ ਪਰੰਤੂ ਸਬੱਬ ਅਜਿਹਾ ਬਣਿਆ ਕਿ ਇਸ ਤਾਰ ਦੇ ਪੁੱਜਣ ਤੋਂ ਪਹਿਲਾਂ ਹੀ ਮਹਾਰਾਜਾ ਸਾਹਿਬ ਦਿੱਲੀ ਤੋਂ ਚੱਲ ਪਏ ਸਨ ਅਤੇ ਆਪਣੇ ਅਹਿਲਕਾਰਾਂ ਸਮੇਤ ਫ਼ੈਜ਼ਉੱਦੀਨ ਦੇ ਪੁੱਜਣ ਤੋਂ ਥੋੜ੍ਹੀ ਜਿਹੀ ਦੇਰ ਮਗਰੋਂ ਰਾਜਪੁਰਾ ਸਟੇਸ਼ਨ 'ਤੇ ਆ ਪੁੱਜੇ ਸਨ। ਮਹਾਰਾਜਾ ਸਾਹਿਬ ਨੇ ਮੇਰੀ ਚਿੱਠੀ ਦੀ ਤਾਮੀਲ ਕਰਨ ਵਿੱਚ ਭੋਰਾ ਭਰ ਢਿੱਲ ਨਾ ਕੀਤੀ ਅਤੇ ਦੋ ਸੌ ਪੈਦਲ ਸਿਪਾਹੀ, ਦੋ ਸੌ ਸਵਾਰ ਤੇ ਦੋ ਤੋਪਾ ਮਾਲੇਰ ਕੋਟਲਾ ਨੂੰ ਰਵਾਨਾ ਕਰ ਦਿੱਤੀਆਂ।

ਪ੍ਰਧਾਨ ਮੰਤਰੀ ਖ਼ਲੀਫ਼ਾ ਮੁਹੰਮਦ ਹੁਸੈਨ ਨੇ ਮੈਨੂੰ ਤਾਰ ਰਾਹੀਂ ਇਸ ਹਾਲ ਤੋਂ ਸੂਚਿਤ ਕੀਤਾ। ਭਾਵੇਂ ਇਹ ਫ਼ੌਜ ਬਾਗ਼ੀਆਂ ਦੀ ਗ੍ਰਿਫ਼ਤਾਰੀ ਹੋਣ ਤੋਂ ਮਗਰੋਂ ਪੁੱਜੀ ਤੇ ਇਸ ਦੇ ਲੜਨ ਦੀ ਨੌਬਤ ਨਹੀਂ ਆਈ ਪਰ ਤਾਂ ਵੀ ਫ਼ੌਜ ਦਾ ਉੱਥੇ ਮੌਜੂਦ ਹੋਣਾ ਜ਼ਰੂਰ ਇੱਕ ਚੰਗਾ ਅਸਰ ਪੈਣ ਦਾ ਸਬੱਬ ਬਣਿਆ ਹੋਵੇਗਾ।

ਮੇਰੇ ਮੁਤਾਬਿਕ ਇਸ ਮਾਮਲੇ ਵਿੱਚ **ਨਵਾਬ ਅਲੀ ਮੁਹੰਮਦ ਖ਼ਾਨ ਦੀ ਕਾਰਵਾਈ ਬੇਹੱਦ ਪ੍ਰਸੰਸ਼ਾ ਯੋਗ ਹੈ** ਇਸ ਲਈ ਮੈਨੂੰ ਇਹ ਸਰਟੀਫ਼ਿਕੇਟ ਉਸਨੂੰ ਦੇਣ ਵਿੱਚ ਬੜੀ ਖ਼ੁਸ਼ੀ ਪ੍ਰਾਪਤ ਹੋਈ ਅਤੇ ਜੇ ਇਹ ਸਰਟੀਫ਼ਿਕੇਟ ਉਸਦੇ ਵਾਸਤੇ ਪੈਨਸ਼ਨ ਦੀ ਤਰੱਕੀ ਦੀ ਉਸ ਦਰਖ਼ਾਸਤ ਵਿੱਚ, ਜਿਹੜੀ ਸੇਵਾਵਾਂ ਨਿਭਾਉਣ ਬਾਰੇ ਦਿੱਤੀ ਹੋਈ ਹੈ ਤੇ ਜਿਸ 'ਤੇ ਗੌਰਮਿੰਟ ਦਾ ਫੈਸਲਾ ਹੋਣ ਵਾਲਾ ਹੈ, ਕੰਮ ਆ ਗਿਆ ਤਾਂ ਮੈਨੂੰ ਬਹੁਤ ਖ਼ੁਸ਼ੀ ਹੋਵੇਗੀ।

ਦਸਤਖ਼ਤ
ਆਰ. ਰੌ ਸਾਹਿਬ
ਕਾਇਮ ਮੁਕਾਮ ਜੱਜ ਅਦਾਲਤ ਖ਼ੁਫ਼ੀਆ

ਸਥਾਨ ਲੁਧਿਆਣਾ
30 ਜਨਵਰੀ ਸੰਨ 1872 ਈ:

# ਮੂਲ ਅੰਗਰੇਜ਼ੀ ਚਿੱਠੀ

Nawal Ali Mohammad Khan of Jhujjar family has asked me to certified the services rendered by him on the 16th instant when considerable excitement prevailed in the city and station consequent on the receipt of intimation of the attack on MalerKotla by a large body of Kukas. He asks me for this certificate because in the absence of Mr. Cawan, the Deputy

---

Commissioner at the seat of the disturbance. I was the senior officer at Ludhiana. He is the first instance offered his services to Mr. Cawan, but he says, she referred his services to me. The night of the 15th was a black, rainy one and it was raining hard, when Ali Mohommad Khan came to my house about 8 P.M. He offered to place some of his dependents at Mrs. Cawan's disposal for the protection of her house but of this there was no necessity and told him that as telegrams had been dispatched under by Commissioner's order, called for troops. I got the Tehsildar to collect as many yakkas & behlis as he could as it was hope that the troops will reach at that night, but there was a difficulty about providing carriages for the officers when Ali Mohammad Khan kindly placed four horses at my disposal for this purpose. These arrangements were made in the expectation that if the troops they could be passed on at once to MalerKotla in order to avoid delay in this sending of military help. Ali Mohammad Khan suggested me horsing
to the Patiala authorities and offered his son Faizuddin Khan to be the bearer of the letter as a Maharaja and all his principal officers were away at Delhi, he desired me to write to Mohammad Kazim, the Prime Minister's brother which i did and also gave a letter for the Rajah of Jeend warning him of the alleged intrusion of the Kukas to invade his territory, as the passenger train could not be in till 4 a.m, moreover to said time he sent his son by goods train having had to pay 1St class fare for this privilege. Ali Mohammand Khan of his own motive telegraphed to the Meer Munshi of the Maharaja of Patiala at Delhi desiring him to inform the Maharaja of what had happened and suggesting his immediate return to his territory had left Delhi before receipt of the telegram and he and his suite arrived at the Rajpura Station only a little after Faizuddin Khan arrived. The Maharaja lost no time in acting on my letter and dispatched 200 infantry, 200 cavalry and two guns towards MalerKotla, Khalifa Mohammad Hussain, the Prime Minister informed one of the fact by telegram. Through these arrived after the capture of the rebellious as had no actual fighting, yet their presence must have had a good affect and I think Nawal Ali Khan's action in this matter is deserving of high commendation. I have much pleasure therefore in giving him this certificate and shall be glad if it proves to be of any use to him in connection with his application for enhanced pension on the score of services rendered during this mutiny which is I believed now pending the decision of Govt.

R. Ram
Officiating judge of S.L. Court

located Ludhiana
30 January 1872

**ਮਿਹਰਬਾਨ ਖ਼ਾਨ ਸਾਹਿਬ ਅਲੀ ਮੁਹੰਮਦ ਖਾਂ ਲੁਧਿਆਣਾ ! ਸਲਾਮਤ !**

ਖ਼ੁਸ਼ੀ ਭਰਪੂਰ ਮੁਲਾਕਾਤ ਦੀ ਖ਼ਾਹਿਸ਼ ਤੋਂ ਬਾਅਦ ਤੁਸੀਂ ਸੂਚਿਤ ਹੋਵੋ ਕਿ ਜਿਹੜਾ ਹਮਲਾ ਕੂਕਿਆਂ ਨੇ ਮਲੌਦ ਤੇ ਕੋਟਲਾ 'ਤੇ ਕੀਤਾ ਸੀ ਉਸ ਨਾਲ ਮੁਲਕ ਵਿੱਚ ਅਸ਼ਾਂਤੀ ਫ਼ੈਲ ਗਈ ਸੀ ਪਰ ਹੁਣ ਉਹ ਫ਼ਸਾਦ ਬਿਲਕੁਲ ਖ਼ਤਮ ਹੋ ਗਿਆ ਹੈ।

---

ਸੋ ਇਸ ਲਿਖਤ ਰਾਹੀਂ ਆਪਣੀ ਖ਼ੁਸ਼ੀ ਪ੍ਰਗਟ ਕਰਨ ਲਈ ਤੁਹਾਡੀਆਂ ਉਨ੍ਹਾਂ ਵਧੀਆ ਸੇਵਾਵਾਂ ਦਾ ਬਿਆਨ ਕੀਤਾ ਜਾਂਦਾ ਹੈ ਜਿਹੜੀਆਂ ਇਸ ਰਿਆਸਤ ਤੇ ਅੰਗਰੇਜ਼ੀ ਗੌਰਮਿੰਟ ਦੀ ਖ਼ੈਰ ਖ਼ਾਹੀ ਨੂੰ ਮੁੱਖ ਰੱਖ ਕੇ ਫ਼ਸਾਦ ਦੇ ਮੌਕੇ 'ਤੇ ਤੁਹਾਡੇ ਵਲੋਂ ਨਿਭਾਈਆਂ ਗਈਆਂ ਹਨ।

ਪਹਿਲੀ ਗੱਲ ਤਾਂ ਇਹ ਹੈ ਕਿ ਉਪ੍ਰੋਕਤ ਫ਼ਸਾਦ ਸ਼ੁਰੂ ਹੋਣ ਸਮੇਂ ਅਸੀਂ ਦਿੱਲੀ ਵਿਖੇ ਸੀ। ਤੁਸੀਂ ਆਪਣੇ ਬੇਟੇ ਫ਼ੈਜ਼ਉੱਦੀਨ ਖਾਂ ਸਾਹਿਬ ਨੂੰ ਬੜੇ ਜ਼ਰੂਰੀ ਮੌਕੇ ਜ਼ਿਲ੍ਹਾ ਲੁਧਿਆਣੇ ਦੇ ਹਾਕਿਮਾਂ ਦੇ ਇਸ਼ਾਰੇ 'ਤੇ ਮਿਸਟਰ ਰੌ ਸਾਹਿਬ ਬਹਾਦੁਰ ਜੱਜ ਅਦਾਲਤ ਖ਼ੁਫੀਆ ਦੀ ਚਿੱਠੀ ਸਮੇਤ, ਰੇਲ 'ਤੇ ਚੜ੍ਹਾ ਕੇ ਸਾਡੇ ਮੀਰ ਮੁਨਸ਼ੀ ਦੇ ਸਹਾਇਕ ਸੱਯਦ ਮੁਹੰਮਦ ਕਾਜ਼ਿਮ ਕੋਲ ਪਟਿਆਲਾ ਵਲੋਂ ਇਸ ਮਕਸਦ ਨਾਲ ਰਵਾਨਾ ਕੀਤਾ ਕਿ " ਰਿਆਸਤ ਨੂੰ ਇਸ ਫ਼ਸਾਦ ਦਾ ਪਤਾ ਲੱਗੇ, ਮਿਸਟਰ ਕਵਾਨ ਸਾਹਿਬ ਬਹਾਦੁਰ ਡਿਪਟੀ ਕਮਿਸ਼ਨਰ ਜ਼ਿਲ੍ਹਾ ਲੁਧਿਆਣਾ ਦੀ ਮਦਦ ਤੇ ਕੋਟਲਾ ਦੀ ਹਿਫ਼ਾਜ਼ਤ ਖਾਤਰ ਪਟਿਆਲੇ ਤੋਂ ਫ਼ੌਜ ਰਵਾਨਾ ਕੀਤੀ ਜਾਵੇ, ਰਿਆਸਤ ਪਟਿਆਲਾ ਵਿੱਚ ਵੀ ਮੁਨਾਸਿਬ ਚੌਕਸੀ ਤੇ ਹਿਫ਼ਾਜ਼ਤ ਰੱਖੀ ਜਾਵੇ, ਕੁਝ ਸਵਾਰ ਤੇ ਸ਼ਹਿਸਵਾਰ ਵੀ ਲੁਧਿਆਣਾ ਨੂੰ ਰਵਾਨਾ ਹੋਣ, ਅਤੇ ਰਾਜਾ ਸਾਹਿਬ ਬਹਾਦੁਰ ਵਾਲੀ-ਏ-ਜੀਂਦ ਨੂੰ ਵੀ ਉਪ੍ਰੋਕਤ ਗੱਲਾਂ ਦੀ ਇਤਲਾਹ ਦੇ ਦੇਣ ਕਿਉਂਕਿ ਸੰਗਰੂਰ 'ਤੇ ਵੀ ਕੂਕਿਆਂ ਦੇ ਹਮਲੇ ਦਾ ਡਰ ਸੀ।"

ਜਦੋਂ ਅਸੀਂ ਦਿੱਲੀ ਤੋਂ ਰਾਜਪੁਰਾ ਪੁੱਜੇ ਸੀ ਐਨ ਉਸੇ ਵੇਲੇ ਤੁਹਾਡਾ ਬੇਟਾ ਫ਼ੈਜ਼ਉੱਦੀਨ ਖ਼ਾਨ ਸਾਨੂੰ ਰੇਲਵੇ ਸਟੇਸ਼ਨ 'ਤੇ ਮਿਲ ਗਿਆ। ਸਰਕਾਰ ਪਟਿਆਲਾ ਦੇ ਹੁਕਮ ਅਨੁਸਾਰ ਦੋ ਤੋਪਾਂ, ਦੋ ਸੌ ਸਵਾਰ, ਦੋ ਸੌ ਪੈਦਲ ਸਿਪਾਹੀ ਸਮੇਤ ਮੀਰ ਮੀਆਂ ਕਰਨੈਲ, ਤੇ ਕਰਨੈਲ ਲਾਲ ਸਿੰਘ ਨੂੰ ਫ਼ੌਰਨ ਰਵਾਨਾ ਕੀਤਾ ਗਿਆ। ਇਹ ਸਾਰੇ ਉਪਾਉ ਫ਼ਸਾਦ ਨੂੰ ਖ਼ਤਮ ਵਾਸਤੇ ਸਨ ਜਿਹੜੇ ਬਹੁਤ ਕਾਰਾਮਦ ਸਿੱਧ ਹੋਏ।

ਤੁਹਾਡੇ ਪੁੱਤਰ ਨੇ ਤੁਹਾਡੀ ਹਦਾਇਤ ਅਨੁਸਾਰ ਇਹ ਵੀ ਖ਼ੈਰ ਖ਼ਾਹੀ (ਸ਼ੁਭ ਚਿੰਤਕਤਾ) ਦਾ ਵਧੀਆ ਕੰਮ ਕੀਤਾ ਕਿ ਉਹ ਸਰਹਿੰਦ ਤੋਂ ਲੈ ਕੇ ਰਾਜਪੁਰਾ ਤੱਕ ਸਾਡੀ ਸਰਕਾਰ ਦੇ ਅਹੁਦੇਦਾਰਾਂ ਨੂੰ ਕੂਕਿਆਂ ਦੇ ਫ਼ਸਾਦ ਦੀਆਂ ਖ਼ਬਰਾਂ ਦੇ ਕੇ ਚੌਕਸ ਕਰਦੇ ਗਏ।

ਭਾਵੇਂ ਅਸੀਂ ਤੁਹਾਡੀਆਂ ਖ਼ਬਰਾਂ ਪੁੱਜਣ ਤੋਂ ਪਹਿਲਾਂ ਰਵਾਨਾ ਹੋ ਚੁੱਕੇ ਸੀ ਪਰ ਤੁਸੀਂ ਦੌਲਤਮਦਾਰ ਸਰਕਾਰ ਅੰਗਰੇਜ਼ੀ ਤੇ ਸਰਕਾਰ ਪਟਿਆਲਾ ਦੀ ਖ਼ੈਰ-ਖ਼ਾਹੀ ਦੇ ਤੌਰ 'ਤੇ ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ ਦੇ ਨਾਮ ਤਾਰ ਰਾਹੀਂ ਖ਼ਬਰਾਂ ਭੇਜਦੇ ਰਹੇ ਤੇ ਸਾਨੂੰ ਰਿਆਸਤ ਦੀ ਹਿਫ਼ਾਜ਼ਤ ਤੇ ਗੌਰਮਿੰਟ ਅੰਗਰੇਜ਼ੀ ਦੇ ਅਫ਼ਸਰਾਂ ਨੂੰ ਦਿੱਤੀ ਗਈ ਮਦਦ ਬਾਰੇ ਵੀ ਸੂਚਿਤ ਕਰਦੇ ਰਹੇ।

ਤੁਹਾਨੂੰ ਪ੍ਰਤੱਖ ਹੋਵੇ ਕਿ ਅਸੀਂ ਤੁਹਾਡੀਆਂ ਹੁਣ ਦੀਆਂ ਸੇਵਾਵਾਂ ਨੂੰ ਤੁਹਾਡੀਆਂ ਉਨ੍ਹਾਂ ਵਧੀਆ ਸੇਵਾਵਾਂ 'ਚ ਕੀਤਾ ਵਾਧਾ ਖ਼ਿਆਲ ਕਰਦੇ ਹਾਂ, ਜਿਹੜੀਆਂ ਤੁਹਾਡੇ ਵਲੋਂ ਸੰਨ 1857 ਈ: ਦੇ ਗ਼ਦਰ 'ਤੇ ਸਵਰਗਵਾਸੀ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਰਾਜ-ਕਾਲ ਸਮੇਂ ਅੰਗਰੇਜ਼ੀ ਗੌਰਮਿੰਟ ਤੇ ਇਸ ਰਿਆਸਤ ਦੀ ਖ਼ੈਰ ਖ਼ਾਹੀ ਦੇ ਮੱਦੇ ਨਜ਼ਰ ਨਿਭਾਈਆਂ ਗਈਆਂ ਸਨ।

ਅਸੀਂ ਇਹ ਲਿਖਤ ਆਪਣੀ ਅਤਿਅੰਤ ਰਜ਼ਾਮੰਦੀ ਤੇ ਦਿਲੀ ਪ੍ਰਸ਼ੰਨਤਾ ਨਾਲ ਭੇਜਦੇ ਹਾਂ।

24 ਮਾਘ ਸੰਮਤ 1928 ਮੁਤਾਬਿਕ 4 ਫਰਵਰੀ ਸੰਨ 1872 ਈ:

(ਰਿਆਸਤ ਪਟਿਆਲਾ ਵਲੋਂ ਭੇਜਿਆ ਹੋਇਆ ਖ਼ਤ)

---

**ਆਰ. ਰੌ ਸਾਹਿਬ ਜੱਜ ਅਦਾਲਤ ਖ਼ੁਫ਼ੀਆ ਲੁਧਿਆਣਾ ਦੀ ਮਿਤੀ 5 ਫਰਵਰੀ 1872 ਈਃ ਨੂੰ ਵਜ਼ੀਰ ਸਾਹਿਬ ਬਹਾਦੁਰ ਦੇ ਨਾਮ ਲਿਖੀ ਚਿੱਠੀ ਦੀ ਨਕਲ।**

ਪਿਆਰੇ ਸਾਹਿਬ,

ਮੈਂ ਆਪ ਦੀ ਚਿੱਠੀ ਮਿਤੀ 5 ਫਰਵਰੀ 1872 ਈਃ ਦੇ ਆਉਣ ਦਾ ਸਦਕਾ ਤੁਹਾਡਾ ਬਹੁਤ ਸ਼ੁਕਰਗੁਜ਼ਾਰ ਹਾਂ। ਮੈਂ ਪਹਿਲਾਂ ਤਾਂ ਇਹ ਉਜ਼ਰ ਬਿਆਨ ਕਰਨਾ ਹੈ ਕਿ ਮੈਂ ਤੁਹਾਡੇ ਉਸ ਧਿਆਨ ਦਾ ਸ਼ੁਕਰੀਆ ਅਦਾ ਨਹੀਂ ਕੀਤਾ ਲਿਖਿਆ ਸੀ ਜਿਹੜਾ ਤੁਸੀਂ ਇਸ ਕਦਰ ਫ਼ੁਰਤੀ ਨਾਲ ਮੇਰੀ ਉਸ ਚਿੱਠੀ ਵੱਲ ਦਿੱਤਾ ਸੀ ਜਿਹੜਾ ਮੈਂ ਅਲੀ ਮੁਹੰਮਦ ਖ਼ਾਨ ਦੇ ਲੜਕੇ ਦੇ ਹੱਥ ਭੇਜੀ ਸੀ। ਮੇਰੇ ਅਨੁਸਾਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਟਿਆਲੇ ਦੀ ਫ਼ੌਜ ਦਾ ਫ਼ਸਾਦ ਵਾਲੀ ਥਾਂ 'ਤੇ ਤੇਜ਼ੀ ਨਾਲ ਪੁੱਜਣਾ ਬੇਸ਼ੁਮਾਰ ਸੁਭਾਗ ਦਾ ਕਾਰਨ ਬਣਿਆ। ਇਸ ਪ੍ਰਸ਼ੰਸਾ ਦੀ ਮੈਂ ਆਪ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਹੜੀ ਰਿਆਸਤ ਪਟਿਆਲਾ ਨੇ ਫ਼ਸਾਦ ਦੇ ਮੌਕੇ ਆਪਣੀਆਂ ਸੇਵਾਵਾਂ ਨਿਭਾ ਕੇ ਪ੍ਰਾਪਤ ਕੀਤੀ।

ਮੁਨਸ਼ੀ ਖ਼ਾਨੇ ਤੋਂ ਹੁਕਮ ਹੋਇਆ ਕਿ

ਇਸ ਦੀ ਇੱਕ ਇੱਕ ਨਕਲ ਵਕੀਲ ਲੁਧਿਆਣਾ ਤੇ ਵਕੀਲ ਗੌਰਮਿੰਟ ਕੋਲ ਇਤਲਾਹ ਵਜੋਂ ਭੇਜੀ ਜਾਵੇ।

12 ਫਰਵਰੀ 1872 ਈਃ

# 21. ਮਹਾਰਾਜਾ ਪਟਿਆਲਾ ਦੇ ਅਫਸਰਾਂ ਕਰਮਚਾਰੀਆਂ ਨੂੰ ਅੰਗ੍ਰੇਜ਼ਾਂ ਵਲੋਂ ਇਨਾਮ ਸਨਮਾਨ, ਮਾਨ ਪੱਤਰ ਤੇ ਸਰਟੀਫਿਕੇਟ ਦਿੱਤੇ ਗਏ

## ਸਾਹਿਬ ਬਹਾਦੁਰ ਕਮਿਸ਼ਨਰ ਜ਼ਿਲ੍ਹਾ ਅੰਬਾਲਾ ਦੀ ਮਿਤੀ 18 ਜਨਵਰੀ ਸੰਨ 1872 ਈਃ ਨੂੰ ਭੇਜੀ ਚਿੱਠੀ ਦੀ ਨਕਲ ਹਜ਼ੂਰ-ਏ-ਅਨਵਰ ਦੇ ਨਾਮ

ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਜ਼ਿਲ੍ਹਾ ਲੁਧਿਆਣਾ ਦੀ ਰਿਪੋਰਟ ਤੋਂ ਪ੍ਰਤੱਖ ਹੋਇਆ ਕਿ ਜਿਹੜੇ ਮੁਜ਼ਰਿਮ ਮਲੇਰ ਕੋਟਲਾ ਵਿਖੇ ਵਾਰਦਾਤ ਕਰਨ ਮਗਰੋਂ ਫ਼ਰਾਰ ਹੋ ਕੇ ਰਿਆਸਤ ਵਿੱਚ ਜਾ ਕੇ ਲੁਕੇ ਸਨ, ਉਹ ਮਹਾਨ ਰਿਆਸਤ ਤੇ ਦਰਬਾਰੀ ਅਹਿਲਕਾਰਾਂ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ ਅਤੇ ਪੰਜਾਬ ਸਿੰਘ ਨੇ ਮੁਖ਼ਬਿਰ ਜੈਮਲ ਸਿੰਘ, ਮਸਤਾਨ ਅਲੀ, ਉੱਤਮ ਸਿੰਘ, ਰਤਨ ਸਿੰਘ, ਗੁਲਾਬ ਸਿੰਘ ਤੇ ਪ੍ਰਤਾਪ ਸਿੰਘ ਦੀ ਮਦਦ ਨਾਲ ਗ੍ਰਿਫ਼ਤਾਰ ਕਰਕੇ ਹਾਜ਼ਿਰ ਕੀਤੇ। ਸੋ ਤਹਿਕੀਕਾਤ ਮਗਰੋਂ ਜੁਰਮ ਦੇ ਬਦਲੇ ਉਹ ਤੋਪ ਨਾਲ ਉਡਾਏ ਗਏ। ਜਿਹੜੇ ਮਹਾਨ ਅਹਿਲਕਾਰਾਂ ਨੇ ਮੁਜ਼ਰਿਮਾਂ ਦੀ ਗ੍ਰਿਫ਼ਤਾਰੀ ਕਰਾਉਣ ਵਿੱਚ ਅਤਿਅੰਤ ਦਰਜੇ ਦੀ ਕੋਸ਼ਿਸ਼ ਕਰਕੇ ਬਹੁਤ ਵਧੀਆ ਸੇਵਾ ਨਿਭਾਈ ਹੈ, ਉਨ੍ਹਾਂ ਨੂੰ ਹੇਠ ਲਿਖੇ ਵੇਰਵੇ ਅਨੁਸਾਰ ਇਨਾਮ ਤਜਵੀਜ਼ ਹੋ ਕੇ ਬਖਸ਼ੇ ਗਏ :-

| ਨਾਮ | ਰੁਪਏ |
|---|---|
| ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ | 1000/- |
| ਪੰਜਾਬ ਸਿੰਘ ਦਰਬਾਰੀ | 300/- |
| ਜੈਮਲ ਸਿੰਘ ਮੁਖ਼ਬਿਰ | 200/- |
| ਉੱਤਮ ਸਿੰਘ | 50/- |
| ਰਤਨ ਸਿੰਘ | 50/- |
| ਗੁਲਾਬ ਸਿੰਘ | 50/- |
| ਪਰਤਾਪ ਸਿੰਘ | 50/- |
| ਮਸਤਾਨ ਅਲੀ | 100/- |

ਸੋ ਮਹਾਨ ਰਿਆਸਤ ਵਲੋਂ ਇਸ ਵਾਰਦਾਤ ਵਿੱਚ ਦੋ ਤਰ੍ਹਾਂ ਦੀ ਮਦਦ ਹੋਈ। ਇੱਕ ਤਾਂ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਲੁਧਿਆਣਾ ਦੇ ਫ਼ੌਰੀ ਇਸ਼ਾਰੇ ਨਾਲ ਫ਼ੌਜਾਂ ਕੋਟਲੇ ਦੇ ਅਸਥਾਨ 'ਤੇ ਐਨ ਵੇਲੇ ਸਿਰ ਪਹੁੰਚੀਆਂ, ਦੂਜੇ ਮਹਾਨ ਰਿਆਸਤ ਦੇ ਅਹਿਲਕਾਰਾਂ ਨੇ ਮੁਜ਼ਰਿਮਾਂ ਨੂੰ ਗ੍ਰਿਫ਼ਤਾਰ ਕੀਤਾ। ਸੋ ਰਿਆਸਤ ਕੋਟਲਾ ਤੇ ਸਰਕਾਰ ਗੌਰਮਿੰਟ ਦਾ ਸ਼ੁਕਰੀਆ ਅਦਾ ਕਰਕੇ ਫ਼ਤਹਿਮੰਦ ਫ਼ੌਜਾਂ ਕੋਟਲਾ ਦੇ ਅਸਥਾਨ ਤੋਂ ਰੁਖਸਤ ਹੁੰਦੀਆਂ ਹਨ।

---

## ਜਨਾਬ ਦੇ ਮਿਹਰਬਾਨ, ਸੇਵਾ ਯੋਗ ਤੇ ਬਜ਼ੁਰਗਵਾਰ ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਸਾਹਿਬ ਮੀਰ ਮੁਨਸ਼ੀ !

ਨਿਮਰਤਾ ਸਹਿਤ ਅਦਬ ਆਦਾਬ ਅਰਜ਼ ਕਰਨ ਮਗਰੋਂ ਬੇਨਤੀ ਹੈ ਕਿ ਵਜ਼ੀਰ ਸਾਹਿਬ ਬਹਾਦੁਰ ਦੇ ਖ਼ਤ ਰਾਹੀ ਨੂਰਾਨੀ ਹਜ਼ੂਰ ( ਮਹਾਰਾਜਾ ਸਾਹਿਬ ) ਵਲੋਂ ਮਿਸਟਰ ਸਾਹਿਬ ਬਹਾਦੁਰ ਸੈਕਟਰੀ ਗੌਰਮਿੰਟ ਪੰਜਾਬ ਦੇ ਨਾਮ ਅੰਗਰੇਜ਼ੀ 'ਚ ਲਿਖੀ ਚਿੱਠੀ ਅਤੇ ਸੱਯਦ ਨਿਆਜ਼ ਅਲੀ ਸਾਹਿਬ ਨਾਇਬ ਨਾਜ਼ਿਮ ਤੇ ਹੋਰ ਵਿਅਕਤੀਆਂ, ਜਿਨ੍ਹਾਂ ਨੇ ਦਲੇਰੀ ਨਾਲ ਕੂਕਿਆਂ ਨੂੰ ਗ੍ਰਿਫ਼ਤਾਰ ਕੀਤਾ, ਨੂੰ ਇਨਾਮ ਬਖਸ਼ੇ ਜਾਣ ਬਾਰੇ ਸਾਹਿਬ ਕਮਿਸ਼ਨਰ ਬਹਾਦੁਰ ਦਾ ਖ਼ਤ ਇਸ ਦਾਸ ਕੋਲ ਪੁੱਜਾ। ਸੋ ਉਪ੍ਰੋਕਤ ਚਿੱਠੀ ਸਾਹਿਬ ਸੈਕਟਰੀ ਬਹਾਦੁਰ ਦੀ ਸੇਵਾ ਵਿੱਚ ਪੇਸ਼ ਕਰਕੇ ਸਾਰਾ ਹਾਲ ਵੇਰਵੇ ਸਹਿਤ ਜ਼ਬਾਨੀ ਵੀ ਅਰਜ਼ ਕਰ ਦਿੱਤਾ ਹੈ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਇਸ ਵੇਲੇ ਮੈਨੂੰ ਫ਼ੁਰਸਤ ਘੱਟ ਹੈ, ਇਸ ਦਾ ਜਵਾਬ ਫਿਰ ਦੇਵਾਂਗੇ।

ਸੋ ਉੱਤਰ ਦੇ ਤੌਰ 'ਤੇ ਬੇਨਤੀ ਹੈ ਕਿ ਉਸਤਤ ਯੋਗ ਸਾਹਿਬ ਬਹਾਦੁਰ ਨੇ ਜਿਸ ਸਮੇਂ ਉਸ ਚਿੱਠੀ ਦਾ ਜਵਾਬ ਲਿਖਵਾਇਆ ਜਾਂ ਕੁਝ ਜ਼ਬਾਨੀ ਹੁਕਮ ਦਿੱਤਾ, ਉਸ ਬਾਰੇ ਵੇਰਵੇ ਸਹਿਤ ਇਤਲਾਹ ਦਿੱਤੀ ਜਾਵੇਗੀ।

ਇਨਾਮ ਮਿਲਣ ਬਾਰੇ ਇਸ ਦਾਸ ਨੇ ਉਸਤਤ ਯੋਗ ਸਾਹਿਬ ਬਹਾਦੁਰ ਦੀ ਸੇਵਾ ਵਿਚ ਬੇਨਤੀ ਕੀਤੀ ਸੀ ਕਿ ਇਹ ਇਨਾਮ ਰਿਆਸਤ ਕੋਟਲਾ ਵਲੋਂ ਮਿਲਿਆ ਹੈ ਜਾਂ ਸਰਕਾਰ ਅੰਗਰੇਜ਼ੀ ਦੀ ਤਰਫ਼ੋਂ ਕਿਉਂਕਿ ਸਾਹਿਬ ਕਮਿਸ਼ਨਰ ਬਹਾਦੁਰ ਦੀ ਚਿੱਠੀ ਦੇ ਮਜ਼ਮੂਨ ਤੋਂ ਇਸ ਗੱਲ ਦਾ ਪਤਾ ਨਹੀਂ ਲਗਦਾ।

ਸਾਡੇ ਅਹੁਦੇਦਾਰਾਂ ਨੂੰ ਰਿਆਸਤ ਕੋਟਲਾ ਦੀ ਤਰਫ਼ੋਂ ਇਨਾਮ ਲੈਣਾ ਮੁਨਾਸਿਬ ਨਹੀਂ। ਜੇ ਸਰਕਾਰ ਅੰਗਰੇਜ਼ੀ ਵਲੋਂ ਮਿਲਿਆ ਹੈ ਤਾਂ ਨਕਦ ਰੁਪਿਆਂ ਦਾ ਮਿਲਣਾ ਇੱਕ ਪ੍ਰਕਾਰ ਨਾਲ ਇਸ ਲਈ ਨਹੀਂ ਸ਼ੋਭਦਾ ਕਿ ਨਿਆਜ਼ ਅਲੀ ਸਾਹਿਬ ਵੱਡੇ ਰੁਤਬੇ ਵਾਲੇ ਅਹੁਦੇਦਾਰ ਹਨ। ਹਾਂ ਇਸ ਸੇਵਾ ਦਾ ਇਵਜ਼ਾਨਾ ਜੇ ਕੋਈ ਮੈਡਲ ਆਦਿ ਮਿਲਦਾ ਦਾਂ ਠੀਕ ਸੀ।

ਸੋ ਇਸ ਗੱਲ ਨੂੰ ਸਾਹਿਬ ਬਹਾਦੁਰ ਨੇ ਮੰਨ ਕੇ ਫ਼ਰਮਾਇਆ ਸੀ ਕਿ ਇਹ ਗੱਲ ਨਿਰਸੰਦੇਹ ਦਰੁਸਤ ਹੈ ਅਤੇ ਫ਼ਰਮਾਇਆ ਕਿ ਸਾਡੇ ਕੋਲ ਕੁਝ ਲਿਖਿਆ ਨਹੀਂ ਆਇਆ।

ਅੰਦਾਜ਼ੇ ਨਾਲ ਲੱਗਦਾ ਹੈ ਕਿ ਇਹ ਇਨਾਮ ਰਿਆਸਤ ਕੋਟਲਾ ਵਲੋਂ ਨਹੀਂ ਮਿਲਿਆ ਹੋਵੇਗਾ, ਜੇ ਮਿਲਿਆ ਹੈ ਤਾਂ ਨਿਰਸੰਦੇਹ ਸ਼ੋਭਾ ਨਾ ਦੇਣ ਵਾਲਾ ਤੇ ਨਾ ਮੁਨਾਸਿਬ ਹੈ। ਜਿਵੇਂ ਗੱਲਬਾਤ ਤੋਂ ਲੱਗਿਆ ਹੈ ਉਹ ਲਿਖ ਦਿੱਤਾ ਹੈ ਅਤੇ ਅੱਗੋਂ ਨੂੰ ਜੋ ਗੁਫ਼ਤਗੂ ਹੋਵੇਗੀ ਉਸ ਬਾਰੇ ਸੂਚਨਾ ਦੇ ਦਿੱਤੀ ਜਾਵੇਗੀ।

ਜ਼ਿਆਦਾ ਲਿਖਣਾ ਅਦਬ ਆਦਾਬ ਦੀ ਹੱਦ ਟੱਪਣ ਸਮਾਨ ਹੈ।

ਦਾਸ,<br>
24 ਜਨਵਰੀ 1872. ਸੱਯਦ ਮੁਹੰਮਦ ਅਲੀ,<br>
ਵਕੀਲ ਗੌਰਮਿੰਟ ਪੰਜਾਬ।

## ਨੂਰਾਨੀ ਹਜ਼ੂਰ ਵਲੋਂ ਮੁਲਾਹਿਜ਼ਾ ਹੋਣ ਉਪ੍ਰੰਤ ਹੁਕਮ ਹੋਇਆ

ਕਿ ਸ਼ਾਮਿਲ ਮਿਸਲ ਰਹੇ।

29 ਜਨਵਰੀ 1872.

---

## ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਵਾਲੀ-ਏ-ਪਟਿਆਲਾ, ਮੁਕਾਮ ਪਟਿਆਲਾ ਮਿਤੀ 29 ਜਨਵਰੀ 1872 ਵਲੋਂ ਟੀ. ਡੀ. ਫੌਰਸਾਈਥ ਸਾਹਿਬ ਬਹਾਦੁਰ ਕਮਿਸ਼ਨਰ ਅੰਬਾਲਾ ਦੇ ਨਾਮ ਲਿਖੀ ਅੰਗਰੇਜ਼ੀ ਚਿੱਠੀ ਦਾ ਤਰਜ਼ਮਾ

ਮੇਰੇ ਪਿਆਰੇ ਦੋਸਤ!

ਤੁਹਾਡਾ ਸਰਕਾਰੀ ਪੱਤਰ ਮੇਰੇ ਕੋਲ ਪੁੱਜਾ ਜਿਸ ਰਾਹੀਂ ਮੇਰੇ ਅਹੁਦੇਦਾਰਾਂ ਨੂੰ ਉਨ੍ਹਾਂ ਵਲੋਂ ਕੋਟਲੇ ਦੇ ਤਾਜ਼ਾ ਫ਼ਸਾਦ ਸਮੇਂ ਨਿਭਾਈਆਂ ਵਧੀਆ ਸੇਵਾਵਾਂ ਵਾਸਤੇ, ਇਨਾਮਾਂ ਦੀ ਤਕਸੀਮ ਬਾਰੇ ਸੂਚਿਤ ਕੀਤਾ ਗਿਆ ਸੀ। ਪਰੰਤੂ ਉਸ ਪੱਤਰ ਤੋਂ ਇਹ ਪ੍ਰਗਟ ਨਹੀਂ ਹੁੰਦਾ ਸੀ ਕਿ ਇਹ ਇਨਾਮ ਰਿਆਸਤ ਕੋਟਲਾ ਵਲੋਂ ਬਖ਼ਸ਼ੇ ਗਏ ਹਨ ਜਾਂ ਅੰਗਰੇਜ਼ੀ ਗੌਰਮਿੰਟ ਵਲੋਂ ? ਸੋ ਮੈਨੂੰ ਸ਼ੱਕ ਹੈ ਕਿ ਇਹ ਇਨਾਮ ਰਿਆਸਤ ਕੋਟਲਾ ਵਲੋਂ ਦਿੱਤੇ ਗਏ ਹਨ।

ਸੋ ਮੈਂ ਤੁਹਾਨੂੰ ਇਤਲਾਹ ਦਿੰਦਾ ਹਾਂ ਕਿ ਮੈਂ ਇਸ ਰਿਆਸਤ ਦੇ ਚਾਲੂ ਦਸਤੂਰ ਅਨੁਸਾਰ ਰਿਆਸਤ ਕੋਟਲਾ ਤੋਂ ਆਪਸ ਵਿੱਚੀ ਇਹ ਇਨਾਮ ਕਬੂਲ ਕਰਨ ਦੇ ਕਾਬਿਲ ਨਹੀਂ ਹਾਂ। ਸੋ ਮੈਨੂੰ ਯਕੀਨ ਹੈ ਕਿ ਮੇਰੀ ਮਰਜ਼ੀ ਨਾ ਚਲਣ ਦਾ ਕਾਰਨ ਇਹ ਹੈ ਕਿ ਆਪ ਇਸ ਮਾਮਲੇ 'ਚ ਮੇਰੇ ਨਾਲ ਪਹਿਲਾਂ ਮਸ਼ਵਰਾ ਨਹੀਂ ਕਰ ਸਕੇ। ਸੋ ਮੈਂ ਉਮੀਦ ਕਰਦਾ ਹਾਂ ਕਿ ਹੁਣ ਆਪ ਮੈਨੂੰ ਇਸ ਮਾਮਲੇ ਸੰਬੰਧੀ ਇਸ ਦੋਸਤਾਨਾ ਚਿੱਠੀ ਦਾ ਜਵਾਬ ਨਿੱਜੀ ਤੌਰ 'ਤੇ (ਸਰਕਾਰੀ ਮਹਿਕਮੇਂ ਰਾਹੀਂ ਨਹੀਂ) ਲਿਖ ਭੇਜੋਗੇ ਕਿਉਂਕਿ ਹੁਣ ਮੈਂ ਮੁਨਾਸਿਬ ਨਹੀਂ ਸਮਝਦਾ ਕਿ ਮੈਂ ਆਪ ਤੋਂ ਸਰਕਾਰੀ ਪੱਤਰ ਰਾਹੀਂ ਜਵਾਬ ਚਾਹਾਂ। ਮੇਰੀ ਕਾਮਨਾ ਹੈ ਕਿ ਆਪ ਮੁਕੰਮਲ ਤੌਰ 'ਤੇ ਰਾਜ਼ੀ ਖੁਸ਼ੀ ਤੇ ਅੰਨਦ ਮਾਣੋ ਅਤੇ ਸ਼ੁਭ ਕਾਮਨਾਵਾਂ ਤੁਹਾਡੇ ਅੰਗ ਸੰਗ ਰਹਿਣ!

ਤੁਹਾਡਾ ਸ਼ੁਭਚਿੰਤਕ
ਦਸਤਖ਼ਤ ਮਹਾਰਾਜਾ ਪਟਿਆਲਾ,

ਤਰਜ਼ਮਾ ਸਹੀ ਹੈ।
ਦਸਤਖ਼ਤ
ਮਾਸਟਰ ਮੁਹੰਮਦ ਖ਼ੁਦਾ ਬਖ਼ਸ਼ ਖ਼ਾਨ।

### ਪਿਛਲੀ ਚਿੱਠੀ ਦੀ ਮੂਲ ਅੰਗਰੇਜ਼ੀ ਲਿਖਤ

**Patiala** **29 January 1872**

My dear friend,

I received your official letter (an murasila) conveying the information of distributing prizes to my officials for their servives rendered in the recent Kotla insurrection at Kotla but as it did not explain whether these prizes were awarded on the part of the Kotla State or by the British Govt. I am even in doubt that they were on the part of Kotla.

I beg to inform you that customs existing between this state and that of Kotla I am unable to make an acceptance as I believe that for want of leisure you could not consult with me in the matter before hand. I hope that in reply to this letter, you will be please to communicate it to me now ex-officially, as I donot think it advisable to ask you in my official letter (murasalla).

Hoping this will find you in the enjoyment of sound health and with best wishes.

Your sincerely,
Maharaja Patiala.

To:- T. D. Forsyath.
Commission Ambala

---

## ਸਾਹਿਬ ਕਮਿਸ਼ਨਰ ਬਹਾਦੁਰ ਅੰਬਾਲਾ ਦੀ 31 ਜਨਵਰੀ 1872 ਈ: ਦੀ ਨਿੱਜੀ ਚਿੱਠੀ ਦਾ ਤਰਜ਼ਮਾ

ਮੇਰੇ ਪਿਆਰੇ ਦੋਸਤ!

ਤੁਹਾਡੀ ਚਿੱਠੀ ਜਿਹੜੀ ਹੁਣੇ ਪੁੱਜੀ ਹੈ ਉਸ ਦਾ ਜਵਾਬ ਮੈਂ ਇਸ ਨਿੱਜੀ ਚਿੱਠੀ ਰਾਹੀਂ ਇਹ ਸਮਝਾਉਣ ਵਾਸਤੇ ਲਿਖ ਰਿਹਾ ਹਾਂ ਕਿ ਮੈਂ ਮਲੇਰਕੋਟਲਾ ਵਿਖੇ ਆਪਣੇ ਸਰਕਾਰੀ ਅਹੁਦੇ, ਨਵਾਬ ਲੈਫ਼ਟੀਨੈਂਟ ਗਵਰਨਰ ਸਾਹਿਬ ਬਹਾਦੁਰ ਦੇ ਏਜੈਂਟ ਦੀ ਹੈਸੀਅਤ ਵਿੱਚ ਰਿਆਸਤ ਦੇ ਰਈਸਾਂ (ਅਹੁਦੇਦਾਰਾਂ) ਨੂੰ ਇਨਾਮ ਵੰਡੇ ਸਨ।

ਮੈਂ ਆਪਣੇ ਕੋਲੋਂ ਰੁਪਏ ਦਿੱਤੇ ਸਨ ਅਤੇ ਮੈਂ ਇਹ ਮੁਨਾਸਿਬ ਸਮਝਿਆ ਕਿ ਇਹ ਮਾਮਲਾ ਗੌਰਮਿੰਟ ਬਰਤਾਨੀਆ ਤੇ ਮਲੇਰ ਕੋਟਲਾ ਵਿਚਕਾਰ ਹੈ ਇਸ ਲਈ ਇਹ ਖਰਚ ਮਲੇਰ ਕੋਟਲਾ ਦੇ ਜ਼ਿੰਮੇ ਪੈਣਾ ਚਾਹੀਦਾ ਹੈ। ਮੈਂ ਇਹ ਵੀ ਅੰਦਾਜ਼ਾ ਲਾ ਲਿਆ ਸੀ ਕਿ ਇਸੇ ਕਾਰਨ ਇਨ੍ਹਾਂ ਇਨਾਮਾਂ ਨੂੰ ਆਪਦੇ ਅਹੁਦੇਦਾਰਾਂ ਵੱਲੋਂ ਪਰਵਾਨ ਕਰਨਾ ਨਾ ਮੁਨਾਸਿਬ ਸਮਝਿਆ ਜਾਵੇਗਾ।

ਪਰੰਤੂ ਜੇ ਤੁਸੀਂ ਇਹ ਸਮਝਦੇ ਹੋ ਕਿ ਇਨਾਮ ਕੇਵਲ ਜਨਾਬ ਲੈਫ਼ਟੀਨੈਂਟ ਗਵਰਨਰ ਸਾਹਿਬ ਬਹਾਦੁਰ ਦੇ ਹੱਥੋਂ ਹੀ ਦਿੱਤੇ ਜਾਣੇ ਚਾਹੀਦੇ ਸਨ ਤਾਂ ਇਹ ਗੱਲ ਮੇਰੇ ਨਵਾਬ ਲੈਫ਼ਟੀਨੈਂਟ ਗਵਰਨਰ ਸਾਹਿਬ ਬਹਾਦੁਰ ਦੇ ਏਜੰਟ ਦੇ ਅਹੁਦੇ ਦੀ ਮਾਨਤਾ ਨਾ ਹੋਣਾ ਪ੍ਰਗਟ ਕਰਦੀ ਹੈ ਜਦੋਂ ਕਿ ਮੈਂ ਇਹ ਅਹੁਦਾ ਮਲੇਰ ਕੋਟਲਾ ਤੇ ਹੋਰ ਰਿਆਸਤਾਂ ਸੰਬੰਧੀ ਰੱਖਦਾ ਹਾਂ।

ਮੈਂ ਉਮੀਦ ਕਰਦਾ ਹਾਂ ਕਿ ਹਜ਼ੂਰ ਇਨ੍ਹਾਂ ਦਿੱਤੇ ਹੋਏ ਇਨਾਮਾਂ ਨੂੰ ਜਾਇਜ਼ ਕਰਾਰ ਦਿੰਦੇ ਹੋਏ ਕਬੂਲ ਕਰਨਗੇ।

ਤੁਹਾਡਾ ਸੱਚਾ ਦੋਸਤ,
ਦਸਤਖ਼ਤ
ਟੀ. ਡੀ ਫ਼ੌਰਸਾਇਥ ਸਾਹਿਬ

**ਵੱਲ :-** ਮਹਾਰਾਜਾ ਸਾਹਿਬ ਬਹਾਦੁਰ ਪਟਿਆਲਾ
ਜੀ. ਸੀ. ਐਸ. ਆਈ

ਤਰਜ਼ਮਾ ਸਹੀ ਹੈ
ਦਸਤਖ਼ਤ
ਮਾਸਟਰ ਖ਼ੁਦਾ ਬਖ਼ਸ਼ ਖ਼ਾਨ,

## Private Murasala

**31st January 1872**

My dear friend,

In reply to your letter first received. I write this unofficially to explain that I distributed the award at Maler Kotla in my official capacity as agent to the Lt. Governor for that state.

The money was given by me but as a matter between the British Govt. and MalerKotla I considered that the expense should fall on the MalerKotla State. This circumstance would have, I thought consider the acceptance of the awards by your officials improper.

If, however, your Highness consider that awards should only have been given by H.H the Lieutenant Governer, this would be ignoring my position as agent to H.H Lt. Governer which I hold with regard to MalerKotla and other states.

I trust that your highness will allow **the awards given to the accepted.**

Your Sincerely,
T.D. Forsyth.

To :- His Highness
The Maharaja of Patiala G.C.S.I

---

# ਸੱਯਦ ਮੁਹੰਮਦ ਹਸਨ ਵਕੀਲ ਲੁਧਿਆਣਾ ਵੱਲੋਂ ਲਿਖੀ ਚਿੱਠੀ

**ਮਿਹਰਬਾਨ ਤੇ ਪਿਆਰੇ ਜਨਾਬ ਮੀਰ ਸਾਹਿਬ ਸੱਯਦ ਮੁਹੰਮਦ ਕਾਜ਼ਿਮ ਸਾਹਿਬ ਸਹਾਇਕ ਮੀਰ ਮੁਨਸ਼ੀ,**

ਵਾਜਿਬ ਆਦਾਬ ਅਰਜ਼ ਕਰਨ ਉਪ੍ਰੰਤ ਹਾਲ ਇਹ ਹੈ ਕਿ ਆਪ ਦਾ ਪੱਤਰ ਮਿਲਿਆ ਜਿਸ ਰਾਹੀਂ ਉਨ੍ਹਾਂ ਲੋਕਾਂ ਨੂੰ ਇਨਾਮ ਦੇ ਰੁਪਏ ਬਖ਼ਸ਼ੇ ਜਾਣ ਦਾ ਹਾਲ ਦਰਿਆਫ਼ਤ ਕੀਤਾ ਗਿਆ ਹੈ ਜਿਨ੍ਹਾਂ ਨੇ ਕੂਕਿਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਮੈਂ ਸ੍ਰੀ ਹਜ਼ੂਰ ਦੇ ਨਮਕ ਦੀ ਕਸਮ ! ਆਪ ਦੇ ਇਸ ਖ਼ਤ ਨਾਲ ਮੇਰੀ ਜਾਨ ਨਿਕਲਣ ਵਾਲੀ ਹਾਲਤ ਹੋ ਗਈ ਕਿਉਂਕਿ ਮੈਂ ਪਹਿਲਾਂ ਹੀ ਬੀਮਾਰ ਹਾਂ ਪਰ ਫਿਰ ਵੀ ਬਗ਼ੈਰ ਘਟਾਏ ਵਧਾਏ ਵੇਰਵੇ ਸਹਿਤ ਹਾਲ ਅਰਜ਼ ਕਰਦਾ ਹਾਂ।

ਆਪ ਜਾਣਦੇ ਹੀ ਹੋ ਕਿ ਮੈਂ ਕਾਫ਼ੀ ਸਮੇਂ ਤੋਂ ਘਰ 'ਚ ਹੀ ਬੀਮਾਰ ਪਿਆ ਸੀ। ਕੇਵਲ ਸ੍ਰੀ ਹਜ਼ੂਰ ਦੇ ਨਮਕ ਦੇ ਅਸਰ ਨੇ ਉਸ ਵੇਲੇ ਮੇਰੇ 'ਚ ਤਾਕਤ ਬਖ਼ਸ਼ੀ ਜਦੋਂ ਇਹ ਦਾਸ ਘੋੜੀ 'ਤੇ ਸਵਾਰ ਹੋ ਕੇ ਕਿਸੇ ਥਾਂ ਤੋਂ ਕੋਈ ਚਾਲੀ ਕੋਹ ਦਾ ਪੈਂਡਾ ਮਾਰਦਾ ਹੋਇਆ ਕੋਟਲਾ ਵਿਖੇ ਪੁੱਜਾ। ਮੇਰੇ ਪੁੱਜਣ ਤੋਂ ਪਹਿਲਾਂ ਲਾਲਾ ਤਿਪਰ ਚੰਦ ਸਾਹਿਬ ਆਦਿ ਸਾਹਿਬਾਨ ਇੱਥੇ ਤਸ਼ਰੀਫ਼ ਰੱਖਦੇ ਸਨ। ਉਨ੍ਹਾਂ ਨੂੰ ਸਾਰੇ ਹਾਲ ਦਾ ਪਤਾ ਸੀ। ਮੈਂ ਉਸ ਵੇਲੇ ਆਇਆ ਸੀ ਜਦੋਂ ਸਵੇਰ ਹੋਈ ਸੀ।

ਡਿਪਟੀ ਕਮਿਸ਼ਨਰ ਬਹਾਦੁਰ ਨੇ ਸਾਰੇ ਸਾਹਿਬਾਨ ਨੂੰ ਕਚਹਿਰੀ 'ਚ ਬੁਲਾਇਆ। ਇਹ ਦਾਸ ਵੀ ਹਾਜ਼ਿਰ ਹੋਇਆ। ਕੂਕਿਆਂ ਦੀ ਤਹਿਕੀਕਾਤ ਦੀਆਂ ਗੱਲਾਂ ਦੌਰਾਨ ਕਚਹਿਰੀ ਵਿੱਚ ਇੱਕ ਖ਼ਬਰ ਪੁੱਜੀ ਕਿ ਸਾਹਿਬ ਕਮਿਸ਼ਨਰ ਬਹਾਦੁਰ ਤਸ਼ਰੀਫ਼ ਲਿਆਏ ਹਨ। ਲਾਲਾ ਤਿਪਰ ਚੰਦ ਸਾਹਿਬ ਨੇ ਮੇਰੇ ਨਾਲ ਸਲਾਹ ਕੀਤੀ ਕਿ ਸਵਾਗਤ ਕਰਨ ਵਾਸਤੇ ਸਾਡਾ ਜਾਣਾ ਮੁਨਾਸਿਬ ਨਹੀਂ ਹੈ ਕਿਉਂਕਿ ਕੋਟਲੇ ਵਾਲੇ ਅਗਵਾਈ ਕਰਨਗੇ। ਦਾਸ ਨੇ ਅਰਜ਼ ਕਰ ਦਿੱਤਾ ਕਿ ਜਿਵੇਂ ਆਪ ਦੀ ਮਰਜ਼ੀ।

ਥੋੜ੍ਹੀ ਦੇਰ ਮਗਰੋਂ ਜਨਾਬ ਸਾਹਿਬ ਕਮਿਸ਼ਨਰ ਬਹਾਦੁਰ ਤਸ਼ਰੀਫ਼ ਲੈ ਆਏ। ਸਾਰੇ ਸਾਹਿਬਾਨ ਨੇ ਸਲਾਮ ਕੀਤਾ। ਉਹ ਮੀਰ ਨਿਆਜ਼ ਅਲੀ ਦੀ ਬਹੁਤ ਪ੍ਰਸੰਸਾ ਕਰਦੇ ਰਹੇ ਤੇ ਸ਼ਾਬਾਸ਼ ਦਿੰਦੇ ਰਹੇ ਜਿਸ ਦਾ ਜ਼ਿਕਰ ਪਹਿਲਾਂ ਹੋ ਚੁੱਕਿਆ ਹੈ। 3 ਵਜੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੇ ਦਾਸ ਨੂੰ ਹੁਕਮ ਦਿੱਤਾ ਕਿ ਤੁਸੀਂ ਸਾਰੀ ਫ਼ੌਜ ਨੂੰ ਹਥਿਆਰਬੰਦ ਕਰਕੇ ਕੂਕਿਆਂ ਨਾਲ ਪਰੇਟ ਦੇ ਮੈਦਾਨ ਵਿੱਚ ਭੇਜ ਦਿਉ ਕਿਉਂਕਿ ਕੂਕੇ ਸ਼ਾਮ ਨੂੰ ਉਡਾਏ ਜਾਣਗੇ। ਸੋ ਸਾਰੀ ਫ਼ੌਜ ਪਰੇਟ 'ਤੇ ਹਾਜ਼ਿਰੀ ਕੀਤੀ ਗਈ। ਉੱਚੀ ਸ਼ਾਨ ਵਾਲੇ ਸਾਹਿਬਾਨ ਨੇ ਵੀ ਉੱਥੇ ਜਾ ਕੇ ਕੂਕਿਆਂ ਨੂੰ ਤੋਪ ਨਾਲ ਉਡਾਇਆ। ਉਸ ਤੋਂ ਮਗਰੋਂ ਉਸਤਤ ਯੋਗ ਸਾਹਿਬਾਨ ਕੋਟਲੇ ਵੱਲਂ ਤਸ਼ਰੀਫ਼ ਲੈ ਆਏ।

ਦਾਸ ਲਾਲਾ ਗਿਰਧਾਰੀ ਲਾਲ ਇੰਸਪੈਕਟਰ ਆਫ ਸਕੂਲਜ਼ ਦੇ ਨਾਲ ਹਾਥੀ 'ਤੇ ਸਵਾਰ ਹੋਇਆ। ਜੀਂਦ ਦੇ ਨਾਭੇ ਦੇ ਸਾਰੇ ਅਹਿਲਕਾਰ ਨਾਲ ਸਨ। ਜਦੋਂ ਸਿਕੰਦਰ ਅਲੀ ਖ਼ਾਨ ਦੇ ਮਕਾਨ ਦੇ ਦਰਵਾਜ਼ੇ 'ਤੇ ਪੁੱਜੇ ਤਾਂ ਉੱਚੀ ਸ਼ਾਨ ਵਾਲੇ ਸਾਹਿਬਾਨ ਹਾਥੀਆਂ ਤੋਂ ਉਤੱਰ ਕੇ ਅੰਦਰ ਤਸ਼ਰੀਫ਼ ਲੈ ਗਏ। ਰਿਆਸਤਾਂ ਦੇ ਸਾਰੇ ਅਹਿਲਕਾਰ ਬਾਹਰ ਖੜ੍ਹੇ ਰਹੇ। ਇਹ ਦਾਸ ਵੀ ਬਾਹਰ ਰਿਹਾ ਕਿਉਂਕਿ ਸਭ ਨੇ ਇਹ ਖ਼ਿਆਲ ਕੀਤਾ ਕਿ ਜੇ ਰਿਆਸਤ ਕੋਟਲਾ ਦੇ ਅਹਿਲਕਾਰ ਬੁਲਾਉਣਗੇ ਤਾਂ ਅੰਦਰ ਜਾਣਾ ਮੁਨਾਸਿਬ ਹੈ ਨਹੀਂ ਤਾਂ ਕੋਈ ਲੋੜ ਨਹੀਂ।

ਥੋੜ੍ਹੀ ਦੇਰ ਬਾਅਦ ਲਾਲਾ ਤਿਪਰ ਚੰਦ ਨੇ ਮੈਨੂੰ ਹੁਕਮ ਦਿੱਤਾ ਕਿ ਵਕੀਲਾਂ ਦਾ ਜਾਣਾ ਮੁਨਾਸਿਬ ਹੈ, ਤੁਸੀਂ ਅੰਦਰ ਚਲੇ ਜਾਉ। ਉਨ੍ਹਾਂ ਦੇ ਹੁਕਮ ਅਨੁਸਾਰ ਦਾਸ ਹਾਥੀ ਤੋਂ ਉਤੱਰ ਕੇ ਕਿਲ੍ਹੇ ਦੇ ਅੰਦਰ ਚਲਾ ਗਿਆ। ਮੇਰੇ ਜਾਣ ਤੋਂ ਪਹਿਲਾਂ ਉੱਚੀ ਸ਼ਾਨ ਵਾਲੇ ਸਾਹਿਬਾਨ ਨਵਾਬ ਸਿਕੰਦਰ ਅਲੀ ਖ਼ਾਨ ਸਾਹਿਬ ਦੀਆਂ ਅਸਲਾ ਬਣਾਉਣ ਵਾਲੀਆਂ ਵਰਕਸ਼ਾਪਾਂ ਦਾ ਮੁਆਇਨਾ ਕਰਦੇ ਰਹੇ। ਆਪ ਜਾਣਦੇ ਹੋ ਕਿ ਮੈਂ ਬੀਮਾਰ ਸੀ ਇਸ ਲਈ ਇੱਕ ਅੱਡ ਮਕਾਨ ਵਿੱਚ ਜਾ ਕੇ ਕੁਰਸੀਂ 'ਤੇ ਬੈਠ ਗਿਆ। ਉੱਚੀ ਸ਼ਾਨ ਵਾਲੇ ਸਾਹਿਬਾਨ ਦੇ ਕਮਿਸ਼ਨਰ ਬਹਾਦੁਰ ਵਰਕਸ਼ਾਪਾਂ ਦੇਖਣ ਉਪ੍ਰੰਤ ਸੂਰਜ ਡੁੱਬਣ ਸਮੇਂ ਇੱਕ ਵਧੀਆ ਮਕਾਨ 'ਚ ਤਸ਼ਰੀਫ਼ ਲੈ ਆਏ ਅਤੇ ਪਸ਼ਮੀਨਾਂ ਆਦਿ ਪ੍ਰਕਾਰ ਦੇ ਕੱਪੜੇ ਮੰਗਵਾਏ ਤੇ ਉਨ੍ਹਾਂ ਦਾ ਨਿਰੀਖਣ ਕੀਤਾ। ਫਿਰ ਉਹ ਕੱਪੜੇ ਵਾਪਸ ਭੇਜ ਦਿੱਤੇ। ਉਸ ਵੇਲੇ ਮੈਂ ਉਹ ਕੱਪੜੇ ਨਵਾਬ ਦੇ ਅਹਿਲਕਾਰਾਂ ਨੂੰ ਵਾਪਸ ਲੈ ਜਾਂਦੇ ਹੋਏ ਵੇਖਿਆ ਤਾਂ ਕਾਜ਼ੀ ਅਹਿਮਦ ਸ਼ਾਹ ਨੇ ਮੈਨੂੰ ਬੁਲਾਇਆ ਤੇ ਕਿਹਾ ਕਿ ਤੁਸੀਂ ਨਿਆਜ਼ ਅਲੀ ਤੇ ਤਿਪਰ ਚੰਦ ਆਦਿ ਅਹਿਲਕਾਰਾਂ ਨੂੰ ਬਹੁਤ ਛੇਤੀ ਨਾਲ ਬੁਲਾ ਲਵੋ। ਦਾਸ ਨੇ ਇੱਕ ਆਦਮੀ ਉਨ੍ਹਾਂ ਨੂੰ ਬੁਲਾਉਣ ਵਾਸਤੇ ਭੇਜ ਦਿੱਤਾ। ਮੈਂ ਅੰਦਾਜ਼ੇ ਨਾਲ ਇਹ ਸਮਝਦਾ ਸੀ ਕਿ ਸ਼ਾਇਦ ਕੁਝ ਇਨਾਮ ਦੇਣਗੇ। ਉਹੀ ਹਾਲ ਨਿਆਜ਼ ਅਲੀ ਤੇ ਲਾਲਾ ਤਿਪਰ ਚੰਦ ਨੂੰ ਕਹਾ ਭੇਜਿਆ। ਉਸ ਵੇਲੇ ਉਨ੍ਹਾਂ ਦੇ ਆਉਣ 'ਚ ਕੁਝ ਦੇਰ ਹੋ ਗਈ ਤਾਂ

ਸਾਹਿਬ ਕਮਿਸ਼ਨਰ ਬਹਾਦੁਰ ਹਾਥੀ 'ਤੇ ਸਵਾਰ ਹੋ ਕੇ ਸਾਹਿਬਾਨ ਸਮੇਤ ਕੋਠੀ ਨੂੰ ਰਵਾਨਾ ਹੋ ਗਏ। ਰਸਤੇ ਵਿੱਚ ਮੀਰ ਨਿਆਜ਼ ਅਲੀ ਤੇ ਲਾਲਾ ਤਿਪਰ ਚੰਦ ਮਿਲ ਗਏ ਪਰ ਉੱਚੀ ਸ਼ਾਨ ਵਾਲੇ ਸਾਹਿਬਾਨ ਨੇ ਕੁਝ ਨ ਫ਼ਰਮਾਇਆ। ਜਦੋਂ ਕੋਠੀ ਪੁੱਜੇ ਉਸ ਵੇਲੇ ਸਾਹਿਬ ਬਹਾਦੁਰ ਨੇ ਨਿਆਜ਼ ਅਲੀ ਨੂੰ ਪੁੱਛਿਆ ਕਿ ਤੁਸੀਂ ਕਿਸ ਵਾਸਤੇ ਚਲੇ ਆਏ ਸੀ ? ਮੀਰ ਨਿਆਜ਼ ਅਲੀ ਨੇ ਅਰਜ਼ ਕੀਤਾ ਕਿ ਸਾਡੇ ਨਿਆਮਤਾਂ ਦੇ ਮਾਲਿਕ (ਮਹਾਰਾਜਾ ਸਾਹਿਬ) ਤੇ ਨਵਾਬ ਸਾਹਿਬ ਵਿਚਕਾਰ ਭਾਈ ਚਾਰੇ ਵਾਲਾ ਮੇਲ ਜੋਲ ਹੈ, ਜੇ ਕੋਟਲੇ ਦੇ ਅਹਿਲਕਾਰ ਬੁਲਾਉਂਦੇ ਤਾਂ ਸਾਡਾ ਜਾਣਾ ਮੁਨਾਸਿਬ ਸੀ। ਇਸ 'ਤੇ ਸਾਹਿਬ ਬਹਾਦੁਰ ਨੇ ਦਾਸ ਅਹਿਮਦ ਹਸਨ ਨੂੰ ਇਹ ਹੁਕਮ ਦਿੱਤਾ ਕਿ ਇੱਕ ਘੰਟੇ ਮਗਰੋਂ ਜਿਨ੍ਹਾਂ ਲੋਕਾਂ ਨੇ ਕੂਕਿਆਂ ਨੂੰ ਗ੍ਰਿਫ਼ਤਾਰ ਕੀਤਾ, ਉਨ੍ਹਾਂ ਨੂੰ ਸਮੇਤ ਰਿਆਸਤ ਜੀਂਦ, ਨਾਭਾ ਤੇ ਕੋਟਲਾ ਦੇ ਅਹਿਲਕਾਰਾਂ ਨੂੰ ਲੈ ਕੇ ਹਾਜ਼ਿਰ ਹੋਵੋ, ਉਨ੍ਹਾਂ ਨੂੰ ਇਨਾਮ ਮਿਲੇਗਾ।

ਦਾਸ ਅਹਿਮਦ ਹਸਨ ਨੇ ਸਾਹਿਬ ਬਹਾਦੁਰ ਦੇ ਹੁਕਮ ਅਨੁਸਾਰ ਇਸ ਗੱਲ ਦੀ ਇਤਲਾਹ ਜੀਂਦ ਤੇ ਨਾਭੇ ਦੇ ਅਹਿਲਕਾਰਾਂ ਨੂੰ ਪਹੁੰਚਾ ਦਿੱਤੀ ਅਤੇ ਡੇਰੇ 'ਚ ਆ ਕੇ ਜਨਾਬ ਲਾਲਾ ਤਿਪਰ ਚੰਦ ਸਾਹਿਬ ਦੀ ਸੇਵਾ ਵਿੱਚ ਇਨਾਮ ਮਿਲਣ ਦਾ ਜ਼ਿਕਰ ਕੀਤਾ ਕਿਉਂਕਿ ਉਹ ਅਹਿਲਕਾਰਾਂ ਤੇ ਅਹੁਦੇਦਾਰਾਂ 'ਚੋਂ ਵੱਡੇ ਸਨ। ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ। ਉਨ੍ਹਾਂ ਨੇ ਫ਼ਰਮਾਇਆ ਕਿ ਜੇ ਅੰਗਰੇਜ਼ ਗੌਰਮਿੰਟ ਵੱਲੋਂ ਇਨਾਮ ਮਿਲਦਾ ਹੈ ਤਾਂ ਲੈ ਲੈਣਾ ਅਤਿਅੰਤ ਠੀਕ ਹੈ ਤੇ ਜੇ ਕੋਟਲਾ ਵਾਲਿਆਂ ਵੱਲੋਂ ਮਿਲਦਾ ਹੈ ਤਾਂ ਜੀਂਦ ਤੇ ਨਾਭੇ ਦੇ ਅਹਿਲਕਾਰਾਂ, ਫ਼ੌਜ ਦੇ ਅਹਿਲਕਾਰਾਂ ਤੇ ਸ਼ੈਖ਼ ਬਰਕਤ ਅਲੀ ਤਹਿਸੀਲਦਾਰ ਆਦਿ ਨੂੰ ਇੱਕਠੇ ਕਰਕੇ ਮਸ਼ਵਰਾ ਕਰ ਲਵੋ। ਕਿਉਂਕਿ ਦਾਸ ਤਾਂ ਬੀਮਾਰ ਸੀ ਲਾਲਾ ਤਿਪਰ ਚੰਦ ਸਾਹਿਬ ਨੇ ਆਪਣੇ ਚਪੜਾਸੀਆਂ ਆਦਿ ਨੂੰ ਭੇਜ ਕੇ ਫ਼ੌਜ ਦੇ ਸਾਰੇ ਅਹਿਲਕਾਰਾਂ ਅਤੇ ਜੀਂਦ ਤੇ ਨਾਭੇ ਦੇ ਅਹਿਲਕਾਰਾਂ ਨੂੰ ਇੱਕਠੇ ਕੀਤਾ। ਨਿਆਜ਼ ਅਲੀ ਨੇ ਉਸ ਵੇਲੇ ਕਿਹਾ ਕਿ ਇਹ ਇਨਾਮ ਲੈਣਾ ਮੁਨਾਸਿਬ ਨਹੀਂ ਤੇ ਦਾਸ ਨੇ ਵੀ ਅਰਜ਼ ਕੀਤਾ। ਜਨਾਬ ਲਾਲਾ ਤਿਪਰ ਚੰਦ ਨੇ ਫ਼ਰਮਾਇਆ ਕਿ ਜੇ ਉੱਚੀ ਸ਼ਾਨ ਵਾਲੇ ਸਾਹਿਬਾਨ ਇਹ ਇਨਾਮ ਮਾਲੇਰ ਕੋਟਲਾ ਦੇ ਕਿਲ੍ਹੇ 'ਚ ਬਖ਼ਸ਼ਦੇ ਤਾਂ ਮਾਲੇਰ ਕੋਟਲਾ ਵੱਲੋਂ ਹੁੰਦਾ, ਹੁਣ ਜੋ ਇੱਥੇ ਬਾਹਰ ਬਾਗ਼ ਵਿੱਚ ਆ ਕੇ ਬਖ਼ਸ਼ਣਗੇ ਤਾਂ ਸਰਕਾਰ ਅੰਗਰੇਜ਼ੀ ਵੱਲੋਂ ਸੀ। ਤੁਹਾਨੂੰ ਇਨਾਮ ਦਾ ਲੈਣਾ ਕੋਈ ਔਗੁਣ ਨਹੀਂ। ਸਾਰਿਆਂ ਨੇ ਮਸ਼ਵਰਾ ਕਰਕੇ ਇਹੋ ਸਲਾਹ ਦਿੱਤੀ ਕਿ ਪਹਿਲਾਂ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਤੋਂ ਦਰਿਆਫ਼ਤ ਕਰ ਲੈਣਾ ਚਾਹੀਦਾ ਹੈ ਕਿ ਕੀ ਇਹ ਇਨਾਮ ਅੰਗਰੇਜ਼ੀ ਸਰਕਾਰ ਵੱਲੋਂ ਬਖ਼ਸ਼ਿਆ ਜਾ ਰਿਹਾ ਹੈ ਜਾਂ ਮਾਲੇਰ ਕੋਟਲਾ ਵੱਲੋਂ। ਜਦੋਂ ਇਹ ਪਤਾ ਲੱਗ ਜਾਵੇਗਾ (ਕਿ ਮਾਲੇਰ ਕੋਟਲਾ ਵੱਲੋਂ ਦਿੱਤਾ ਜਾ ਰਿਹਾ ਹੈ) ਤਾਂ ਸਾਹਿਬ ਕਮਿਸ਼ਨਰ ਬਹਾਦੁਰ ਕੋਲ ਜਾ ਕੇ ਉਜਰ ਕਰਾਂਗੇ ਪਰ ਅਹਿਲਕਾਰਾਂ 'ਤੇ ਸਾਹਿਬ ਕਮਿਸ਼ਨਰ ਦਾ ਏਨਾ ਰੁਆਬ ਛਾਇਆ ਹੋਇਆ ਸੀ ਕਿ ਕੋਈ ਅਰਜ਼ ਨਹੀਂ ਕਰ ਸਕਦਾ ਸੀ।

ਸਭ ਤੋਂ ਪਹਿਲਾਂ ਮੈਨੂੰ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਕੋਲ ਭੇਜਿਆ। ਦਾਸ ਨੇ ਜਾ ਕੇ ਸਾਹਿਬ ਬਹਾਦੁਰ ਨੂੰ ਅਰਜ਼ ਕੀਤਾ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਸਾਨੂੰ ਕੋਈ ਪਤਾ ਨਹੀਂ ਕਿ ਇਹ ਇਨਾਮ ਕਿੱਥੋਂ ਮਿਲਣਾ ਹੈ, ਜੇ ਤੁਹਾਡੇ ਅਹਿਲਕਾਰ ਇਹ ਇਨਾਮ ਨਹੀਂ ਲੈਣਾ ਚਾਹੁੰਦੇ ਤਾਂ ਉਨ੍ਹਾਂ ਨੂੰ ਕਹਿ ਦਿਉ ਕਿ ਉਹ ਕਮਿਸ਼ਨਰ ਸਾਹਿਬ ਕੋਲ ਜਾ ਕੇ ਇਨਕਾਰ ਕਰ ਦੇਣ। ਇਸ 'ਤੇ ਦਾਸ ਨੇ ਵਾਪਸ ਆ ਕੇ ਸਾਰੇ ਅਹਿਲਕਾਰਾਂ ਦੀ ਸੇਵਾ ਵਿੱਚ ਖ਼ਾਸ ਤੌਰ 'ਤੇ ਲਾਲਾ ਤਿਪਰ ਚੰਦ ਦੀ ਸੇਵਾ ਵਿੱਚ ਸਾਹਿਬ ਬਹਾਦੁਰ ਦੇ ਹੁਕਮ ਅਨੁਸਾਰ ਅਰਜ਼ ਕੀਤਾ। ਜਨਾਬ ਲਾਲਾ ਤਿਪਰ ਚੰਦ ਸਾਹਿਬ ਨੇ ਗੁੱਸਾ ਖਾ ਕੇ ਫ਼ਰਮਾਇਆ ਕਿ ਤੁਸੀਂ ਮੇਰੇ ਨਾਲ ਚੱਲੋਂ ਮੈਂ ਕਮਿਸ਼ਨਰ ਸਾਹਿਬ ਤੋਂ ਦਰਿਆਫ਼ਤ ਕਰ ਲੈਂਦਾ ਹਾਂ। ਸੋ ਲਾਲਾ ਤਿਪਰ ਚੰਦ ਸਾਹਿਬ, ਮੀਰ ਨਿਆਜ਼ ਅਲੀ, ਇਹ ਦਾਸ ਤੇ ਸਾਰੇ ਅਹਿਲਕਾਰ ਸਾਹਿਬ ਕਮਿਸ਼ਨਰ ਬਹਾਦੁਰ ਦੀ ਡਿਊਢੀ 'ਤੇ ਆਏ ਤੇ ਕਮਿਸ਼ਨਰ ਸਾਹਿਬ ਦੇ ਅਰਦਲੀਆਂ ਨੂੰ ਕਿਹਾ ਕਿ ਸਾਡੀ ਹਾਜ਼ਿਰੀ ਦੀ ਇਤਲਾਹ ਕਰ ਦਿਉ। ਅਰਦਲੀ ਚੁੱਪ ਕਰ ਰਹੇ। ਇਸ ਦੌਰਾਨ ਇਸ ਜ਼ਿਲ੍ਹੇ ਦੇ ਸੁਪਰਡੈਂਟ ਪੁਲਿਸ ਨੂੰ ਪਾਰਕਿਨ ਸਾਹਿਬ ਦੀ ਕੋਠੀ ਦੇ ਬਾਹਰ ਤਸ਼ਰੀਫ਼ ਲੈ ਆਏ। ਜਨਾਬ ਲਾਲਾ ਤਿਪਰ ਚੰਦ ਸਾਹਿਬ ਤੇ ਮੀਰ ਨਿਆਜ਼ ਅਲੀ ਨੇ ਮੈਨੂੰ ਫ਼ਰਮਾਇਆ ਕਿ ਇਨ੍ਹਾਂ ਰਾਹੀਂ ਕਮਿਸ਼ਨਰ ਸਾਹਿਬ ਨੂੰ ਇਤਲਾਹ ਕਰਵਾਈ ਜਾਵੇ। ਸੋ ਦਾਸ ਨੇ ਉਸਤਤ ਯੋਗ ਸੁਪਰਡੈਂਟ ਪੁਲਿਸ ਨੂੰ ਅਰਜ਼ ਕੀਤਾ ਜਿਹੜੇ ਅਤਿਅੰਤ ਦਰਜੇ ਦੇ ਨਰਮ-ਦਿਲ ਇਨਸਾਨ ਹਨ। ਉਨ੍ਹਾਂ ਨੇ ਮੇਰੀ ਬੇਨਤੀ ਪਰਵਾਨ ਕੀਤੀ ਤੇ ਸਾਹਿਬ ਕਮਿਸ਼ਨਰ ਬਹਾਦੁਰ ਦੇ ਕਮਰੇ 'ਚ ਤਸ਼ਰੀਫ਼ ਲੈ ਗਏ। ਉਨ੍ਹਾਂ ਨੇ ਥੋੜ੍ਹੀ ਦੇਰ ਮਗਰੋਂ ਆ ਕੇ ਸਾਰੇ ਅਹਿਲਕਾਰਾਂ ਦੇ ਸਾਹਮਣੇ ਇਹ ਜਵਾਬ ਦਿੱਤਾ ਕਿ ਸਾਹਿਬ ਕਮਿਸ਼ਨਰ ਬਹਾਦੁਰ ਉਨ੍ਹਾਂ ਨੂੰ ਮਿਲਣਾ ਨਹੀਂ ਚਾਹੁੰਦੇ। ਸੋ ਸਾਰੇ ਬੇਵੱਸ ਹੋ ਗਏ। ਉਸ ਵੇਲੇ ਲਾਲਾ ਤਿਪਰ ਚੰਦ ਨੇ ਫ਼ਰਮਾਇਆ ਕਿ ਇਸ ਕਮਿਸ਼ਨਰ ਤੋਂ ਡਰ ਲੱਗਦਾ ਹੈ ਅਤੇ ਉਜ਼ਰ ਕਰਨਾ ਫ਼ਜ਼ੂਲ ਹੈ। ਦਾਸ ਨੇ ਉਸ ਵੇਲੇ ਜਨਾਬ ਲਾਲਾ ਤਿਪਰ ਚੰਦ ਸਾਹਿਬ ਦੀ ਸੇਵਾ ਵਿੱਚ ਅਰਜ਼ ਕੀਤਾ ਕਿ ਅਸਲ ਮੌਕਾ ਤਾਂ ਇਹੋ ਸੀ ਕਿ ਪਹਿਲਾਂ ਕਮਿਸ਼ਨਰ ਸਾਹਿਬ ਕੋਲ ਉਜ਼ਰ ਕੀਤਾ ਜਾਵੇ ਪਰ ਆਪ ਮੁੱਖ ਅਹਿਲਕਾਰ ਹੋ ਅਤੇ ਉੱਥੇ ਆਪ ਹੀ ਕਮਿਸ਼ਨਰ ਸਾਹਿਬ ਦੇ ਪਿਛਲੇ ਪਾਸੇ ਕੁਰਸੀ 'ਤੇ ਬੈਠੇ

ਹੋਵੋਗੇ। ਜਿਸ ਵੇਲੇ ਇਨਾਮ ਮਿਲੇਗਾ, ਜੋ ਮੁਨਾਸਿਬ ਸਮਝਣਾ ਅਰਜ਼ ਕਰ ਦੇਣਾ। ਲਾਲਾ ਸਾਹਿਬ ਨੇ ਫ਼ਰਮਾਇਆ ਕਿ ਜਿਹੋ ਜਿਹਾ ਮੌਕਾ ਹੋਵੇਗਾ ਵੇਖਿਆ ਜਾਵੇਗਾ।

ਥੋੜ੍ਹੀ ਦੇਰ ਮਗਰੋਂ ਮੁੜ ਦਰਬਾਰ 'ਚ ਬੁਲਾਇਆ ਅਤੇ ਸਾਹਿਬ ਕਮਿਸ਼ਨਰ ਬਹਾਦੁਰ ਨੇ ਆਪਣੀ ਮੁਬਾਰਕ ਜ਼ਬਾਨ ਨਾਲ ਸਪੀਚ ਦਿੱਤੀ ਪਰ ਸਪੀਚ ਵਿੱਚ ਇਹ ਨਹੀਂ ਦੱਸਿਆ ਕਿ ਇਹ ਇਨਾਮ ਸਰਕਾਰ ਕੋਟਲਾ ਵੱਲੋਂ ਦਿੱਤਾ ਜਾਂਦਾ ਹੈ ਜਾਂ ਅੰਗਰੇਜ਼ੀ ਸਰਕਾਰ ਵੱਲੋਂ। ਸਿਰਫ਼ ਇਹ ਸ਼ਬਦ ਕਹੇ ਕਿ ਅਸੀਂ ਨਿਆਜ਼ ਅਲੀ ਤੋਂ ਬਹੁਤ ਖ਼ੁਸ਼ ਹੋਏ ਤੇ ਇਹ ਇਨਾਮ ਦਿੰਦੇ ਹਾਂ। ਸੋ ਲਾਲਾ ਸਾਹਿਬ ਨੇ ਖੜ੍ਹੇ ਹੋ ਕੇ ਉਹ ਇਨਾਮ ਤੇ ਚਿੱਠੀ, ਜੋ ਹਜ਼ੂਰ ਸਰਕਾਰ ਕੋਲ ਭੇਜ ਗਏ, ਲਏ। ਪੰਜਾਬ ਸਿੰਘ, ਪਰਤਾਪ ਸਿੰਘ ਤੇ ਤੋਪਚੀਆਂ ਆਦਿ ਦੇ ਇਨਾਮ ਲਾਲਾ ਤਿਪਰ ਚੰਦ ਸਾਹਿਬ ਨੇ ਲੈ ਕੇ ਮੈਨੂੰ ਦੇ ਦਿੱਤੇ। ਮੈਂ ਉਹ ਇਨਾਮ ਬਦਨ ਸਿੰਘ ਚੋਬਦਾਰ ਦੇ ਹਵਾਲੇ ਕਰ ਦਿੱਤੇ ਪਰ ਤੋਪਖਾਨੇ ਦੇ ਇਨਾਮ ਬਾਰੇ ਬਾਅਦ 'ਚ ਪਤਾ ਲੱਗਾ ਕਿ ਤੋਪਖਾਨੇ ਦੇ ਇਸ ਇਨਾਮ ਵਿੱਚ ਰਾਜਾ ਨਾਭਾ, ਰਾਜਾ ਜੀਂਦ ਤੇ ਸਰਕਾਰ ਪਟਿਆਲਾ ਸ਼ਾਮਿਲ ਸਨ। ਸੋ ਇਸ ਗੱਲ ਦੀ ਇਤਲਾਹ ਲਾਲਾ ਤਿਪਰ ਚੰਦ ਸਾਹਿਬ ਨੂੰ ਦਿੱਤੀ ਗਈ। ਇਨਾਮ ਲੈਣ ਮਗਰੋਂ ਲਾਲਾ ਤਿਪਰ ਚੰਦ ਸਾਹਿਬ ਦੇ ਦਰਬਾਰ ਵਿੱਚ ਬਹੁਤ ਚੰਗੀ ਤਰ੍ਹਾਂ ਸਪੀਚ ਦਿੱਤੀ ਪਰ ਉਸ ਵੇਲੇ ਸ਼ਾਇਦ ਉਹ ਭੁੱਲ ਗਏ ਜਾਂ ਕਮਿਸ਼ਨਰ ਸਾਹਿਬ ਦਾ ਉਨ੍ਹਾਂ 'ਤੇ ਡਰ ਛਾ ਗਿਆ, ਉਨ੍ਹਾਂ ਨੇ ਉਸ ਦਾ ਕੋਈ ਉਜ਼ਰ ਨਾ ਕੀਤਾ। ਖ਼ਿਆਲ ਸੀ ਕਿ ਉਹ ਪਹਿਲਾਂ ਤਾਂ ਇਨਾਮ ਲੈਂਦੇ ਹੀ ਉਜ਼ਰ ਕਰਨਗੇ ਪਰ ਉਸ ਵੇਲੇ ਕੋਈ ਉਜ਼ਰ ਨਾ ਕੀਤਾ। ਆਖਿਰ ਨੂੰ ਦਰਬਾਰ ਬਰਖ਼ਾਸਤ ਹੋਇਆ। ਸਾਰੇ ਲੋਕ ਆਪਣੇ ਆਪਣੇ ਠਿਕਾਣਿਆਂ 'ਤੇ ਆ ਗਏ।

ਉਸ ਤੋਂ ਮਗਰੋਂ ਸਵੇਰੇ, ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੇ ਫ਼ਰਮਾਇਆ ਕਿ ਅਸੀਂ ਸਾਰੇ ਅਹਿਲਕਾਰਾਂ ਤੇ ਫ਼ੌਜ ਨੂੰ ਛੁੱਟੀ ਦੇ ਦਿੱਤੀ ਹੈ, ਤੁਸੀਂ ਇਤਲਾਹ ਕਰ ਦਿਓ ਅਤੇ ਅਸੀਂ ਧੰਨਵਾਦ ਦੀਆਂ ਇਹ ਤਿੰਨ ਚਿੱਠੀਆਂ ਦਿੰਦੇ ਹਾਂ। ਇੱਕ ਤੁਸੀਂ ਆਪਣੇ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਭੇਜ ਦਿਓ ਅਤੇ ਇੱਕ ਇੱਕ ਜੀਂਦ ਤੇ ਨਾਭੇ ਦੇ ਅਹਿਲਕਾਰਾਂ ਨੂੰ ਦੇ ਦਿਓ।

ਸੋ ਦਾਸ ਨੇ ਦੋ ਚਿੱਠੀਆਂ ਤਾਂ ਜੀਂਦ ਤੇ ਨਾਭੇ ਦੇ ਅਹਿਲਕਾਰਾਂ ਕੋਲ ਭੇਜ ਦਿੱਤੀਆਂ ਅਤੇ ਇੱਕ ਲਿਫ਼ਾਫ਼ਾ ਬੰਦ ਚਿੱਠੀ, ਜਿਹੜੀ ਸ੍ਰੀ ਹਜ਼ੂਰ ਦੇ ਨਾਮ ਸੀ, ਆਪ ਜਾ ਕੇ ਲਾਲਾ ਤਿਪਰ ਚੰਦ ਸਾਹਿਬ ਦੀ ਸੇਵਾ ਵਿੱਚ ਦੇ ਦਿੱਤੀ। ਲਾਲਾ ਸਾਹਿਬ ਨੇ ਮੈਨੂੰ ਕਿਹਾ ਕਿ ਤੁਸੀਂ ਸਾਡੀਆਂ ਸਾਰੀਆਂ ਚਿੱਠੀਆਂ ਕਿਉਂ ਨਹੀਂ ਲਿਆਂਦੀਆਂ। ਮੈਂ ਅਰਜ਼ ਕੀਤਾ ਕਿ ਸਾਹਿਬ ਬਹਾਦੁਰ ਨੇ ਫ਼ਰਮਾਇਆ ਹੈ ਕਿ ਸਾਨੂੰ ਵਿਹਲ ਨਹੀਂ ਹੈ ਤੇ ਸਾਰਿਆਂ ਦੇ ਨਾਮਾਂ ਦੀਆਂ ਚਿੱਠੀਆਂ ਅਸੀਂ ਲੁਧਿਆਣਾ ਜਾ ਕੇ ਦਿਆਂਗੇ। ਇਸ 'ਤੇ ਜਨਾਬ ਲਾਲਾ ਤਿਪਰ ਚੰਦ ਸਾਹਿਬ ਨੇ ਫ਼ਰਮਾਇਆ ਕਿ ਸ਼ਾਇਦ ਇਸ ਚਿੱਠੀ ਵਿੱਚ ਸਾਰਿਆਂ ਦੇ ਨਾਮ ਹੋਣਗੇ, ਇਸ ਨੂੰ ਖੋਲ੍ਹ ਕੇ ਦੇਖ ਲਵੋ। ਸੋ ਉਹ ਚਿੱਠੀ ਲਾਲਾ ਸਾਹਿਬ ਨੇ ਖੋਲ੍ਹ ਕੇ ਗਿਰਧਾਰੀ ਲਾਲ ਇੰਸਪੈਕਟਰ ਨੂੰ ਦਿੱਤੀ ਤੇ ਉਨ੍ਹਾਂ ਨੇ ਪੜ੍ਹੀ। ਉਸ ਵਿੱਚ ਕੇਵਲ ਨਿਆਜ਼ ਅਲੀ ਦਾ ਨਾਮ ਬਿਆਨ ਕੀਤਾ। ਫਿਰ ਉਹ ਚਿੱਠੀ ਲਾਲਾ ਤਿਪਰ ਚੰਦ ਸਾਹਿਬ ਨੇ ਮੇਰੇ ਹੀ ਹਵਾਲੇ ਕਰ ਦਿੱਤੀ ਤੇ ਫ਼ਰਮਾਇਆ ਕਿ ਤੁਸੀਂ ਇਹ ਚਿੱਠੀ ਆਪਣੇ ਬਿਨੈ-ਪੱਤਰ ਰਾਹੀਂ ਭੇਜ ਦਿਉ।

ਸੋ ਦਾਸ ਨੇ ਬਿਨੈ-ਪੱਤਰ ਰਾਹੀਂ ਚਿੱਠੀ ਰਵਾਨਾ ਕਰ ਦਿੱਤੀ। ਲਾਲਾ ਤਿਪਰ ਚੰਦ ਸਾਹਿਬ ਦੀ ਸਲਾਹ ਤੋਂ ਬਿਨਾਂ ਕੋਈ ਕੰਮ ਨਹੀਂ ਹੋਇਆ ਕਿਉਂਕਿ ਉਹ ਸਾਡੇ ਲੋਕਾਂ ਵਿੱਚ ਵੱਡੇ ਅਹਿਲਕਾਰ ਸਨ।

ਇਹ ਹਾਲ ਸੀ ਜਿਹੜਾ ਅਰਜ਼ ਕੀਤਾ ਗਿਆ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨ ਸਮਾਨ ਹੈ।

1 ਫਰਵਰੀ 1872.

ਦਾਸ
ਸੱਯਦ ਅਹਿਮਦ ਹਸਨ,
ਵਕੀਲ ਜ਼ਿਲ੍ਹਾ ਲੁਧਿਆਣਾ।

## ਸੱਯਦ ਅਹਿਮਦ ਹਸਨ ਵਕੀਲ ਲੁਧਿਆਣਾ ਵੱਲੋਂ ਮਹਾਰਾਜਾ ਪਟਿਆਲਾ ਨੂੰ ਲਿਖੀ ਹੋਈ ਚਿੱਠੀ

ਗ਼ਰੀਬ ਪਰਵਰ ! ਸਲਾਮਤ

ਸ੍ਰੀ ਮਾਨ ਜੀ,

ਮਹਿਕਮਾ ਆਲੀਆ ਗੌਰਮਿੰਟ ਦੇ ਹੁਕਮ ਮੁਤਾਬਿਕ ਪਾਰਸਨ ਸਾਹਿਬ ਬਹਾਦੁਰ ਡਿਪਟੀ ਕਮਿਸ਼ਨਰ ਜ਼ਿਲ੍ਹਾ ਸ਼ਿਮਲਾ ਬਦਲ ਕੇ ਮਿਸਟਰ ਕਵਾਨ ਸਾਹਿਬ ਡਿਪਟੀ ਕਮਿਸ਼ਨਰ ਲੁਧਿਆਣਾ ਦੀ ਥਾਂ 11 ਫਰਵਰੀ ਸੰਨ 1872 ਈ: ਨੂੰ 8 ਵਜੇ ਰਾਤ ਦੇ ਰੇਲ 'ਚ ਸਵਾਰ ਹੋ ਕੇ ਲੁਧਿਆਣਾ ਵਿਖੇ ਸ਼ਸ਼ੋਭਤ ਹੋਏ ਅਤੇ ਡਾਕ ਬੰਗਲੇ 'ਚ ਤਸ਼ਰੀਫ਼ ਰੱਖ ਰਹੇ ਹਨ।

ਇਸ ਦਾਸ ਨੇ ਸੁਬਾ ਸਵੇਰੇ ਹੀ ਡਾਕ ਬੰਗਲੇ 'ਤੇ ਜਾ ਕੇ ਆਪਣੀ ਹਾਜ਼ਿਰੀ ਦੀ ਇਤਲਾਹ ਕਰਵਾਈ। ਸਾਹਿਬ ਬਹਾਦੁਰ ਨੇ ਉਸੇ ਸਮੇਂ ਇਹ ਦਾਸ ਨੂੰ ਬੁਲਾ ਲਿਆ। ਇਸ ਦਾਸ ਨੇ ਡਾਲੀ ਤੇ ਨਜ਼ਰ ਨਿਆਜ਼ ਪੇਸ਼ ਕੀਤੀ। ਨਜ਼ਰ ਨਿਆਜ਼ ਆਦਿ ਕਬੂਲ ਕਰਨ ਮਗਰੋਂ ਨੂਰਾਨੀ ਸਰਕਾਰ (ਪਟਿਆਲਾ) ਦਾ ਹਾਲ ਚਾਲ ਪੁੱਛਿਆ। ਦਾਸ ਨੇ ਜਵਾਬ ਦਿੱਤਾ ਕਿ ਐਨ ਠੀਕ ਠਾਕ ਹਨ। ਫਿਰ ਹੁਕਮ ਦਿੱਤਾ ਕਿ ਤੁਹਾਨੂੰ ਸਰਕਾਰ ਪਟਿਆਲਾ ਦੇ ਦਰਬਾਰ ਵਿੱਚ ਕੁਰਸੀ ਮਿਲਦੀ ਹੈ ਜਾਂ ਨਹੀਂ ? ਦਾਸ ਨੇ ਅਰਜ਼ ਕੀਤਾ ਕਿ ਰਾਏਕੋਟ ਦਾ ਮੁਕੱਦਮਾ ਖਤਮ ਹੋਣ ਤੇ ਅੰਗਰੇਜ਼ੀ ਸਰਕਾਰ ਵਲੋਂ ਬਹੁਤ ਸਾਰਾ ਇਨਾਮ ਮਿਲਿਆ, ਨਾਲੇ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਨੇ ਵੀ ਇਨਾਮ, ਖ਼ਿਲਅਤ, ਤਨਖਾਹ 'ਚ ਤੱਰਕੀ ਤੇ ਕੁਰਸੀ ਬਖ਼ਸ਼ੀ। ਫਿਰ ਸਾਹਿਬ ਬਹਾਦੁਰ ਨੇ ਆਪਣੇ ਆਪ ਫ਼ਰਮਾਇਆ ਕਿ ਕਾਵਨ ਸਾਹਿਬ ਬਹਾਦੁਰ ਡਿਪਟੀ ਕਮਿਸ਼ਨਰ ਲੁਧਿਆਣਾ ਤੁਹਾਨੂੰ ਕੁਰਸੀ ਦਿੰਦੇ ਸਨ ਜਾਂ ਨਹੀਂ ? ਇਹ ਦਾਸ ਚੁੱਪ ਹੋ ਕੇ ਹੋਰ ਹੋਰ ਗੁਫ਼ਤਗੂ ਕਰਨ ਲੱਗ ਪਿਆ ਪਰ ਸਾਹਿਬ ਬਹਾਦੁਰ ਨੇ ਥੋੜ੍ਹੀ ਦੇਰ ਮਗਰੋਂ ਮਿਸਟਰ ਕਾਵਨ ਸਾਹਿਬ ਦੇ ਅਰਦਲੀ ਨਰਾਇਣ ਸਿੰਘ ਨੂੰ ਬੁਲਾ ਕੇ ਫਿਰ ਉਸ ਤੋਂ ਇਹ ਗੱਲ ਪੁੱਛੀ। ਉਸ ਵੇਲੇ ਦਾਸ ਨੇ ਬੇਨਤੀ ਕੀਤੀ ਕਿ ਕੁਰਸੀ ਦੀ ਜ਼ਰੂਰਤ ਨਹੀਂ ਹੈ ਇਹ ਦਾਸ ਠੀਕ ਖੜ੍ਹਾ ਹੈ। ਨਰਾਇਣ ਸਿੰਘ ਨੇ ਜਵਾਬ ਦਿੱਤਾ ਕਿ ਕਾਵਨ ਸਾਹਿਬ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਇਸ ਵਕੀਲ ਤੋਂ ਸਿਵਾਏ ਹੋਰ ਕਿਸੇ ਵਕੀਲ ਨੂੰ ਕੁਰਸੀ ਨਹੀਂ ਦਿਆ ਕਰਦੇ ਸਨ।

ਦਾਸ ਨੇ ਫਿਰ ਹੋਰ ਜ਼ਿਕਰ ਜ਼ਕਾਰ ਸ਼ੁਰੂ ਕਰ ਦਿੱਤਾ ਤੇ ਸਾਹਿਬ ਬਹਾਦੁਰ ਸੁਣਦੇ ਰਹੇ। ਥੋੜ੍ਹੀ ਦੇਰ ਮਗਰੋਂ

ਨਰਾਇਣ ਸਿੰਘ ਨੂੰ ਬੁਲਾਇਆ ਤੇ ਹੁਕਮ ਦਿੱਤਾ ਕਿ ਛੇਤੀ ਨਾਲ ਕੁਰਸੀ ਲਿਆਉ। ਜਦੋਂ ਉਹ ਕੁਰਸੀ ਲੈ ਆਇਆ ਤਾਂ ਸਾਹਿਬ ਬਹਾਦੁਰ ਨੇ ਆਪਣੀ ਖ਼ੁਸ਼ੀ ਨਾਲ ਹੁਕਮ ਦਿੱਤਾ ਤੁਸੀਂ ਬੀਮਾਰ ਹੋ ਬੈਠ ਜਾਉ। ਕਿਉਂਕਿ ਸਾਹਿਬ ਬਹਾਦੁਰ ਚੰਗੇ ਸੁਭਾਅ ਵਾਲੇ ਹਨ ਇਸ ਲਈ ਏਨੀ ਮਿਹਰਬਾਨੀ ਕਰਦੇ ਹਨ। ਨਹੀਂ ਤਾਂ ਇਸ ਦਾਸ ਦੀ ਦਰਖ਼ਾਸਤ ਕੁਰਸੀ ਵਾਸਤੇ ਨਹੀਂ ਸੀ। ਫਿਰ ਦਾਸ ਉਜ਼ਰ ਕਰਨਾ ਫ਼ਜ਼ੂਲ ਸਮਝ ਕੇ ਬੈਠ ਗਿਆ। ਆਖਿਰ ਗੁਫ਼ਤਗੂ ਵਿੱਚ ਸਾਹਿਬ ਬਹਾਦੁਰ ਨੇ ਪੁੱਛਿਆ ਕਿ "ਤੁਹਾਡੇ ਕੋਲ ਕੋਈ ਗੱਡੀ ਹੈ ? ਦਾਸ ਨੇ ਕੀਤੀ ਕਿ ਗੱਡੀ ਤਾਂ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਮੌਜੂਦ ਹੈ ਜਿਹੜੀ ਸਾਹਿਬ ਬਹਾਦੁਰ ਨੇ ਕੁਝ ਦਿਨਾਂ ਵਾਸਤੇ ਰੱਖ ਲਈ ਸੀ। ਫਿਰ ਫ਼ਰਮਾਇਆ ਕਿ ਤੁਸੀਂ ਸਾਡੀ ਸਵਾਰੀ ਵਾਸਤੇ ਭੇਜ ਦਿਆ ਕਰੋ ਅਸੀਂ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਬਹੁਤ ਧੰਨਵਾਦੀ ਹੋਵਾਂਗੇ। ਅਸੀਂ ਸਵਾਰੀ ਆਪਣੇ ਨਾਲ ਨਹੀਂ ਲੈ ਕੇ ਆਏ।" ਸੋ ਬੱਘੀ ਦੋਨੋਂ ਵੇਲੇ ਭੇਜੀ ਜਾਂਦੀ ਹੈ ਅਤੇ ਸਾਹਿਬ ਬਹਾਦੁਰ ਇਸ ਦਾਸ ਦੇ ਹਾਲ 'ਤੇ ਬਹੁਤ ਦਇਆ ਦ੍ਰਿਸ਼ਟੀ ਰੱਖਦੇ ਹਨ।

ਕੱਲ 4 ਵਜੇ ਸ਼ਾਮ ਦਾਸ ਨੂੰ ਬੁਲਾਇਆ ਤੇ ਫ਼ਰਮਾਇਆ ਕਿ ਕਮੈਲ ਸਾਹਿਬ ਬਹਾਦੁਰ ਜੱਜ ਚੀਫ਼ ਕੋਰਟ ਪੰਜਾਬ ਅੰਬਾਲੇ ਵਲੋਂ ਇੱਥੇਂ ਰੇਲ ਰਾਹੀਂ ਦੌਰੇ 'ਤੇ ਆ ਰਹੇ ਹਨ, ਤੁਸੀਂ ਆਪਣੀ ਗੱਡੀ ਉਸ ਵੇਲੇ ਸਾਡੇ ਕੋਲ ਭੇਜ ਦੇਣਾ ਅਸੀਂ ਉਨ੍ਹਾਂ ਨੂੰ ਰੇਲ ਤੋਂ ਜਾ ਕੇ ਲਿਆਵਾਂਗੇ। ਦਾਸ ਨੇ ਅਰਜ਼ ਕੀਤਾ ਕਿ ਹੁਕਮ ਅਨੁਸਾਰ ਉਸੇ ਵੇਲੇ ਗੱਡੀ ਹਜ਼ੂਰ ਦੀ ਸੇਵਾ ਵਿੱਚ ਪੁੱਜ ਜਾਵੇਗੀ ਅਤੇ ਇਹ ਵੀ ਬੇਨਤੀ ਕੀਤੀ ਕਿ ਤੁਸੀਂ ਜੇ ਮੁਨਾਸਿਬ ਸਮਝੋਂ ਤਾਂ ਜੱਜ ਸਾਹਿਬ ਚੀਫ਼ ਕੋਰਟ ਦੀ ਸੇਵਾ ਵਿੱਚ ਮੇਰਾ ਵੀ ਸਲਾਹ ਕਰਵਾ ਦਿਉ। ਫ਼ਰਮਾਇਆ ਕਿ ਤੁਸੀਂ 11 ਵਜੇ ਸਵੇਰੇ ਆਉ।

# ਲੁਕਿਆ ਸੱਚ

---

ਸਾਹਿਬ ਬਹਾਦੁਰ ਰਾਤ ਤੇ 8 ਵਜੇ ਉਸੇ ਰੇਲ ’ਤੇ ਬੱਘੀ ’ਤੇ ਸਵਾਰ ਹੋ ਕੇ ਤਸ਼ਰੀਫ਼ ਲੈ ਗਏ ਅਤੇ ਉਸਸਤ ਯੋਗ ਸਾਹਿਬ ਨੂੰ ਡਾਕ ਬੰਗਲੇ ’ਤੇ ਲੈ ਆਏ। ਇਹ ਦਾਸ ਵੀ ਨਾਲ ਸੀ। ਉਸ ਵੇਲੇ ਜੱਜ ਸਾਹਿਬ ਨੂੰ ਕਹਿਣ ਲੱਗੇ ਕਿ ਸਾਨੂੰ ਖੜੇ ਪੈਰ ਗੱਡੀ ਨਹੀਂ ਮਿਲੀ ਸੀ, ਅਸੀਂ ਮਹਾਰਾਜਾ ਸਾਹਿਬ ਬਹਾਦੁਰ ਦੇ ਬਹੁਤ ਧੰਨਵਾਦੀ ਹਾਂ ਕਿ ਵਕੀਲ ਨੇ ਸਾਨੂੰ ਬੱਘੀ ਲਿਆ ਕੇ ਦਿੱਤੀ। ਫਿਰ ਦਾਸ ਨੂੰ ਫ਼ਰਮਾਇਆ ਕਿ ਐ ਵਕੀਲ ! ਹੁਣ ਤੁਹਾਨੂੰ ਛੁੱਟੀ ਹੈ ਤੇ ਬੱਘੀ ਸਵੇਰੇ ਫਿਰ ਭੇਜ ਦੇਣਾ ਤੇ ਤੁਸੀਂ ਵੀ ਆਉਣਾ।

ਸੋ ਦਾਸ ਜੱਜ ਸਾਹਿਬ ਚੀਫ਼ ਕੋਰਟ ਨੂੰ ਸਲਾਮ ਬੁਲਾਉਣ ਵਾਸਤੇ ਹਾਜ਼ਿਰ ਹੋਇਆ ਅਤੇ ਬੱਘੀ ਵੀ ਉਸੇ ਵੇਲੇ ਪਹੁੰਚਾ ਦਿੱਤੀ। ਦਾਸ ਨੇ ਪਹਿਲਾਂ ਪਾਰਸਨ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਆਪਣੇ ਹਾਜ਼ਿਰ ਹੋਣ ਦੀ ਇਤਲਾਹ ਕਰਵਾਈ। ਸਾਹਿਬ ਬਹਾਦੁਰ ਨੇ ਦਾਸ ਨੂੰ ਬੁਲਾ ਲਿਆ ਤੇ ਕੁਝ ਸਮਾਂ ਗੁਫ਼ਤਗੂ ਕਰਕੇ ਫ਼ਰਮਾਇਆ ਕਿ ਚਲੋ ਤੁਹਾਡਾ ਸਲਾਮ ਜੱਜ ਸਾਹਿਬ ਚੀਫ਼ ਕੋਰਟ ਦੀ ਸੇਵਾ ਵਿੱਚ ਕਰਵਾ ਦਈਏ ਅਤੇ ਦਾਸ ਦਾ ਹੱਥ ਫੜ ਕੇ ਸਾਹਿਬ ਬਹਾਦੁਰ ਦੇ ਕਮਰੇ ਵੱਲ ਲੈ ਤੁਰੇ। ਇਸੇ ਦੌਰਾਨ ਉਸਸਤ ਯੋਗ ਸਾਹਿਬ ਬਹਾਦੁਰ ਕਚਿਹਰੀ ਜਾਣ ਵਾਸਤੇ ਦਰਵਾਜ਼ੇ ਤੋਂ ਬਾਹਰ ਤਸ਼ਰੀਫ਼ ਲੈ ਆਏ। ਪਹਿਲਾਂ ਜਨਾਬ ਡਿਪਟੀ ਕਮਿਸ਼ਨਰ ਸਾਹਿਬ ਬਹਾਦੁਰ ਨੇ ਅੰਗਰੇਜ਼ੀ ’ਚ ਗੁਫ਼ਤਗੂ ਕੀਤੀ ਫਿਰ ਦਾਸ ਨੂੰ ਫ਼ਰਮਾਇਆ ਕਿ ਨਜ਼ਰ ਨਿਆਜ਼ ਪੇਸ਼ ਕਰੋ। ਸੋ ਇਸ ਦਾਸ ਨੇ ਦਸਤੂਰ ਦੇ ਮੁਤਾਬਿਕ ਡਾਲੀ ਪੇਸ਼ ਕਰਕੇ ਮਹਾਰਾਜਾ ਸਾਹਿਬ ਵਲੋਂ ਸਾਹਿਬ ਬਹਾਦੁਰ ਦਾ ਹਾਲਚਾਲ ਪੁੱਛਿਆ। ਨਜ਼ਰ ਨਿਆਜ਼ ਕਬੂਲ ਕਰਨ ਮਗਰੋਂ ਫ਼ਰਮਾਇਆ ਕਿ ਸ੍ਰੀ ਮਹਾਰਾਜਾ ਸਾਹਿਬ ਦਾ ਸੁਭਾਆ ਬਹੁਤ ਚੰਗਾ ਹੈ, ਅੰਗਰੇਜ਼ੀ ਸਰਕਾਰ ਉਨ੍ਹਾਂ ਦੀ ਹੱਦੋਂ ਵੱਧ ਧੰਨਵਾਦੀ ਤੇ ਅਹਿਸਾਨਮੰਦ ਹੈ। ਮੁਕਦੀ ਗੱਲ ਬਹੁਤ ਦੇਰ ਤੱਕ ਅੰਮ੍ਰਿਤਸਰ, ਰਾਏਕੋਟ, ਕੋਟਲਾ ਤੇ ਮਲੌਦ ਦੇ ਮੁੱਕਦਮੇਂ ਅਤੇ ਸ੍ਰੀ ਮਹਾਰਾਜਾ ਸਾਹਿਬ ਦੇ ਵਧੀਆ ਪ੍ਰਬੰਧ ਦਾ ਜ਼ਿਕਰ ਕਰਦੇ ਰਹੇ। ਉਸ ਵੇਲੇ ਜ਼ਿਲ੍ਹਾ ਲੁਧਿਆਣਾ ਦੇ ਉੱਚੀ ਸ਼ਾਨ ਵਾਲੇ ਸਾਰੇ ਅੰਗਰੇਜ਼ ਸਾਹਿਬਾਨ ਉੱਥੇ ਮੌਜੂਦ ਸਨ, ਉਹ ਵੀ ਤਹਿਦਿਲ ਤੋਂ ਸ਼ੁਕਰੀਆ ਅਦਾ ਕਰਦੇ ਰਹੇ। ਪਰਾਸਨ ਸਾਹਿਬ ਬਹਾਦੁਰ ਡਿਪਟੀ ਕਮਿਸ਼ਨਰ ਨੇ ਇਸ ਦਾਸ ਦਾ ਵੇਰਵੇ ਸਹਿਤ ਹਾਲ ਦਰਿਆਫ਼ਤ ਕਰ ਲਿਆ ਸੀ ਉਸ ਵੇਲੇ ਇਹ ਫ਼ਰਮਾਇਆ ਕਿ ਇਹ ਵਕੀਲ ਉਹ ਹੈ ਜਿਸ ਨੇ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਤੋਂ ਬਹੁਤ ਸਾਰਾ ਇਨਾਮ, ਖ਼ਿਲਆਤ, ਕੜਿਆਂ ਦੀ ਜੋੜੀ ਤੇ ਬਿਸਵੇਦਾਰੀ ਪ੍ਰਾਪਤ ਕੀਤੀ ਹੈ ਅਤੇ ਸਰਕਾਰ (ਅੰਗਰੇਜ਼ੀ) ਤੋਂ ਇੱਕ ਹਜ਼ਾਰ ਰੁਪਏ ਤੇ ਕਿਰਚ ਇਨਾਮ ਵਜੋਂ ਪ੍ਰਾਪਤ ਕੀਤੇ ਹਨ।

ਉਸ ਵੇਲੇ ਉਸਤਤ ਯੋਗ ਜੱਜ ਸਾਹਿਬ ਨੇ ਫ਼ਰਮਾਇਆ ਕਿ ਸਾਡੇ ਕੋਲ ਇਨ੍ਹਾਂ ਦੀ ਤਸਵੀਰ (ਫੋਟੋ) ਹੈ ਜਿਹੜੀ ਸਾਡੇ ਕੋਲ ਕਾਵਨ ਸਾਹਿਬ ਨੇ ਭੇਜੀ ਸੀ। ਹੁਣ ਇਸ ਦੀ ਸ਼ਕਲ ਤੇ ਦਾੜ੍ਹੀ ਵਿੱਚ ਫ਼ਰਕ ਹੈ ਤੇ ਕਮਜ਼ੋਰ ਵੀ ਹੋ ਗਿਆ ਹੈ। ਉਸ ਵੇਲੇ ਇਸ ਦਾਸ ਨੇ ਅਰਜ਼ ਕੀਤਾ ਕਿ ਇਸ ਦਾਸ ਦੀ ਸਿਹਤ ਪਹਿਲਾਂ ਤਸਵੀਰ ਵਾਲੀ ਹੀ ਸੀ ਪਰ ਜਦੋਂ ਬੀਕਾਨੇਰ ਵੱਲ ਗਿਆ ਉੱਥੋਂ ਦਾ ਜਲਵਾਯੂ ਮੁਆਫ਼ਿਕ ਨਹੀਂ ਆਇਆ, ਜਿਸ ਸਦਕਾ ਬੀਮਾਰ ਹਾਂ ਤੇ ਦਾੜ੍ਹੀ ਦੇ ਵਾਲ ਵੀ ਕੁਝ ਕੁਝ ਸਫ਼ੈਦ ਹੋ ਗਏ ਹਨ।

ਫਿਰ ਫ਼ਰਮਾਇਆ ਕਿ ਸਰਕਾਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਤੇ ਪਟਿਆਲੇ ਦੇ ਮੌਜੂਦਾ ਅਹਿਲਕਾਰਾਂ ਨੇ ਬਹੁਤ ਮਦਦ ਕੀਤੀ ਕਿ ਇਹ ਫ਼ਸਾਦ ਤੇ ਗ਼ਦਰ ਖਤਮ ਕਰ ਦਿੱਤਾ। ਉਸ ਦਾ ਨਾਮ ਕੀ ਹੈ ਜਿਸ ਨੇ ਉਨ੍ਹਾਂ ਮੂਰਖਾਂ ਨੂੰ ਗ੍ਰਿਫ਼ਤਾਰ ਕੀਤਾ ਸੀ ? ਉਸ ਨੇ ਬਹੁਤ ਦਲੇਰੀ ਵਿਖਾਈ। ਦਾਸ ਨੇ ਅਰਜ਼ ਕੀਤਾ ਕਿ ਉਸ ਦਾ ਨਾਮ ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ ਹੈ। ਫਿਰ ਫ਼ਰਮਾਇਆ ਕਿ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਨੇ ਉਸ ਨੂੰ ਕੀ ਇਨਾਮ ਬਖ਼ਸ਼ਿਆ ਹੈ ? ਦਾਸ ਨੇ ਬੇਨਤੀ ਕੀਤੀ ਕਿ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਮੁਲਕ ਦੇ ਦੌਰੇ ’ਤੇ ਗਏ ਹੋਏ ਹਨ ਅਤੇ ਅਮਰਗੜ੍ਹ ਵਿਖੇ ਤਸ਼ਰੀਫ਼ ਫ਼ਰਮਾ ਹਨ। ਦੌਰੇ ਤੋਂ ਵਾਪਸ ਆਉਣ ਮਗਰੋਂ ਇਨਾਮ ਤਜਵੀਜ਼ ਕਰਨਗੇ ਅਤੇ ਇਸ ਬਾਰੇ ਤੁਹਾਨੂੰ ਲਿਖ ਦੇਣਗੇ।

ਫਿਰ ਫ਼ਰਮਾਇਆ ਕਿ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਨੂੰ ਸਾਡਾ ਸਲਾਮ ਅਰਜ਼ ਕਰਨਾ। ਅਸੀਂ ਅੱਜ ਰਾਤ ਨੂੰ ਲਾਹੌਰ ਨੂੰ ਰਵਾਨਾ ਹੋਵਾਂਗੇ। ਇਹ ਦਾਸ ਵੀ ਸਲਾਮ ਕਰਕੇ ਉਥੋਂ ਆ ਗਿਆ।

ਉਸਤਤ ਯੋਗ ਸਾਹਿਬ ਅੱਜ ਰਾਤ ਦੀ ਰੇਲ ਰਾਹੀਂ ਲਾਹੌਰ ਨੂੰ ਤਸ਼ਰੀਫ਼ ਲੈ ਗਏ।

–ਬਸ–

---

ਦੋਬਾਰਾ ਅਰਜ਼ ਇਹ ਹੈ ਕਿ ਸਿਵਾਏ ਆਪ ਦੇ ਕਮਿਸ਼ਨਰੀ ਵਕੀਲ ਦੇ ਜ਼ਿਲਿਆਂ ਦੇ ਵਕੀਲਾਂ ਨੂੰ ਕਿਸੇ ਜਗ੍ਹਾਂ ਕੁਰਸੀ ਨਹੀਂ ਦਿੱਤੀ ਜਾਂਦੀ। ਦਾਸ ਨੂੰ ਸਰਕਾਰ ਨੇ ਇਹ ਇੱਜ਼ਤ ਰਾਏਕੋਟ ਦੇ ਕੇਸ ਵਿੱਚ ਫ਼ੁਰਤੀ ਵਿਖਾਉਣ ਬਦਲੇ ਬਖ਼ਸ਼ੀ ਹੈ ਅਤੇ ਉੱਚੀ ਸ਼ਾਨ ਵਾਲੇ ਅੰਗਰੇਜ਼ ਸਾਹਿਬਾਨ ਨੇ ਵੀ ਦਾਸ ਦੀ ਬਹੁਤ ਜ਼ਿਆਦਾ ਇੱਜ਼ਤ ਕੀਤੀ ਹੈ। ਕੁਰਸੀ ’ਤੇ ਬੈਠਣਾ ਇਹ ਸਰਕਾਰ ਦੀ ਬਖ਼ਸ਼ਿਸ਼ ਤੇ ਇਨਾਮ ਹੈ। ਜਿਸ ਨੂੰ ਸਰਕਾਰ (ਪਟਿਆਲਾ) ਕੁਰਸੀ ’ਤੇ ਬੈਠਾਉਂਦੀ ਹੈ ਤਾਂ ਉੱਚੀ ਸ਼ਾਨ ਵਾਲੇ ਅੰਗਰੇਜ਼ ਸਾਹਿਬਾਨ ਰਜ਼ਾਮੰਦ ਹੋ ਕੇ ਕੁਰਸੀ ਦਿੰਦੇ ਹਨ। ਸਰਕਾਰ ਵਲੋਂ ਇਸ ਦਾਸ ਦੇ ਇਨਾਮ ਆਦਿ ਦੀ ਬਾਬਤ ਖ਼ਤ ਮਹਿਕਮਾਂ ’ਚ ਭੇਜੇ ਜਾਂਦੇ ਸਨ।

ਅੰਗਰੇਜ਼ੀ ਮਹਿਕਮਿਆਂ ’ਚ ਹਾਜ਼ਿਰ ਰਹਿਣ ਵਾਲੇ ਵਕੀਲਾਂ ਬਾਰੇ ਜਵਾਬ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਖੁਸ਼ੀ ਅਨੁਸਾਰ ਭੇਜ ਦਿੱਤਾ ਹੋਵੇਗਾ। ਕੁਰਸੀ ਦਾ ਮਿਲਣਾ ਸਰਕਾਰ ਦੀ ਇੱਜ਼ਤ ਹੈ ਨਾ ਕਿ ਇਸ ਨਾ ਚੀਜ਼ ਦਾਸ ਦੀ। ਜੇ ਅੰਗਰੇਜ਼ੀ ਮਹਿਕਮਿਆਂ ਵੱਲੋਂ ਜਵਾਬ ਆ ਚੁੱਕਿਆ ਹੋਵੇ ਤਾਂ ਇਸ ਦਾਸ ਨੂੰ ਇਤਲਾਹ ਬਖ਼ਸ਼ੋ ਕਿਉਂਕਿ ਅਕਸਰ ਕਮਿਸ਼ਨਰ ਸਾਹਿਬ ਬਹਾਦੁਰ ਤੇ ਲੈਫ਼ਟੀਨੈਂਟ ਗਵਰਨਰ ਪੰਜਾਬ ਤਸ਼ਰੀਫ਼ ਲਿਆਉਣ ਵਾਲੇ ਹਨ। ਜੇ ਇਹ ਦਾਸ ਡਿਪਟੀ ਕਮਿਸ਼ਨਰ ਸਾਹਿਬ ਬਹਾਦੁਰ ਨਾਲ ਉਸਤਤ ਯੋਗ ਸਾਹਿਬਾਨ ਦੀ ਸੇਵਾ ਵਿੱਚ ਹਾਜ਼ਿਰ ਹੋਇਆ ਤੇ ਉੱਥੇ ਕੁਰਸੀ ਮਿਲੇ ਜਾਂ ਕੁਝ ਤਕਰਾਰ ਹੋਵੇ ਤਾਂ ਫਿਰ ਕੀ ਜਵਾਬ ਦਿੱਤਾ ਜਾਵੇ। ਇਸ ਦਾਸ ਨੂੰ ਇਹ ਬਾਰੇ ਛੇਤੀ ਇਤਲਾਹ ਦਿੱਤੀ ਜਾਵੇ। ਉੱਥੇ ਹਾਜ਼ਿਰ ਹੋਣਾ ਜਾਂ ਨਾ ਹੋਣਾ। ਇਸ ਦਾਸ ਦੇ ਇਖ਼ਤਿਆਰ ’ਚ ਨਹੀਂ ਤਾਂ ਹਾਜ਼ਿਰੀ ਦੀ ਲੋੜ ਹੀ ਨਹੀਂ ਹੈ। ਅੱਜ ਵੀ ਜੇ ਸਾਹਿਬ ਜੱਜ ਚੀਫ਼ ਕੋਰਟ ਕਮਰੇ ’ਚ ਤਸ਼ਰੀਫ਼ ਰੱਖਦੇ ਹੁੰਦੇ ਤਾਂ ਅਜਿਹਾ ਮੌਕਾ ਜ਼ਰੂਰ ਬਣਨਾ ਸੀ ਤੇ ਫਿਰ ਕੀ ਇਲਾਜ ਹੁੰਦਾ। ਇਸ ਦਾਸ ਨੂੰ ਇਹ ਜ਼ਰੂਰ ਕਹਿਣਾ ਪੈਂਦਾ ਕਿ ਇਸ ਦਾਸ ਨੂੰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਨੇ ਰਾਏਕੋਟ ਦੇ ਕੇਸ ਵਿੱਚ ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਬਖ਼ਸ਼ੀ ਹੈ।

ਵਾਜਿਬ ਸਮਝ ਕੇ ਹਾਲ ਅਰਜ਼ ਕੀਤਾ।

13 ਫਰਵਰੀ ਸੰਨ 1872 ਈ:

ਦਾਸ
ਸੱਯਦ ਅਹਿਮਦ ਹਸਨ,
ਵਕੀਲ ਲੁਧਿਆਣਾ।

# ਲੁਕਿਆ ਸੱਚ

---

**ਡਿਉਢੀ ਮੁਬਾਰਕ ਦੇ ਹੁਕਮਾਂ ਸੰਬੰਧੀ ਰੋਜ਼ਨਾਮਚੇ ਦੀ ਨਕਲ ਮਿਤੀ 20 ਫੱਗਣ ਮੁਤਾਬਿਕ 1 ਮਾਰਚ 1872.**

ਇਜਲਾਸ ਖ਼ਾਸ 'ਚ ਨੂਰਾਨੀ ਸਰਕਾਰ ਦਾ ਹੁਕਮ ਕਿ ਹੇਠ ਲਿਖੇ ਆਦਮੀਆਂ ਨੂੰ ਕੂਕਿਆਂ ਦੇ ਮਾਮਲੇ 'ਚ ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਖ਼ਿਲਅਤ, ਨਕਦ ਇਨਾਮ, ਦੋ ਸ਼ਾਲਾ ਤੇ ਖੇਸ ਦਿੱਤੇ ਜਾਣ ਤੇ ਰੁਤਬਿਆਂ 'ਚ ਤਰੱਕੀ ਕੀਤੀ ਜਾਵੇ ਅਤੇ ਇਨਾਮ ਹਜ਼ੂਰ ਦੇ ਸਾਹਮਣੇ ਦਿੱਤੇ ਜਾਣ।

| | | |
|---|---|---|
| 1. | ਮੀਰ ਨਿਆਜ਼ ਅਲੀ | 1000/- ਰੁਪਏ ਖ਼ਿਲਅਤ ਅਤੇ ਦੋ ਗਹਿਣੇ, ਇੱਕ ਤਲਵਾਰ ਤੇ 7 ਕੱਪੜੇ। |
| 2. | ਪੰਜਾਬ ਸਿੰਘ ਦਾ ਭਰਾ ਪਰਤਾਪ ਸਿੰਘ | ਦੋਸ਼ਾਲਾ ਤੇ 50/- ਰੁਪਏ। |
| 3. | ਫ਼ੈਜ਼ਬਖ਼ਸ਼ ਮੁਹੱਰਿਰ ਥਾਣਾ ਸ਼ੇਰਪੁਰ | ਦੋਸ਼ਾਲਾ ਤੇ 50/- ਰੁਪਏ। |
| 4. | ਪੰਜਾਬ ਸਿੰਘ ਰਾਏਪੁਰੀਆਂ | ਇਸ ਨੂੰ ਬਰਕਤ ਅਲੀ ਦੀ ਥਾਂ ਰਿਸਾਲਦਾਰੀ ਦੇ ਅਹੁਦੇ 'ਤੇ ਮੁਕੱਰਰ ਕੀਤਾ ਜਾਵੇ। ਅਤੇ ਬਰਕਤ ਅਲੀ ਨੂੰ ਅਨੂਪ ਸਿੰਘ ਕਰਨੈਲ ਤੋਪਖ਼ਾਨਾ ਦੀ ਕਰਨੈਲੀ ਦੇ ਅਹੁਦੇ 'ਤੇ ਬਹਾਲ ਕੀਤਾ ਜਾਵੇ।<br>ਪੰਜਾਬ ਸਿੰਘ ਨੂੰ ਦੋਸ਼ਾਲਾ ਤੇ ਕੰਗਣ ਦਿੱਤੇ ਜਾਣ ਭਾਵ ਦੋਸ਼ਾਲਾ ਇੱਕ ਸੌ ਰੁਪਏ ਦਾ ਤੇ ਕੰਗਣ 250/- ਰੁਪਏ ਦੇ। |

5. ਮਸਤਾਨ ਅਲੀ ਮੁਹੱਰਿਰ ਨਿਆਬਤ ਅਮਰਗੜ੍ਹ ਨੂੰ ਘੜਾਮ ਦੀ ਥਾਣੇਦਾਰੀ ਦੇ ਅਹੁਦੇ 'ਤੇ ਲਾਇਆ ਜਾਵੇ। ਥਾਣੇਦਾਰ ਘੜਾਮ ਨੂੰ ਥਾਣੇਦਾਰ ਪਿੰਜੌਰ ਦੀ ਥਾਂ, ਥਾਣੇਦਾਰ ਪਿੰਜੌਰ ਨੂੰ ਥਾਣੇਦਾਰ ਸ਼ੇਰਪੁਰ ਦੀ ਥਾਂ ਤਬਦੀਲ ਕੀਤਾ ਜਾਵੇ। ਮਸਤਾਨ ਅਲੀ ਨੂੰ ਦੋਸ਼ਾਲਾ ਤੇ 60/- ਰੁਪਏ ਬਖ਼ਸ਼ੇ ਜਾਣ।
6. ਰਤਨ ਸਿੰਘ ਸਵਾਰ ਨੂੰ ਜਮਾਂਦਾਰ ਵਜੋਂ ਤਰੱਕੀ ਦਿੱਤੀ ਜਾਵੇ। ਦੋਸ਼ਾਲਾ ਤੇ 50/- ਰੁਪਏ ਦਿੱਤੇ ਜਾਣ।
7. ਉੱਤਮ ਸਿੰਘ ਸਵਾਰ ਜਮਾਂਦਾਰੀ ਦੇ ਅਹੁਦੇ 'ਤੇ ਤਰੱਕੀ ਪਾਵੇ। ਦੋਸ਼ਾਲਾ ਤੇ 50/- ਰੁਪਏ ਦਿੱਤੇ ਜਾਣ।
8. ਮੀਰ ਨਿਆਜ਼ ਅਲੀ ਦੇ ਨਿੱਜੀ ਮੁਲਾਜ਼ਿਮ ਕਾਸਿਮ ਅਲੀ ਨੂੰ ਊਂਠ-ਸਵਾਰਾਂ 'ਚ ਮੁਲਾਜ਼ਿਮ ਕੀਤਾ ਜਾਵੇ ਜੇ ਜਗ੍ਹਾਂ ਨਾ ਹੋਵੇ ਤਾਂ ਰਜਮੈਂਟ ਦੇ ਸਵਾਰਾਂ 'ਚ ਮੁਲਾਜ਼ਿਮ ਕੀਤਾ ਜਾਵੇ।
9. ਉੱਤਮ ਸਿੰਘ ਥਾਣੇਦਾਰ ਸ਼ੇਰਪੁਰ ਨੂੰ ਦੋਸ਼ਾਲਾ ਤੇ 60/- ਰੁਪਏ ਦਿੱਤੇ ਜਾਣ ਅਤੇ ਰਜਮੈਂਟ ਦੂਜੀ ਦਾ ਮੈਨੇਜਰ ਨਿਯੁਕਤ ਕੀਤਾ ਜਾਵੇ।
10. ਰਹੀਮ ਦਾਦ ਖ਼ਾਨ ਸਿਪਾਹੀ ਪਲਟਣ ਤੇ ਸੰਤੋਖ ਸਿੰਘ ਸਿਪਾਹੀ ਨੂੰ ਇੱਕ ਇੱਕ ਖੇਸ ਦੇ ਗਿਆਰਾਂ ਗਿਆਰਾਂ ਰੁਪਏ ਬਖ਼ਸ਼ੇ ਜਾਣ ਅਤੇ ਇਨ੍ਹਾਂ ਨੂੰ ਸਰਜੈਂਟ ਲਾਇਆ ਜਾਵੇ।
11. ਜਵਾਹਰ ਸਿੰਘ, ਬਹਾਰ ਖ਼ਾਨ, ਗੋਕਲ ਤੇ ਦੇਬੀ ਚੰਦ ਸਿਪਾਹੀਆਂ ਕਿਲ੍ਹਾਂ ਸ਼ੇਰਪੁਰ ਨੂੰ ਇੱਕ ਇੱਕ ਖੇਸ ਤੇ ਗਿਆਰਾਂ ਗਿਆਰਾਂ ਰੁਪਏ ਦਿੱਤੇ ਜਾਣ।
12. ਜੈਮਲ ਸਿੰਘ, ਜਿਸ ਨੇ ਪਹਿਲਾਂ ਇਤਲਾਹ ਦਿੱਤੀ ਸੀ, ਨੂੰ ਦੋਸ਼ਾਲਾ ਤੇ 25/- ਰੁਪਏ ਦਿੱਤੇ ਜਾਣ।
13. ਮੁਲਕ ਰਾਮ ਨਾਇਬ ਨਾਜ਼ਿਰ ਮਸਤਾਨ ਅਲੀ ਦੀ ਥਾਂ ਤਰੱਕੀ ਪਾਵੇ।
14. ਭੂਪ ਸਿੰਘ ਨੰਬਰਦਾਰ ਪਿੰਡ ਰੜ੍ਹ ਨੂੰ ਦੋਸ਼ਾਲਾ ਤੇ 10/- ਰੁਪਏ ਦਿੱਤੇ ਜਾਣ।

---

15. ਖੁਸ਼ਹਾਲ ਸਿੰਘ ਤੇ ਪ੍ਰੇਮ ਸਿੰਘ ਨੰਬਰਦਾਰਾਨ ਨੂੰ ਇੱਕ ਇੱਕ ਖੇਸ ਤੇ 10/- ਰੁਪਏ ਦਿੱਤੇ ਜਾਣ।

16. ਗੁਲਾਬ ਸਿੰਘ ਜਮਾਂਦਾਰ ਕਿਲ੍ਹਾਂ ਸ਼ੇਰਪੁਰ ਦੀ ਤਨਖ਼ਾਹ ਦੁੱਗਣੀ ਕੀਤੀ ਜਾਵੇ ਅਤੇ ਸਰਵੰਦ ਦੋਸ਼ਾਲਾ ਦਿੱਤਾ ਜਾਵੇ।

17. ਵਜ਼ੀਰ ਸਿੰਘ ਸਵਾਰ ਨੂੰ ਦੋਸ਼ਾਲਾ ਤੇ 40/- ਰੁਪਏ ਦਿੱਤੇ ਜਾਣ। ਜਦੋਂ ਕੋਈ ਜਗ੍ਹਾਂ ਖ਼ਾਲੀ ਹੋਵੇ ਤਾਂਦਫ਼ੇਦਾਰ ਬਣਾਇਆ ਜਾਵੇ।

18. ਮਾਹੀਆਂ ਗ਼ੈਰ-ਮੁਲਾਜ਼ਿਮ ਨੂੰ ਊਂਠ ਸਵਾਰਾਂ ਜਾਂ ਰਜਮੈਂਟ ਤੇ ਸਵਾਰਾਂ 'ਚ ਮੁਲਾਜ਼ਿਮ ਰੱਖਿਆ ਜਾਵੇ।

19. ਫ਼ਤਹ ਸਿੰਘ ਸਿਪਾਹੀ ਪਲਟਣ ਨੂੰ ਖੇਸ ਤੇ ਗਿਆਰਾਂ ਰੁਪਏ ਦਿੱਤੇ ਜਾਣ।

20. ਰੂੜਾ ਬਦਕੋਰੀ ਨੂੰ 10/- ਰੁਪਏ ਨਕਦ ਦਿੱਤੇ ਜਾਣ।

21. ਰੁਸਤਮ ਖ਼ਾਨ ਸਿਪਾਹੀ ਥਾਣਾ ਤੇ ਸ਼ਿਵ ਦਿਆਲ ਨੂੰ ਇੱਕ ਇੱਕ ਖੇਸ ਦਿੱਤਾ ਜਾਵੇ।

22. ਅਤਰ ਸਿੰਘ, ਜਵਾਹਰ ਸਿੰਘ, ਚੜ੍ਹਤ ਸਿੰਘ, ਭੋਲਾ ਸਿੰਘ, ਮਸਤਾਨ ਸਿੰਘ ਤੇ ਦੱਲ ਸਿੰਘ ਨੰਬਰਦਾਰਾਨ ਸ਼ੇਰਪੁਰ ਨੂੰ ਇੱਕ ਇੱਕ ਦੁਸ਼ਾਲਾ ਤੇ ਦਸ ਦਸ ਰੁਪਏ ਦਿੱਤੇ ਜਾਣ।

23. ਅਤਰ ਸਿੰਘ, ਸ਼ਾਮ ਸਿੰਘ ਤੇ ਉੱਤਮ ਸਿੰਘ ਨੰਬਰਦਾਰਾਨ ਨੂੰ ਇੱਕ ਇੱਕ ਖੇਸ ਤੇ ਦਸ ਦਸ ਰੁਪਏ ਦਿੱਤੇ ਜਾਣ।

---

## ਖਲੀਫਾ ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ ਦੀ ਤਜਵੀਜ਼ ਨਾਲ ਮਹਿਕਮਾ ਆਲੀਆ ਮੁਨਸ਼ੀ ਖਾਨਾ ਦੀ ਰੋਬਕਾਰ

ਮਿਤੀ 16 ਮਾਰਚ 1872 ਮੁਤਾਬਿਕ 5 ਚੇਤ 1928

ਜੋ ਕਿ 1900/- ਰੁਪਏ ਕੂਕਿਆਂ ਦੀ ਗ੍ਰਿਫਤਾਰੀ ਬਾਬਤ ਇਨਾਮ ਮੀਰ ਨਿਆਜ਼ ਅਲੀ ਸਾਹਿਬ ਤੇ ਸਰਕਾਰ ਦੇ ਦੂਜੇ ਮੁਲਾਇਜ਼ਾ ਨੂੰ ਮਿਲੇ ਸਨ,ਉਹ ਦਫਤਰ 'ਚ ਪਏ ਹਨ।

ਸੋ ਹੁਕਮ ਹੋਇਆ ਕਿ

ਇੱਕ ਹਜ਼ਾਰ ਰੁਪਿਆ ਇਨਾਮ ਮੀਰ ਨਿਆਜ਼ ਅਲੀ ਦਾ , ਅਜੇ ਦਫਤਰ ' ਚ ਅਮਾਨਤ ਵਜੋਂ ਪਿਆ ਰਹੇ। ਬਾਕੀ ਅੱਠ ਰੁਪਏ ਤੋਪਖਾਨੇ ਦੇ ਮੁਲਾਜ਼ਿਮਾਂ ਦਾ ਇਨਾਮ ਪੱਤਰ ਵਿਚ ਦਰਜ ਵੰਡ ਮੁਤਾਬਿਕ ਵੰਡ ਦਿੱਤਾ ਜਾਵੇ।

**ਵਿਸ਼ਾ :- ਕੂਕਿਆਂ ਦੀ ਗ੍ਰਿਫ਼ਤਾਰੀ 'ਚ ਸ਼ੁਭਚਿੰਤਕਤਾ ਵਿਖਾਉਣ ਸੰਬੰਧੀ ਮਿਲੇ ਦੋ ਸੌ ਰੁਪਏ ਦੇ ਇਨਾਮ ਨੂੰ ਤਿੰਨੇ ਹਿੱਸੇਦਾਰਾਂ 'ਚ ਵੰਡੇ ਜਾਣ ਦਾ ਦਾਅਵਾ।**

ਗ਼ਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਇਹ ਗੱਲ ਸੂਰਜ ਨਾਲੋਂ ਵੀ ਵਧੇਰੇ ਪ੍ਰਗਟ ਹੈ ਕਿ ਕੂਕਿਆਂ ਦੇ ਫ਼ਸਾਦ ਸਮੇਂ ਉੱਚੀ ਸ਼ਾਨ ਵਾਲੀ ਸਰਕਾਰ ਦੀ ਖ਼ੈਰ ਖ਼ਾਹੀ (ਸ਼ੁਭਚਿੰਤਕਤਾ) ਨੂੰ ਮੱਦੇ ਨਜ਼ਰ ਰੱਖਦੇ ਹੋਏ ਤਿੰਨਾਂ ਪੱਤੀਆਂ ਦੇ ਨੰਬਰਦਾਰਾਂ ਇਨ੍ਹਾਂ ਤਿੰਨਾਂ ਦਾਸਾਂ ਨੇ ਪਿੰਡ ਰੜ੍ਹ ਵਿਖੇ ਕੂਕਿਆਂ ਦਾ ਬਹੁਤ ਚੰਗੀ ਤਰ੍ਹਾਂ ਇੰਤਜ਼ਾਮ ਕਰਕੇ ਆਪਣੇ ਵੱਲੋਂ ਜੈਮਲ ਸਿੰਘ ਪੁੱਤਰ ਬੁੱਧ ਸਿੰਘ ਨੂੰ ਇਤਲਾਹ ਦੇਣ ਵਾਸਤੇ ਤੇ ਖ਼ੈਰ ਖ਼ਾਹੀ ਜਤਾਉਣ ਲਈ ਭੇਜਿਆ ਸੀ। ਇਸ ਨੇਕਨਾਮੀ ਤੇ ਖ਼ੈਰ ਖ਼ਾਹੀ ਦੇ ਇਨਾਮ ਵਜੋਂ ਅੰਗਰੇਜ਼ੀ ਸਰਕਾਰ ਵੱਲੋਂ 200 ਰੁਪਏ ਬਖਸ਼ੇ ਗਏ ਸਨ ਜਿਹੜੇ ਨੂਰਾਨੀ ਸਰਕਾਰ (ਪਟਿਆਲਾ) ਦੇ ਮੁਨਸ਼ੀ ਖ਼ਾਨੇ 'ਚ ਬਤੌਰ ਅਮਾਨਤ ਪਏ ਹਨ ਤੇ ਅੱਜ ਤੱਕ ਕਿਸੇ ਨੂੰ ਵੰਡੇ ਨਹੀ ਗਏ। ਇਸ ਇਨਾਮ ਦੇ ਹੱਕਦਾਰ ਅਸੀਂ ਦਾਸ ਹਾਂ ਤੇ ਇਤਲਾਹ ਦੇਣ ਵਾਲਾ ਹੱਕਦਾਰ ਨਹੀਂ ਹੈ। ਕਿਉਂਕਿ ਇਤਲਾਹ ਦੇਣ ਵਾਲਾ ਜੈਮਲ ਸਿੰਘ ਪੁੱਤਰ ਬੁੱਧ ਸਿੰਘ, ਜਵਾਹਰ ਸਿੰਘ ਪੁੱਤਰ ਬੀਰ ਸਿੰਘ ਨੰਬਰਦਾਰ ਦੀ ਪੱਤੀ ਵਿੱਚ ਸ਼ਾਮਿਲ ਹੈ ਇਸ ਵਾਸਤੇ ਉਸ ਆਪਣੀ ਖੇਵਟ ਦੇ ਮੁਤਾਬਿਕ ਉਸ ਪਾਸਿਓਂ ਲਵੇ।

ਸੋ ਬੇਨਤੀ ਹੈ ਕਿ ਉਪ੍ਰੋਕਤ 200 ਰੁਪਏ ਸਾਨੂੰ ਤਿੰਨਾਂ ਨੂੰ ਹੱਥੋ ਹੱਥੀ ਬਖ਼ਸ਼ੇ ਜਾਣ ਜਿਸ ਵਿੱਚ ਐਨ ਇਨਸਾਫ਼ ਤੇ ਕਦਰਦਾਨੀ ਹੈ। ਇਤਲਾਹ ਵਜੋਂ ਅਰਜ਼ ਹੈ।

ਦਾਸਾਨ

1. ਭੂਪ ਸਿੰਘ ਪੁੱਤਰ ਜੱਸਾ ਸਿੰਘ ਨੰਬਰਦਾਰ,
2. ਜਵਾਹਰ ਸਿੰਘ ਪੁੱਤਰ ਬੀਰ ਸਿੰਘ ਨੰਬਰਦਾਰ,
3. ਨੇਤਾ ਸਿੰਘ ਨੰਬਰਦਾਰ,

ਪਿੰਡ ਰੜ੍ਹ ਤਾਅਲੁੱਕਾ ਸ਼ੇਰਪੁਰ

14 ਚੇਤ , 928 ਮੁਤਾਬਿਕ 24 ਮਾਰਚ 1872

**ਹੁਕਮ ਹੋਇਆ ਕਿ**

ਸਾਇਲਾਂ ਨੂੰ ਸਮਝਾਇਆ ਗਿਆ ਕਿ ਅੰਗਰੇਜ਼ੀ ਸਰਕਾਰ ਤੋਂ ਜਿਸ ਤਰ੍ਹਾਂ ਇਹ ਇਨਾਮ ਮਿਲਿਆ ਹੈ, ਉਸੇ ਤਰ੍ਹਾਂ ਦਿੱਤਾ ਜਾਵੇਗਾ ਭਾਵ ਕੇਵਲ ਜੈਮਲ ਸਿੰਘ ਨੂੰ ਮਿਲੇਗਾ, ਹੋਰ ਕਿਸੇ ਨੂੰ ਨਹੀਂ ਦਿੱਤਾ ਜਾਵੇਗਾ।

25 ਮਾਰਚ 1872.

ਦਸਤਖ਼ਤ

ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ ਸਰਕਾਰ,

# ਲੁਕਿਆ ਸੱਚ

---

ਸ੍ਰੀ ਮਾਨ ਜੀ,

ਮੁਨਸ਼ੀ ਖ਼ਾਨੇ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਇਸ ਰਿਪੋਰਟ ਵਿੱਚ ਹੇਠ ਲਿਖੇ ਵੇਰਵੇ ਅਨੁਸਾਰ ਰਕਮ ਵੰਡੀ ਗਈ ਅਤੇ ਰਸੀਦਾਂ ਲਈਆਂ ਗਈਆਂ। ਗੁਲਾਬ ਸਿੰਘ ਦੇ 50/- ਰੁਪਏ ਸਰਦਾਰ ਪੰਜਾਬ ਸਿੰਘ ਦੇ ਭਰੋਸੇ ਮੁਤਾਬਿਕ ਗੁਲਾਬ ਸਿੰਘ ਦੀ ਪਤਨੀ ਦੀ ਛੋਟੀ ਭੈਣ ਦੇ ਹਵਾਲੇ ਕੀਤੇ ਗਏ ਹਨ। ਮੀਰ ਨਿਆਜ਼ ਅਲੀ ਸਾਹਿਬ ਦੇ ਇੱਕ ਹਜ਼ਾਰ ਰੁਪਏ ਹੁਕਮ ਅਨੁਸਾਰ ਦਫ਼ਤਰ ਵਿੱਚ ਅਮਾਨਤ ਦੇ ਤੌਰ ’ਤੇ ਰੱਖੇ ਹਨ।

ਸੋ ਸੂਚਨਾ ਹਿਤ ਤੇ ਅਮਲ ਕਰਕੇ ਬੇਨਤੀ ਕੀਤੀ ਗਈ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣਾ ਹੈ। 3 ਵੈਸਾਖ 1929

| ਨਾਂ | ਇਨਾਮ |
|---|---|
| ਰਤਨ ਸਿੰਘ ਜਮਾਂਦਾਰ | 50/- |
| ਜੈਮਲ ਸਿੰਘ ਰੜ੍ਹ ਵਾਲਾ | 200/- |
| ਉੱਤਮ ਸਿੰਘ | 50/- |
| ਗੁਲਾਬ ਸਿੰਘ ਦੇ ਉਸ ਦੀ ਪਤਨੀ ਦੀ ਛੋਟੀ ਭੈਣ ਦੇ ਹਵਾਲੇ ਕੀਤੇ। | 50/- |
| ਪ੍ਰਤਾਪ ਸਿੰਘ ਰਾਏਪੁਰੀਆ | 50/- |
| ਮਸਤਾਨ ਅਲੀ ਦੇ ਰੁਪਏ ਮੀਰ ਨਿਆਜ਼ ਅਲੀ ਸਾਹਿਬ ਦੇ ਹੁਕਮ ਨਾਲ ਨਰਾਇਣ ਦਾਸ ਦੇ ਹਵਾਲੇ ਕੀਤੇ ਗਏ। | 100/- |
| ਤੋਪਚੀਆਂ ਦੇ ਇਨਾਮ ਦੇ ਰੁਪਏ ਸਾਧੂ ਸਿੰਘ ਤੇ ਪਰਤਾਪ ਸਿੰਘ ਤੋਪਚੀਆਂ ਦੇ ਜਮਾਂਦਾਰਾਂ ਨੂੰ ਸੌਂਪੇ ਗਏ। | 100/- |
| ਰੁਪਏ ਜਿਹੜੇ ਸਰਦਾਰ ਪੰਜਾਬ ਸਿੰਘ ਦੇ ਹਵਾਲੇ ਕੀਤੇ ਗਏ। | 300/- |

## ਮਹਾਰਾਜਾ ਪਟਿਆਲਾ ਦੇ ਅਫਸਰਾਂ, ਕਰਮਚਾਰੀਆਂ ਨੂੰ ਮਾਨਪੱਤਰ ਦੀਆਂ ਚਿੱਠੀਆਂ ਅਥਵਾ ਸਰਟੀਫਿਕੇਟ, ਅੰਗਰੇਜ਼ ਸਰਕਾਰ ਵੱਲੋਂ ਦਿੱਤੇ ਗਏ

ਸ੍ਰੀ ਮਾਨ ਜੀ,

ਗ਼ਰੀਬ ਪਰਵਰ ਸਲਾਮਤ ਰਹੇਂ !

ਡਿਪਟੀ ਕਮਿਸ਼ਨਰ ਸਾਹਿਬ ਨੇ ਹੁਕਮ ਦਿੱਤਾ ਹੈ ਕਿ ਇਸ ਸਮੇਂ ਸਾਨੂੰ ਵਿਹਲ ਨਹੀਂ ਹੈ। ਜਿਹੜੀਆਂ ਚਿੱਠੀਆਂ ਤੇ ਸਰਟੀਫ਼ਿਕੇਟ ਦਰਬਾਰ ਵਿੱਚ ਹਾਜ਼ਿਰ ਹੋਣ ਵਾਲੇ ਉਨ੍ਹਾਂ ਵਿਅਕਤੀਆਂ ਦੇ ਨਾਮ, ਜਿਹੜੇ ਰਾਤ ਹਾਜ਼ਿਰ ਹੋਏ ਸਨ, ਦਿੱਤੇ ਜਾਣੇ ਸਨ, ਉਨ੍ਹਾਂ ਨੂੰ ਅਸੀਂ ਲੁਧਿਆਣਾ ਪੁੱਜ ਕੇ ਹਰੇਕ ਦੇ ਨਾਮ ਅੱਡ ਅੱਡ ਚਿੱਠੀ ਤੇ ਵੇਰਵੇ ਸਹਿਤ ਸਰਟੀਫ਼ਿਕੇਟ ਦੇਵਾਂਗੇ। ਇਹ ਖ਼ਤ ਜਨਾਬ ਮਹਾਰਾਜਾ ਸਾਹਿਬ ਦੀ ਸੇਵਾ ਵਿੱਚ ਪਹੁੰਚਾ ਦਿਉ।

ਸੋ ਸਾਹਿਬ ਬਹਾਦੁਰ ਦੇ ਹੁਕਮ ਦੀ ਨਕਲ ਇਸ ਬਿਨੈ-ਪੱਤਰ ਰਾਹੀਂ ਹਜ਼ੂਰ ਦੀ ਸੇਵਾ ਵਿੱਚ ਘੱਲ ਰਿਹਾ ਹਾਂ। ਚਿੱਠੀਆਂ ਮਿਲਣ ਸਮੇਂ ਫਿਰ ਲਿਖ ਕੇ ਭੇਜੂੰਗਾ। ਜ਼ਿਆਦਾ ਲਿਖਣਾ ਅਦਬ ਅਦਾਬ ਦੀ ਹੱਦ ਪਾਰ ਕਰਨ ਦੇ ਨਿਆਈਂ ਹੋਵੇਗਾ।

ਲਿਖਤ :- 19 ਜਨਵਰੀ 1872 ਮੁਕਾਮ ਕੋਟਲਾ

ਦਾਸ

ਸੱਯਦ ਅਹਿਮਦ ਹਸਨ ਵਕੀਲ ਲੁਧਿਆਣਾ।

-----------------------------------------------------------

ਗਰੀਬ ਪਰਵਰ! ਸਲਾਮਤ!

ਸ੍ਰੀ ਮਾਨ ਜੀ,

ਮਾਲੇਰ ਕੋਟਲੇ ਦੇ ਮਾਮਲੇ 'ਚ ਜਿਹੜੀਆਂ ਚਿੱਠੀਆਂ ਉੱਚੀ ਸ਼ਾਨ ਵਾਲੇ ਅੰਗਰੇਜ਼ ਸਾਹਿਬਾਨ ਵੱਲੋਂ ਮਾਲੇਰ ਕੋਟਲਾ 'ਚ ਮੌਜੂਦ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਮੁਲਾਜ਼ਿਮਾਂ ਵਾਸਤੇ ਬਖ਼ਸ਼ੀਆਂ ਗਈਆਂ ਸਨ, ਉਹ ਅੱਜ ਤੱਕ ਇਸ ਕਰਕੇ ਕਿ ਦਾਸ ਦਾ ਸਾਮਾਨ ਬਸੀ 'ਚ ਆ ਗਿਆ ਸੀ, ਨਹੀਂ ਆਈਆਂ ਅਤੇ ਹੁਣ ਉਸੇ ਸਾਮਾਨ ਦੇ ਨਾਲ ਆਈਆਂ ਹਨ।

ਸੋ ਹੁਣ ਉਹ ਚਿੱਠੀਆਂ ਸਮੇਤ ਲਿਸਟ ਇਸ ਬਿਨੈ-ਪੱਤਰ ਰਾਹੀਂ ਹਜ਼ੂਰ ਕੋਲ ਭੇਜੀਆਂ ਜਾਂਦੀਆਂ ਹਨ। ਮੈਂ ਉਮੀਦ ਕਰਦਾ ਹਾਂ ਕਿ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਮੁਲਾਹਿਜ਼ਾ ਕਰਨ ਮਗਰੋਂ ਜਿਨ੍ਹਾਂ ਜਿਨ੍ਹਾਂ ਦੇ ਨਾਮ ਦੀ ਚਿੱਠੀ ਹੋਵੇ ਉਸ ਨੂੰ ਬਖ਼ਸ਼ ਦਿੱਤੀ ਜਾਵੇ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨ ਹੈ।

29 ਮਈ 1872.

ਦਾਸ
ਪੁਰਾਣਾ ਨਮਕ ਪਰਵਰਦਾ,
ਨਾਇਬ ਨਾਜ਼ਿਮ ਅਮਰਗੜ੍ਹ।

ਦੋਬਾਰਾ ਅਰਜ਼ ਇਹ ਹੈ ਕਿ ਇਨ੍ਹਾਂ ਚਿੱਠੀਆਂ ਦੇ ਪ੍ਰਾਪਤ ਕਰਨ ਬਾਰੇ ਪਹਿਲਾਂ ਜਨਾਬ ਮੀਰ ਮੁਨਸ਼ੀ ਸਾਹਿਬ ਦੀ ਸੇਵਾ ਵਿੱਚ ਅਰਜ਼ ਕਰ ਚੁੱਕਿਆਂ ਹਾਂ ਕਿ ਕਿੰਨੀ ਅਤਿਅੰਤ ਕੋਸ਼ਿਸ਼ ਨਾਲ ਇਹ ਚਿੱਠੀਆਂ ਹਾਸਿਲ ਕੀਤੀਆਂ ਸਨ।

---

# ਚਿੱਠੀਆਂ ਦੀ ਲਿਸਟ

1. ਕਵਾਨ ਸਾਹਿਬ ਬਹਾਦੁਰ ਦੀ ਕੋਟਲਾ ਤੇ ਮਲੌਂਦ ਦੇ ਫ਼ਸਾਦ ਦੇ ਕੇਸ ਸੰਬੰਧੀ, ਅਹਿਮਦ ਹਸਨ ਦੇ ਨਾਮ ਚਿੱਠੀ।
2. ਚਿੱਠੀ ਬਨਾਮ ਨਿਆਜ਼ ਅਲੀ ਨਾਇਬ ਨਾਜ਼ਿਮ।
3. ਚਿੱਠੀ ਬਨਾਮ ਉੱਤਮ ਸਿੰਘ ਥਾਣੇਦਾਰ ਸ਼ੇਰਪੁਰ।
4. ਚਿੱਠੀ ਬਨਾਮ ਮਦਨ ਸਿੰਘ ਚੋਬਦਾਰ।
5. ਚਿੱਠੀ ਬਨਾਮ ਗਿਰਧਾਰੀ ਲਾਲ।
6. ਚਿੱਠੀ ਬਨਾਮ ਬਰਕਤ ਅਲੀ ਤਹਿਸੀਲਦਾਰ।
7. ਚਿੱਠੀ ਕਵਾਨ ਸਾਹਿਬ ਬਹਾਦੁਰ ਬਨਾਮ ਸੱਯਦ ਅਲੀ ਮੁਹੰਮਦ ਦਫ਼ੇਦਾਰ।
8. ਚਿੱਠੀ ਕਵਾਨ ਸਾਹਿਬ ਬਹਾਦੁਰ ਬਨਾਕ ਬਦਰਉੱਦੀਨ ਸਵਾਰ।
9. ਚਿੱਠੀ ਬਨਾਮ ਗੁਲਾਬ ਸਿੰਘ।
10. ਚਿੱਠੀ ਬਨਾਮ ਪਰਤਾਪ ਸਿੰਘ ਦਰਬਾਰੀ।
11. ਚਿੱਠੀ ਬਨਾਮ ਤਿਪਰ ਚੰਦ ਨਾਜ਼ਿਮ।
12. ਚਿੱਠੀ ਬਨਾਮ ਰਤਨ ਸਿੰਘ।
13. ਚਿੱਠੀ ਬਨਾਮ ਸੰਤੋਖ ਸਿੰਘ, ਅਬਦੁੱਰਹੀਮ ਖ਼ਾਨ ਤੇ ਚੇਤ ਸਿੰਘ।
14. ਚਿੱਠੀ ਬਨਾਮ ਅਲਾਉੱਦੀਨ ਥਾਣੇਦਾਰ।
15. ਚਿੱਠੀ ਬਨਾਮ ਮੁਹੰਮਦ ਹੁਸੈਨ ਦਰਬਾਰੀ।
16. ਚਿੱਠੀ ਬਨਾਮ ਪੰਜਾਬ ਸਿੰਘ ਦਰਬਾਰੀ।
17. ਚਿੱਠੀ ਬਨਾਮ ਮੁਹੰਮਦ ਅਲੀ ਖ਼ਾਂ ਮੈਨੇਜਰ।
18. ਚਿੱਠੀ ਬਨਾਮ ਮੁਹੰਮਦ ਤਹਿ ਤੇ ਹਮੀਦਉੱਦੀਨ ਖ਼ਾਂ।
19. ਚਿੱਠੀ ਬਨਾਮ ਜੈਮਲ ਸਿੰਘ।
20. ਚਿੱਠੀ ਬਨਾਮ ਮਸਤਾਨ ਅਲੀ ਮੁਹੱਰਿਰ।
21. ਚਿੱਠੀ ਬਨਾਮ ਗ਼ੁਲਾਮ ਮੁਹੰਮਦ ਖ਼ਾਂ।
22. ਚਿੱਠੀ ਬਨਾਮ ਊਧਮ ਸਿੰਘ ਸਵਾਰ।
23. ਚਿੱਠੀ ਬਨਾਮ ਬਿਸ਼ੰਭਰ ਦਾਸ ਨਾਇਬ ਨਾਜ਼ਿਮ।
24. ਚਿੱਠੀ ਬਨਾਮ ਲਾਲ ਸਿੰਘ ਕੁਮੇਦਾਨ।
25. ਚਿੱਠੀ ਬਨਾਮ ਕਰਨੈਲ ਮਾਨ ਸਿੰਘ।

**ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਮੁਲਾਹਿਜ਼ਾ ਕਰਨ ਮਗਰੋਂ**

**ਹੁਕਮ ਹੋਇਆ ਕਿ**

ਜਿਨ੍ਹਾਂ ਦੇ ਨਾਮਾਂ ਦੀਆਂ ਚਿੱਠੀਆਂ ਹਨ, ਹਰੇਕ ਨੂੰ ਦਿੱਤੀ ਜਾਵੇ। ਇੱਕ ਸੂਚੀ ਇਸ ਬਿਨੈ-ਪੱਤਰ ਦੇ ਨਾਲ ਸ਼ਾਮਿਲ ਕੀਤੀ ਜਾਵੇ।

ਦਸਤਖ਼ਤ

1 ਜੂਨ 1872.

ਸੱਯਦ ਮੁਹੰਮਦ ਹੁਸੈਨ,
ਮੀਰ ਮੁਨਸ਼ੀ ਸਰਕਾਰ।

---

Tiper Chand Nazim of Amar Garh accompanied the troop of His Highness Maharaja to Kotla last month on the occasion of the Kukas outbreak and and was most useful in making arrangements. He is an intelligent, mannerist and gentleman.

-Sd-
Loodiana L. Cowan
12 Feb 1872. Dy. Commissioner.

ਤਿਪਰ ਚੰਦ ਨਾਜ਼ਿਮ ਅਮਰ ਗੜ੍ਹ ਪਿਛਲੇ ਮਹੀਨੇ (ਜਨਵਰੀ) ਸਰਕਾਰ ਪਟਿਆਲਾ ਦੀ ਫ਼ੌਜ ਨਾਲ ਕੋਟਲਾ ਗਏ ਸਨ ਜਿਸ ਸਮੇਂ ਕੂਕਿਆਂ ਨੇ ਗ਼ਦਰ ਮਚਾਇਆ ਸੀ। ਉਥੇ ਇਹ ਇੰਤਜ਼ਾਮ ਕਰਨ ਵਿੱਚ ਬਹੁਤ ਜ਼ਿਆਦਾ ਫ਼ਾਇਦੇਮੰਦ ਰਿਹਾ। ਇਹ ਸੂਝਵਾਨ, ਨੇਕ ਚਾਲ ਚਲਣ ਵਾਲਾ ਤੇ ਸ਼ਰੀਫ਼ ਆਦਮੀ ਹੈ।

ਦਸਤਖ਼ਤ
ਲੁਧਿਆਣਾ ਐਲ. ਕਵਾਨ,
12 ਫਰਵਰੀ 1872. ਡਿਪਟੀ ਕਮਿਸ਼ਨਰ।

Ghulam Mohammad Khan Rissaldar came to Kotla with his men last month on the occassion of the Kuka outbreak and was very useful. The conduct of himself and men was excellent.

-Sd-
Loodiana L. Cowan
12 Feb 1872. Dy. Commissioner.

ਫੁੱਟ ਨੋਟ –ਅਜਿਹੀਆਂ ਮਾਨ ਪੱਤਰ ਦੀਆਂ ਚਿੱਠੀਆਂ ਲਿਸਟ ਅਨੁਸਾਰ ਸਾਰਿਆਂ ਨੂੰ ਭੇਜੀਆਂ ਗਈਆਂ।

# 22. ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ ਨੂੰ ਸਨਮਾਨ ਵਜੋਂ ਖਿੱਲਅਤ ਦਿੱਤੀ ਗਈ

### ਉੱਚੀ ਪਦਵੀ ਵਾਲੇ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ ! ਖ਼ੁਸ਼ ਰਹੋ !

ਤੁਹਾਡਾ ਕੱਲ ਦਾ ਲਿਖਿਆ ਹੋਇਆ ਬਿਨੈ-ਪੱਤਰ ਅੱਜ ਇਸ ਵੇਲੇ ਹਜ਼ੂਰ ਦੀ ਨਿਗ੍ਹਾ 'ਚੋਂ ਲੰਘਿਆ। ਇਸ ਬਿਨੈ-ਪੱਤਰ ਤੋਂ ਉਨ੍ਹਾਂ ਕੂਕਿਆਂ ਦੀ ਗ੍ਰਿਫ਼ਤਾਰੀ ਦਾ ਹਾਲ ਮਾਲੂਮ ਹੋਇਆ ਜਿਹੜੇ ਮਲੌਦ ਦੀ ਵਾਰਦਾਤ ਤੇ ਕੋਟਲਾ ਮਾਲੇਰ ਇਲਾਕਾ ਸ਼ੇਰਪੁਰ ਵਿੱਚ ਚੰਗਾ ਫ਼ਸਾਦ ਕਰਨ ਆਏ ਸਨ। ਤੁਹਾਡਾ ਉਨ੍ਹਾਂ ਬਦਮਾਸ਼ਾਂ ਨੂੰ ਇੱਕਲਿਆਂ ਹੀ ਇਸ ਢੰਗ ਤੇ ਜੁਰਅਤ ਨਾਲ ਗ੍ਰਿਫ਼ਤਾਰ ਕਰਨਾ ਹਜ਼ੂਰ ਮਹਾਰਾਜਾ ਨੂੰ ਅਤਿਅੰਤ ਪਸੰਦ ਆਇਆ। ਤੁਸੀਂ ਯਕੀਨ ਕਰੋ ਕਿ ਇਸ ਪ੍ਰਤੱਖ ਸੇਵਾ ਦਾ ਇਵਜ਼ਾਨਾ ਤਹਾਨੂੰ ਸਰਕਾਰ ਵੱਲੋਂ ਉਹੋ ਜਿਹਾ ਹੀ ਮਿਲੇਗਾ, ਜਿਹੋ ਜਿਹੀ ਤੁਸੀਂ ਵਧੀਆ ਸੇਵਾ ਨਿਭਾਈ ਹੈ। ਉੱਚੀ ਸ਼ਾਨ ਵਾਲੀ ਸਰਕਾਰ ਉਨ੍ਹਾਂ ਲੋਕਾਂ ਨਾਲ ਵੀ ਅਤਿਅੰਤ ਪ੍ਰਸੰਨ ਹੋਏ ਜਿਨ੍ਹਾਂ ਨੇ ਤੁਹਾਡੀ ਇਸ ਜੁਅਰਤ ਤੇ ਕੋਸ਼ਿਸ਼ ਵਿੱਚ ਮਦਦ ਕੀਤੀ। ਇਸ ਵੇਲੇ ਖ਼ਾਸ ਮੁਹਰ ਖ਼ਲੀਫ਼ਾ ਸੱਯਦ ਹੁਸੈਨ ਮੀਰ ਮੁਨਸ਼ੀ ਸਰਕਾਰ, ਜਿਹੜੇ ਸਰਕਾਰੀ ਕੰਮ ਵਾਸਤੇ ਦਿੱਲੀ ਗਏ ਹੋਏ ਹਨ, ਦੇ ਕੋਲ ਹੋਣ ਕਰਕੇ ਸਿਰਫ਼ ਮੁਹਰ ਤੋਂ ਬਿਨਾਂ ਪਰਵਾਨਾ ਭੇਜਿਆ ਜਾਂਦਾ ਹੈ। ਇਸ ਸਮੇਂ ਮਦਨ ਸਿੰਘ ਚੋਬਦਾਰ ਨੂੰ ਤੁਹਾਡੇ ਕੋਲ ਇਸ ਵਾਸਤੇ ਭੇਜਿਆ ਜਾਂਦਾ ਹੈ ਕਿ ਜਿਹੜੀ ਫ਼ੌਜ ਅੱਜ ਕੋਟਲੇ ਮਦਦ ਲਈ ਰਵਾਨਾ ਹੋਈ ਹੈ, ਉਸ ਵਿੱਚੋਂ ਕੁਝ ਫ਼ੌਜ ਅੱਜ ਤੁਹਾਡੀ ਮਦਦ ਵਾਸਤੇ ਮਦਨ ਸਿੰਘ ਚੋਬਦਾਰ ਲੈ ਕੇ ਪੁੱਜ ਜਾਵੇ।

ਸੋ ਤੁਹਾਨੂੰ ਮੁਨਾਸਿਬ ਹੈ ਕਿ ਤੁਸੀਂ ਬਹੁਤ ਹੁਸ਼ਿਆਰੀ ਤੇ ਕੋਸ਼ਿਸ਼ ਨਾਲ ਇਸੇ ਤਰ੍ਹਾਂ ਹੋਰ ਬਦਮਾਸ਼ਾ ਨੂੰ ਵੀ ਗ੍ਰਿਫ਼ਤਾਰ ਕਰੋ ਅਤੇ ਇਸ ਪਰਵਾਨੇ ਨੂੰ ਸਰਕਾਰ ਦੀ ਖ਼ੁਸ਼ੀ ਦੀ ਨਿਸ਼ਾਨੀ ਤੇ ਮਦਦ ਵਜੋਂ ਆਪਣੇ ਪਾਸ ਰੱਖੋ।

16 ਜਨਵਰੀ 1872 .
ਸਮਾਂ ਰਾਤ।

## ਬਦਮਾਸ਼ ਕੂਕਿਆਂ ਵਲੋਂ ਕੋਟਲਾ ਅਫ਼ਗਾਨਾ ਤੇ ਕਸਬਾ ਮਲੌਂਦ ਜ਼ਿਲ੍ਹਾ ਲੁਧਿਆਣਾ ਵਿਖੇ ਵਾਰਦਾਤ ਹੋਣ ਸੰਬੰਧੀ

ਨਿਆਮਤਾਂ ਦੇ ਮਾਲਿਕ , ਦੁਨੀਆਂ ਦੇ ਮਾਲਿਕ ਅਤੇ ਜਹਾਨ ਤੇ ਜਹਾਨ ਦੇ ਲੋਕਾਂ ਨੂੰ ਪਨਾਹ ਦੇਣ ਵਾਲੇ
ਸ੍ਰੀ ਮਹਾਰਾਜਾ ਸਾਹਿਬ ਜੀਓ,

ਤੁਹਾਡਾ ਤੇਜ ਪਰਤਾਪ ਹਮੇਸ਼ਾ ਕਾਇਮ ਰਵ੍ਹੇ !

ਉਪ੍ਰੋਕਤ ਵਾਰਦਾਤ ਸੰਬੰਧੀ ਤੁਹਾਡਾ ਹੁਕਮਨਾਮਾ ਮਿਤੀ 6 ਮਾਘ ਸੰਮਤ 1928 (17 ਜਨਵਰੀ 1872) ਨੂੰ ਪ੍ਰਾਪਤ ਹੋਇਆ ਜਿਸ ਦੇ ਨਾਲ ਲਾਲਾ ਤਿਪਰ ਚੰਦ ਸਾਹਿਬ ਨਾਜ਼ਿਮ ਅਮਰਗੜ੍ਹ ਦੇ ਨਾਮ ਮੀਰ ਨਿਆਜ਼ ਅਲੀ ਸਾਹਿਬ ਨਾਇਬ ਨਾਜ਼ਿਮ ਵਲੋਂ ਲਿਖੇ ਖ਼ਤ ਦੀ ਨਕਲ ਨੱਥੀ ਸੀ ਜਿਸ ਵਿੱਚ ਇਸ ਵਾਰਦਾਤ ਤੇ ਇਸ ਵਾਰਦਾਤ ਨਾਲ ਸੰਬੰਧਤ 68 ਕੂਕਿਆਂ ਦੀ ਪਿੰਡ ਰੜ ਪਰਗਣਾ ਸ਼ੇਰਪੁਰ ਤੋਂ ਹੋਈ ਗ੍ਰਿਫ਼ਤਾਰੀ ਦਾ ਵੇਰਵੇ ਸਹਿਤ ਹਾਲ ਦਰਜ ਹੈ। ਮੈਨੂੰ ਤੁਹਾਡਾ ਹੁਕਮ ਸੀ ਕਿ ਇਸ ਖ਼ਤ ਦੀ ਨਕਲ ਜ਼ਿਲ੍ਹਿਆ ਦੇ ਸਾਰੇ ਵਕੀਲਾਂ ਅਤੇ ਗੌਰਮਿੰਟ ਤੇ ਕਮਿਸ਼ਨਰੀ ਕੋਲ ਇਤਲਾਹ ਵਜੋਂ ਭੇਜ ਦਿੱਤੀ ਜਾਵੇ।

ਮੈਂ ਬੇਨਤੀ ਕਰਦਾ ਹਾਂ ਕਿ ਤੁਹਾਡੇ ਹੁਕਮ ਦੇ ਮੁਤਾਬਿਕ ਸਤਿਕਾਰ ਯੋਗ ਨਾਇਬ ਨਾਜ਼ਿਮ (ਨਿਆਜ਼ ਅਲੀ ਸਾਹਿਬ) ਦੇ ਖ਼ਤ ਦੇ ਵਿਸ਼ੇ ਤੋਂ ਜਾਣੂੰ ਹੋ ਕੇ ਮੁਨਾਸਿਬ ਸਮੇਂ ’ਤੇ ਇਹ ਖ਼ਤ ਉੱਚੀ ਪਦਵੀ ਵਾਲੇ ਸਾਹਿਬ ਕਮਿਸ਼ਨਰ ਬਹਾਦੁਰ ਤੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਜ਼ਿਲ੍ਹਾ ਹਿਸਾਰ ਦੇ ਪੇਸ਼ ਕੀਤਾ ਗਿਆ। ਉਸਤਤ ਯੋਗ ਸਾਹਿਬ ਕਮਿਸ਼ਨਰ ਬਹਾਦੁਰ ਨੇ ਮਹਿਕਮੇ ਦੇ ਸਰਿਸ਼ਤੇਦਾਰ ਨੂੰ ਬੁਲਾ ਕੇ ਉਪ੍ਰੋਕਤ ਖ਼ਤ ਦਾ ਹਰਫ਼ ਹਰਫ਼ ਸੁਣਿਆ ਅਤੇ ਹੁਕਮ ਦਿੱਤਾ ਕਿ “ ਅਸੀਂ ਤਾਂ ਪਹਿਲਾਂ ਹੀ ਤੁਹਾਡੇ ਦੱਸਣ ਅਨੁਸਾਰ ਕਹਿ ਦਿੱਤਾ ਸੀ ਕਿ ਵਾਰਦਾਤ ਦੇ ਮੁਜ਼ਰਿਮ, ਸਰਕਾਰ ਸ੍ਰੀ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ ਦੀ ਇਮਦਾਦ ਨਾਲ ਗ੍ਰਿਫ਼ਤਾਰ ਹੋ ਕੇ ਸਜ਼ਾ ਪਾਉਣਗੇ।” ਕਮਿਸ਼ਨਰ ਸਾਹਿਬ ਨੇ ਕਈ ਵਾਰ ਆਪਣੀ ਮੁਬਾਰਕ ਜ਼ੁਬਾਨ ਨਾਲ ਮੀਰ ਨਿਆਜ਼ ਅਲੀ ਸਾਹਿਬ ਦੀ ਪ੍ਰਸੰਸ਼ਾ ਕੀਤੀ ਕਿ “ ਇਸ ਸ਼ਖਸ ਨੇ, ਆਪਣੇ ਨਾਲ ਲਾਉ ਲਸ਼ਕਰ ਦੇ ਘੱਟ ਹੋਣ ਦੇ ਬਾਵਜੂਦ, ਅਤਿਅੰਤ ਦਲੇਰੀ ਤੇ ਫੁਰਤੀ ਨਾਲ 68 ਬਦਮਾਸ਼ਾਂ ਨੂੰ ਗ੍ਰਿਫ਼ਤਾਰ ਕੀਤਾ ।” ਅਤੇ ਇੰਜ ਹੀ ਜਨਾਬ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੇ ਖ਼ਤ ਸੁਣ ਕੇ ਮੀਰ ਨਿਆਜ਼ ਅਲੀ ਸਾਹਿਬ ਦੀ ਉਸਤਤ ਕੀਤੀ ਅਤੇ ਉਹ ਅੰਗਰੇਜ਼ੀ ਸਰਕਾਰ ਨੂੰ ਕੰਮ ਪੈਣ ’ਤੇ ਹਰ ਵੇਲੇ ਇਮਦਾਦ ਦੇਣ ਸੰਬੰਧੀ ਸ੍ਰੀ ਹਜ਼ੂਰ ਮਹਾਰਾਜਾ ਸਾਹਿਬ ਬਹਾਦੁਰ ਦੀ ਤਾਰੀਫ਼ ਕਰਦੇ ਰਹੇ।

ਸੂਚਨਾ ਤੇ ਖ਼ਤ ਦੇ ਜਵਾਬ ਵਜੋਂ ਬੇਨਤੀ ਕੀਤੀ।

–ਬਸ–

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨ ਤੁੱਲ ਹੈ।
ਐ ਖ਼ੁਦਾ ! ਜ਼ੁਲਮ ਦਾ ਨਾਸ ਹੋਵੇ!

ਦਾਸ
ਪੁਰਾਣਾ ਨਮਕ ਖ਼ਾਹ,
ਸੱਯਦ ਹੁਸੈਨ ਅਲੀ,
ਉੱਚੀ ਸ਼ਾਨ ਵਾਲੀ ਸਰਕਾਰ ਦਾ ਵਕੀਲ,
ਹਿਸਾਰ ਦੇ ਮਹਿਕਮੇ ’ਚ ਹਾਜ਼ਿਰ ਰਹਿਣ ਵਾਲਾ,

ਲਿਖਤ :– 22 ਜਨਵਰੀ 1872 ਈ: ਮੁਤਾਬਿਕ 11 ਮਾਘ ਸੰਮਤ 1928 ਈ:

---

**ਮਿਸਟਰ ਟੀ. ਡੀ. ਫ਼ੌਰਸਾਇਥ ਸਾਇਥ ਸਾਹਿਬ ਬਹਾਦੁਰ ਕਮਿਸ਼ਨਰ ਅੰਬਾਲਾ ਦੀ ਚਿੱਠੀ**

**ਮਿਤੀ 12 ਫਰਵਰੀ 1872 ਦਾ ਤਰਜ਼ਮਾ**

ਮੇਰੇ ਪਿਆਰੇ ਦੋਸਤ,

ਮੈਂ ਹੁਣੇ 6 ਵਜੇ ਸ਼ਾਮ ਦੇ ਸੁਣਿਆ ਹੈ ਕਿ ਹਜ਼ੂਰ (ਮਹਾਰਾਜਾ ਪਟਿਆਲਾ) ਅੱਜ ਅੰਬਾਲਾ ਹੋ ਕੇ ਤਸ਼ਰੀਫ਼ ਲੈ ਗਏ ਹਨ। ਮੈਨੂੰ ਅਤਿਅੰਤ ਅਫ਼ਸੋਸ ਹੈ ਕਿ ਮੈਨੂੰ ਪਹਿਲਾਂ ਖ਼ਬਰ ਨਾ ਹੋਈ ਨਹੀਂ ਤਾਂ ਮੈਂ ਆਪ ਨਾਲ ਮੁਲਾਕਾਤ ਕਰਕੇ ਖੁਸ਼ੀ ਪ੍ਰਾਪਤ ਕਰਦਾ। ਆਪ ਦੇ ਮਨਸ਼ੇ ਅਨੁਸਾਰ ਮੈਂ ਹਜ਼ੂਰ ਦੇ ਨਾਜ਼ਿਮ ਸਾਹਿਬ ਨਿਆਜ਼ ਅਲੀ ਨੂੰ ਕੋਟਲਾ ਵਿਖੇ ਨਿਭਾਈਆਂ ਵਧੀਆ ਸੇਵਾਵਾਂ ਦੇ ਬਦਲੇ ਨਕਦ ਰੁਪਏ ਦੀ ਥਾਂ ਖ਼ਿਲਅਤ (ਸ਼ਾਹੀ ਪੁਸ਼ਾਕ) ਤਿਆਰ ਕਰਵਾ ਕੇ ਦਿਆਂਗਾ। ਮੈਂ ਉਸ ਨੂੰ ਖ਼ਿਲਅਤ ਦੇਣ ਨਾਲ ਅਤਿਅੰਤ ਪ੍ਰਸੰਨ ਚਿੰਤ ਹੋਵਾਂਗਾ।

ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ ਦੀ ਤਜਵੀਜ਼ ਨਾਲ ਮਹਿਕਮਾ ਮੁਨਸ਼ੀ ਖ਼ਾਨੇ ਤੋਂ ਹੁਕਮ ਹੋਇਆ ਕਿ

ਚਿੱਠੀ ਦਾ ਜਵਾਬ ਲਿਖਿਆ ਗਿਆ। ਸ਼ਾਮਿਲ ਮਿਸਲ ਰਹੇ।

25 ਫਰਵਰੀ 1872 ਮੁਤਾਬਿਕ 15 ਫੱਗਣ 1928.

# ਲੁਕਿਆ ਸੱਚ

---

**ਮਿਸਟਰ ਟੀ. ਡਿਗਲਸ ਫ਼ੋਰਸਾਇਥ ਸਾਹਿਬ ਕਮਿਸ਼ਨਰ ਅੰਬਾਲਾ ਡਵੀਜ਼ਨ, ਅੰਬਾਲਾ ਦੇ ਨਾਮ ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਵਾਲੀਏ ਪਟਿਆਲਾ ਦੀ ਪਟਿਆਲੇ ਤੋਂ ਲਿਖੀ ਅੰਗਰੇਜ਼ੀ ਚਿੱਠੀ ਦਾ ਤਰਜ਼ਮਾ।**

ਮੇਰੇ ਪਿਆਰੇ ਦੋਸਤ,

ਜਦੋਂ ਮੈਂ ਅੰਬਾਲੇ ਵਿੱਚੋਂ ਲੰਘਿਆ ਸੀ, ਮੈਂ ਉੱਥੇ ਨਹੀਂ ਠਹਿਰਿਆ ਸੀ ਇਸ ਲਈ ਮੈਂ ਇਹ ਗੱਲ ਮੁਨਾਸਿਬ ਨਾ ਸਮਝੀ ਕਿ ਆਪ ਨੂੰ ਬੁਲਾ ਕੇ ਤਕਲੀਫ਼ ਦਿਆਂ। ਮੈਂ ਆਪਣੇ ਨਾਜ਼ਿਮ ਨਿਆਜ਼ ਅਲੀ ਨੂੰ ਅੰਬਾਲਾ ਵਿਖੇ ਜਾਣ ਤੇ ਤੁਹਾਡੀ ਸੇਵਾ ਵਿੱਚ ਹਾਜ਼ਿਰ ਹੋਣ ਵਾਸਤੇ ਹਦਾਇਤ ਦੇ ਕੇ ਖੁਸ਼ ਹੋਵਾਂਗਾ ਤਾਂ ਕਿ ਉਹ ਉਸ ਖ਼ਿਲਅਤ ਨੂੰ, ਜਿਹੜੀ ਤੁਸੀਂ ਉਸ ਵਾਸਤੇ ਤਜਵੀਜ਼ ਕੀਤੀ ਹੈ, ਪ੍ਰਾਪਤ ਕਰਨ ਦਾ ਮਾਨ ਹਾਸਿਲ ਕਰੇ ਬਸ਼ਰਤੇ ਕਿ ਆਪ, ਮਿਹਰਬਾਨੀ ਕਰਕੇ, ਖ਼ਿਲਅਤ ਦੇਣ ਦੀ ਤਰੀਕ ਮੁੱਕਰਰ ਕਰਕੇ ਮੈਨੂੰ ਸੂਚਿਤ ਕਰੋਗੇ।

ਉਪ੍ਰੋਕਤ ਨਾਇਬ ਨਾਜ਼ਿਮ ਦੀ ਜ਼ਿਲ੍ਹਾ ਨਾਰਨੌਲ ਦੇ ਨਾਜ਼ਿਮ ਦੇ ਅਹੁਦੇ 'ਤੇ ਤਰੱਕੀ ਹੋ ਗਈ ਹੈ ਕਿਉਂਕਿ ਉੱਥੋਂ ਦਾ ਨਾਜ਼ਿਮ ਬੀਮਾਰੀ ਦੇ ਕਾਰਨ ਕੰਮ ਕਰਨ ਦੇ ਅਸਮਰੱਥ ਹੋ ਗਿਆ ਹੈ ਤੇ ਉਸ ਨੂੰ ਇੱਥੇ ਬੁਲਾ ਲਿਆ ਗਿਆ ਹੈ। ਇਸੇ ਕਾਰਨ ਨਿਆਜ਼ ਅਲੀ ਨਾਜ਼ਿਮ ਦੀ ਉੱਥੇ ਹਾਜ਼ਿਰੀ ਬਹੁਤ ਜ਼ਰੂਰੀ ਹੈ।

ਸੋ ਤੁਸੀਂ ਉਪ੍ਰੋਕਤ ਖ਼ਿਲਅਤ ਉਸ ਨੂੰ ਬਖ਼ਸ਼ਣ ਵਾਸਤੇ ਛੇਤੀ ਦੇ ਕੇ ਕੋਈ ਤਰੀਕ ਮੁਕੱਰਰ ਕਰ ਦਿਉ।

–ਬਸ–

ਮੇਰੇ ਪਿਆਰੇ ਦੋਸਤ! ਮੈਨੂੰ ਆਪਣਾ ਅਤਿਅੰਤ ਪੱਕਾ ਭਰੋਸੇਯੋਗ ਮਿੱਤਰ ਸਮਝੋ।

(ਦਸਤਖ਼ਤ) ਮਹਿੰਦਰ ਸਿੰਘ ਮਹਾਰਾਜਾ ਪਟਿਆਲਾ,

ਸ੍ਰੀ ਮਾਨ ਜੀ,

ਇਸ ਮੁਬਾਰਿਕ ਚਿੱਠੀ ਦਾ ਤਰਜਮਾ ਅੱਜ ਸਾਹਿਬ ਕਮਿਸ਼ਨਰ ਬਹਾਦੁਰ ਨੂੰ ਦਿੱਤਾ ਗਿਆ ਅਤੇ ਇਸ ਤਰਜ਼ਮੇ ਦੇ ਮਜ਼ਮੂਨ ਦੇ ਮਨਸ਼ੇ ਅਨੁਸਾਰ ਜ਼ਬਾਨੀ ਵੀ ਅਰਜ਼ ਕੀਤਾ ਗਿਆ। ਸਾਹਿਬ ਬਹਾਦੁਰ ਨੇ ਚਿੱਠੀ ਪੜ੍ਹ ਕੇ ਫ਼ਰਮਾਇਆ ਕਿ ਅਸੀਂ 4 ਮਾਰਚ ਨੂੰ ਪਟਿਆਲਾ ਚਲਾਂਗੇ ਅਤੇ ਜੇ ਇਹ ਖ਼ਿਲਅਤ ਪਟਿਆਲੇ ਜਾ ਕੇ ਉੱਥੇ ਦਿੱਤੀ ਜਾਵੇ ਤਾਂ ਮੁਨਾਸਿਬ ਹੈ। ਦਾਸ ਨੇ ਬੇਨਤੀ ਕੀਤੀ ਕਿ ਜਿਵੇਂ ਹਜ਼ੂਰ ਦੀ ਸਲਾਹ ਹੋਵੇ ਉਹ ਠੀਕ ਹੈ। ਫਿਰ ਦਾਸ ਨੇ ਚਿੱਠੀ ਦਾ ਜਵਾਬ ਮੰਗਿਆ ਤਾਂ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਚਿੱਠੀ ਦਾ ਜਵਾਬ ਕੱਲ੍ਹ ਨੂੰ ਦਿਆਂਗੇ।

ਸੋ ਇਹ ਰਿਪੋਰਟ ਤਾਮੀਲ ਦੇ ਤੌਰ 'ਤੇ ਅਤੇ ਜਵਾਬ ਵਜੋਂ ਹਜ਼ੂਰ ਕੋਲ ਭੇਜੀ ਜਾਂਦੀ ਹੈ।

ਸਾਹਿਬ ਬਹਾਦੁਰ ਤੋਂ ਕੱਲ੍ਹ ਨੂੰ ਜਵਾਬੀ ਚਿੱਠੀ ਪ੍ਰਾਪਤ ਕਰਕੇ ਸਭੀ ਹਜ਼ੂਰ ਨੂੰ ਦੱਸਿਆ ਜਾਵੇਗਾ।

ਵਾਜਿਬ ਜਾਣ ਕੇ ਅਰਜ਼ ਕੀਤਾ।

ਐ ਖ਼ੁਦਾ! ਹਕੂਮਤ ਦਾ ਸੂਰਜ ਚਮਕਦਾ ਰਵ੍ਹੇ !

ਦਾਸ

ਮਿਤੀ 1 ਮਾਰਚ 1872 ਪੁਰਾਣਾ ਨਮਕ ਪਰਵਰਦਾ,

ਨਿਸਾਰ ਅਲੀ ਵਕੀਲ ਸਰਕਾਰ,

ਮਹਿਕਮਾ ਕਮਿਸ਼ਨਰੀ 'ਚ ਹਾਜ਼ਿਰ ਰਹਿਣ ਵਾਲਾ।

ਬ–ਕਲਮ

ਗੋਕਲ ਚੰਦ (ਮੁਹਰ)

ਮੁਹੱਰਿਰ

---

**ਮਿਸਟਰ ਟੀ. ਡੀ. ਫ਼ੋਰਸਾਇਥ ਸਾਹਿਬ ਕਮਿਸ਼ਨਰ ਅੰਬਾਲਾ ਡਵੀਜ਼ਨ ਵੱਲੋਂ ਅੰਬਾਲੇ ਤੋਂ ਹਜ਼ੂਰ ਜਨਾਬ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਵਾਲੀਏ ਪਟਿਆਲਾ ਦੇ ਨਾਮ ਲਿਖੀ ਅੰਗਰੇਜ਼ੀ ਚਿੱਠੀ ਮਿਤੀ 2 ਮਾਰਚ 1872 ਦਾ ਤਰਜ਼ਮਾ।**

ਮੇਰੇ ਪਿਆਰੇ ਦੋਸਤ,

ਮੈਂ ਨਾਜ਼ਿਮ ਨਿਆਜ਼ ਅਲੀ ਨੂੰ ਖ਼ਿਲਅਤ ਬਖ਼ਸ਼ਣ ਵਾਸਤੇ ਸੈਕਟਰੀ ਬਹਾਦੁਰ ਗੌਰਮਿੰਟ ਨੂੰ ਲਿਖਿਆ ਹੈ। ਮੈਂ ਖ਼ਿਲਅਤ ਪੁੱਜਣ ਸਾਰ ਇਸ ਬਾਰੇ ਹਜ਼ੂਰ ਨੂੰ ਲਿਖਾਂਗਾ। ਜੇ ਤੁਹਾਨੂੰ ਮੰਨਜ਼ੂਰ ਹੋਵੇ ਤਾਂ ਮੇਰਾ ਇਰਾਦਾ ਇਹ ਹੈ ਕਿ ਮੈਂ ਹਜ਼ੂਰ ਨਾਲ ਪ੍ਰਾਈਵੇਟ ਤੌਰ 'ਤੇ ਦੋਸਤਾਨਾ ਢੰਗ ਨਾਲ 4 ਮਾਰਚ ਦਿਨ ਸੋਮਵਾਰ ਨੂੰ ਮੁਲਾਕਾਤ ਕਰਾਂ। ਮੇਜਰ ਰਾਇਨਫੀਲਡ ਸਾਹਿਬ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਤੇ ਉਸ ਦਾ ਪੁੱਤਰ ਵੀ ਮੇਰੇ ਨਾਲ ਆਉਣਾ ਚਾਹੁੰਦੇ ਹਨ।

ਆਪ ਦਾ ਵਫ਼ਾਦਾਰ ਦੋਸਤ,

(ਦਸਤਖ਼ਤ) ਟੀ. ਡੀ.ਫੌਰਸਾਇਥ ਸਾਹਿਬ,

ਤਰਜ਼ਮਾ ਸਹੀ ਹੈ

(ਦਸਤਖ਼ਤ) ਮਾਸਟਰ ਮੁਹੰਮਦ ਖ਼ੁਦਾ ਬਖ਼ਸ਼ ਖ਼ਾਂ

ਮੁਲਾਹਿਜ਼ਾ ਹਜ਼ੂਰ ਹੋ ਕੇ ਜਵਾਬ ਚਿੱਠੀ ਦਾ ਲਿਖਿਆ ਗਿਆ

ਹੁਕਮ ਹੋਇਆ ਕਿ ਇਹ ਕਾਗਜ਼

ਮੀਰ ਨਿਆਜ਼ ਅਲੀ ਨੂੰ ਇਨਾਮ ਬਖ਼ਸ਼ੇ ਜਾਣ ਵਾਲੀ ਮਿਸਲ 'ਚ ਸ਼ਾਮਿਲ ਰਹੇ।

4 ਮਾਰਚ 1872

ਇਸ ਦੀ ਇੱਕ ਨਕਲ ਵਕੀਲ ਗੌਰਮਿੰਟ ਕੋਲ ਭੇਜੀ ਜਾਵੇ।

Ambala,
2 nd March, 1872.

My dear Friend,

I have written to the Secretary to Government for the Khillat to be bestowed on Nazim Niaz Ali and will communicate with your Highness as soon as receives the Khillat.

If agreeable to you I propose having your Highness a meet quite as a private friend on Monday the 4th March.

Major Raenfield Deputy Inspector General of Police and his son would like to accompanying me.

Your Sincerely,
T. D. Forssyth.

# ਲੁਕਿਆ ਸੱਚ

---

ਸ੍ਰੀ ਮਾਨ ਜੀ,

ਅੱਜ ਦਿਨ ਦੇ 11 ਵਜੇ ਸਾਹਿਬ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਵੇਰਵੇ ਸਹਿਤ ਹਾਲ ਦੱਸਿਆ ਗਿਆ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ "ਅਸੀਂ ਦੋ ਵਾਰ ਸਾਹਿਬ ਸੈਕਟਰੀ ਬਹਾਦੁਰ ਗੌਰਮਿੰਟ ਪੰਜਾਬ ਦੀ ਸੇਵਾ ਵਿੱਚ ਲਿਖ ਕੇ ਭੇਜ ਚੁੱਕੇ ਹਾਂ ਪਰ ਹੁਣ ਤੱਕ ਖਿਲਅਤ ਨਹੀਂ ਆਈ, ਜਿਸ ਵੇਲੇ ਖਿਲਅਤ ਆ ਗਈ ਉਸੇ ਸਮੇਂ ਦਿੱਤੀ ਜਾਵੇਗੀ।" ਦਾਸ ਨੇ ਅਰਜ ਕੀਤਾ ਕਿ " ਕੋਈ ਜਵਾਬ ਵੀ ਆਇਆ ਜਾਂ ਨਹੀਂ।" ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ " ਜਵਾਬ ਆਇਆ ਸੀ, ਸਾਹਿਬ ਸੈਕਟਰੀ ਬਹਾਦੁਰ ਨੇ ਲਿਖਿਆ ਸੀ ਕਿ ਅਸੀਂ ਖਿਲਅਤ ਭੇਜਦੇ ਹਾਂ ਪਰ ਹੁਣ ਤੱਕ ਖਿਲਅਤ ਨਹੀਂ ਆਈ।" ਦਾਸ ਨੇ ਬੇਨਤੀ ਕੀਤੀ ਕਿ ਆਪ ਫਿਰ ਲਿਖ ਦੇਵੋ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ " ਅੱਛਾ ! ਅਸੀਂ ਵੀ ਲਿਖਾਂਗੇ ਅਤੇ ਜੇ ਵਕੀਲ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ, ਮਹਿਕਮਾ ਗੌਰਮਿੰਟ 'ਚ ਹਾਜ਼ਿਰ ਰਹਿਣ ਵਾਲਾ, ਯਾਦ ਕਰਾਉਣ ਵਜੋਂ ਸਾਹਿਬ ਸੈਕਟਰੀ ਬਹਾਦੁਰ ਦੀ ਸੇਵਾ ਵਿੱਚ ਕੇਵਲ ਜ਼ਿਕਰ ਕਰ ਦੇਵੇ ਤਾਂ ਮੁਨਾਸਿਬ ਹੈ।" ਉੱਚੇ ਰੁਤਬੇ ਵਾਲੇ ਹਜ਼ੂਰ ! ਜੋ ਕੁਝ ਸਾਹਿਬ ਬਹਾਦੁਰ ਨੇ ਫ਼ਰਮਾਇਆ ਅਰਜ਼ ਕੀਤਾ ਗਿਆ। ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨਾ ਹੈ।

ਦਾਸ

ਗੋਕਲ ਚੰਦ,

ਮੁਹੱਰਿਰ ਵਕਾਲਤ ਕਮਿਸ਼ਨਰੀ

25 ਮਾਰਚ 1872.

ਸਰਕਾਰ ਵੱਲੋਂ ਮੁਲਾਹਿਜ਼ਾ ਕਰਨ ਮਗਰੋਂ ਹੁਕਮ ਹੋਇਆ ਕਿ ਸ਼ਾਮਿਲ ਮਿਸਲ ਰਹੇ।

# ਲੁਕਿਆ ਸੱਚ

---

**ਸਾਹਿਬ ਸੈਕਟਰੀ ਬਹਾਦੁਰ ਗੌਰਮਿੰਟ ਪੰਜਾਬ ਆਦਿ ਦੇ ਖ਼ਤ ਮਿਤੀ 1 ਅਪ੍ਰੈਲ 1872 ਦੀ ਨਕਲ, ਜਿਹੜਾ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਪਟਿਆਲਾ ਦੇ ਨਾਮ ਲਿਖਿਆ ਗਿਆ**

ਰਿਵਾਜਨ ਉਪਨਾਮਾਂ ਤੋਂ ਬਾਅਦ ਹਾਲ ਇਹ ਹੈ ਕਿ ਸੱਯਦ ਨਿਆਜ਼ ਅਲੀ, ਜਿਹੜੇ ਹੁਣ ਹਜ਼ੂਰ ਦੀ ਰਿਆਸਤ ਵਿੱਚ ਨਾਜ਼ਿਮ ਹਨ ਤੇ ਮਾਲੇਰ ਕੋਟਲਾ 'ਤੇ ਹਮਲਾ ਕਰਨ ਵਾਲੇ ਕੂਕਿਆਂ ਦੇ ਫ਼ਸਾਦ ਸਮੇਂ ਨਾਇਬ ਨਾਜ਼ਿਮ ਸਨ, ਅਤੇ ਜਿਨ੍ਹਾਂ ਨੇ ਕੂਕਿਆਂ ਦੀਆਂ ਜੜ੍ਹਾਂ ਪੁਟਣ ਲਈ ਅਤਿਅੰਤ ਜੱਦੋ ਜਹਿਦ ਕੀਤੀ, ਦੀ ਉਸ ਮੌਕੇ ਕੀਤੀ ਕਾਰਗੁਜ਼ਾਰੀ ਤੋਂ ਜਨਾਬ ਨਵਾਬ ਲੈਫਟੀਨੈਂਟ ਗਵਰਨਰ ਬਹਾਦੁਰ ਮੁਲਕ ਪੰਜਾਬ ਆਦਿ ਨੂੰ ਅਤਿਅੰਤ ਖ਼ੁਸ਼ੀ ਹੋਈ ਅਤੇ ਉਨ੍ਹਾਂ ਨੂੰ ਸੱਯਦ ਨਿਆਜ਼ ਅਲੀ ਵੱਲੋਂ ਨਿਭਾਈ ਸੇਵਾ ਬੇਹੱਦ ਚੰਗੀ ਲੱਗੀ। ਇਸ ਵਾਸਤੇ ਜਨਾਬ ਨਵਾਬ ਲੈਫਟੀਨੈਂਟ ਗਵਰਨਰ ਬਹਾਦੁਰ ਮੁਲਕ ਪੰਜਾਬ ਨੇ ਇਸ ਸੇਵਾ ਦੇ ਬਦਲੇ ਸੱਯਦ ਨਿਆਜ਼ ਅਲੀ ਨੂੰ ਇੱਕ ਹਜ਼ਾਰ ਰੁਪਏ ਦੇ ਮੁੱਲ ਦੀ ਖਿੱਲਅਤ ਬਖ਼ਸ਼ੀ ਹੈ ਅਤੇ ਇਸ ਖ਼ਤ ਰਾਹੀਂ ਪਿਆਰੇ ਦੋਸਤ ਮਹਾਰਾਜਾ ਸਾਹਿਬ ਦੀ ਸੇਵਾ ਵਿੱਚ ਘੱਲੀ ਜਾਂਦੀ ਹੈ। ਦੋਸਤਾਨਾ ਤੌਰ 'ਤੇ ਲਿਖ ਰਿਹਾ ਹਾਂ ਕਿ ਕ੍ਰਿਪਾ ਕਰਕੇ ਇਹ ਖਿਲਅਤ ਸੱਯਦ ਨਿਆਜ਼ ਅਲੀ ਦੇ ਹਵਾਲੇ ਕਰਨ ਦੀ ਇਜਾਜ਼ਤ ਦਿੱਤੀ ਜਾਵੇ।

**ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ ਦੀ ਤਜਵੀਜ਼ ਨਾਲ ਮਹਿਕਮਾ ਮੁਨਸ਼ੀ ਖ਼ਾਨਾ ਵੱਲੋਂ:-**

ਖਿਲਅਤ ਵਾਲਾ ਥੈਲਾ ਵਕੀਲ ਗੌਰਮਿੰਟ ਰਾਹੀਂ ਪੁੱਜਾ ਅਤੇ ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਨੇ ਇਸ ਦਾ ਮੁਲਾਹਿਜ਼ਾ ਕੀਤਾ। ਗੌਰਮਿੰਟ ਵੱਲੋਂ ਆਈ ਖਿਲਅਤ, ਸ਼ਾਹੀ ਥੈਲੇ 'ਚ ਲਿਪਟੀ ਸੂਚੀ ਅਨੁਸਾਰ, ਨੂਰਾਨੀ ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਸਾਹਮਣੇ ਸੱਯਦ ਨਿਆਜ਼ ਅਲੀ ਸਾਹਿਬ ਨੂੰ ਬਖ਼ਸ਼ੀ ਗਈ। ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਵੱਲੋਂ ਹੁਕਮ ਹੋਇਆ ਕਿ

ਥੈਲੇ ' ਚੋਂ ਨਿਕਲੀ ਸੂਚੀ ਦੀ ਇੱਕ ਨਕਲ 'ਤੇ ਦੌਲਤਮਦਾਰ ਸਰਕਾਰ (ਪਟਿਆਲਾ) ਦੇ ਦਸਤਖ਼ਤ ਕਰਵਾ ਕੇ ਤੇ ਮੋਹਰ ਲਾ ਕੇ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਪ੍ਰਸੰਨਤਾ ਦੀ ਸਨਦ ਵਜੋਂ ਮੀਰ ਨਿਆਜ਼ ਅਲੀ ਨੂੰ ਦਿੱਤੀ ਜਾਵੇ। ਇਸ ਦੀ ਇੱਕ ਨਕਲ ' ਪਟਿਆਲਾ ਅਖ਼ਬਾਰ ' ਨੂੰ ਛੱਪਣ ਵਾਸਤੇ ਭੇਜੀ ਜਾਵੇ ਤਾਂ ਕਿ ਸਰਕਾਰੀ ਅਹੁਦੇਦਾਰ ਇਸ ਖਿਲਅਤ ਤੋਂ ਜਾਣੂੰ ਹੋ ਸਕਣ।

7 ਅਪ੍ਰੈਲ 1872.

**ਖਿਲਅਤ ਦਾ ਵੇਰਵਾ :-**

1. ਸੁਨਹਿਰੀ ਮੁੱਠੇ ਵਾਲੀ ਤਲਵਾਰ ਇੱਕ
2. *ਮਿੰਦੀਲ ਪਿਆਜ਼ੀ ਇੱਕ
   (ਮਿੰਦੀਲ = ਪੇਟੀ, ਕਮਰ ਦਾ ਪਟਕਾ)
3. ਦੁੱਪਟਾ ਪਿਆਜ਼ੀ ਮਰਮਰੀ
4. *ਕਮਖ਼ਾਬ ਹਰਾ ਇੱਕ ਥਾਨ
   (ਕਮਖ਼ਾਬ = ਇੱਕ ਪ੍ਰਕਾਰ ਦਾ ਰੇਸ਼ਮੀ ਕੱਪੜਾ, ਜਿਹੜਾ ਜ਼ਰੀ ਦੀਆਂ ਤਾਰਾਂ ਨਾਲ ਮਿਲ ਕੇ ਬੁਣਿਆ ਜਾਂਦਾ ਹੈ। ਪੰਜਾਬੀ ਵਿੱਚ ਖੀਨਖਾਪ ਵੀ ਕਹਿੰਦੇ ਹਨ)
5. ਫ਼ਰਦ ਦੋਸ਼ਾਲਾ, ਇੱਕ ਫ਼ਰਦ
6. *ਮਾਲੀਦਾ ਬਾਦਾਮੀ ਇੱਕ
   (ਮਾਲੀਦਾ = ਇੱਕ ਪ੍ਰਕਾਰ ਦਾ ਪਸ਼ਮੀਨੇ ਦਾ ਕੱਪੜਾ ਜਿਹੜਾ ਮਲ ਕੇ ਮੁਲਾਇਮ ਕੀਤਾ ਜਾਂਦਾ ਹੈ।
7. ਚਾਂਦੀ ਦਾ ਕੋਰਨਟ ਇੱਕ
8. ਸ਼ਨੂਨ ਦਾ ਇੱਕ ਥਾਨ

**ਉੱਚੇ ਰੁਤਬੇ ਵਾਲੇ ਸੱਯਦ ਨਿਆਜ਼ ਅਲੀ**
**ਨਾਜ਼ਿਮ ਮਹਿੰਦਰਗੜ੍ਹ,**

ਖ਼ੁਸ਼ ਰਹੋ !

ਕੂਕਿਆਂ ਦੀ ਗ੍ਰਿਫ਼ਤਾਰੀ ਬਾਬਤ ਅਦਾਲਤ ਸਰਕਾਰ ਅੰਗਰੇਜ਼ੀ ਤੋਂ ਆਇਆ ਹੋਇਆ ਤੁਹਾਡਾ ਇੱਕ ਹਜ਼ਾਰ ਰੁਪਿਆ ਅਮਾਨਤ ਵਜੋਂ ਦਫ਼ਤਰ ’ਚ ਪਿਆ ਹੈ। ਉਹ ਤੁਹਾਡੇ ਕੋਲ ਇਸ ਸ਼ਰਤ ’ਤੇ ਭੇਜਿਆ ਜਾਂਦਾ ਹੈ ਕਿ ਜੇ ਇਹ ਰੁਪਿਆ ਗੌਰਮਿੰਟ ਆਲੀਆ ਵਾਪਸ ਮੰਗਵਾਏਗੀ ਤਾਂ ਤੁਹਾਡੇ ਕੋਲੋਂ ਵਾਪਸ ਲੈ ਕੇ ਭੇਜ ਦਿੱਤਾ ਜਾਵੇਗਾ। ਸੋ ਤੁਹਾਡੇ ਨਾਮ ਹੁਕਮ ਜਾਰੀ ਹੈ ਕਿ ਤੁਸੀਂ ਉਪ੍ਰੋਕਤ ਰੁਪਈਆਂ ਦੀ ਰਸੀਦ ਭੇਜ ਦਿਉ।

ਸਰਕਾਰ ਦੀ ਤੁਹਾਡੇ ’ਤੇ ਮਿਹਰਬਾਨੀ ਸਮਝੋ।

17 ਅਪ੍ਰੈਲ 1872.

ਸ੍ਰੀ ਮਾਨ ਜੀ,

ਪਰਵਾਨੇ ’ਚ ਦਰਜ ਇੱਕ ਹਜ਼ਾਰ ਰੁਪਿਆ ਦਾਸ ਕੋਲ ਪੁੱਜ ਗਿਆ ਹੈ। ਜੇ ਅੰਗਰੇਜ਼ੀ ਗੌਰਮਿੰਟ ਦੇ ਮੰਗਵਾਉਣ ਅਨੁਸਾਰ ਵਾਪਸ ਲਿਆ ਜਾਵੇਗਾ ਤਾਂ ਦਾਸ ਨੂੰ ਕੋਈ ਉਜ਼ਰ ਨਹੀਂ ਹੋਵੇਗਾ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨ ਹੈ।

ਦਾਸ
ਨਿਆਜ਼ ਅਲੀ,
ਨਾਜ਼ਿਮ ਮਹਿੰਦਰਗੜ੍ਹ।
22 ਮਈ 1872

ਮੁਹਰ

# ਫਾਇਲ ਨੰ:4 .

## H 92 M -II

ਫ਼ਾਰਨ ਵਿਭਾਗ ਪਟਿਆਲਾ
ਮਹਿਕਮਾ ਪੋਲੀਟੀਕਲ-ਫ਼ੌਜਦਾਰੀ ਏਜੰਸੀ

ਮਿਸਲ ਨੰ: 760, ਸੰਮਤ 1928 (ਸੰਨ 1872)

# ਫ਼ਾਇਲ

## ਹਿਸਟਰੀ 92 ਐਮ (ਭਾਗ- II)

## H 92 M (Part-II)

## ਕੂਕਾ ਕੌਮ ਦੇ ਮਲੌਂਦ ਤੇ ਰਿਆਸਤ ਮਲੇਰਕੋਟਲਾ ਦੇ ਅਸਥਾਨਾਂ ’ਤੇ ਕੀਤੇ ਦੰਗੇ ਫ਼ਸਾਦ ਦਾ ਇੰਤਜ਼ਾਮ ਤੇ ਰੋਕਥਾਮ

# ਫਾਇਲ H 92 M -II

## ਦਸਤਾਵੇਜੀ ਚਿੱਠੀਆਂ ਦੇ ਵਰਗੀਕਰਨ ਅਨੁਸਾਰ ਕ੍ਰਮਵਾਰ ਸਿਰਲੇਖਾਂ ਦਾ ਵੇਰਵਾ

1 . ਮਲੇਰ ਕੋਟਲੇ ਦੇ ਸਾਕੇ ਮਗਰੋਂ , ਅੰਗ੍ਰੇਜਾਂ ਵੱਲੋਂ ਸੁਰੱਖਿਆ ਦੇ ਇੰਤਜ਼ਾਮ
2. ਫਸਾਦ ਦਾ ਅਸਲੀ ਕਾਰਣ ਪਤਾ ਕਰਨ ਦੇ ਆਦੇਸ਼
3. ਮਲੇਰ ਕੋਟਲਾ ਸਾਕੇ ਸਮੇਂ ਹੋਏ ਖਰਚਿਆਂ ਦੇ ਵੇਰਵੇ
4. ਸ਼ਹੀਦਾਂ ਅਤੇ ਮੁਹਤਬਿਰ ਕੂਕਿਆਂ ਦੀਆਂ ਜਾਇਦਾਤਾਂ ਦੀ ਕੁਰਕੀ ਕਰਨ ਅਤੇ ਘਰਾਂ ਦੀ ਤਲਾਸ਼ੀ ਲੈਣ ਸਬੰਧੀ।
5. ਥਾਣੇਦਾਰਾਂ , ਨੰਬਰਦਾਰਾਂ ਅਤੇ ਅਹੁਦੇਦਾਰਾਂ ਨੂੰ ਪ੍ਰਬੰਧ ਤੇ ਨਿਗਰਾਨੀ ਰੱਖਣ ਅਤੇ ਕੂਕਿਆਂ ਦੀ ਗ੍ਰਿਫਤਾਰੀ ਲਈ ਹੁਕਮ
6 . ਫੜੇ ਗਏ ਕੂਕਿਆਂ ਬਾਰੇ ਪੇਸ਼ ਹੋਈਆਂ ਰਿਪੋਰਟਾਂ
7 . ਗਲਤ ਬੰਦੇ ਵੀ ਫੜੇ ਜਾਂਦੇ ਰਹੇ
8. ਮਾਘੀ ਦੇ ਮੇਲੇ 'ਤੇ ਸ੍ਰੀ ਭੈਣੀ ਸਾਹਿਬ ਗਏ ਸਿੱਖਾਂ ਦੇ ਬਿਆਨ
9. ਪਿੰਡ ਵਿਚ ਕੂਕੇ ਹਨ ਜਾਂ ਨਹੀਂ ਬਾਰੇ ਨੰਬਰਦਾਰਾਂ ਦੀਆਂ ਰਿਪੋਰਟਾਂ
10 . ਪਿੰਡ ਰੜ ਬਾਰੇ ਦਸਤਾਵੇਜ਼
11. ਮਲੇਰ ਕੋਟਲਾ ਸਾਕੇ ਮਗਰੋਂ ਕੂਕਾ ਬੇਲਾ ਸਿੰਘ ਅਨੁਸਾਰ ਕੂਕਿਆਂ ਦੀ ਪਲੈਨਿੰਗ
12 . ਫਿਰੋਜ਼ਪੁਰ ਵਿਖੇ ਸੁਰੱਖਿਆ ਦੇ ਇੰਤਜਾਮ ਅਤੇ ਤਾਰ ਤੋੜੇ ਜਾਣ ਦੀ ਅਫਵਾਹ
13 . ਥਾਣੇਦਾਰ ਸ਼ੇਰਪੁਰ ਨੂੰ ਕਤਲ ਕਰਨ ਦੇ ਇਰਾਦੇ ਦੀ ਅਫਵਾਹ
14. ਨਹਿਰ ਕੰਢੇ ਰਹਿੰਦੇ ਨਾਮਧਾਰੀਆਂ ਬਾਰੇ ਰਿਪੋਰਟਾਂ ਅਤੇ ਫੈਸਲਾ
15 . ਦਮਦਮਾ ਸਾਹਿਬ ਅਤੇ ਮਾਈਸਰਖਾਨੇ ਵਾਲੇ ਮੇਲਿਆ ਬਾਰੇ ਰਿਪੋਰਟਾਂ ਅਤੇ ਫੈਸਲਾ
16 . ਕੂਕਾ ਮੂਵਮੈਂਟ ਬਾਰੇ ਚਿੱਠੀਆਂ ਤੇ ਅਖਬਾਰਾਂ ਵਿੱਚ ਛਪੇ ਲੇਖ

# 1. ਮਲੇਰਕੋਟਲਾ ਦੇ ਸਾਕੇ ਮਗਰੋਂ ਅੰਗ੍ਰੇਜ਼ਾਂ ਵੱਲੋਂ ਸੁਰੱਖਿਆ ਦੇ ਇੰਤਜ਼ਾਮ

## ਮਾਸਟਰ ਮੁਹੰਮਦ ਖ਼ੁਦਾ ਬਖ਼ਸ਼ ਖ਼ਾਨ ਨਾਜ਼ਿਮ ਦੀ ਤਜਵੀਜ਼ ਨਾਲ ਮਹਿਕਮਾ ਨਿਜ਼ਾਮਤ ਦੀ ਰੋਬਕਾਰ

ਮਿਤੀ 17 ਜਨਵਰੀ 1872 ਈਃ ਦਿਨ ਬੁਧਵਾਰ, ਮੁਕਾਮ ਪਟਿਆਲਾ।

ਭਾਵੇਂ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਸਦੀਵੀ ਤੇਜ ਪਰਤਾਪ ਸਦਕਾ ਕੋਟਲਾ ਆਦਿ ਦੇ ਇਲਾਕੇ 'ਚ ਫ਼ਸਾਦ ਕਰਨ ਵਾਲੇ ਕੂਕਾ ਕੌਮ ਦੇ ਜ਼ਿਆਦਾ-ਤਰ ਲੋਕ ਤੇ ਉਨ੍ਹਾਂ ਦੇ ਜਥੇਦਾਰ ਗ੍ਰਿਫ਼ਤਾਰ ਹੋ ਗਏ ਹਨ ਅਤੇ ਫ਼ੌਜ ਭੇਜ ਕੇ ਮੁਨਾਸਿਬ ਬੰਦੋਬਸਤ ਕੀਤਾ ਗਿਆ ਹੈ ਤਾਂ ਕਿ ਫ਼ਸਾਦ ਦੀ ਜੜ੍ਹ ਚੰਗੀ ਤਰ੍ਹਾਂ ਪੁੱਟੀ ਜਾਵੇ, ਪਰ ਫ਼ਿਰ ਵੀ ਦੂਰ-ਅੰਦੇਸ਼ੀ ਨੂੰ ਮੁੱਖ ਰੱਖਦੇ ਹੋਏ ਮੈਂ ਇਹ ਮੁਨਾਸਿਬ ਸਮਝਦਾ ਹਾਂ ਕਿ ਕੁਝ ਦਿਨਾਂ ਲਈ ਮਿਸਟਰ ਸੀ. ਐਸ. ਰੈਡਨ ਸਾਹਿਬ ਬਹਾਦੁਰ ਐਗਜ਼ੈਕਟਿਵ ਇੰਜੀਨੀਅਰ ਤੇ ਹੋਰ ਅੰਗਰੇਜ਼ ਅਸਿਸਟੈਂਟ ਇੰਜੀਨੀਅਰ ਸਾਹਿਬਾਨ ਜਿਹੜੇ ਇਲਾਕਾ ਗੋਬਿੰਦਗੜ੍ਹ, ਭਦੌੜ, ਅਨਾਹਦਗੜ੍ਹ ਤੇ ਭੀਖੀ ਆਦਿ ਇਲਾਕਿਆਂ ਵਿੱਚ ਮਿਣਤੀ ਦੇ ਕੰਮ ਵਿੱਚ ਰੁੱਝੇ ਹੋਏ ਹਨ, ਉਨ੍ਹਾਂ ਦੀ ਮਦਦ ਤੇ ਸੁਰੱਖਿਆ ਵਾਸਤੇ ਉਨ੍ਹਾਂ ਦੀ ਸੇਵਾ ਵਿੱਚ ਦੋ-ਦੋ ਹਥਿਆਰ ਬੰਦ ਸਵਾਰ ਸਰਕਾਰ ਮਹਾਰਾਜਾ ਸਾਹਿਬ ਪਟਿਆਲਾ ਵਲੋਂ ਮੌਜੂਦ ਰਹਿਣ, ਭਾਵ ਅਜਿਹਾ ਕਰਨ ਵਿੱਚ ਇਹ ਭਲਾਈ ਪ੍ਰਤੀਤ ਹੁੰਦੀ ਹੈ ਕਿ ਅਜਿਹੇ ਮੌਕੇ ਸਿਰ ਮਦਦ ਨਾਲ ਅੰਗਰੇਜ਼ ਸਾਹਿਬ ਬਹਾਦੁਰ ਨਿਸ਼ਚਿੰਤ ਹੋ ਕੇ ਪੈਮਾਇਸ਼ ਦੇ ਕੰਮ ਵਿੱਚ ਰੁੱਝੇ ਰਹਿਣਗੇ ਅਤੇ ਉੱਚੀ ਸ਼ਾਨ ਵਾਲੀ ਸਰਕਾਰ ਪਟਿਆਲਾ ਦੇ ਸਰਕਾਰੀ ਕੰਮ ਦਾ ਵੀ ਹਰਜ ਨਹੀ ਹੋਵੇਗਾ। ਇਸ ਕਾਰਵਾਈ ਵਾਸਤੇ 10 ਸਵਾਰ ਕਾਫ਼ੀ ਮਾਲੂਮ ਹੁੰਦੇ ਹਨ।

## ਸੋ ਹੁਕਮ ਹੋਇਆ ਕਿ

ਇਸ ਰੋਬਕਾਰ ਦੀ ਨਕਲ ਮੁਨਸ਼ੀ ਖ਼ਾਨੇ ਵਾਲਿਆਂ ਦੇ ਰਾਹੀਂ ਪ੍ਰਧਾਨ ਮੰਤਰੀ ਸਾਹਿਬ ਦੀ ਸੇਵਾ ਵਿੱਚ ਮਨਜ਼ੂਰੀ ਵਾਸਤੇ ਪੇਸ਼ ਹੋਵੇ ਅਤੇ ਜਨਾਬ ਮੀਰ ਮੁਨਸ਼ੀ ਸਾਹਿਬ ਦੀ ਸੇਵਾ ਵਿੱਚ ਤਕਲੀਫ਼ ਦਿੱਤੀ ਜਾਵੇ ਕਿ ਉਹ ਮਿਹਰਬਾਨੀ ਕਰਕੇ ਇਸ ਦਰਖ਼ਾਸਤ ਦੀ ਮਨਜ਼ੂਰੀ ਮਗਰੋਂ 10 ਸਵਾਰ ਗੋਲੀ ਸਿੱਕੇ ਸਮੇਤ, ਛੇਤੀ ਨਾਲ ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਕਿ ਉਸਤਤ ਯੋਗ ਐਗਜ਼ੈਕਟਿਵ ਇੰਜੀਨੀਅਰ ਅਤੇ ਹਰੇਕ ਅੰਗਰੇਜ਼ ਸਾਹਿਬ ਬਹਾਦੁਰ, ਜਿਹੜੇ ਉੱਚੀ ਸ਼ਾਨ ਵਾਲੀ ਸਰਕਾਰ ਪਟਿਆਲਾ ਦੇ ਇਲਾਕੇ 'ਚ ਠਹਿਰੇ ਹੋਏ ਹਨ, ਦੀ ਸੇਵਾ ਵਿੱਚ ਭੇਜੇ ਜਾ ਸਕਣ ਅਤੇ ਉਹ ਹਥਿਆਰ ਬੰਦ ਸਵਾਰ, ਮਿਣਤੀ ਆਦਿ ਕਰਨ ਸਮੇਂ, ਕੂਕਾ ਕੌਮ ਤੋਂ ਇਨ੍ਹਾਂ ਅੰਗਰੇਜ਼ ਸਾਹਿਬਾਨ ਦੀ ਨਿਗਰਾਨੀ ਲਈ ਉਨ੍ਹਾਂ ਨਾਲ ਰਹਿਣ।

ਸਰਕਾਰ ਨੂੰ ਮੁਲਾਹਿਜ਼ਾ ਕਰਵਾਇਆ ਗਿਆ। 18 ਜਨਵਰੀ 1872 ਈਃ

## ਹੁਕਮ ਹੋਇਆ ਕਿ

ਦਸ ਸਵਾਰ ਅੱਜ ਹੀ ਜੰਗੀ ਸਾਮਾਨ ਸਮੇਤ ਭੇਜ ਦਿੱਤੇ ਜਾਣ ਅਤੇ ਇਸ ਦੀ ਨਕਲ ਇਤਲਾਹ ਦੇ ਤੌਰ 'ਤੇ ਵਕੀਲ ਗੌਰਮਿੰਟ ਕੋਲ ਭੇਜੀ ਜਾਵੇ।

---

## ਖ਼ਲੀਫ਼ਾ ਸੱਯਦ ਮੁਹੰਮਦ ਕਾਜ਼ਿਮ ਸਹਾਇਕ ਮੀਰ ਮੁਨਸ਼ੀ ਦੀ ਤਜਵੀਜ਼ ਨਾਲ ਮਹਿਕਮਾ ਮੁਨਸ਼ੀ ਖ਼ਾਨਾ ਦੀ ਰੋਬਕਾਰ

ਮਿਤੀ 17ਜਨਵਰੀ 1872.

ਨਿਜ਼ਾਮਤ ਦੀ ਰੋਬਕਾਰ ਆਈ ਸੀ ਜਿਸ ਰਾਹੀਂ ਮੰਗ ਕੀਤੀ ਗਈ ਸੀ ਕਿ ਮਿਸਟਰ ਸੀ. ਐਸ. ਰੈਡਨ ਸਾਹਿਬ ਬਹਾਦੁਰ ਐਗਜ਼ੈਕਟਿਵ ਇੰਜੀਨੀਅਰ ਤੇ ਹੋਰ ਅਸਿਸਟੈਂਟ ਇੰਜੀਨੀਅਰ ਜਿਹੜੇ ਇਲਾਕਾ ਗੋਬਿੰਦਗੜ੍ਹ, ਭਦੌੜ, ਅਨਾਹਦਗੜ੍ਹ ਤੇ ਭੀਖੀ ਦੇ ਇਲਾਕੇ ਵਿੱਚ ਪੈਮਾਇਸ਼ ਦਾ ਕੰਮ ਕਰ ਰਹੇ ਹਨ, ਦੀ ਸੁਰੱਖਿਆ ਵਾਸਤੇ ਦਸ ਹਥਿਆਰਬੰਦ ਸਵਾਰ ਚਾਹੀਦੇ ਹਨ ਕਿਉਂਕਿ ਕੂਕਿਆਂ ਦੇ ਫ਼ਸਾਦ ਕਰਕੇ ਡਰ ਹੈ। ਹੁਣ ਇਹ ਰੋਬਕਾਰ ਇਸ ਮਹਿਕਮੇ 'ਚ ਜਨਾਬ ਵਜ਼ੀਰ ਸਾਹਿਬ ਬਹਾਦੁਰ ਦੀ ਨਿਗ੍ਹਾ 'ਚੋਂ ਲੰਘੀ।

ਸੋ ਜਨਾਬ ਵਜ਼ੀਰ ਸਾਹਿਬ ਬਹਾਦੁਰ ਦੇ ਹੁਕਮ ਅਨੁਸਾਰ ਹੁਕਮ ਹੋਇਆ ਕਿ ਬਖ਼ਸ਼ੀ ਖ਼ਾਨੇ 'ਚ ਕੇਵਲ 10 ਸਵਾਰ ਹਨ। ਉਨ੍ਹਾਂ ਨੂੰ ਜੰਗੀ ਸਮਾਨ ਸਮੇਤ ਭੇਜ ਦਿੱਤਾ ਜਾਵੇ।

ਹੁਕਮ ਹੋਇਆ ਕਿ

ਇਸ ਰੋਬਕਾਰ ਦੇ ਮਨਸ਼ੇ ਅਨੁਸਾਰ ਇਸ ਵੇਲੇ ਦਸ ਸਵਾਰਾਂ ਤੇ ਤੀਜੀ ਰਜਮੈਂਟ ਦੇ ਇੱਕ ਅਫ਼ਸਰ ਨੂੰ ਜੰਗੀ ਸਾਮਾਨ ਸਮੇਤ ਰਵਾਨਾ ਕੀਤਾ ਜਾਵੇ ਅਤੇ ਅਸਲ ਕਾਗਜ਼ ਤਾਮੀਲ ਮਗਰੋਂ ਵਾਪਸ ਹੋਵੇ।

6 ਮਾਘ 1928
ਵਕਤ ਰਾਤ ਦਾ — ਸ਼ਾਹੀ ਮੁਨਸ਼ੀ ਖ਼ਾਨਾ ਦੀ ਮਾਰਫ਼ਤ ਤਾਮੀਲ ਹੋ ਚੁਕੀ।

ਇਹ ਕਾਗਜ਼ ਸ਼ਾਮਿਲ ਮਿਸਲ ਹੋ ਕੇ ਦਫ਼ਤਰ 'ਚ ਰਹੇ।

17ਜਨਵਰੀ 1872 ਈ:

## ਮੁਹੰਮਦ ਨਾਮਦਾਰ ਖ਼ਾਨ ਨਾਜ਼ਿਮ ਦੀ ਤਜਵੀਜ਼ ਅਨੁਸਾਰ ਮਹਿਕਮਾ ਫ਼ੌਜਦਾਰੀ ਨਿਜ਼ਾਮਤ ਅਨਾਹਦਗੜ੍ਹ ਦੀ ਰੋਬਕਾਰ

**ਮਿਤੀ 7 ਮਾਘ ਸੰਮਤ 1828**
**ਮੁਤਾਬਿਕ 18 ਜਨਵਰੀ ਸੰਨ 1872 ਈ:**

ਸ਼ਾਹੀ ਮੁਨਸ਼ੀ ਖ਼ਾਨੇ ਦਾ ਰੋਬਕਾਰ ਮਿਤੀ 16 ਜਨਵਰੀ ਸੰਨ 1872 ਈ: ਇਸ ਮਹਿਕਮੇਂ 'ਚ ਪ੍ਰਾਪਤ ਹੋਇਆ ਜਿਸ ਰਾਹੀਂ ਸਦੀਵੀ ਸ਼ਾਨੋ-ਸ਼ੌਕਤ ਵਾਲੇ ਨੂਰਾਨੀ ਹਜ਼ੂਰ ਦੇ ਦਿੱਲੀ ਤੋਂ ਕੂਕਿਆਂ ਦੇ ਫ਼ਸਾਦ ਦਾ ਪ੍ਰਬੰਧ ਕਰਨ ਦੀ ਗ਼ਰਜ਼ ਨਾਲ ਤਸ਼ਰੀਫ਼ ਲਿਆਉਣ ਬਾਰੇ ਸੂਚਨਾ ਦਿੱਤੀ ਗਈ ਹੈ ਅਤੇ ਇਹ ਵੀ ਲਿਖਿਆ ਹੋਇਆ ਹੈ ਕਿ ਇਹ ਮਹਿਕਮਾ ਅੰਗਰੇਜ਼ੀ ਹਾਕਿਮਾਂ ਨੂੰ ਮੁਕੱਦਮੇ ਦਾ ਪ੍ਰਬੰਧ ਠੀਕ ਕਰਨ ਵਾਸਤੇ 50 ਸਵਾਰਾਂ ਦੀ ਮਦਦ ਦੇਵੇ। ਨਾਲੇ ਆਪਣੇ ਅਧੀਨ ਥਾਣੇਦਾਰਾਂ ਤੇ ਮੁਸਾਹਿਬਾਂ (ਹਕੂਮਤ ਦੇ ਸਲਾਹਕਾਰ) ਨੂੰ ਤਾਕੀਦ ਕੀਤੀ ਜਾਵੇ ਕਿ ਉਹ ਇਸ ਮੁਕੱਦਮੇ ਨੂੰ ਨੇਪਰੇ ਚਾੜ੍ਹਨ ਵਾਸਤੇ ਪੂਰੀ ਕੋਸ਼ਿਸ਼ ਕਰਨ। ਅਸੀਂ ਪਹਿਲਾਂ ਵੀ ਸਾਰੇ ਥਾਣੇਦਾਰਾਂ ਤੇ ਤਹਿਸੀਲਦਾਰਾਂ ਦੇ ਨਾਮ ਮੁਨਾਸਿਬ ਪ੍ਰਬੰਧ ਕਰਨ ਵਾਸਤੇ ਹੁਕਮ ਜਾਰੀ ਕਰ ਚੁੱਕੇ ਹਾਂ ਅਤੇ ਕੱਲ ਦੀ ਤ੍ਰੀਕ ਤੱਕ ਰਸਾਲੇ ਦੇ 30 ਸਵਾਰ ਹਾਜ਼ਿਰ ਆ ਚੁੱਕੇ ਹਨ ਅਤੇ ਬਾਕੀ ਸਵਾਰ ਯਕੀਨ ਹੈ ਕਿ ਅੱਜ ਹਾਜ਼ਿਰ ਹੋ ਜਾਣਗੇ।

## ਸੋ ਹੁਕਮ ਹੋਇਆ ਕਿ

ਸਵਾਰਾਂ ਦੀ ਹਾਜ਼ਿਰੀ ਬਾਰੇ ਜਵਾਬੀ ਰੋਬਕਾਰ ਰਾਹੀਂ ਮੁਨਸ਼ੀ ਖ਼ਾਨੇ ਦੇ ਮਾਲਿਕਾਂ ਦੀ ਸੇਵਾ ਵਿੱਚ ਸੂਚਨਾ ਭੇਜਕੇ ਬੇਨਤੀ ਕੀਤੀ ਜਾਵੇ ਕਿ ਅਸੀਂ ਤਾਂ ਪਹਿਲਾਂ ਤੋਂ ਹੀ ਇਸ ਮੁਕੱਦਮੇਂ ਵਿੱਚ ਤਿਆਰ ਬਰ ਤਿਆਰ ਤੇ ਤੱਤਪਰ ਹਾਂ ਅਤੇ ਇਸ ਮਹਿਕਮੇਂ ਦਾ ਨਾਇਬ ਲਾਲਾ ਕਸ਼ਮੀਰ ਲਾਲ ਮਦਦ ਕਰਨ ਵਾਸਤੇ ਮੌਕੇ 'ਤੇ ਗਿਆ ਹੋਇਆ ਹੈ ਅਤੇ ਇਸ ਰੋਬਕਾਰ ਦੇ ਮਨਸ਼ੇ ਮੁਤਾਬਿਕ, ਸੂਚਨਾ ਦੇਣ ਖ਼ਾਤਿਰ, ਮੁੜ ਨਿਜ਼ਾਮਤ ਤੇ ਅਧੀਨ ਸਾਰੇ ਥਾਣੇਦਾਰਾਂ ਦੇ ਨਾਮ ਪਰਵਾਨੇ ਜਾਰੀ ਕਰਕੇ ਲਿਖਿਆ ਜਾਵੇ ਕਿ ਜਿਸ ਇਲਾਕੇ ਦਾ ਕੋਈ ਕੂਕਾ ਇਸ ਵਾਰਦਾਤ ਵਿੱਚ ਗਿਆ ਹੋਇਆ ਮਾਲੂਮ ਹੋ ਜਾਵੇ ਤੇ ਉਹ ਵਾਰਦਾਤ ਮਗਰੋਂ ਖ਼ੁਦ ਆਪਣੇ ਰਿਹਾਇਸ਼ੀ ਪਿੰਡ ਵਾਪਸ ਆਇਆ ਹੋਵੇ ਤਾਂ ਉਸ ਨੂੰ ਗ੍ਰਿਫ਼ਤਾਰ ਕਰਕੇ ਉਸ ਦਾ ਚਾਲਾਣ ਕਰਨਾ ਚਾਹੀਦਾ ਹੈ। ਉਹ ਹਰ ਸਮੇਂ ਤਿਆਰ ਬਰ ਤਿਆਰ ਤੇ ਕੋਸ਼ਿਸ਼ ਕਰਨ ਵਿੱਚ ਰੁੱਝੇ ਰਹਿਣ ਅਤੇ ਨਾਇਬ ਸਾਹਿਬ ਨੂੰ ਰੋਬਕਾਰ ਦੇ ਮਜ਼ਮੂਨ ਤੋਂ ਚੰਗੀ ਤਰ੍ਹਾਂ ਜਾਣੂੰ ਕਰਵਾਇਆ ਜਾਵੇ।

-ਬਸ-

---

## ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ ਦੀ ਤਜਵੀਜ਼ ਅਨੁਸਾਰ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨਾ ਦੀ ਰੋਬਕਾਰ

ਮਿਤੀ 23 ਜਨਵਰੀ ਸੰਨ 1872 ਈ:

ਜਿਹੜੇ ਨਿਮਨ ਲਿਖਤ ਸਵਾਰ ਅਰਥਾਤ 72 ਸਵਾਰ ਤੇ ਦਫ਼ੇਦਾਰ ਸਰਕਾਰ ਦੇ ਕੰਮ ਵਾਸਤੇ ਵਕੀਲ ਲੁਧਿਆਣਾ ਕੋਲ ਨਿਯੁਕਤ ਤੇ ਮੌਜੂਦ ਹਨ, ਉਨ੍ਹਾਂ ਬਾਰੇ ਵਕੀਲ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਕੋਲ ਗੋਲੀ ਸਿੱਕਾ, ਬਾਰੂਦ ਤੇ ਟੋਪੀ ਮਸਾਲਾਦਾਰ ਆਦਿ ਨਹੀਂ ਹਨ। ਭਾਵੇਂ ਰੱਬ ਦੀ ਕ੍ਰਿਪਾ ਨਾਲ ਹੁਣ ਕੂਕਿਆਂ ਦਾ ਪ੍ਰਬੰਧ ਬਹੁਤ ਚੰਗੀ ਤਰ੍ਹਾਂ ਹੋ ਗਿਆ ਹੈ ਅਤੇ ਕੋਈ ਚੁਭਣ ਤੇ ਡਰ ਬਾਕੀ ਨਹੀਂ ਰਿਹਾ ਪਰੰਤੂ ਫਿਰ ਵੀ ਇਹਤਿਆਤ (ਚੌਕਸੀ) ਨੂੰ ਮਦੇ ਨਜ਼ਰ ਰੱਖਦੇ ਹੋਏ ਸਵਾਰਾਂ ਕੋਲ ਗੋਲੀ ਸਿੱਕਾ ਤੇ ਬਾਰੂਦ ਆਦਿ ਦਾ ਹੋਣਾ ਕਿਸੇ ਹੱਦ ਤੱਕ ਮੁਨਾਸਿਬ ਹੈ।

## ਸੋ ਹੁਕਮ ਹੋਇਆ ਕਿ

ਰੋਬਕਾਰ ਰਾਹੀਂ ਬਖ਼ਸ਼ੀ ਸਾਹਿਬ ਦੀ ਸੇਵਾ ਵਿੱਚ ਲਿਖਿਆ ਜਾਵੇ ਕਿ ਉਹ ਨਿਮਨ ਲਿਖਤ ਸਵਾਰਾਂ ਕੋਲ ਮੁਨਾਸਿਬ ਮਿਕਦਾਰ ਵਿੱਚ ਗੋਲੀ ਸਿੱਕਾ, ਬਾਰੂਦ ਤੇ ਟੋਪੀ ਮਸਾਲੇਦਾਰ ਛੇਤੀ ਭੇਜ ਕੇ ਸੂਚਨਾ ਦੇਣ ਤਾਂ ਕਿ ਵਕੀਲ ਨੂੰ ਸੂਚਿਤ ਕੀਤਾ ਜਾਵੇ।

| | |
|---|---|
| ਸਾਬਿਕਾ ਸਵਾਰ | 42 |
| 2 ਦਫ਼ੇਦਾਰ ਸਮੇਤ ਸਵਾਰ | 30 |

ਸੱਯਦ ਮੁਹੰਮਦ ਹੁਸੈਨ ਦੀ ਮੋਹਰ

## ਮੇਰੇ ਸਤਿਕਾਰ ਯੋਗ ਤੇ ਸੇਵਾ ਯੋਗ ਜਨਾਬ ਮੁਨਸ਼ੀ ਸਾਹਿਬ,

ਅਦਬ ਆਦਾਬ ਦੀਆਂ ਰਸਮਾਂ ਨਿਭਾਉਣ ਮਗਰੋਂ ਅਰਜ਼ ਹੈ ਕਿ ਜਨਾਬ ਦਾ ਰੁੱਕਾ, ਇੱਕ ਬਿਨੈ-ਪੱਤਰ ਸੱਯਦ ਹੁਸੈਨ ਸਾਹਿਬ ਵਕੀਲ ਲੁਧਿਆਣਾ ਤੇ ਥਾਣੇਦਾਰ ਅਲਾਉੱਦੀਨ ਦੀ ਚਿੱਠੀ ਦੀ ਨਕਲ ਸਮੇਤ ਪੁੱਜਾ ਜਿਸ ਵਿੱਚ ਕੂਕਿਆਂ ਦੇ ਮੁਆਮਲੇ ਸੰਬੰਧੀ 20 ਸਵਾਰ ਮੰਗਵਾਉਣ ਲਈ ਲਿਖਿਆ ਹੋਇਆ ਸੀ। ਸੋ ਰੁੱਕੇ ਅਨੁਸਾਰ ਇਸ ਵੇਲੇ ਇੱਕ ਅਫ਼ਸਰ ਸਮੇਤ ਤੀਜੀ ਰਜਮੈਂਟ ਦੇ 20 ਸਵਾਰ ਥਾਣੇਦਾਰ ਭਵਾਨੀਗੜ੍ਹ ਵਲ ਰਵਾਨਾ ਕਰ ਦਿੱਤੇ ਹਨ ਜਿਹੜੇ ਥਾਣੇਦਾਰ ਕੋਲ ਬਹੁਤ ਛੇਤੀ ਪੁੱਜ ਜਾਣਗੇ।

ਸੂਚਨਾ ਹਿਤ ਬੇਨਤੀ ਕੀਤੀ। ਵਕੀਲ ਸਾਹਿਬ ਦਾ ਅਸਲ ਬਿਨੈ-ਪੱਤਰ ਤੇ ਥਾਣੇਦਾਰ ਦਾ ਖ਼ਤ ਵਾਪਸ ਤੁਹਾਡੀ ਸੇਵਾ ਵਿੱਚ ਭੇਜ ਰਿਹਾ ਹਾਂ। ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਲੰਘਣ ਬਰਾਬਰ ਹੈ।

ਦਾਸ

12 ਮਾਘ ਸੰਮਤ 1928 ਸ਼ਗਨ ਚੰਦ,

(23 ਜਨਵਰੀ 1872)

## ਅੱਜ ਇਹ ਜਵਾਬ ਲਾਲਾ ਸ਼ਗਨ ਚੰਦ ਸਾਹਿਬ ਦਾ ਪੁੱਜਾ, ਸੋ ਹੁਕਮ ਹੋਇਆ ਕਿ

ਸਵਾਰਾਂ ਦੀ ਰਵਾਨਗੀ ਸੰਬੰਧੀ ਵਕੀਲ ਲੁਧਿਆਣਾ ਨੂੰ ਇਤਲਾਹ ਦਿੱਤੀ ਜਾਵੇ ਅਤੇ ਇਹ ਵੀ ਲਿਖਿਆ ਜਾਵੇ ਕਿ ਇੱਕ ਹੋਰ ਲਿਖਤ ਥਾਣੇਦਾਰ ਭਵਾਨੀਗੜ੍ਹ ਵਲੋਂ ਪ੍ਰਾਪਤ ਹੋਈ ਹੈ ਕਿ ਇਹ ਲੋਕ ਭਵਾਨੀਗੜ੍ਹ ਤੋਂ ਚੱਲ ਕੇ ਅਮਰਗੜ੍ਹ ਪੁੱਜ ਗਏ ਹਨ ਅਤੇ ਇੱਥੋਂ ਮੁਹੰਮਦ ਹਸਨ ਦਰਬਾਰੀ ਨੂੰ ਇਹ ਵੀ ਲਿਖਿਆ ਗਿਆ ਹੈ ਕਿ ਤੁਸੀਂ ਇਨ੍ਹਾਂ ਮੁਜ਼ਰਿਮਾਂ ਨੂੰ ਕੋਟਲਾ ਵਿਖੇ ਸਰਦਾਰ ਨਾਰਾਇਣ ਸਿੰਘ ਸਾਹਿਬ ਬਹਾਦੁਰ ਪਾਸ ਲੈ ਕੇ ਹਾਜ਼ਿਰ ਹੋ ਜਾਓ। ਉਮੀਦ ਹੈ ਉਹ ਪਹੁੰਚ ਗਏ ਹੋਣਗੇ।

24 ਜਨਵਰੀ ਸੰਨ 1872 ਈ:

ਸ੍ਰੀ ਮਾਨ ਜੀ,

ਦਾਸ ਦੀ ਇਸ ਥਾਣੇ ਵਿੱਚ ਨਿਯੁਕਤੀ ਹੋਣ ਤੋਂ ਪਹਿਲਾਂ ਭਾਵੇਂ ਵਕਾਲਤ ਲੁਧਿਆਣਾ ਤੇ ਰਿਆਸਤ ਕੋਟਲਾ ਮਾਲੇਰ ਦੀਆਂ ਲਿਖਤਾਂ ਆਈਆਂ ਕਿ ਕੂਕੇ ਫ਼ਸਾਦ ਪਾਉਣ ਦੇ ਇਰਾਦੇ ਨਾਲ ਪਿੰਡ ਭਸੌੜ ਵਿੱਚ ਇੱਕਠੇ ਹੋਏ ਹਨ ਅਤੇ ਕਾਤਰੋਂ ਤੇ ਫਰਵਾਹੀ ਪਿੰਡਾਂ ਦੇ ਵਿਚਾਲੇ, ਤੇ ਗੜ੍ਹੀ ਤੇ ਨੰਗਲ ਦੇ ਵਿਚਕਾਰ ਦੰਗਾ ਕੀਤਾ ਪਰ ਉਸ ਤੋਂ ਮਗਰੋਂ ਜਦੋਂ ਤੋਂ ਕੂਕੇ ਰੜ੍ਹ ਵਿਖੇ ਗ੍ਰਿਫ਼ਤਾਰ ਹੋਏ, ਕੋਈ ਤਸਦੀਕ ਸ਼ੁਦਾ ਲਿਖਤ ਨਹੀਂ ਪੁੱਜੀ। ਇਹ ਹਾਲ ਵੀ ਅਜਿਹਾ ਹੀ ਹੋਵੇਗਾ ਪਰ ਫਿਰ ਵੀ ਇਹ ਦਾਸ ਹਜ਼ੂਰ ਦਾ ਹੁਕਮ ਜਾਰੀ ਹੋਣ ’ਤੇ ਮਾਲਿਕਾਂ ਦੇ ਤੇਜ ਪਰਤਾਪ ਸਦਕਾ ਚੌਕਸ ਤੇ ਖ਼ਬਰਦਾਰ ਹੋ ਕੇ ਹੁਣ ਦਿਨ ਰਾਤ ਰੌਂਦ ਗਸ਼ਤ ਤੇ ਖ਼ਬਰ ਰੱਖਣ ਵੱਲੋਂ ਇੱਕ ਪਲ ਵੀ ਅਵੇਸਲਾ ਨਾ ਹੋਵੇਗਾ ਜਦੋਂ ਤੱਕ ਮਾਲਿਕਾਂ ਦਾ ਤੇਜ ਪਰਤਾਪ ਇਸ ਦਾਸ ਦਾ ਮਦਦਗਾਰ ਹੈ ਉਦੋਂ ਤੱਕ ਕੁਝ ਡਰ ਨਹੀਂ ਹੈ ਪਰੰਤੂ ਇਸ ਥਾਣੇ ਵਿੱਚ ਬੰਦੂਕਾਂ ਆਦਿ ਅਸਲਾ ਮੌਜੂਦ ਨਹੀਂ ਹੈ।

ਸੋ ਦਾਸ ਲਈ ਬਾਰੂਦ ਦੀ ਭਰੀ ਇੱਕ ਕੌਲੀ ਤੇ ਅੰਗਰੇਜ਼ੀ ਮਸਾਲੇ ਨਾਲ ਭਰੀ ਹੋਈ ਇੱਕ ਡੱਬੀ ਅਤੇ ਥਾਣੇ ਦੇ ਮੁਹੱਰਿਰ ਲਈ ਹਮੇਸ਼ਾ ਰੱਖਣ ਵਾਸਤੇ ਇੱਕ ਤਲਵਾਰ, ਬੰਦੂਕ ਸਮੇਤ ਜ਼ਰੂਰੀ ਸਾਮਾਨ ਦੀ ਲੋੜ ਹੈ।

ਸੋ ਬੇਨਤੀ ਪਹੁੰਚਾਉਂਦਾ ਹੋਇਆ ਉਮੀਦ ਕਰਦਾ ਹਾਂ ਕਿ ਥਾਣੇ ਦੇ ਨੌਂ ਸਿਪਾਹੀਆਂ, ਦਾਸ ਤੇ ਥਾਣੇ ਦੇ ਮੁਹੱਰਿਰ ਵਾਸਤੇ ਬੰਦੂਕਾਂ, ਗੋਲੀ ਸਿੱਕਾ ਆਦਿ ਬਖਸ਼ਿਆ ਜਾਵੇ। ਮਾਲਿਕਾਂ ਦੀ ਮਿਹਰਬਾਨੀ ਹੋਵੇਗੀ।

ਵਾਜਿਬ ਤੌਰ ’ਤੇ ਅਰਜ਼ ਕੀਤਾ।
ਹਕੂਮਤ ਦਾ ਸੂਰਜ ਚਮਕਦਾ ਰਵ੍ਹੇ !
**ਲੋੜੀਂਦੀਆਂ ਚੀਜ਼ਾਂ ਦਾ ਵੇਰਵਾ ਇਹ ਹੈ :–**

| ਥਾਣੇ ਦੇ ਸਿਪਾਹੀਆਂ ਵਾਸਤੇ | ਦਾਸ ਥਾਣੇਦਾਰ ਵਾਸਤੇ | ਥਾਣੇ ਦੇ ਮੁਹੱਰਿਰ ਵਾਸਤੇ |
|---|---|---|
| ਬੰਦੂਕਾਂ 9<br>ਬਾਰੂਦ 10 ਸੇਰ | ਬਾਰੂਦ ਨਾਲ ਭਰੀ ਕੌਲੀ,<br>ਅੰਗਰੇਜ਼ੀ ਮਸਾਲੇ ਨਾਲ ਭਰੀ ਡੱਬੀ,<br>ਗੋਲੀਆਂ ਵਾਸਤੇ ਸਿੱਕਾ 2 ਸੇਰ | ਹਮੇਸ਼ਾਂ ਰੱਖਣ ਲਈ ਇੱਕ ਤਲਵਾਰ,<br>ਬੰਦੂਕ ਸਮੇਤ ਸਾਮਾਨ<br>ਬੰਦੂਕ |

ਦਾਸ
ਸੱਦਾ ਸਿੰਘ ਥਾਣੇਦਾਰ ਸ਼ੇਰਪੁਰ।
4 ਵੈਸਾਖ 1929.

---

**ਹੁਕਮ ਹੋਇਆ ਕਿ**

ਮਹਿਕਮਾਂ ਸਦਰ ਅਦਾਲਤ ਰਾਹੀਂ ਤਲਵਾਰ ਤੇ ਬੰਦੂਕਾਂ ਭੇਜੀਆਂ ਜਾਣ। ਅਦਾਲਤ ਦੇ ਹਾਕਿਮ ਨੂੰ ਲਿਖਿਆ ਜਾਵੇ ਕਿ ਪੁਲਿਸ ਦੇ ਮੁਲਾਜ਼ਿਮਾਂ ਕੋਲ ਅਸਲਾ ਮੌਜੂਦ ਨਹੀਂ ਹੈ ਜੋ ਸਖਤ ਇਤਰਾਜ਼ ਵਾਲੀ ਗੱਲ ਖਿਆਲ ਕੀਤੀ ਜਾਂਦੀ ਹੈ। ਤੁਸੀਂ ਹਰੇਕ ਸਿਪਾਹੀ ਨੂੰ ਇੱਕ ਇੱਕ ਤਲਵਾਰ ਤੇ ਇੱਕ ਇੱਕ ਬੰਦੂਕ ਦਿਵਾ ਕੇ ਉਨ੍ਹਾਂ ਕੋਲ ਮੌਜੂਦ ਰਹਿਣ ਦਾ ਬੰਦੋਬਸਤ ਕਰਵਾ ਦਿਓ ਅਤੇ ਮਹਿਕਮਾਂ ਮਾਲ ਰਾਹੀਂ ਇੱਕ ਇੱਕ ਤਲਵਾਰ ਤਹਿਸੀਲ ਤੇ ਨਿਜ਼ਾਮਤ ਤੇ ਚਪੜਾਸੀਆਂ ਨੂੰ ਦਿਵਾਈ ਜਾਵੇ।

ਇਹ ਥਾਣੇਦਾਰ ਬਾਰੂਦ ਤੇ ਮਸਾਲਾ ਆਦਿ ਦਾ ਆਪਣੇ ਤੌਰ 'ਤੇ ਬੰਦੋਬਸਤ ਕਰ ਲਵੇ।

-Sd-

ਸੱਯਦ ਮੁਹੰਮਦ ਹੁਸੈਨ,

ਵਜ਼ੀਰ ਸਾਹਿਬ,

**ਮਹਿਕਮਾਂ ਮੁਨਸ਼ੀ ਖ਼ਾਨੇ ਤੋਂ :–**

ਰੋਬਕਾਰ ਲਿਖ ਕੇ ਜਨਾਬ ਵਜ਼ੀਰ ਸਾਹਿਬ ਬਹਾਦੁਰ ਦੇ ਹੁਕਮ ਦੀ ਤਾਮੀਲ ਕਰਨ ਵਾਸਤੇ ਸਦਰ ਅਦਾਲਤ ਦੇ ਹਾਕਿਮ ਦੀ ਸੇਵਾ ਵਿੱਚ ਭੇਜ ਦਿੱਤੀ ਜਾਵੇ। ਨਾਲੇ ਰੋਬਕਾਰ ਦੀ ਨਕਲ ਇੰਤਜ਼ਾਮ ਕਰਨ ਵਾਸਤੇ ਦੀਵਾਨ ਸਾਹਿਬ ਦੀ ਸੇਵਾ ਵਿੱਚ ਭੇਜੀ ਜਾਵੇ ਅਤੇ ਥਾਣੇਦਾਰ ਨੂੰ ਵੀ ਸੂਚਿਤ ਕੀਤਾ ਜਾਵੇ।

-Sd-

ਮੀਰ ਮੁਨਸ਼ੀ ਸਰਕਾਰ,

# ਲੁਕਿਆ ਸੱਚ

---

**ਦਇਆਲਤਾ ਅਤੇ ਕ੍ਰਿਪਾਲਤਾ ਦੇ ਪ੍ਰਤੀਕ ਸ੍ਰੀਮਾਨ ਸੱਈਅਦ ਮੁਹੰਮਦ ਹਸਨ ਖਾਨ ਸਾਹਿਬ ਪ੍ਰਧਾਨ ਮੰਤਰੀ ਬਹਾਦੁਰ ਰਿਆਸਤ ਪਟਿਆਲਾ,**

ਜਾਚਕ ਵੱਲੋਂ ਆਦਾਬ ਅਰਜ਼ ਕਰਨ ਮਗਰੋਂ ਬੇਨਤੀ ਹੈ ਕਿ ਮੈਂ ਆਪ ਦੇ ਲਿਖੇ ਹੁਕਮ ਅਨੁਸਾਰ ਨਾਭੇ ਤੋਂ ਰਵਾਨਾ ਹੋ ਕੇ ਸੰਗਰੂਰ ਪੁੱਜਾ। ਅੱਜ ਰਾਜਾ ਸਾਹਿਬ (ਸੰਗਰੂਰ) ਬਹਾਦੁਰ ਦੇ ਦਫਤਰ ਵਿੱਚ ਛੁੱਟੀ ਸੀ ਇਸ ਲਈ ਉਨ੍ਹਾਂ ਨਾਲ ਮੁਲਾਕਾਤ ਨਹੀਂ ਹੋਈ। ਜੇ ਰੱਬ ਦੀ ਮਰਜ਼ੀ ਹੋਈ ਤਾਂ ਕੱਲ ਮੁਲਾਕਾਤ ਹੋਵੇਗੀ। ਮੁਲਾਕਾਤ ਹੋਣ ਉਪਰੰਤ ਜੋ ਹਾਲਾਤ ਹੋਣਗੇ, ਉਹ ਦੱਸ ਦਿੱਤੇ ਜਾਣਗੇ।

ਰਾਜਾ ਸਾਹਿਬ ਨੇ ਸ਼ਹਿਰ ਵਿੱਚ ਅਜਿਹਾ ਪ੍ਰਬੰਧ ਕਰ ਰੱਖਿਆ ਹੈ ਕਿ ਸ਼ਹਿਰ ਦੇ ਸਾਰੇ ਦਰਵਾਜ਼ਿਆਂ 'ਤੇ ਪਹਿਰੇ ਬੈਠਾਏ ਹੋਏ ਹਨ ਤਾਂ ਕਿ ਕੋਈ ਆਦਮੀ ਆਗਿਆ ਬਿਨਾਂ ਸ਼ਹਿਰ ਦੇ ਅੰਦਰ ਨਾ ਜਾ ਸਕੇ।

ਲਿਖਤ :– 19 ਜਨਵਰੀ ਸੰਨ 1872 ਈ:
ਮੁਤਾਬਿਕ 8 ਮਾਘ ਸੰਮਤ 1928

# 2 ਫਸਾਦ ਦਾ ਅਸਲੀ ਕਾਰਣ ਪਤਾ ਕਰਨ ਦੇ ਆਦੇਸ਼

## ਪਟਿਆਲਾ ਦੇ ਮਾਲਿਕ ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਨਾਮ ਸਾਹਿਬ ਬਹਾਦੁਰ ਸੈਕਟਰੀ ਗੌਰਮਿੰਟ ਪੰਜਾਬ ਵਲੋਂ ਆਈ ਤਾਰ ਦਾ ਤਰਜ਼ਮਾ।

**ਮਿਤੀ 17 ਜਨਵਰੀ ਸਮਾਂ 18 ਘੰਟੇ 50 ਮਿੰਟ (6 ਵੱਜ ਕੇ 50 ਮਿੰਟ ਸ਼ਾਮ)**

ਹਜ਼ੂਰ ਦੀ ਤਾਰ ਦੀ ਖ਼ਬਰ ਪੁੱਜੀ।

ਤੁਹਾਡੇ ਅਹੁਦੇਦਾਰਾਂ ਦੀਆਂ ਸੇਵਾਵਾਂ ਜਨਾਬ ਲੈਫ਼ਟੀਨੈਂਟ ਗਵਰਨਰ ਸਾਹਿਬ ਬਹਾਦੁਰ ਸ਼ੁਕਰਗੁਜ਼ਾਰੀ ਨਾਲ ਕਬੂਲ ਫ਼ਰਮਾਉਂਦੇ ਹਨ ਅਤੇ ਹਜ਼ੂਰ ਨੂੰ ਬੇਨਤੀ ਕਰਦੇ ਹਨ ਕਿ ਇਸ ਫ਼ਸਾਦ ਦਾ ਅਸਲੀ ਕਾਰਨ ਦਰਿਆਫ਼ਤ ਕਰਨ ਵਿੱਚ ਪੂਰੀ ਵਾਹ ਲਾਓ।

ਤਰਜ਼ਮਾ ਸਹੀ ਹੈ।

ਦਸਤਖ਼ਤ

ਮਾਸਟਰ ਮੁਹੰਮਦ ਹੈਦਰ ਬਖ਼ਸ਼ ਖ਼ਾਨ

## ਹੁਕਮ ਹੋਇਆ ਕਿ :

ਤਰਜ਼ਮੇਂ ਦੀ ਨਕਲ ਸੂਚਨਾ ਹਿਤ ਵਕੀਲ ਗੌਰਮਿੰਟ ਦੇ ਕੋਲ ਭੇਜ ਦਿੱਤੀ ਜਾਵੇ।

21 ਜਨਵਰੀ ਸੰਨ 1872 ਈ:

---

## Govt. Telegraph Department

**Monthly No.** 509

**Station :-** Patiala Post at Delhi

| No | No of Words & Syphers | Date of hour tendered for transmission by sender |
|---|---|---|
| 842 | 36 | 17, 18-50 |

**Addressee's Name :-** Maharaja

Your highness telegram recorded. The services of your officials acknowledged with thanks of Lieutenant Governor who requests your highness to endeavour to discover the real cause of outbreaks.

Secretary Government

---

**ਮਿਹਰਬਾਨੀਆਂ ਦੇ ਸਰੋਤ ਤੇ ਸਤਿਕਾਰ ਯੋਗ ਜਨਾਬ ਖ਼ਲੀਫ਼ਾ ਸੱਯਦ ਮੁਹੰਮਦ ਅਲੀ ਮੀਰ ਮੁਨਸ਼ੀ।**

ਨਿਮਰਤਾ ਸਹਿਤ ਸਲਾਮ ਅਰਜ਼ ਕਰਨ ਮਗਰੋਂ ਬੇਨਤੀ ਹੈ ਕਿ ਆਪ ਦਾ ਪੱਤਰ ਮਿਤੀ 21 ਜਨਵਰੀ ਸੰਨ 1872 ਈ: ਇਸ ਹੁਕਮ ਨਾਲ ਪ੍ਰਾਪਤ ਹੋਇਆ ਕਿ ਸ੍ਰੀ ਹਜ਼ੂਰ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ, ਜਨਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਮੁਲਕ ਪੰਜਾਬ ਦੇ ਮਨਸ਼ੇ ਮੁਤਾਬਿਕ ਇਸ ਗੱਲ ਦੀ ਦਰਿਆਫ਼ਤ ਕਰਨ ਵਾਸਤੇ ਹੁਕਮ ਫ਼ਰਮਾਉਂਦੇ ਹਨ ਕਿ **ਕੂਕਾ ਕੌਮ ਦੇ ਬਦਮਾਸ਼ਾਂ ਨੇ ਮਲੌਦ ਤੇ ਕੋਟਲਾ 'ਤੇ ਜਿਹੜਾ ਹਮਲਾ ਕੀਤਾ ਹੈ, ਉਸ ਦਾ ਅਸਲੀ ਕਾਰਨ ਕੀ ਹੈ** ? ਅਤੇ ਇਸ ਗੱਲ ਦੀ ਤਹਿ ਤੱਕ ਜਾ ਕੇ ਤੇ ਇੱਥੇ ਆ ਕੇ ਸਾਨੂੰ ਮਾਣ ਬਖਸ਼ਿਆ ਜਾਵੇ।

ਭਾਵੇਂ ਖ਼ਾਸ ਇਸ ਹਮਲੇ 'ਚ ਫ਼ਸਾਦੀਆਂ ਦੇ ਅਸਲ ਇਰਾਦੇ ਦਾ ਹਾਲ ਮਾਲੂਮ ਨਹੀਂ ਹੋਇਆ ਕਿ ਇਸ ਥੋੜ੍ਹੇ ਜਿਹੇ ਟੋਲੇ ਨੇ ਇਸ ਹਮਲੇ ਦਾ ਨਤੀਜਾ ਆਪਣੇ ਹੱਕ 'ਚ ਕੀ ਸੋਚਿਆ ਅਤੇ ਕਿਸ ਇਰਾਦੇ ਨਾਲ ਪ੍ਰਤੱਖ ਤੌਰ 'ਤੇ ਇਸ ਹਰਕਤ ਦੇ ਭਾਗੀ ਬਣੇ ਕਿਉਂਕਿ ਇਹ ਥੋੜ੍ਹੀ ਜਿਹੀ ਜਮਾਤ ਨਾ ਤਾਂ ਰਿਆਸਤ ਕੋਟਲਾ 'ਤੇ ਕਬਜ਼ਾ ਕਰ ਸਕਦੀ ਸੀ ਤੇ ਨਾ ਉਨ੍ਹਾਂ ਦੇ ਸ਼ਹੀਦ ਹੋਣ ਦੇ ਇਰਾਦੇ ਦਾ ਪਤਾ ਚੱਲਿਆ। ਜੇ ਉਨ੍ਹਾਂ ਦਾ ਸ਼ਹੀਦ ਹੋਣ ਦਾ ਇਰਾਦਾ ਹੁੰਦਾ ਤਾਂ ਉਹ ਪੰਜ ਸੱਤ ਆਦਮੀਆਂ ਦੇ ਅੱਗੇ ਹਥਿਆਰ ਸੁੱਟ ਕੇ, ਉਨ੍ਹਾਂ ਦੀਆਂ ਧਮਕੀਆਂ ਨਾਲ ਜਾਂ ਉਨ੍ਹਾਂ ਦੇ ਧੋਖਾ ਦੇਣ ਨਾਲ ਆਪਣੇ ਪੈਰਾਂ ਨਾਲ ਚੱਲ ਕੇ ਤੇ ਕਿਲ੍ਹਾ ਸ਼ੇਰਪੁਰ 'ਚ ਆ ਕੇ ਕੈਦ ਨਾ ਹੁੰਦੇ। ਪਰੰਤੂ ਆਮ ਤੌਰ 'ਤੇ ਜਿਹੜਾ ਇਸ ਫ਼ਿਰਕੇ ਦਾ ਹਾਲ ਸੁਣਿਆ ਜਾਂਦਾ ਹੈ ਉਸ ਤੋਂ ਸਾਫ਼ ਜ਼ਾਹਿਰ ਹੈ ਕਿ ਇਹ ਲੋਕ ਆਪਣੇ ਗੁਰੂ ਦੀਆਂ ਕਰਾਮਾਤਾਂ ਦੇ ਜ਼ੋਰ 'ਤੇ ਮੁਲਕ ਨੂੰ ਫ਼ਤਹ ਕਰਨ ਦਾ ਇਰਾਦਾ ਰੱਖਦੇ ਹਨ। **ਰਤਨ ਸਿੰਘ ਗਿਆਨੀ**, ਜਿਹੜਾ ਬੁੱਚੜਾਂ ਦੇ ਮੁਕੱਦਮੇ 'ਚ ਰਾਏਕੋਟ ਵਿਖੇ ਫ਼ਾਂਸੀ ਲਾਇਆ ਗਿਆ, ਉਪ੍ਰੋਕਤ ਵਾਰਦਾਤ ਤੋਂ ਪਹਿਲਾਂ ਇੱਕ ਕੂਕੇ ਦੀ ਰਿਹਾਈ ਵਾਸਤੇ ਮਹਿਕਮਾ ਸ਼ੇਖ਼ ਇਲਾਹੀ ਬਖ਼ਸ਼ ਨਾਇਬ ਵਿੱਚ ਹਾਜ਼ਿਰ ਹੋਇਆ ਸੀ, ਉਸ ਨੇ ਸ਼ੇਖ਼ ਸਾਹਿਬ ਦੇ ਸਾਹਮਣੇ ਜ਼ਿਕਰ ਜ਼ਕਾਰ ਕਰਦੇ ਹੋਏ ਸਾਫ਼ ਬਿਆਨ ਕੀਤਾ ਸੀ ਕਿ " ਅਜੇ ਮੈਨੂੰ ਮਾਲਾ ਰੱਖਣ ਦਾ ਹੁਕਮ ਹੈ ਅਤੇ ਛੇਤੀ ਹੀ ਤਲਵਾਰ ਫ਼ੜਨ ਦਾ ਹੁਕਮ ਹੋਣ ਵਾਲਾ ਹੈ।" ਅਤੇ ਉਸ ਨੇ ਇਹ ਵੀ ਕਿਹਾ ਸੀ ਕਿ " ਇੱਕ ਵਾਰਦਾਤ ਅੰਮ੍ਰਿਤਸਰ ਦੀ ਤਾਂ ਕੀ ਹੋਈ ਹੈ, ਹੁਣ ਗੁਰੂ ਦਾ ਭਾਣਾ ਥਾਂ ਪਰ ਥਾਂ ਇਸੇ ਤਰ੍ਹਾਂ ਵਰਤੇਗਾ।"

ਅਕਸਰ ਕੂਕਿਆਂ ਦਾ ਆਪਣੀ ਸੰਗਤ ਵਾਲਿਆਂ 'ਚ ਇਹ ਬਿਆਨ ਹੈ ਕਿ " ਸਾਡੀ ਜ਼ਿੰਦਗੀ ਕੁਝ ਦਿਨਾਂ ਦੀ ਹੈ। ਕੁਝ ਦਿਨਾਂ 'ਚ ਜਾਂ ਤਾਂ ਮਾਰੇ ਗਏ, ਜੇ ਜਿਉਂਦੇ ਰਹੇ ਤਾਂ ਰਾਜ ਕਰਾਂਗੇ।"

ਇਹ ਲੋਕ ਆਪਣੇ ਗੁਰੂ ਦੇ ਅਤਿਅੰਤ ਸ਼ਰਧਾਲੂ ਹਨ। ਇਨ੍ਹਾਂ ਨੂੰ ਆਪਣੀ ਜਹਾਲਤ (ਨਾਦਾਨੀ) ਸਦਕਾ ਇਹ ਯਕੀਨ ਹੋ ਗਿਆ ਹੈ ਕਿ ਸਾਡੇ ਪੰਥ ਦਾ ਰਾਜ ਹੋ ਜਾਵੇਗਾ ਇਸੇ ਵਾਸਤੇ ਇਹ ਲੋਕ ਜਿਹੜੇ ਚਲਾਕ ਤੇ ਚੁਸਤ ਨਹੀਂ, ਪਹਿਲ ਕਦਮੀ ਵਿਖਾਉਂਦੇ ਹਨ। **ਪਰ ਕਿਉਂਕਿ ਇਹ ਬਹਾਦੁਰ ਨਹੀਂ ਹਨ** ਤੇ ਨਾ ਹੀ ਇਨ੍ਹਾਂ ਨੂੰ ਕੁਝ ਅਕਲ ਹੈ ਇਸੇ ਵਾਸਤੇ ਬੁਜ਼ਦਿਲੀ ਨਾਲ ਹਥਿਆਰ ਵੀ ਸੁੱਟ ਦਿੰਦੇ ਹਨ ਅਤੇ ਬੇਅਕਲੀ ਸਦਕਾ ਧੋਖੇ 'ਚ ਆ ਕੇ ਇੱਕ ਅਸੰਭਵ ਕੰਮ ਹੋਣ ਦਾ ਵੀ ਯਕੀਨ ਕਰ ਲੈਂਦੇ ਹਨ। ਇਨ੍ਹਾਂ ਦੋਹਾਂ ਗੱਲਾਂ ਦਾ ਉਨ੍ਹਾਂ ਦਾ ਤਜਰਬਾ ਮਲੌਦ ਤੇ ਕੋਟਲਾ ਦੀ ਇਸ ਵਾਰਦਾਤ ਵਿੱਚ ਬਹੁਤ ਚੰਗੀ ਤਰ੍ਹਾਂ ਦੇਖਿਆ ਗਿਆ ਹੈ। ਅਕਲਮੰਦ ਆਦਮੀ ਕੋਈ ਕੰਮ ਕਿਸੇ ਕਾਰਨ ਤੋਂ ਬਿਨਾਂ ਨਹੀਂ ਕਰਦਾ। ਇਸੇ ਵਾਸਤੇ ਇੱਕ ਸੂਝਵਾਨ ਆਦਮੀ ਦੂਜੇ ਆਦਮੀ ਦੇ ਕੰਮ ਦਾ ਵੀ ਸੱਬਬ ਦਰਿਆਫ਼ਤ ਕਰਦਾ ਹੈ।

## ਲੁਕਿਆ ਸੱਚ

---

ਇਸ ਵਾਰਦਾਤ ਦਾ ਪ੍ਰਗਟ ਤੌਰ 'ਤੇ ਸੱਬਬ (ਇਰਾਦਾ) ਇਸੇ ਫ਼ਿਰਕੇ ਦੇ ਮੂਰਖਾਂ ਵਾਲੇ ਬਿਆਨ ਦੇ ਮੁਤਾਬਿਕ, ਤਾਂ ਮੁਲਕ ਨੂੰ ਹਥਿਆਉਣ ਦਾ ਮਾਲੂਮ ਹੁੰਦਾ ਹੈ। ਅਕਲਮੰਦ ਲੋਕਾਂ ਦਾ ਇਹ ਖ਼ਿਆਲ ਹੈ ਕਿ ਇਨ੍ਹਾਂ ਲੋਕਾਂ ਕੋਲ ਕਿਸੇ ਪ੍ਰਕਾਰ ਦਾ ਜੰਗੀ ਸਾਮਾਨ ਮੌਜੂਦ ਨਹੀਂ ਹੈ, ਅਜਿਹਾ ਸਾਮਾਨ ਨਾ ਹੋਣ ਦੇ ਬਾਵਜੂਦ ਇਹ ਲੋਕ ਇਸ ਤਰ੍ਹਾਂ ਦਾ ਇਰਾਦਾ ਕਦ ਕਰ ਸਕਦੇ ਹਨ ? ਸੋ ਇਨ੍ਹਾਂ ਲੋਕਾਂ ਨੂੰ ਜੰਗੀ ਸਾਮਾਨ ਨਾ ਹੋਣ ਦਾ ਉੱਕਾ ਹੀ ਖ਼ਿਆਲ ਨਹੀਂ ਹੈ। ਇਨ੍ਹਾਂ ਨੂੰ ਆਪਣੇ ਗੁਰੂ ਦੀ ਕਰਾਮਾਤ ਦਾ ਭਰੋਸਾ ਹੋ ਗਿਆ ਹੈ। ਅਸਲ ਵਿੱਚ ਇਹ ਅਸ਼ੁਭ ਮਾਮਲਾ ਰੱਬ ਦੀ ਮਰਜ਼ੀ ਨਾਲ ਸੰਬੰਧਤ ਹੈ, ਉਹ ਜਿਸ ਤਰ੍ਹਾਂ ਦਾ ਕਰਨਾ ਚਾਹੁੰਦਾ ਹੈ ਉਸ ਦਾ ਕੋਈ ਨਾ ਕੋਈ ਸੱਬਬ ਬਣਾ ਕੇ ਉਹੋ ਜਿਹਾ ਹੀ ਇਰਾਦਾ ਆਦਮੀਆਂ ਦੇ ਦਿਲਾਂ 'ਚ ਪੈਦਾ ਕਰ ਦਿੰਦਾ ਹੈ। ਧਿਆਨ ਦੇਣ ਦਾ ਮੌਕਾ ਹੈ ਕਿ 15 ਜਨਵਰੀ ਨੂੰ ਸਵੇਰ ਵੇਲੇ ਇਸ ਟੋਲੇ 'ਚ ਕਿਸ ਕਦਰ ਦਲੇਰੀ ਪੈਦਾ ਹੋਈ ਅਤੇ ਇਸ ਦਲੇਰੀ ਦੇ ਪੈਦਾ ਹੋਣ ਦੇ ਕਾਰਨ ਹੀ ਇੱਕ ਰਿਆਸਤ ਦੇ ਅਸਥਾਨ 'ਤੇ ਬੇਧੜਕ ਹਮਲਾ ਕੀਤਾ। ਥੋੜ੍ਹੀ ਦੇਰ ਮਗਰੋਂ ਰੱਬ ਦੀ ਮਰਜ਼ੀ ਨਾਲ ਜਦ ਉਹ ਇਰਾਦਾ ਦਿਲਾਂ ਤੋਂ ਦੂਰ ਹੋ ਗਿਆ ਤਾਂ ਉਹ ਹੌਸਲਾ ਛੱਡ ਗਏ , ਇੱਥੋਂ ਤੱਕ ਕਿ ਹਥਿਆਰ ਵੀ ਦੇ ਦਿੱਤੇ ਅਤੇ ਆਪਣੇ ਪੈਰਾਂ ਨਾਲ ਤੁਰ ਕੇ ਆਪਣੀ ਕਬਰ 'ਚ ਆਏ।

ਜਿਹੜਾ ਹਾਲ ਆਮ ਲੋਕਾਂ ਦੀ ਜ਼ਬਾਨੀ ਪਹਿਲਾਂ ਤੋਂ ਮਾਲੂਮ ਸੀ ਉਹ ਅਰਜ਼ ਕੀਤਾ ਗਿਆ ਅਤੇ ਅੱਗੋਂ ਨੂੰ ਦਰਿਆਫ਼ਤ ਕਰਨ ਮਗਰੋਂ ਕਿਸੇ ਹੋਰ ਪ੍ਰਕਾਰ ਦਾ ਪਤਾ ਲੱਗੇਗਾ ਅਰਜ਼ ਕਰ ਦਿੱਤਾ ਜਾਵੇਗਾ।

ਦਾਸ

10 ਮਾਘ 1928 ਮੁਤਾਬਿਕ 21 ਜਨਵਰੀ 1872 ਈ: ਨਾਜ਼ਿਮ ਅਨਾਹਦਗੜ੍ਹ,

## ਲੋੜਵੰਦਾਂ ਦੇ ਹਾਲ ਦੇ ਹਮਦਰਦ ਮੀਰ ਮੁਹੰਮਦ ਕਾਜ਼ਿਮ ਸਾਹਿਬ,

ਨਿਮਰਤਾ ਸਹਿਤ ਆਦਾਬ ਅਰਜ਼ ਕਰਨ ਮਗਰੋਂ ਬੇਨਤੀ ਇਹ ਹੈ ਕਿ ਤੁਹਾਡਾ ਮਿਤੀ 28 ਜਨਵਰੀ ਸੰਨ 1872 ਈਃ ਦਾ ਲਿਖਿਆ ਪੱਤਰ, ਸਮੇਤ ਸਾਹਿਬ ਸੈਕਟਰੀ ਬਹਾਦੁਰ ਪੰਜਾਬ ਦੇ ਖ਼ਤ, ਪ੍ਰਾਪਤ ਹੋਇਆ ਜਿਸ ਰਾਹੀ ਦਰਿਆਫ਼ਤ ਕੀਤਾ ਗਿਆ ਸੀ ਕਿ **ਕੂਕਿਆਂ ਦੇ ਫ਼ਸਾਦ ਦਾ ਕਾਰਨ ਤੇ ਉਨ੍ਹਾਂ ਦਾ ਮਨਸ਼ਾ ਕੀ ਸੀ, ਉਨ੍ਹਾਂ ਵਲੋਂ ਇਹ ਫ਼ਸਾਦ ਕਿਉਂ ਹੋਇਆ ਹੈ ?**

ਇਸ ਨਵੇਂ ਧਰਮ ਦਾ ਗੁਰੂ ਬਾਨੀ ਰਾਮ ਸਿੰਘ ਕੂਕਾ ਹੈ ਜਿਹੜਾ ਭੈਣੀ ਵਿਖੇ ਹੈ ਅਤੇ ਇਹ ਆਪਣੇ ਪੁਰਾਣੇ ਮਜ਼ਹਬ ਦੇ ਵਿਰੁੱਧ ਅਮਲ ਕਰਦੇ ਹਨ। ਇਹ ਸਾਰਾ ਨਤੀਜਾ ਉਨ੍ਹਾਂ ਦੀ ਨਾਦਾਨੀ ਦਾ ਹੈ। ਆਪਣੇ ਮਜ਼ਹਬ ਤੋਂ ਨਾ ਵਾਕਿਫ਼, ਜਿਨ੍ਹਾਂ ਲੋਕਾਂ ਨੂੰ ਆਪਣੇ ਨਾਲੋਂ ਬੇਵਕੂਫ਼ ਵੇਖਿਆ, ਚੇਲੇ ਬਣਾ ਲਿਆ। ਇਨ੍ਹਾਂ ਦੀ ਅਕਸਰੀਅਤ ਦਾ ਵੀ ਕੁਝ ਠਿਕਾਣਾ ਨਹੀਂ। ਗੁਰੂ ਰਾਮ ਸਿੰਘ ਨੇ ਤਾਂ ਉੱਚੀ ਸ਼ਾਨ ਵਾਲੇ ਅੰਗਰੇਜ਼ ਸਾਹਿਬਾਨ ਕੋਲ ਰਾਏਕੋਟ ਵਿਖੇ ਸ਼ਾਇਦ ਛੇ ਸੱਤ ਲੱਖ ਦੀ ਗਿਣਤੀ ਬਿਆਨ ਕੀਤੀ ਸੀ। ਇਸ ਫ਼ਿਰਕੇ ਦੇ ਲੋਕ ਸਾਰੀਆਂ ਥਾਵਾਂ 'ਤੇ ਮੌਜੂਦ ਹਨ। ਇੱਕ ਆਦਮੀ ਦੂਜੇ ਨੂੰ ਆਪਣੇ ਮਗਰ ਲਾ ਕੇ ਕੂਕਾ ਬਣਨ ਲਈ ਤਿਆਰ ਕਰ ਲੈਂਦਾ ਹੈ ਇੱਥੋਂ ਤੱਕ ਕਿ ਇਸ ਮਜ਼ਹਬ ਦੀ ਚਰਚਾ ਬਹੁਤ ਸੀ ਅਤੇ ਇਸ ਧਰਮ ਵੱਲ ਲੋਕਾਂ ਦੀ ਤਬੀਅਤ ਦਾ ਇਸ ਕਦਰ ਝੁਕਾਓ ਹੋ ਗਿਆ ਕਿ ਬਿਆਨ ਨਹੀਂ ਹੋ ਸਕਦਾ। ਉਹ ਲੋਕ ਇਸ ਧਰਮ ਵਿੱਚ ਬਿਲਕੁਲ ਲੀਨ ਹਨ ਤੇ ਜਾਨ ਤੱਕ ਨੂੰ ਕੁਝ ਨਹੀਂ ਸਮਝਦੇ। ਬਾਅਜ਼ਿਆਂ ਦੀ ਤਾਂ ਇਹ ਨੌਬਤ ਵੇਖੀ ਗਈ ਕਿ ਸੂਫ਼ੀਆਂ ਵਾਂਗ ਸਿਰ ਹਲਾਉਂਦੇ ਹਨ ਅਤੇ ਕਲੰਦਰਾਂ (ਦਰਵੇਸ਼ਾਂ) ਵਾਂਗ ਹੱਥ ਪੈਰ ਮਾਰਦੇ ਹਨ। ਜਦੋਂ ਕੂਕਿਆਂ ਨੂੰ ਤੋਪਾਂ ਨਾਲ ਉਡਾਇਆ ਗਿਆ ਤਾਂ ਕਈਆਂ ਨੂੰ ਹਾਲਾਂਕਿ ਉਹ ਜਾਣ ਗਏ ਸਨ ਕਿ ਅਸੀਂ ਵੀ ਉਡਾਏ ਜਾਵਾਂਗੇ, ਉਸ ਹਾਲਤ ਵਿੱਚ ਵੀ ਗੁਰੂ ਰਾਮ ਸਿੰਘ ਨੂੰ ਆਪਣਾ ਆਗੂ ਇਹ ਕਹਿ ਕੇ ਮੰਨਦੇ ਹੋਏ ਵੇਖਿਆ ਗਿਆ ਕਿ ਇਹ ਤਾਂ ਗੁਰੂ ਰਾਮ ਸਿੰਘ ਦੀ ਕਰਾਮਾਤ ਹੈ। ਗੁਰੂ ਰਾਮ ਸਿੰਘ ਪੁਰਾਣੇ ਧਰਮ ਦੇ ਬਾਨੀਆਂ ਤੋਂ ਬਾਜ਼ੀ ਲੈ ਗਿਆ ।

ਫ਼ਰਜ਼ ਕਰੋ ਇਨ੍ਹਾਂ ਕੂਕਿਆਂ ਤੋਂ ਰਾਏਕੋਟ ਤੇ ਅੰਮ੍ਰਿਤਸਰ ਦੇ ਮਾਮਲਿਆਂ ਵਿੱਚ ਇਹ ਕਾਰਵਾਈ ਗਊ ਨੂੰ ਮਾਰਨ ਦੀ ਦੁਸ਼ਮਣੀ ਦੇ ਕਾਰਨ ਅਮਲ 'ਚ ਆਈ ਅਤੇ ਉਹ ਕੋਟਲਾ 'ਚ ਵੀ ਇਸੇ ਖਿਆਲ ਨਾਲ ਆਏ ਪਰੰਤੂ ਇਨ੍ਹਾਂ ਦਾ ਸਿੱਧਾ ਸਵਰਗਵਾਸੀ ਮੀਰ ਸਿੰਕਦਰ ਅਲੀ ਖ਼ਾਨ ਸਾਹਿਬ ਨਵਾਬ ਦੇ ਮਕਾਨ 'ਤੇ ਜਾਣਾ ਤੇ ਖ਼ੂਨ ਖਰਾਬਾ ਕਰਨਾ ਕਿਸ ਦੁਸ਼ਮਣੀ ਕਾਰਨ ਸੀ ? ਜੇ ਇਨ੍ਹਾਂ ਦੇ ਖਿਆਲਾਤ ਮਜ਼ਹਬ ਦੇ ਪੱਖੋਂ ਸਨ ਤਾਂ ਇਹ ਕਸਾਈਆਂ ਦੇ ਮਕਾਨਾਂ ਵੱਲ ਜਾਂਦੇ। ਇਹ ਲੋਕ ਪਹਿਲਾਂ ਕਸਾਈਆਂ ਦੇ ਮਕਾਨਾਂ 'ਤੇ ਨਹੀਂ ਗਏ ਸਿੱਧੇ ਕਿਲੇ 'ਤੇ ਪੁੱਜੇ । ਮੈਂ ਪਹਿਲੇ ਬਿਨੈ-ਪੱਤਰ ਵਿੱਚ ਜੋ ਲਿਖਿਆ ਸੀ ਕਿ ਕੂਕੇ ਪਹਿਲਾਂ ਕਸਾਈਆਂ ਦੇ ਮਕਾਨਾਂ 'ਤੇ ਪੁੱਜੇ ਤੇ ਫਿਰ ਕਿਲੇ ਵੱਲ ਗਏ, ਪਰ ਹੁਣ ਦਰਿਆਫ਼ਤ ਕਰਨ ਤੋਂ ਇਹ ਗੱਲ ਬਿਲਕੁਲ ਗ਼ਲਤ ਨਿਕਲੀ। ਕੂਕਿਆਂ ਦਾ ਕਥਨ ਹੈ ਕਿ ਇਕ ਮਜ਼ਹਬ ਹੋ ਜਾਵੇਗਾ ਤੇ ਗੁਰੂ ਰਾਮ ਸਿੰਘ ਹਿੰਦੋਸਤਾਨ 'ਤੇ ਰਾਜ ਕਰੇਗਾ। ਇਹ ਬੇਵਕੂਫ਼ ਦਿਲੋਂ ਚਾਹੁੰਦੇ ਹਨ ਕਿ ਅਜਿਹਾ ਹੀ ਹੋਵੇਗਾ। ਇਨ੍ਹਾਂ ਦਾ ਮਲੌਦ ਨੂੰ ਜਾਣਾ ਕੇਵਲ ਹਥਿਆਰ ਲੈਣ ਵਾਸਤੇ ਸੀ ਅਤੇ ਮਲੌਦ ਨੂੰ ਕਬਜ਼ੇ 'ਚ ਕਰਨਾ ਨਹੀਂ ਸੀ। ਜੇ ਇਨ੍ਹਾਂ ਦਾ ਮਲੌਦ 'ਤੇ ਕਬਜ਼ਾ ਕਰਨ ਦਾ ਖ਼ਿਆਲ ਹੁੰਦਾ ਤਾਂ ਇਹ ਲੋਕ ਉੱਥੋਂ ਕਿਉਂ ਆਉਂਦੇ ? ਉਨ੍ਹਾਂ ਨੂੰ ਕਿਸੇ ਨੇ ਜ਼ਬਰਦਸਤੀ ਨਹੀਂ ਕੱਢਿਆ ਬਲਕਿ ਮਲੌਦ ਵਾਸੀਆਂ ਨੇ ਬੜੀ ਮੁਸ਼ਕਿਲ ਨਾਲ ਆਪਣਾ ਪਿੱਛਾ ਛੁਡਾਇਆ ਸੀ।

**ਕੋਟਲਾ 'ਤੇ ਇਨ੍ਹਾਂ ਦਾ ਹਮਲਾ ਕਰਨਾ ਗਊਕੁਸ਼ੀ ਦੇ ਗੁੱਸੇ ਕਾਰਨ ਨਹੀਂ ਸੀ ਬਲਕਿ ਰਿਆਸਤ 'ਤੇ ਕਬਜ਼ਾ ਕਰਨ ਵਾਸਤੇ ਸੀ** ਇਨ੍ਹਾਂ ਲੋਕਾਂ ਵਿੱਚ ਇੱਕ ਗੁਰਮੁਖ ਸਿੰਘ ਨਾਮੀ ਬਾਗ਼ੀ ਪਿੰਡ ਫਰਵਾਹੀ ਇਲਾਕਾ ਕੋਟਲਾ ਦਾ ਸੀ ਜਿਹੜਾ ਕੋਟਲਾ ਵਿਖੇ ਤੋਪ ਨਾਲ ਉਡਾਇਆ ਗਿਆ। ਇਹ ਲਹਿਣਾ ਸਿੰਘ ਤੇ ਹੀਰਾ ਸਿੰਘ ਦਾ ਕਰੀਬੀ ( ਨਜ਼ਦੀਕੀ) ਸੀ। ਇਸ ਨੇ ਲਹਿਣਾ

ਸਿੰਘ ਤੇ ਹੀਰਾ ਸਿੰਘ ਨਾਲ ਸਲਾਹ ਕੀਤੀ ਸੀ ਕਿ ਸਾਨੂੰ ਰਿਆਸਤ ਕੋਟਲਾ ਦੇ ਰਈਸ ਨੂੰ ਜਾਂਦੇ ਹੀ ਕਾਬੂ ਕਰ ਲੈਣਾ ਚਾਹੀਦਾ ਹੈ, ਕਿਸੇ ਤਰ੍ਹਾਂ ਜਾਂਦੇ ਹੀ ਕਬਜ਼ਾ ਕਰ ਲੈਣਾ ਚਾਹੀਦਾ ਹੈ। ਜਦੋਂ ਇਹ ਰਿਆਸਤ ਸਾਡੇ ਕਬਜ਼ੇ 'ਚ ਆ ਗਈ ਤਾਂ ਕੱਲ ਨੂੰ ਇਹੋ ਲੋਕ ਸਾਡੇ ਕੋਲ ਇੱਕਠੇ ਹੋ ਜਾਣਗੇ। ਫਿਰ ਅਸੀਂ ਹੌਲੀ-ਹੌਲੀ ਦੂਸਰੇ ਪਾਸਿਆਂ ਨੂੰ ਹੱਥ ਪਾਵਾਂਗੇ । ਕੋਟਲੇ ਨੂੰ ਇਨ੍ਹਾਂ ਨੇ ਅਚਾਨਕ ਤੇ ਛੇਤੀ 'ਚ ਹੱਥ ਪਾਇਆ।

ਹੁਣ ਪਤਾ ਚਲਿਆ ਹੈ ਕਿ ਇਹ ਲੋਕ ਪਹਿਲਾਂ ਤੋਂ ਹੀ ਇਸ ਦਾ ਇਰਾਦਾ ਕਰੀ ਬੈਠੇ ਸਨ । ਇਹ ਪੱਕੀ ਖਬਰ ਨਹੀਂ ਬਲਕਿ ਅਫ਼ਵਾਹ ਦੇ ਤੌਰ 'ਤੇ ਹੈ।

**ਮੇਰੀ ਰਾਏ ਵਿੱਚ ਇਨ੍ਹਾਂ ਵਲੋਂ ਇਸ ਮਾਰਧਾੜ ਤੇ ਫ਼ਸਾਦ ਦਾ ਕਾਰਨ ਆਪਣੇ ਧਰਮ ਦੀ ਤਰੱਕੀ ਕਰਨਾ ਤੇ ਮੁਲਕ ਨੂੰ ਫ਼ਤਹ ਕਰਨਾ ਹੈ ਪਰੰਤੂ ਇਹ ਗੱਲ ਸਾਰਿਆਂ 'ਤੇ ਲਾਗੂ ਨਹੀਂ ਹੁੰਦੀ। ਅਕਸਰ ਲੋਕ ਦਿਲੋਂ ਇਹ ਚਾਹੁੰਦੇ ਹਨ ਕਿ ਮਜ਼ਹਬ ਵਿੱਚ ਤਰੱਕੀ ਹੋਵੇ ਤੇ ਮੁਲਕ ਲਿਆ ਜਾਵੇ ਅਤੇ ਸਾਰੇ ਇਹ ਚਾਹੁੰਦੇ ਹਨ ਕਿ ਗਊਕੁਸ਼ੀ ਬੰਦ ਹੋ ਜਾਵੇ।**

30 ਜਨਵਰੀ ਸੰਨ 1872 ਈ:

ਲੇਖਕ :- ਨਿਆਜ਼ ਅਲੀ ਹੁਸੈਨ,
ਨਾਇਬ ਨਾਜ਼ਿਮ ਅਮਰਗੜ੍ਹ,
ਸ਼ੇਰਪੁਰ ਦੇ ਅਸਥਾਨ ਤੋਂ।

## ਮੇਰੇ ਸਤਿਕਾਰ ਯੋਗ ਤੇ ਸੇਵਾ ਯੋਗ ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ ਸਾਹਿਬ,

ਤੁਹਾਡਾ 21 ਜਨਵਰੀ ਸੰਨ 1872 ਈ: ਦਾ ਪੱਤਰ ਮਿਲਿਆ ਜਿਸ ਰਾਹੀਂ ਤੁਸੀਂ ਕੂਕਿਆਂ ਤੇ ਕਸਬਾ ਕੋਟਲਾ ਤੇ ਮਲੌਦ 'ਤੇ ਹੋਏ ਹਮਲੇ ਦੇ ਅਸਲੀ ਕਾਰਨ ਬਾਰੇ ਪੁੱਛਿਆ ਹੈ। ਮੈਂ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਮੈਂ ਹਰ ਘੜੀ ਤੇ ਹਰਦਮ ਇਸ ਮਾਮਲੇ ਦੀ ਤਫ਼ਤੀਸ਼ ਤੇ ਪੁੱਛਗਿਛ ਕਰਨ ਵਿੱਚ ਰੁੱਝਿਆ ਹੋਇਆ ਹਾਂ। ਭਾਵੇਂ ਭਾਂਤ ਭਾਂਤ ਦੇ ਹਾਲਾਤ ਨੂੰ ਹਰੇਕ ਆਦਮੀ ਆਪਣੇ ਆਪਣੇ ਖ਼ਿਆਲ ਨਾਲ ਬਿਆਨ ਕਰਦਾ ਹੈ ਪਰ ਜਿੰਨਾਂ ਚਿਰ ਕੂਕਿਆਂ ਦੇ ਫਿਰਕੇ ਦੇ ਕਿਸੇ ਅਸਲੀ ਵਾਕਿਫ਼ ਤੇ ਹਮਰਾਜ਼ ਤੋਂ, ਵਿਸ਼ੇਸ਼ ਕਰਕੇ ਉਨ੍ਹਾਂ ਤੋਂ ਜਿਨ੍ਹਾਂ ਨੇ ਇਹ ਹਰਕਤ ਕੀਤੀ ਹੈ, ਸਹੀ ਤੇ ਪੱਕਾ ਹਾਲ ਮਾਲੂਮ ਨਾ ਹੋ ਜਾਵੇ, ਉਨ੍ਹਾਂ ਚਿਰ ਤੁਹਾਨੂੰ ਦੱਸਿਆ ਨਹੀਂ ਜਾ ਸਕਦਾ। ਸੋ ਮੈਂ ਬੇਨਤੀ ਕਰਦਾ ਹਾਂ ਕਿ ਜਿੱਥੋਂ ਤੱਕ ਸੰਭਵ ਹੈ ਅਸੀਂ ਸਾਰੇ ਇਸ ਮਾਮਲੇ ਦੀ ਛਾਣ ਬੀਣ ਕਰਨ ਵਿੱਚ ਕੋਸ਼ਿਸ਼ ਕਰ ਰਹੇ ਹਾਂ ਅਤੇ ਅੱਗੋਂ ਨੂੰ ਵੀ ਕੋਸ਼ਿਸ਼ ਜਾਰੀ ਰੱਖਾਂਗੇ।

ਲਿਖਤ 21 ਮਾਘ ਸੰਮਤ 1928 ਮੁਤਾਬਿਕ 1 ਫਰਵਰੀ ਸੰਨ 1872 ਈ:
ਦਿਨ ਵੀਰਵਾਰ ਸਮਾਂ ਰਾਤ

# 3. ਮਲੇਰ ਕੋਟਲਾ ਸਾਕੇ ਸਮੇਂ ਹੋਏ ਖਰਚਿਆਂ ਦੇ ਵੇਰਵੇ

**ਮਲੌਂਦ ਤੇ ਕੋਟਲਾ ਦੀ ਵਾਰਦਾਤ ਦੇ ਮੁਜ਼ਰਿਮ ਕੂਕਿਆਂ ਦੀ ਦੋ ਦਿਨਾਂ ਦੀ ਖੁਰਾਕ ਦੇ ਖਰਚ ਦੀ ਫ਼ਰਦ, ਜਿਹੜੇ ਪਿੰਡ ਰੜ ਇਲਾਕਾ ਸ਼ੇਰਪੁਰ ਤੋਂ ਗ੍ਰਿਫ਼ਤਾਰ ਹੋਏ।**

**4 ਮਾਘ ਸੰਮਤ 1928 ਤੋਂ ਪੰਜ ਮਾਘ ਸੰਮਤ 1928 ( ਦੋ ਦਿਨ) 15 ਤੋਂ 16 ਜਨਵਰੀ 1872**

**79 ਰੁਪਏ 13 ਆਨੇ**

| | | ਰੁਪਏ | ਆਨੇ | ਪਾਈ |
|---|---|---|---|---|
| 1. | ਕੂਕਿਆਂ ਦੀ ਦੋ ਦਿਨਾਂ ਦੀ ਖੁਰਾਕ<br>4 ਮਾਘ ਤੋਂ 5 ਮਾਘ 1928<br>**ਰੁਪੈ- ਆਨੇ**<br>ਖੁਰਾਕ = 6 - 12<br>ਜ਼ਖ਼ਮੀ ਕੂਕਿਆਂ ਦੇ ਹਲਵੇ ਦਾ ਖਰਚ = 5 - 3<br>========== | 11 | 15 | 0 |
| 2. | ਘੋੜਿਆਂ ਦੀ ਖੁਰਾਕ, ਜਿੰਨਾਂ ਉੱਤੇ ਮਾਲੇਰ ਕੋਟਲੇ ਦਾ ਰਾਈਸ ਕੂਕਿਆਂ ਨੂੰ ਮਲੌਂਦ ਤੋਂ ਲਿਆਉਣ ਵਾਸਤੇ ਗਿਆ ਸੀ। | 3 | 2 | 3 |
| 3. | ਸੱਤ ਜ਼ਖ਼ਮੀ ਕੂਕਿਆਂ ਦੇ ਜ਼ਖ਼ਮ ਸਿਉਣ ਦਾ ਖਰਚ | 2 | 2 | 6 |
| 4. | ਫ਼ੁਟਕਲ ਖਰਚ | 3 | 9 | 3 |
| 5. | ਕੂਕਿਆਂ ਦੀ ਸਵਾਰੀ ਵਾਲੀਆਂ ਛਕੜਾ ਗੱਡੀਆਂ ਦਾ ਖਰਚ | 25 | 0 | 0 |
| 6. | ਹੋਰ ਫ਼ੁਟਕਲ ਖਰਚ | 34 | 0 | 0 |
| | **ਜੋੜ** | **79** | **13** | **0** |

ਦਾਸ
ਨਿਆਜ਼ ਅਲੀ ਅਹਿਮਦ,
ਨਾਇਬ ਨਾਜ਼ਿਮ ਅਮਰਗੜ੍ਹ।

**ਨੂਰਾਨੀ ਹਜ਼ੂਰ, ਨਿਆਮਤਾਂ ਦੇ ਮਾਲਿਕ, ਜ਼ਮਾਨੇ ਦੇ ਸਖ਼ੀ ਤੇ ਮਹਾਨ ਸ਼ਖਸੀਅਤ, ਰਾਜਿਆਂ ਦੇ ਮਹਾਰਾਜਾ, ਸ੍ਰੀ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ** (ਉਨ੍ਹਾਂ ਦਾ ਤੇਜ ਪਰਤਾਪ ਹਮੇਸ਼ਾ ਕਾਇਮ ਰਹੇ ! )

ਐ ਮਾਲਿਕ !

ਕੋਟਲਾ ਤੇ ਮਲੌਦ ਦੀ ਵਾਰਦਾਤ ਦੇ ਮੁਜ਼ਰਿਮ ਕੂਕਿਆਂ ਦੀ ਖ਼ੁਰਾਕ ਦੇ ਖਰਚ ਦੇ 79 ਰੁਪਏ 13 ਆਨੇ ਇਸ ਦਾਸ ਨੇ ਸ਼ੇਖ਼ ਬਰਕਤ ਅਲੀ ਤਹਿਸੀਲਦਾਰ ਅਮਰਗੜ੍ਹ ਤੇ ਉੱਤਮ ਸਿੰਘ ਥਾਣੇਦਾਰ ਸ਼ੇਰਪੁਰ ਰਾਹੀਂ ਖਰਚ ਕੀਤੇ ਹਨ। ਖਰਚ ਦੀ ਲਿਸਟ ਹਜ਼ੂਰ ਕੋਲ ਭੇਜਦੇ ਹੋਏ ਉਮੀਦਵਾਰ ਹਾਂ ਕਿ ਖਰਚਿਆ ਹੋਇਆ ਰੁਪਿਆ ਛੇਤੀ ਬਖਸ਼ਿਆ ਜਾਵੇ ( ਭਾਵ ਦਿੱਤਾ ਜਾਵੇ) ਕਿਉਂਕਿ ਜਿਹੜੇ ਮਹਾਜਨਾਂ ਤੋਂ ਖ਼ੁਰਾਕ ਦਿਵਾਈ ਗਈ ਸੀ ਉਹ ਮੰਗਦੇ ਹਨ।

ਸਫ਼ੈਦ ਖੰਡ, ਮੈਦਾ ਤੇ ਗਊ ਦਾ ਘੀ, ਜੋ ਕੂਕਿਆਂ ਦੀ ਖ਼ੁਰਾਕ ਵਿੱਚ ਦਰਜ ਹੈ, ਇਨ੍ਹਾਂ ਚੀਜ਼ਾਂ ਦਾ ਹਲਵਾ ਬਣਾ ਕੇ 7 ਜਣੇ ਜ਼ਖ਼ਮੀ ਕੂਕਿਆਂ ਨੂੰ ਦਿੱਤਾ ਗਿਆ ਕਿਉਂਕਿ ਜੱਰਾਹ (ਸਰਜਨ) ਨੇ ਕਹਿ ਦਿੱਤਾ ਸੀ ਕਿ ਜੇ ਇਨ੍ਹਾਂ ਦਾ ਇਲਾਜ ਕਰਵਾਉਣਾ ਹੈ ਤਾਂ ਸਿਵਾਏ ਇਸ ਖ਼ੁਰਾਕ (ਹਲਵਾ) ਦੇ ਉਨ੍ਹਾਂ ਨੂੰ ਹੋਰ ਖ਼ੁਰਾਕ ਨਹੀਂ ਦੇਣੀ ਚਾਹੀਦੀ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨ ਸਮਾਨ ਹੈ,

ਜ਼ੁਲਮ ਸੀਮਤ ਰਹੇ !

ਦਾਸ

ਪੁਰਾਣਾ ਨਮਕ ਪਰਵਰਦਾ,

31 ਜਨਵਰੀ 1872 ਈ:

ਨਿਆਜ਼ ਅਲੀ ਅਹਿਮਦ,

ਨਾਇਬ ਨਾਜ਼ਿਮ ਅਮਰਗੜ੍ਹ, ਸ਼ੇਰਪੁਰ ਦੇ ਅਸਥਾਨ ਤੋਂ।

ਸ੍ਰੀ ਮਾਨ ਜੀ,

ਇਹ ਰੁਪਿਆ ਤੋਸ਼ਾ ਖਾਨੇ ਤੋਂ ਵਸੂਲ ਹੋ ਚੁੱਕਿਆ ਹੈ।

ਸੋ ਬੇਨਤੀ ਹੈ ਕਿ ਕਾਗਜ਼ ਜ਼ਾਬਿਤਾ ਰਾਹੀਂ ਇਹ ਰੁਪਿਆ ਮੀਰ ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ ਕੋਲ ਭੇਜ ਦਿੱਤਾ ਜਾਵੇ। ਵਾਜਿਬ ਤੌਰ ’ਤੇ ਅਰਜ਼ ਹੈ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨਾ ਹੈ।

ਦਾਸ

ਰਜ਼ਾ ਅਲੀ ਮੁਹਾਸਿਬ (ਅਕਾਊਂਟੈਂਟ)

## ਹੁਕਮ ਹੋਇਆ ਕਿ

ਇਹ ਰੁਪਿਆ ਪਰਵਾਨੇ ਰਾਹੀਂ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ ਦੇ ਪਾਸ ਭੇਜ ਦਿੱਤਾ ਜਾਵੇ।

11 ਫਰਵਰੀ 1872 ਈ:

# ਲੁਕਿਆ ਸੱਚ

---

**ਲਾਲਾ ਨਾਨਕ ਬਖ਼ਸ਼ ਨਾਇਬ ਮੀਰ ਮੁਨਸ਼ੀ ਦੀ ਤਜਵੀਜ਼ ਨਾਲ ਮਹਿਕਮਾਂ ਫ਼ੌਜਦਾਰੀ ਮੁਨਸ਼ੀ ਖ਼ਾਨਾ ਵੱਲੋਂ :-**

ਉੱਚੇ ਰੁਤਬੇ ਵਾਲੇ ਸੱਯਦ ਨਿਆਜ਼ ਅਲੀ,
ਨਾਇਬ ਨਾਜ਼ਿਮ,
ਅਮਰਗੜ੍ਹ।

ਖ਼ੁਸ਼ ਰਹੋ !

ਤੁਹਾਡਾ ਬਿਨੈ-ਪੱਤਰ ਮਿਤੀ 31 ਜਨਵਰੀ 1872 ਇਸ ਮਹਿਕਮੇਂ 'ਚ ਪ੍ਰਾਪਤ ਹੋਇਆ ਜਿਸ ਰਾਹੀਂ ਤੁਸੀਂ 4 ਮਾਘ ਤੋਂ 5 ਮਾਘ ਸੰਮਤ 1928 ਤੱਕ ਕੂਕਿਆਂ ਦੀ ਖ਼ੁਰਾਕ 79 ਰੁਪਏ 13 ਆਨੇ ਮਿਲ ਜਾਣ ਲਈ ਬੇਨਤੀ ਕੀਤੀ ਹੈ। ਜੋ ਦੀਵਾਨ ਮਾਲ ਤੋਂ ਪੈਸੇ ਮੰਗਵਾ ਕੇ ਤੁਹਾਡੇ ਕੋਲ ਭੇਜੇ ਜਾਂਦੇ ਹਨ ਤੇ ਹੁਕਮ ਹੈ ਕਿ ਇਨ੍ਹਾਂ ਪੈਸਿਆਂ ਦੀ ਰਸੀਦ ਭੇਜ ਦਿਓ। ਤੁਸੀਂ ਆਪਣੇ ਉੱਤੇ ਸਰਕਾਰ ਦੀ ਮਿਹਰਬਾਨੀ ਸਮਝੋ।

11 ਫਰਵਰੀ 1872.

ਸ੍ਰੀ ਮਾਨ ਜੀ,

ਪਰਵਾਨੇ ਦੇ ਪਿਛਲੇ ਪਾਸੇ ਦਰਜ ਮੁਬਲਗ਼ਾ 79 ਰੁਪਏ 13 ਆਨੇ ਦਾਸ ਕੋਲ ਪੁੱਜ ਗਏ ਹਨ।

ਇਹ ਰਿਪੋਰਟ ਰਸੀਦ ਵਜੋਂ ਭੇਜੀ ਜਾਂਦੀ ਹੈ।

4 ਚੇਤ 1928.

ਦਾਸ
ਸੱਯਦ ਨਿਆਜ਼ ਅਲੀ,
ਨਾਜ਼ਿਮ ਮਹਿੰਦਰਗੜ੍ਹ ਤੇ
ਸਾਬਿਕਾ ਨਾਇਬ ਨਾਜ਼ਿਮ ਅਮਰਗੜ੍ਹ

ਮੁਹਰ

---

## ਸਤਿਕਾਰ ਯੋਗ ਤੇ ਸੇਵਾ ਯੋਗ ਜਨਾਬ ਖ਼ਲੀਫ਼ਾ ਸੱਯਦ ਮੁਹੰਮਦ ਅਲੀ ਮੀਰ ਮੁਨਸ਼ੀ ਸਰਕਾਰ

ਸਲਾਮ ਅਰਜ਼ ਕਰਨ ਤੋਂ ਬਾਆਦ ਤੁਹਾਨੂੰ ਪ੍ਰਗਟ ਕੀਤਾ ਜਾਂਦਾ ਹੈ ਕਿ ਨਿਮਨ ਲਿਖੇ ਵੇਰਵੇ ਅਨੁਸਾਰ 30 ਰੁਪਏ, ਜੋ ਮਾਲੇਰ ਕੋਟਲਾ ਵਿਖੇ ਕੂਕਿਆਂ ਨੂੰ ਸਜ਼ਾ ਦੇਣ ਦੇ ਮੌਕੇ ਖ਼ਰਚ ਹੋਏ ਹਨ, ਉਹ ਸ਼ਾਹੀ ਖ਼ਜ਼ਾਨੇ ਤੋਂ ਮੰਗਵਾਕੇ ਬਖ਼ਸ਼ੇ ਜਾਣ।

| | | | |
|---|---|---|---|
| 1. | ਸਾਹਿਬ ਸੁਪਰਡੈਂਟ ਬਹਾਦੁਰ ਪਲਟਣ ਲੁਧਿਆਣਾ ਦੇ ਹੁਕਮ ਅਨੁਸਾਰ ਕੂਕਿਆਂ ਨੂੰ ਗੱਡਿਆਂ ’ਤੇ ਲਿਆਉਣ ਖਾਤਰ ਲਾਏ ਗਏ ਅਤੇ ਗੱਡਿਆਂ ਦੇ ਬਲਦਾਂ ਵਾਸਤੇ ਖਰਚੇ ਗਏ। | | 10 ਰੁਪਏ |
| 2. | ਇਲਾਕੇ ਦੇ ਜ਼ਿਮੀਂਦਾਰਾਂ ਸਮੇਤ ਲਾਲਾ ਸ਼ਮੀਰ ਦਾਸ ਨਾਇਬ ਨਾਜ਼ਿਮ, ਜਿਹੜੇ ਰਾਤ ਨੂੰ ਕੂਕਿਆਂ ਨਾਲ ਆਏ ਸਨ, ਦੀ ਰਸਦ | | 3 ਰੁਪਏ |
| 3. | ਖ਼ਾਸ ਫ਼ੌਜੀ ਮੁਨਸ਼ੀ ਮੁਸੱਦੀਆਂ ਦਾ ਖਰਚ ਜਿਹੜੇ ਰਾਤ ਦੇ ਸਮੇਂ ਆਏ। | | 5 ਰੁਪਏ |
| 4. | ਖਾਨਸਾਮਾਂ ਡੇਰਾ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਲੁਧਿਆਣਾ | | 12 ਰੁਪਏ |
| | | | ======= |
| | | ਕੁੱਲ | 30/- |
| | | | ======= |

28 ਜਨਵਰੀ 1872 ਈ:

## ਹੁਕਮ ਹੋਇਆ ਕਿ

ਇਹ 30 ਰੁਪਏ ਮਹਿਕਮਾ ਮਾਲ ਤੋਂ ਮੰਗਵਾਕੇ ਸਾਇਲ ਨੂੰ ਦਿੱਤੇ ਜਾਣ ਅਤੇ ਇਹ ਕਾਗਜ਼ ਸ਼ਾਮਿਲ ਮਿਸਲ ਰਹੇ।

ਦਸਤਖ਼ਤ

30 ਜਨਵਰੀ 1872 ਈ: ਸੱਯਦ ਮੁਹੰਮਦ ਹੁਸੈਨ,

---

ਸ੍ਰੀ ਮਾਨ ਜੀ,

ਇਹ ਰੁਪਿਆ ਤੋਸ਼ਾ ਖ਼ਾਨੇ ਤੋਂ ਵਸੂਲ ਹੋ ਚੁੱਕਿਆ ਹੈ। ਸੋ 30 ਰੁਪਏ ਦੀ ਇਸ ਰਕਮ ਵਿੱਚੋਂ 5 ਰੁਪਏ ਇਨਾਮ ਵਾਲੀ ਰਕਮ ਦੇ, ਜਿਹੜੀ ਸੌ ਰੁਪਏ ਦੀ ਥਾਂ 95 ਰੁਪਏ ਹੀ ਪੁੱਜੀ ਸੀ, ਉਹ ਨਾਜ਼ਿਮ ਸਾਹਿਬ ਦੇ ਲਿਖੇ ਅਨੁਸਾਰ ਸ਼ਾਮਿਲ ਕਰ ਦਿੱਤੀ ਸੀ।

ਇਸ ਲਈ ਬੇਨਤੀ ਹੈ ਕਿ 30 ਰੁਪਿਆਂ ਵਿੱਚੋਂ 25 ਰੁਪਏ ਨਾਜ਼ਿਮ ਸਾਹਿਬ ਅਮਰਗੜ੍ਹ ਕੋਲ ਭੇਜ ਦਿੱਤੇ ਜਾਣ।

ਸੂਚਨਾ ਹਿਤ ਲਿਖਿਆ ਗਿਆ ਹੈ।

ਜ਼ਿਆਦਾ ਲਿਖਣਾ ਅਦਬ ਆਦਾਬ ਦੀ ਹੱਦ ਲੰਘਣਾ ਹੈ।

ਦਾਸ

30 ਮਾਘ 1928 ਅਲਾਉੱਦੀਨ ਅਲੀ ਅਕਾਊਂਟੈਂਟ (ਮੁਹਾਸਿਬ)

(10 ਫਰਵਰੀ 1872)

## ਹੁਕਮ ਹੋਇਆ ਕਿ

ਨਾਜ਼ਿਮ ਸਾਹਿਬ ਅਮਰਗੜ੍ਹ ਦੀ ਸੇਵਾ ਵਿੱਚ ਸਮੇਤ ਇਹ ਰੋਬਕਾਰ ਭੇਜ ਦਿੱਤੀ ਜਾਵੇ।

11 ਫਰਵਰੀ 1872 ਈ:

---

**ਲਾਲਾ ਨਾਨਕ ਬਖ਼ਸ਼ ਨਾਇਬ ਮੀਰ ਮੁਨਸ਼ੀ ਦੀ ਤਜਵੀਜ਼ ਨਾਲ ਮਹਿਕਮਾ ਮੁਨਸ਼ੀ ਖ਼ਾਨਾ ਦੀ ਰੋਬਕਾਰ**

**ਮਿਤੀ 11 ਫਰਵਰੀ 1872.**

ਨਾਜ਼ਿਮ ਸਾਹਿਬ ਦਾ ਖ਼ਤ ਬਾਬਤ ਕੂਕਿਆਂ ਦੀ ਸਵਾਰੀ ਵਾਸਤੇ ਗੱਡਿਆਂ 'ਦੇ ਕਿਰਾਏ 'ਤੇ ਖ਼ਰਚ ਹੋਏ 30 ਰੁਪਏ ਮੰਗਣ ਸੰਬੰਧੀ।

ਇਸ ਮਹਿਕਮੇ ਦੇ ਅਹਿਲਮਦ ਹਿਸਾਬ (Accountant) ਦੀ ਰਿਪੋਰਟ ਜਿਸ ਦਾ ਸਾਰ ਇਹ ਹੈ ਕਿ ਇਹ ਰੁਪਏ ਤੋਸ਼ਾਖ਼ਾਨੇ ਤੋਂ ਵਸੂਲ ਹੋ ਚੁੱਕੇ ਹਨ। ਇਸ ਰਕਮ ਵਿੱਚੋਂ 5 ਰੁਪਏ, ਜਿਹੜੇ ਇਨਾਮ ਦੀ ਰਕਮ 100 ਰੁਪਏ ਦੀ ਥਾਂ 95 ਰੁਪਏ ਇਸ ਮਹਿਕਮੇਂ 'ਚ ਪੁੱਜੇ ਸਨ, ਨਾਜ਼ਿਮ ਸਾਹਿਬ ਦੀ ਤਜਵੀਜ਼ ਅਨੁਸਾਰ ਇਨਾਮ ਦੀ ਰਕਮ ਵਿੱਚ ਸ਼ਾਮਿਲ ਕਰ ਦਿੱਤੇ ਹਨ ਅਤੇ 30 ਰੁਪਿਆਂ ਵਿੱਚੋਂ 25 ਰੁਪਏ ਨਾਜ਼ਿਮ ਸਾਹਿਬ ਅਮਰਗੜ੍ਹ ਕੋਲ ਭੇਜ ਦਿੱਤੇ ਜਾਣ।

**ਰਿਪੋਰਟ ਵੇਖ ਕੇ ਹੁਕਮ ਹੋਇਆ ਕਿ**

ਇਹ ਰੁਪਿਆ ਰੋਬਕਾਰ ਰਾਹੀਂ ਨਾਜ਼ਿਮ ਸਾਹਿਬ ਅਮਰਗੜ੍ਹ ਦੀ ਸੇਵਾ ਵਿੱਚ ਭੇਜ ਦਿੱਤਾ ਜਾਵੇ।

ਇਹ ਸਾਰਾ ਰੁਪਿਆ ਅਸੀਂ ਆਪਣੇ ਕੋਲੋਂ ਖ਼ਰਚ ਕੀਤਾ ਸੀ ਇਸ ਲਈ ਹੁਕਮ ਹੋਇਆ ਕਿ 25 ਰੁਪਏ ਦੀ ਰਸੀਦ ਵਜੋਂ ਅਸਲ ਕਾਗਜ਼ ਮਹਿਕਮਾ ਮੁਨਸ਼ੀ ਖ਼ਾਨੇ 'ਚ ਵਾਪਿਸ ਹੋਵੇ।

13 ਮਾਰਚ 1872 ਮੁਤਾਬਿਕ 2 ਚੇਤ 1928.

**ਮਹਿਕਮਾਂ ਮੁਨਸ਼ੀ ਖ਼ਾਨਾ ਵਲੋਂ ਹੁਕਮ ਹੋਇਆ ਕਿ**

ਸ਼ਾਮਿਲ ਮਿਸਲ ਹੋਵੇ।

16 ਮਾਰਚ 1872.

## ਜਨਾਬ ਸਤਿਕਾਰ ਯੋਗ ਸੱਯਦ ਮੁਹੰਮਦ ਹੁਸੈਨ ਸਾਹਿਬ,

ਨਿਮਰਤਾ ਸਹਿਤ ਆਦਾਬ ਅਰਜ਼ ਮਗਰੋਂ ਬੇਨਤੀ ਹੈ ਕਿ ਸਾਹਿਬ ਕਮਿਸ਼ਨਰ ਬਹਾਦੁਰ ਨੇ ਜਿਹੜੇ ਸੌ ਰੁਪਏ, ਤੋਪਖਾਨਿਆਂ ਦਾ ਇਨਾਮ, ਲਾਲਾ ਤਿਪਰ ਚੰਦ ਸਾਹਿਬ ਨਾਜ਼ਿਮ ਦੇ ਸਪੁਰਦ ਕੀਤੇ ਸਨ, ਉਨ੍ਹਾਂ ਬਾਰੇ ਇਸ ਦਾਸ ਨੂੰ ਪਤਾ ਲੱਗਾ ਹੈ ਕਿ ਉਹ ਸੌ ਰੁਪਏ ਤਿੰਨਾਂ ਤੋਪਖ਼ਾਨਿਆਂ ਦੇ ਇਨਾਮ ਦੇ ਸਨ। ਇਸ ਵਾਸਤੇ ਲਾਲਾ ਤਿਪਰ ਚੰਦ ਸਾਹਿਬ ਨੂੰ ਲਿਖ ਦਿੱਤਾ ਹੈ ਕਿ ਉਹ ਅਜੇ ਇਨ੍ਹਾਂ ਰੁਪਿਆਂ ਨੂੰ ਅਮਾਨਤ 'ਚ ਰੱਖ ਲੈਣ। ਇਹ ਦਾਸ ਲੁਧਿਆਣੇ ਪੁੱਜ ਕੇ ਸਾਹਿਬ ਬਹਾਦੁਰ ਤੋਂ ਵੇਰਵੇ ਸਹਿਤ ਦਰਿਆਫ਼ਤ ਕਰਕੇ ਉਨ੍ਹਾਂ ਨੂੰ ਇਤਲਾਹ ਦੇ ਦੇਵੇਗਾ।

ਮਲੌਂਦ ਦੇ ਅਸਥਾਨ ਤੋਂ — ਨਿਆਜ਼ ਮੰਦ (ਲੋੜਕੂ),
20 ਜਨਵਰੀ ਸੰਨ 1872 ਈ: — ਵਕੀਲ ਲੁਧਿਆਣਾ ਦਾ ਮੁਨਸ਼ੀ,

## ਜਨਾਬ ਲਾਲਾ ਸਾਹਿਬ, ਲਾਲਾ ਮਿਹਰ ਚੰਦ ਸਾਹਿਬ,

ਸਲਾਮ !

ਸਲਾਮ ਤੋਂ ਮਗਰੋਂ ਤੁਹਾਨੂੰ ਬੇਨਤੀ ਹੈ ਕਿ ਇਨਾਮ ਦੇ ਜਿਹੜੇ ਸੌ ਰੁਪਏ ਉੱਚੀ ਸ਼ਾਨ ਵਾਲੀ ਸਰਕਾਰ ਦੇ ਤੋਪਖ਼ਾਨੇ ਦੇ ਮੁਲਾਜ਼ਿਮਾਂ ਨੂੰ ਕੋਟਲਾ ਵਿਖੇ ਸਾਹਿਬ ਕਮਿਸ਼ਨਰ ਬਹਾਦੁਰ ਨੇ ਦਿੱਤੇ ਸਨ, ਪਤਾ ਨਹੀਂ ਉਹ ਰੁਪਏ ਕਿਸ ਕੋਲ ਹਨ। ਸੋ ਤੁਹਾਨੂੰ ਤਕਲੀਫ਼ ਦਿੱਤੀ ਜਾਂਦੀ ਹੈ ਕਿ ਉਹ ਰੁਪਏ ਜਿਸ ਕੋਲ ਹੋਣ, ਆਪ ਉਸ ਦੇ ਨਾਮ ਦੀ ਸੂਚਨਾ ਬਖਸ਼ੋ।

ਲਿਖਣ ਵਾਲਾ

28 ਜਨਵਰੀ 1872 ਈ: — ਖ਼ਲੀਫ਼ਾ ਸੱਯਦ ਮੁਹੰਮਦ ਅਲੀ ਮੀਰ ਮੁਨਸ਼ੀ

## ਜਨਾਬ ਸੇਵਾ ਯੋਗ ਮੀਰ ਮੁਨਸ਼ੀ ਸਾਹਿਬ

ਇਹ ਰੁਪਏ ਅਰਥਾਤ 95 ਰੁਪਏ ਤਾਂ ਮਾਨ ਸਿੰਘ ਕਰਨੈਲ ਤੇ ਲਾਲ ਸਿੰਘ ਕਰਨੈਲ ਪਲਟਣ ਦੇ ਸਪੁਰਦ ਹੋਏ ਸਨ ਤੇ ਉਨ੍ਹਾਂ ਕੋਲ ਹਨ ਅਤੇ ਪੰਜ ਰੁਪਏ ਜਿਹੜੇ ਗਿਣਨ ਸਮੇਂ ਘੱਟ ਹੋਏ ਉਹ ਦੂਜਿਆਂ ਰੁਪਿਆਂ 'ਚੋਂ ਨਿਕਲੇ ਤਾਂ ਇੱਕ ਸਿਪਾਹੀ ਦੇ ਸਪੁਰਦ ਕਰਕੇ ਭੇਜ ਦਿੱਤੇ।

28 ਜਨਵਰੀ 1872.

## ਹੁਕਮ ਹੋਇਆ ਕਿ

ਇਹ ਰੁਪਏ ਕਰਨੈਲ ਤੇ ਕੁਮੇਦਾਨ ਤੋਂ ਨਿਕਲਵਾਏ ਜਾਣ।

30 ਜਨਵਰੀ 1872 — **ਸੱਯਦ ਮੁਹੰਮਦ ਹੈਦਰ ਅਲੀ**

---

ਸ੍ਰੀ ਮਾਨ ਜੀ,

ਮੁਨਸ਼ੀ ਖ਼ਾਨੇ ਦੇ ਚਪੜਾਸੀ ਕਾਲੂ ਰਾਹੀਂ ਹੁਕਮ ਪੁੱਜਾ ਕਿ ਜਿਹੜੇ 95 ਰੁਪਏ ਸਾਹਿਬ ਕਮਿਸ਼ਨਰ ਬਹਾਦੁਰ ਨੇ ਕੋਟਲਾ ਵਿਖੇ ਬਖ਼ਸ਼ੇ ਸਨ, ਉਹ ਕਾਲੂ ਚਪੜਾਸੀ ਦੇ ਹੱਥ ਕੋਟਲਾ ਵਿਖੇ ਭੇਜ ਦਿਓ। ਸੋ ਉਹ ਰੁਪਏ ਸ੍ਰੀ ਚੰਦ ਨਾਇਕ ਤੇ ਕਾਲੂ ਚਪੜਾਸੀ ਰਾਹੀਂ ਤੁਹਾਡੇ ਕੋਲ ਭੇਜੇ ਜਾਂਦੇ ਹਨ।

ਦਾਸ<br>
ਲਾਲ ਸਿੰਘ ਕਰਨੈਲ ਪਲਟਣ,<br>
19 ਮਾਘ ਸੰਮਤ 1928,<br>
30 ਜਨਵਰੀ 1872

## ਹੁਕਮ ਹੋਇਆ ਕਿ

ਇਹ ਰੁਪਏ ਅਮਾਨਤ ਵਜੋਂ ਦਫ਼ਤਰ 'ਚ ਰਹਿਣ ਅਤੇ ਇਹ ਕਾਗਜ਼ ਮੁੜ ਪੇਸ਼ ਹੋਵੇ।

ਮਿਤੀ 30 ਜਨਵਰੀ ਸੰਨ 1872 ਈਃ<br>
ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ,

ਦਫ਼ਤਰ ਵਿੱਚ ਅਮਾਨਤ ਰੱਖੀ ਗਈ।

ਦਾਸ<br>
ਰਜਬ ਅਲੀ ਅਕਾਊਟੈਂਟ,

---

ਸ੍ਰੀ ਮਾਨ ਜੀ,

19 ਮਾਘ 1928 (30 ਜਨਵਰੀ 1872) ਨੂੰ ਸੌ ਰੁਪਏ ਬਾਬਤ ਇਨਾਮ ਮੁਲਾਜ਼ਿਮ ਤੋਪਖ਼ਾਨਾ, ਜਿਹੜੇ ਲਾਲਾ ਤਿਪਰ ਚੰਦ ਸਾਹਿਬ ਨਾਜ਼ਿਮ ਅਮਰਗੜ੍ਹ ਨੇ ਸ੍ਰੀ ਚੰਦ ਮਾਣਕ ਦੇ ਹੱਥ ਮਹਿਕਮਾ ਮੁਨਸ਼ੀ ਖ਼ਾਨੇ 'ਚ ਭੇਜੇ ਸਨ ਉਹ ਸੌ ਰੁਪਏ ਦਫ਼ਤਰ ਵਿੱਚ ਪਏ ਹਨ।

ਸੋ ਯਾਦ ਦਿਵਾਉਣ ਦੇ ਤੌਰ 'ਤੇ ਸੂਚਨਾ ਹਿਤ ਬੇਨਤੀ ਹੈ ਕਿ ਤੁਹਾਡਾ ਜਿਵੇਂ ਹੁਕਮ ਹੋਵੇਗਾ ਉਸ ਦੀ ਪਾਲਣਾ ਕੀਤੀ ਜਾਵੇਗੀ।

ਵਾਜਿਬ ਤੌਰ 'ਤੇ ਅਰਜ਼ ਕੀਤਾ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣ ਸਮਾਨ ਹੈ।

4 ਮਾਘ 1928.
(15 ਫਰਵਰੀ 1872)

ਦਾਸ
ਅਹਿਮਦ ਅਲੀ ਅਕਾਊਟੈਂਟ

# ਮਹਾਰਾਜਾ ਪਟਿਆਲਾ ਨੂੰ ਲਿਖੀ ਗਈ ਚਿੱਠੀ

**ਗ਼ਰੀਬ ਪਰਵਰ! ਸਲਾਮਤ !**

**ਸ੍ਰੀ ਮਾਨ ਜੀ,**

ਇਹ ਦਾਸ ਜਨਾਬ ਪ੍ਰਧਾਨ ਮੰਤਰੀ ਸਾਹਿਬ ਬਹਾਦੁਰ ਦੇ ਹੁਕਮ ਅਨੁਸਾਰ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਪਿੰਡ ਚਹਾਰਮੜੀ ਪੁੱਜਾ ਸੀ ਅਤੇ ਇਹ ਦਾਸ ਇੱਥੋਂ ਇੱਕ ਤਾਂਗਾ ਕਿਰਾਏ 'ਤੇ ਲੈ ਕੇ ਗਿਆ ਸੀ। ਉਸ ਤਾਂਗੇ ਵਾਲੇ ਨੂੰ ਕਿਰਾਇਆ ਨਹੀਂ ਮਿਲਿਆ। ਸੋ ਬੇਨਤੀ ਹੈ ਕਿ ਤਾਂਗੇ ਤੇ ਕਿਰਾਏ ਤੇ ਆਉਣ ਜਾਣ ਦੇ ਸਾਢੇ ਤਿੰਨ ਰੁਪਏ ਬਖ਼ਸ਼ੇ ਜਾਣ।

ਹਕੂਮਤ ਦਾ ਸੂਰਜ ਹਮੇਸ਼ਾ ਚਮਕਦਾ ਰਵ੍ਹੇ !

ਦਾਸ
ਗੁਲਾਬ ਚੋਬਦਾਰ (ਸੁਨਹਿਰੀ ਡੰਡਾ)
12 ਮਾਘ ਸੰਮਤ 1928.
(23 ਜਨਵਰੀ 1872)

ਸ੍ਰੀ ਮਾਨ ਜੀ,

ਸਾਢੇ ਤਿੰਨ ਰੁਪਏ ਦੀਵਾਨੀ ਮਹਿਕਮੇਂ ਰਾਹੀਂ ਮੰਗਵਾ ਕੇ ਗੁਲਾਬ ਚੋਬਦਾਰ ਦੇ ਸੁਪਰਦ ਕੀਤੇ ਹਨ, ਸੋ ਇਹ ਰਿਪੋਰਟ ਅਮਲ ਕਰਕੇ ਸੂਚਨਾ ਵਜੋਂ ਭੇਜੀ ਹੈ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣ ਵਾਂਗ ਹੁੰਦਾ ਹੈ।

ਦਾਸ
ਅਹਿਮਦ ਅਲੀ,

ਰਸੀਦ ਗੁਲਾਬ ਚੋਬਦਾਰ
(ਪੰਜਾਬੀ ਵਿੱਚ ਹਸਤਾਖ਼ਰ) ਗੁਲਾਬ ਚੋਬਦਾਰ,

---

# ਮਹਾਰਾਜਾ ਪਟਿਆਲਾ ਨੂੰ ਲਿਖੀ ਗਈ ਚਿੱਠੀ

**ਗ਼ਰੀਬ ਪਰਵਰ ! ਸਲਾਮਤ!**

ਸ੍ਰੀ ਮਾਨ ਜੀ,

15 ਜਨਵਰੀ 1872 ਨੂੰ ਡਿਪਟੀ ਕਮਿਸ਼ਨਰ ਬਹਾਦੁਰ ਦੇ ਹੁਕਮ ਮੁਤਾਬਿਕ ਤਰਾਬ ਅਲੀ ਮੁਹੱਰਿਰ ਨੇ ਮਲੌਦ ਦੀ ਵਾਰਦਾਤ ਦੀ ਇਤਲਾਹ ਤਾਰ ਰਾਹੀਂ ਹਜ਼ੂਰ ਮਹਾਰਾਜਾ ਸਾਹਿਬ ਨੂੰ ਭੇਜੀ ਸੀ। ਤਾਰ ਦੇ ਖਰਚ ਵਜੋਂ ਚਾਰ ਰੁਪਏ ਖਰਚ ਕੀਤੇ। ਸੋ ਇਹ ਬਿਨੈ-ਪੱਤਰ ਰਸੀਦ ਵਜੋਂ ਹਜ਼ੂਰ ਕੋਲ ਭੇਜ ਕੇ ਉਮੀਦ ਕਰਦਾ ਹਾਂ ਕਿ ਮਿਹਰਬਾਨੀ ਕਰਕੇ ਚਾਰ ਰੁਪਏ ਬਖ਼ਸ਼ੇ ਜਾਣ।

4ਮਾਘ 1928.

ਦਾਸ
ਅਹਿਮਦ ਹਸਨ ਵਕੀਲ,

ਹੁਕਮ ਹੋਇਆ ਕਿ ਕਿਤਾਬ 'ਚ ਦਰਜ ਕਰਨ ਮਗਰੋਂ ਮਹਿਕਮਾ ਦੀਵਾਨੀ ਮਾਲ ਤੋਂ ਇਹ ਰੁਪਏ ਮੰਗਵਾ ਕੇ ਭੇਜੇ ਜਾਣ।

ਦਸਤਖ਼ਤ
ਸੱਯਦ ਮੁਹੰਮਦ ਹੁਸੈਨ,
ਮੀਰ ਮੁਨਸ਼ੀ ਸਰਕਾਰ,

ਸ੍ਰੀ ਮਾਨ ਜੀ,

ਇਹ ਰੁਪਏ ਵਸੂਲ ਹੋ ਚੁੱਕੇ ਹਨ। ਸੋ ਬੇਨਤੀ ਹੈ ਕਿ ਪਰਵਾਨਾ ਜ਼ਾਬਿਤਾ ਰਾਹੀਂ ਸੱਯਦ ਅਹਿਮਦ ਹਸਨ ਸਾਦਿਕ ਵਕੀਲ ਲੁਧਿਆਣਾ ਕੋਲ ਭੇਜ ਦਿੱਤੇ ਜਾਣ।

ਵਾਜਿਬ ਜਾਣ ਕੇ ਅਰਜ਼ ਕੀਤਾ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣ ਸਮਾਨ ਹੈ।

2 ਮਾਘ 1928.

ਦਾਸ
ਸੱਯਦ ਅਹਿਮਦ ਅਲੀ,
ਅਕਾਊਂਟੈਂਟ।

**ਹੁਕਮ ਹੋਇਆ**

ਇਹ ਰੁਪਏ ਪਰਵਾਨੇ ਰਾਹੀਂ ਸੱਯਦ ਅਹਿਮਦ ਹਸਨ ਸਾਬਿਕ ਵਕੀਲ ਲੁਧਿਆਣਾ ਨੂੰ ਭੇਜੇ ਜਾਣ।

13 ਜਨਵਰੀ 1872.
2 ਮਾਘ 1928.
ਦਸਤਖ਼ਤ
ਨਾਨਕ ਬਖ਼ਸ਼,
ਨਾਇਬ ਮੀਰ ਮੁਨਸ਼ੀ ਸਰਕਾਰ।

---

Scinde Punjab & Delhi Railway
Eelectric Telegraph Department.

Bill No 71

Ludiana to Rajpoorah

| | | |
|---|---|---|
| | | Rs/- |
| Words 20 at 1 Rupee per 6 words | | 4/- |
| | Total Rs. | 4/- |

Received Payment
-Sd-
Clerk in Charge

Loodhiana
Telegarph Office
15th January 1872

---

**ਲਾਲਾ ਨਾਨਕ ਬਖ਼ਸ਼ ਨਾਇਬ ਮੀਰ ਮੁਨਸ਼ੀ ਦੇ ਹੁਕਮ ਨਾਲ ਮਹਿਕਮਾ ਫ਼ੌਜਦਾਰੀ ਮੁਨਸ਼ੀ ਖ਼ਾਨਾ ਵੱਲੋਂ**

ਉੱਚੇ ਰੁਤਬੇ ਵਾਲੇ ਸੱਯਦ ਅਹਿਮਦ ਹਸਨ,
ਨਾਇਬ ਨਾਜ਼ਿਮ (ਸਾਬਿਕ ਵਕੀਲ ਸਰਕਾਰ),

ਖ਼ੁਸ਼ ਰਹੋ !

ਤੁਹਾਡਾ ਬਿਨੈ-ਪੱਤਰ ਮਿਤੀ 27 ਕੱਤਕ 1929 ਸਮੇਤ ਰਸੀਦ ਪੁੱਜਾ ਜਿਸ ਰਾਹੀਂ ਤੁਸੀਂ ਉਹ 4 ਰੁਪਏ ਮੰਗੇ ਸਨ ਜਿਹੜੇ ਤੁਹਾਡੇ ਮੁਹੱਰਿਰ ਤਰਾਬ ਅਲੀ ਨੇ ਮਲੌਦ ਦੀ ਵਾਰਦਾਤ ਦੀ ਖ਼ਬਰ ਤਾਰ ਰਾਹੀਂ ਹਜ਼ੂਰ ਮਹਾਰਾਜਾ ਸਾਹਿਬ ਕੋਲ ਭੇਜਣ ਵਾਸਤੇ ਖਰਚੇ ਸਨ। ਉਸ ਬਿਨੈ-ਪੱਤਰ ਉੱਤੇ ਉਪ੍ਰੋਕਤ ਰੁਪਏ ਜ਼ਾਬਿਤੇ ਅਨੁਸਾਰ ਮੰਗਵਾਉਣ ਵਾਸਤੇ ਹੁਕਮ ਲਿਖਿਆ ਗਿਆ ਸੀ ਤਾਂ ਅਕਾਊਟੈਂਟ ਨੇ 2 ਮਾਘ 1929 ਨੂੰ ਰਿਪੋਰਟ ਕੀਤੀ ਕਿ ਇਹ 4 ਰੁਪਏ ਆ ਗਏ ਹਨ, ਭੇਜ ਦਿੱਤੇ ਜਾਣ। ਸੋ ਇਹ 4 ਰੁਪਏ ਇਸ ਪਰਵਾਨੇ ਰਾਹੀ ਤੁਹਾਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਤੁਸੀਂ ਜ਼ਾਬਿਤੇ ਅਨੁਸਾਰ ਰਸੀਦ ਬਾਬਤ ਵਸੂਲ ਹੋਵੇ ਰੁਪਿਆ ਦੇ, ਇਸ ਮਹਿਕਮੇਂ ’ਚ ਭੇਜ ਦਿਓ।

ਤੁਸੀਂ ਸਮਝੋ ਕਿ ਸਰਕਾਰ ਤੁਹਾਡੇ ’ਤੇ ਮਿਹਰਬਾਨ ਹੈ।

3 ਮਾਘ 1929 ਮੁਤਾਬਿਕ

13 ਜਨਵਰੀ 1873.

ਸ੍ਰੀਮਾਨ ਜੀ,

ਚਾਰ ਰੁਪਏ ਦਾਸ ਕੋਲ ਪੁੱਜੇ । ਸੋ ਇਤਲਾਹ ਵਜੋਂ ਅਰਜ਼ ਕੀਤਾ ਗਿਆ।
ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣ ਸਮਾਨ ਹੈ।

ਦਾਸ
ਪੁਰਾਣਾ ਨਮਕ ਪਰਵਰਦਾ,
ਸੱਯਦ ਅਹਿਮਦ ਹਸਨ,
ਨਾਇਬ ਨਾਜ਼ਿਮ ।

ਮਿਤੀ 9 ਮਾਘ 1929
(19 ਜਨਵਰੀ 1873)

---

ਸ੍ਰੀ ਮਾਨ ਜੀ,

ਇਹ ਨਿਜ਼ਾਮਤ ਦੇ ਖ਼ਜ਼ਾਨੇ 'ਚੋਂ 20 ਰੁਪਏ 5 ਮਾਘ ਸੰਮਤ 1928 ਨੂੰ ਦੀਵਾਨ ਜੀਉ ਦੇ ਹੁਕਮ ਮੁਤਾਬਿਕ ਬਲਰਾਜ ਤਹਿਸੀਲਦਾਰ ਰਾਜਪੁਰਾ ਨੇ ਬਰਕਤ ਅਲੀ ਮੁੱਹਰਿਰ ਵਕਾਲਤ ਲੁਧਿਆਣਾ ਦੇ ਰੇਲ ਦੇ ਕਿਰਾਏ ਵਾਸਤੇ ਦਿਵਾਏ ਹਨ। ਮੁਨਸ਼ੀ ਖ਼ਾਨੇ ਰਾਹੀਂ ਰਿਪੋਰਟ ਦੀ ਨਕਲ ਭੇਜ ਕੇ ਇਹ ਰੁਪਏ ਮੰਗਵਾ ਦਿੱਤੇ ਜਾਣ।

ਵਾਜਿਬ ਸਮਝ ਕੇ ਅਰਜ਼ ਕੀਤਾ ਅਤੇ ਟੌਬੂ ਉਪ੍ਰੋਕਤ ਮੁੱਹਰਿਰ ਖ਼ਜ਼ਾਨੇ 'ਚ ਭੇਜ ਦੇਵੇ।

ਦਾਸ
ਸ੍ਰੀ ਚੰਦ,
ਖ਼ਜ਼ਾਨਚੀ ਨਿਜ਼ਾਮਤ,
18 ਮਾਘ ਸੰਮਤ 1928
29 ਜਨਵਰੀ 1872

ਹੁਕਮ ਹੋਇਆ ਕਿ ਰੁਪਏ ਮੰਗਵਾਉਣ ਵਾਸਤੇ

ਖ਼ਜ਼ਾਨਚੀ ਦੀ ਅਸਲ ਰਿਪੋਰਟ ਮਹਿਕਮਾ ਮੁਨਸ਼ੀ ਖ਼ਾਨੇ ਨੂੰ ਭੇਜ ਦਿੱਤੀ ਜਾਵੇ।

18 ਮਾਘ ਸੰਮਤ 1928

29 ਜਨਵਰੀ 1872
18 ਮਾਘ ਸੰਮਤ 1928

**ਹੁਕਮ ਹੋਇਆ ਕਿ**

ਇਹ ਰੁਪਏ ਦੀਵਾਨੀ ਮਾਲ ਤੋਂ ਮੰਗਵਾ ਕੇ ਜ਼ਾਬਿਤੇ ਅਨੁਸਾਰ ਮੁੱਹਰਿਰ ਨੂੰ ਦਿੱਤੇ ਜਾਣ।

18 ਫਰਵਰੀ 1872 ਈ:

ਸ੍ਰੀ ਮਾਨ ਜੀ,

ਇਹ ਰੁਪਏ ਤੋਸ਼ਾ ਖ਼ਾਨੇ ਤੋਂ ਵਸੂਲ ਹੋ ਚੁੱਕੇ ਹਨ।
ਸੋ ਬੇਨਤੀ ਹੈ ਕਿ ਰੋਬਕਾਰ ਰਾਹੀਂ ਨਿਜ਼ਾਮਤ ਪਿੰਜੌਰ 'ਚ ਭੇਜ ਕੇ ਰਸੀਦ ਲਿਖਵਾਈ ਜਾਵੇ।
ਵਾਜਿਬ ਤੌਰ 'ਤੇ ਅਰਜ਼ ਕੀਤਾ।
ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨਾ ਹੈ।

ਦਾਸ
ਅਹਿਮਦ ਅਲੀ ਅਕਾਊਟੈਂਟ,
23 ਫੱਗਣ ਸੰਮਤ 1928.

ਹੁਕਮ ਹੋਇਆ ਕਿ
ਨਿਜ਼ਾਮਤ 'ਚ ਭੇਜ ਕੇ ਰਸੀਦ ਮੰਗੀ ਜਾਵੇ।

5 ਮਾਰਚ ਸੰਨ 1872 ਈ;

## ਲੁਕਿਆ ਸੱਚ

---

**ਬਦਨ ਸਿੰਘ ਚੋਬਦਾਰ ਦੇ ਨਾਲ ਜਗਰਾਵਾਂ ਤੇ ਲੁਧਿਆਣਾ ਦੇ ਸਫ਼ਰ 'ਤੇ ਜਾਣ ਦੇ ਖ਼ਰਚੇ ਦੀ ਸੂਚੀ।**
**7 ਰੁਪਏ 6 ਆਨੇ**

ਬਾਬਤ ਕਿਰਾਇਆ ਯੱਕਾ,
ਪਟਿਆਲੇ ਤੋਂ ਰਾਜਪੁਰਾ,
ਆਉਣ ਤੇ ਜਾਣ,
2 ਰੁਪਏ

ਬਾਬਤ ਕਿਰਾਇਆ ਰੇਲ
ਰਾਜਪੁਰਾ ਤੋਂ ਲੁਧਿਆਣਾ
ਆਉਣ-ਜਾਣ
2 ਜਾਣੇ
6 ਰੁਪਏ ਸਾਢੇ 13 ਆਨੇ
(ਇੱਕ ਦੇ 3 ਰੁਪਏ 6 ਆਨੇ)

ਬਾਬਤ ਕਿਰਾਇਆ ਯੱਕਾ
ਲੁਧਿਆਣਾ ਤੋਂ ਜਗਰਾਵਾਂ

2 ਜਣੇ
2 ਰੁਪਏ

ਦਾਸ
ਲਾਲ ਸਿੰਘ ਚੋਬਦਾਰ
21 ਫੱਗਣ 1928

**ਹੁਕਮ ਹੋਇਆ ਕਿ**
ਰਸੀਦ ਅਨੁਸਾਰ ਕਟੌਤੀ ਹੋ ਕੇ ਰੁਪਿਆ ਬਾਅਦ ਦਰਜ ਹਿਸਾਬ ਕਿਤਾਬ ਮਹਿਕਮਾ ਮਾਲ ਤੋਂ ਮੰਗਵਾ ਕੇ ਦਿੱਤਾ ਜਾਵੇ।

3 ਮਾਰਚ 1872.

ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ,

ਸ੍ਰੀ ਮਾਨ ਜੀ,

ਮੁਬਲਗ਼ਾ (ਰਕਮ) 7 ਰੁਪਏ 6 ਆਨੇ ਬਦਨ ਸਿੰਘ ਚੋਬਦਾਰ ਨੂੰ ਦੇ ਕੇ ਉਸ ਦੀ ਰਸੀਦ ਇਸ ਰਿਪੋਰਟ ਦੇ ਤਹਿਦ ਲਈ ਗਈ ਹੈ।

ਅਰਜ਼ ਕੀਤਾ। ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣਾ ਹੈ।

ਦਾਸ
ਰਜਬ ਅਲੀ ਅਕਾਊਟੈਂਟ

ਦਾਸ
ਬਦਨ ਸਿੰਘ ਚੋਬਦਾਰ

ਮੁਹਰ ਚੋਬਦਾਰ

**ਲਾਲਾ ਨਾਨਕ ਬਖ਼ਸ਼ ਨਾਇਬ ਮੀਰ ਮੁਨਸ਼ੀ ਦੀ ਤਜਵੀਜ਼ ਨਾਲ ਮਹਿਕਮਾ ਮੁਨਸ਼ੀ ਖ਼ਾਨੇ ਦੀ ਰੋਬਕਾਰ ਮਿਤੀ 5 ਮਾਰਚ 1872.**

ਰਿਪੋਰਟ ਸ੍ਰੀ ਚੰਦ ਖ਼ਜ਼ਾਨਚੀ, ਜਿਸ ਉੱਤੇ ਨਿਜ਼ਾਮਤ ਪਿੰਜੌਰ ਦਾ ਹੁਕਮ ਲਿਖਿਆ ਹੈ, ਦੀਵਾਨ ਜੀਉ ਦੇ ਜ਼ਬਾਨੀ ਹੁਕਮ ਅਨੁਸਾਰ 20 ਰੁਪਏ ਬਰਕਤ ਅਲੀ ਮੁਹੱਰਿਰ ਵਕਾਲਤ ਲੁਧਿਆਣਾ ਨੂੰ ਰੇਲ ਦੇ ਕਿਰਾਏ ਵਾਸਤੇ ਮੰਗਵਾ ਕੇ ਦਿੱਤੇ ਗਏ ਸਨ, ਇਸ ਮਹਿਕਮੇਂ 'ਚ ਪ੍ਰਾਪਤ ਹੋਈ ਦੀਵਾਨ ਮਾਲ ਤੋਂ 20 ਰੁਪਏ ਮੰਗਵਾਉਣ ਮਗਰੋਂ।

ਸ੍ਰੀਮਾਨ ਜੀ,

ਦੀਵਾਨ ਜੀਓ ਦੇ ਹੁਕਮ ਮਿਤੀ 8 ਮਾਘ 1872 (19 ਜਨਵਰੀ 1872) ਦੇ ਮੁਤਾਬਿਕ ਮੁਹੱਰਿਰ ਵਕਾਲਤ ਲੁਧਿਆਣਾ ਨੂੰ ਰੇਲ ਦੇ ਕਿਰਾਏ ਨਿਜ਼ਾਮਤ ਦੇ ਖਜ਼ਾਨੇ 'ਚੋਂ ਵੀਹ ਰੁਪਏ ਦਿੱਤੇ ਗਏ ਸਨ। ਉੱਚੀ ਸ਼ਾਨ ਵਾਲੀ ਸਰਕਾਰ ਦੇ ਮੁਨਸ਼ੀ ਵੱਲੋਂ ਭੇਜੇ 20 ਰੁਪਏ ਅੱਜ ਮਿਤੀ 29 ਫੱਗਣ 1928 ਨੂੰ ਮਹਿਕਮਾ ਨਿਜ਼ਾਮਤ ਦੇ ਨਾਜ਼ਿਰ ਹਦਾਇਤ ਅਲੀ ਰਾਹੀਂ ਨਿਜ਼ਾਮਤ ਦੇ ਖਜ਼ਾਨੇ 'ਚ ਦਾਖਿਲ ਹੋਏ। ਰਸੀਦ ਵਜੋਂ ਰਿਪੋਰਟ ਕੀਤੀ ਗਈ ਹੈ।

ਦਾਸ,
ਸ੍ਰੀ ਚੰਦ ਖਜਾਨਚੀ ਨਿਜ਼ਾਮਤ ਪਿੰਜ਼ੌਰ,
29 ਫੱਗਣ,1928
(10 ਮਾਰਚ 1872)

ਹੁਕਮ ਹੋਇਆ ਕਿ

ਅਸਲ ਕਾਗਜ਼ ਰਸੀਦ ਦੇ ਤੌਰ 'ਤੇ ਵਾਪਸ ਜਨਾਬ ਮੀਰ ਮੁਨਸ਼ੀ ਸਾਹਿਬ ਹੋਵੇ।

30 ਫੱਗਣ 1928,
11 ਮਾਰਚ 1872

# ਲੁਕਿਆ ਸੱਚ

---

ਸ੍ਰੀ ਮਾਨ ਜੀ,

ਇਹ ਦਾਸ ਸਾਹਿਬ ਕਮਿਸ਼ਨਰ ਬਹਾਦੁਰ ਨਾਲ ਕੂਕਿਆਂ ਦੇ ਫ਼ਸਾਦ ਦੇ ਮੌਕੇ ਲੁਧਿਆਣਾ ਤੇ ਕੋਟਲਾ ਵਿਖੇ ਗਿਆ ਤੇ ਵਾਪਸ ਆਇਆ। ਇਸ ਆਉਣ ਜਾਣ ਵਿੱਚ ਇੱਕ ਯੱਕੇ ਆਦਿ ਦੇ ਕਿਰਾਇਆ 'ਤੇ 14 ਰੁਪਏ 3 ਆਨੇ 9 ਪਾਈ ( ਚੌਦਾਂ ਰੁਪਏ ਪੌਣੇ ਚਾਰ ਆਨੇ) ਖਰਚ ਹੋਏ। ਉਪ੍ਰੋਕਤ ਖਰਚ ਦਾ ਵੇਰਵੇ ਸਹਿਤ ਨਕਸ਼ਾ ਇਸ ਬਿਨੈ-ਪੱਤਰ ਰਾਹੀਂ ਸਖ਼ੀ ਹਜ਼ੂਰ ਦੀ ਸੇਵਾ ਵਿੱਚ ਭੇਜ ਕੇ ਉਮੀਦ ਕਰਦਾ ਹਾਂ ਕਿ ਇਹ ਰੁਪਿਆ ਸਰਕਾਰੀ ਹਿਸਾਬ 'ਚ ਗਿਣ ਕੇ ਅਸਲ ਨਕਸ਼ਾ (ਖਰਚਾ) ਦੇ ਮੁਤਾਬਿਕ ਬਖਸ਼ਿਆ ਜਾਵੇ। ਵਾਜਿਬ ਸਮਝ ਕੇ ਬੇਨਤੀ ਕੀਤੀ ਹੈ।

ਹਕੂਮਤ ਦਾ ਸੂਰਜ ਚਮਕਦਾ ਰਵ੍ਹੇ !

ਦਾਸ
ਪੁਰਾਣਾ ਨਮਕ ਪਰਵਰਦਾ,
ਨਿਸਾਰ ਅਲੀ ਵਕੀਲ ਸਰਕਾਰ,
ਮਹਿਕਮਾ ਕਮਿਸ਼ਨਰੀ 'ਚ ਹਾਜ਼ਿਰ ਰਹਿਣ ਵਾਲਾ,
1 ਫਰਵਰੀ ਸੰਨ 1872 ਈਃ।

## ਹੁਕਮ ਹੋਇਆ

ਜ਼ਾਬਿਤੇ ਅਨੁਸਾਰ ਖਰਚ ਮੁਜਰੇ ਦਿੱਤਾ ਜਾਵੇ।

2 ਫਰਵਰੀ ਸੰਨ 1872 ਈਃ

# ਲੁਕਿਆ ਸੱਚ

---

ਸ੍ਰੀ ਮਾਨ ਜੀ

ਇਹ ਦਾਸ ਜਨਾਬ ਵਜ਼ੀਰ ਸਾਹਿਬ ਦੇ ਹੁਕਮ ਮੁਤਾਬਿਕ ਕੂਕਿਆਂ ਦੀ ਗ੍ਰਿਫ਼ਤਾਰੀ ਦੇ ਕਾਗਜ਼ਾਤ ਲੈ ਕੇ ਜਨਾਬ ਮੀਰ ਮੁਨਸ਼ੀ ਸਾਹਿਬ ਦੀ ਸੇਵਾ ਵਿੱਚ ਦਿੱਲੀ ਗਿਆ ਸੀ। ਇਸ ਆਉਣ ਜਾਣ ਵਿੱਚ ਯੱਕੇ ਤੇ ਰੇਲ ਦੇ ਕਿਰਾਏ ਵਜੋਂ 13 ਰੁਪਏ 6 ਆਨੇ 3 ਪਾਈ ਖ਼ਰਚ ਹੋਏ। ਮੈਂ ਇਸ ਕਿਰਾਏ ਵਿੱਚੋਂ 3 ਰੁਪਏ ਦਿੱਲੀ ਵਿਖੇ ਜਨਾਬ ਮੁਨਸ਼ੀ ਸਾਹਿਬ ਤੋਂ ਵਸੂਲ ਕਰ ਚੁੱਕਿਆ ਹਾਂ। ਹੇਠ ਲਿਖੇ ਵੇਰਵੇ ਅਨੁਸਾਰ 10 ਰੁਪਏ 6 ਆਨੇ 3 ਪਾਈ ਵਸੂਲ ਕਰਨੇ ਬਾਕੀ ਹਨ।

ਸੋ ਇਹ ਬਿਨੈ-ਪੱਤਰ ਪੇਸ਼ ਕਰਕੇ ਉਮੀਦ ਕਰਦਾ ਹਾਂ ਕਿ 10 ਰੁਪਏ 6 ਆਨੇ 3 ਪਾਈ ਸਰਕਾਰ ਵਲੋਂ ਬਖ਼ਸ਼ੇ ਜਾਣ। ਵਾਜਿਬ ਤੌਰ ’ਤੇ ਬੇਨਤੀ ਕੀਤੀ।

ਐ ਅੱਲਾਹ ! ਹਕੂਮਤ ਤੇ ਤੇਜ ਪਰਤਾਪ ਦਾ ਸੂਰਜ ਚਮਕਦਾ ਰਵ੍ਹੇ !

| | ਰੁਪਏ | ਆਨੇ | ਪਾਈ |
|---|---|---|---|
| ਪਟਿਆਲੇ ਤੋਂ ਦਿੱਲੀ ਤੋਂ ਪਟਿਆਲੇ ਆਉਣ- ਜਾਣ ਦੇ ਖਰਚ ਦਾ ਵੇਰਵਾ। | 13 | 6 | 3 |
| ਜ਼ਰੂਰਤ ਕਾਰਨ ਪਟਿਆਲੇ ਤੋਂ ਰਾਜਪੁਰਾ ਤੱਕ ਯੱਕੇ ਦਾ ਕਿਰਾਇਆ । | 1 | 8 | 0 |
| ਕਿਰਾਇਆ ਰਾਜਪੁਰਾ ਤੋਂ ਦਿੱਲੀ। | 1 | 14 | 3 |
| ਦਿੱਲੀ ਸਟੇਸ਼ਨ ਤੋਂ ਮੁਨਸ਼ੀ ਸਾਹਿਬ ਦੀ ਰਿਹਾਇਸ਼ ਤੱਕ ਆਉਣ ਜਾਣ ਦਾ ਕਿਰਾਇਆ । | 3 | 0 | 0 |
| ਵਾਪਸੀ ਤੇ ਦਿੱਲੀ ਤੋਂ ਰਾਜਪੁਰਾ ਤੋਂ ਪਟਿਆਲਾ । | 3 | 8 | 0 |
| ਸਫ਼ਰ ਖਰਚ । | 0 | 9 | 9 |
| ਕਿਰਾਇਆ ਰੇਲ। | 1 | 14 | 3 |

ਦਾਸ
ਸੱਯਦ ਆਬਿਦ ਹਸਨ ਦਰਬਾਰੀ
23 ਮਾਘ 1928.
(3 ਫਰਵਰੀ 1872)

10 ਰੁਪਏ 6 ਆਨੇ 3ਪਾਈ ਵਸੂਲ ਕਰਕੇ ਸਯੱਦ ਆਬਿਕ ਹਸਨ ਦੇ ਹਵਾਲੇ ਕੀਤੇ ਅਤੇ ਇਸ ਦੀ ਰਿਪੋਰਟ ਤਹਿਤ ਰਸੀਦ ਲਈ ਗਈ।

ਅਹਿਮਦ ਅਲੀ,
ਅਕਾਊਟੈਂਟ

ਵਸੂਲ ਪਾਏ
ਬਕਲਮ ਖੁਦ ਸੱਯਦ ਆਬਿਦ ਹਸਨ

# ਲੁਕਿਆ ਸੱਚ

---

ਸ੍ਰੀ ਮਾਨ ਜੀ,

ਜ਼ਿਲ੍ਹਾ ਲੁਧਿਆਣਾ ਦੇ ਫਾਂਸੀ ਲਾਏ ਗਏ ਕੂਕਿਆਂ ਦਾ ਇੱਕ ਊਂਠ ਅੰਗਰੇਜ਼ੀ ਸਰਕਾਰ ਨੇ ਜ਼ਬਤ ਕਰ ਲਿਆ ਸੀ। ਉਹ ਊਂਠ ਅੰਗਰੇਜ਼ੀ ਸਰਕਾਰ ਵੱਲੋਂ ਮੀਰ ਅਹਿਮਦ ਹਸਨ ਸਾਬਿਕ ਵਕੀਲ ਦੇ ਹਵਾਲੇ ਹੋਇਆ ਸੀ ਅਤੇ ਉਸ ਦੇ ਨੀਰੇ ਚਾਰੇ ਆਦਿ ਖ਼ੁਰਾਕ ਦਾ ਖਰਚ 6 ਆਨੇ ਪ੍ਰਤੀ ਦਿਨ ਦੇ ਹਿਸਾਬ ਨਾਲ 73 ਰੁਪਏ 2 ਆਨੇ ਦਿੱਤੇ ਗਏ ਸਨ। ਬਾਅਦ ਵਿੱਚ ਦਾਸ ਇਸ ਵਕਾਲਤ ਵਿੱਚ ਮੌਜੂਦ ਰਿਹਾ ਅਤੇ ਮਾਰਚ 1872 ਦੇ ਸ਼ੁਰੂ ਤੋਂ 10 ਜੂਨ 1872 ਤੱਕ ਭਾਵ 3 ਮਹੀਨੇ 10 ਦਿਨ (102 ਦਿਨ) ਊਂਠ ਦੀ ਔਸਤ ਖ਼ੁਰਾਕ 5 $^{1/2}$ ਆਨੇ ਪ੍ਰਤੀ ਦਿਨ ਦੇ ਹਿਸਾਬ ਨਾਲ 35 ਰੁਪਏ 1 ਆਨਾ ਖ਼ਾਸ ਦਾਸ ਕੋਲੋਂ ਖਰਚ ਹੋਏ ਹਨ। ਊਂਠ ਸ਼ਾਹੀ ਮੁਨਸ਼ੀ ਖ਼ਾਨੇ ਦੇ ਹੁਕਮ ਮਿਤੀ 10 ਜੂਨ 1872 ਅਨੁਸਾਰ ਸਰਕਾਰ ਦੇ ਊਂਠ-ਘਰ 'ਚ ਦਾਖ਼ਿਲ ਕਰ ਚੁੱਕਿਆ ਹਾਂ ਜਿਸ ਦੇ ਦਾਖ਼ਿਲੇ ਸੰਬੰਧੀ ਰਸੀਦ ਦਾਸ ਕੋਲ ਮੌਜੂਦ ਹੈ। ਸੋ ਆਸ ਕਰਦਾ ਹਾਂ ਕਿ ਉਪ੍ਰੋਕਤ ਊਂਠ ਦੀ ਖ਼ੁਕਾਰ ਦੇ 35 ਰੁਪਏ 1 ਆਨਾ ਦਾਸ ਨੂੰ ਸਰਕਾਰ ਵੱਲੋਂ ਛੇਤੀ ਬਖ਼ਸ਼ੇ ਜਾਣ।

12 ਸਤੰਬਰ 1872.
ਦਾਸ
ਸੱਯਦ ਕਰਾਮਤ ਅਲੀ,
ਵਕੀਲ ਜ਼ਿਲ੍ਹਾ ਲੁਧਿਆਣਾ।

**ਹੁਕਮ ਹੋਇਆ ਕਿ**

35 ਰੁਪਏ 1 ਆਨਾ ਕਿਤਾਬ 'ਚ ਦਰਜ ਹੋਣ ਮਗਰੋਂ ਮਹਿਕਮਾ ਦੀਵਾਨੀ ਮਾਲ ਤੋਂ ਮੰਗਵਾ ਕੇ ਸਾਇਲ ਕੋਲ ਭੇਜੇ ਜਾਣ।

18 ਦਸੰਬਰ 1872.
ਦਸਤਖ਼ਤ
ਸੱਯਦ ਮੁਹੰਮਦ ਹੁਸੈਨ,
ਮੀਰ ਮੁਨਸ਼ੀ,
ਸਥਾਨ ਮਹਿੰਦਰਗੜ੍ਹ।

ਇਹ ਰੁਪਿਆ ਤੋਸ਼ਾਂ ਖਾਨੇ ਤੋਂ ਵਸੂਲ ਹੋ ਚੁੱਕਿਆ ਹੈ। ਸੋ ਬੇਨਤੀ ਹੈ ਕਿ ਸੱਯਦ ਕਰਾਮਤ ਅਲੀ ਵਕੀਲ ਕੋਲ ਪਰਵਾਨੇ ਰਾਹੀਂ ਭੇਜਿਆ ਜਾਵੇ।

18 ਪੋਹ 1929
ਦਸਤਖਤ
ਸੱਯਦ ਅਹਿਮਦ ਅਲੀ,
ਅਕਾਊਂਟੈਂਟ,

ਹੁਕਮ ਹੋਇਆ ਕਿ

ਰੁਪਏ ਵਕੀਲ ਕੋਲ ਭੇਜ਼ ਕੇ ਰਸੀਦ ਮੰਗੀ ਜਾਵੇ।

ਦਸਤਖਤ
ਨਾਨਕ ਬਖਸ਼ ਨਾਇਬ ਮੀਰ ਮੁਨਸ਼ੀ

---

ਸ੍ਰੀ ਮਾਨ ਜੀ,

ਦਾਸ ਦੋ ਟੱਟੂ, ਇੱਕ ਖੱਚਰ ਤੇ ਇੱਕ ਘੋੜਾ ਸਰਕਾਰੀ ਲੈ ਕੇ ਗਿਆ ਸੀ। ਚੌਹਾਂ ਪਸ਼ੂਆਂ ਦੀ ਖ਼ੁਰਾਕ ’ਤੇ 49 ਰੁਪਏ 8 ਆਨੇ 3 ਪੈਸੇ ਖ਼ਰਚ ਹੋਏ ਹਨ। ਸੋ ਖ਼ਰਚੇ ਦੀਆਂ ਅੱਡ ਲਿਸਟਾਂ ਇਸ ਬਿਨੈ-ਪੱਤਰ ਰਾਹੀਂ ਪੇਸ਼ ਕਰਕੇ ਉਮੀਦ ਕਰਦਾ ਹਾਂ ਕਿ ਉਪ੍ਰੋਕਤ ਰੁਪਏ ਬਖ਼ਸ਼ੇ ਜਾਣ।

6 ਅਪ੍ਰੈਲ 1872.

ਦਾਸ<br>
ਪੁਰਾਣਾ ਨਮਕ ਪਰਵਰਦਾ,<br>
ਸੱਯਦ ਅਹਿਮਦ ਹਸਨ,

ਸ੍ਰੀ ਮਾਨ ਜੀ,

ਇਹ ਬਿਨੈ-ਪੱਤਰ ਸਮੇਤ ਫ਼ਰਦ ਸੱਯਦ ਅਹਿਮਦ ਹਸਨ ਸਾਬਿਕ ਵਕੀਲ ਲੁਧਿਆਣਾ ਦੇ ਭਾਈ ਸੱਯਦ ਮੁਹੰਮਦ ਤਕੀ ਨੇ ਮੁਜਰੇ ਲੈਣ ਵਾਸਤੇ ਦਾਸ ਨੂੰ ਉਸ ਤਰਫ਼ ਰਵਾਨਾ ਹੋਣ ਸਮੇਂ ਦਿੱਤਾ ਸੀ। ਸੋ ਮੁਨਾਸਿਬ ਹੁਕਮ ਜਾਰੀ ਕਰਨ ਲਈ ਹਜ਼ੂਰ ਦੇ ਪੇਸ਼ ਕਰਦਾ ਹਾਂ। ਵਾਜਿਬ ਤੌਰ ’ਤੇ ਅਰਜ਼ ਕੀਤਾ।

ਹੁਕਮ ਹੋਇਆ ਕਿ

ਜ਼ਾਬਿਤੇ ਅਨੁਸਾਰ ਮੁਜਰੇ ਲਏ ਜਾਣ ’ਤੇ ਫ਼ਰਦ ਦੀ ਨਕਲ ਮਹਿਕਮਾ ਮਾਲ ਨੂੰ ਭੇਜੀ ਜਾਵੇ।

ਦਸਤਖ਼ਤ<br>
ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ,

ਦੋ ਟੱਟੂਆਂ, ਇੱਕ ਖੱਚਰ ਤੇ ਇੱਕ ਘੋੜਾ ਸਰਕਾਰੀ ਦੀ ਖ਼ੁਰਾਕ ਦੀ ਫ਼ਰਦ ਜਿਹੜੇ ਕੋਟਲੇ ਦੀ ਵਾਰਦਾਤ ਸਮੇਂ ਕੋਟਲਾ ਵਿਖੇ ਅਹਿਮਦ ਹਸਨ ਤੇ ਮੁਹੰਮਦ ਹੁਸੈਨ ਦਰਬਾਰੀਆਂ ਦੇ ਹੱਥ ਸੱਯਦ ਅਹਿਮਦ ਹਸਨ ਵਕੀਲ ਜਿਲ੍ਹਾ ਲੁਧਿਆਣਾ ਦੇ ਪ੍ਰਬੰਧ ਹੇਠ ਭੇਜੇ ਗਏ ਸਨ

ਕੁੱਲ ਰਕਮ 48 ਰੁਪਏ 8 ਆਨੇ 3 ਪੈਸੇ।

| 17 ਜਨਵਰੀ 1872 ਸ਼ਾਮ ਸਮੇਂ ਨਾਭਾ ਪੁੱਜੇ। | | | | ਰੁਪਏ | ਆਨੇ | ਪੈਸੇ |
|---|---|---|---|---|---|---|
| | ਰੁਪਏ | ਆਨੇ | ਪੈਸੇ | | | |
| ਆਟਾ 4 ਸੇਰ | 0 | 3 | 1 | | | |
| ਸ਼ੱਕਰ 4 ਸੇਰ | 0 | 6 | 2 | | | |
| ਕੁੱਲ ਜੋੜ | | | | 0 | 9 | 3 |
| 17 ਜਨਵਰੀ 1872 ਰਾਤ ਸਮੇਂ ਕੋਟਲਾ ਵਿਖੇ। | | | | | | |
| | ਰੁਪਏ | ਆਨੇ | ਪੈਸੇ | | | |
| ਦਾਣਾ 10 ਸੇਰ<br>3 ਟੱਟੂਆਂ ਦਾ 6 ਸੇਰ<br>ਘੋੜੇ ਦਾ 4 1/2 ਸੇਰ | 0 | 7 | 0 | | | |
| ਘਾਹ | 1 | 4 | 0 | | | |
| ਮਸਾਲਾ | 0 | 1 | 0 | | | |
| ਕੁੱਲ ਜੋੜ | | | | 1 | 12 | 0 |
| **18** ਜਨਵਰੀ 1872 ਕੋਟਲਾ ਵਿਖੇ। | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 4 ਸੇਰ | 0 | 3 | 2 | | | |
| ਸ਼ੱਕਰ 4 ਸੇਰ | 0 | 6 | 2 | | | |
| ਦਾਣਾ 10 1/2 ਸੇਰ | 0 | 7 | 0 | | | |
| ਘਾਹ | 1 | 4 | 0 | | | |
| ਕੁੱਲ ਜੋੜ | | | | 1 | 5 | 0 |
| 19 ਜਨਵਰੀ 1872 ਕੋਟਲਾ ਵਿਖੇ। | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 4 1/2 ਸੇਰ | 0 | 3 | 2 | | | |
| ਸ਼ੱਕਰ 4 ਸੇਰ | 0 | 6 | 2 | | | |
| ਦਾਣਾ 10 1/2 ਸੇਰ | 0 | 7 | 0 | | | |
| ਘਾਹ | 1 | 4 | 0 | | | |
| ਕੁੱਲ ਜੋੜ | | | | 2 | 5 | 0 |

---

| 20 ਜਨਵਰੀ 1872 ਮਲੌਦ ਵਿਖੇ। | | | | ਰੁਪਏ | ਆਨੇ | ਪੈਸੇ |
|---|---|---|---|---|---|---|
| | ਰੁਪਏ | ਆਨੇ | ਪੈਸੇ | | | |
| ਆਟਾ 4 ਸੇਰ | 0 | 4 | 0 | | | |
| ਸ਼ੱਕਰ 4 ਸੇਰ | 0 | 7 | 0 | | | |
| ਦਾਣਾ | 0 | 7 | 0 | | | |
| ਘਾਹ | 1 | 3 | 0 | | | |
| ਮਸਾਲਾ | 0 | 1 | 0 | | | |
| ਕੁੱਲ ਜੋੜ | | | | 2 | 6 | 0 |
| 21 ਜਨਵਰੀ 1872 ਲੁਧਿਆਣਾ ਵਿਖੇ। | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 4 ਸੇਰ | 0 | 3 | 3 | | | |
| ਸ਼ੱਕਰ 4 ਸੇਰ | 0 | 6 | 2 | | | |
| ਦਾਣਾ 10 1/2 ਸੇਰ | 0 | 7 | 0 | | | |
| ਘਾਹ | 1 | 3 | 2 | | | |
| ਕੁੱਲ ਜੋੜ | | | | 2 | 4 | 3 |
| 22 ਜਨਵਰੀ 1872. | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 4 ਸੇਰ | 0 | 3 | 3 | | | |
| ਸ਼ੱਕਰ 4 ਸੇਰ | 0 | 6 | 2 | | | |
| ਦਾਣਾ 10 1/2 ਸੇਰ | 0 | 7 | 1 | | | |
| ਘਾਹ | 1 | 4 | 2 | | | |
| ਕੁੱਲ ਜੋੜ | | | | 2 | 6 | 0 |
| 23 ਜਨਵਰੀ 1872. | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 4 ਸੇਰ | 0 | 3 | 3 | | | |
| ਸ਼ੱਕਰ 4 ਸੇਰ | 0 | 6 | 2 | | | |
| ਦਾਣਾ 10 1/2 ਸੇਰ | 0 | 7 | 2 | | | |
| ਘਾਹ | 1 | 4 | 2 | | | |
| ਕੁੱਲ ਜੋੜ | | | | 2 | 6 | 1 |

| 24 ਜਨਵਰੀ 1872. | | | | ਰੁਪਏ | ਆਨੇ | ਪੈਸੇ |
|---|---|---|---|---|---|---|
| | ਰੁਪਏ | ਆਨੇ | ਪੈਸੇ | | | |
| ਆਟਾ 4 ਸੇਰ | 0 | 3 | 3 | | | |
| ਸ਼ੱਕਰ 4 ਸੇਰ | 0 | 6 | 2 | | | |
| ਦਾਣਾ 10 1/2 ਸੇਰ | 0 | 7 | 0 | | | |
| ਘਾਹ | 1 | 3 | 0 | | | |
| ਮਸਾਲਾ | 0 | 1 | 0 | | | |
| ਕੁੱਲ ਜੋੜ | | | | 2 | 5 | 1 |
| 25 ਜਨਵਰੀ 1872. | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 4 ਸੇਰ | 0 | 3 | 3 | | | |
| ਸ਼ੱਕਰ 4 ਸੇਰ | 0 | 6 | 2 | | | |
| ਦਾਣਾ 10 1/2 ਸੇਰ | 0 | 7 | 0 | | | |
| ਘਾਹ | 1 | 4 | 0 | | | |
| ਕੁੱਲ ਜੋੜ | | | | 2 | 5 | 1 |
| 26 ਜਨਵਰੀ 1872. | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 4 ਸੇਰ | 0 | 3 | 3 | | | |
| ਸ਼ੱਕਰ 4 ਸੇਰ | 0 | 6 | 2 | | | |
| ਦਾਣਾ 10 1/2 ਸੇਰ | 0 | 7 | 0 | | | |
| ਘਾਹ | 1 | 3 | 2 | | | |
| ਕੁੱਲ ਜੋੜ | | | | 2 | 4 | 3 |
| 27 ਜਨਵਰੀ 1872. | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 4 ਸੇਰ | 0 | 3 | 3 | | | |
| ਸ਼ੱਕਰ 4 ਸੇਰ | 0 | 6 | 2 | | | |
| ਦਾਣਾ 10 1/2 ਸੇਰ | 0 | 7 | 0 | | | |
| ਘਾਹ | 1 | 3 | 2 | | | |
| ਕੁੱਲ ਜੋੜ | | | | 2 | 4 | 3 |

| 28 ਜਨਵਰੀ 1872. | | | | ਰੁਪਏ | ਆਨੇ | ਪੈਸੇ |
|---|---|---|---|---|---|---|
| | ਰੁਪਏ | ਆਨੇ | ਪੈਸੇ | | | |
| ਆਟਾ 4 ਸੇਰ | 0 | 3 | 3 | | | |
| ਸ਼ੱਕਰ 4 ਸੇਰ | 0 | 6 | 2 | | | |
| ਦਾਣਾ 10 1/2 ਸੇਰ | 0 | 7 | 0 | | | |
| ਘਾਹ | 1 | 3 | 3 | | | |
| ਕੁੱਲ ਜੋੜ | | | | 2 | 5 | 0 |
| 29 ਜਨਵਰੀ 1872, ਇੱਕ ਟੱਟੂ ਭੇਜਿਆ ਗਿਆ, ਦੋ ਟੱਟੂ ਤੇ ਇੱਕ ਘੋੜਾ ਰੱਖ ਲਿਆ ਗਿਆ। | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 3 ਸੇਰ | 0 | 3 | 0 | | | |
| ਸ਼ੱਕਰ 3 ਸੇਰ | 0 | 4 | 2 | | | |
| ਦਾਣਾ 8 1/2 ਸੇਰ | 0 | 5 | 1 | | | |
| ਘਾਹ | 1 | 0 | 0 | | | |
| ਮਸਾਲਾ | 0 | 1 | 0 | | | |
| ਕੁੱਲ ਜੋੜ | | | | 1 | 13 | 3 |
| 30 ਜਨਵਰੀ 1872. | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 3 ਸੇਰ | 0 | 3 | 0 | | | |
| ਸ਼ੱਕਰ 3 ਸੇਰ | 0 | 4 | 2 | | | |
| ਦਾਣਾ 8 1/2 ਸੇਰ | 0 | 5 | 1 | | | |
| ਘਾਹ | 1 | 1 | 0 | | | |
| ਕੁੱਲ ਜੋੜ | | | | 1 | 13 | 3 |
| 31 ਜਨਵਰੀ 1872. | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 3 ਸੇਰ | 0 | 3 | 0 | | | |
| ਸ਼ੱਕਰ 3 ਸੇਰ | 0 | 4 | 2 | | | |
| ਦਾਣਾ 8 1/2 ਸੇਰ | 0 | 5 | 1 | | | |
| ਘਾਹ | 1 | 0 | 0 | | | |
| ਕੁੱਲ ਜੋੜ | | | | 1 | 12 | 3 |

---

| 1 ਫਰਵਰੀ 1872. | | | | ਰੁਪਏ | ਆਨੇ | ਪੈਸੇ |
|---|---|---|---|---|---|---|
| | ਰੁਪਏ | ਆਨੇ | ਪੈਸੇ | | | |
| ਆਟਾ 3 ਸੇਰ | 0 | 3 | 0 | | | |
| ਸ਼ੱਕਰ 3 ਸੇਰ | 0 | 4 | 2 | | | |
| ਦਾਣਾ 8 1/2 ਸੇਰ | 0 | 5 | 1 | | | |
| ਘਾਹ | 1 | 1 | 0 | | | |
| ਕੁੱਲ ਜੋੜ | | | | 1 | 13 | 3 |
| 2 ਫਰਵਰੀ 1872. | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 3 ਸੇਰ | 0 | 3 | 0 | | | |
| ਸ਼ੱਕਰ 3 ਸੇਰ | 0 | 4 | 2 | | | |
| ਦਾਣਾ 8 1/2 ਸੇਰ | 0 | 5 | 1 | | | |
| ਘਾਹ | 1 | 0 | 0 | | | |
| ਕੁੱਲ ਜੋੜ | | | | 1 | 12 | 3 |
| 3 ਫਰਵਰੀ 1872. | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 3 ਸੇਰ | 0 | 3 | 0 | | | |
| ਸ਼ੱਕਰ 3 ਸੇਰ | 0 | 4 | 2 | | | |
| ਦਾਣਾ 8 1/2 ਸੇਰ | 0 | 5 | 1 | | | |
| ਘਾਹ | 1 | 0 | 0 | | | |
| ਕੁੱਲ ਜੋੜ | | | | 1 | 12 | 3 |
| 4 ਫਰਵਰੀ 1872. | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 3 ਸੇਰ | 0 | 3 | 0 | | | |
| ਸ਼ੱਕਰ 3 ਸੇਰ | 0 | 4 | 2 | | | |
| ਦਾਣਾ 8 1/2 ਸੇਰ | 0 | 5 | 1 | | | |
| ਘਾਹ | 1 | 1 | 0 | | | |
| ਕੁੱਲ ਜੋੜ | | | | 1 | 13 | 3 |

---

| 5 ਫਰਵਰੀ 1872. | | | | ਰੁਪਏ | ਆਨੇ | ਪੈਸੇ |
|---|---|---|---|---|---|---|
| | ਰੁਪਏ | ਆਨੇ | ਪੈਸੇ | | | |
| ਆਟਾ 3 ਸੇਰ | 0 | 3 | 0 | | | |
| ਸ਼ੱਕਰ 3 ਸੇਰ | 0 | 4 | 2 | | | |
| ਦਾਣਾ 8 1/2 ਸੇਰ | 0 | 5 | 1 | | | |
| ਘਾਹ | 1 | 1 | 0 | | | |
| ਕੁੱਲ ਜੋੜ | | | | 1 | 13 | 3 |
| 6 ਫਰਵਰੀ 1872. | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 3 ਸੇਰ | 0 | 3 | 0 | | | |
| ਸ਼ੱਕਰ 3 ਸੇਰ | 0 | 4 | 2 | | | |
| ਦਾਣਾ 8 1/2 ਸੇਰ | 0 | 5 | 1 | | | |
| ਘਾਹ | 1 | 1 | 0 | | | |
| ਮਸਾਲਾ | 0 | 1 | 0 | | | |
| ਕੁੱਲ ਜੋੜ | | | | 1 | 14 | 3 |
| 7 ਫਰਵਰੀ 1872. | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 3 ਸੇਰ | 0 | 3 | 0 | | | |
| ਸ਼ੱਕਰ 3 ਸੇਰ | 0 | 4 | 2 | | | |
| ਦਾਣਾ 8 1/2 ਸੇਰ | 0 | 5 | 1 | | | |
| ਘਾਹ | 1 | 1 | 0 | | | |
| ਕੁੱਲ ਜੋੜ | | | | 1 | 13 | 3 |
| 8 ਫਰਵਰੀ 1872 ਨੂੰ ਤਿੰਨ੍ਹਾਂ ਵਿੱਚੋਂ 2 ਪਸ਼ੂ ਪਟਿਆਲਾ ਨੂੰ ਰਵਾਨਾ ਕੀਤੇ ਗਏ। ਲੋੜ ਵਾਸਤੇ ਇੱਕ ਘੋੜਾ ਰੱਖਿਆ ਗਿਆ। | | | | | | |
| 8 ਫਰਵਰੀ 1872. | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 1 ਸੇਰ | 0 | 1 | 0 | | | |
| ਸ਼ੱਕਰ 1 ਸੇਰ | 0 | 1 | 2 | | | |
| ਦਾਣਾ 2 1/2 ਸੇਰ | 0 | 1 | 2 | | | |
| ਘਾਹ | 0 | 3 | 0 | | | |
| ਕੁੱਲ ਜੋੜ | | | | 0 | 7 | 0 |

| 9 ਫਰਵਰੀ 1872. | | | | ਰੁਪਏ | ਆਨੇ | ਪੈਸੇ |
|---|---|---|---|---|---|---|
| | ਰੁਪਏ | ਆਨੇ | ਪੈਸੇ | | | |
| ਆਟਾ 1 ਸੇਰ | 0 | 1 | 0 | | | |
| ਸ਼ੱਕਰ 1 ਸੇਰ | 0 | 1 | 2 | | | |
| ਦਾਣਾ 2 ਸੇਰ | 0 | 1 | 2 | | | |
| ਘਾਹ | 0 | 3 | 0 | | | |
| ਕੁੱਲ ਜੋੜ | | | | 0 | 7 | 0 |
| 10 ਫਰਵਰੀ 1872. | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 1 ਸੇਰ | 0 | 1 | 0 | | | |
| ਸ਼ੱਕਰ 1 ਸੇਰ | 0 | 1 | 2 | | | |
| ਦਾਣਾ 2 ਸੇਰ | 0 | 1 | 2 | | | |
| ਘਾਹ | 0 | 3 | 0 | | | |
| ਕੁੱਲ ਜੋੜ | | | | 0 | 7 | 0 |
| 11 ਫਰਵਰੀ 1872. | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 1 ਸੇਰ | 0 | 1 | 0 | | | |
| ਸ਼ੱਕਰ 1 ਸੇਰ | 0 | 1 | 2 | | | |
| ਦਾਣਾ 2 ਸੇਰ | 0 | 1 | 2 | | | |
| ਘਾਹ | 0 | 3 | 0 | | | |
| ਕੁੱਲ ਜੋੜ | | | | 0 | 7 | 0 |
| 12 ਫਰਵਰੀ 1872. | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 1 ਸੇਰ | 0 | 1 | 0 | | | |
| ਸ਼ੱਕਰ 1 ਸੇਰ | 0 | 1 | 2 | | | |
| ਦਾਣਾ 2 ਸੇਰ | 0 | 1 | 2 | | | |
| ਘਾਹ | 0 | 3 | 0 | | | |
| ਕੁੱਲ ਜੋੜ | | | | 0 | 7 | 0 |

| 13 ਫਰਵਰੀ 1872. | | | | ਰੁਪਏ | ਆਨੇ | ਪੈਸੇ |
|---|---|---|---|---|---|---|
| | ਰੁਪਏ | ਆਨੇ | ਪੈਸੇ | | | |
| ਆਟਾ 1 ਸੇਰ | 0 | 1 | 0 | | | |
| ਸ਼ੱਕਰ 1 ਸੇਰ | 0 | 1 | 2 | | | |
| ਦਾਣਾ 2 ਸੇਰ | 0 | 1 | 2 | | | |
| ਘਾਹ | 0 | 3 | 0 | | | |
| ਕੁੱਲ ਜੋੜ | | | | 0 | 7 | 0 |
| 14 ਫਰਵਰੀ 1872. | | | | | | |
| | ਰੁਪਏ | ਆਨੇ | ਪੈਸੇ | | | |
| ਆਟਾ 1 ਸੇਰ | 0 | 1 | 0 | | | |
| ਸ਼ੱਕਰ 1 ਸੇਰ | 0 | 1 | 2 | | | |
| ਦਾਣਾ 2 ਸੇਰ | 0 | 1 | 2 | | | |
| ਘਾਹ | 0 | 3 | 0 | | | |
| ਮਸਾਲਾ | 0 | 0 | 2 | | | |
| ਕੁੱਲ ਜੋੜ | | | | 0 | 7 | 2 |

| ਕੁੱਲ ਜੋੜ | ਰੁਪਏ | ਆਨੇ | ਪੈਸੇ |
|---|---|---|---|
| 17 ਜਨਵਰੀ 1872 ਤੋਂ 20 ਜਨਵਰੀ 1872 ਤੱਕ ਦਾ ਜੋੜ। | 8 | 5 | 3 |
| 21 ਜਨਵਰੀ 1872 ਤੋਂ 27 ਜਨਵਰੀ 1872 ਤੱਕ ਦਾ ਜੋੜ। | 16 | 5 | 0 |
| 28 ਜਨਵਰੀ 1872 ਤੋਂ 3 ਫਰਵਰੀ 1872 ਤੱਕ ਦਾ ਜੋੜ। | 13 | 4 | 2 |
| 4 ਫਰਵਰੀ 1872 ਤੋਂ 10 ਫਰਵਰੀ 1872 ਤੱਕ ਦਾ ਜੋੜ। | 8 | 13 | 0 |
| 11 ਫਰਵਰੀ 1872 ਤੋਂ 14 ਫਰਵਰੀ 1872 ਤੱਕ ਦਾ ਜੋੜ। | 1 | 12 | 2 |
| **ਕੁੱਲ ਜੋੜ** | **48** | **8** | **3** |

---

ਸ੍ਰੀ ਮਾਨ ਜੀ,

ਇਹ ਰੁਪਿਆ ਤੋਸ਼ਾਖ਼ਾਨੇ ਤੋਂ ਵਸੂਲ ਹੋ ਚੁੱਕਿਆਂ ਹੈ। ਸੋ ਬੇਨਤੀ ਹੈ ਕਿ ਇਹ ਰੁਪਏ ਸੱਯਦ ਅਹਿਮਦ ਹਸਨ ਸਾਬਿਕ ਵਕੀਲ ਲੁਧਿਆਣਾ ਕੋਲ ਭੇਜ ਦਿੱਤੇ ਜਾਣ। ਵਾਜਿਬ ਤੌਰ 'ਤੇ ਅਰਜ਼ ਕੀਤਾ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨਾ ਹੈ।

ਦਾਸ
ਸੱਯਦ ਅਹਿਮਦ ਅਲੀ,
ਅਕਾਊਂਟੈਂਟ

ਹੁਕਮ ਹੋਇਆ ਕਿ

ਇਹ ਰੁਪਏ ਪਰਵਾਨੇ ਰਾਹੀਂ ਸੱਯਦ ਅਹਿਮਦ ਹਸਨ ਸਾਬਿਕ ਵਕੀਲ ਲੁਧਿਆਣਾ ਨੂੰ ਭੇਜੇ ਜਾਣ।

13 ਜਨਵਰੀ 1873.
3 ਮਾਘ 1929.
ਦਸਤਖ਼ਤ
ਨਾਨਕ ਬਖ਼ਸ਼,
ਨਾਇਬ ਮੀਰ ਮੁਨਸ਼ੀ,

49 ਰੁਪਏ 8 ਆਨੇ 3 ਪੈਸੇ ਦਾਸ ਕੋਲ ਪੁੱਜ ਗਏ। ਸੋ ਇਤਲਾਹ ਵਜੋਂ ਹਜ਼ੂਰ ਕੋਲ ਅਰਜ਼ ਕੀਤੀ

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਉਲੰਘਣਾ ਹੈ।

ਦਾਸ
ਪੁਰਾਣਾ ਨਮਕ ਪਰਵਰਦਾ,
ਸੱਯਦ ਅਹਿਮਦ ਹਸਨ,
ਨਾਇਬ ਨਾਜ਼ਿਮ,
9 ਫੱਗਣ 1929

# 4 . ਸ਼ਹੀਦਾਂ ਅਤੇ ਮੁਹਤਬਿਰ ਕੂਕਿਆਂ ਦੀਆਂ ਜਾਇਦਾਦਾਂ ਦੀ ਕੁਰਕੀ ਕਰਨ ਅਤੇ ਘਰਾਂ ਦੀ ਤਲਾਸ਼ੀ ਲੈਣ ਦੇ ਹੁਕਮ

ਕੂਕਿਆ ਦੀ ਗ੍ਰਿਫ਼ਤਾਰੀ ਤੇ ਉਨ੍ਹਾਂ ਦੇ ਸਮਾਨ ਦੀ ਕੁਰਕੀ ਕਰਨ ਵਾਸਤੇ ਅੱਜ ਵੇਰਵੇ ਸਹਿਤ ਕਾਲੀ ਖ਼ਾਨ ਸਾਹਿਬ ਕਾਇਮ ਮੁਕਾਮ ਨਾਜ਼ਿਮ ਦੇ ਨਾਮ ਲਿਖਿਆ ਗਿਆ ਹੈ। ਯਕੀਨ ਹੈ ਉਸ ਦੇ ਮੁਤਾਬਿਕ ਅਮਲ ਹੋਵੇਗਾ। ਗੋਲਾ ਬਾਰੂਦ ਦਿਵਾਉਣ ਮਗਰੋਂ ਪੱਚੀ ਹਥਿਆਰ ਬੰਦ ਸਵਾਰਾਂ ਦਾ ਭੇਜਿਆਂ ਜਾਣਾ ਵਾਜਿਬ ਹੈ।

**ਸੋ ਹੁਕਮ ਹੋਇਆ ਕਿ,**

ਪੱਚੀ ਹਥਿਆਰ ਬੰਦ ਸਵਾਰ ਛੇਤੀ ਰਵਾਨਾ ਕੀਤੇ ਜਾਣ ਤੇ ਨਿਜ਼ਾਮਤ ਵਿੱਚ ਰੋਬਕਾਰ ਭੇਜੀ ਜਾਵੇ ਕਿ ਉਹ ਸਵਾਰਾਂ ਦੇ ਪੁੱਜਣ ਸਮੇਂ ਛੇਤੀ ਕਰ ਕੇ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਤੇ ਉਨ੍ਹਾਂ ਦੇ ਘਰਾਂ ਦੀ ਕੁਰਕੀ ਕਰਨ ਅਤੇ ਵੇਰਵੇ ਸਹਿਤ ਇਤਲਾਹ ਭੇਜਣ।

17 ਜਨਵਰੀ 1872 ਈ:
6 ਮਾਘ 1928.

ਹਜ਼ੂਰ ਸਰਕਾਰ ਨੇ ਮੁਲਾਹਿਜ਼ਾ ਕੀਤਾ।
18 ਜਨਵਰੀ 1872 ਈ:

---

## ਰੋਬਕਾਰ ਨਿਜ਼ਾਮਤ ਅਮਰਗੜ੍ਹ ਲਾਲਾ ਤਿਪਰ ਚੰਦ ਨਾਜ਼ਿਮ ਦੀ ਤਜਵੀਜ਼ ਨਾਲ।

**7 ਮਾਘ 1928 ਮੁਤਾਬਿਕ 18 ਜਨਵਰੀ 1872 ਈ:**

ਜਨਾਬ ਵਜ਼ੀਰ ਸਾਹਿਬ ਬਹਾਦੁਰ ਦੇ ਮਿਤੀ 17 ਜਨਵਰੀ ਸੰਨ 1872 ਈ: ਦੇ ਖ਼ਤ ਆਉਣ ਤੋਂ ਪ੍ਰਤੱਖ ਹੋਇਆ ਕਿ ਜਿਹੜੇ ਕੂਕਾ ਲੋਕ ਗ੍ਰਿਫ਼ਤਾਰ ਹੋ ਕੇ ਤੋਪਾਂ ਨਾਲ ਉਡਾਏ ਗਏ ਹਨ ਤੇ ਵਿਸ਼ੇਸ਼ ਕਰਕੇ ਜਿੰਨੇ ਵੀ ਉਹ ਲੋਕ, ਜਿਹੜੇ ਉੱਚੇ ਰੁਤਬੇ ਵਾਲੀ ਸਰਕਾਰ ਦੇ ਇਲਾਕੇ ਦੇ ਵਾਸੀ ਹੋਣ, ਉਨ੍ਹਾਂ ਦੀ ਜਾਇਦਾਦ ਕੁਰਕ ਹੋਣੀ ਚਾਹੀਦੀ ਹੈ, ਉਨ੍ਹਾਂ ਦੇ ਬੀਵੀ ਬੱਚਿਆਂ ਦੀ ਨਿਗਰਾਨੀ ਹੋਣੀ ਚਾਹੀਦੀ ਹੈ, ਉਨ੍ਹਾਂ ਦੀ ਨਾਜ਼ਿਮ ਸਾਹਿਬਾਨ ਰਾਹੀਂ ਬਹੁਤ ਛੇਤੀ ਤਾਮੀਲ ਹੋਣੀ ਚਾਹੀਦੀ ਹੈ।

ਉਨ੍ਹਾਂ ਲੋਕਾਂ ਦੀ ਜਾਇਦਾਦ ਦਾ ਵਾਕਈ ਇੰਤਜ਼ਾਮ ਤੇ ਖ਼ਾਸ ਕਰਕੇ ਉਨ੍ਹਾਂ ਲੋਕਾਂ ਦੀ ਗ੍ਰਿਫ਼ਤਾਰੀ, ਜਿਹੜੇ ਫ਼ਸਾਦੀ ਕੂਕਿਆਂ ਵਿੱਚੋਂ ਹਨ, ਹੋਣੀ ਚਾਹੀਦੀ ਹੈ। ਕੋਟਲਾ ਦੇ ਫ਼ਸਾਦ ਸਮੇਂ ਇਨ੍ਹਾਂ ਦੀ ਗਿਣਤੀ 120 ਸੀ। ਫ਼ਰਦ ਵਿੱਚ ਦਰਜ ਵੇਰਵੇ ਅਨੁਸਾਰ 68 ਵਿਅਕਤੀ ਤਾਂ ਨਿਕਲ ਆਏ ਪਰ 52 ਵਿੱਚੋਂ ਇੱਕ ਕਾਹਲਾ ਸਿੰਘ ਨਾਮੀ ਵਿਅਕਤੀ ਹੈ, ਜਿਹੜਾ ਗੁਰੂ ਰਾਮ ਸਿੰਘ ਦਾ ਖ਼ਾਸ ਵਜ਼ੀਰ ਸੀ ਅਤੇ ਕੁਝ ਹੋਰ ਲੋਕ ਗ੍ਰਿਫ਼ਤਾਰ ਹੋ ਚੁੱਕੇ ਹਨ। ਉਨ੍ਹਾਂ ਰਹਿੰਦੇ ਵਿਅਕਤੀਆਂ ਦੀ ਗ੍ਰਿਫ਼ਤਾਰੀ ਜਿਸ ਤਰ੍ਹਾਂ ਹੋ ਸਕੇ ਹੋਣੀ ਚਾਹੀਦੀ ਹੈ।

## ਹੁਕਮ ਹੋਇਆ ਕਿ:-

ਰੋਬਕਾਰ ਦੀ ਇੱਕ-ਇੱਕ ਨਕਲ ਵਜ਼ੀਰ ਸਾਹਿਬ ਬਹਾਦੁਰ ਦੇ ਹਵਾਲੇ ਨਾਲ ਅਨਾਹਦਗੜ੍ਹ ਤੇ ਕਰਮਗੜ੍ਹ ਦੇ ਨਾਜ਼ਿਮਾਂ ਦੀ ਸੇਵਾ ਵਿੱਚ ਭੇਜ ਕੇ ਲਿਖਿਆ ਜਾਵੇ ਕਿ ਉਹ ਮਿਹਰਬਾਨੀ ਕਰਕੇ ਛੇਤੀ ਥਾਣੇਦਾਰਾਂ ਤੇ ਤਹਿਸੀਲਦਾਰਾਂ ਰਾਹੀਂ ਪਹਿਲਾਂ ਗ੍ਰਿਫ਼ਤਾਰ ਹੋ ਚੁੱਕੇ ਵਿਅਕਤੀਆਂ ਦੀ ਜਾਇਦਾਦ ਦੀ ਕੁਰਕੀ ਦਾ ਇੰਤਜ਼ਾਮ ਕਰਨ ਅਤੇ ਫਿਰ ਆਪਣੇ ਆਪਣੇ ਸਾਰੇ ਮਾਤਹਿਤਾਂ ਨੂੰ ਬਾਕੀ ਰਹਿੰਦਿਆਂ ਦੀ ਖੋਜ ਤੇ ਗ੍ਰਿਫ਼ਤਾਰੀ ਵਾਸਤੇ ਸਖ਼ਤ ਤਾਕੀਦ ਕਰਨ। ਇਸ ਥਾਂ ਤੋਂ ਉੱਤਮ ਸਿੰਘ ਥਾਣੇਦਾਰ ਸ਼ੇਰਪੁਰ ਤੇ ਸੱਯਦ ਮੁਹੰਮਦ ਤਹਿ ਥਾਣੇਦਾਰ ਅਮਰਗੜ੍ਹ ਨੂੰ, ਗੁੱਜਰ ਸਿੰਘ ਨੰਬਰਦਾਰ ਅਮਰਗੜ੍ਹ ਤੇ ਰਤਨ ਸਿੰਘ ਨੰਬਰਦਾਰ ਬੁਰਜ, ਜਿਹੜੇ ਇੱਥੇ ਹਾਜ਼ਿਰ ਹਨ, ਸਮੇਤ ਬਾਕੀ ਰਹਿੰਦੇ ਕੂਕਿਆਂ ਦੀ ਖੋਜ ਪੜਤਾਲ ਤੇ ਗ੍ਰਿਫ਼ਤਾਰੀ ਵਾਸਤੇ ਭੇਜ ਕੇ ਹਦਾਇਤ ਕੀਤੀ ਜਾਵੇ ਕਿ ਉਹ ਬਹੁਤ ਜ਼ਿਆਦਾ ਕੋਸ਼ਿਸ਼ ਤੇ ਕਾਰਵਾਈ ਕਰਕੇ ਬਾਕੀ ਰਹਿੰਦੇ ਮੁਜ਼ਰਿਮਾਂ ਨੂੰ ਗ੍ਰਿਫ਼ਤਾਰ ਕਰਕੇ ਲਿਆਉਣ। ਉਹ ਜਿਹੜਾ ਵਿਅਕਤੀ ਜ਼ਖ਼ਮੀ ਹੋਵੇ ਅਤੇ ਜਿਸ ਕਿਸੇ ਵੀ ਫ਼ਸਾਦ 'ਚ ਸ਼ਾਮਿਲ ਹੋਣ ਦੀ ਕੋਈ ਨਿਸ਼ਾਨੀ ਪਾਈ ਜਾਵੇ ਉਸ ਨੂੰ ਫ਼ੌਰਨ ਗ੍ਰਿਫ਼ਤਾਰ ਕਰਨ। ਇਸ ਹੁਕਮ ਦੀ ਬਹੁਤ ਛੇਤੀ ਤਾਮੀਲ ਹੋ ਕੇ ਨਾਜ਼ਿਮ ਸਾਹਿਬਾਨ ਹਰ ਰੋਜ਼ ਦੀ ਕਾਰਵਾਈ ਸੰਬੰਧੀ ਵਜ਼ੀਰ ਸਾਹਿਬ ਤੇ ਇਸ ਮਹਿਕਮੇਂ ਨੂੰ ਸੂਚਿਤ ਕਰਦੇ ਰਹਿਣ ਅਤੇ ਮਾਤਹਿਤ ਥਾਣੇਦਾਰ ਇਸ ਮਹਿਕਮੇਂ ਵਿੱਚ ਇਤਲਾਹ ਪਹੁੰਚਾਉਂਦੇ ਰਹਿਣ। ਜਿਹੜੇ ਜਿਹੜੇ ਆਦਮੀ ਦੀ ਜਿਹੜੀ ਜਿਹੜੀ ਜਗ੍ਹਾ ਜਿੰਨੀ ਜਿੰਨੀ ਜਾਇਦਾਦ ਜ਼ਬਤ ਹੋਵੇ, ਉਸ ਦੀ ਫ਼ਰਦ ਨਾਜ਼ਿਮ ਸਾਹਿਬਾਨ ਇਸ ਮਹਿਕਮੇਂ ਵਿੱਚ ਭੇਜ ਦੇਣ ਅਤੇ ਮਾਤਹਿਤ ਥਾਣੇਦਾਰ ਛੇਤੀ ਨਾਲ ਇਸ ਮਹਿਕਮੇ ਨੂੰ ਰਿਪੋਟ ਭੇਜਣ ਤੇ ਇਸ ਰੋਬਕਾਰ ਦੀ ਇੱਕ ਇੱਕ ਨਕਲ ਨਾਲ ਇਤਲਾਹ ਹਾਕਿਮ ਮੁੱਖ ਅਦਾਲਤ ਤੇ ਮੁਨਸ਼ੀ ਖ਼ਾਨੇ ਨੂੰ ਭੇਜ ਦਿੱਤੀ ਜਾਵੇ। ਨਾਲੇ ਪੰਜਾਬ ਸਿੰਘ ਤੇ ਪਰਤਾਪ ਸਿੰਘ ਰਾਏਪੁਰੀਆ, ਜਿਹੜੇ ਫ਼ਸਾਦੀਆਂ ਦੀ ਗ੍ਰਿਫ਼ਤਾਰੀ 'ਚ ਸ਼ਾਮਿਲ ਸਨ, ਨੂੰ ਵੀ ਖੋਜ ਪੜਤਾਲ ਕਰਨ ਲਈ ਨਾਲ ਭੇਜ ਦਿੱਤਾ ਜਾਵੇ।

ਮੁਕਾਮ ਕੋਟਲਾ।

---

## ਨਿਜ਼ਾਮਤ ਕਰਮਗੜ੍ਹ ਦੇ ਮਹਿਕਮੇ ਵਲੋਂ

ਚੂੰਕਿ ਇਸ ਤੋਂ ਪਹਿਲਾਂ ਲਹਿਣਾ ਸਿੰਘ, ਹੀਰਾ ਸਿੰਘ, ਅਨੂਪ ਸਿੰਘ ਤੇ ਮਿੱਤ ਸਿੰਘ ਦੀ ਜਾਇਦਾਦ ਦੀ ਕੁਰਕੀ ਕਰਕੇ ਉਨ੍ਹਾਂ ਦੀਆਂ ਫ਼ਰਦਾਂ ਅਤੇ ਲਹਿਣਾ ਸਿੰਘ ਤੇ ਅਨੂਪ ਸਿੰਘ ਦੇ ਪਿਤਾ ਮਹਿਤਾਬ ਸਿੰਘ ਜਿਹੜੇ ਮੇਲੇ ’ਤੇ ਜਾ ਕੇ ਵਾਪਸ ਨਹੀਂ ਆਏ, ਦੀ ਜਾਇਦਾਦ ਦੀ ਫ਼ਰਦ ਦੀ ਨਕਲ ਮਹਿਕਮਾ ਮੁਨਸ਼ੀ ਖ਼ਾਨਾ ਤੇ ਮੁੱਖ ਅਦਾਲਤ ਵਾਲਿਆਂ ਦੀ ਸੇਵਾ ਵਿੱਚ ਭੇਜੀਆਂ ਜਾ ਚੁੱਕੀਆਂ ਹਨ। ਭੂਪ ਸਿੰਘ, ਬਸਾਵਾ ਸਿੰਘ ਤੇ ਵਰਿਆਮ ਸਿੰਘ ਪਿੰਡ ਦਿਆਲਗੜ੍ਹ ਦੇ, ਤੋਪਾਂ ਨਾਲ ਉਡਾਏ ਜਾਣ ਦਾ ਹਾਲ ਥਾਣੇਦਾਰ ਰਾਹੀਂ ਪਹਿਲਾਂ ਵੀ ਮਹਿਕਮਾ ਮੁਨਸ਼ੀ ਖ਼ਾਨਾ ਤੇ ਮੁੱਖ ਅਦਾਲਤ ਵਾਲਿਆ ਦੀ ਸੇਵਾ ਵਿੱਚ ਦੱਸਿਆ ਜਾ ਚੁੱਕਾ ਹੈ ਅਤੇ ਦਰਿਆਫ਼ਤ ਕਰਨ ਉਪ੍ਰੰਤ ਉਨ੍ਹਾਂ ਦੀ ਜਾਇਦਾਦ ਜ਼ਬਤ ਕਰਾਉਣ ਵਾਸਤੇ ਵੀ ਥਾਣੇਦਾਰ ਦੇ ਨਾਮ ਹੁਕਮ ਜਾਰੀ ਕੀਤਾ ਗਿਆ ਪਰ ਹੁਣ ਤੱਕ ਫ਼ਰਦਾਂ ਨਹੀਂ ਆਈਆਂ। ਇਹ ਫ਼ਰਦਾਂ ਵੀ ਉਪ੍ਰੋਕਤ ਮਹਿਕਮਿਆਂ ਵਾਲਿਆਂ ਦੀ ਸੇਵਾ ਵਿੱਚ ਭੇਜ ਦਿੱਤੀਆਂ ਜਾਣਗੀਆਂ। ਜੀਵਨ ਸਿੰਘ ਪੁੱਤਰ ਧੌਂਕਲ ਵਾਸੀ ਪਿੰਡ ਨਮੋਲ ਤਆਲੁੱਕਾ ਸੁਨਾਮ ਤੇ ਕਾਲਾ ਸਿੰਘ ਪੁੱਤਰ ਦੁੱਲਾ ਸਿੰਘ ਵਾਸੀ ਪਿੰਡ ਬਲਦਾਂ ਤਆਲੁੱਕਾ ਅਕਾਲਗੜ੍ਹ ਦੀ ਜਾਇਦਾਦ ਦੀ ਕੁਰਕੀ ਵਾਸਤੇ ਹੁਕਮ ਜਾਰੀ ਹੋਇਆ ਹੈ।

## ਹੁਕਮ ਹੋਇਆ ਕਿ

ਸੁਨਾਮ ਤੇ ਅਕਾਲਗੜ੍ਹ ਦੇ ਥਾਣੇਦਾਰਾਂ ਨੂੰ ਲਿਖਿਆ ਜਾਵੇ ਕਿ ਉਹ ਇਨ੍ਹਾਂ ਦੋਹਾਂ ਕੂਕਿਆਂ ਦੀ ਕੁਰਕੀ ਦੀ ਫ਼ਰਦ ਲਿਖ ਕੇ ਇਸ ਮਹਿਕਮੇਂ ਨੂੰ ਭੇਜਣ। ਜਿਹੜੇ ਹੋਰ ਥਾਣੇਦਾਰਾਂ ਦੇ ਨਾਮ ਦੋ ਵਾਰ ਹੁਕਮ ਜਾਰੀ ਹੋ ਚੁੱਕੇ ਹਨ ਕਿ ਜਿਹੜੇ ਜਿਹੜੇ ਕੂਕੇ ਉਨ੍ਹਾਂ ਦੇ ਇਲਾਕਿਆਂ ’ਚ ਹੋਣ ਤੇ ਉਨ੍ਹਾਂ ਦਾ ਮੇਲੇ ’ਤੇ ਜਾਣਾ ਪਾਇਆ ਜਾਵੇ, ਉਨ੍ਹਾਂ ਨੂੰ ਇਸ ਗੱਲ ਦੀ ਤਸੱਲੀ ਕਰਨ ਵਾਸਤੇ ਕਿ ਉਹ ਫ਼ਸਾਦੀਆਂ ’ਚ ਸ਼ਾਮਿਲ ਹੋਏ ਜਾਂ ਨਹੀਂ, ਗ੍ਰਿਫ਼ਤਾਰ ਕਰਕੇ ਰਵਾਨਾ ਕਰਨ, ਅੱਜ ਤੱਕ ਜਵਾਬ ਨਹੀਂ ਆਇਆ। ਥਾਣੇਦਾਰ ਭਵਾਨੀਗੜ੍ਹ ਤੋਂ ਬਿਨਾਂ ਉਨ੍ਹਾਂ ਸਾਰੇ ਮਾਤਹਿਤ ਥਾਣੇਦਾਰਾਂ ਨੂੰ ਸਖ਼ਤ ਤਾਕੀਦ ਕੀਤੀ ਜਾਵੇ ਕਿ ਉਹ ਦੋ ਦਿਨਾਂ ਦੇ ਅੰਦਰ ਅੰਦਰ ਸਾਬਿਕਾ ਹੁਕਮ ਦੀ ਤਾਮੀਲ ਕਰਕੇ ਰਿਪੋਟ ਕਰਨ। ਭਵਾਨੀਗੜ੍ਹ ਦੇ ਥਾਣੇਦਾਰ ਨੂੰ ਲਿਖਿਆ ਜਾਵੇ ਕਿ ਉਹ ਬਸਾਵਾ ਸਿੰਘ, ਭੂਪ ਸਿੰਘ ਤੇ ਵਰਿਆਮ ਸਿੰਘ ਪਿੰਡ ਦਿਆਲਗੜ੍ਹ ਦੀ ਜਾਇਦਾਦ ਕੁਰਕ ਕਰਕੇ ਫ਼ਰਦ ਭੇਜੇ। ਵੇਰਵੇ ਲਈ ਇਸ ਰੋਬਕਾਰ ਦੀ ਨਕਲ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨਾ ਵਾਲਿਆਂ ਤੇ ਮੁੱਖ ਅਦਾਲਤ ਦੇ ਹਾਕਿਮ ਦੀ ਸੇਵਾ ਵਿੱਚ ਭੇਜ ਕੇ ਬੇਨਤੀ ਕੀਤੀ ਜਾਵੇ ਕਿ ਬਾਕੀ ਰਹਿੰਦੇ ਕੂਕਿਆਂ ਦੀ ਜਾਇਦਾਦ ਦੀ ਫ਼ਰਦ ਬਹੁਤ ਛੇਤੀ ਭੇਜੀ ਜਾਵੇਗੀ। ਇਤਲਾਹ ਵਜੋਂ ਰੋਬਕਾਰ ਦੀ ਇੱਕ ਨਕਲ ਸਮੇਤ ਕੁਰਕ ਕੀਤੀਆਂ ਜ਼ਮੀਨਾਂ ਦੀ ਫ਼ਰਦਾਂ ਦੀ ਨਕਲ ਦੇ, ਨਿਜ਼ਾਮਤ ਅਮਰਗੜ੍ਹ ਵਾਲਿਆਂ ਦੀ ਸੇਵਾ ਵਿੱਚ ਭੇਜ ਦਿੱਤੀ ਜਾਵੇ। ਭਾਵੇਂ ਕੁਰਕੀ ਦੀ ਫ਼ਰਦ ਨਿਜ਼ਾਮਤ ਅਮਰਗੜ੍ਹ ਨੂੰ ਭੇਜਣ ਦੀ ਲੋੜ ਨਹੀਂ ਲੱਗਦੀ ਹੈ ਪਰ ਉਹ ਰਿਆਸਤ ਦੇ ਵਜ਼ੀਰ ਸਾਹਿਬ ਬਹਾਦੁਰ ਦੇ ਹੁਕਮ ਦੇ ਹਵਾਲੇ ਨਾਲ ਮੰਗਦੇ ਹਨ, ਇਸ ਲਈ ਕੁਰਕੀ ਦੀ ਫ਼ਰਦ ਭੇਜ ਦੇਣੀ ਮੁਨਾਸਿਬ ਹੈ। ਪਹਿਲਾਂ ਵੀ ਨਾਇਬ ਸਾਹਿਬ ਦੀ ਸੇਵਾ ਵਿੱਚ ਹਾਲਾਤ ਦੀ ਸੂਚਨਾ ਹਿਤ ਅਤੇ ਥਾਣੇਦਾਰਾਂ ਤੋਂ ਤਾਮੀਲ ਕਰਾ ਦੇਣ ਬਾਰੇ ਲਿਖਿਆ ਗਿਆ ਹੈ। ਇਸ ਕਾਗਜ਼ ਦੀ ਨਕਲ ਵੀ ਤਾਮੀਲ ਦੇ ਤੌਰ ’ਤੇ ਨਾਇਬ ਸਾਹਿਬ ਦੀ ਸੇਵਾ ਵਿੱਚ ਭੇਜ ਦਿੱਤੀ ਜਾਵੇ ਅਤੇ ਲਿਖਿਆ ਜਾਵੇ ਕਿ ਉਹ ਆਪਣੇ ਮਾਤਹਿਤ ਥਾਣੇਦਾਰਾਂ ਤੋਂ ਬਹੁਤ ਛੇਤੀ ਤਾਮੀਲ ਕਰਾ ਕੇ ਜਵਾਬ ਭੇਜਣ।

ਲਿਖਤ :– 10 ਮਾਘ 1928 ਮੁਤਾਬਿਕ 21 ਜਨਵਰੀ 1872 ਈ:

---

## ਥਾਣੇਦਾਰ ਭਵਾਨੀਗੜ੍ਹ ਵਲੋਂ ਲਿਖੇ ਬਿਨੈ-ਪੱਤਰ ਮਿਤੀ 8 ਮਾਘ ਸੰਮਤ 1928 ਦੀ ਨਕਲ

**19 ਜਨਵਰੀ 1872**

ਸ੍ਰੀ ਮਾਨ ਜੀ,

ਪਿੰਡ ਸਕਰੌਦੀ ਤੇ ਦਿਆਲਗੜ੍ਹ ਦੇ ਨੌ ਵਿਅਕਤੀ ਕੂਕੇ, ਜਿਹੜੇ ਸਤਿਗੁਰੂ ਦੇ ਮੇਲੇ ਵਿੱਚ ਗਏ ਸਨ, ਮੈਂ ਉਨ੍ਹਾਂ ਦਾ ਕੱਲ ਦੀ ਤਰੀਕ ਵਿੱਚ ਚਲਾਣ ਕਰ ਚੱਕਿਆ ਹਾਂ। ਸਾਰੇ ਵਿਅਕਤੀਆਂ ਲਾਲ ਸਿੰਘ ਪੁੱਤਰ ਲਹਿਣਾ ਸਿੰਘ ਕੂਕਾ, ਥੱਮਣ ਸਿੰਘ ਨਾਈ ਕੂਕਾ ਨਹੀਂ ਹੈ, ਹੀਰਾ ਸਿੰਘ ਰਾਮਗੜ੍ਹੀਆ ਕੂਕਾ, ਭਾਈ ਭਾਗ ਸਿੰਘ ਕੂਕਾ, ਲਾਲ ਸਿੰਘ ਦੂਜਾ ਪਿੰਡ ਗੜ੍ਹੀ ਸੰਧੂਆ, ਹਾਲ ਆਬਾਦ ਪਿੰਡ ਸਕਰੌਦੀ ਕੂਕਾ, ਲਾਲੀ ਰਾਮਗੜ੍ਹੀਆ ਕੂਕਾ ਨਹੀਂ ਹੈ ਤੇ ਗੁਰਦਿੱਤ ਜ਼ਿਮੀਂਦਾਰ ਕੂਕਾ ਨਹੀਂ ਹੈ ਨੂੰ, ਕੂਕੇ ਅਤੇ ਗੈਰ-ਕੂਕੇ ਪਿੰਡ ਸਕਰੌਦੀ ਜਿਹੜੇ ਮੇਲੇ 'ਚ ਗਏ ਸਨ ਉਨ੍ਹਾਂ ਸਾਰਿਆਂ ਨੂੰ ਅੱਜ ਇਸ ਬਿਨੈ-ਪੱਤਰ ਰਾਹੀਂ ਪੇਸ਼ ਕਰਦਾ ਹਾਂ।

ਹੁਕਮ ਦੇ ਮੁਤਾਬਿਕ ਲਹਿਣਾ ਸਿੰਘ, ਅਨੂਪ ਸਿੰਘ, ਮਹਿਤਾਬ ਸਿੰਘ, ਤੇ ਹੀਰਾ ਸਿੰਘ ਨਾਮੀ ਫ਼ਸਾਦੀ ਕੂਕਿਆਂ, ਜਿਹੜੇ ਵਾਪਸ ਨਹੀਂ ਆਏ, ਦੀਆਂ ਜਾਇਦਾਦਾਂ ਕੁਰਕ ਕਰਕੇ ਉਨ੍ਹਾਂ ਦੀਆਂ ਫ਼ਰਦਾਂ (ਲਿਸਟਾਂ) ਮਾਲ ਖਾਨੇ ਵਾਲਿਆਂ ਦੇ ਸਪੁਰਦ ਕਰਨ ਮਗਰੋਂ ਇਸ ਬਿਨੈ-ਪੱਤਰ ਵਿੱਚ ਮੁਲਾਹਿਜ਼ਾ ਕਰੋਗੇ।

ਸਕਰੌਦੀ ਦੇ ਮਿਸਰਾ ਸਿੰਘ ਬ੍ਰਾਹਮਣ ਕੂਕਾ, ਜਿਹੜਾ ਮੇਲੇ ਤੋਂ ਵਾਪਸ ਨਹੀਂ ਆਇਆ, ਦੀ ਕੋਈ ਜਾਇਦਾਦ ਨਹੀਂ ਹੈ, ਪਿੰਡ ਖਿਜਰਵਾਲਾ ਜ਼ਿਲ੍ਹਾ ਲੁਧਿਆਣਾ ਵਿਖੇ ਉਸ ਦਾ ਘਰ ਹੈ ਅਤੇ ਬਸੰਤ ਸਿੰਘ ਖ਼ਾਕਰੋਬ (ਚੂਹੜਾ) ਫ਼ਸਾਦੀ ਦਾ ਚਮੜੇ ਦਾ ਕਮਰਬੰਦ ਪੇਟੀ, ਚਮੜੇ ਦਾ ਤੋਸ਼ਾਦਾਨ, ਰੋਟੀ ਦਾ ਡੱਬਾ, ਸਵਾਰਾਂ ਦੇ ਪਟੇ, ਬੰਦੂਕ ਦੀ ਸ਼ੀਸ਼ੇ ਦੀ ਗੋਲੀ ਤੇ ਬੰਦੂਕ ਸਾਫ਼ ਕਰਨ ਵਾਲੀ 10 ਗਜ਼ ਰੱਸੀ ਦੇ ਸਿਵਾਏ ਕੋਈ ਜਾਇਦਾਦ ਨਹੀਂ ਹੈ। ਜਿਹੜੀਆਂ ਨਾਜਾਇਜ਼ ਚੀਜ਼ਾਂ ਮਹਿਤਾਬ ਸਿੰਘ ਦੇ ਘਰੋਂ ਬਰਾਮਦ ਹੋਈਆਂ, ਉਹ ਜਾਇਦਾਦ ਦੀ ਫ਼ਰਦ ਵਿੱਚ ਦਰਜ਼ ਹੋ ਚੁੱਕੀਆਂ ਹਨ ਤੇ ਉਸ ਦਾ ਵੀ ਚਲਾਣ ਪੇਸ਼ ਕਰਦਾ ਹਾਂ।

ਲਹਿਣਾ ਸਿੰਘ ਦੀ ਔਰਤ ਉਸ ਦੇ ਨਾਲ ਚਲੀ ਗਈ ਅਤੇ ਅਨੂਪ ਸਿੰਘ ਨੇ ਪਹਿਲਾਂ ਹੀ ਔਰਤ ਨੂੰ ਘੱਲ ਦਿੱਤਾ ਸੀ। ਹੀਰਾ ਸਿੰਘ ਦੀ ਔਰਤ, ਬੱਚਾ ਤੇ ਮਾਤਾ ਪਿੰਡ ਸਕਰੌਦੀ ਵਿਖੇ ਮੌਜੂਦ ਹਨ। ਇਹ ਦੋਵੇਂ ਹੀਰਾ ਸਿੰਘ ਦੀਆਂ ਦੁਸ਼ਮਣ ਹਨ ਕਿਉਂਕਿ ਹੀਰਾ ਸਿੰਘ ਨੇ ਇਨ੍ਹਾਂ ਦੀਆਂ ਗੁੱਤਾਂ ਕੱਟੀਆਂ ਸਨ। ਲਹਿਣਾ ਸਿੰਘ ਦੀ ਮਾਤਾ ਨੇ ਅਦਾਲਤ ਵਿੱਚ ਅਰਜ਼ੀ ਦੇ ਕੇ ਅਪਣਾ ਘਰ ਤੇ ਸਮਾਨ ਸੁਰੱਖਿਅਤ ਰੱਖਿਆ ਹੈ ਕਿਉਂਕਿ ਹੀਰਾ ਸਿੰਘ ਵੇਚਣਾ ਚਾਹੁੰਦਾ ਸੀ। ਸੋ ਦੋਵੇਂ ਔਰਤਾਂ ਸਵੇਰੇ ਹਾਜ਼ਿਰ ਹੋਈਆਂ।

ਲਾਲੀ ਤਰਖ਼ਾਣ ਤੇ ਗੁਰਦਿੱਤੂ ਜ਼ਿਮੀਂਦਾਰ ਕੂਕਾ ਨਹੀਂ ਹਨ। ਮੇਲੇ ਵਿੱਚ ਤਮਾਸ਼ਾ ਵੇਖਣ ਵਾਸਤੇ ਗਏ ਸਨ, ਉਨ੍ਹਾਂ ਨੂੰ ਵੀ ਭੇਜਦਾ ਹਾਂ।

---

## ਦੋਨੋਂ ਫ਼ਸਾਦੀਆਂ ਅਨੂਪ ਸਿੰਘ ਤੇ ਉਸ ਦੇ ਪਿਤਾ ਮਹਿਤਾਬ ਸਿੰਘ ਵਾਸੀ ਸਕਰੌਦੀ ਦੀ ਸ਼ਾਮਿਲਾਤ ਸਮੇਤ ਕੁਰਕ ਕੀਤੀ ਜਾਇਦਾਦ ਦੀ ਸੂਚੀ

ਜਾਇਦਾਦ ਅਨੂਪ ਸਿੰਘ :- ਕੁਲ ਚੀਜ਼ਾਂ, ਕੱਪੜੇ ਤੇ ਡੰਗਰ ਪਸ਼ੂ ਵੇਚ ਦਿੱਤੇ। ਉਹਦਾ ਘਰ ਜਿਸ ਦਾ ਮਾਲਿਕ ਮਹਿਤਾਬ ਸਿੰਘ ਹੈ। ਖੂਹ ਦਾ ਹਿੱਸਾ= ਚੌਥਾ ਹਿੱਸਾ, 2 ਬਿਘੇ 15 ਵਿਸਵਾ। ਹੋਰ 12 ਬਿਘੇ ਵਿੱਚੋਂ ਇਸ ਦੇ ਹਿੱਸੇ 'ਚ 2 ਬਿਘੇ।

ਸਕਾ ਭਾਈ ਸਰੂਪ ਸਿੰਘ ਜਿਹੜਾ ਕੂਕਾ ਨਹੀਂ ਹੈ ਤੇ ਸਰਕਾਰ ਦਾ ਨੌਕਰ ਹੈ।

ਜਾਇਦਾਦ ਮਹਿਤਾਬ ਸਿੰਘ :- ਮੂੰਗਾ = 1, ਦੁਲਾਈ ਕਾਲੀ 1, ਲਿਹਾਫ਼ 1 ਕੱਛਾਹਿਰਾ ਘਰ ਇੱਕ ਕੋਠਾ ਤੇ ਅੰਦਰ ਇੱਕ ਕੋਠੜੀ ਸਮੇਤ ਵਿਹੜਾ।

ਖੂਹ ਦੀ ਜ਼ਮੀਨ ਦੋ ਬਿਘੇ 15 ਬਿਸਵੇ। ਜਿਸ ਵਿੱਚ ਮਹਿਤਾਬ ਸਿੰਘ ਦਾ ਹਿੱਸਾ ਹੈ।

ਕੱਪੜੇ:- ਸਲਵਾਰ ਤੇ ਕੱਛਾਹਿਰਾ 2, ਹੋਰ ਕੱਪੜਾ 12 ਗਿਰਾ, ਰਜ਼ਾਈ ਪੀਲੀ ਦਰਬਾਰੀ 4 ਗਜ਼,ਰਜਾਈ ਦਰਬਾਰੀ ਸਰਜ 5 ਗਜ਼,ਸਲਵਾਰ ਦਾ ਕੱਪੜਾ 1

ਫੁਟਕਲ:- ਸੌਂਫ, ਹਰੜ 1 ਛਟਾਂਕ, ਕਾਲੀ ਮਿਰਚ 2 ਤੋਲੇ, ਚੌਲ,
ਲੱਕੜ ਦਾ ਤਖ਼ਤ ਪੋਸ਼।
ਅਨਾਜ 7 ਮਣ, ਸਰੋਂ, ਜੌਂ, ਮੱਕੀ 5 ਧੜੀ
ਚਾਰਪਾਈ 7
ਦੁੱਧ = ਠੰਡਾ 1, ਗਰਮ 2
ਤੌਸ਼ਾਦਾਨ ਚਮੜੇ ਦਾ =1, ਰੁਪਏ 135
ਪਟੇ ਸਵਾਰਾਂ 1, ਤੋੜਾਂ ਬੰਦੂਕ
ਇੱਕ ਖੂਹ = ਇੱਕ ਹਿੱਸਾ
ਜ਼ਮੀਨ ਬਾਰਾਨੀ = 12 ਬਿਘੇ।

(ਗਵਾਹ) ਕੇਹਰੂ ਸਿੰਘ, ਖਜ਼ਾਨ ਸਿੰਘ, ਮੱਲ ਸਿੰਘ, ਰਣ ਸਿੰਘ, ਚੜ੍ਹਤ ਸਿੰਘ (ਸਾਰੇ ਭਾਈ ਸਕਰੌਦੀ)

---

## ਫ਼ਸਾਦੀ ਹੀਰਾ ਸਿੰਘ (ਕੂਕਾ ਸਿੰਘ) ਪਿੰਡ ਸਕਰੌਦੀ ਦੀ ਕੁਰਕ ਕੀਤੀ ਜਾਇਦਾਦ ਦੀ ਫ਼ਰਦ ਦੀ ਨਕਲ

| | |
|---|---|
| ਘਰ, ਕੱਚਾ ਕੋਠਾ ਚਾਰ ਖਣ। | ਗੜਵਾ 1 |
| ਇੱਕ ਖੂਹ 'ਚੋਂ ਛੇਵਾ ਹਿੱਸਾ ਹੈ। | ਜਵਾਰ ਦੇ ਸਿੱਟੇ 4 ਮਣ |
| ਜ਼ਮੀਨ ਬਾਰਾਨੀ 41 ਬਿਘੇ 10 ਬਿਸਵੇ | ਕਟੋਰਾ 1 |
| ਗਊਆਂ 2 | ਬਾਟਾ 1 |
| ਸੱਬਲ 2 | ਚਾਰਪਾਈ 1 = ਚਾਰ ਆਨੇ ਦੀ |

<u>ਕਲਾ ਨੰਦ ਸਕਰੌਦੀ</u> <u>ਖੜਕ ਸਿੰਘ</u> <u>ਖਜ਼ਾਨ ਸਿੰਘ</u> <u>ਦਿਆਲ ਸਿੰਘ ਸਕਰੌਦੀ</u>
<u>ਚੜ੍ਹਤ ਸਿੰਘ</u>

---

## ਫ਼ਸਾਦੀ ਲਹਿਣਾ ਸਿੰਘ (ਕੂਕਾ ਸਿੰਘ) ਪਿੰਡ ਸਕਰੌਦੀ ਦੀ ਕੁਰਕ ਕੀਤੀ ਜਾਇਦਾਦ ਦੀ ਫ਼ਰਦ ਦੀ ਨਕਲ

ਕੱਪੜੇ ਆਦਿ ਸਾਰਾ ਸਾਮਾਨ ਅਤੇ ਡੰਗਰ ਪਸ਼ੂ ਫ਼ਰੋਖ਼ਤ ਕਰ ਦਿੱਤੇ।

ਕੱਚਾ ਕੋਠਾ 1
ਪੱਕੇ ਖੂਹ ਦੇ ਪੰਜਵਾਂ ਹਿੱਸੇ 'ਚੋਂ ਚੌਥਾ ਹਿੱਸਾ
ਜ਼ਮੀਨ ਬਾਰਾਨੀ 12 ਬਿਘੇ
ਤੀਸਰਾ ਹਿੱਸਾ, ਸਕੇ ਭਾਈ ਸਰੂਪ ਸਿੰਘ ਕੋਲ ਗਹਿਣੇ ਹੈ
ਅਤੇ ਅਪਣੇ ਤੌਰ 'ਤੇ ਵੇਚ ਦਿੱਤਾ ਹੈ ਅਤੌਂ ਸਰੂਪ ਸਿੰਘ
ਕੂਕਾ ਨਹੀਂ ਹੈ।

<u>ਕਲਾ ਨੰਦ</u> <u>ਖੜਕ ਸਿੰਘ ਤੇ ਖਜ਼ਾਨ ਸਿੰਘ</u> <u>ਦਿਆਲ ਸਿੰਘ, ਰਣ ਸਿੰਘ ਤੇ ਚੂਹੜ ਸਿੰਘ</u>
ਵਾਸੀ ਸਕਰੌਦੀ ਭਰਾ

---

## ਅਲਾਉਦੀਨ ਥਾਣੇਦਾਰ ਭਵਾਨੀਗੜ੍ਹ ਦੇ ਬਿਨੈ-ਪੱਤਰ ਮਿਤੀ 10 ਮਾਘ ਸੰਮਤ 1928 ਦੀ ਨਕਲ

ਹੁਕਮ ਮੁਤਾਬਿਕ ਭੂਪ ਸਿੰਘ, ਬਸਾਵਾ ਸਿੰਘ ਤੇ ਵਰਿਆਮ ਸਿੰਘ ਫ਼ਸਾਦੀ ਕੂਕਿਆਂ ਪਿੰਡ ਦਿਆਲਗੜ੍ਹ ਦੀਆਂ ਜਾਇਦਾਦਾਂ ਦੀਆਂ ਫ਼ਰਦਾਂ ਤਿਆਰ ਕਰਕੇ ਤੇ ਨੰਬਰਦਾਰ ਦੇ ਸਪੁਰਦ ਕਰਕੇ ਸਮੇਤ ਇਸ ਚਿੱਠੀ ਦੀ ਨਕਲ ਦੇ, ਭੇਜੀਆਂ ਜਾਂਦੀਆਂ ਹਨ। ਅਸਲ ਵਿੱਚ ਇਨ੍ਹਾਂ ਤਿੰਨਾਂ ਕੂਕਿਆਂ ਦੀ ਕੋਈ ਜਾਇਦਾਦ ਨਹੀਂ ਹੈ ਤੇ ਇਹ ਆਪਣੇ ਆਪਣੇ ਪਿਤਾ ਨਾਲ ਰਹਿੰਦੇ ਸਨ ਅਤੇ ਹੁਣ ਤੱਕ ਕਿਸੇ ਦੀ ਸ਼ਾਦੀ ਨਹੀਂ ਹੋਈ ਹੈ। ਇਹ ਲੋਕ ਮੌਸੀਕੀ ਮੁਜ਼ਾਰੇ ਹਨ। ਇਸ ਪਿੰਡ ਦਾ ਬਿਸਵੇਦਾਰ (ਮਾਲਿਕ) ਇੱਕ ਵਿਅਕਤੀ ਹੈ ਜਿਸ ਦੀ ਖੇਤੀਬਾੜੀ ਵਾਲੀ ਜ਼ਮੀਨ ਹੈ ਤੇ ਇਸ ਦੀ ਰਿਹਾਇਸ਼ ਵੀ ਕਾਠਗੜ੍ਹ ਵਿਖੇ ਹੈ।

ਇਨ੍ਹਾਂ ਲੋਕਾਂ ਵਾਸਤੇ ਹੀ ਸੂਚਨਾ ਹਿਤ ਬੇਨਤੀ ਕੀਤੀ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਉਲੰਘਣ ਦੀ ਨਿਆਈਂ ਹੈ।

## ਹੁਕਮ ਹੋਇਆ ਕਿ

ਇਨ੍ਹਾਂ ਫ਼ਰਦਾਂ ਦੀ ਇੱਕ-ਇੱਕ ਨਕਲ ਸਮੇਤ ਥਾਣੇਦਾਰ ਦੇ ਬਿਨੈ-ਪੱਤਰ ਦੀ ਨਕਲ ਦੇ ਮੁਨਸ਼ੀ ਖ਼ਾਨੇ ਦੇ ਮੁਖ ਅਦਾਲਤ ਵਾਲਿਆਂ ਦੀ ਸੇਵਾ ਵਿੱਚ ਇਤਲਾਹ ਦੇ ਤੌਰ 'ਤੇ ਭੇਜੀ ਜਾਵੇ ਅਤੇ ਅਸਲ ਕਾਗਜ਼ ਮਿਸਲ ਨਾਲ ਸ਼ਾਮਿਲ ਰਹੇ।

11 ਮਾਘ 1928, 22 ਜਨਵਰੀ ਸੰਨ 1872 ਈ:

---

## ਫ਼ਰਦ ਕੁਰਕੀ ਜਾਇਦਾਦ ਬਸਾਵਾ ਸਿੰਘ ਪੁੱਤਰ ਸੌਂਧਾ, * ਕੌਮ ਮਿਸਤਰੀ ਸਿੱਖ, ਦਿਆਲਗੜ੍ਹ।

**ਚੱਲ ਜਾਇਦਾਦ :–**

10 ਮਾਘ 1928
(21 ਜਨਵਰੀ 1872)

| | |
|---|---|
| ਪੱਥਰ ਦੀ ਚੱਕੀ | 1 |
| ਚਾਰਪਾਈ | 1 |
| ਲੋਹੇ ਦਾ ਬਾਟਾ | 1 |
| ਬਾਣ ਬੱਬੜ | 4 ਸੇਰ |
| ਲੋਹੇ ਦੀ ਡੋਲੀ | 1 |
| ਕਾਂਸੀ ਦੀ ਥਾਲੀ | 1 |

**ਅਚੱਲ ਜਾਇਦਾਦ :–**

ਇੱਕ ਕੱਚਾ ਕੋਠਾ

ਬਸਾਵਾ ਸਿੰਘ ਦੀ ਕੁਲ ਉਮਰ ਗਿਆਰਾਂ ਬਾਰਾਂ ਬਰਸ ਦੀ ਹੈ। ਉਸ ਦੇ ਦੋ ਭਾਈ ਸੂਬੇ ਹਨ ਤੇ ਇੱਕ ਬਾਪ ਸੌਂਧਾ ਸਿੰਘ ਨਾਮੀ ਹੈ। ਉਸ ਦੀ ਅਜੇ ਤੱਕ ਸ਼ਾਦੀ ਨਹੀਂ ਹੋਈ ਹੈ, ਇਹ ਜਾਇਦਾਦ ਉਸ ਦੇ ਬਾਪ ਦੀ ਹੈ।

ਦਾਸ
ਸੱਯਦ ਅਲਾਉੱਦੀਨ ਥਾਣੇਦਾਰ ਭਵਾਨੀਗੜ੍ਹ।

* **ਇਥੇ** H 92 M Part -1 ਫਾਇਲ (ਮੂਲ ਦਸਤਾਵੇਜ਼ਾਂ ਵਾਲੀ ਉਰਦੂ ਭਾਸ਼ਾ ਦੀ ਫਾਇਲ) ਦੇ ਪੰਨਾ ਨੰਬਰ 442 ਤੋਂ 447 ਤੱਕ ਪਿੰਡ ਦਿਆਲਗੜ੍ਹ ਦੇ ਇਨ੍ਹਾਂ ਤਿੰਨਾਂ ਸ਼ਹੀਦਾਂ ਨੂੰ ਮਿਸਤਰੀ ਸਿੱਖ ਲਿਖਿਆ ਹੋਇਆ ਹੈ।ਜਦੋਂ ਕਿ ਇਸੇ ਫਾਇਲ ਦੇ ਪੰਨਾਂ ਨੰਬਰ 251 ਤੋਂ 260 ਤੀਕ ਵਿਚ , ਸ਼ਹੀਦਾਂ ਦੀ ਲਿਸਟ ਵਿਚ ਇਨ੍ਹਾਂ ਨੂੰ ਜਿੰਮੀਂਦਾਰ ਲਿਖਿਆ ਹੋਇਆ ਹੈ।ਇਸ ਪੁਸਤਕ ਵਿਚ ਇਹ ਪੰਨਾ ਨੰ 189 ਤੋਂ 198 ਹਨ।ਇਸੇ ਫਾਇਲ ਦੇ ਪੰਨਾ 76 ਤੋਂ 78 ਅਤੇ ਪੰਨਾ 146 ਤੋਂ 149 ਤੀਕ ਵਿਚ ਇਨ੍ਹਾਂ ਨੂੰ ਹੇੜੀ ਰਾਜਪੂਤ ਲਿਖਿਆ ਹੋਇਆ ਹੈ।ਇਸ ਪੁਸਤਕ ਵਿਚ ਇਹ ਪੰਨਾ ਨੰ 110 ਅਤੇ 114 ਹਨ। ਇਨ੍ਹਾਂ ਸ਼ਹੀਦਾਂ ਦੇ ਪਰਿਵਾਰਾਂ ਤੋਂ ਪੁੱਛਗਿੱਛ ਕਰਨ ਤੇ ਪਤਾ ਲੱਗਿਆ ਕਿ ਇਹ ਹੇੜੀ ਰਾਜਪੂਤ (ਯਾਦਵ ਅਤੇ ਚੌਹਾਨ ਗੋਤ ਦੇ) ਹਨ।

---

## ਫ਼ਰਦ ਕੁਰਕੀ ਜਾਇਦਾਦ ਵਰਿਆਮ ਸਿੰਘ ਪੁੱਤਰ ਲਹਿਣਾ ਸਿੰਘ, ਕੌਮ ਮਿਸਤਰੀ ਸਿੱਖ, ਦਿਆਲਗੜ੍ਹ

10 ਮਾਘ 1928
(21 ਜਨਵਰੀ 1872)

ਚੱਲ ਜਾਇਦਾਦ :–

| | |
|---|---|
| ਕਣਕ | 35 ਸੇਰ |
| ਲੋਬੀਆ | 7 ਮਣ |
| ਰੂੰ | 1 ਸੇਰ |
| ਪਿੰਜੀ ਹੋਈ ਰੂੰ | 1 ਸੇਰ |
| ਚਾਰਪਾਈ | 1 |
| ਪੱਥਰ ਦੀ ਚੱਕੀ | 1 |
| ਪਿੱਤਲ ਦੀ ਥਾਲੀ | 1 |
| ਲੋਹੇ ਦਾ ਟੱਬ | 1 |

ਅਚੱਲ ਜਾਇਦਾਦ :–

2 ਕੱਚੇ ਕੋਠੇ

ਵਰਿਆਮ ਸਿੰਘ ਦੀ ਉਮਰ ਪੰਦਰਾਂ ਸਾਲਾਂ ਦੀ ਹੈ ਅਤੇ ਹੁਣ ਤੱਕ ਸ਼ਾਦੀ ਨਹੀਂ ਹੋਈ। ਉਸ ਦਾ ਪਿਤਾ ਲਹਿਣਾ ਸਿੰਘ ਤੇ ਸੱਕਾ ਭਾਈ ਅਮਰ ਸਿੰਘ ਹੈ। ਉਸ ਦੀ ਖ਼ਾਸ ਕੁਛ ਜਾਇਦਾਦ ਨਹੀਂ ਹੈ ਬਲਕਿ ਜਾਇਦਾਦ ਉਸ ਦੇ ਬਾਪ ਦੀ ਹੈ।

–ਬਸ–

ਦਾਸ
ਸੱਯਦ ਅਲਾਉੱਦੀਨ,
ਥਾਣੇਦਾਰ ਭਵਾਨੀਗੜ੍ਹ।

---

## ਫ਼ਰਦ ਕੁਰਕੀ ਜਾਇਦਾਦ ਭੂਪ ਸਿੰਘ ਪੁੱਤਰ ਮਿਹਰ ਸਿੰਘ, ਕੌਮ ਮਿਸਤਰੀ ਸਿੱਖ, ਪਿੰਡ ਦਿਆਲਗੜ੍ਹ।

10 ਮਾਘ 1928
(21 ਜਨਵਰੀ 1872)

ਚੱਲ ਜਾਇਦਾਦ :–

| | |
|---|---|
| ਚਾਰਪਾਈਆਂ | 2 |
| ਕਪਾਹ ਵੇਲਣ ਦਾ ਲਕੜੀ ਦਾ ਵੇਲਣਾ | 1 |
| ਰੂੰ ਦਾ ਚਿੱਟਾ ਸੂਤ | 8 ਸੇਰ |
| ਅਨਾਜ ਲੋਬੀਆ | 2 ਮਣ |
| ਬੈਲ | 1 |
| ਪਿੱਤਲ ਦਾ ਕਟੋਰਾ | 1 |
| ਪਿੱਤਲ ਦੀ ਥਾਲੀ | 1 |

ਅਚੱਲ ਜਾਇਦਾਦ :–

2 ਕੱਚੇ ਕੋਠੇ

ਇਸ ਭੂਪ ਸਿੰਘ ਦੀ ਉਮਰ ਅਠਾਰਾਂ 19 ਬਰਸ ਦੀ ਹੈ ਤੇ ਅਜੇ ਤੱਕ ਸ਼ਾਦੀ ਨਹੀਂ ਹੋਈ। ਇੱਕ ਕਾਹਲਾ ਸਿੰਘ ਇਸ ਦਾ ਭਾਈ ਤੇ ਬਾਪ ਮਿਹਰ ਸਿੰਘ ਹੈ। ਜਾਇਦਾਦ ਇਸ ਦੇ ਬਾਪ ਦੀ ਹੈ।

–ਬਸ–

ਦਾਸ
ਸੱਯਦ ਅਲਾਉੱਦੀਨ,
ਥਾਣੇਦਾਰ ਭਵਾਨੀਗੜ੍ਹ।

## ਕਰਮਗੜ੍ਹ ਦੇ ਅਸਥਾਨ ਤੋਂ ਫ਼ੌਜਦਾਰੀ ਮਹਿਕਮੇਂ ਵਲੋਂ

ਕੱਲ ਜਿਹੜੇ ਕੂਕੇ ਹਾਜ਼ਿਰ ਹੋਏ ਸਨ, ਉਹ ਹਵਾਲਾਤ ਵਿੱਚ ਰੱਖੇ ਗਏ ਹਨ। ਇਨ੍ਹਾਂ ਹਾਜ਼ਿਰ ਕੂਕਿਆਂ ਨੂੰ ਹਵਾਲਾਤ ਵਿੱਚ ਰੱਖਣਾ ਮੁਨਾਸਿਬ ਹੈ ਪਰ ਸਕਰੌਦੀ ਦੇ ਦੋਵੇਂ ਭਰਾਵਾਂ ਖੜਕ ਸਿੰਘ ਤੇ ਨਿਹਾਲ ਸਿੰਘ ਨੂੰ ਹਵਾਲਾਤ ਵਿੱਚ ਰੱਖਣੋਂ ਛੋਟ ਦਿੱਤੀ ਗਈ ਹੈ ਕਿਉਂਕਿ ਇਹ ਭਲੇ ਮਾਣਸ ਹਨ ਬਲਕਿ ਇਨ੍ਹਾਂ ਤੋਂ ਹੀ ਕੂਕਿਆਂ ਦਾ ਮੇਲੇ 'ਤੇ ਜਾਣਾ ਸਾਬਿਤ ਹੋਇਆ ਹੈ। ਸਾਡੇ ਅਨੁਸਾਰ ਇਨ੍ਹਾਂ ਦੋਹਾਂ ਵਿਅਕਤੀਆਂ ਨੂੰ ਜ਼ਮਾਨਤ 'ਤੇ ਰੱਖਿਆ ਜਾਣਾ ਮੁਨਾਸਿਬ ਲੱਗਦਾ ਹੈ ਕਿਉਂਕਿ ਇਹ ਭਲੇ ਮਾਣਸ ਹਨ ਅਤੇ ਇਨ੍ਹਾਂ ਦੇ ਸਾਫ਼ ਸਾਫ਼ ਬਿਆਨਾਂ ਨਾਲ ਹੀ ਇਹ ਕੂਕੇ ਗ੍ਰਿਫ਼ਤਾਰ ਹੋਏ ਹਨ। ਜਿਹੜਾ ਸਾਮਾਨ ਕੁਰਕ ਕਰਕੇ ਮਾਲ ਖਾਨੇ ਵਾਲਿਆਂ ਦੇ ਸਪੁਰਦ ਹੋ ਚੁੱਕਿਆ ਹੈ ਉਹ ਮੁਨਾਸਿਬ ਹੈ। ਇਸ ਲਈ ਹੁਕਮ ਹੋਵੇ ਕਿ ਤਹਿਕੀਕਾਤ ਜਾਰੀ ਰਹਿਣ ਤੇ ਤਸੱਲੀ ਹੋਣ ਤੱਕ, ਕਿ ਇਹ ਕੂਕੇ ਫ਼ਸਾਦੀਆਂ ਵਿੱਚ ਸ਼ਾਮਿਲ ਨਹੀਂ ਹੋਏ, ਇਨ੍ਹਾਂ ਨੂੰ ਹਵਾਲਾਤ ਵਿੱਚ ਰੱਖਿਆ ਜਾਵੇ ਅਤੇ ਖੜਕ ਸਿੰਘ ਤੇ ਨਿਹਾਲ ਸਿੰਘ ਦੋਵੇਂ ਭਰਾ ਭਾਵੇਂ ਮੇਲੇ 'ਤੇ ਗਏ ਸਨ ਪਰ ਇਨ੍ਹਾਂ ਦਾ ਫ਼ਸਾਦੀਆਂ 'ਚ ਸ਼ਾਮਿਲ ਹੋਣਾ ਪਾਇਆ ਨਹੀਂ ਜਾਂਦਾ ਅਤੇ ਇਨ੍ਹਾਂ ਦੇ ਬਿਆਨਾਂ ਨਾਲ ਹੀ ਕੂਕੇ ਗ੍ਰਿਫ਼ਤਾਰ ਹੋਏ ਹਨ,ਇਨ੍ਹਾਂ ਨੂੰ ਦੋ ਦੋ ਸੌ ਰੁਪਏ ਦੀ ਜ਼ਮਾਨਤ 'ਤੇ ਹਵਾਲਾਤ 'ਤੋਂ ਬਾਹਰ ਰੱਖਿਆ ਜਾਵੇ। ਇਸ ਬਿਨੈ-ਪੱਤਰ ਦੀ ਇੱਕ ਇੱਕ ਨਕਲ ਫ਼ੈਸਲਾ ਕਰਨ ਵਾਲੇ ਮਹਿਕਮੇ ਤੇ ਮੁੱਖ ਅਦਾਲਤ ਦੇ ਮਾਲਿਕਾਂ ਕੋਲ ਹਾਲਾਤ ਦੀ ਵਿਆਖਿਆ ਕਰਨ ਦੀ ਗ਼ਰਜ਼ ਨਾਲ ਭੇਜ ਦਿੱਤੀ ਜਾਵੇ।

ਇਹ ਬੇਨਤੀ ਹੈ ਕਿ ਹੀਰਾ ਸਿੰਘ ਪੁੱਤਰ ਕਾਹਨ ਸਿੰਘ, ਲਹਿਣਾ ਸਿੰਘ ਅਤੇ ਅਨੂਪ ਸਿੰਘ ਪੁੱਤਰ ਮਹਿਤਾਬ ਸਿੰਘ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਗਈਆਂ ਹਨ ਪਰ ਪਤਾ ਲੱਗਿਆ ਹੈ ਕਿ ਹੀਰਾ ਸਿੰਘ ਦੀ ਖ਼ਾਹਿਸ਼ ਸੀ ਕਿ ਮੇਰੀ ਪਤਨੀ ਤੇ ਮਾਤਾ ਨਾਮਧਾਰੀ ਬਣ ਜਾਣ ਪਰ ਉਹ ਮੰਨੀਆਂ ਨਹੀਂ; * ਇਸੇ ਕਾਰਨ ਉਸ ਨੇ ਆਪਣੀ ਪਤਨੀ ਦੀ ਗੁੱਤ ਕੱਟ ਸੁੱਟੀ ਸੀ। ਇਸੇ ਕਾਰਨ ਇਨ੍ਹਾਂ ਔਰਤਾਂ ਦੀ ਹੀਰਾ ਸਿੰਘ ਨਾਲ ਰਜ਼ਾਮੰਦੀ ਨਹੀਂ ਹੈ ਬਲਕਿ ਜਿਹੜੀ ਜਾਇਦਾਦ ਹੀਰਾ ਸਿੰਘ ਵੇਚਣੀ ਚਾਹੁੰਦਾ ਸੀ ਉਹ ਵੀ ਉਸ ਦੀ ਮਾਂ ਨੇ ਅਦਾਲਤ ਵਿੱਚ ਉਜ਼ਰਦਾਰੀ ਕਰਕੇ ਵੇਚਣੋਂ ਸੁਰੱਖਿਅਤ ਰੱਖੀ ਹੈ। ਇਸ ਹੀਰਾ ਸਿੰਘ ਦੀ ਜਾਇਦਾਦ ਬਾਰੇ ਜਦੋਂ ਜੋ ਹੁਕਮ ਹੋਵੇ ਉਸ ਦੀ ਪਾਲਣਾ ਕੀਤੀ ਜਾਵੇ। ਪਤਾ ਲੱਗਾ ਹੈ ਕਿ ਲਹਿਣਾ ਸਿੰਘ ਦੀ ਪਤਨੀ ਤੇ ਮਾਤਾ ਉਸ ਦੇ ਨਾਲ ਚਲੀਆਂ ਗਈਆਂ ਹਨ ਅਤੇ ਅਨੂਪ ਸਿੰਘ ਦੀ ਪਤਨੀ, ਜਿਸ ਨੂੰ ਉਹ ਨਾਮਧਾਰੀ ਬਣਾਉਣਾ ਚਾਹੁੰਦਾ ਸੀ, ਨਾ ਰਜ਼ਾਮੰਦੀ ਦੇ ਕਾਰਨ ਆਪਣੇ ਮਾਪਿਆਂ ਦੇ ਘਰ ਚਲੀ ਗਈ ਹੈ।

ਹੀਰਾ ਸਿੰਘ ਦੀ ਔਰਤ ਥਾਣੇਦਾਰ ਨੇ ਹਾਜ਼ਿਰ ਨਹੀਂ ਕੀਤੀ ਹੈ , ਉਸ ਬਾਰੇ ਥਾਣੇਦਾਰ ਨੂੰ ਲਿਖਿਆ ਜਾਵੇ ਕਿ ਉਹ ਹੀਰਾ ਸਿੰਘ ਦੀ ਪਤਨੀ ਨੂੰ ਫ਼ੌਰਨ ਨਿਗਰਾਨੀ ਹੇਠ ਰੱਖੇ ਭਾਵੇਂ ਉਸ ਦੀ ਆਪਣੇ ਪਤੀ ਨਾਲ ਨਹੀਂ ਬਣਦੀ ਤੇ ਆਪਸ ਵਿੱਚ ਫੁੱਟ ਹੈ। ਉਹ (ਥਾਣੇਦਾਰ) ਹੁਕਮ ਅਨੁਸਾਰ ਮਹਿਕਮੇਂ ਵਿੱਚ ਚਲਾਣ ਕਰੇ ਅਤੇ ਜਿਹੜੀਆਂ ਨਾਜਾਇਜ਼ ਚੀਜ਼ਾਂ ਮਹਿਤਾਬ ਸਿੰਘ ਤੇ ਅਨੂਪ ਸਿੰਘ ਦੇ ਘਰਾਂ ਤੋਂ ਬਰਾਮਦ ਹੋਈਆਂ ਹਨ ਉਹ ਨਾਜ਼ਿਰ ਦੇ ਸਪੁਰਦ ਕਰਕੇ ਮਾਲ ਖ਼ਾਨੇ 'ਚ ਰੱਖੀਆਂ ਜਾਣ ਅਤੇ ਜਾਇਦਾਦ ਦੀਆਂ ਵੇਰਵੇ ਸਹਿਤ ਸੂਚੀਆਂ ਤੇ ਬਿਨੈ-ਪੱਤਰ ਦੀ ਨਕਲ ਉਪ੍ਰੋਕਤ ਦੋਹਾਂ ਮਹਿਕਮਿਆਂ 'ਚ ਭੇਜ ਦਿੱਤੀਆਂ ਜਾਣ। ਲਾਲੀ ਰਾਮਗੜੀਆ ਤੇ ਗੁਰਦਿੱਤੂ ਜ਼ਿਮੀਂਦਾਰ ਵਾਸੀ ਸਕਰੌਦੀ ਕੂਕਾ ਨਹੀਂ ਹਨ ਪਰ ਮੇਲੇ 'ਚ ਇਨ੍ਹਾਂ ਦਾ ਜਾਣਾ ਸਾਬਿਤ ਹੁੰਦਾ ਹੈ ਅਤੇ ਮੇਲੇ 'ਚ ਜਾਣ ਦੇ ਕਾਰਨ ਹੀ ਇਨ੍ਹਾਂ ਨੂੰ ਹਵਾਲਾਤ ਵਿੱਚ ਰੱਖਿਆ ਗਿਆ ਹੈ। ਇਨ੍ਹਾਂ ਸੰਬੰਧੀ ਜਿਹੜਾ ਹੁਕਮ ਜਾਰੀ ਹੋਵੇ ਉਸ ਦੀ ਪਾਲਣਾ ਕੀਤੀ ਜਾਵੇ।

ਲਿਖਤ :- 8 ਮਾਘ ਸੰਮਤ 1928 ਮੁਤਾਬਿਕ 19 ਜਨਵਰੀ ਸੰਨ 1872 ਈ:

* ਹੀਰਾ ਸਿੰਘ ਚਾਹੁੰਦਾ ਸੀ ਕਿ ਉਸ ਦੀ ਪਤਨੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਰਹਿਤ ਰੱਖੇ, ਜੂੜਾ ਕਰੇ, ਗੁੱਤ ਨਾ ਕਰੇ ਪਰ ਉਹ ਨਹੀਂ ਸੀ ਮੰਨੀ।

---

# ਸ਼ਹੀਦ ਹੀਰਾ ਸਿੰਘ ਦੀ ਮਾਂ ਦਾ ਅੰਗਰੇਜਾਂ ਦੇ ਨਾਮ ਪੱਤਰ

ਹੀਰਾ ਸਿੰਘ ਕੂਕਾ ਦੀ ਮਾਂ ਸ੍ਰੀ ਮਤੀ ਮਿਤੋ ਪਿੰਡ ਸਕਰੌਦੀ ਤਾਅਲੁੱਕਾ ਭਵਾਨੀਗੜ ਦੇ ਬਿਨੈ-ਪੱਤਰ ਦੀ ਨਕਲ,

10 ਮਾਘ ਸੰਮਤ 1928 (21 ਜਨਵਰੀ 1872)

ਸ੍ਰੀ ਮਾਨ ਜੀ ,

ਇਸ ਸੇਵਕਾ ਦਾ ਹਾਲ ਇਹ ਹੈ ਕਿ ਮੇਰਾ ਪੁੱਤਰ ਹੀਰਾ ਸਿੰਘ ਹੈ। ਕੁੱਝ ਕੂਕੇ ਮਹੀਨਾ ਸੰਮਤ 1927 ਨੂੰ ਆ ਕੇ ਉਸ ਤੋਂ ਰੁਪਏ ਮੰਗਣ ਲੱਗੇ ਅਤੇ ਉਨ੍ਹਾਂ ਨੇ ਮੇਰੇ ਪੁੱਤਰ ਹੀਰਾ ਸਿੰਘ ਨੂੰ ਅਤੇ ਹੀਰਾ ਸਿੰਘ ਨੇ ਆਪਣੀ ਪਤਨੀ ਨੂੰ ਕਿਹਾ ਕਿ ਨੀਲੇ ਕੱਪੜੇ ਪਹਿਨਣੇ ਛੱਡ ਦੇ ਤੇ ਕੱਛਹਿਰਾ ਪਹਿਨਿਆ ਕਰ। ਉਸ ਦੀ ਪਤਨੀ ਨੇ ਜਵਾਬ ਦਿੱਤਾ ਤੇ ਕਿਹਾ ਕਿ ਮੈਂ ਬਰਾਦਰੀ ਦੇ ਰਿਵਾਜ ਮੁਤਾਬਿਕ ਹੀ ਰਹਾਂਗੀ, ਤੇਰਾ ਮੇਰੇ ਨਾਲ ਕੋਈ ਵਾਸਤਾ ਨਹੀਂ। ਇਹ ਗੱਲ ਹੋਣ ਤੇ ਹੀਰਾ ਸਿੰਘ , ਇਸ ਸੇਵਕਾ ਤੇ ਅਪਣੀਆਂ ਪਤਨੀ ਨੂੰ ਅੱਡ ਅੱਡ ਫੜ ਕੇ ਗੁੱਤਾਂ ਦੇ ਵਾਲ ਕੱਟਣ ਲੱਗਿਆ ਤਾਂ ਮੈਂ ਤੇ ਉਸਦੀ ਪਤਨੀ ਨੇ ਦੁਹਾਈ ਪਾਈ ਤਾਂ ਉਸ ਨੇ ਕੇਵਲ ਆਪਣੀ ਪਤਨੀ ਦੀ ਗੁੱਤ ਦੇ ਵਾਲ ਕੱਟ ਕੇ ਮੈਨੂੰ ਛੱਡ ਦਿੱਤਾ। ਝਾਂਜਰਾਂ ਆਦਿ ਜ਼ੇਵਰ, ਜੋ ਕੁਝ ਘਰ 'ਚ ਹੱਥ ਲੱਗਿਆ, ਖੋਹ ਕੇ ਫ਼ਰਾਰ ਹੋ ਗਿਆ ।

ਇਸ ਸੇਵਕਾ ਤੇ ਉਸ ਦੀ ਪਤਨੀ ਨੇ ਸਾਹਿਬ ਨਾਇਬ ਨਾਜ਼ਿਮ ਦੇ ਸਾਹਮਣੇ ਆਕੇ ਫ਼ਰਿਆਦ ਕੀਤੀ ਤਾਂ ਉਨ੍ਹਾਂ ਨੇ ਪਿੰਡ ਦੇ ਨੰਬਰਦਾਰਾਂ ਨੂੰ ਕਿਹਾ ਸੀ ਕਿ ਉਨ੍ਹਾਂ ਕੂਕਿਆਂ ਦੀ ਗ੍ਰਿਫਤਾਰੀ ਕਰਨ ਵਾਸਤੇ ਇਤਲਾਹ ਦਿੱਤੀ ਜਾਵੇ ।

ਹੁਣ ਫਿਰ ਭਾਦੋਂ ਸੰਮਤ 1928 ਨੂੰ ਹੀਰਾ ਸਿੰਘ ਪਿੰਡ 'ਚ ਆਕੇ ਆਪਣੀ ਕੁਸ਼ਤਰਕਾ ਜ਼ਮੀਨ ਵੇਚ ਕੇ ਫ਼ਰਾਰ ਹੋ ਗਿਆ ਪਰ ਜ਼ਮੀਨ ਤਾਂ ਜਿਹੜੀ ਹੀਰਾ ਸਿੰਘ ਵੇਚ ਗਿਆ ਸੀ ਉਸ ਨੂੰ ਖਰੀਦਣ ਵਾਲਿਆਂ ਤੋਂ ਇਸ ਸੇਵਕਾ ਨੂੰ ਵਾਪਸ ਦਿਵਾ ਦਿੱਤੀ ਗਈ ਸੀ ।

ਪਿੰਡ ਦੇ ਨੰਬਰਦਾਰਾਂ ਨੇ ਜਦੋਂ ਇਤਲਾਹ ਦਿੱਤੀ ਤੇ ਉਸ ਨੂੰ ਗ੍ਰਿਫਤਾਰ ਕਰਨ ਲਈ ਜਿਸ ਮਹਿਕਮੇਂ ਵਲੋਂ ਵੀ ਮੁਲਾਜ਼ਿਮ ਲਿਆਂਦੇ ਗਏ ਤਾਂ ਉਹ ਫ਼ਰਾਰ ਹੋ ਗਿਆ ਸੀ ਗ੍ਰਿਫਤਾਰ ਨਹੀ ਹੋਇਆ। ਇਹ ਸੇਵਕਾ ਇਸ ਤੋਂ ਪਹਿਲਾਂ ਵੀ ਇਸ ਸੰਬੰਧ ਵਿਚ ਕੁਝ ਬਿੰਨੈ ਪੱਤਰ ਇਸ ਨਿਜ਼ਾਮਤ ਦੇ ਮਹਿਕਮੇਂ ਵਿੱਚ ਦੇ ਚੁੱਕੀ ਹੈ। ਉਸ ਦੀ ਪਤਨੀ ਗੁੱਤ ਦੇ ਵਾਲ ਕੱਟੇ ਜਾਣ ਮਗਰੋਂ ਆਪਣੇ ਮਾਪਿਆਂ ਕੋਲ ਚਲੀ ਗਈ ਸੀ । ਸੋ ਹੁਣ ਹਾਜ਼ਿਰ ਹੋਈ ਹੈ, ਇਸ ਲਈ ਗੁੱਤ ਕੱਟਣ ਦਾ ਹਾਲ ਮੁਲਾਹਿਜ਼ਾ ਫ਼ਰਮਾਇਆ ਜਾਵੇ । ਖ਼ੂਨ ਨਾਲ ਲੱਥ-ਪੱਥ ਉਹ ਕੱਪੜੇ ਵੀ ਮੌਜੂਦ ਹਨ ਜਿਹੜੇ ਹੀਰਾ ਸਿੰਘ ਨੇ ਆਪਣੀ ਪਤਨੀ ਦੀ ਗੁੱਤ ਕੱਟਣ ਵੇਲੇ ਉਸ ਦੇ ਜ਼ਖਮ ਹੋਣ ਨਾਲ ਲਿਬੇੜੇ ਸਨ । ਗੁੱਤ ਕੱਟਣ ਵਾਲੇ ਸੰਦ ਦੀ ਸੱਟ ਨਾਲ ਹੀ ਖ਼ੂਨ ਵਹਿਣ ਲੱਗਿਆ ਸੀ ।

ਇਨ੍ਹਾਂ ਦਿਨਾਂ ਵਿਚ ਜੋ ਲਹਿਣਾ ਸਿੰਘ ਤੇ ਹੀਰਾ ਸਿੰਘ ਆਦਿ ਕੂਕਿਆਂ ਨੇ ਮਲੌਦ ਤੇ ਕੋਟਲਾ 'ਚ ਫ਼ਸਾਦ ਪਾਇਆ ਸੀ, ਉਹ ਲੋਕ ਗ੍ਰਿਫਤਾਰ ਹੋ ਕੇ ਮਾਰੇ ਗਏ ਹਨ । ਇਸ ਸੇਵਕਾ ਨੂੰ ਜਿਹੜਾ ਹਾਕਿਮਾਂ ਨੇ ਇਸ ਹਾਲ ਦੀ ਪੁੱਛ ਗਿੱਛ ਵਾਸਤੇ ਬੁਲਾਇਆ ਹੈ, ਇਸ ਸੇਵਕਾ ਦਾ ਉਸ ਹਾਲ ਨਾਲ ਕੁੱਛ ਵਾਹ ਵਾਸਤਾ ਨਹੀ , ਕਿਉਂਕਿ ਜਿਸ ਹਾਲਤ ਵਿੱਚ ਉਹ ਇਸ ਸੇਵਕਾ ਅਤੇ ਆਪਣੀ ਪਤਨੀ ਦੀ ਜਾਨ ਦਾ ਦੁਸ਼ਮਣ ਹੋ ਗਿਆ ਹੈ ਤੇ ਘਰ 'ਚ ਮੌਜੂਦ ਸਮਾਨ ਲੈ ਗਿਆ ਤਾਂ ਇਸ ਸੇਵਕਾ ਤੇ ਉਸ ਦੀ ਔਰਤ ਦਾ ਉਸ ਨਾਲ ਕੀ ਵਾਸਤਾ ਹੈ ?

ਸੋ ਹਜ਼ੂਰ ਮਾਲਿਕ ਹਨ । ਜਿਹੜੀ ਅਸਲ ਗੱਲ ਸੀ ਦੱਸ ਦਿੱਤੀ ਹੈ ।

-ਬੱਸ -

## ਮਹਿਕਮਾ ਅਦਾਲਤ ਫ਼ੌਜਦਾਰ ਨਿਜ਼ਾਮਤ ਜ਼ਿਲ੍ਹਾ ਕਰਮਗੜ੍ਹ ਵੱਲੋਂ :-

ਹੀਰਾ ਸਿੰਘ ਦੀ ਪਤਨੀ ਸ੍ਰੀ ਮਤੀ ਧਰਮੋਂ ਤੇ ਦੋ ਬੱਚੇ ਹਵਾਲਾਤ'ਚ ਗ੍ਰਿਫ਼ਤਾਰ ਹਨ ਅਰਥਾਤ ਇੱਕ ਪੰਜ ਸਾਲ ਦਾ ਲੜਕਾ ਤੇ ਦੋ ਸਾਲ ਦੀ ਲੜਕੀ, ਉਹ ਭੀ ਹਵਾਲਾਤ ਵਿੱਚ ਰੱਖੇ ਗਏ ਹਨ। ਹੀਰਾ ਸਿੰਘ ਦੀ ਮਾਂ ਇਹ ਬਿਨੈ-ਪੱਤਰ ਉਜ਼ਰਦਾਰੀ ਪੇਸ਼ ਕਰਦੀ ਹੈ । ਸਾਇਲਾ ਦੀ ਬੇਨਤੀ, ਨਿਰਸੰਦੇਹ,ਦਰੁਸਤ ਹੈ। ਜ਼ਰੂਰ, ਉਸ ਔਰਤ ਦੇ ਪਤੀ ਨੇ ਓਸ ਔਰਤ ਦੀ ਗੁੱਤ ਕੱਟ ਸੁੱਟੀ ਸੀ ਅਤੇ ਆਪਣੇ ਅਜ਼ੀਜ਼ਾਂ ਨਾਲ ਇਹ ਹੀਰਾ ਸਿੰਘ ਨਾਰਾਜ਼ ਹੋ ਕੇ ਗਿਆ ਹੈ। ਉਨ੍ਹਾਂ ਦੀ ਗਵਾਹੀ ਪਿੰਡ ਦੇ ਸਾਰੇ ਨੰਬਰਦਾਰ ਦਿੰਦੇ ਹਨ ਤਾਂ ਇਸ ਸੂਰਤ ਵਿੱਚ ਨਿੰਰਸਦੇਹ, ਜਿਸ ਦੀ ਔਰਤ ਤੇ ਬੱਚਿਆਂ ਸੰਬੰਧੀ ਕੁਝ ਇਲਜ਼ਾਮ ਨਹੀ ਪਾਇਆ ਜਾਂਦਾ ਹੈ, ਜਿਹੜਾ ਪਹਿਲਾਂ ਹੀ ਇਸ ਸੰਬੰਧ ਵਿੱਚ ਦੱਸਿਆ ਜਾ ਚੁੱਕਾ ਹੈ। ਜੇ ਜ਼ਮਾਨਤ 'ਤੇ ਇਹ ਔਰਤ ਰਿਹਾ ਕੀਤੀ ਜਾਵੇ ਤਾਂ ਮੁਨਾਸਿਬ ਹੈ।

**ਹੁਕਮ ਹੋਇਆ ਕਿ**

ਇਸ ਬਿਨੈ-ਪੱਤਰ ਦੀ ਨਕਲ ਮੁਨਸ਼ੀ ਖ਼ਾਨਾ ਵਾਲਿਆਂ ਦੀ ਸੇਵਾ ਵਿੱਚ ਭੇਜ ਕੇ ਬੇਨਤੀ ਕੀਤੀ ਜਾਵੇ ਕਿ ਇਸ ਸੰਬੰਧ ਵਿੱਚ ਜਿਵੇਂ ਵੀ ਸਰਕਾਰ ਦੀ ਮੁਬਾਰਿਕ ਮਰਜ਼ੀ ਹੋਵੇ ਉਸ ਬਾਰੇ ਇਤਲਾਹ ਬਖ਼ਸ਼ਣ ਤਾਂ ਕਿ ਉਸ ਦੇ ਮੁਤਾਬਿਕ ਅਮਲ ਕੀਤਾ ਜਾਵੇ।

10 ਮਾਘ ਸੰਮਤ 1928 ਮੁਤਾਬਿਕ
21 ਜਨਵਰੀ ਸੰਨ 1872 ਈ:

# ਜ਼ਰੂਰੀ

ਜਦੋਂ ਕਿ ਇਨ੍ਹਾਂ ਔਰਤਾਂ ਤੇ ਬੱਚਿਆਂ ਦੀ ਬੇਕਸੂਰੀ ਸਾਬਿਤ ਹੈ ਤਾਂ ਇਨ੍ਹਾਂ ਨੂੰ ਤੇ ਇਨ੍ਹਾਂ ਦੇ ਬੱਚਿਆਂ ਨੂੰ ਫ਼ੌਰਨ ਰਿਹਾ ਕਰੋ। ਸਰਕਾਰ ਨੂੰ ਕਿਸੇ ਪ੍ਰਕਾਰ ਦਾ ਤਸ਼ਦੱਦ ਮੰਨਜ਼ੂਰ ਨਹੀਂ ਹੈ। ਸੋ ਸਰਕਾਰ ਦਾ ਕਿਸੇ ਪ੍ਰਕਾਰ ਦਾ ਵੇਰਵੇ ਸਹਿਤ ਮਨਸ਼ਾ ਮਹਿਕਮਾਂ ਵਜ਼ਾਰਤ ਦੇ ਪਰਵਾਨੇ ਤੋਂ ਪ੍ਰਗਟ ਹੈ, ਜਿਸ ਦੀ ਨਕਲ ਦਾ ਇਸ਼ਤਿਹਾਰ ਨਿਕਲ ਚੁੱਕਿਆ ਹੈ।

24 ਜਨਵਰੀ ਸੰਨ 1872 ਈ:

---

## ਮੁਹੰਮਦ ਨਾਮਦਾਰ ਖ਼ਾਨ ਨਾਜ਼ਿਮ ਦੀ ਤਜਵੀਜ਼ ਅਨੁਸਾਰ ਨਿਜ਼ਾਮਤ ਅਨਾਹਦਗੜ੍ਹ ਦੀ ਫ਼ੌਜਦਾਰੀ ਅਦਾਲਤ 'ਚ ਰੋਬਕਾਰ

**ਮਿਤੀ 10 ਮਾਘ ਸੰਮਤ 1928 ਬਿਕਰਮੀ ਮੁਤਾਬਿਕ 21 ਜਨਵਰੀ ਸੰਨ 1872 ਈ:**

ਨਿਜ਼ਾਮਤ ਅਮਰਗੜ੍ਹ ਦੀ ਮਿਤੀ 7 ਮਾਘ ਹੁਣ ਦੀ ਰੋਬਕਾਰ ਦੇ ਮੁਤਾਬਿਕ ਕਿ ਹੁਣ ਜਿਹੜੇ ਪਰਵਾਨੇ ਇਸ ਮਹਿਕਮੇ ਦੇ ਅਧੀਨ ਥਾਣੇਦਾਰਾਂ ਦੇ ਨਾਮ ਜਾਰੀ ਕੀਤੇ ਗਏ ਜਿੰਨ੍ਹਾਂ ਰਾਹੀਂ ਉਨ੍ਹਾਂ ਸਜ਼ਾ ਯਾਫ਼ਤਾ ਕੂਕਿਆਂ ਦੀ ਜਾਇਦਾਦ ਕੁਰਕ ਕਰਨ ਤੇ ਉਨ੍ਹਾਂ ਦੇ ਬੀਵੀ ਬੱਚਿਆਂ ਦੀ ਨਿਗਰਾਨੀ ਕਰਨ ਜਿਹੜੇ ਕੋਟਲੇ ਤੇ ਮਲੌਦ ਦੇ ਫ਼ਸਾਦੀਆਂ 'ਚ ਸ਼ਾਮਿਲ ਸਨ ਅਤੇ ਬਾਕੀ ਰਹਿੰਦੇ ਭਗੌੜੇ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਲਿਖਿਆ ਗਿਆ ਸੀ। ਭੀਖੀ ਦੇ ਥਾਣੇਦਾਰ ਅਨੂਪ ਸਿੰਘ ਦਾ ਬਿਨੈ-ਪੱਤਰ ਨਿਗ੍ਹਾਂ 'ਚੋਂ ਲੰਘਿਆ ਜਿਸ ਰਾਹੀਂ ਉਸ ਨੇ ਗਿਆਰਾਂ ਕੂਕਿਆਂ ਦੀ ਰਵਾਨਗੀ, ਜਿਨ੍ਹਾਂ ਵਿੱਚੋਂ ਅੱਠ ਰਾਈਏ ਦੇ ਭੈਣੀ ਸਾਹਿਬ ਦੇ ਅਸਥਾਨ ਤੋਂ ਆਏ ਸਨ ਤੇ ਤਿੰਨ ਚਮਾਰ ਕੂਕੇ ਜਿਨ੍ਹਾਂ ਦੀ ਨੰਬਰਦਾਰ ਜ਼ਿੰਮੇਦਾਰੀ ਨਹੀਂ ਲੈਂਦੇ ਸਨ ਭੈਣੀ ਦੇ ਅਸਥਾਨ ਤੋਂ ਆਏ ਸਨ ਅਤੇ ਸਜ਼ਾ ਯਾਫ਼ਤਾ ਜੋਗੇ ਪਿੰਡ ਦੇ ਸ਼ਿਆਮ ਸਿੰਘ ਤੇ ਸੱਦਾ ਸਿੰਘ ਕੂਕਿਆਂ ਦੀਆਂ ਜਾਇਦਾਦਾਂ ਕੁਰਕ ਕਰਨ ਤੇ ਪਿੰਡ ਦੇ ਨੰਬਰਦਾਰਾਂ ਦੇ ਸਪੁਰਦ ਕਰਨ ਮਗਰੋਂ ਜ਼ਬਤ ਕੀਤੀਆਂ ਜਾਇਦਾਦਾਂ ਦੀਆਂ ਫ਼ਰਦਾਂ ਭੇਜ ਦਿੱਤੇ ਜਾਣ ਬਾਰੇ ਸੂਚਿਤ ਕੀਤਾ ਸੀ। ਜੋ ਕਿ ਥਾਣੇਦਾਰ ਨੇ ਅੱਠ ਆਦਮੀ ਕੂਕੇ ਰਾਈਆਂ ਤੋਂ ਗ੍ਰਿਫ਼ਤਾਰ ਕਰਕੇ ਚਲਾਣ ਕੀਤਾ ਹੈ ਕਿ ਇਹ ਲੋਕ ਵੀ ਭੈਣੀ ਗਏ ਸਨ।

ਸੋ ਜ਼ਾਹਿਰ ਹੈ ਕਿ ਇਸ ਮੇਲੇ ਦੇ ਮੌਕੇ 'ਤੇ ਹਜ਼ਾਰਾਂ ਕੂਕੇ ਭੈਣੀ ਗਏ ਸਨ। ਜੇ ਕੂਕਿਆਂ ਦੇ ਪਿੰਡ ਭੈਣੀ ਜਾਣ ਦੇ ਖਿਆਲ ਨਾਲ ਹੀ ਕੂਕਿਆਂ ਦੀ ਗ੍ਰਿਫ਼ਤਾਰੀ ਅਮਲ 'ਚ ਲਿਆਂਦੀ ਗਈ ਤਾਂ ਸੈਂਕੜੇ ਕੂਕਿਆਂ ਦੀ ਗ੍ਰਿਫ਼ਤਾਰੀ ਅਮਲ 'ਚ ਆ ਸਕਦੀ ਹੈ। ਇਸ ਵਕਤ (ਹੁਣ) ਅਜਿਹੇ ਲੋਕਾਂ ਦੀ ਗ੍ਰਿਫ਼ਤਾਰੀ ਦਾ ਹੁਕਮ ਨਹੀਂ ਹੈ ਜਿਹੜੇ ਪਿੰਡ ਭੈਣੀ ਗਏ ਸਨ। ਸਿਵਾਏ ਉਨ੍ਹਾਂ ਦੇ ਥਾਣੇਦਾਰ ਨੇ ਪੰਜਾਬ ਸਿੰਘ, ਹਰਨਾਮ ਸਿੰਘ ਤੇ ਸੁੱਚਾ ਸਿੰਘ ਨੂੰ ਇਸ ਖਿਆਲ ਨਾਲ ਗ੍ਰਿਫ਼ਤਾਰ ਕਰਕੇ ਭੇਜ ਦਿੱਤਾ ਹੈ ਕਿ ਇਹ ਲੋਕ ਪਿੰਡ ਭੈਣੀ ਤਾਂ ਗਏ ਪਰ ਕੋਈ ਨੰਬਰਦਾਰ ਪਿੰਡ ਦਾ ਉਨ੍ਹਾਂ ਦੀ ਜ਼ਿੰਮੇਦਾਰੀ ਨਹੀਂ ਲੈਂਦਾ, ਸੋ ਇਹ ਹੁਕਮ ਵੀ ਨਹੀਂ ਹੋਇਆ ਕਿ ਜਿਸ ਕੂਕੇ ਦੇ ਪਿੰਡ ਦਾ ਕੋਈ ਨੰਬਰਦਾਰ ਜ਼ਿੰਮੇਦਾਰੀ ਨਹੀਂ ਲੈਂਦਾ ਉਸ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਇਸ ਵਾਸਤੇ ਸਾਡੇ ਨਜ਼ਦੀਕ ਅਜੇ ਉਨ੍ਹਾਂ ਲੋਕਾਂ ਨੂੰ ਗ੍ਰਿਫ਼ਤਾਰੀ ਕਰੀ ਰੱਖਣ ਦੀ ਲੋੜ ਨਹੀਂ। ਨਿਰਸੰਦੇਹ ਪੰਜਾਬ ਸਿੰਘ, ਨਿਹਾਲ ਸਿੰਘ ਤੇ ਬਚਿੱਤਰ ਸਿੰਘ ਜਿਹੜੇ 6 ਮਾਘ ਨੂੰ ਆਪਣੇ ਰਿਹਾਇਸ਼ੀ ਪਿੰਡ ਵਾਪਸ ਆਏ ਹਨ, ਇਸ ਬਾਰੇ ਉਨ੍ਹਾਂ ਦਾ ਬਿਆਨ ਹੈ ਕਿ ਅਸੀਂ ਪਿੰਡ ਭੈਣੀ ਤੋਂ ਰਵਾਨਾ ਹੋ ਕੇ ਜਦੋਂ ਸ਼ੇਰਪੁਰ ਦੇ ਇਲਾਕੇ ਪਿੰਡ ਰੜ ਕੋਲ ਆਏ ਅਤੇ ਸਾਨੂੰ ਗੁਰੂ ਰਾਮ ਸਿੰਘ ਦਾ ਹੁਕਮ ਸੀ ਕਿ ਤੁਸੀਂ ਸਿੱਧੇ ਆਪਣੇ ਘਰਾਂ ਨੂੰ ਚਲੇ ਜਾਓ। ਜਦੋਂ ਅਸੀਂ ਸਵੇਰੇ ਆਪਣੇ ਰਿਹਾਇਸ਼ੀ ਪਿੰਡ ਨੂੰ ਆਉਣ ਲਈ ਤੁਰਨ ਵਾਸਤੇ ਤਿਆਰ ਹੋਏ, ਤਾਂ ਉਨ੍ਹਾਂ ਫ਼ਸਾਦੀ ਕੂਕਿਆਂ 'ਚੋਂ ਜਿਹੜੇ ਕੋਟਲੇ ਤੋਂ ਲੜਾਈ ਕਰਕੇ ਆਏ ਸਨ, ਦੋ ਕੂਕਿਆਂ ਨੇ ਸਾਨੂੰ ਕਿਹਾ ਕਿ ਤੁਸੀਂ ਵੀ ਸਾਡੇ ਨਾਲ ਸ਼ਾਮਿਲ ਹੋ ਜਾਵੋ। ਅਸੀਂ ਡਰ ਕੇ ਉਨ੍ਹਾਂ ਦੀ ਗੱਲ 'ਤੇ ਅਮਲ ਕਰਨ ਦੇ ਬਹਾਨੇ ਫ਼ਰਾਰ ਹੋ ਕੇ ਆਪਣੇ ਘਰਾਂ ਨੂੰ ਚਲੇ ਆਏ ਤੇ ਪੰਜਾਬ ਸਿੰਘ ਦੇ ਕੁਝ ਸਵਾਰ ਉੱਥੇ ਹੀ ਰਹਿ ਗਏ।

ਉਨ੍ਹਾਂ ਦੇ ਅਜਿਹੇ ਬਿਆਨ ਦੀ ਤਹਿਕੀਕਾਤ ਹੋਣੀ ਚਾਹੀਦੀ ਹੈ ਕਿ ਕੀ ਅਸਲ ਵਿੱਚ ਇਹ ਤਿੰਨੇ ਆਦਮੀ ਵਾਰਦਾਤ ਤੇ ਮਾਰ-ਧਾੜ ਦੀ ਰਾਤ ਨੂੰ ਪਿੰਡ ਰੜ ਵਿਖੇ ਆ ਗਏ ਸਨ ਜਾਂ ਨਹੀਂ ? ਸੋ ਇਸ ਗੱਲ ਦੀ ਤਹਿਕੀਕਾਤ, ਜੋ ਪਿੰਡ ਰੜ ਨਾਲ ਸੰਬੰਧਤ ਹੈ, ਨਿਜ਼ਾਮਤ ਅਮਰਗੜ੍ਹ ਰਾਹੀਂ ਹੋਣੀ ਚਾਹੀਦੀ ਹੈ। ਕਿਉਂਕਿ ਇਸ ਮੁੱਕਦਮੇਂ ਦੀ ਤਹਿਕੀਕਾਤ ਵਧੇਰੇ ਕਰਕੇ ਮਹਿਕਮਾ ਨਿਜ਼ਾਮਤ ਅਮਰਗੜ੍ਹ 'ਚ ਹੀ ਹੁੰਦੀ ਹੈ। ਇਸੇ ਵਾਸਤੇ ਨਾਜ਼ਿਰ ਸਾਹਿਬ ਅਮਰਗੜ੍ਹ ਨੇ ਆਪਣੀ ਰੋਬਕਾਰ ਮਿਤੀ 7 ਮਾਘ

ਸੰਮਤ 1928 ਵਿੱਚ, ਜਿਹੜੀ ਇਸ ਮਹਿਕਮੇਂ 'ਚ ਆਈ ਹੈ, ਦਰਜ਼ ਕੀਤਾ ਹੈ ਕਿ ਸਜ਼ਾ ਯਾਫ਼ਤਾ ਕੂਕਿਆਂ ਦੀਆਂ ਜਾਇਦਾਦਾਂ ਦੀ ਕੁਰਕੀ ਦੀਆਂ ਫ਼ਰਦਾਂ ਸਾਰੇ ਨਾਜ਼ਿਮ ਸਾਡੇ ਮਹਿਕਮੇਂ 'ਚ ਭੇਜਦੇ ਰਹਿਣ ਅਤੇ ਆਏ ਦਿਨ ਦੀ ਕਾਰਵਾਈ ਦੀ ਹਾਲ ਵੀ ਦਰਿਆਫ਼ਤ ਕਰਦੇ ਰਹਿਣ।

**ਸੋ ਹੁਕਮ ਹੋਇਆ ਕਿ :–**

ਪੰਜਾਬ ਸਿੰਘ, ਨਿਹਾਲ ਸਿੰਘ ਤੇ ਬਚਿੱਤਰ ਸਿੰਘ ਤਿੰਨਾਂ ਕੂਕਿਆਂ ਨੂੰ ਪਰਵਾਨਾ ਰਾਹਦਾਰੀ ਰਾਹੀਂ, ਦੋ ਸਵਾਰਾਂ ਦੀ ਨਿਗਰਾਨੀ ਹੇਠ, ਨਾਜ਼ਿਰ ਸਾਹਿਬ ਅਮਰਗੜ੍ਹ ਦੀ ਸੇਵਾ ਵਿੱਚ ਚਾਲਾਨ ਕਰਕੇ ਭੇਜ ਦਿਓ ਅਤੇ ਪਿੰਡ ਜੋਗਾ ਦੇ ਸਜ਼ਾ ਯਾਫ਼ਤਾ ਸੱਦਾ ਸਿੰਘ ਤੇ ਸ਼ਿਆਮ ਸਿੰਘ ਕੂਕਿਆਂ ਦੀ ਜਾਇਦਾਦ ਦੀ ਕੁਰਕੀ ਦੀ ਫ਼ਰਦ ਦੀ ਨਕਲ ਰੋਬਕਾਰ ਰਾਹੀਂ ਭੇਜ ਦਿੱਤੀ ਜਾਵੇ ਅਤੇ ਰੋਬਕਾਰ ਦੀ ਇੱਕ ਨਕਲ ਸੂਚਨਾ ਹਿਤ ਮੁਨਸ਼ੀ ਖ਼ਾਨੇ ਦੇ ਅਧਿਕਾਰੀਆਂ ਦੇ ਜ਼ਰੀਏ ਪ੍ਰਧਾਨ ਮੰਤਰੀ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਭੇਜੀ ਜਾਵੇ ਅਤੇ ਭੀਖੀ ਦੇ ਥਾਣੇਦਾਰ ਨੂੰ ਲਿਖਿਆ ਜਾਵੇ ਕਿ ਉਹ ਅੱਗੋਂ ਨੂੰ ਉਨ੍ਹਾਂ ਲੋਕਾਂ ਨੂੰ ਗ੍ਰਿਫ਼ਤਾਰ ਨਾ ਕਰੇ ਜਿਹੜੇ ਮੇਲੇ ਦੇ ਮੌਕੇ ਪਿੰਡ ਭੈਣੀ ਗਏ ਸਨ ਅਤੇ ਉੱਥੋਂ ਸਿੱਧੇ ਆਪਣੇ ਘਰਾਂ ਨੂੰ ਵਾਪਸ ਆਏ ਸਨ। ਪੰਜਾਬ ਸਿੰਘ, ਨਿਹਾਲ ਸਿੰਘ ਤੇ ਬਚਿੱਤਰ ਸਿੰਘ ਤੋਂ ਇਲਾਵਾ ਬਾਕੀ ਕੂਕਿਆਂ ਨੂੰ ਰਿਹਾ ਕਰ ਦਿੱਤਾ ਜਾਵੇ।

**ਹੁਕਮ ਹੋਇਆ ਕਿ**

ਜਵਾਬ ਲਿਖਿਆ ਜਾਵੇ ਕਿ ਇਸ ਬਾਰੇ ਇੱਕ ਰੀਮਾਈਂਡਰ (Reminder) ਭਾਵ ਯਾਦ-ਪੱਤਰ ਮਹਿਕਮਾ ਵਜ਼ਾਰਤ ਵਲੋਂ ਲਿਖਿਆ ਗਿਆ ਸੀ। ਯਕੀਨ ਹੈ ਕਿ ਮਹਿਕਮਾ ਸਦਰ ਅਦਾਲਤ ਦੀ ਚਿੱਠੀ ਦੀ ਨਕਲ ਉਨ੍ਹਾਂ ਕੋਲ ਵੀ ਹੋਵੇਗੀ। ਉਸ ਦੇ ਮੁਤਾਬਿਕ ਅਮਲ ਕੀਤਾ ਜਾਵੇ।

ਲਿਖਤ :– 23 ਜਨਵਰੀ ਸੰਨ 1872 ਈ:

-----------------------------------------------------------

ਰੋਬਕਾਰ ਮਹਿਕਮਾ ਅਦਾਲਤ ਫੌਜਦਾਰੀ 12

ਨਿਜਾਮਤ ਮਹਿੰਦਰਗੜ੍ਹ

ਨਾਜ਼ਿਮ ਬਖਸ਼ੀਦਾਸ ਦੀ ਤਜ਼ਵੀਜ਼ ਨਾਲ

23 ਜਨਵਰੀ ਸੰਨ 1872 ਈ.

12 ਮਾਘ ਸੰਮਤ 1928.

ਸ਼ਾਹੀ ਮੁਨਸ਼ੀ ਖਾਨੇ ਦੇ ਮਹਿਕਮੇ ਦੀ ਰੋਬਕਾਰ ਜਿਸ ਰਾਹੀ ਹੁਕਮ ਹੋਇਆ ਸੀ ਕਿ ਦੋ ਸੌ ਕੂਕਿਆ ਦੇ ਇਕੱਠ ਨੇ ਮਲੌਦ ਦੇ ਰਈਸ ਸਰਦਾਰ ਬਦਨ ਸਿੰਘ 'ਤੇ ਹਮਲਾ ਕੀਤਾ ਹੈ ਇਸ ਲਈ ਕੂਕਿਆਂ ਨੂੰ ਗ੍ਰਿਫਤਾਰ ਕਰਨ ਵਿੱਚ ਅੰਗਰੇਜ਼ੀ ਸਰਕਾਰ ਦੀ ਤਨੋਂ ਮਨੋਂ ਮਦਦ ਕਰੋ ਅਤੇ ਕੂਕਿਆਂ ਨੂੰ ਗ੍ਰਿਫਤਾਰ ਕਰਨ ਲਈ ਆਪਣੇ ਮਾਤ ਹਿਤਾਂ ਨੂੰ ਹਦਾਇਤ ਕਰੋ।

ਰੋਬਕਾਰ ਮੁਲਾਹਿਜ਼ਾ ਹੋ ਕੇ ਹੁਕਮ ਹੋਇਆ ਕਿ

ਨਾਇਬ ਸਾਹਿਬ ਮੁਨਸ਼ੀ ਖਾਨੇ ਦੀ ਰੋਬਕਾਰ ਤੋਂ ਸੂਚਿਤ ਤੇ ਵਾਕਿਫ਼ ਹੋ ਕੇ ਅਤੇ ਇਸ ਕੰਮ ਨੂੰ ਸਭ ਕੰਮਾਂ ਨਾਲੋਂ ਜਰੂਰੀ ਸਮਝਕੇ ਇਸ ਰੋਬਕਾਰ ਦੇ ਮਨਸ਼ੇ ਅਨੁਸਾਰ ਅਤਿਅੰਤ ਕੋਸ਼ਿਸ਼ ਰੱਖਣ ਅਤੇ ਇਸ ਰੋਬਕਾਰ ਦੀ ਇੱਕ ਨਕਲ ਗਸ਼ਤੀ ਪਰਵਾਨੇ (Circular) ਰਾਹੀ ਇਸ ਇਲਾਕੇ ਦੇ ਅਧੀਨ ਥਾਣੇਦਾਰਾਂ ਨੂੰ ਹੁਕਮ ਦੀ ਪਾਲਣਾ ਕਰਨ ਵਾਸਤੇ ਭੇਜਿਆ ਅਤੇ ਲਿਖਿਆ ਜਾਵੇ ਕਿ ਉਹ ਕੂਕਿਆਂ ਦੀ ਗ੍ਰਿਫਤਾਰੀ ਲਈ ਅਤਿਅੰਤ ਕੋਸ਼ਿਸ਼ ਕਰਨ ਅਤੇ ਅੰਗਰੇਜ਼ੀ ਹਾਕਿਮਾਂ ਨੂੰ ਤਨੋਂ ਮਨੋਂ ਮਦਦ ਦੇਣ । ਉਨਾਂ ਨੂੰ ਇਹ ਵੀ ਪ੍ਰਤੱਖ ਹੋਵੇ ਕਿ ਉਹ ਜਿਨ੍ਹਾਂ ਲੋਕਾਂ ਨੇ ਮਲੌਦ ਤੇ ਕੋਟਲਾ ਤੇ ਹਮਲਾ ਕੀਤਾ ਸੀ, ਉਨ੍ਹਾਂ ਦੀਆਂ ਜਾਇਦਾਦਾਂ ਸਰਕਾਰ 'ਚ ਜੁਬਤ ਕਰਨ, ਹੁਕਮ ਦੇ ਮੁਤਾਬਿਕ ਅਮਲ ਕਰਨ ਤੇ ਜਵਾਬ ਜਾਬਿਤ ਲਿਖਿਆ ਜਾਵੇ ।

ਥਾਣੇਦਾਰ ਨੂੰ ਇਹ ਭੀ ਲਿਖਿਆ ਜਾਵੇ ਕਿ ਉਹ ਸਰਕਾਰ ਦੇ ਇਲਾਕੇ ਵਿਚ ਹੀ ਕੂਕਿਆਂ ਨੂੰ ਗ੍ਰਿਫਤਾਰ ਕਰਕੇ ਭੇਜਣ ਅਤੇ ਜੇ ਕੋਈ ਕੂਕਾ ਉਨ੍ਹਾਂ ਦੇ ਇਲਾਕੇ ਵਿੱਚ ਨਾ ਰਹਿੰਦਾ ਹੋਵੇ ਤਾਂ ਪੂਰੀ ਤਹਿਕੀਕਾਤ ਕਰਨ ਉਪ੍ਰੰਤ ਸੂਚਨਾ ਦੇਣ।

---

## ਰੋਬਕਾਰ ਅਦਾਲਤ ਫੌਜਦਾਰੀ ਨਿਜ਼ਾਮਤ ਕਰਮਗੜ੍ਹ , ਕਾਲੀ ਖਾਨ ਦੀ ਤਜਵੀਜ਼ ਨਾਲ

ਭਗੌੜੇ ਜੀਵਨ ਸਿੰਘ ਪੁੱਤਰ ਧੌਂਕਲ ਕੂਕਾ ਪਿੰਡ ਨਮੋਲ ਤੇ ਰਤਨ ਸਿੰਘ ਕੂਕਾ ਗੈਰ ਹਾਜ਼ਿਰ ਆਪਣੇ ਬੇਟੇ ਵਰਿਆਮ ਸਿੰਘ ਨਾਲ ਮੁਸ਼ਤਰਕਾ ਜਾਇਦਾਦ ਦੀ ਕੁਰਕੀ ਸਬੰਧੀ ਥਾਣੇਦਾਰ ਸੁਨਾਮ ਦੀ ਰਿਪੋਟ ਮਲਾਹਿਜ਼ੇ ' ਚੋਂ ਲੰਘ ਕੇ ਹੁਕਮ ਹੋਇਆ ਕਿ

ਕੁਰਕ ਕੀਤੀ ਜਾਇਦਾਦ ਦੀਆਂ ਫਰਦਾਂ ਰੋਬਕਾਰ ਰਾਹੀਂ ਮੁਨਸ਼ੀ ਖਾਨਾ ਤੇ ਮੁੱਖ ਅਦਾਲਤ ਵਾਲਿਆਂ ਦੀ ਸੇਵਾ ਵਿੱਚ ਭੇਜੀਆਂ ਜਾਣ।

---

## ਭਗੌੜੇ ਜੀਵਨ ਸਿੰਘ ਪੁੱਤਰ ਧੌਂਕਲ ਕੂਕਾ ਪਿੰਡ ਨਮੋਲ ਦੀ ਜਾਇਦਾਦ ਦੀ ਫ਼ਰਦ। ਇਹ ਚੀਜ਼ਾਂ 15 ਮਾਘ ਸੰਮਤ 1928 ਨੂੰ ਨੰਬਰਦਾਰ ਦੇ ਸਪੁਰਦ ਕੀਤੀਆਂ ਗਈਆਂ। 26 ਜਨਵਰੀ 1872

| | | | | | |
|---|---|---|---|---|---|
| 1. | ਖੇਤੀਬਾੜੀ ਵਾਲੀ ਜ਼ਮੀਨ | 13 ਬਿਘੇ 4 ਬਿਸਵੇ। | 2. | ਪਿਆਲੇ (ਬਾਟੀਆਂ) | 4 ਨਗ |
| 3. | ਸਣ | 2 ਸੇਰ | 4. | ਲੋਹੇ ਦੇ ਕੜੇ | 8 |
| 5. | ਲੋਹੇ ਦਾ ਜਿੰਦਰਾਂ | 1 | 6. | ਲੋਹੇ ਦਾ ਬਾਟਾ | 1 |
| 7. | ਜਾਰ | 3 ਨਗ | 8. | ਬੋਹੀਆ | 1 |
| 9. | ਟੋਕਰੇ | 3 | 10. | ਲੋਹੇ ਦੀ ਕਹੀ | 1 |
| 11. | ਗੰਡਾਸਾ | 1 | 12. | ਤੋਕਰ ਤਲਵਾਰ | 1 |
| 13. | ਕਾਗਜ਼ ਬੰਦੀ | 3 | 14. | ਕਾਗਜ਼ ਖਤੌਨੀ | 1 |
| 15. | ਕਾਗਜ਼ ਟੇਵਾ | 1 | 16. | ਚਾਰਪਾਈਆਂ | 2 |
| 17. | ਚੁਗਾਠ ਚਾਪਾਈ | 1 | 18. | ਪੱਥਰ ਦੀ ਚੱਕੀ | 1 |
| 19. | ਚਸ਼ਮਾ ਐਨਕ | 1 | 20. | ਲੱਕੜ ਦਾ ਚਰਖਾ | 1 |
| 21. | ਮੂਹੜ੍ਹੇ | 2 | 22. | ਮਟਕੇ | 2 |
| 23. | ਬਾਣ | 5 ਸੇਰ | 24. | ਅਨਾਜ ਲੋਬੀਆ | 2 ਸੇਰ |
| 25. | ਟੋਕਰੀ | 1 | 26. | ਲੱਕੜ ਦੀ ਚੌਕੀ | 1 |
| 27. | ਫੌੜਾ ਲੱਕੜ | 2 | 28. | ਘੋਟਨੇ | 2 |
| 29. | ਲੋਹੇ ਦਾ ਸੋਟਾ | 1 | 30. | ਸੰਗਲੀਆਂ | 2 |
| 31. | ਜੋਤ ਤੇਲ | 1 | 32. | ਰਜ਼ਾਈਆਂ | 2 |
| 33. | ਰਿਹਾਇਸ਼ੀ ਮਕਾਨ | | 34. | ਖੇਤੀ ਵਾਲਾ ਖੂਹ ਹਿੱਸੇ 'ਤੇ | |
| 35. | ਇੱਕ ਬੈਲ | | | | |

ਸਾਧੂ ਸਿੰਘ, ਲਾਲ ਸਿੰਘ ਤੇ ਪਰਤਾਪ ਸਿੰਘ ਨੰਬਰਦਾਰਾਨ ਦੀ ਮਦਦ ਨਾਲ।

| | |
|---|---|
| ਗਵਾਹ ਸ਼ੁਦ | ਗਵਾਹ ਸ਼ੁਦ |
| ਜੱਸਾ ਪੁੱਤਰ ਭੂਪਾਲ ਲਾਲ | ਭਾਈ ਊਧਮ ਸਿੰਘ |
| ਨਮੋਲ | ਭਮੱਦੀ ਕਲਾਂ |

---

**ਭਗੌੜੇ ਰਤਨ ਸਿੰਘ ਪੁੱਤਰ ਫਤਿਹ ਸਿੰਘ ਕੂਕਾ ਪਿੰਡ ਨਮੋਲ ਦੀ ਜਾਇਦਾਦ ਦੀ ਫ਼ਰਦ। ਇਹ ਜਾਇਦਾਦ ਉਸ ਦੇ ਬੇਟੇ ਵਰਿਆਮ ਸਿੰਘ ਨਾਲ ਮੁਸ਼ਤਰਕਾ ਹੈ ਤੇ ਨੰਬਰਦਾਰਾਂ ਦੇ ਹਵਾਲੇ ਕੀਤੀ ਗਈ।**

| | | | | | |
|---|---|---|---|---|---|
| 1. | ਪਰਦਾ ਕਾਲਾ | 1 | 2. | ਪਿੱਤਲ ਦੀ ਥਾਲੀ, ਗੜਵਾ ਤੇ ਕੌਲਾ | 3 ਨਗ |
| 3. | ਟੱਬ ਲੋਹੇ ਦਾ | 1 | 4. | ਲੱਕੜ ਦੀ ਕੜਛੀ | 1 |
| 5. | ਲੱਕੜ ਦਾ ਚਰਖਾ | 1 | 6. | ਲੱਕੜ (ਕਾਠ) ਦੀ ਪਰਾਤ | 1 |
| 7. | ਕਟੋਰਾ ਲੋਹੇ ਦਾ | 1 | 8. | ਚਾਰਪਾਈਆਂ | 2 |
| 9. | ਚੱਕੀ | 1 | 10. | ਰਿਹਾਇਸ਼ੀ ਮਕਾਨ | 1 |
| 11. | ਇੱਕ ਬੈਲ | 1 | 12. | ਖੇਤੀਬਾੜੀ ਵਾਲੀ ਜ਼ਮੀਨ | 10 ਬਿਘੇ ਕੱਚੇ |
| 13. | ਬੁਆਈ ਵਾਲੇ ਲੋਹੇ ਦੇ ਸੰਦ | 4 | 14. | ਜੁਆਰ | 2 ਸੇਰ |
| 15. | ਸਫ਼ੈਦ ਕਾਗਜ਼ਾਂ ਦਾ ਬਣਿਆ ਛਾਬਾ | 1 | 16. | ਵੱਡੀਆਂ ਰਜ਼ਾਈਆਂ | 2 |
| 17. | ਚਮੜੇ ਦਾ ਤਿਆਰੀ ਬੰਦ (ਪੇਟੀ) | 1 | | | |

ਬਸਾਵਾ ਸਿੰਘ, ਪਰਤਾਪ ਸਿੰਘ ਤੇ ਲਾਲ ਸਿੰਘ ਨੰਬਰਦਾਰਾਨ ਦੀ ਮਦਦ ਨਾਲ।

ਗਵਾਹ ਸ਼ੁਦ

ਭਾਈ ਊਧਮ ਸਿੰਘ

ਭਮੱਦੀ ਕਲਾਂ

ਗਵਾਹ ਸ਼ੁਦ

ਜੱਸਾ ਪੁੱਤਰ ਭੂਪਾਲ ਲਾਲ

---

## ਕਾਲੀ ਖ਼ਾਨ ਕਾਇਮ ਮੁਕਾਮ ਨਾਜ਼ਿਮ ਦੀ ਤਜਵੀਜ਼ ਨਾਲ ਮਹਿਕਮਾ ਫ਼ੌਜਦਾਰੀ ਨਿਜ਼ਾਮਤ ਕਰਮਗੜ੍ਹ ਦੀ ਰੋਬਕਾਰ ਮਿਤੀ 14 ਵੈਸਾਖ 1929.

ਵਿਸ਼ਾ :– ਉੱਚੀ ਪਦਵੀ ਵਾਲੀ ਸਰਕਾਰ ਦੇ ਇਲਾਕੇ ਦੇ ਵਸਨੀਕ ਕੂਕਿਆਂ ਦੇ ਇੰਤਜ਼ਾਮ ਅਤੇ ਕੋਟਲਾ ਤੇ ਮਲੌਦ ਦੀ ਵਾਰਦਾਤ 'ਚ ਸਜ਼ਾ ਪਾ ਚੁੱਕੇ ਮੁਜ਼ਰਿਮਾਂ ਦੀਆਂ ਜਾਇਦਾਦਾਂ ਦੀ ਜ਼ਬਤੀ ਦੇ ਮਾਮਲੇ ਬਾਰੇ।

ਇਸ ਮੁਕੱਦਮੇ 'ਚ ਸ਼ਾਹੀ ਮੁਨਸ਼ੀ ਖ਼ਾਨੇ ਦੀ ਰੋਬਕਾਰ, ਮਲੌਦ ਦੀ ਵਾਰਦਾਤ 'ਚ ਸਜ਼ਾ ਪਾ ਚੁੱਕੇ ਕੂਕਿਆਂ ਦੀ ਜਾਇਦਾਦ ਦੇ ਜ਼ਬਤ ਕਰਨ ਅਤੇ ਪਿੰਡ 'ਚੋਂ ਕਿਸੇ ਕੂਕੇ ਨੂੰ ਬਾਹਰ ਨਾ ਜਾਣ ਦੇਣ ਸੰਬੰਧੀ ਨੰਬਰਦਾਰਾਂ ਤੋਂ ਇਕਰਾਰ ਨਾਮੇ ਲਿਖਵਾਏ ਜਾਣ ਬਾਰੇ, ਇਸ ਮਹਿਕਮੇਂ 'ਚ ਪ੍ਰਾਪਤ ਹੋ ਕੇ ਹੁਕਮ ਹੋਇਆ ਕਿ

ਇਸ ਰੋਬਕਾਰ ਦੀ ਇੱਕ ਇੱਕ ਨਕਲ ਦੋਹਾਂ ਨਾਇਬ ਨਾਜ਼ਿਮਾਂ ਕੋਲ ਭੇਜ ਕੇ ਲਿਖਿਆ ਜਾਵੇ ਕਿ ਉਹ ਇਲਾਕਿਆਂ ਦੇ ਥਾਣੇਦਾਰਾਂ ਰਾਹੀਂ ਇਸ ਰੋਬਕਾਰ ਦੀਆਂ ਸਾਰੀਆਂ ਮੱਦਾਂ ਦੀ ਹੁਣ ਕੋਸ਼ਿਸ਼ ਨਾਲ ਤਾਮੀਲ ਕਰਵਾ ਕੇ ਛੇਤੀ ਨਾਲ ਇਸ ਮਹਿਕਮੇਂ 'ਚ ਇਤਲਾਹ ਦੇਣ। ਮੱਦ ਨੰ: 2 ਅਨੁਸਾਰ ਨੰਬਰਦਾਰਾਂ ਦੇ ਇਕਰਾਰ ਨਾਮੇ ਬਹੁਤ ਛੇਤੀ ਲਿਖਵਾ ਕੇ ਮਿਸਲ 'ਚ ਸ਼ਾਮਿਲ ਕਰਨ ਵਾਸਤੇ ਇਸ ਮਹਿਕਮੇਂ 'ਚ ਭੇਜ ਦੇਣ।

ਮੱਦ ਨੰ: 4 ਵਿੱਚ ਜਿਹੜਾ ਲਿਖਿਆ ਹੈ ਕਿ ਉੱਚੀ ਪਦਵੀ ਵਾਲੀ ਸਰਕਾਰ ਦੇ ਇਲਾਕੇ 'ਚ ਸਥਿਤ ਉਨ੍ਹਾਂ ਕੂਕਿਆਂ ਦੀ ਹਰ ਪ੍ਰਕਾਰ ਦੀ ਜਾਇਦਾਦ ਜ਼ਬਤ ਕੀਤੀ ਜਾਵੇ ਜਿੰਨ੍ਹਾਂ ਨੇ ਮਲੌਦ ਤੇ ਕੋਟਲਾ 'ਤੇ ਹਮਲਾ ਕੀਤਾ ਸੀ। ਸੋ ਆਲੀਆਂ ਵਜ਼ਾਰਤ ਦੇ ਹੁਕਮ ਅਨੁਸਾਰ ਉਨ੍ਹਾਂ ਲੋਕਾਂ ਦੀਆਂ ਜਾਇਦਾਦਾਂ ਦੀ ਜ਼ਬਤੀ ਤਾਂ ਪਹਿਲਾਂ ਹੋ ਕੇ ਉਨ੍ਹਾਂ ਦੀਆਂ ਲਿਸਟਾਂ (ਫ਼ਰਦਾ) ਇਸ ਮਹਿਕਮੇਂ 'ਚ ਆ ਚੁੱਕੀਆਂ ਹਨ ਪਰ ਉਸ ਬਾਰੇ ਉਪੱਰਲੇ ਹਾਕਿਮਾਂ ਦੀ ਰਾਏ ਲਈ ਜਾਣੀ ਜ਼ਿਆਦਾ ਜ਼ਰੂਰੀ ਹੈ ਕਿ ਹੁਣ ਉਨ੍ਹਾਂ ਜ਼ਬਤ ਕੀਤੀਆਂ ਜਾਇਦਾਦਾਂ ਬਾਰੇ ਕੀ ਕਾਰਵਾਈ ਕੀਤੀ ਜਾਵੇ। ਕੀ ਉਨ੍ਹਾਂ ਲੋਕਾਂ ਦੀਆਂ ਜਾਇਦਾਦਾਂ ਨੂੰ ਹੁਣ ਬਿਲਕੁਲ ਨੀਲਾਮ ਕੀਤਾ ਜਾਵੇ ਜਾਂ ਕੋਈ ਹੋਰ ਕਾਰਵਾਈ ਕਰਨੀ ਹੈ?

ਹੀਰਾ ਸਿੰਘ ਵਾਸੀ ਸਕਰੌਦੀ ਦੀ ਜਾਇਦਾਦ ਸੰਬੰਧੀ ਇਸ ਮਹਿਕਮੇਂ ਵਲੋਂ ਇਹ ਰਾਏ ਦਿੱਤੀ ਗਈ ਸੀ ਕਿ ਇਹ ਜਾਇਦਾਦ ਹੀਰਾ ਸਿੰਘ ਦੀ ਮਾਤਾ ਤੇ ਪਤਨੀ ਲਈ ਛੱਡ ਦਿੱਤੀ ਜਾਵੇ ਕਿਉਂਕਿ ਇਹ ਦੋਵੇਂ ਔਰਤਾਂ ਨੇ ਕੂਕਾ ਮਜ਼ਹਬ ਧਾਰਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਕਰਕੇ ਕੂਕਿਆਂ ਨੇ ਇਨ੍ਹਾਂ ਦੀਆਂ ਗੁੱਤਾਂ ਮੁੰਨ ਦਿੱਤੀਆਂ ਸਨ। ਇਸ ਇਜਲਾਸ ਖ਼ਾਸ ਨੇ ਮੰਨਜ਼ੂਰੀ ਦੇ ਦਿੱਤੀ ਸੀ ਜੋ ਮੁੱਖ ਅਦਾਲਤ ਦੀ ਰੋਬਕਾਰ ਰਾਹੀਂ ਇਸ ਮਹਿਕਮੇਂ 'ਚ 21 ਜਨਵਰੀ 1872 ਨੂੰ ਆ ਚੁੱਕੀ ਹੈ ਕਿ ਇਹ ਹੀਰਾ ਸਿੰਘ ਦੀ ਜਾਇਦਾਦ ਉਸ ਦੀ ਮਾਤਾ ਤੇ ਪਤਨੀ ਵਾਸਤੇ ਜ਼ਬਤੀ ਤੋਂ ਸੁਰੱਖਿਅਤ ਰੱਖੀ ਜਾਵੇ। ਸੋ ਇਸ ਦੀ ਬਾਬਤ ਵੀ ਪ੍ਰੋੜਤਾ ਕੀਤੀ ਜਾਣੀ ਜ਼ਰੂਰੀ ਹੈ ਕਿ ਕੀ ਇਹ ਹੀਰਾ ਸਿੰਘ ਦੀ ਜਾਇਦਾਦ ਜ਼ਬਤੀਤੋਂ ਸੁਰੱਖਿਅਤ ਰੱਖੀ ਜਾਵੇ ਜਾਂ ਇਸ ਬਾਰੇ ਵੀ ਆਮ ਲੋਕਾਂ ਵਾਲੇ ਹੁਕਮ ਉੱਤੇ ਅਮਲ ਕੀਤਾ ਜਾਵੇ ? ਕਿਉਂਕਿ ਇਸ ਖਿਆਲ ਨਾਲ ਕੀ ਇਹ ਹੁਕਮ ਨੀਲਾਮੀ ਕਤਈ ਤੌਰ 'ਤੇ ਉਨ੍ਹਾਂ ਲੋਕਾਂ ਦੀ ਜਾਇਦਾਦ ਦੀ ਜ਼ਬਤੀ ਵਾਸਤੇ ਦਿੱਤਾ ਗਿਆ ਹੈ ਭੰਬਲ ਭੂਸਾ ਪੈਦਾ ਕਰਦਾ ਹੈ।

ਸੋ ਰੋਬਕਾਰ ਲਿਖ ਕੇ ਮਹਿਕਮਾਂ ਮੁਨਸ਼ੀ ਖ਼ਾਨੇ ਵਾਲਿਆਂ ਰਾਹੀਂ ਜਨਾਬ ਵਜ਼ੀਰ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਬੇਨਤੀ ਕੀਤੀ ਜਾਵੇ ਕਿ ਮੁਜ਼ਰਿਮ ਕੂਕਿਆਂ ਦੀ ਜ਼ਬਤ ਕੀਤੀ ਜਾਇਦਾਦ ਦੀ ਨੀਲਾਮੀ ਬਾਬਤ ਜੋ ਹੁਕਮ ਹੋਵੇ ਉਸ ਉੱਤੇ ਅਮਲ ਕੀਤਾ ਜਾਵੇ। ਕੇਵਲ ਹੀਰਾ ਸਿੰਘ ਦੀ ਜਾਇਦਾਦ ਬਾਰੇ, ਕਿ ਜਿਸ ਬਾਰੇ ਪਹਿਲਾਂ ਇਜਲਾਸ ਖ਼ਾਸ ਤੋਂ ਹੁਕਮ ਹੋ ਚੁੱਕਿਆ ਹੈ, ਕਤਈ ਹੁਕਮ ਜਾਰੀ ਕੀਤਾ ਜਾਵੇ।

---

ਮਹਿਕਮਾਂ ਵਜ਼ਾਰਤ ਵੱਲੋਂ ਹੁਕਮ ਹੋਇਆ ਕਿ :-

ਜਵਾਬ ਲਿਖਿਆ ਜਾਵੇ ਕਿ ਜਿੰਨ੍ਹਾਂ ਕੂਕਿਆਂ ਦੀਆਂ ਜਾਇਦਾਦਾਂ ਜ਼ਬਤ ਹੋਈਆਂ ਹਨ ਉਨ੍ਹਾਂ ਦੇ ਵਾਰਿਸ ਮੌਜੂਦ ਹਨ ਜਾਂ ਨਹੀਂ ? ਜੇ ਵਾਰਿਸ ਮੌਜੂਦ ਹਨ ਤਾਂ ਕੌਣ ਕੌਣ ਹਨ ? ਅਤੇ ਉਨ੍ਹਾਂ ਦੀ ਰੋਜ਼ੀ ਰੋਟੀ ਦਾ ਕੀ ਪ੍ਰਬੰਧ ਹੈ ? ਇਸ ਬਾਰੇ ਹੁਣ ਵੇਰਵੇ ਸਹਿਤ ਰਿਪੋਰਟ ਭੇਜੋ। ਇਸੇ ਤਰ੍ਹਾਂ ਦੂਜੇ ਨਾਜ਼ਿਮ ਸਾਹਿਬਾਨ ਦੇ ਨਾਮ ਵੀ ਇਹੋ ਹੁਕਮ ਭੇਜਿਆ ਜਾਵੇ ਕਿ ਉਹ ਵੀ ਇਸ ਗੱਲ ਬਾਰੇ ਆਪਣੀ ਆਪਣੀ ਵੇਰਵੇ ਸਹਿਤ ਰਿਪੋਰਟ ਭੇਜਣ। ਇਹ ਹੁਕਮ ਇੱਕ ਗਸ਼ਤੀ ਚਿੱਠੀ ਦੇ ਤੌਰ 'ਤੇ ਸਮਝਿਆ ਜਾਵੇ।

28 ਅਪ੍ਰੈਲ 1872.

ਹੁਕਮ ਹੋਇਆ ਕਿ

ਜਨਾਬ ਵਜ਼ੀਰ ਸਾਹਿਬ ਬਹਾਦੁਰ ਦੇ ਹੁਕਮ ਅਨੁਸਾਰ ਰੋਬਕਾਰਾਂ ਲਿਖ ਕੇ ਨਾਜ਼ਿਮ ਸਾਹਿਬਾਨ ਦੀ ਸੇਵਾ ਵਿੱਚ ਤਾਮੀਲ ਕਰਨ ਖ਼ਾਤਰ ਭੇਜ ਦਿੱਤੀਆਂ ਜਾਣ।

28 ਅਪ੍ਰੈਲ 1872.
18 ਵੈਸਾਖ 1929.

# ਲੁਕਿਆ ਸੱਚ

---

ਅਲਾਉੱਦੀਨ ਥਾਣੇਦਾਰ ਭਵਾਨੀਗੜ੍ਹ,

ਤੁਹਾਨੂੰ ਲਿਖਿਆ ਜਾਂਦਾ ਹੈ ਕਿ ਹੀਰਾ ਸਿੰਘ ਤੇ ਲਹਿਣਾ ਸਿੰਘ ਕੂਕੇ ਪਿੰਡ ਸਕਰੌਂਦੀ ਅਤੇ ਨੰਦ ਸਿੰਘ ਵਾਸੀ ਹੰਢਿਆਇਆ ਦੇ ਘਰਾਂ ਦੀ ਤਲਾਸ਼ੀ ਕਰਕੇ ਜੇ ਕੋਈ ਗੁਰਮੁਖੀ 'ਚ ਲਿਖੀ ਹੋਈ ਪੋਥੀ ਉਨ੍ਹਾਂ ਦੇ ਘਰਾਂ 'ਚੋਂ ਮਿਲੇ ਉਸ ਨੂੰ ਲੈ ਕੇ ਹਜ਼ੂਰ ਮਹਾਰਾਜਾ ਸਾਹਿਬ ਕੋਲ ਹਾਜ਼ਿਰ ਕਰੋ। ਤਲਾਸ਼ੀ ਦੀ ਜ਼ਾਬਿਤੇ ਅਨੁਸਾਰ ਕਾਰਵਾਈ ਕਰੋ। ਸਾਰਾ ਹਾਲ ਤੁਹਾਨੂੰ ਜ਼ਬਾਨੀ ਵੀ ਸਮਝਾ ਦਿੱਤਾ ਗਿਆ ਹੈ।

9 ਮਾਰਚ 1872

ਸੱਯਦ ਅਹਿਮਦ ਹਸਨ ਵਕੀਲ ਲੁਧਿਆਣਾ ਦੇ ਬਿਨੈ-ਪੱਤਰ ਨਾਲ ਨੱਥੀ।

ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ

---

# ਮਹਾਰਾਜਾ ਪਟਿਆਲਾ ਨੂੰ ਲਿਖਿਆ ਗਿਆ ਖਤ

**ਬਖ਼ਸ਼ਿਸ਼ ਕਰਨ ਵਾਲੇ ਤੇ ਗ਼ਰੀਬ ਪਰਵਰ! ਸਲਾਮਤ!**

ਸ੍ਰੀ ਮਾਨ ਜੀ,

ਹੀਰਾ ਸਿੰਘ ਤੇ ਲਹਿਣਾ ਸਿੰਘ ਵਾਸੀ ਸਕਰੌਦੀ ਦੇ ਘਰਾਂ ਦੀ ਤਲਾਸ਼ੀ ਲੈਣ ਸੰਬੰਧੀ ਇੱਕ ਪਰਵਾਨਾ ਭੇਜਿਆ ਜਾਂਦਾ ਹੈ। ਜਨਾਬ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੇ ਜ਼ਬਾਨੀ ਫ਼ਰਮਾਇਆ ਹੈ ਕਿ ਸਕਰੌਦੀ ਪਿੰਡ ਦੇ ਸਾਰੇ ਕੂਕਿਆਂ ਦੇ ਘਰਾਂ ਦੀ ਤਲਾਸ਼ੀ ਕਿਸੇ ਸਤਿਕਾਰ ਯੋਗ ਤੇ ਹੁਸ਼ਿਆਰ ਅਹਿਲਕਾਰ ਰਾਹੀਂ ਕਰਾਓ ਅਤੇ ਜਿੰਨੀਆਂ ਪੋਥੀਆਂ ਭਾਵ ਸਾਖੀਆਂ ਉਨ੍ਹਾਂ ਦੇ ਘਰਾਂ 'ਚੋਂ ਬਰਾਮਦ ਹੋਣ ਉਹ ਛੇਤੀ ਮੰਗਵਾ ਦਿਓ। ਨੰਦ ਸਿੰਘ ਦੇ ਘਰ ਦੀ ਤਲਾਸ਼ੀ ਕਰਵਾਈ ਜਾਵੇ।

ਸੋ ਬਿਨੈ-ਪੱਤਰ ਰਾਹੀਂ ਅਸਲ ਪਰਵਾਨਾ ਭੇਜਿਆ ਜਾਂਦਾ ਹੈ ਅਤੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੇ ਹੁਕਮ ਅਨੁਸਾਰ ਲਾਲੂ ਨਾਮੀਂ ਊਂਠ-ਸਵਾਰ ਨੂੰ ਰੇਲ ਰਾਹੀਂ ਰਵਾਨਾ ਕਰਦਾ ਹਾਂ, ਸ੍ਰੀ ਹਜ਼ੂਰ ਮਹਾਰਾਜਾ ਸਾਹਿਬ ਕਿਸੇ ਅਹਿਲਕਾਰ ਨੂੰ ਭੇਜ ਕੇ ਜਵਾਬੀ ਇਤਲਾਹ ਬਖਸ਼ਣ ਅਤੇ ਇਹ ਨੰਦ ਸਿੰਘ ਹੰਢਿਆਇਆ ਦਾ ਵਸਨੀਕ ਹੈ, ਉੱਥੇ ਖ਼ਾਸ ਨਾਇਬ ਨਾਜ਼ਿਮ ਰਾਹੀਂ ਸਾਰੇ ਮਾਮਲਿਆਂ ਦਾ ਇੰਤਜ਼ਾਮ ਕਰਵਾ ਦੇਣ ਤੇ ਜ਼ਰੂਰੀ ਹੈ ਕਿ ਇਸ ਗੱਲ ਦੀ ਇਤਲਾਹ ਦਿੱਤੀ ਜਾਵੇ। ਸਾਹਿਬ ਬਹਾਦੁਰ ਫਰਮਾਇਆ ਕਿ ਇਹ ਭੇਦ ਭੇਦ ਹੀ ਰਵ੍ਹੇ ! ਹਜ਼ੂਰ ਆਪਣੇ ਹੁਕਮ ਦੇ ਪ੍ਰਗਟਾਵੇ 'ਤੇ ਅਮਲ ਤੇ ਕਾਰਵਾਈ ਕਰਨ।

ਵਾਜਿਬ ਤੌਰ 'ਤੇ ਅਰਜ਼ ਕੀਤਾ। ਵੇਰਵੇ ਸਹਿਤ ਹਾਲ ਕੱਲ੍ਹ ਸਵੇਰ ਦੀ ਡਾਕ ਵਿੱਚ ਦੱਸਾਂਗਾ।

9 ਮਾਰਚ 1872
ਸਮਾਂ 11 ਵਜੇ ਰਾਤ ਦੇ।

ਦਾਸ,
ਅਹਿਮਦ ਹਸਨ
ਵਕੀਲ ਲੁਧਿਆਣਾ।

## ਮੁਨਸ਼ੀ ਖ਼ਾਨੇ ਵੱਲੋਂ :-

ਇਨ੍ਹਾਂ ਸਾਰੇ ਕਾਗਜ਼ਾਂ ਦੀ ਇੱਕ ਇੱਕ ਨਕਲ ਖ਼ਤਾਂ ਰਾਹੀਂ ਚਾਰਾਂ ਨਾਜ਼ਿਮ ਸਾਹਿਬਾਨ ਦੀ ਸੇਵਾ ਵਿੱਚ ਭੇਜ ਕੇ ਲਿਖਿਆ ਜਾਵੇ ਕਿ ਉਹ ਵਕੀਲ ਲੁਧਿਆਣਾ ਦੇ ਬਿਨੈ-ਪੱਤਰਾਂ ਵਿੱਚ ਦਰਜ ਗੱਲਾਂ ਤੋਂ ਜਾਣੂ ਹੋ ਕੇ ਆਪਣੇ ਆਪਣੇ ਇਲਾਕੇ ਵਿੱਚ ਮੁਕੰਮਲ ਤੌਰ 'ਤੇ ਮੁਨਾਸਿਬ ਪ੍ਰਬੰਧ ਕਰਨ ਅਤੇ ਵਕੀਲ ਦੇ ਬਿਨੈ-ਪੱਤਰਾਂ ਦੇ ਮਜ਼ਮੂਨ ਦਾ ਸਿਵਾਏ ਨਾਇਬ ਨਾਜ਼ਿਮਾਂ ਦੇ ਹੋਰ ਕਿਸੇ ਨੂੰ ਪਤਾ ਨਹੀਂ ਲੱਗਣਾ ਚਾਹੀਦਾ। ਨਾਜ਼ਿਮ ਸਾਹਿਬ ਅਨਾਹਦਗੜ੍ਹ ਨੂੰ ਇਹ ਵੀ ਲਿਖਿਆ ਜਾਵੇ ਕਿ **ਨੰਦ ਸਿੰਘ ਕੂਕਾ ਵਾਸੀ ਹੰਢਿਆਇਆ ਦੇ ਘਰ ਦੀ ਤਲਾਸ਼ੀ ਬਾਬਤ, ਪਰਵਾਨਾ ਜ਼ਿਲ੍ਹਾ ਲੁਧਿਆਣਾ ਵੱਲੋਂ ਲਿਖਿਆ ਆਇਆ ਹੈ, ਇਸ ਲਈ ਉਹ ਉਸ ਦੇ ਘਰ ਦੀ ਤਲਾਸ਼ੀ ਬਹੁਤ ਸੰਭਲ ਕੇ ਕਰੇ।** ਗੁਰਦਿੱਤ ਸਿੰਘ 'ਸੂਬਾ' ਤੇ ਨਾਇਬ ਸੂਬਾ ਵਸਨੀਕ ਇਲਾਕਾ ਬੋਹਾ, ਜਿਹੜਾ ਪਹਿਲਾਂ ਹੀ ਕੈਦ ਵਿੱਚ ਹੈ, ਨੂੰ ਪੂਰੀ ਹਿਫ਼ਾਜ਼ਤ ਨਾਲ ਰੱਖਿਆ ਜਾਵੇ। ਉਨ੍ਹਾਂ ਦੇ ਹੁਣੇ ਹਵਾਲਾਤ ਦੇ ਦਿਨਾਂ 'ਚ ਜਿਹੜਾ ਮਾਮਲਾ ਹੋਇਆ ਹੈ ਉਸ ਬਾਰੇ ਵੀ ਜਾਣੂੰ ਕਰਾਇਆ ਜਾਵੇ।

ਨਾਜ਼ਿਮ ਸਾਹਿਬ ਕਰਮਗੜ੍ਹ ਨੂੰ ਲਿਖਿਆ ਜਾਵੇ ਕਿ ਉਹ ਹੀਰਾ ਸਿੰਘ ਤੇ ਲਹਿਣਾ ਸਿੰਘ ਵਾਸੀ ਸਕਰੌਦੀ ਦੇ ਘਰਾਂ ਦੀ ਤਲਾਸ਼ੀ ਅਲਾਉੱਦੀਨ ਥਾਣੇਦਾਰ ਰਾਹੀਂ ਬਹੁਤ ਇਹਤਿਆਤ ਨਾਲ ਕਰਵਾਉਣ। ਇਸ ਮਹਿਕਮੇਂ ਤੋਂ ਸਿੱਧਾ ਵੀ ਅਲਾਉੱਦੀਨ ਨੂੰ ਹੁਕਮ ਦੀ ਪਾਲਣਾ ਕਰਨ ਵਾਸਤੇ ਲਿਖਿਆ ਜਾਵੇ ਅਤੇ ਇਹ ਵੀ ਲਿਖ ਦਿੱਤਾ ਜਾਵੇ ਕਿ ਇਹ ਭੇਦ ਪ੍ਰਗਟ ਨਾ ਹੋਵੇ। ਵਕੀਲ ਲੁਧਿਆਣਾ ਨੂੰ ਜਵਾਬ ਲਿਖਿਆ ਜਾਵੇ ਕਿ ਨਾਜ਼ਿਮਾਂ ਨੂੰ ਤੁਹਾਡੇ ਬਿਨੈ-ਪੱਤਰਾਂ ਦੀਆਂ ਨਕਲਾਂ ਭੇਜ ਕੇ ਇੰਤਜ਼ਾਮ ਕਰਨ ਵਾਸਤੇ ਲਿਖਿਆ ਗਿਆ ਹੈ, ਨਕਲਾਂ ਇਸ ਲਈ ਭੇਜੀਆਂ ਗਈਆਂ ਹਨ ਕਿ ਨਕਲਾਂ ਭੇਜਣ ਤੋਂ ਬਿਨਾਂ ਹਾਲ ਦਾ ਪਤਾ ਨਹੀਂ ਲੱਗ ਸਕਦਾ ਸੀ ਪਰ ਇਹ ਵੀ ਲਿਖ ਦਿੱਤਾ ਗਿਆ ਹੈ ਕਿ ਇਸ ਭੇਦ ਦਾ ਪਤਾ ਨਾਇਬ ਨਾਜ਼ਿਮਾਂ ਤੋਂ ਬਿਨਾਂ ਹੋਰ ਕਿਸੇ ਨੂੰ ਨਾ ਲੱਗੇ।

ਇੱਕ ਇੱਕ ਨਕਲ ਵਕੀਲ ਗੌਰਮਿੰਟ ਤੇ ਵਕੀਲ ਕਮਿਸ਼ਨਰੀ ਕੋਲ ਇਤਲਾਹ ਵਜੋਂ ਭੇਜ ਦਿੱਤੀ ਜਾਵੇ।

ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ
10 ਮਾਰਚ 1872.

# ਲੁਕਿਆ ਸੱਚ

---

ਗਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਇਹ ਦਾਸ ਜ਼ਬਾਨੀ ਹੁਕਮ ਅਨੁਸਾਰ ਮਿਤੀ 1 ਚੇਤ 1928 ਨੂੰ ਪਿੰਡ ਸਕਰੌਦੀ ਪੁੱਜਾ ਅਤੇ ਜਨਾਬ ਸਾਹਿਬ ਸ਼ੇਖ਼ ਖ਼ੁਦਾ ਬਖ਼ਸ਼ ਨਾਇਬ ਨਾਜ਼ਿਮ ਸੁਨਾਮ ਵੀ ਉੱਥੇ ਤਸ਼ਰੀਫ਼ ਲੈ ਆਏ । ਉਨ੍ਹਾਂ ਨੇ ਫ਼ਰਮਾਇਆ ਪਹਿਲਾਂ ਹੀਰਾ ਸਿੰਘ ਤੇ ਲਹਿਣਾ ਸਿੰਘ ਕੂਕਿਆਂ ਦੇ ਘਰ ਦੀ ਤਲਾਸ਼ੀ ਲੈਣੀ ਮੁਨਾਸਿਬ ਹੈ ਤੇ ਮਗਰੋਂ ਸਕਰੌਦੀ ਦੇ ਸਾਰੇ ਕੂਕਿਆਂ ਦੇ ਘਰਾਂ ਦੀ। ਸੋ ਇਸ ਦਾਸ ਨੇ ਉਸਤਤ ਯੋਗ ਸਾਹਿਬ ਦੇ ਜ਼ਬਾਨੀ ਹੁਕਮ ਅਨੁਸਾਰ ਉਨ੍ਹਾਂ ਦੇ ਸਾਹਮਣੇ ਹੀ ਘਰਾਂ ਦੀ ਤਲਾਸ਼ੀ ਲਈ ਅਤੇ ਉਨ੍ਹਾਂ ਕੂਕਿਆਂ ਦੇ ਘਰਾਂ 'ਚੋਂ ਕੂਕਿਆਂ ਦੇ ਗੁਰੂ ਦੀ ਲਿਖੀ ਕੋਈ ਪੋਥੀ ਸਾਖੀ ਬਰਾਮਦ ਨਹੀਂ ਹੋਈ ਅਤੇ ਨਾ ਕੋਈ ਨਾਜਾਇਜ਼ ਹਥਿਆਰ ਬਰਾਮਦ ਹੋਏ। ਸਕਰੌਦੀ ਦੀ ਧਰਮਸ਼ਾਲਾ ਵਿੱਚ ਗਰੰਥ ਸਾਹਿਬ ਰੱਖਿਆ ਹੋਇਆ ਹੈ। ਅਸੀਂ ਹੋਰ ਇਹਤਿਆਤ ਵਰਤਦੇ ਹੋਇਆਂ ਨੇ ਧਰਮਸ਼ਾਲਾ 'ਚ ਜਦੋਂ ਝਾਤੀ ਮਾਰੀ ਤਾਂ ਧਰਮਸ਼ਾਲਾਂ 'ਚੋਂ ਨਿਮਨ ਲਿਖਤ ਛੇ ਪੋਥੀਆਂ ਮਿਲੀਆਂ।

| | | | |
|---|---|---|---|
| 1. | ਆਦਿ ਪੰਜ ਗਰੰਥੀ ਬਾਬਾ ਨਾਨਕ | = | ਦੋ ਸੈਂਚੀਆਂ |
| 2. | ਦਸਵੀਂ ਪਾਤਸ਼ਾਹੀ ਪੰਜ ਗਰੰਥੀ | = | 1 |
| 3. | ਨਮੋਂ ਨਾਨਕ | = | 1 |
| 4. | ਅਧਿਆਤਮ ਰਾਮਾਇਣ | = | 1 |
| 5. | ਹਕਾਬਤ (ਜੀਵਨੀ) ਦਸਵੀਂ ਪਾਤਸ਼ਾਹੀ | = | 1 |
| | | | ========== |
| | ਕੁੱਲ ਪੋਥੀਆਂ | | 6 |
| | | | ========== |

ਇਨ੍ਹਾਂ ਪੋਥੀਆਂ ਦੇ ਮਿਲਣ ਉਪ੍ਰੰਤ ਨਿਹਾਲ ਸਿੰਘ, ਖੜਕ ਸਿੰਘ ਤੇ ਭਾਗ ਸਿੰਘ ਆਦਿ ਤੋਂ ਪੁੱਛਿਆ ਗਿਆ ਤਾਂ ਪਤਾ ਲੱਗਿਆ ਕਿ ਹੀਰਾ ਸਿੰਘ ਤੇ ਲਹਿਣਾ ਸਿੰਘ, ਜਿਹੜੇ ਤੋਪ ਨਾਲ ਉਡਾਏ ਗਏ ਸਨ, ਦੋਵੇਂ ਅਨਪੜ੍ਹ ਸਨ ਅਤੇ ਨਾ ਉਨ੍ਹਾਂ ਕੋਲ ਕੋਈ ਪੋਥੀ ਭਾਵ ਸਾਖੀ ਗੁਰੂ ਰਾਮ ਸਿੰਘ ਭੈਣੀ ਵਾਲੇ ਦੀ ਦੇਖੀ ਹੈ। ਉਹ ਤਾਂ ਜ਼ਬਾਨੀ ਕਲਾਮੀ ਹੀ " ਮਾਰਿਆ ਪੁਕਾਰਿਆ" ਕਰਦੇ ਹੁੰਦੇ ਸਨ। ਸਾਡੇ ਲੋਕਾਂ ਦੀਆਂ ਜਿੰਨੀਆਂ ਪੋਥੀਆਂ ਪੜ੍ਹਨ ਵਾਲੀਆਂ ਹਨ ਉਹ ਧਰਮਸ਼ਾਲਾ 'ਚ ਰੱਖੀਆਂ ਹੋਈਆਂ ਹਨ। ਉਨ੍ਹਾਂ ਤੋਂ ਬਿਨਾਂ ਹੋਰ ਕੋਈ ਨਹੀਂ ਹੈ।"

ਸੋ ਉਹ ਛੇ ਪੋਥੀਆਂ ਉਸਤਤ ਯੋਗ ਸਾਹਿਬ ਨੇ ਉਸੇ ਤਰ੍ਹਾਂ ਧਰਮਸ਼ਾਲਾ 'ਚ ਰਖਵਾ ਦਿੱਤੀਆਂ ਕਿਉਂਕਿ ਹੋਰ ਕੋਈ ਨਵੀਂ ਪੋਥੀ ਉੱਥੋਂ ਨਹੀਂ ਮਿਲੀ ਸੀ।

ਸ੍ਰੀ ਮਾਨ ਜੀ, ਥਾਣੇ 'ਚ ਮੌਜੂਦ ਸੂਚੀ 'ਚ ਦਰਜ ਸਕਰੌਦੀ ਦੇ ਸਾਰੇ ਕੂਕਿਆਂ ਦੇ ਘਰਾਂ ਦੀ ਤਲਾਸ਼ੀ ਲਈ ਗਈ ਤਾਂ ਕਿਸੇ ਦੇ ਘਰੋਂ ਕਪੱੜਿਆਂ, ਭਾਂਡਿਆਂ ਤੇ ਅਨਾਜ ਆਦਿ ਤੋਂ ਬਿਨ੍ਹਾਂ ਕਿਸੇ ਪ੍ਰਕਾਰ ਦੀ ਕੋਈ ਪੋਥੀ ਤੇ ਨਾਜਾਇਜ਼ ਹਥਿਆਰ ਉਸਤਤ ਯੋਗ ਸਾਹਿਬ ਦੇ ਸਾਹਮਣੇ ਬਰਾਮਦ ਨਹੀਂ ਹੋਏ ਪਰ ਨਿਹਾਲ ਸਿੰਘ ਪੁੱਤਰ ਮਾਨ੍ਹਾਂ ਸਿੰਘ ਕੂਕਾ ਦੇ ਘਰ ਦੀ ਤਲਾਸ਼ੀ ਲੈਣ ਸਮੇਂ ਲੋਹੇ ਦੇ ਤਿੰਨ ਚੱਕਰ ਤੇ ਇੱਕ ਚਕਰੀ ਬਰਾਮਦ ਹੋਏ ਜਿੰਨ੍ਹਾਂ ਬਾਰੇ ਉਹ ਦਸਦਾ ਹੈ ਕਿ ਮੇਰੇ ਪੁੱਤਰ ਅਬਚਲ ਨਗਰ ਸਾਹਿਬ (ਹਜ਼ੂਰ ਸਾਹਿਬ) ਤੋਂ ਲਿਆਏ ਸਨ। ਉਹ ਇਸ ਵੇਲੇ ਘਰ 'ਚ ਮੌਜੂਦ ਨਹੀਂ ਹਨ। ਸੋ ਉਹ ਤਿੰਨੇ ਚੱਕਰ ਤੇ ਚੱਕਰੀ ਜਨਾਬ ਨਾਇਬ ਨਾਜ਼ਿਮ ਸਾਹਿਬ ਨੇ ਚੰਗੀ ਤਰ੍ਹਾਂ ਵੇਖ ਕੇ ਉਸ ਦੇ ਹਵਾਲੇ ਕਰ ਦਿੱਤੇ। ਸਵਰਗਵਾਸੀ ਕੂਕਾ ਲਹਿਣਾ ਸਿੰਘ ਦੇ ਪਿਤਾ ਮਹਿਤਾਬ

---

ਸਿੰਘ ਦੇ ਘਰ ਉੱਚੀ ਸ਼ਾਨ ਵਾਲੀ ਸਰਕਾਰ ਦੇ ਹੁਕਮ ਅਨੁਸਾਰ ਜਿੰਦਰਾ ਲੱਗਿਆ ਹੋਇਆ ਹੈ। ਉਸ ਦੇ ਘਰ ਦਾ ਸਮਾਨ ਜਿਸ ਕੋਠੇ ਵਿੱਚ ਬੰਦ ਹੈ, ਉਸ ਘਰ ਦੀ ਤਲਾਸ਼ੀ ਨਹੀਂ ਲਈ ਗਈ ਕਿਉਂਕਿ ਪਹਿਲਾਂ ਤਲਾਸ਼ੀ ਲੈ ਕੇ ਉਸ ਦੇ ਘਰ ਦਾ ਸਾਮਾਨ ਕੁਰਕ ਕੀਤਾ ਗਿਆ ਹੈ। ਉਸ ਦੇ ਘਰੋਂ ਕੁਰਕ ਕੀਤੇ ਸਾਮਾਨ ਦੀ ਸੂਚੀ ਦੇਖੀ ਗਈ ਤਾਂ ਉਸ ਵਿੱਚ ਵੀ ਕੋਈ ਪੋਥੀ ਦਰਜ ਨਹੀਂ ਹੈ, ਇਸ ਵਾਸਤੇ ਉਸ ਦੇ ਘਰ ਦੀ ਤਲਾਸ਼ੀ ਨਹੀਂ ਹੋਈ।

ਉਪ੍ਰੋਕਤ ਬਰਾਮਦ ਹੋਈਆਂ ਪੋਥੀਆਂ ਬਾਰੇ ਇਹ ਬੇਨਤੀ ਹੈ ਕਿ ਜੇ ਹੁਕਮ ਹੋਵੇ ਤਾਂ ਹਜ਼ੂਰ ਕੋਲ ਭੇਜੀਆਂ ਜਾਣ ਨਹੀਂ ਤਾਂ ਪਹਿਲਾਂ ਵਾਂਗ ਉਨ੍ਹਾਂ ਕੋਲ ਪਈਆਂ ਰਹਿਣ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨਾ ਹੈ।

ਦਾਸ<br>
ਸ਼ਹਿਜ਼ਾਦਾ ਨੰਦ,<br>
ਮੁਹੱਰਿਰ ਥਾਣਾ ਭਵਾਨੀਗੜ੍ਹ।

2 ਚੇਤ 1928

---

**ਦਾਸਾਂ ਨੂੰ ਫ਼ਾਇਦਾ ਪਹੁੰਚਾਉਣ ਵਾਲੇ, ਸਤਿਕਾਰ ਯੋਗ ਤੇ ਮਹਾਨ ਜਨਾਬ ਮੁਨਸ਼ੀ ਸਾਹਿਬ ਸੱਯਦ ਮੁਹੰਮਦ ਹੁਸੈਨ ਸਾਹਿਬ ਮੀਰ ਮੁਨਸ਼ੀ,**

ਆਦਾਬ ਅਰਜ਼ ਕਰਨ ਮਗਰੋਂ ਬੇਨਤੀ ਕਰਦਾ ਹਾਂ ਕਿ ਆਪ ਦਾ ਖ਼ਤ ਮਿਤੀ 10 ਮਾਰਚ 1872 ਸਮੇਤ ਸੱਯਦ ਅਹਿਮਦ ਖ਼ਾਨ ਵਕੀਲ ਲੁਧਿਆਣਾ ਦੇ ਕਾਗਜ਼ਾਂ ਦੀਆਂ ਨਕਲਾਂ ਦੇ ਦਾਸ ਕੋਲ ਮਿਤੀ 13 ਮਾਰਚ 1872 ਨੂੰ ਇੱਕ ਪਹਿਰ ਰਾਤ ਰਹਿੰਦੇ ਬੁੱਧ ਸਿੰਘ ਸੂਬਾ ਦੇ ਰਿਹਾਇਸ਼ੀ ਪਿੰਡ, ਪਿੰਡ ਨੰਗਲਾ ਤਅਾਲੁੱਕਾ ਸਰਦੂਲਗੜ੍ਹ ਵਿਖੇ ਪੁੱਜਾ ਜਿਸ ਵਿੱਚ ਲਿਖਿਆ ਸੀ ਕਿ ਕੂਕਿਆਂ ਦੇ ਨਾਇਬ ਸੂਬਾ ਨੰਦ ਸਿੰਘ ਵਾਸੀ ਹੰਢਿਆਇਆ ਦੀ ਘਰ ਦੀ ਤਲਾਸ਼ੀ ਲਈ ਜਾਵੇ ਤੇ ਉਸ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਨਾਲੇ ਲਿਖਿਆ ਹੋਇਆ ਸੀ ਕਿ ਗੁਰਦਿੱਤ ਸਿੰਘ ਤੇ ਬੁੱਧ ਸਿੰਘ ਸੂਬਿਆਂ ਦਾ ਜਿਹੜੇ ਪਹਿਲਾਂ ਹੀ ਹਵਾਲਾਤ 'ਚ ਹਨ, ਚਾਲ ਚਲਨ ਦਰਿਆਫ਼ਤ ਕੀਤਾ ਜਾਵੇ,

ਸੋ ਦਾਸ ਨੇ ਉਪ੍ਰੋਕਤ ਕਾਗਜ਼ਾਤ ਆਪਣੇ ਖ਼ਤ ਰਾਹੀਂ ਉਸੇ ਵੇਲੇ ਸ਼ੈਖ ਇਲਾਹੀ ਬਖ਼ਸ਼ ਤੇ ਲਾਲਾ ਬਿੰਸ਼ਭਰ ਦਾਸ ਨਾਇਬ ਨਾਜ਼ਿਮਾਂ ਕੋਲ ਤਾਮੀਲ ਕਰਨ ਲਈ ਡਾਕ ਰਾਹੀਂ ਭੇਜ ਦਿੱਤੇ। ਹਜ਼ੂਰ ਨੂੰ ਚੰਗੀ ਤਰ੍ਹਾਂ ਪਤਾ ਹੋਵੇਗਾ ਕਿ **ਇਹ ਨੰਦ ਸਿੰਘ ਆਪਣੇ ਪੁੱਤਰ ਸਮੇਤ ਫ਼ਸਾਦ ਸਮੇਂ ਕੋਟਲਾ ਵਿਖੇ ਮਾਰਿਆ ਗਿਆ ਸੀ ਅਤੇ ਉਸ ਦੀ ਪਤਨੀ ਸ੍ਰੀ ਮਤੀ ਇੰਦਾਂ, ਜਿਹੜੀ ਨਿਜ਼ਾਮਤ ਦੇ ਸਪੁਰਦ ਹੋਈ ਸੀ, ਨਿਜ਼ਾਮਤ ਵੱਲੋਂ ਤਹਿਕੀਕਾਤ ਕਰਨ ਮਗਰੋਂ ਅਦਾਲਤ ਸਦਰ ਦੇ ਸਪੁਰਦ ਹੋ ਚੁੱਕੀ ਹੈ।** ਨੰਦ ਸਿੰਘ ਦੀ ਜਾਇਦਾਦ ਸਾਬਿਕ ਹੁਕਮ ਅਨੁਸਾਰ ਕੁਰਕ ਕੀਤੀ ਗਈ ਸੀ, ਤਾਂ ਸਿਵਾਏ ਖੇਤੀਬਾੜੀ ਵਾਲੀ ਜ਼ਮੀਨ ਦੇ ਹੋਰ ਕੋਈ ਜਾਇਦਾਦ ਉਸ ਦੇ ਘਰ 'ਚੋਂ ਬਰਾਮਦ ਨਹੀਂ ਹੋਈ ਸੀ ਕਿਉਂਕਿ ਇਹ ਨੰਦ ਸਿੰਘ ਆਪਣੀ ਪਤਨੀ ਸਮੇਤ ਤਿੰਨ ਸਾਲ ਤੋਂ ਆਪਣੇ ਘਰ ਦੀ ਬਜਾਏ ਪੱਕੇ ਤੌਰ 'ਤੇ ਭੈਣੀ ਵਿਖੇ ਰਹਿੰਦਾ ਸੀ। ਹੁਣ ਵਧੇਰੇ ਇਹਤਿਆਤ ਵਜੋਂ ਹੁਕਮ ਦੇ ਮਨਸ਼ੇ ਅਨੁਸਾਰ ਤੇ ਦਾਸ ਦੇ ਲਿਖਣ ਮੁਤਾਬਿਕ ਲਾਲਾ ਬਿਸ਼ੰਭਰ ਦਾਸ ਸਾਹਿਬ ਨਾਇਬ ਨਾਜ਼ਿਮ ਨੇ ਜ਼ਾਤੀ ਤੌਰ 'ਤੇ ਕਸਬਾ ਹੰਢਿਆਇਆ ਵਿਖੇ ਜਾ ਕੇ ਨੰਦ ਸਿੰਘ ਦੇ ਘਰ ਦੀ ਦੋਬਾਰਾ ਤਲਾਸ਼ੀ ਕਰਵਾਈ ਤਾਂ ਉਸ ਦੇ ਘਰ ਵਿੱਚੋਂ ਪੋਥੀ ਆਦਿ ਸਾਮਾਨ ਬਰਾਮਦ ਨਹੀਂ ਹੋਇਆ। ਨੰਦ ਸਿੰਘ ਦੇ ਉਸੇ ਘਰ ਵਿੱਚ ਨੰਦ ਸਿੰਘ ਦਾ ਭਾਈ ਚੰਦਾ ਸਿੰਘ ਅੱਡ ਮਕਾਨ ਵਿੱਚ ਰਹਿੰਦਾ ਹੈ। ਨੰਦ ਸਿੰਘ ਦੀ ਕੋਠੀ ਵਿਚੋਂ। ਉਸ ਦੀ ਕੋਠੀ ਵਿੱਚੋਂ ਇੱਕ ਜਨਮ ਸਾਖੀ ਬਰਾਮਦ ਹੋਈ ਹੈ। ਚੰਦਾ ਸਿੰਘ ਘਰ 'ਤੇ ਨਹੀਂ ਮਿਲਿਆ। ਪਤਾ ਲਗਿਆ ਕਿ ਰਾਜੋ ਮਾਜਰਾ ਗਿਆ ਹੋਇਆ ਹੈ। ਉਸ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਲਾਲਾ ਬਿਸ਼ੰਭਰ ਦਾਸ ਨੇ ਇੱਕ ਸਵਾਰ ਨੂੰ ਰਵਾਨਾ ਕੀਤਾ ਹੈ।

ਗੁਰਦਿੱਤ ਸਿੰਘ ਤੇ ਬੁੱਧ ਸਿੰਘ ਸੂਬਿਆਂ ਦਾ ਹਾਲ ਚਾਲ ਇਹ ਹੈ ਕਿ ਗੁਰਦਿੱਤ ਸਿੰਘ ਨੇ ਇੱਕ ਅਰਜ਼ੀ ਸ਼ੈਖ ਇਲਾਹੀ ਬਖ਼ਸ਼ ਨਾਇਬ ਨਾਜ਼ਿਮ ਰਾਹੀਂ ਸਰਦੂਲਗੜ੍ਹ ਵਿਖੇ ਮੇਰੇ ਕੋਲ ਭੇਜੀ ਸੀ ਕਿ ਉਸ ਨੇ ਕੂਕਾ ਮਜ਼ਹਬ ਛੱਡ ਦਿੱਤਾ ਹੈ। ਉਸ ਅਰਜ਼ੀ ਦੀ ਨਕਲ ਮੈਂ ਤੁਹਾਡੀ ਸੇਵਾ ਵਿੱਚ ਭੇਜ ਚੁੱਕਿਆ ਹਾਂ। ਉਹ ਅਰਜ਼ੀ ਪੜ੍ਹ ਕੇ ਤੁਹਾਨੂੰ ਉਸ ਦੀ ਬੇਨਤੀ ਦੇ ਹਾਲ ਦਾ ਪਤਾ ਲੱਗ ਗਿਆ ਹੋਵੇਗਾ। ਪਰ ਇਹ ਆਦਮੀ ਆਪਣੇ ਧਰਮ ਦਾ ਬਹੁਤ ਪੱਕਾ ਪ੍ਰਤੀਤ ਹੁੰਦਾ ਹੈ। ਜਦੋਂ ਮੈਂ ਅਨਾਹਦਗੜ੍ਹ ਮੌਜੂਦ ਸੀ ਤਾਂ ਉਸ ਦੇ ਕੋਲ ਕਿਸੇ ਨੇ ਬਿਆਨ ਕੀਤਾ ਸੀ ਕਿ ਸਕਰੌਦੀ ਦੇ ਕੂਕਿਆਂ ਨੇ ਕੂਕਾ ਮਜ਼ਹਬ ਛੱਡ ਦਿੱਤਾ ਹੈ, ਉਸ ਵੇਲੇ ਉਸ ਨੇ ਸਕਰੌਦੀ ਵਾਸੀਆਂ ਦੀ ਇਸ ਕਾਰਵਾਈ ਨੂੰ ਬਹੁਤ ਨਿੰਦਣਯੋਗ ਖ਼ਿਆਲ ਕੀਤਾ ਸੀ। ਉਸ ਦੇ ਬਿਆਨ ਤੇ ਸ਼ਬਦਾਂ ਤੋਂ ਇਹ ਗੱਲ ਸਾਫ਼ ਪ੍ਰਗਟ ਹੁੰਦੀ ਹੈ ਕਿ ਉਸ ਨੂੰ ਇਹ ਪੱਕਾ ਯਕੀਨ ਹੈ ਕਿ ਥੋੜ੍ਹੇ ਸਮੇਂ 'ਚ ਜ਼ਮਾਨੇ ਦਾ ਰੰਗ ਕੁਝ ਪਲਟ ਜਾਵੇਗਾ ਇਹ ਸ਼ਖਸ ਵੀ ਸਾਖੀਆਂ 'ਤੇ ਅਕੀਦਾ ਰੱਖਦਾ ਹੈ ਬਲਕਿ ਇਸ ਨੇ ਮੈਨੂੰ ਸੰਬੋਧਨ ਹੋ ਕੇ ਇਹ ਵੀ ਕਿਹਾ ਸੀ ਕਿ ਤੁਹਾਡੇ ਮਜ਼ਹਬ ਵਿੱਚ (ਮਹਿਦੀ*) 12 ਵੇਂ ਇਮਾਮ ਦੇ ਆਉਣ ਦੇ ਦਿਨਾਂ ਦੀ ਖ਼ਬਰ ਨਹੀਂ ਹੈ ? ਉਸ ਵੇਲੇ ਉਸ ਨੂੰ ਸਾਫ਼ ਯਕੀਨ ਸੀ ਕਿ ਜ਼ਮਾਨਾ ਬਹੁਤ

ਛੇਤੀ ਹੀ ਕੁਝ ਹੋਰ ਤਰ੍ਹਾਂ ਦਾ ਹੋ ਜਾਵੇਗਾ। ਮੈਂ 17 ਦਿਨਾਂ ਤੋਂ ਬਰਨਾਲੇ ਤੋਂ ਬਾਹਰ ਹਾਂ ਅਤੇ ਹੁਣ ਪਤਾ ਨਹੀਂ ਕਿ ਉਸ ਦਾ ਕੀ ਰੰਗ ਹੈ ?

ਬੁੱਧ ਸਿੰਘ ਘੱਟ ਬੋਲਣ ਵਾਲਾ ਆਦਮੀ ਹੈ। ਇਹ ਕਦੇ ਦਿਲ ਦੀ ਗੱਲ ਪ੍ਰਗਟ ਤੌਰ 'ਤੇ ਬਿਆਨ ਨਹੀਂ ਕਰਦਾ ਅਤੇ ਇਹ ਆਦਮੀ ਵੀ ਕਮਜ਼ੋਰ ਹੈ। ਇਸ ਆਦਮੀ ਦੀ ਖ਼ਾਸ ਸ਼ਖਸੀਅਤ ਵੀ ਹੁਣ ਫ਼ਸਾਦ ਕਰਨ ਦੇ ਕੁਝ ਯੋਗ ਪ੍ਰਤੀਤ ਨਹੀਂ ਹੁੰਦੀ ਬਲਕਿ ਇਸ ਦਾ ਬਿਆਨ ਹੈ ਕਿ ਮੈਂ ਕੂਕਾ ਵੀ ਨਹੀਂ ਬਣਿਆ ਸਿਰਫ਼ ਇੱਕ ਵਾਰ ਗੁਰੂ ਰਾਮ ਸਿੰਘ ਮੇਰੇ ਘਰ ਆ ਠਹਿਰਿਆ ਸੀ। ਮੈਂ ਆਪਣੀ ਹੈਸੀਅਤ ਮੁਤਾਬਿਕ ਉਸ ਦੀ ਆਉ ਭਗਤ ਤੇ ਖਾਤਿਰਦਾਰੀ ਕੀਤੀ ਇਸ ਲਈ ਲੋਕਾਂ ਨੇ ਮੈਨੂੰ ਕੂਕਾ ਮਸ਼ਹੂਰ ਕਰ ਦਿੱਤਾ। ਇਸ ਦੇ ਇੱਕ ਚੇਲੇ ਨੇ ਨੰਗਲਾ ਵਿਖੇ ਮੈਨੂੰ ਇੱਕ ਅਰਜ਼ੀ ਦਿੱਤੀ ਸੀ, ਜਿਸ ਦੀ ਨਕਲ ਵੀ ਮੈਂ ਜਨਾਬ ਦੀ ਸੇਵਾ ਵਿੱਚ ਭੇਜ ਚੁੱਕਿਆ ਹਾਂ ਤੇ ਉਹ ਤੁਹਾਡੀ ਨਿਗ੍ਹਾ 'ਚੋਂ ਲੰਘੀ ਹੋਵੇਗੀ। ਨੰਗਲਾ ਦੇ ਨੰਬਰਦਾਰ ਇਸ ਦੀ ਨੇਕ ਚਲਨੀ ਦੀ ਤਸਦੀਕ ਕਰਦੇ ਹਨ। ਇਸ ਦਾ ਇੱਕ ਮਕਾਨ ਪਿੰਡ ਤੋਂ ਬਾਹਰ ਵਧੀਆ ਜਿਹਾ ਬਣਿਆ ਹੋਇਆ ਹੈ ਤੇ ਉਸ ਵਿੱਚ ਗ੍ਰੰਥ ਸਾਹਿਬ ਸ਼ਸ਼ੋਭਤ ਹਨ। ਇਹ ਆਦਮੀ ਉਸ ਇਲਾਕੇ ਵਿੱਚ ਇੱਕ ਬੜੇ ਭਗਤ ਵਜੋਂ ਪ੍ਰਸਿੱਧ ਹੈ। ਇਸ ਦੇ ਭਗਤ ਹੋਣ ਸਦਕਾ ਸਿੱਖ ਲੋਕ ਇਸ ਦੀ ਟਹਿਲ ਸੇਵਾ ਕਰਦੇ ਰਹਿੰਦੇ ਹਨ ਜਿਸ ਦੇ ਕਾਰਨ ਇਸ ਦਾ ਚੰਗਾ ਗੁਜ਼ਾਰਾ ਹੋਈ ਜਾਂਦਾ ਹੈ। ਕਿਉਂਕਿ ਇਸ ਇਲਾਕੇ ਸਰਦੂਲਗੜ੍ਹ ਵਿੱਚ ਕੂਕਾ ਲੋਕ ਨਹੀਂ ਸਨ ਤੇ ਇਹ ਆਦਮੀ ਚੰਗਾ ਨਾਮੀ ਸੀ ਜਿਸ ਸਦਕਾ ਸਿੱਖ ਲੋਕ ਇਸ 'ਤੇ ਅਕੀਦਾ ਰੱਖਦੇ ਸਨ। ਇਸ ਵਾਸਤੇ ਗੁਰੂ ਰਾਮ ਸਿੰਘ ਆਪਣੇ ਮਜ਼ਹਬ ਨੂੰ ਤਰੱਕੀ ਦੇਣ ਦੇ ਖ਼ਿਆਲ ਨਾਲ ਇਸ ਦੇ ਘਰ ਡੇਰਾ ਕਰਕੇ ਤੇ ਇਸ ਨੂੰ ਸੂਬਾ ਬਣਾ ਕੇ ਚਲਾ ਗਿਆ। ਉਸੇ ਦਿਨ ਤੋਂ ਇਹ 'ਸੂਬਾ' ਮਸ਼ਹੂਰ ਹੋ ਗਿਆ। ਸਰਦੂਲਗੜ੍ਹ ਦੇ ਇਸ ਇਲਾਕੇ ਵਿੱਚ ਤਿੰਨ ਆਦਮੀ ਪਿੰਡ ਨੰਗਲਾ ਵਿੱਚ ਤੇ ਇੱਕ ਪਿੰਡ ਕੋਰਾਲਾ ਵਿੱਚ ਬੁੱਧ ਸਿੰਘ ਤੋਂ ਇਲਾਵਾ ਕੂਕੇ ਹਨ।

ਸੋ ਇਤਲਾਹ ਵਜੋਂ ਤੇ ਜਵਾਬ ਦੇ ਤੌਰ 'ਤੇ ਅਰਜ਼ ਕੀਤਾ ਗਿਆ।

17 ਮਾਰਚ 1872 ਮੁਤਾਬਿਕ 6 ਚੇਤ 1928
ਦਿਨ ਐਤਵਾਰ, ਮੁਕਾਮ ਗੋਬਿੰਦਗੜ੍ਹ।

ਦਾਸ
-Sd-
ਨਾਜ਼ਿਮ ਅਨਾਹਦਗੜ੍ਹ,

*ਮਹਿਦੀ :– ਮੁਸਲਮਾਨਾਂ ਦੇ ਬਾਰਵ੍ਹੇਂ ਇਮਾਮ, ਜਿਹੜੇ ਕਿਆਮਤ ਤੇ ਦਿਨ ਨੇੜੇ ਪ੍ਰਗਟ ਹੋਣਗੇ। ਭਾਵ ਤੁਹਾਡੇ ਧਰਮ ਵਿੱਚ ਵੀ 12 ਵੇਂ ਇਮਾਮ ਪ੍ਰਗਟ ਹੋਣਗੇ।

**ਹੁਕਮ ਹੋਇਆ ਕਿ**

ਇਸ ਦੀ ਇੱਕ ਨਕਲ ਵਕੀਲ ਗੌਰਮਿੰਟ ਕੋਲ ਭੇਜ ਦਿੱਤੀ ਜਾਵੇ।

-Sd-
ਮੀਰ ਮੁਨਸ਼ੀ,

---

## ਮਹਾਰਾਜਾ ਪਟਿਆਲਾ ਨੂੰ ਲਿਖਿਆ ਗਿਆ ਖਤ

ਗ਼ਰੀਬ ਪਰਵਰ! ਸਲਾਮਤ!

ਸ੍ਰੀ ਮਾਨ ਜੀ,

ਕਾਇਮ ਮੁਕਾਮ ਨਾਜ਼ਿਮ ਕਰਮਗੜ੍ਹ ਦੇ ਖ਼ਤ ਦੀ ਨਕਲ ਸਣੇ ਹੁਕਮ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨਾ ਮਿਤੀ 18 ਮਾਰਚ 1872, ਪਿੰਡ ਸਕਰੌਂਦੀ ਦੇ ਹੀਰਾ ਸਿੰਘ ਤੇ ਲਹਿਣਾ ਸਿੰਘ ਕੂਕਿਆਂ ਦੇ ਘਰਾਂ ਦੀ ਤਲਾਸ਼ੀ ਤੇ ਉਨ੍ਹਾਂ ਦੇ ਘਰਾਂ ਵਿੱਚੋਂ ਹਥਿਆਰ ਆਦਿ ਬਰਾਮਦ ਨਾ ਹੋਣ ਬਾਬਤ ਪ੍ਰਾਪਤ ਹੋਇਆ।

ਦਾਸ ਨੇ ਇਹ ਹਾਲ ਸਾਹਿਬ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਜਾ ਕੇ ਦੱਸ ਦਿੱਤਾ ਹੈ।

ਸੋ ਇਹ ਬਿਨੈ-ਪੱਤਰ ਜਵਾਬ ਦੇ ਤੌਰ 'ਤੇ ਸਖ਼ੀ ਹਜ਼ੂਰ ਕੋਲ ਭੇਜਿਆ ਜਾ ਰਿਹਾ ਹੈ।

ਵਾਜਿਬ ਜਾਣ ਕੇ ਅਰਜ਼ ਕੀਤਾ।

ਸਰਕਾਰ ਦੇ ਤੇਜ ਪਰਤਾਪ ਤੇ ਹਕੂਮਤ ਦਾ ਸੂਰਜ ਚਮਕਦਾ ਰਵ੍ਹੇ !

ਦਾਸ
ਪੁਰਾਣਾ ਨਮਕ ਪਰਵਰਦਾ,
ਨਿਸਾਰ ਅਲੀ ਵਕੀਲ ਸਰਕਾਰ,
ਮਹਿਕਮਾ ਕਮਿਸ਼ਨਰੀ 'ਚ ਹਾਜ਼ਿਰ ਰਹਿਣ ਵਾਲਾ
23 ਮਾਰਚ 1872.

**ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਦੀ ਤਜ਼ਵੀਜ਼ ਨਾਲ ਅਦਾਲਤ ਫ਼ੌਜਦਾਰੀ ਨਾਇਬ ਜ਼ਿਲ੍ਹਾ ਅਮਰਗੜ੍ਹ ਦੀ ਰੋਬਕਾਰ।**

ਮਿਤੀ 20 ਮਾਘ 1928
ਮੁਤਾਬਿਕ 31 ਜਨਵਰੀ ਸੰਨ 1872 ਈ:

ਕੂਕਿਆਂ ਦੇ ਸਾਮਾਨ ਦੀ ਨਿਲਾਮੀ ਕੀਤੇ ਜਾਣ ਦਾ ਕੇਸ :-

ਇਨ੍ਹਾਂ ਕਾਗਜ਼ਾਤ ਦੀ ਪੇਸ਼ੀ ਤੋਂ ਮਗਰੋਂ ਪ੍ਰਤੱਖ ਹੋਵੇ ਕਿ ਕਸਬਾ ਮਾਲੇਰ ਕੋਟਲਾ ਦੀ ਵਾਰਦਾਤ ਦੇ ਜਿਹੜੇ ਮੁਜ਼ਰਿਮ ਕੂਕੇ ਪਿੰਡ ਰੜ ਇਲਾਕਾ ਸ਼ੇਰਪੁਰ ਤੋਂ ਗ੍ਰਿਫ਼ਤਾਰ ਕਰਕੇ ਮੌਕੇ ਮਹਿਲ ਨੂੰ ਮੁੱਖ ਰੱਖਦੇ ਹੋਏ ਰਿਆਸਤ ਕੋਟਲਾ ਦੇ ਪ੍ਰਬੰਧਕਾਂ ਦੇ ਸਪੁਰਦ ਹੋਏ ਸਨ ਉਨ੍ਹਾਂ ਦੇ ਕੁੱਲ ਸਾਮਾਨ ਵਿੱਚੋਂ ਨਾਇਬ ਨਾਜ਼ਿਮ ਰਿਆਸਤ ਕੋਟਲਾ ਨੇ ਕੁਝ ਸਾਮਾਨ ਆਪਣੇ ਕੋਲ ਰੱਖ ਕੇ ਆਪਣੇ ਖ਼ਤ ਨਾਲ ਨੱਥੀ ਫ਼ਰਦ ’ਚ ਦਰਜ ਬਾਕੀ ਸਾਮਾਨ ਸਾਡੇ ਕੋਲ ਭੇਜ ਕੇ ਲਿਖਦੇ ਹਨ ਕਿ ਇਹ ਸਾਮਾਨ ਸਾਰਾ ਨਹੀਂ ਹੈ। ਜਿੰਨ੍ਹਾਂ ਸਾਮਾਨ ਸਾਡੀ ਸ਼ਨਾਖ਼ਤ ’ਚ ਆਇਆ ਉਹ ਰੱਖ ਲਿਆ ਹੈ। ਉਪ੍ਰੋਕਤ ਕੂਕਿਆਂ ਨੂੰ ਉਨ੍ਹਾਂ ਦੇ ਸਾਰੇ ਸਾਮਾਨ ਸਮੇਤ ਰਿਆਸਤ ਕੋਟਲਾ ਦੇ ਕਾਰਿੰਦਿਆਂ ਦੇ ਸਪੁਰਦ ਕੀਤਾ ਸੀ ਪਰ ਉਹ ਸਾਮਾਨ ਵਾਪਸ ਆਇਆ ਕਿ ਇਸ ਸਾਮਾਨ ਦਾ ਇਸ ਇਲਾਕੇ ਨਾਲ ਕੋਈ ਸੰਬੰਧ ਨਹੀਂ ਹੈ ਪਰੰਤੂ ਰਿਆਸਤ ਕੋਟਲਾ ਦੇ ਕਾਰਕੁਨਾਂ ਵਲੋਂ ਸਾਮਾਨ ਭੇਜ ਦੇਣ ਨੂੰ ਮੱਦੇ ਨਜ਼ਰ ਰੱਖ ਕੇ ਉਸ ਸਾਮਾਨ ਨੂੰ ਨੀਲਾਮ ਕਰਨ ਵਾਸਤੇ ਮਹਿਕਮੇ ਦੇ ਨਾਜ਼ਿਰ ਨੂੰ ਹੁਕਮ ਲਿਖਿਆ ਗਿਆ ਕਿ ਹੁਣ ਮਹਿਕਮੇਂ ਦਾ ਨਾਜ਼ਿਰ ਨੀਲਾਮ ਕਰਕੇ ਬੋਲੀ ਦੀ ਫ਼ਰਦ ਮੰਨਜ਼ੂਰੀ ਲਈ ਸਾਡੇ ਕੋਲ ਪੇਸ਼ ਕਰੇ। ਇਸ ਥੋੜ੍ਹੇ ਫਟੇ ਪੁਰਾਣੇ ਤੇ ਟੁੱਟੇ ਭੱਜੇ ਸਾਮਾਨ ਦੇ ਕਿਸੇ ਦਾਅਬੇਦਾਰ ਵਾਰਿਸ ਦੇ ਹਾਜ਼ਿਰ ਨਾ ਆਉਣ ਨੂੰ ਮੁੱਖ ਰੱਖ ਕੇ ਨੀਲਾਮੀ ਦੀ ਬੋਲੀ ਦੀ ਮਨਜ਼ੂਰੀ ਮੁਨਾਸਿਬ ਹੈ ਕਿਉਂਕਿ ਮੁਦਇਲਿਆਂ ਦੀ ਰਿਹਾਇਸ਼ ਦਾ ਵੇਰਵੇ ਸਹਿਤ ਪਤਾ ਅਜੇ ਤੱਕ ਨਹੀਂ ਲੱਗਿਆ ਕਿ ਇਹ ਸਾਮਾਨ ਉਨ੍ਹਾਂ ਕੋਲ ਪਹੁੰਚਾਇਆ ਜਾ ਸਕੇ ਅਤੇ ਨਾ ਹੀ ਇਹ ਪਤਾ ਲੱਗਿਆ ਹੈ ਕਿ ਕਿਹੜਾ ਸਾਮਾਨ ਕਿਸ ਕਿਸ ਮੁਦਇਲੇ ਦਾ ਹੈ ਤੇ ਨਾ ਹੀ ਸਾਮਾਨ ਇੰਨੀ ਮਾਲੀਅਤ ਦਾ ਹੈ। ਇਸ ਤੋਂ ਇਲਾਵਾ ਇਹ ਸਾਮਾਨ ਮਾਲਿਕਾਂ ਨੂੰ ਵੀ ਮਿਲ ਨਹੀਂ ਸਕਦਾ ਕਿਉਂਕਿ ਪਹਿਲਾਂ ਤੋਂ ਹੀ ਉਨ੍ਹਾਂ ਦੀ ਜਾਇਦਾਦ ਦੀ ਜ਼ਬਤੀ ਦਾ ਹੁਕਮ ਪਹੁੰਚ ਚੁੱਕਿਆ ਹੈ।

ਸੋ ਹੁਕਮ ਹੋਇਆ ਕਿ

ਮਹਿਕਮੇ ਦਾ ਨਾਜ਼ਿਰ ਇਸ ਸਾਮਾਨ ਦੀ ਬੋਲੀ ਅੰਤਮ ’ਤੇ ਨੀਲਾਮ ਕਰਕੇ ਨੀਲਾਮੀ ਦਾ ਕੁੱਲ ਪੈਸਾ 17 ਰੁਪਏ 1 ਆਨਾ ਪੇਸ਼ ਕਰੇ। ਪੁਰਾਣੇ ਤੇ ਫਟੇ ਹੋਏ ਸਾਮਾਨ ਦਾ ਜੇ ਕੋਈ ਖਰੀਦਾਰ ਨਹੀਂ ਤਾਂ ਉਸ ਨੂੰ ਅੱਗ ਲਵਾ ਦੇਵੇ ਤੇ ਪੋਥੀ ਆਦਿ ਨੂੰ ਅਜੇ ਮਾਲ ਖਾਨੇ ’ਚ ਰੱਖੇ। ਸਾਮਾਨ ਦੀ ਫ਼ਰਦ ਦੀ ਨਕਲ ਰੋਬਕਾਰ ਰਾਹੀਂ ਰਿਆਸਤ ਕੋਟਲਾ ਦੇ ਪ੍ਰਬੰਧਕਾਂ ਕੋਲ ਭੇਜੀ ਜਾਵੇ। ਇੱਥੋਂ ਸ਼ਾਹੀ ਮੁਨਸ਼ੀ ਖ਼ਾਨੇ ਨੂੰ ਬਿਨੈ-ਪੱਤਰ ਭੇਜ ਕੇ ਬੇਨਤੀ ਕੀਤੀ ਜਾਵੇ ਕਿ ਨੀਲਾਮੀ ਦੇ ਇਸ ਪੈਸੇ ਬਾਰੇ ਜਿਵੇਂ ਉਹ ਹੁਕਮ ਦੇਣ ਉਸ ਮੁਤਾਬਿਕ ਤਾਮੀਲ ਕੀਤੀ ਜਾਵੇ।

ਜੇ ਹੁਕਮ ਹੋਵੇ ਤਾਂ ਇਹ ਪੈਸਾ ਨਿਜ਼ਾਮਤ ’ਚ ਦਾਖਲ ਕੀਤਾ ਜਾਵੇ। ਇਸ ਬਿਨੈ-ਪੱਤਰ ’ਚ ਮੁਨਸ਼ੀ ਖ਼ਾਨੇ ਨੂੰ ਲਿਖਿਆ ਜਾਵੇ ਕਿ ਉਹ ਉਤੱਰ ਤੋਂ ਛੇਤੀ ਸੂਚਿਤ ਕਰਨ।

-ਬਸ-

# ਲੁਕਿਆ ਸੱਚ

---

ਉਸ ਸਾਮਾਨ ਦੀ ਫ਼ਰਦ, ਜਿਹੜਾ ਨਾਜ਼ਿਮ ਸਾਹਿਬ ਨੇ ਪਿੰਡ ਰੜ ਤੋਂ ਕੂਕਿਆਂ ਨੂੰ ਗ੍ਰਿਫ਼ਤਾਰ ਕਰਕੇ ਨਾਲ ਹੀ ਭੇਜਿਆ ਸੀ।

| | | | |
|---|---|---|---|
| ਟਾਕੂਏ | 9 | ਛੋਟੀ ਕੁਹਾੜੀ | 1 |
| ਵੱਡੀ ਕੁਹਾੜੀ | 1 | ਲਕੜੀ ਦੇ ਸੋਟੇ | 7 |
| ਤੇਸ਼ਾ | 1 | ਲੋਹੇ ਦੀ ਆਰੀ | 1 |
| ਖ਼ੂਨ ਨਾਲ ਲੱਥ-ਪੱਥ ਕੱਪੜੇ | 21 | ਟੋਕਰਾ | 1 |
| ਪਿੱਤਲ ਦਾ ਗਿਲਾਸ | 1 | ਲੋਹੇ ਦੀ ਦਵਾਤ | 1 |
| ਦਵਾਤ ਲੋਹੇ ਦੀ ਛੋਟੀ | 1 | ਲੋਹੇ ਦਾ ਟੱਬ | 1 |
| ਤਸ਼ਤੱਰੀ | 1 | ਟੋਕਰੀ | 1 |
| ਪੋਥੀਆਂ ਗੁਰਮੁਖੀ | 4 | ਪਿੱਤਲ ਦੇ ਫਰੇਮ ਵਾਲਾ ਸ਼ੀਸ਼ਾ | 1 |
| ਲੱਕੜ ਦੇ ਪਊਏ (ਖੜਾਵਾਂ) | 2 ਜੋੜੀ | ਵਹੀ ਹਿਸਾਬ | 1 |
| ਲੱਕੜ ਦਾ ਡੱਬਾ | 1 | ਰੰਬਾ | 1 |
| ਕੱਛਾ ਸਮੇਤ ਕਮਰਬੰਦ | 1 | ਅੰਗਰੱਖਾ | 1 |
| ਦਸਤਾਰ | 1 | ਕੋਟ ਬਾਨਾਤ ਸੁਰਖ | 1 |
| ਦੁੱਪਟੇ | 2 | ਖੁਰਜੀ | 1 |
| ਕੁੜਤੇ | 3 | ਪਜਾਮਾ | 1 |
| ਟੁੱਟਿਆ ਹੋਇਆ ਟੀਨ ਦਾ ਛਾਬਾਂ | 1 | ਚਾਦਰ ਲਾਲ | 1 |
| ਰੁਮਾਲ ਸਫ਼ੈਦ | 1 | ਥੈਲੇ | 2 |
| ਕਪੜੇ ਦਾ ਝੋਲਾ | 1 | ਦਸਤਾਰ | 1 |
| ਕੱਪੜੇ ਦਾ ਥੈਲਾ | 1 | ਖੱਦਰ ਦੇ ਪੁਰਾਣੇ ਕੱਛੇ | 2 |
| ਕੱਪੜਾ ਲੋਈ ਫਟੀਆਂ ਹੋਇਆਂ | 2 | ਲੋਹੇ ਦਾ ਤਗਾਰ | 1 |
| ਕੱਪੜਾ ਭੂਰਾ | 1 | ਦੱਪਟਾ ਮਲਮਲ | 2 |
| ਤਿੰਨ ਤੈਹਾਂ ਵਾਲਾ ਦੁੱਪਟਾ | 1 | ਪੋਥੀ | 1 |
| ਪੁਰਾਣਾ ਪਜਾਮਾ | 1 | | |

# 5. ਥਾਣੇਦਾਰਾਂ, ਨੰਬਰਦਾਰਾਂ ਤੇ ਹੋਰ ਅਹੁਦੇਦਾਰਾਂ ਨੂੰ ਪ੍ਰਬੰਧ ਤੇ ਨਿਗਰਾਨੀ ਰੱਖਣ ਅਤੇ ਕੂਕਿਆਂ ਦੀ ਗ੍ਰਿਫਤਾਰੀ ਲਈ ਹੁਕਮ

## ਰਾਧਾ ਲਾਲ ਕਾਇਮ ਮੁਕਾਮ ਨਾਜ਼ਿਮ ਦੀ ਤਜਵੀਜ਼ ਨਾਲ ਮਹਿਕਮਾ ਫ਼ੌਜਦਾਰੀ ਨਿਜ਼ਾਮਤ ਦੀ ਰੋਬਕਾਰ।

**ਮਿਤੀ 6 ਮਾਘ 1928 ਮੁਤਾਬਿਕ 17 ਜਨਵਰੀ 1872.**

ਫ਼ੌਜਦਾਰੀ ਮੁਨਸ਼ੀ ਖ਼ਾਨਾ ਦੀ ਰੋਬਕਾਰ 16 ਜਨਵਰੀ 1872 ਇਸ ਮਹਿਕਮੇ 'ਚ ਪੁੱਜੀ। ਜਿਸ ਰਾਹੀਂ ਕਿਹਾ ਗਿਆ ਕਿ ਅੰਗਰੇਜ਼ ਬਹਾਦੁਰ ਸਾਹਿਬਾਨ ਦੀ ਮਦਦ ਕੀਤੀ ਜਾਵੇ ਅਤੇ ਸਾਰੇ ਕੰਮਾਂ ਨਾਲੋਂ ਕੂਕਿਆਂ ਦੀ ਗ੍ਰਿਫ਼ਤਾਰੀ ਦੇ ਕੰਮ ਨੂੰ ਜ਼ਰੂਰੀ ਸਮਝਕੇ ਤਨੋਂ ਮਨੋਂ ਕੋਸ਼ਿਸ਼ ਕੀਤੀ ਜਾਵੇ।

ਹੁਕਮ ਹੋਇਆ ਕਿ

ਸਾਰੇ ਥਾਣੇਦਾਰਾਂ ਨੂੰ ਇਸ ਰੋਬਕਾਰ ਦੇ ਮਜ਼ਮੂਨ ਤੋਂ ਪਰਵਾਨਿਆਂ ਰਾਹੀਂ ਜਾਣੂੰ ਕਰਵਾ ਕੇ ਤਾਕੀਦੀ ਹੁਕਮ ਲਿਖਿਆ ਜਾਵੇ ਕਿ ਉਹ ਕੂਕਾ ਕੌਮ ਦੇ ਬਦਮਾਸ਼ਾਂ ਦੀ ਗ੍ਰਿਫ਼ਤਾਰੀ ਦਾ ਇੰਤਜ਼ਾਮ ਕਰਨ ਅਤੇ ਲੋੜ ਵੇਲੇ ਅਤੇ ਮੁਨਾਸਿਬ ਸਮੇਂ 'ਤੇ ਅੰਗਰੇਜ਼ੀ ਮੁਲਾਜ਼ਿਮਾਂ ਨੂੰ ਕੂਕਿਆਂ ਦੀ ਗ੍ਰਿਫ਼ਤਾਰੀ ਕਰਨ ਵਿੱਚ ਮਦਦ ਦੇਣ। ਨਾਇਬ ਸਾਹਿਬ ਦੀ ਸੇਵਾ ਵਿੱਚ ਇਹ ਰੋਬਕਾਰ ਅਮਲੀ ਰੂਪ ਵਿੱਚ ਤਾਮੀਲ ਲਈ ਪੇਸ਼ ਹੋਵੇ ਅਤੇ ਮੀਰ ਮੁਨਸ਼ੀ ਦੀ ਸੇਵਾ ਵਿੱਚ ਇਹ ਵੀ ਬੇਨਤੀ ਕੀਤੀ ਜਾਵੇ ਕਿ ਰੋਬਕਾਰ ਵਿੱਚ ਦਰਜ਼ ਹੁਕਮ ਦੇ ਮੁਤਾਬਿਕ ਸਾਰੇ ਕੂਕਿਆਂ ਦੀ ਗ੍ਰਿਫ਼ਤਾਰੀ ਲਈ ਪੂਰੀ ਕੋਸ਼ਿਸ਼ ਕੀਤੀ ਜਾਵੇਗੀ ਤੇ ਵਾਹ ਲਾਈ ਜਾਵੇਗੀ ਅਤੇ ਸਾਰੇ ਥਾਣੇਦਾਰ ਵੀ ਇਹ ਕੰਮ ਕਰਨ ਵਿੱਚ ਪੂਰੇ ਤਤਪਰ ਹੋਣਗੇ ਪਰ ਇਸ ਰੋਬਕਾਰ ਵਿੱਚ ਆਮ ਤੌਰ 'ਤੇ ਕੂਕਿਆਂ ਦੀ ਗ੍ਰਿਫ਼ਤਾਰੀ ਬਾਰੇ ਕੁਝ ਵਿਆਖਿਆ ਦਰਜ ਨਹੀਂ ਹੈ, ਜੇ ਇਸ ਵਿੱਚ ਕੁਝ ਨਿਖੇੜਾ ਕੀਤਾ ਜਾਵੇ ਤਾਂ ਉਸ ਬਾਰੇ ਛੇਤੀ ਇਤਲਾਹ ਫ਼ਰਮਾਈ ਜਾਵੇ ਕਿ ਕੀ ਕਿਸ ਕਦਰ ਜ਼ੁਰਮ ਕਰਨ ਵਾਲੇ ਮੁਜ਼ਰਿਮਾਂ ਨੂੰ ਗ੍ਰਿਫ਼ਤਾਰ ਕਰਨਾ ਜਾਇਜ਼ ਹੈ ਜਾਂ ਆਮ ਤੌਰ 'ਤੇ ਹਰੇਕ ਕੂਕੇ ਨੂੰ ਭਾਵੇਂ ਉਹ ਕਿਸੇ ਤਰ੍ਹਾਂ ਦਾ ਮੁਜ਼ਰਿਮ ਹੋਵੇ ਜਾਂ ਨਾ ਹੋਵੇ ਗ੍ਰਿਫ਼ਤਾਰ ਕੀਤਾ ਜਾਵੇ ?

## ਮੁਨਸ਼ੀ ਖ਼ਾਨੇ ਵਲੋਂ ਹੁਕਮ ਹੋਇਆ ਕਿ

ਜਵਾਬ ਵਿੱਚ ਲਿਖਿਆ ਜਾਵੇ ਕਿ ਜਿਹੜੇ ਕੂਕਾ ਲੋਕ ਲੋਹੜੀ ਦੇ ਮੇਲੇ 'ਚ ਭੈਣੀ ਵਿਖੇ ਸਨ ਅਤੇ ਫ਼ਿਰ ਉਨ੍ਹਾਂ ਨੇ ਮਲੌਦ ਤੇ ਕੋਟਲਾ 'ਤੇ ਹਮਲਾ ਕੀਤਾ, ਉਨ੍ਹਾਂ ਨੂੰ ਗ੍ਰਿਫ਼ਤਾਰ ਕਰੋ। ਹੋਰ ਕੂਕਿਆਂ ਨੂੰ ਉਨ੍ਹਾਂ ਦੇ ਪਿੰਡਾਂ ਦੇ ਨੰਬਰਦਾਰਾਂ ਦੇ ਸਪੁਰਦ ਕਰੋ ਅਤੇ ਉਨ੍ਹਾਂ ਨੂੰ ਹਦਾਇਤ ਕਰ ਦੇਵੋ ਕਿ ਉਹ ਆਪਣੇ ਘਰਾਂ ਤੋਂ ਬਾਹਰ ਨਾ ਜਾਣ।

18 ਜਨਵਰੀ 1872.

---

## ਰੋਬਕਾਰ (ਸਰਕਾਰੀ ਹੁਕਮ) ਫ਼ੌਜਦਾਰੀ ਨਿਜ਼ਾਮਤ ਪੰਜੌਰ, ਸ੍ਰ: ਗੁਰਮੁਖ ਸਿੰਘ ਨਾਜ਼ਿਮ ਦੀ ਤਜਵੀਜ਼ ਅਨੁਸਾਰ

8 ਮਾਘ ਸੰਮਤ 1928.
ਮੁਤਾਬਿਕ 19 ਜਨਵਰੀ ਸੰਨ 1872 ਈ:

ਕੂਕਿਆਂ ਦੀ ਗ੍ਰਿਫ਼ਤਾਰੀ ਦੇ ਮੁਕੱਦਮੇ 'ਚ,
ਕਿ ਕਿਸ ਕਿਸਮ ਦੇ ਮੁਜ਼ਰਿਮ ਗ੍ਰਿਫ਼ਤਾਰ ਕੀਤੇ ਜਾਣ।

**ਰੋਬਕਾਰ ਫ਼ੌਜਦਾਰੀ ਮੁਨਸ਼ੀ ਖ਼ਾਨਾ ਮਿਤੀ 18 ਜਨਵਰੀ ਸੰਨ 1872 ਈ: ਦੇ ਜਵਾਬ ਵਿੱਚ ਰੋਬਕਾਰ ਮਿਤੀ 8 ਮਾਘ**

ਜਿਹੜੇ ਕੂਕੇ ਗੁਰੂ ਮੇਲਾ ਲੋਹੜੀ 'ਦੇ ਅਸਥਾਨ 'ਤੇ ਮੇਲੇ 'ਚ ਸ਼ਾਮਿਲ ਸਨ, ਉਨ੍ਹਾਂ ਨੂੰ ਗ੍ਰਿਫ਼ਤਾਰ ਕਰੋ ਅਤੇ ਕੂਕਿਆਂ ਨੂੰ ਪਿੰਡਾਂ ਦੇ ਨੰਬਰਦਾਰਾਂ ਦੇ ਸਪੁਰਦ ਕਰ ਦੇਵੋ।

**ਹੁਕਮ ਹੋਇਆ ਕਿ :-**

ਇਸ ਰੋਬਕਾਰ ਦੇ ਮਨਸ਼ੇ ਅਨੁਸਾਰ ਥਾਣੇਦਾਰਾਂ ਦੇ ਨਾਮ ਹੁਕਮ ਦੀ ਪਾਲਣਾ ਕਰਨ ਵਾਸਤੇ ਪਰਵਾਨੇ ਜਾਰੀ ਕਰਕੇ ਲਿਖਿਆ ਜਾਵੇ ਕਿ ਰੋਬਕਾਰ ਦੀ ਮਨਸ਼ਾ ਅਨੁਸਾਰ ਪਾਲਣਾ ਕੀਤੀ ਜਾਵੇ ਅਤੇ ਅਸਲ ਰੋਬਕਾਰ ਸੂਚਨਾ ਹਿਤ ਨਾਇਬ ਸਾਹਿਬ ਦੇ ਰੂਬਰੂ ਪੇਸ਼ ਕੀਤੀ ਜਾਵੇ।

ਜਾਰੀ ਹੋਇਆ ਮਿਤੀ 8 ਮਾਘ ਸੰਮਤ 1928
19 ਜਨਵਰੀ 1872

## ਮਹਿਕਮਾ ਆਲੀਆ ਵਜ਼ਾਰਤ ਪਟਿਆਲਾ ਦੀ ਯਾਦਦਾਸ਼ਤ (ਚੇਤਾ) (ਮਨ ਦੀ ਗੱਲ)

**19 ਜਨਵਰੀ 1872 ਈ:**

ਮਹਿਕਮੇ ਦੇ ਵਕੀਲ ਸਾਹਿਬ,

ਪ੍ਰਤੱਖ ਹੋਵੇ ਕਿ ਕੂਕਾ ਫ਼ਿਰਕੇ ਦੇ ਜਿਨ੍ਹਾਂ ਬਦਮਾਸ਼ ਕੂਕਿਆਂ ਨੇ ਖ਼ੁੜਦੁੰਮ (ਊਧਮ) ਮਚਾ ਕੇ 14 ਜਨਵਰੀ ਨੂੰ ਪਹਿਲਾਂ ਮਲੌਦ ਜ਼ਿਲ੍ਹਾ ਲੁਧਿਆਣਾ ਤੇ ਫਿਰ ਕਸਬਾ ਕੋਟਲਾ ਅਫ਼ਗਾਨਾਂ 'ਤੇ ਹਮਲਾ ਕੀਤਾ ਸੀ ਉਨ੍ਹਾਂ ਵਿੱਚੋਂ 68 ਜਣੇ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ ਦੀ ਕੋਸ਼ਿਸ਼ ਨਾਲ ਗ੍ਰਿਫ਼ਤਾਰ ਹੋ ਕੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਜ਼ਿਲ੍ਹਾ ਲੁਧਿਆਣਾ ਦੇ ਹੁਕਮ ਨਾਲ ਕੋਟਲਾ ਵਿਖੇ ਤੋਪ ਨਾਲ ਉਡਾ ਦਿੱਤੇ ਗਏ। ਵਧੇਰੇ ਯਕੀਨ ਹੈ ਕਿ ਇਨ੍ਹਾਂ ਬਦਮਾਸ਼ ਹਮਲਾਵਰਾਂ 'ਚੋਂ ਕੋਈ ਬਾਕੀ ਨਹੀਂ ਬਚਿਆ ਪਰ ਫਿਰ ਵੀ ਬਚਾਓ ਨੂੰ ਮੁੱਖ ਰੱਖ ਕੇ ਮੁਨਾਸਿਬ ਬਲਕਿ ਜ਼ਰੂਰੀ ਹੈ ਕਿ ਸਰਕਾਰ ਦੀ ਪਰਜਾ ਦੇ **ਜਿਹੜੇ ਲੋਕ ਇਸ ਫ਼ਸਾਦ ਤੋਂ ਪਹਿਲਾਂ ਲੋਹੜੀ ਦੇ ਮੇਲੇ 'ਤੇ ਭੈਣੀ ਜ਼ਿਲ੍ਹਾ ਲੁਧਿਆਣਾ ਕੂਕਾ ਫ਼ਿਰਕੇ ਦੇ ਬਾਨੀ ਗੁਰੂ ਰਾਮ ਸਿੰਘ ਕੋਲ ਇੱਕਠੇ ਹੋਏ ਸਨ, ਉਨ੍ਹਾਂ ਸਾਰਿਆਂ ਨੂੰ ਗ੍ਰਿਫ਼ਤਾਰ ਕਰਕੇ ਉਸ ਸਮੇਂ ਤੱਕ ਕੈਦ ਰੱਖਿਆ ਜਾਵੇ ਜਦੋਂ ਤੱਕ ਉਹ ਇਸ ਫ਼ਸਾਦ ਵਿੱਚ ਸ਼ਾਮਿਲ ਨਾ ਹੋਣ ਸੰਬੰਧੀ ਜ਼ਾਬਿਤੇ ਅਨੁਸਾਰ ਅਦਾਲਤ ਦੀ ਤਸੱਲੀ ਨਾ ਕਰਾ ਦੇਣ। ਇਸ ਗੱਲ ਦਾ ਵੀ ਇੰਤਜ਼ਾਮ ਕੀਤਾ ਜਾਵੇ ਕਿ ਕੂਕਾ ਫ਼ਿਰਕੇ ਦੇ ਲੋਕਾਂ ਨੂੰ ਕਾਨੂੰਨ ਦੇ ਖ਼ਿਲਾਫ਼ ਕਿਸੇ ਥਾਂ ਇੱਕਠੇ ਨਾ ਹੋਣ ਦਿੱਤਾ ਜਾਵੇ।**

ਸੋ ਸ੍ਰੀ ਹਜ਼ੂਰ ਮਹਾਰਾਜਾ ਸਾਹਿਬ ਦੇ ਮਨਸ਼ੇ ਅਨੁਸਾਰ ਸਰਦਾਰ ਦੇਵਾ ਸਿੰਘ ਸਾਹਿਬ ਹਾਕਿਮ ਮੁੱਖ ਅਦਾਲਤ ਨੂੰ ਬੇਨਤੀ ਕੀਤੀ ਜਾਵੇ ਕਿ ਉਹ ਜ਼ਿਲ੍ਹਿਆਂ ਦੇ ਨਾਜ਼ਿਮਾਂ ਨੂੰ ਹੁਕਮ ਦੇਣ ਕਿ ਸਰਕਾਰ ਦੀ ਰਿਆਸਤ 'ਚ ਰਹਿਣ ਵਾਲੇ ਜਿੰਨੇ ਕੂਕਾ ਲੋਕ ਇਸ ਮੇਲੇ 'ਤੇ ਭੈਣੀ ਵਿਖੇ ਕੂਕਾ ਫ਼ਿਰਕੇ ਦੇ ਬਾਨੀ ਗੁਰੂ ਰਾਮ ਸਿੰਘ ਪਾਸ ਇੱਕਠੇ ਹੋਏ ਹੋਣ, ਉਸ ਵੇਲੇ ਤੱਕ ਕੈਦ ਰੱਖੇ ਜਾਣ ਜਦੋਂ ਤੱਕ ਉਹ ਇਸ ਫ਼ਸਾਦ ਵਿੱਚ ਸ਼ਾਮਿਲ ਨਾ ਹੋਣ ਬਾਰੇ ਅਦਾਲਤ ਦੀ ਤਸੱਲੀ ਨਾ ਕਰਾ ਦੇਣ ਅਤੇ ਜਿਹੜੇ ਜਿਹੜੇ ਪਿੰਡਾਂ ਵਿੱਚ ਕੂਕਾ ਲੋਕ ਵਸਦੇ ਹੋਣ, ਉਨ੍ਹਾਂ ਨੂੰ ਉੱਥੋਂ ਦੇ ਨੰਬਰਦਾਰਾਂ ਦੇ ਸਪੁਰਦ ਕਰਕੇ ਨੰਬਰਦਾਰਾਂ ਨੂੰ ਤਾਕੀਦੀ ਹੁਕਮ ਦਿੱਤਾ ਜਾਵੇ ਕਿ ਉਹ ਕੂਕਿਆਂ ਨੂੰ ਅਗਲੇ ਹੁਕਮ ਤੱਕ ਪਿੰਡਾਂ ਤੋਂ ਬਾਹਰ ਨਾ ਜਾਣ ਦੇਣ ਨਹੀਂ ਤਾਂ ਉਹ ਨੰਬਰਦਾਰ ਉਤੱਰ ਦਾਇਕ ਸਮਝੇ ਜਾਣਗੇ।

ਪੁਲਿਸ ਨੂੰ ਤਾਕੀਦ ਨਾਲ ਹਦਾਇਤ ਕੀਤੀ ਜਾਵੇ ਕਿ ਉਹ ਕਿਸੇ ਥਾਂ ਇਨ੍ਹਾਂ ਕੂਕਿਆਂ ਨੂੰ ਇੱਕਠੇ ਨਾ ਹੋਣ ਦੇਵੇ ਅਤੇ ਜੇ ਕਿਸੇ ਥਾਂ ਇੱਕਠ ਵੇਖਣ ਤਾਂ ਫ਼ੌਰਨ ਗ੍ਰਿਫ਼ਤਾਰ ਕਰਕੇ ਅਦਾਲਤ ਕੋਲ ਚਾਲਾਣ ਪੇਸ਼ ਕਰੇ ਤਾਂ ਕਿ ਉਨ੍ਹਾਂ ਨੂੰ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾਵੇ ਪਰੰਤੂ ਇਸ ਗੱਲ ਦਾ ਧਿਆਨ ਰਹੇ ਕਿ ਇਨ੍ਹਾਂ ਲੋਕਾਂ 'ਤੇ ਕਿਸੇ ਕਿਸਮ ਦੀ ਨਾਜਾਇਜ਼ ਸਖ਼ਤੀ ਨਾ ਕੀਤੀ ਜਾਵੇ।

ਸਰਕਾਰ ਦਾ ਮਨਸ਼ਾ ਇਹ ਹੈ ਕਿ ਜੇ ਇਹ ਲੋਕ ਨੇਕ ਚਲਨੀ ਨਾਲ ਜ਼ਿੰਦਗੀ ਗੁਜ਼ਾਰਨ ਤਾਂ ਖ਼ਾਹਮਖ਼ਾਹ ਉਨ੍ਹਾਂ ਨਾਲ ਕਾਨੂੰਨ ਦੇ ਖ਼ਿਲਾਫ਼ ਕਿਸੇ ਪ੍ਰਕਾਰ ਦੀ ਛੇੜ ਛਾੜ ਨਾ ਕੀਤੀ ਜਾਵੇ ਬਲਕਿ ਸਿਰਫ਼ ਮਤਲਬ ਇਹ ਹੈ ਕਿ ਇਹ ਲੋਕ ਆਮ ਲੋਕਾਂ ਦੀ ਸ਼ਾਂਤੀ ਭੰਗ ਨਾ ਕਰ ਸਕਣ।

ਸੋ ਸਾਰੇ ਫ਼ੌਜਦਾਰੀ ਅਹੁਦੇਦਾਰਾਂ ਨੂੰ ਚਾਹੀਦਾ ਹੈ ਕਿ ਸਰਕਾਰ ਦੇ ਇਸ ਮਨਸ਼ੇ ਨੂੰ ਬਹੁਤ ਚੰਗੀ ਤਰ੍ਹਾਂ ਸਮਝ ਕੇ ਪਾਲਣਾ ਕਰਨ। ਨਾਜ਼ਿਮਾਂ ਨੂੰ ਇਹ ਵੀ ਹੁਕਮ ਦਿੱਤਾ ਜਾਵੇ ਕਿ ਉਹ ਸਰਕਾਰ ਦੀ ਰਿਆਸਤ ਵਿੱਚ ਸਥਿੱਤ ਉਨ੍ਹਾਂ ਲੋਕਾਂ ਦੀ ਹਰ ਕਿਸਮ ਦੀ ਜਾਇਦਾਦ ਸਰਕਾਰ ਵਿੱਚ ਜ਼ਬਤ ਕਰਨ ਜਿਨ੍ਹਾਂ ਨੇ ਮਲੌਦ ਤੇ ਕੋਟਲਾ ਉੱਤੇ ਹਮਲਾ ਕੀਤਾ ਸੀ। ਉਹ ਨਾਇਬ ਨਾਜ਼ਿਮਾਂ, ਥਾਣੇਦਾਰਾਂ ਰਾਹੀਂ ਅਤੇ ਜੇ ਉਹ ਮੁਨਾਸਿਬ ਸਮਝਣ ਤਾਂ ਉਹ ਜ਼ਾਤੀ ਤੌਰ 'ਤੇ ਉੱਪਰ ਜ਼ਿਕਰ ਕੀਤੇ ਸਰਕਾਰ ਦੇ ਮਨਸ਼ੇ ਤੋਂ ਕੂਕਿਆਂ ਤੇ ਫ਼ਿਰਕੇ ਨੂੰ ਸੂਚਿਤ ਕਰ ਦੇਣ। **ਇਨ੍ਹਾਂ ਵਿੱਚੋਂ ਜਿਹੜੇ ਲੋਕ 'ਸੂਬਾ' ਕਹਾਉਂਦੇ ਹਨ ਤੇ ਕਿਸੇ ਤਰ੍ਹਾਂ ਦਾ ਧਾਰਮਿਕ ਰੋਅਬ ਦਾਬ ਇਸ ਫ਼ਿਰਕੇ ਦੇ ਲੋਕਾਂ 'ਤੇ ਰੱਖਦੇ ਹਨ, ਉਨ੍ਹਾਂ ਨੂੰ ਵੀ ਅਜੇ ਕੈਦ ਕਰ ਲਿਆ ਜਾਵੇ।**

ਸਰਕਾਰ ਦੀ ਇਸ ਮਨੋਭਾਵਨਾ ਦੀ ਨਕਲ ਮਹਿਕਮਾ ਮੁਨਸ਼ੀ ਖ਼ਾਨਾ ਵਿੱਚ ਪੋਲੀਟੀਕਲ ਅਹੁਦੇਦਾਰਾਂ ਦੀ ਇਤਲਾਹ ਵਾਸਤੇ ਭੇਜ ਦਿੱਤੀ ਜਾਵੇ।

**ਮੁਨਸ਼ੀ ਖ਼ਾਨੇ ਦੇ ਮਹਿਕਮੇ ਵਲੋਂ ਹੁਕਮ ਹੋਇਆ ਕਿ** ਇਸ ਦੀ ਨਕਲ ਸੂਚਨਾ ਹਿਤ ਸਾਰੇ ਵਕੀਲਾਂ ਕੋਲ ਭੇਜ ਦਿੱਤੀ ਜਾਵੇ।

19 ਜਨਵਰੀ 1872 ਈ:

---

### ਮਹਾਰਾਜਾ ਪਟਿਆਲਾ ਨੂੰ ਲਿਖੀ ਗਈ ਚਿੱਠੀ

ਗ਼ਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਕੂਕਿਆਂ ਦੇ ਇੰਤਜ਼ਾਮ ਸੰਬੰਧੀ ਮੁੱਖ ਮਹਿਕਮਾ ਵਜ਼ਾਰਤ ਦੀ ਯਾਦਦਾਸ਼ਤ ਤੇ ਸ਼ਾਹੀ ਮੁਨਸ਼ੀ ਖ਼ਾਨੇ ਦੇ ਮਹਿਕਮੇ ਵਲੋਂ ਮਿਤੀ 19 ਜਨਵਰੀ 1872 ਈ: ਦਾ ਲਿਖਿਆ ਹੁਕਮ ਇਸ ਦਾਸ ਕੋਲ ਪੁੱਜਾ। ਯਾਦਦਾਸ਼ਤ ਵਿੱਚ ਦਰਜ ਵੇਰਵੇ ਸਹਿਤ ਹਾਲ ਸਾਹਿਬ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਪੇਸ਼ ਕੀਤਾ ਗਿਆ , ਸਾਹਿਬ ਬਹਾਦੁਰ ਨੇ ਹਾਲ ਸੁਣ ਕੇ ਫ਼ਰਮਾਇਆ ਕਿ ਦਰਅਸਲ ਇਹ ਇੰਤਜ਼ਾਮ ਬਹੁਤ ਅੱਛਾ ਹੈ ਅਤੇ ਕਿਉਂਕਿ ਇਹ ਕੌਮ ਅਤਿਅੰਤ ਫ਼ਸਾਦੀ ਤੇ ਬਦਮਾਸ਼ ਹੈ ਇਸ ਲਈ ਮੁਨਾਸਿਬ ਹੈ ਕਿ ਇਸ ਕੌਮ ਦਾ ਹਮੇਸ਼ਾ ਵਾਸਤੇ ਅਜਿਹਾ ਹੀ ਪ੍ਰਬੰਧ ਤੇ ਨਿਗਰਾਨੀ ਰੱਖੀ ਜਾਵੇ।

ਸੋ ਇਹ ਬਿਨੈ-ਪੱਤਰ ਜਵਾਬ ਦੇ ਤੌਰ 'ਤੇ ਸੂਚਨਾ ਹਿਤ ਸਖੀ ਹਜ਼ੂਰ ਨੂੰ ਲਿਖਿਆ ਗਿਆ।

ਦਾਸ

9 ਮਾਘ ਮੁਤਾਬਿਕ 20 ਜਨਵਰੀ 1872 ਈ:

ਪੁਰਾਣਾ ਨਮਕ ਖ਼ਾਹ,
ਨਿਆਜ਼ ਅਲੀ ਵਕੀਲ ਸਰਕਾਰ

---

## ਮਹਾਨ ਤੇ ਸਤਿਕਾਰ ਯੋਗ ਜਨਾਬ ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਖ਼ਾਨ ਸਾਹਿਬ ਬਹਾਦੁਰ ਪ੍ਰਧਾਨ ਮੰਤਰੀ,

ਤੁਹਾਡਾ ਤੇਜ ਪਰਤਾਪ ਹਮੇਸ਼ਾ ਕਾਇਮ ਰਵ੍ਹੇ !

ਅਦਬ ਆਦਾਬ ਪੇਸ਼ ਕਰਨ ਮਗਰੋਂ ਉੱਚੇ ਰੁਤਬੇ ਵਾਲੇ ਹਜ਼ੂਰ ਦੀ ਸੇਵਾ ਵਿੱਚ ਬੇਨਤੀ ਇਹ ਹੈ ਕਿ ਫ਼ਸਾਦੀ ਕੂਕਿਆਂ ਦੇ ਪ੍ਰਬੰਧ ਦੇ ਮੁੱਕਦਮੇ ਬਾਰੇ ਜਨਾਬ ਦੀ ਯਾਦਦਾਸ਼ਤ (ਚੇਤੇ) ਦਾ ਮਨਸ਼ਾ ਇਹ ਹੈ ਕਿ ਸਰਕਾਰ ਦੇ ਇਲਾਕੇ ਦੇ ਜਿੰਨੇ ਕੂਕੇ ਭੈਣੀ ਦੇ ਮੇਲੇ ’ਤੇ ਗਏ ਸਨ, ਉਹ ਜਿੰਨਾ ਚਿਰ ਮਲੌਂਦ ਤੇ ਕੋਟਲੇ ਦੇ ਫ਼ਸਾਦ ਵਿੱਚ ਸ਼ਾਮਿਲ ਨਾ ਹੋਣ ਸੰਬੰਧੀ ਅਦਾਲਤ ਦੀ ਤਸੱਲੀ ਨਾ ਕਰਵਾ ਦੇਣ, ਉਨਾਂ ਚਿਰ ਉਨ੍ਹਾਂ ਨੂੰ ਹਵਾਲਾਤ ’ਚ ਰੱਖਿਆ ਜਾਵੇ।

ਸੋ ਜਨਾਬ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਇਨ੍ਹਾਂ ਕੂਕਿਆਂ ਦੀ ਗ੍ਰਿਫ਼ਤਾਰੀ ਵਾਸਤੇ ਥਾਣੇਦਾਰਾਂ ਦੇ ਨਾਮ ਹੁਕਮ ਜਾਰੀ ਕੀਤੇ ਗਏ ਹਨ। ਪ੍ਰਗਟ ਤੌਰ ’ਤੇ ਇਸ ਇਲਾਕੇ ਵਿੱਚ ਇਸ ਫਿਰਕੇ ਦੇ ਲੋਕਾਂ ਦੀ ਅਕਸਰੀਅਤ ਮਾਲੂਮ ਹੁੰਦੀ ਹੈ। ਜੇ ਤਸੱਲੀ ਹੋਣ ਤੱਕ ਇਨ੍ਹਾਂ ਨੂੰ ਕੈਦ ਰੱਖਿਆ ਗਿਆ ਤਾਂ ਨਿਜ਼ਾਮਤ ਦੀ ਹਵਾਲਾਤ ਵਿੱਚ ਬਹੁਤ ਜ਼ਿਆਦਾ ਇਕੱਠ ਹੋ ਜਾਵੇਗਾ। ਇਸ ਵਾਸਤੇ ਇਸ ਨਿਜ਼ਾਮਤ ਦੇ ਦੋਹਾਂ ਨਾਇਬ ਸਾਹਿਬਾਨ ਦੀ ਇਹ ਬੇਨਤੀ ਹੈ ਕਿ ਇਨ੍ਹਾਂ ਲੋਕਾਂ ਦੀ ਨਿਗਰਾਨੀ ਵਾਸਤੇ ਪਟਿਆਲੇ ਤੋਂ ਕਿਸੇ ਕਦਰ ਜੰਗੀ ਫ਼ੌਜ ਮੰਗਵਾਈ ਜਾਵੇ ਕਿਉਂਕਿ ਕਿਲੇ ਦੇ ਸਿਪਾਹੀ ਇਨ੍ਹਾਂ ਦੀ ਹਿਫ਼ਾਜ਼ਤ ਲਈ ਕਾਫ਼ੀ ਨਹੀਂ ਹਨ। ਅਜਿਹੇ ਆਮ ਕੈਦੀਆਂ ਦੀ ਨਿਗਰਾਨੀ ਵੀ ਬੜੀ ਮੁਸ਼ਕਿਲ ਨਾਲ ਹੁੰਦੀ ਹੈ ਜਿਹੜੇ ਹਮੇਸ਼ਾ ਕੈਦ ਹੁੰਦੇ ਰਹਿੰਦੇ ਹਨ। ਸ੍ਰੀ ਮਾਨ ਜੀ ! ਭਾਵੇਂ ਇਸ ਨਿਜ਼ਾਮਤ ਵਿੱਚ 50 ਸਵਾਰ ਨਿਯੁਕਤ ਹੋ ਗਏ ਹਨ ਪਰਤੂੰ ਕੂਕਿਆਂ ਦੀ ਨਿਗਰਾਨੀ ਵਾਸਤੇ ਪਲਟਣ ਦੇ ਸਿਪਾਹੀ ਨਿਯੁਕਤ ਹੋਣੇ ਚਾਹੀਦੇ ਹਨ।

ਸੋ ਬੇਨਤੀ ਕਰਦਾ ਹਾਂ ਕਿ ਜਿਸ ਕਦਰ ਜਨਾਬ ਮੁਨਾਸਿਬ ਸਮਝਣ ਪਲਟਣ ਦੇ ਸਿਪਾਹੀਆਂ ਨੂੰ ਰਵਾਨਾ ਕਰ ਦੇਣ। ਜ਼ਾਬਿਤੇ ਅਨੁਸਾਰ ਅਰਜ਼ੀ ਇਸ ਖਿਆਲ ਨਾਲ ਨਹੀਂ ਭੇਜੀ ਗਈ ਕਿ ਇੱਕ ਤਾਂ ਉਸ ਦੀ ਤਾਮੀਲ ਵਿੱਚ ਦੇਰ ਬਹੁਤ ਲੱਗ ਜਾਂਦੀ ਹੈ ਦੂਸਰੇ ਇਸ ਫ਼ਸਾਦ ਦੀ ਬੁਨਿਆਦ ਦਾ ਹਾਲ ਜਿਵੇਂ ਕਿ ਜਨਾਬ ਨੂੰ ਪਤਾ ਹੋਵੇਗਾ ਇਸ ਦਾਸ ਨੂੰ ਮਾਲੂਮ ਨਹੀਂ ਹੈ ਕਿ ਇਨ੍ਹਾਂ ਬਦਮਾਸ਼ਾਂ ਨੇ ਇਹ ਫ਼ਸਾਦ ਕਿਸ ਨੀਅਤ ਤੇ ਖ਼ਿਆਲ ਨਾਲ ਕੀਤਾ ਹੈ ਤੇ ਇਸ ਦੀ ਰੋਕਥਾਮ ਲਈ ਕੀ ਉਪਾਓ ਕਰਨੇ ਚਾਹੀਦੇ ਹਨ। ਇਸ ਲਈ ਜਨਾਬ ਦੀ ਸੇਵਾ ਵਿੱਚ ਬੇਨਤੀ ਕੀਤੀ ਗਈ ਹੈ ਕਿ ਜੇ ਜਨਾਬ ਇਹ ਸਮਝਦੇ ਹਨ ਕਿ ਇਸ ਫ਼ਸਾਦ ਦਾ ਖਿਆਲ ਦੂਰ ਤੱਕ ਫ਼ੈਲ ਗਿਆ ਹੈ ਤਾਂ ਹਰ ਹਾਲਤ ਵਿੱਚ ਇਨ੍ਹਾਂ ਲੋਕਾਂ ਦੀ ਨਿਗਰਾਨੀ ਵਾਸਤੇ, ਕਿਉਂਕਿ ਨਿਜ਼ਾਮਤ ਵਿੱਚ ਇੱਕ ਭਾਰੀ ਇੱਕਠ ਹੋ ਜਾਵੇਗਾ, ਆਪ ਜੰਗੀ ਫ਼ੌਜ ਰਵਾਨਾ ਕਰ ਦਿਓ। ਭਾਵੇਂ ਦਾਸ ਨੂੰ ਇਹ ਲੋਕ ਕੁਝ ਫ਼ਸਾਦ ਕਰਦੇ ਮਾਲੂਮ ਨਹੀਂ ਹੁੰਦੇ ਤਾਂ ਵੀ ਨਿਯੁਕਤ ਹੋ ਚੁੱਕੇ 50 ਸਵਾਰ ਕਾਫ਼ੀ ਨਹੀਂ ਹਨ।

ਇਸ ਤੋਂ ਇਲਾਵਾ ਇਹ ਬੇਨਤੀ ਹੈ ਕਿ ਇਹ ਕੂਕੇ ਜਿਹੜੇ ਭੈਣੀ ਦੇ ਮੇਲੇ ’ਤੇ ਗਏ ਸਨ, ਉਨ੍ਹਾਂ ’ਚੋਂ ਬਹੁਤਿਆਂ ਤੋਂ ਪੁੱਛਿਆ ਗਿਆ ਹੈ। ਉਹ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ ਸਾਡੇ ਲੋਕਾਂ ਨੂੰ ਸਤਿਗੁਰੂ ਦਾ ਹੁਕਮ ਸੀ ਕਿ ਤੁਸੀਂ ਸਿੱਧੇ ਆਪਣੇ ਘਰਾਂ ਨੂੰ ਚਲੇ ਜਾਵੋ। ਅਸੀਂ ਸਾਰੇ ਆਪਣੇ ਘਰਾਂ ਨੂੰ ਚਲੇ ਆਏ ਅਤੇ ਮਲੌਂਦ ਤੇ ਕੋਟਲਾ ਨਹੀਂ ਗਏ। ਇਹ ਗੱਲ ਉਨ੍ਹਾਂ ਤੋਂ, ਗ੍ਰਿਫ਼ਤਾਰੀ ਦੇ ਹੁਕਮਾਂ ਤੋਂ ਪਹਿਲਾਂ, ਪੁੱਛੀ ਗਈ ਸੀ। ਸੋ ਹੁਣ ਵੀ ਯਕੀਨ ਹੈ ਕਿ ਗ੍ਰਿਫ਼ਤਾਰ ਆ ਕੇ ਇਸੇ ਤਰ੍ਹਾਂ ਬਿਆਨ ਕਰਨਗੇ। ਇਹ ਵੀ ਯਕੀਨ ਹੈ ਕਿ ਰਾਹ ਵਿੱਚ ਰਾਤ ਕੱਟਣ ਦੇ ਗਵਾਹ ਦੇ ਦੇਣਗੇ।

ਸੋ ਬੇਨਤੀ ਇਹ ਹੈ ਕਿ ਜੇ ਉਹ ਕੂਕੇ ਲੋਕ ਸਿੱਧੇ ਆਪਣੇ ਘਰੀਂ ਆਉਣ ਸੰਬੰਧੀ ਗਵਾਹ ਦੇ ਦੇਣ ਤਾਂ ਉਨ੍ਹਾਂ ਦੀ ਰਿਹਾਈ ਹੁੰਦੀ ਜਾਵੇ ਜਾਂ ਬਾਅਦ ਵਿੱਚ ਆਪਣੀ ਮਰਜ਼ੀ ਨਾਲ ਰਿਹਾਈ ਦਿੱਤੀ ਜਾਵੇ। ਜਿਹੜੇ ਲੋਕ ਬਿਆਨ ਕਰਨ ਕਿ ਅਸੀਂ

# ਲੁਕਿਆ ਸੱਚ

---

ਰਾਤ ਕਿਸੇ ਪਿੰਡ ਦੀ ਧਰਮਸ਼ਾਲਾ ਆਦਿ ਵਿੱਚ ਕੱਟ ਕੇ ਚਲੇ ਆਏ ਹਾਂ ਤੇ ਸਾਡਾ ਉੱਥੇ ਕੋਈ ਵਾਕਿਫ਼ ਨਹੀਂ ਸੀ ਇਸ ਲਈ ਅਸੀਂ ਗਵਾਹ ਨਹੀਂ ਦੇ ਸਕਦੇ ਤਾਂ ਅਜਿਹੇ ਲੋਕਾਂ ਨੂੰ ਕਦੋਂ ਤੱਕ ਕੈਦ ਰੱਖਿਆ ਜਾਵੇ ? ਨਾਲੇ ਰਾਹ ਵਿੱਚ ਜ਼ਿਆਦਾ ਤਰ ਪਿੰਡ ਗ਼ੈਰ ਇਲਾਕੇ ਦੇ ਹਨ ਅਤੇ ਜੇ ਉਨ੍ਹਾਂ ਗਵਾਹਾਂ ਨੂੰ ਬੁਲਾਇਆ ਵੀ ਗਿਆ ਤਾਂ ਕਾਫ਼ੀ ਸਮੇਂ ਵਿੱਚ ਗਵਾਹ ਹਾਜ਼ਿਰ ਆਉਣਗੇ ਅਤੇ ਇਹ ਵੀ ਯਕੀਨ ਹੁੰਦਾ ਹੈ ਕਿ ਜੇ ਕੋਈ ਗਵਾਹ ਉਨ੍ਹਾਂ ਨਾਲ ਕਿਸੇ ਕਿਸਮ ਦਾ ਅਪਣੱਤ ਵਾਲਾ ਤਾਅਲੁੱਕ ਨਹੀਂ ਰੱਖਦਾ ਤਾਂ ਉਹ ਉਨ੍ਹਾਂ ਦੇ ਫ਼ਸਾਦੀ ਹੋਣ ਨੂੰ ਮੱਦੇ ਨਜ਼ਰ ਰੱਖ ਕੇ ਉਨ੍ਹਾਂ ਦੇ ਬਿਆਨ ਨੂੰ ਤਸਦੀਕ ਵੀ ਨਹੀਂ ਕਰੇਗਾ ਤਾਂ ਫਿਰ ਅਜਿਹੇ ਲੋਕਾਂ ਦੀ ਮਿਸਲ ਦੀ ਗ਼ੌਰ ਕੀਤੀ ਜਾਵੇ ਅਤੇ ਮੇਰੇ ਮੁਤਾਬਿਕ ਇੱਕ ਥਾਂ ਇੱਕਠੇ ਰੱਖਣਾ ਮੁਨਾਸਿਬ ਨਹੀਂ ਲੱਗਦਾ ਕਿਉਂਕਿ ਇਹ ਜਾਹਿਲ ਲੋਕ ਇੱਕ ਥਾਂ ਇੱਕਠੇ ਬੈਠ ਕੇ ਆਪਣੇ ਮਨਾਂ 'ਚ ਭਾਂਤ ਭਾਂਤ ਦੇ ਇਰਾਦੇ ਕਰਨਗੇ।

ਲਿਖਤ:- 14 ਮਾਘ ਸੰਮਤ 1928
23 ਜਨਵਰੀ 1872

ਦਾਸ

ਨਾਜ਼ਿਮ ਅਨਾਹਦਗੜ੍ਹ

# ਲੁਕਿਆ ਸੱਚ

---

**ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਦੀ ਤਜਵੀਜ਼ ਨਾਲ ਮਹਿਕਮਾ ਫ਼ੌਜਦਾਰੀ ਨਿਜ਼ਾਮਤ ਜ਼ਿਲ੍ਹਾ ਅਮਰਗੜ੍ਹ ਦੀ ਰੋਬਕਾਰ ਮਿਤੀ 20 ਮਾਘ 1928 ਮੁਤਾਬਿਕ 31 ਜਨਵਰੀ 1872**

**ਵਿਸ਼ਾ :-** ਉੱਚੀ ਸ਼ਾਨ ਵਾਲੀ ਸਰਕਾਰ ਦੀ ਹਕੂਮਤ 'ਚ ਵਸਦੇ ਕੂਕਿਆਂ ਦੇ ਇੰਤਜ਼ਾਮ ਕਰਨ ਦਾ ਮਾਮਲਾ ਅਤੇ ਕੋਟਲਾ ਤੇ ਮਲੌਦ ਦੀ ਵਾਰਦਾਤ 'ਚ ਸਜ਼ਾ ਪਾਉਣ ਵਾਲੇ ਮੁਜ਼ਰਿਮਾਂ ਦੀਆਂ ਜਾਇਦਾਦਾਂ ਦੀ ਜ਼ਬਤੀ।

ਅੱਜ ਇਸ ਮੁਕੱਦਮੇਂ ਸੰਬੰਧੀ ਮਹਿਕਮਾ ਅਦਾਲਤ ਸਦਰ ਵੱਲੋਂ ਜਨਾਬ ਵਜ਼ੀਰ ਸਾਹਿਬ ਦੀ ਯਾਦਦਾਸ਼ਤ (ਕੋਈ ਗੱਲ ਚੇਤੇ ਕਰਾਉਣ ਲਈ ਚਿੱਠੀ) ਆਈ ਜਿਸ ਉੱਤੇ ਨਿਜ਼ਾਮਤ ਦਾ ਹੁਕਮ ਵਾਚਣ ਉਪ੍ਰੰਤ ਪ੍ਰਗਟ ਹੋਇਆ ਕਿ ਇਸ ਚਿੱਠੀ ਵਿੱਚ ਪੰਜ ਗੱਲਾਂ ਉੱਤੇ ਅਮਲ ਕਰਨ ਲਈ ਹੁਕਮ ਹੋਇਆ ਹੈ।

ਪਹਿਲੀ ਇਹ ਕਿ ਜਿੰਨੇ ਕੂਕਾ ਲੋਕ ਲੋਹੜੀ ਦੇ ਮੇਲੇ 'ਤੇ ਕੂਕਾ ਫ਼ਿਰਕੇ ਦੇ ਬਾਨੀ ਗੁਰੂ ਰਾਮ ਸਿੰਘ ਕੋਲ ਪਿੰਡ ਭੈਣੀ ਜ਼ਿਲ੍ਹਾ ਲੁਧਿਆਣਾ ਵਿਖੇ ਇੱਕਠੇ ਹੋਏ ਸਨ ਉਨ੍ਹਾਂ ਨੂੰ ਉਸ ਵੇਲੇ ਤੱਕ ਗ੍ਰਿਫ਼ਤਾਰ ਕਰਕੇ ਰੱਖਿਆ ਜਾਵੇ ਜਦੋਂ ਤੱਕ ਉਹ ਜ਼ਾਬਿਤੇ ਅਨੁਸਾਰ ਇਸ ਫ਼ਸਾਦ ਵਿੱਚ ਸ਼ਾਮਿਲ ਨਾ ਹੋਣ ਬਾਰੇ ਅਦਾਲਤ ਦੀ ਤਸੱਲੀ ਨਾ ਕਰਾ ਦੇਣ।

ਦੂਜੀ ਇਹ ਕਿ ਜਿਨ੍ਹਾਂ ਜਿਨ੍ਹਾਂ ਪਿੰਡਾਂ ਵਿੱਚ ਕੂਕਾ ਲੋਕ ਵਸਦੇ ਹੋਣ, ਕੂਕਿਆਂ ਨੂੰ ਉੱਥੋਂ ਦੇ ਨੰਬਰਦਾਰਾਂ ਦੇ ਸਪੁਰਦ ਕਰਕੇ ਇਹ ਹੁਕਮ ਦਿੱਤਾ ਜਾਵੇ ਕਿ ਉਹ ਇਨ੍ਹਾਂ ਕੂਕਿਆਂ ਨੂੰ ਅਗਲਾ ਹੁਕਮ ਜਾਰੀ ਹੋਣ ਤੱਕ ਪਿੰਡ ਤੋਂ ਬਾਹਰ ਨਾ ਜਾਣ ਦੇਣ ਨਹੀਂ ਤਾਂ ਨੰਬਰਦਾਰ ਜਵਾਬ ਦਿਹ ਸਮਝੇ ਜਾਣਗੇ।

ਤੀਜੀ ਇਹ ਕਿ ਪੁਲਿਸ ਨੂੰ ਤਾਕੀਦ ਕੀਤੀ ਜਾਵੇ ਕਿ ਉਹ ਕੂਕਿਆਂ ਨੂੰ ਇੱਕਠੇ ਨਾ ਹੋਣ ਦੇਵੇ ਅਤੇ ਜੇ ਕਿਸੇ ਥਾਂ ਇੱਕਠ ਵੇਖੇ ਤਾਂ ਫ਼ੌਰਨ ਗ੍ਰਿਫ਼ਤਾਰ ਕਰੇ ਪਰ ਇਹ ਇਹਤਿਆਤ ਰੱਖੀ ਜਾਵੇ ਕਿ ਉਨ੍ਹਾਂ 'ਤੇ ਕਿਸੇ ਪ੍ਰਕਾਰ ਦਾ ਤਸ਼ੱਦਦ (ਸਖ਼ਤੀ, ਆਤੰਕ) ਨਾ ਹੋਣਾ ਪਾਵੇ।

ਚੌਥੀ ਗੱਲ ਇਹ ਕਿ ਜਿਨ੍ਹਾਂ ਕੂਕਿਆਂ ਨੇ ਮਲੌਦ ਤੇ ਕੋਟਲੇ 'ਤੇ ਹਮਲਾ ਕੀਤਾ ਉਨ੍ਹਾਂ ਦੀ ਸਰਕਾਰ ਦੇ ਇਲਾਕੇ 'ਚ ਸਥਿਤ ਹਰ ਕਿਸਮ ਦੀ ਜਾਇਦਾਦ ਜ਼ਬਤ ਕੀਤੀ ਜਾਵੇ।

ਪੰਜਵੀ ਗੱਲ ਇਹ ਕਿ ਸਰਕਾਰ ਦੇ ਇਲਾਕੇ ਦੇ ਵਸਨੀਕ 'ਸੂਬਾ' ਲੋਕਾਂ ਜਿਨ੍ਹਾਂ ਦਾ ਇਸ ਫ਼ਿਰਕੇ ਦੇ ਲੋਕਾਂ 'ਤੇ ਰੁਆਬ ਦਾਬ ਹੈ, ਨੂੰ ਕੈਦ ਕੀਤਾ ਜਾਵੇ।

ਹੁਣ ਆਮ ਆਦਮੀ ਦੀ ਬਾਬਤ ਇਹ ਹੈ ਕਿ ਗੁਰੂ ਰਾਮ ਸਿੰਘ ਕੋਲ ਭੈਣੀ ਦੇ ਮੇਲੇ 'ਤੇ ਹਜ਼ਾਰਾਂ ਕੂਕੇ ਇੱਕਠੇ ਹੋਏ ਸਨ। ਅਕਸਰ ਕੂਕੇ ਬਲਕਿ ਸਾਰੇ ਕੂਕੇ ਕਹਿੰਦੇ ਹਨ ਕਿ "ਅਸੀਂ ਮੇਲੇ 'ਚ ਜ਼ਰੂਰ ਗਏ ਸੀ ਪਰ ਵਾਰਦਾਤ ਵਿੱਚ ਸ਼ਾਮਿਲ ਨਹੀਂ ਹੋਏ। ਸਬੂਤ ਜ਼ਾਬਿਤਾ ਭਾਵ ਅਸੀਂ ਫ਼ਲਾਣੀ ਜਗਾ ਰਹੇ ਜਾਂ ਇਹ ਕਿ ਸਾਨੂੰ ਫ਼ਲਾਣੇ ਫ਼ਲਾਣੇ ਆਦਮੀ ਨੇ ਰਸਤੇ 'ਚ ਫ਼ਸਾਦੀ ਕੂਕਿਆਂ ਨਾਲੋਂ ਅਲਹਿਦਾ ਵੇਖਿਆ ਸੀ, ਵੀ ਦੇ ਸਕਦੇ ਹਨ।"

ਇਸ ਤਰ੍ਹਾਂ ਜੇ ਸਭ ਨੂੰ ਕੇਵਲ ਕੈਦ ਕੀਤਾ ਜਾਵੇ ਤਾਂ ਕੀ ਠਿਕਾਣਾ ਹੈ ਅਤੇ ਕੈਦ ਵੀ ਬਿਨਾ ਮਿਆਦ ? ਹਵਾਲਾਤਾਂ ਦੀਆਂ ਇਮਾਰਤਾਂ ਦੀ ਕਮੀ ਸਦਕਾ ਉਨ੍ਹਾਂ ਨੂੰ ਠਹਿਰਾਉਣ ਦਾ ਤੇ ਉਨ੍ਹਾਂ ਵੱਲੋਂ ਬਰੀ ਹੋਣ ਦਾ ਸਬੂਤ ਲਿਆਉਣ ਦਾ ਕੀ ਪ੍ਰਬੰਧ ਕੀਤਾ ਜਾਵੇਗਾ ? ਇਹ ਹੁਕਮ 21 ਜਨਵਰੀ 1872 ਦਾ ਹੈ। ਇਸ ਹੁਕਮ ਦੇ ਪਹੁੰਚਣ ਨਾਲ ਅੰਗਰੇਜ਼ੀ ਅਦਾਲਤ ਨੇ ਇਹ ਕਾਰਵਾਈ ਕੀਤੀ ਕਿ ਜਿੰਨੇ ਲੋਕ ਜ਼ਿਲ੍ਹਾ ਲੁਧਿਆਣਾ ਵਿੱਚ ਗ੍ਰਿਫ਼ਤਾਰ ਹੋਏ ਤੇ ਜਿਹੜੇ ਅੰਗਰੇਜ਼ੀ ਇਲਾਕੇ ਦੇ ਵਸਨੀਕ ਸਨ, ਉੱਚੀ ਸ਼ਾਨ ਵਾਲੇ ਅੰਗਰੇਜ਼ ਸਾਹਿਬਾਨ ਨੇ ਉਨ੍ਹਾਂ ਨੂੰ ਛੱਡ ਦਿੱਤਾ। ਰਿਆਸਤਾਂ ਦੇ ਵਸਨੀਕ ਲੋਕਾਂ ਨੂੰ ਵਕੀਲਾਂ ਦੇ ਹਵਾਲੇ ਕਰਕੇ ਇਹ ਹੁਕਮ ਦਿੱਤਾ ਕਿ ਉਹ ਉਨ੍ਹਾਂ ਨੂੰ ਉਨ੍ਹਾਂ ਦੇ ਘਰੀਂ ਪਹੁੰਚਾ ਦੇਣ। ਅੰਗਰੇਜ਼ਾਂ ਨੇ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਰੋਕ ਟੋਕ ਨਾ ਕੀਤੀ। ਜਿਹੜੇ ਕੂਕੇ ਸਾਡੇ ਕੋਲ ਪੁੱਜੇ ਸਨ ਅਸੀਂ ਉਨ੍ਹਾਂ ਨੂੰ ਉਸੇ ਤਰ੍ਹਾਂ ਛੱਡ ਦਿੱਤਾ।

ਦੂਜੀ ਗੱਲ ਦਾ ਹਾਲ ਵੀ ਪਹਿਲੀ ਗੱਲ ਵਰਗਾ ਹੈ। ਕੂਕਾ ਲੋਕਾਂ ਨੇ ਅੱਜ ਕੱਲ੍ਹ ਕੋਈ ਜ਼ਮਾਨਤ ਨਹੀਂ ਦਿੱਤੀ। ਹਜ਼ਾਰਾਂ ਕੂਕੇ ਆਬਾਦ ਹਨ। ਲਿਖਤੀ ਜ਼ਮਾਨਤ ਲੈਣ ਨਾਲ ਵੀ ਇੱਕ ਤਰ੍ਹਾਂ ਨਾਲ ਡੌਂਡੀ ਪਿੱਟੀ ਜਾਣ ਦਾ ਡਰ ਹੈ। ਕਾਨ੍ਹਾਂ ਸਿੰਘ ਤੇ ਧਿਆਨ ਸਿੰਘ ਵਾਸੀ ਮੱਲ੍ਹ ਮਾਜਰਾ ਅਤੇ ਖ਼ੁਸ਼ਹਾਲ ਸਿੰਘ ਤੇ ਗੁਰਮੁੱਖ ਸਿੰਘ ਵਾਸੀ ਬੱਬਲਪੁਰ ਇਲਾਕਾ ਸ਼ੇਰਪੁਰ ਵੀ ਲੋਹੜੀ ਦੇ ਮੇਲੇ 'ਤੇ ਗਏ ਸਨ ਅਤੇ ਇਹ ਮੰਨਦੇ ਵੀ ਹਨ। ਜੀਂਦ ਦੇ ਅਹਿਲਕਾਰਾਂ ਨੇ ਖ਼ਾਹ ਮਖ਼ਾਹ ਬਿਨਾ ਕਿਸੇ ਕਾਰਨ ਉਨ੍ਹਾਂ ਦੇ ਪਿੰਡ ਤੋਂ

ਗ੍ਰਿਫ਼ਤਾਰ ਕਰਕੇ, ਤੇ ਕੋਟਲਾ ਵਿਖੇ ਲੈ ਜਾ ਕੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੇ ਪੇਸ਼ ਕਰ ਦਿੱਤਾ ਸੀ ਅਤੇ ਇਹ ਵੀ ਕਿਹਾ ਸੀ ਕਿ ਇਨ੍ਹਾਂ ਵਿੱਚੋਂ ਇਹ ਕਾਨ੍ਹਾ ਸਿੰਘ 'ਸੂਬਾ' ਹੈ। ਕਿਉਂਕਿ ਕਾਨ੍ਹਾਂ ਸਿੰਘ 'ਸੂਬਾ' ਕੋਈ ਹੋਰ ਆਦਮੀ ਹੈ ਇਸ ਲਈ ਸਾਹਿਬ ਬਹਾਦੁਰ ਨੂੰ ਇਨ੍ਹਾਂ ਆਦਮੀਆਂ ਬਾਰੇ ਕਿਸੇ ਪ੍ਰਕਾਰ ਦਾ ਸ਼ੱਕ ਪੈ ਗਿਆ। ਸਾਹਿਬ ਬਹਾਦੁਰ ਨੇ ਇਨ੍ਹਾਂ ਨੂੰ ਸਾਡੇ ਸਪੁਰਦ ਕਰ ਦਿੱਤਾ ਸੀ ਕਿ ਇਹ ਤੁਹਾਡੇ ਇਲਾਕੇ ਦੇ ਵਾਸੀ ਹਨ, ਤੁਸੀਂ ਇਨ੍ਹਾਂ ਬਾਰੇ ਤਹਿਕੀਕਾਤ ਕਰੋ। ਅਸੀਂ ਸਬੂਤ ਜ਼ਾਬਿਤਾ ਕੁਝ ਨਾ ਲਿਆ ਅਤੇ ਇਹਤਿਆਤ ਵਜੋਂ ਨੰਬਰਦਾਰਾਂ ਤੋਂ ਜ਼ਮਾਨਤ ਲੈ ਕੇ ਇਨ੍ਹਾਂ ਨੂੰ ਛੱਡ ਦਿੱਤਾ ਹੈ ਕਿ ਜੇ ਇਨ੍ਹਾਂ ਵਿੱਚੋਂ ਕੋਈ ਕੂਕਾ ਥਾਣੇ 'ਚ ਇਤਲਾਹ ਦਿੱਤੇ ਬਿਨਾਂ ਕਿਸੇ ਹੋਰ ਪਿੰਡ ਵਿੱਚ ਜਾਵੇਗਾ ਜਾਂ ਹੋਰ ਥਾਂ ਦਾ ਕੋਈ ਕੂਕਾ ਇਨ੍ਹਾਂ ਦੇ ਘਰੀਂ ਆਵੇਗਾ ਤਾਂ ਸੌ ਰੁਪਿਆ ਲਿਆ ਜਾਵੇਗਾ। ਜੇ ਇਨ੍ਹਾਂ ਦਾ ਫ਼ਸਾਦ ਤੇ ਮੇਲੇ 'ਚ ਜਾਣ ਦਾ ਪਤਾ ਲੱਗੇਗਾ ਤਾਂ ਇਨ੍ਹਾਂ ਤੋਂ ਇਲਾਵਾ ਚਾਰ ਸੌ ਰੁਪਏ ਲਏ ਜਾਣਗੇ।

ਵਜ਼ੀਰ ਸਿੰਘ ਨਾਮੀ ਇੱਕ ਕੂਕਾ ਵਾਸੀ ਪਿੰਡ ਰੜ੍ਹ, ਜਿਹੜਾ ਵਕੀਲ ਲੁਧਿਆਣਾ ਦਾ ਭੇਜਿਆ ਸਾਡੇ ਕੋਲ ਪਹੁੰਚਿਆ ਸੀ, ਉਸ ਦਾ ਬਰੀ ਹੋਣਾ ਤਾਂ ਇਸ ਗੱਲ ਤੋਂ ਪ੍ਰਗਟ ਹੈ ਕਿ ਇਹ ਪਿੰਡ ਭੈਣੀ ਤੋਂ ਫੜਿਆ ਗਿਆ। ਜੇ ਇਹ ਫ਼ਸਾਦੀਆਂ ਵਿੱਚ ਸ਼ਾਮਿਲ ਹੁੰਦਾ ਤਾਂ ਉੱਥੇ ਮੌਜੂਦ ਹੀ ਕਿਉਂ ਹੁੰਦਾ (ਭਾਵ ਉੱਥੇ ਮਿਲਦਾ ਹੀ ਨਾ) । ਇਸ ਗੱਲ ਨੂੰ ਮੁੱਖ ਰੱਖ ਕੇ ਅਸੀਂ ਉਸ ਨੂੰ ਹਵਾਲਾਤ ਵਿੱਚ ਡੱਕ ਦਿੱਤਾ ਇਸ ਤੋਂ ਵੀ ਉਸੇ ਕਿਸਮ ਦੀ ਜ਼ਮਾਨਤ ਮੰਗੀ ਗਈ ਜਿਵੇਂ ਕਾਨ੍ਹਾਂ ਸਿੰਘ, ਧਿਆਨ ਸਿੰਘ, ਗੁਰਮੁਖ ਸਿੰਘ ਤੇ ਖੁਸ਼ਹਾਲ ਸਿੰਘ ਤੋਂ ਲਈ ਗਈ।

ਤੀਜੀ ਗੱਲ ਦਾ ਇੰਤਜ਼ਾਮ ਹੋਣਾ ਵਾਜਿਬ ਹੈ। ਥਾਣੇਦਾਰਾਂ ਨੂੰ ਤਾਕੀਦੀ ਹੁਕਮ ਹੋਣਾ ਚਾਹੀਦਾ ਹੈ।

ਚੌਥੀ ਗੱਲ ਦੀ ਅਸੀਂ ਤਾਮੀਲ ਕਰ ਰਹੇ ਹਾਂ ਬਲਕਿ ਪੂਰੀ ਹੋਣ ਹੀ ਵਾਲੀ ਹੈ। ਜ਼ਬਤੀ ਦੀਆਂ ਸੂਚੀਆਂ ਛੇਤੀ ਹੀ ਨਿਜ਼ਾਮਤ 'ਚ ਪਹੁੰਚਣ ਵਾਲੀਆਂ ਹਨ। ਵਜ਼ੀਰ ਸਾਹਿਬ ਬਹਾਦੁਰ ਦੇ ਖ਼ਤ ਪ੍ਰਾਪਤ ਹੋਣ ਅਨੁਸਾਰ ਮਹਿਕਮਾ ਨਿਜ਼ਾਮਤ ਤੋਂ ਥਾਣੇਦਾਰਾਂ ਦੇ ਨਾਮ ਤਾਮੀਲੀ ਪਰਵਾਨੇ ਜਾਰੀ ਹੋਏ ਹਨ।

ਪੰਜਵੀਂ ਗੱਲ ਦੀ ਤਾਮੀਲ ਵਿੱਚ ਵੀ ਸਾਡੇ ਉਹੀ ਖਿਆਲ ਹਨ ਜਿਹੜੇ ਪਹਿਲੀ ਤੇ ਦੂਜੀ ਗੱਲ ਬਾਰੇ ਹਨ। ਪਹਿਲੀ, ਦੂਜੀ ਤੇ ਪੰਜਵੀਂ ਗੱਲ ਦੀ ਤਾਮੀਲ ਕਰਨ ਵਿੱਚ ਕੋਈ ਉਜ਼ਰ ਨਹੀਂ ਪਰ ਇਹ ਮਾਮਲਾ ਪੋਲੀਟੀਕਲ ਹੈ। ਇਸ ਬਾਰੇ ਵੱਡੇ ਹਾਕਿਮਾਂ ਦੀ ਰਾਏ ਲੈਣ ਵਿੱਚ ਕੋਈ ਹਰਜ ਨਹੀਂ ਹੈ ਬਲਕਿ ਜ਼ਰੂਰੀ ਹੈ।

## ਸੋ ਹੁਕਮ ਹੋਇਆ ਕਿ

ਵੇਰਵੇ ਸਹਿਤ ਰੋਬਕਾਰ ਰਾਹੀਂ ਨਾਜ਼ਿਮ ਸਾਹਿਬ ਦੀ ਸੇਵਾ ਵਿੱਚ ਬੇਨਤੀ ਕੀਤੀ ਜਾਵੇ ਕਿ ਉਹ ਉੱਪਰ ਦਰਜ ਗੱਲਾਂ ਬਾਰੇ ਉਪਰਲੇ ਮਹਿਕਮਿਆਂ ਨੂੰ ਬੇਨਤੀ ਕਰਨ ਅਤੇ ਜਿਵੇਂ ਉਹ ਹੁਕਮ ਦੇਣ, ਉਸ ਬਾਰੇ ਨਿਆਬਤ 'ਚ ਸੂਚਿਤ ਕਰਨ ਤਾਂ ਕਿ ਉਸ ਹੁਕਮ ਦੇ ਮੁਤਾਬਿਕ ਅਮਲ ਕੀਤਾ ਜਾਵੇ। ਇਸ ਨਿਆਬਤ ਅਧੀਨ ਤਿੰਨਾਂ ਥਾਣੇਦਾਰਾਂ ਦੇ ਨਾਮ ਪਰਵਾਨੇ ਜਾਰੀ ਹੋਣ ਕਿ ਉਹ ਕੂਕਿਆਂ ਦਾ ਇੱਕਠ ਨਾ ਹੋਣ ਦੇਣ ਅਤੇ ਜੇ ਉਹ ਕੋਈ ਇੱਕਠ ਵੇਖਣ ਤਾਂ ਇੱਕਠੇ ਹੋਏ ਲੋਕਾਂ ਨੂੰ ਫ਼ੌਰਨ ਗ੍ਰਿਫ਼ਤਾਰ ਕਰਨ ਪਰ ਇਹ ਇਹਤਿਆਤ ਰੱਖਣ ਕਿ ਉਨ੍ਹਾਂ ਲੋਕਾਂ 'ਤੇ ਕਿਸੇ ਪ੍ਰਕਾਰ ਦੀ ਨਾਜਾਇਜ਼ ਸਖ਼ਤੀ ਨਾ ਕੀਤੀ ਜਾਵੇ। ਜਿਹੜੇ ਲੋਕਾਂ ਨੂੰ ਮਲੌਦ ਤੇ ਕੋਟਲੇ ਦੀ ਵਾਰਦਾਤ ਕਰਨ ਮਗਰੋਂ ਸਜ਼ਾ ਮਿਲੀ ਹੈ, ਉਨ੍ਹਾਂ ਦੀਆਂ ਜਾਇਦਾਦਾਂ ਦੀ ਕੁਰਕੀ ਕਰਕੇ ਸੂਚੀਆਂ ਛੇਤੀ ਨਾਲ ਮਹਿਕਮਾ ਨਿਜ਼ਾਮਤ 'ਚ ਭੇਜ ਦੇਣ। ਦੇਰੀ ਨਾ ਕਰਨ।

# ਲੁਕਿਆ ਸੱਚ

---

**ਮਹਿਕਮਾ ਨਿਜ਼ਾਮਤ ਅਮਰਗੜ੍ਹ ਤੋਂ ਹੁਕਮ ਹੋਇਆ ਕਿ ਅੱਜ ਇਹ ਰੋਬਕਾਰ ਸਮੇਤ ਮਿਸਲ ਪੇਸ਼ ਹੋ ਕੇ ਘੋਖੀ ਗਈ ਸੁਣੀ ਗਈ। ਨਾਇਬ ਸਾਹਿਬ ਦੀ ਲਿਖਤ ਸੱਚ ਮੁੱਚ ਦਰੁਸਤ ਹੈ। ਮੈਂ ਵੀ ਨਾਇਬ ਸਾਹਿਬ ਦੀ ਰਾਏ ਨਾਲ ਸਹਿਮਤ ਹਾਂ ਇਸ ਲਈ ਹੁਕਮ ਹੋਇਆ ਕਿ :-**

ਰੋਬਕਾਰ ਦੀ ਨਕਲ ਮੇਰੀ ਰਾਏ ਸਮੇਤ ਮਹਿਕਮਾ ਸਦਰ ਅਦਾਲਤ ਵਾਲਿਆਂ ਰਾਹੀਂ ; ਉਨ੍ਹਾਂ ਦੀ ਰਾਏ ਦਰਿਆਫ਼ਤ ਕਰਨ ਖ਼ਾਤਰ, ਜਨਾਬ ਪ੍ਰਧਾਨ ਮੰਤਰੀ ਸਾਹਿਬ ਬਹਾਦੁਰ ਦੇ ਦਰਬਾਰ ਵਿੱਚ ਪੇਸ਼ ਕੀਤੀ ਜਾਵੇ।

26 ਮਾਘ 1928.
ਮੁਤਾਬਿਕ 6 ਫਰਵਰੀ 1872. 

**ਮਹਿਕਮਾ ਅਦਾਲਤ ਸਦਰ ਵੱਲੋਂ :-**

ਮੈਂ ਵੀ ਸਹਿਮਤ ਹਾਂ। ਸੋ ਹੁਕਮ ਹੋਇਆ ਕਿ
ਜਨਾਬ ਵਜ਼ੀਰ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਪੇਸ਼ ਹੋਵੇ।

4 ਮਾਰਚ 1872.

**ਮਹਿਕਮਾਂ ਵਜ਼ਾਰਤ ਤੋਂ ਹੁਕਮ ਹੋਇਆ ਕਿ**

ਮੀਰ ਮੁਨਸ਼ੀ ਸਾਹਿਬ ਤੋਂ ਅੱਜ ਹੀ ਰਾਏ ਲਈ ਜਾਵੇ ਕਿ ਇਸ ਮੁੱਕਦਮੇ 'ਚ ਕੀ ਕਰਨਾ ਚਾਹੀਦਾ ਹੈ।

6 ਮਾਰਚ 1872.

**ਮੁਨਸ਼ੀ ਖ਼ਾਨੇ ਵੱਲੋਂ :-**

ਅੱਡ ਕਾਗਜ਼ਾਤ 'ਤੇ ਹਰੇਕ ਮੱਦ ਦੇ ਬਰਾਬਰ ਰਾਏ ਲਿਖੀ ਗਈ।

---

## ਮੀਰ ਮੁਨਸ਼ੀ ਸਾਹਿਬ ਦੀ ਰਾਏ :-

**ਪਹਿਲੀ ਗੱਲ ਵਾਸਤੇ :-** ਜਿਹੜੀ ਰਾਏ ਨਾਇਬ ਨਾਜ਼ਿਮ, ਨਾਜ਼ਿਮ ਸਾਹਿਬ ਤੇ ਸਰਦਾਰ ਦੇਵਾ ਸਿੰਘ ਦੀ ਹੈ, ਮੈਂ ਵੀ ਉਸ ਨਾਲ ਸਹਿਮਤ ਹਾਂ। ਇਹ ਇੰਤਜ਼ਾਮ, ਜਿਹੜਾ ਮਹਿਕਮਾ ਵਜ਼ਾਰਤ ਦੀ ਚਿੱਠੀ 'ਚ ਦਰਜ ਹੈ, ਉਸ ਸਮੇਂ ਨਾਲ ਸੰਬੰਧ ਰੱਖਦਾ ਸੀ ਜਦੋਂ ਕੂਕਿਆਂ ਨੇ ਮਲੌਦ ਤੇ ਕੋਟਲਾ ਵਿਖੇ ਫ਼ਸਾਦ ਖੜਾ ਕੀਤਾ ਸੀ। ਹੁਣ ਦੇ ਹਾਲਾਤ ਮੁਤਾਬਿਕ ਨਹੀਂ ਸਮਝਿਆ ਜਾ ਸਕਦਾ।

**ਦੂਜੀ ਗੱਲ ਵਾਸਤੇ :-** ਇਸ ਵਿੱਚ ਵੀ ਮੈਂ ਉਨ੍ਹਾਂ ਦੀ ਰਾਏ ਨਾਲ ਸਹਿਮਤ ਹਾਂ ਕਿ ਇਨ੍ਹਾਂ ਕੂਕਾ ਲੋਕਾਂ ਨੂੰ ਆਪਣੇ ਪਿੰਡ ਤੋਂ ਬਾਹਰ ਨਾ ਜਾਣ ਦਿੱਤਾ ਜਾਵੇ। ਹੁਣ ਵੀ ਇਹ ਹੋ ਸਕਦਾ ਹੈ ਕਿ ਜਿੱਥੇ ਜਿੱਥੇ ਇਹ ਕੂਕਾ ਲੋਕ ਆਬਾਦ ਹਨ ਹਰੇਕ ਪਿੰਡ ਦੇ ਨੰਬਰਦਾਰਾਂ ਤੋਂ ਇਸ ਗੱਲ ਦੇ ਲਿਖਤੀ ਇਕਰਾਰ ਨਾਮੇਂ ਲਏ ਜਾਣ ਕਿ ਜੇ ਇਹ ਕੂਕੇ ਕੋਈ ਮਾੜਾ ਕੰਮ ਕਰਨ ਜਾਂ ਇਨ੍ਹਾਂ ਦੇ ਮਾੜੇ ਰਵੱਈਏ ਤੇ ਬਦਚਲਨੀ ਬਾਰੇ ਸੁਣਿਆ ਜਾਵੇ ਜਾਂ ਉਨ੍ਹਾਂ ਕੋਲੋਂ ਕੋਈ ਭੈੜਾ ਕੰਮ ਹੋ ਜਾਵੇ ਜੇ ਨੰਬਰਦਾਰ ਉਸ ਦੀ ਪੁਲਿਸ ਨੂੰ ਇਤਲਾਹ ਨਹੀਂ ਦੇਣੇਗੇ ਤਾਂ ਉਹ ਕਸੂਰਵਾਰ ਖਿਆਲ ਕੀਤੇ ਜਾਣਗੇ।

**ਤੀਜੀ ਗੱਲ ਵਾਸਤੇ :-** ਇਹ ਹੁਕਮ ਜਿਸ ਤਰ੍ਹਾਂ ਮਹਿਕਮਾ ਵਜ਼ਾਰਤ ਦੇ ਖ਼ਤ ਵਿੱਚ ਲਿਖਿਆ ਗਿਆ ਹੈ, ਹੁਣ ਉਸੇ ਤਰ੍ਹਾਂ ਕੋਸ਼ਿਸ਼ ਨਾਲ ਅਮਲ ਹੋਣਾ ਚਾਹੀਦਾ ਹੈ,

**ਚੌਥੀ ਗੱਲ ਬਾਰੇ :-** ਜਿਸ ਤਰ੍ਹਾਂ ਮਹਿਕਮਾਂ ਵਜ਼ਾਰਤ ਦੇ ਖ਼ਤ ਵਿੱਚ ਲਿਖਿਆ ਗਿਆ ਹੈ ਉਸੇ ਤਰ੍ਹਾਂ ਅਮਲ ਹੋਣਾ ਚਾਹੀਦਾ ਹੈ।

**ਪੰਜਵੀਂ ਗੱਲ ਬਾਰੇ :-** ਹੁਣ ਤੱਕ ਤਿੰਨ ਆਦਮੀਆਂ ਤੋਂ ਬਿਨਾਂ ਕੋਈ ਸ਼ਖਸ 'ਸੂਬਾ' ਮਾਲੂਮ ਨਹੀਂ ਹੋਇਆ ਹੈ ਭਾਵ ਬੁੱਧ ਸਿੰਘ ਨੰਗਲਾ ਵਾਲਾ ਨਾਇਬ ਸੂਬਾ ਤੇ ਗੁਰਦਿੱਤ ਸਿੰਘ 'ਸੂਬਾ' ਨਿਜ਼ਾਮਤ ਅਨਾਹਦਗੜ੍ਹ ਵਿੱਚ ਕੈਦ ਹਨ। ਦੱਲ ਸਿੰਘ ਚਾੜਮੜੀ ਵਾਲਾ ਨਿਜ਼ਾਮਤ ਪੰਜੌਰ ਵਿੱਚ ਕੈਦ ਹੈ ਜਿਸ ਦੀ ਤਹਿਕੀਕਾਤ ਹੋ ਰਹੀ ਹੈ। ਹੁਣ ਤੱਕ ਉਸ ਦਾ ਵੀ ਕੁਝ ਸਬੂਤ ਨਹੀ ਹੋਇਆ ਹੈ। ਸੋਂ ਉਨ੍ਹਾਂ ਦੀ ਬਾਬਤ ਮਹਿਕਮਾਂ ਵਜ਼ਾਰਤ ਦੀ ਯਾਦਦਾਸ਼ਤ ਵਿੱਚ ਹੁਕਮ ਲਿਖਿਆ ਗਿਆ ਹੈ। ਉਹੋ ਬਹਾਲ ਰਹਿਣਾ ਚਾਹੀਦਾ ਹੈ।

# 6. ਫੜੇ ਗਏ ਕੂਕਿਆਂ ਬਾਰੇ ਪੇਸ਼ ਹੋਈਆਂ ਰਿਪੋਰਟਾਂ

**ਐ ਮਾਲਿਕ,**

ਅੱਜ ਸ਼ਾਮ 5 ਵਜੇ ਸੱਯਦ ਇਮਾਮ ਅਲੀ ਥਾਣੇਦਾਰ ਰਾਜਪੁਰਾ ਨੇ ਗੁਲਾਬ ਜਮਾਂਦਾਰ ਤੇ ਦੋ ਤਿੰਨ ਸਵਾਰਾਂ ਸਮੇਤ ਇਸ ਥਾਣੇ 'ਚ ਪੁੱਜ ਕੇ ਦਾਸ ਤੋਂ ਸਫ਼ੈਦ ਕਾਗਜ਼ਾਂ ਦੇ ਦੋ ਤਾਉ ਤੇ ਕਲਮਦਾਨ ਮੰਗਿਆ ਅਤੇ ਇਸ ਦਾਸ ਨੂੰ ਕਿਹਾ ਕਿ ਮੈਂ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਜਾ ਰਿਹਾ ਹਾਂ, ਤੁਸੀਂ ਵੀ ਜੇ ਕੋਈ ਕੂਕਾ ਇੱਥੋਂ ਗ੍ਰਿਫ਼ਤਾਰ ਕਰੋ ਤਾਂ ਉਸ ਨੂੰ ਫੜ ਕੇ ਨਿਜ਼ਾਮਤ 'ਚ ਹਾਜ਼ਿਰ ਕਰੋ ਅਤੇ ਤੁਹਾਡੇ ਕੋਲ ਵੀ ਪਰਵਾਨਾ ਆਉਣ ਵਾਲਾ ਹੈ।

ਇਸ ਗੱਲ ਤੋਂ ਇਸ ਦਾਸ ਨੂੰ ਪਤਾ ਲੱਗਿਆ ਕਿ ਪਿੰਡ ਮਰਦਾਨਪੁਰ ਵਿੱਚ ਸ਼ਾਮ ਸਿੰਘ ਤੇ ਦੱਲ ਸਿੰਘ ਜੱਟ ਅਤੇ ਅਤਰ ਸਿੰਘ ਚਮਾਰ ਕੂਕੇ ਹਨ ਅਤੇ ਅਤਰ ਸਿੰਘ ਚਮਾਰ ਕੂਕੇ ਦੇ ਘਰ ਦੋ ਆਦਮੀ ਲਾਲ ਸਿੰਘ ਤੇ ਜਵਾਹਰ ਸਿੰਘ ਵਾਸੀ ਪਿੰਡ ਗੁਰੂਸਰ, ਜਿਹੜਾ ਫੂਲਮਰਾਜ ਦੇ ਨਾਲ ਲੱਗਦਾ ਸਥਿਤ ਹੈ, ਆਏ ਹੋਏ ਹਨ। ਸੋ ਦਾਸ ਨੇ ਉਸੇ ਵੇਲੇ ਮਰਦਾਨਪੁਰ ਪੁੱਜ ਕੇ ਉਪ੍ਰੋਕਤ ਪੰਜਾਂ ਆਦਮੀਆਂ ਨੂੰ ਗ੍ਰਿਫ਼ਤਾਰ ਕੀਤਾ ਤੇ ਹੁਣ ਇਸ ਬਿਨੈ-ਪੱਤਰ ਰਾਹੀਂ ਇਨ੍ਹਾਂ ਨੂੰ ਅਦਾਲਤ ਵਿੱਚ ਹਾਜ਼ਿਰ ਕਰਦਾ ਹਾਂ।

ਬੇਨਤੀ ਹੈ ਕਿ ਇਸ ਥਾਣੇ ਵਿੱਚ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਸੰਬੰਧੀ ਕੋਈ ਹੁਕਮ ਨਹੀਂ ਪੁੱਜਾ। ਦਾਸ ਨੇ ਇਹ ਕੂਕੇ ਆਪਣੀ ਦੂਰ ਦ੍ਰਿਸ਼ਟੀ ਨਾਲ ਹੀ ਗ੍ਰਿਫ਼ਤਾਰ ਕਰਕੇ ਹਾਜ਼ਿਰ ਕੀਤੇ ਹਨ। ਇਹ ਦਾਸ ਹੁਕਮ ਜਾਰੀ ਹੋਣ ਦਾ ਉਡੀਕਵਾਨ ਸੀ। ਇਸ ਇਲਾਕੇ 'ਚ ਕੋਈ ਕੂਕਾ ਵਸਦਾ ਹੋਵੇ ਉਸ ਵਾਸਤੇ ਜੋ ਹੁਕਮ ਜਾਰੀ ਹੋਵੇਗਾ ਉਸ ਦੇ ਮੁਤਾਬਿਕ ਅਮਲ ਕੀਤਾ ਜਾਵੇਗਾ। ਹੁਕਮ ਤੋਂ ਜਾਣੂੰ ਕਰਵਾਇਆ ਜਾਵੇ ਜੀ।

ਵਾਜਿਬ ਤੌਰ 'ਤੇ ਅਰਜ਼ ਕੀਤਾ।
ਤੇਜ ਪਰਤਾਪ ਤੇ ਹਕੂਮਤ ਦਾ ਸੂਰਜ ਹਮੇਸ਼ਾ ਚਮਕਦਾ ਰਵ੍ਹੇ !

ਦਾਸ
ਥਾਣੇਦਾਰ ਮਰਦਾਨਪੁਰ,

6 ਮਾਘ 1928
(17 ਜਨਵਰੀ 1872)

ਕੂਕਿਆਂ ਦੀ ਗ੍ਰਿਫ਼ਤਾਰੀ ਵਾਸਤੇ ਪ੍ਰਗਟ ਤੌਰ 'ਤੇ ਤਾਂ ਆਮ ਹੁਕਮ ਹੋਇਆ ਹੈ ਤੇ ਆਪਣੇ ਹੁਕਮ ਵਿੱਚ ਨਾਜ਼ਿਮ ਸਾਹਿਬ ਵੀ ਇਹੋ ਲਿਖਦੇ ਹਨ ਪਰੰਤੂ ਪਹਿਲਾਂ ਜਾਰੀ ਹੁਕਮ ਵਿੱਚ ਇਹ ਸਪਸ਼ਟ ਨਹੀਂ ਕੀਤਾ ਗਿਆ ਕਿ ਕੀ ਸਾਰੇ ਕੂਕਿਆਂ ਨੂੰ ਗ੍ਰਿਫ਼ਤਾਰ ਕਰਨਾ ਹੈ ਜਾਂ ਉਨ੍ਹਾਂ ਕੂਕਿਆਂ ਨੂੰ ਜਿਹੜੇ ਵਾਰਦਾਤ ਵਿੱਚ ਸ਼ਾਮਿਲ ਹੋਏ ਹਨ। ਜੇ ਵਾਰਦਾਤ ਵਿੱਚ ਸ਼ਾਮਿਲ ਹੋਣ ਵਾਲੇ ਗ੍ਰਿਫ਼ਤਾਰ ਕਰਨੇ ਹਨ ਤਾਂ ਉਨ੍ਹਾਂ ਨੂੰ ਕਿਸ ਪਤੇ ਟਿਕਾਣੇ ਤੇ ਸ਼ੱਕ ਵਿੱਚ ਗ੍ਰਿਫ਼ਤਾਰ ਕੀਤਾ ਜਾਵੇ। ਇਸ ਦੀ ਵਿਆਖਿਆ ਕਰਨ ਵਾਸਤੇ ਮੈਂ ਪਹਿਲਾਂ ਵੀ ਬੇਨਤੀ ਕਰ ਚੁੱਕਿਆ ਹਾਂ।

**ਸੋ ਹੁਕਮ ਹੋਇਆ ਕਿ**

ਥਾਣੇ ਵਲੋਂ ਆਏ ਕਾਗਜ਼ ਦੀ ਵਿਆਖਿਆ ਕਰਨ ਦੇ ਮਨੋਰਥ ਨਾਲ ਇਹ ਅਸਲ ਕਾਗਜ਼ ਜਨਾਬ ਨਾਜ਼ਿਮ ਸਾਹਿਬ ਦੀ ਸੇਵਾ ਵਿੱਚ ਪੇਸ਼ ਹੋਵੇ ਅਤੇ ਹੁਕਮ ਜਾਰੀ ਹੋਣ ਤੱਕ ਇਹ ਸਾਰੇ ਕੂਕੇ ਹਵਾਲਾਤ ਵਿੱਚ ਰਹਿਣ।

7 ਮਾਘ 1928.
18 ਜਨਵਰੀ 1872.

---

## 18 ਜਨਵਰੀ 1872 ਸਮਾਂ ਰਾਤ, ਦਿਨ ਵੀਰਵਾਰ, ਮੁਕਾਮ ਰਾਜਪੁਰਾ

ਸਤਿਕਾਰ ਯੋਗ ਤੇ ਸੇਵਾ ਯੋਗ ਜਨਾਬ,

ਆਦਾਬ ਅਰਜ਼ ਕਰਨ ਮਗਰੋਂ ਦਾਸ ਬੇਨਤੀ ਕਰਦਾ ਹੈ ਕਿ ਇਹ ਦਾਸ ਕੱਲ ਇਮਾਮ ਥਾਣੇਦਾਰ ਅਲੀ ਰਾਜਪੁਰਾ ਤੇ ਗੁਲਾਬ ਜਮਾਂਦਾਰ ਨਾਲ ਪਿੰਡ ਲੋਹ ਸਮੈਲੀ ਤੇ ਚਹਾਰਮੜ੍ਹੀ ਤਆਲੁੱਕਾ ਰਾਏ ਮਾਜਰਾ 'ਚ ਮੌਜੂਦ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਗਿਆ। ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਤਾਂ ਪਤਾ ਲੱਗਾ ਕਿ ਉੱਥੇ ਕੁੱਲ ਕੂਕੇ 29 ਸਨ ਪਰ ਗ੍ਰਿਫ਼ਤਾਰ 24 ਹੋਏ। ਹੋਰ ਕੋਈ ਕੂਕਾ ਉਸ ਜਗ੍ਹਾ ਦਾ ਨਹੀਂ ਸੀ। ਇੱਕ ਕੂਕਾ ਜੀਵਨ ਸਿੰਘ ਨਾਮੀ ਵਾਸੀ ਪਿੰਡ ਸਦੋਪੁਰ ਜ਼ਿਲ੍ਹਾ ਅੰਬਾਲਾ ਇਲਾਕਾ ਦੌਲਤਮਦਾਰ ਸਰਕਾਰ ਅੰਗਰੇਜ਼ ਬਹਾਦੁਰ ਗ੍ਰਿਫ਼ਤਾਰ ਹੋਇਆ। ਇਹ ਪਿੰਡ ਚਹਾਰਮੜ੍ਹੀ ਤੋਂ ਇੱਕ ਕੋਹ ਦੇ ਫ਼ਾਸਿਲੇ 'ਤੇ ਸਥਿਤ ਹੈ। ਸੋ 24 ਕੂਕਿਆਂ ਨੂੰ ਮੈਂ ਰਾਜਪੁਰੇ ਲੈ ਆਇਆ ਅਤੇ 5 ਗੈਰ ਹਾਜ਼ਿਰ ਹੋਣ ਕਾਰਨ ਨਹੀਂ ਮਿਲੇ, ਉਹ ਵੀ ਆ ਜਾਣਗੇ। ਅਜੇ ਤੱਕ ਇਹ ਸਾਬਿਤ ਨਹੀਂ ਹੋਇਆ ਕਿ ਉਹ ਕੀ ਮਸ਼ਵਰਾ ਕਰ ਰਹੇ ਸਨ। ਇੱਕ ਮਹੀਨੇ ਤੋਂ ਉਨ੍ਹਾਂ ਦਾ ਇੱਕਠ ਸੰਧੌਰਾ ਤੇ ਚਹਾਰਮੜ੍ਹੀ ਵਿੱਚ ਹੋਇਆ, ਕੋਈ ਤਿੰਨ (ਹਫ਼ਤੇ) ਹੋਏ ਪਿੰਡ ਮਲਕਪੁਰ ਜ਼ਿਲ੍ਹਾ ਅੰਬਾਲਾ 'ਚ ਅਤੇ ਥੋੜ੍ਹੇ ਦਿਨ ਹੋਏ ਉਸ ਇਲਾਕੇ ਦੇ ਪਿੰਡ ਸੌਢਾ ਵਿੱਚ ਹੋਣ ਦਾ ਪਤਾ ਲੱਗਾ ਹੈ। ਪਰ ਕੁਝ ਅਸਲੀ ਗੱਲ ਦਾ ਪਤਾ ਨਹੀਂ ਲੱਗਾ। ਇੱਕ ਆਦਮੀ ਨੇ ਦੋ ਆਦਮੀਆਂ ਭਾਵ ਗੋਪਾਲ ਸਿੰਘ ਤੇ ਨਰਾਇਣ ਸਿੰਘ ਬਾਰੇ ਦੱਸਿਆ ਕਿ ਇਹ ਦੋਵੇਂ ਦਸ ਦਿਨਾਂ ਤੋਂ ਗੁਰੂ ਰਾਮ ਸਿੰਘ ਕੋਲ ਭੈਣੀ ਵਿਖੇ ਗਏ ਸਨ ਤੇ ਵਾਪਸ ਆ ਗਏ। ਪਰ ਇਹ ਗੱਲ ਸੁਣਕੇ ਵੀ ਕੁਝ ਸਬੂਤ ਪ੍ਰਾਪਤ ਨਹੀਂ ਹੋਇਆ। ਇਨ੍ਹਾਂ ਬਾਬਤ ਜੋ ਹੁਕਮ ਹੋਵੇ ਉਸ ਦੀ ਪਾਲਣਾ ਕੀਤੀ ਜਾਵੇ , ਕੀ ਇਹ ਪਟਿਆਲੇ ਨੂੰ ਰਵਾਨਾ ਕੀਤੇ ਜਾਣ ਜਾਂ ਇੱਥੇ ਹੀ ਰੱਖੇ ਜਾਣ। ਇਲਾਕੇ ਦੇ ਥਾਣੇਦਾਰਾਂ ਨੇ ਕੂਕਿਆਂ ਨੂੰ ਰਵਾਨਾ ਕਰਨਾ ਹੈ। ਉਨ੍ਹਾਂ ਬਾਰੇ ਹੁਕਮ ਜਾਰੀ ਹੋਵੇ। ਉੱਥੇ ਕੋਈ 30 ਆਦਮੀ ਹੋਣਗੇ। ਹੁਕਮ ਸੰਬੰਧੀ ਛੇਤੀ ਸੂਚਿਤ ਕੀਤਾ ਜਾਵੇ ਜੀ।

ਜਿਆਦਾ ਲਿਖਣਾ ਅਦਬ ਦੀ ਹੱਦ ਟੱਪਣ ਹੈ।

ਰਾਧਾ ਲਾਲ
ਨਾਇਬ ਨਾਜ਼ਿਮ
ਜ਼ਿਲ੍ਹਾ ਪਿੰਜੋਰ।

## ਹੁਕਮ ਹੋਇਆ ਕਿ

ਜਵਾਬ ਲਿਖਿਆ ਜਾਵੇ ਤੇ ਸ਼ਾਮਿਲ ਮਿਸਲ ਰਹੇ।

19 ਜਨਵਰੀ 1872।

## ਸੱਈਅਦ ਮੁਹੰਮਦ ਨਾਜ਼ਿਮ ਦੇ ਹੁਕਮ ਨਾਲ ਨਿਆਂਕਾਰ ਮਹਿਕਮੇ ਦੇ ਮੀਰ ਮੁਨਸ਼ੀ ਵਲੋਂ

**ਬਹਾਦੁਰ ਥਾਣੇਦਾਰ ਰਾਜਪੁਰਾ,**

ਤੁਹਾਡਾ ਬਿਨੈ-ਪੱਤਰ ਮਿਤੀ 6 ਮਾਘ ਰਾਤ ਦੇ 8 ਵਜੇ ਮਿਲਿਆ ਜਿਸ ਵਿੱਚ ਤੁਹਾਡੇ ਵਲੋਂ ਖੁਦ ਇਲਾਕੇ ਦੇ ਪਿੰਡਾਂ ਤੇ ਪਿੰਡ ਚਹਾਰਮੜੀ 'ਚ ਗੁਲਾਬ ਚੋਬਦਾਰ ਨੇ ਮਿੱਤ ਸਿੰਘ ਸੂਬਾ ਕੂਕਾ ਤੇ ਉਹ ਦੇ ਸਾਥੀਆਂ ਸਮੇਤ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਜਾਣ, ਕੁਝ ਕੂਕਿਆਂ ਦੇ ਤਿਤੱਰ-ਬਿਤੱਰ ਹੋ ਜਾਣ, ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੇ ਇਰਾਦੇ ਬਾਰੇ ਲਿਖਿਆ ਹੋਇਆ ਸੀ। ਇਹ ਬਿਨੈ-ਪੱਤਰ ਦਾ ਵੇਰਵੇ ਸਹਿਤ ਨਿਰੀਖਣ ਕੀਤਾ ਗਿਆ।

ਸੋ ਤੁਹਾਨੂੰ ਹੁਕਮ ਹੈ ਕਿ ਜਿਹੜੇ ਕੂਕੇ ਲੋਹੜੀ ਦੇ ਮੌਕੇ ਭੈਣੀ (ਸਾਹਿਬ) ਦੇ ਅਸਥਾਨ 'ਵਿਖੇ ਰਾਮ ਸਿੰਘ ਸਤਿਗੁਰੂ ਕੋਲ ਮੇਲੇ 'ਤੇ ਇੱਕਠੇ ਹੋਏ ਹੋਣ ਉਨ੍ਹਾਂ ਨੂੰ ਗ੍ਰਿਫ਼ਤਾਰ ਕਰੋ ਅਤੇ ਜਦੋਂ ਤੱਕ ਉਹ ਆਪਣੀ ਬੇਕਸੂਰੀ ਦੇ ਸੰਬੰਧ 'ਚ ਸਬੂਤ ਨਾ ਦੇਣ, ਮਹਿਕਮਾ ਨਿਜ਼ਾਮਤ ਰਾਹੀਂ ਕੈਦ ਰੱਖੋ। ਦੂਜੇ ਹੋਰ ਕੂਕਿਆਂ ਦੀ ਕੌਮ ਦੀ ਆਮ ਤੌਰ 'ਤੇ ਗ੍ਰਿਫ਼ਤਾਰੀ ਕਰਨ ਦਾ ਇਰਾਦਾ ਨਾ ਰੱਖੋ।

18 ਜਨਵਰੀ ਸੰਨ 1872 ਈ:

---

## ਸੱਯਦ ਮੁਹੰਮਦ ਮਹਿਦੀ ਕਾਇਮ ਮੁਕਾਮ ਨਾਜ਼ਿਮ ਦੀ ਤਜਵੀਜ਼ ਨਾਲ ਮਹਿਕਮਾ ਫ਼ੌਜਦਾਰੀ ਨਿਜ਼ਾਮਤ ਅਮਰਗੜ੍ਹ ਦੀ ਰੋਬਕਾਰ

ਮਿਤੀ 6 ਮਾਘ 1928 ਮੁਤਾਬਿਕ 17 ਜਨਵਰੀ 1972.

ਅੱਜ ਮੈਨੂੰ ਬਾਹਰੋਂ ਬਾਹਰ ਇਹ ਪਤਾ ਲੱਗਿਆ ਕਿ ਪਿੰਡ ਨਿਹਮਾਲੀਪੁਰ ਤਅੱਲੁਕਾ ਸਾਹਿਬਗੜ੍ਹ, ਜਿਹੜਾ ਸਾਹਿਬਗੜ੍ਹ ਤੋਂ ਕੋਈ ਡੇਢ ਦੋ ਕੋਹ ਦੇ ਫ਼ਾਸਿਲੇ ’ਤੇ ਸਥਿਤ ਹੈ, ਦੇ ਵਾਸੀ ਬਾਅਜ਼ੇ ਬਾਅਜ਼ੇ ਕੂਕੇ ਅੱਜ ਰਾਤ ਨੂੰ ਕਿਸੇ ਕੂਕੇ ਦੇ ਘਰ ਰੋਟੀ ਵਾਸਤੇ ਇੱਕਠੇ ਹੋਣਗੇ। ਬਲਕਿ ਇਹ ਸੁਣਿਆ ਹੈ ਕਿ ਉੱਥੇ ਪੰਜਾਹ ਸੱਠ ਕੂਕਿਆਂ ਦੇ ਲੱਗਭੱਗ ਇੱਕਠੇ ਹੋਣਗੇ। ਸੋ ਮੈਂ ਇਸ ਉਡਦੀ ਖ਼ਬਰ ਦਾ ਪਤਾ ਲੱਗਣ ਸਾਰ ਥਾਣੇਦਾਰ ਸਾਹਿਬਗੜ੍ਹ ਨੂੰ ਸਖ਼ਤ ਤਾਕੀਦ ਨਾਲ ਲਿਖਿਆ ਕਿ ਜੇ ਇਹ ਗੱਲ ਸਹੀ ਹੋਵੇ ਤਾਂ ਉਹ ਜਾਤੀ ਤੌਰ ’ਤੇ ਥਾਣੇ ’ਚ ਨਿਯੁਕਤ ਸਿਪਾਹੀਆਂ, ਸਵਾਰਾਂ ਤੇ ਚੋਰਮਾਰਾਂ ਆਦਿ ਸਮੇਤ ਪਿੰਡ ਨਿਹਮਾਲੀਪੁਰ ਪੁੱਜ ਕੇ ਕੂਕਿਆਂ ਨੂੰ ਕਦੰਤ ਇੱਕਠੇ ਨਾ ਹੋਣ ਦੇਵੇ ਭਾਵ ਕੋਈ ਮਜਮ੍ਹਾ ਨਾਜਾਇਜ਼ ਤੌਰ ’ਤੇ ਜਮ੍ਹਾਂ ਨਾ ਹੋਵੇ, ਖ਼ੂਬ ਇੰਤਜ਼ਾਮ ਤੇ ਨਿਗਰਾਨੀ ਰੱਖੇ, ਨੰਬਰਦਾਰਾਂ ਤੇ ਚੌਕੀਦਾਰਾਂ ਨੂੰ ਪ੍ਰਬੰਧ ਤੇ ਨਿਗਰਾਨੀ ਰੱਖਣ ਵਾਸਤੇ ਸਖ਼ਤ ਤਾਕੀਦ ਕਰ ਦੇਵੇ ਅਤੇ ਮਹਿਕਮੇਂ ਵਿੱਚ ਇਸ ਦੀ ਫ਼ੌਰਨ ਇਤਲਾਹ ਦੇਵੇ।

ਖਮਾਣੋਂ ਤੇ ਖਮਾਣੋਂ ਦੇ ਨਾਲ ਲਗਦੇ ਪਿੰਡਾਂ ਵਿੱਚ, ਜਿੱਥੇ ਇਸੇ ਕੂਕਾ ਮਜ਼ਹਬ ਦੇ ਲੋਕ ਅਕਸਰ ਵਸਦੇ ਹਨ, ਦਾ ਵੀ ਇੰਤਜ਼ਾਮ ਕਰਨ ਵਾਸਤੇ ਖਮਾਣੋਂ ਦੇ ਤਹਿਸੀਲਦਾਰ ’ਤੇ ਥਾਣੇਦਾਰ ਨੂੰ ਲਿਖਿਆ ਗਿਆ ਸੀ। ਸੋ ਪਤਾ ਲੱਗਾ ਹੈ ਕਿ ਤਹਿਸੀਲਦਾਰ ਤੇ ਥਾਣੇਦਾਰ ਖਮਾਣੋਂ ਰਾਹੀਂ ਸਾਰੇ ਕੂਕਿਆਂ ਤੋਂ ਅੱਡ ਅੱਡ ਜ਼ਮਾਨਤ ਇਸ ਗੱਲ ਦੀ ਲਈ ਗਈ ਹੈ ਕਿ ਉਹ ਲੋਕ ਆਪਣੇ ਰਿਹਾਇਸ਼ੀ ਪਿੰਡ ਤੋਂ ਕਿਸੇ ਹੋਰ ਥਾਂ ਨਹੀਂ ਜਾਣਗੇ ਅਤੇ ਨਾ ਹੀ ਕਿਸੇ ਬਿਗਾਨੇ ਸ਼ਖ਼ਸ ਨੂੰ ਆਪਣੇ ਕੋਲ ਆਉਣ ਦੇਣਗੇ।

ਇਸ ਕੀਤੇ ਪ੍ਰਬੰਧ ਦੀ ਇਤਲਾਹ ਮਹਿਕਮਾ ਮੁਨਸ਼ੀ ਖ਼ਾਨਾ ਸ਼ਾਹੀ ਨੂੰ ਦੇਣੀ ਮੁਨਾਸਿਬ ਹੈ। ਸੋ ਅਰਜ਼ ਕੀਤਾ ਗਿਆ।

**ਹੁਕਮ ਹੋਇਆ ਕਿ**

ਇਸ ਰੋਬਕਾਰ ਦੀ ਨਕਲ ਇਤਲਾਹ ਦੇ ਤੌਰ ’ਤੇ ਮਹਿਕਮਾ ਮੁਨਸ਼ੀ ਖ਼ਾਨਾ ਸ਼ਾਹੀ ਨੂੰ ਭੇਜੀ ਜਾਵੇ।

-ਬਸ-

**ਹੁਕਮ ਹੋਇਆ ਕਿ**

ਜਵਾਬ ਲਿਖਿਆ ਜਾਵੇ ਕਿ ਤੁਸੀਂ ਜਿਹੜਾ ਪ੍ਰਬੰਧ ਕੀਤਾ ਹੈ ਬਹੁਤ ਮੁਨਾਸਿਬ ਹੈ।

18 ਜਨਵਰੀ 1872.

7 ਮਾਘ 1928.

---

**ਮੇਰੇ ਸਤਿਕਾਰ ਯੋਗ ਤੇ ਸੇਵਾ ਯੋਗ ਸੱਯਦ ਮੁਹੰਮਦ ਕਾਜ਼ਿਮ ਸਾਹਿਬ,**

ਆਦਾਬ ਅਰਜ਼ ਕਰਨ ਮਗਰੋਂ ਹਾਲ ਇਹ ਹੈ ਕਿ ਦਾਸ ਦੇ ਬਿਨੈ-ਪੱਤਰ ਦੇ ਹਵਾਲੇ ਨਾਲ ਤੁਹਾਡਾ ਕੱਲ ਦਾ ਲਿਖਿਆ ਖ਼ਤ ਪ੍ਰਾਪਤ ਹੋਇਆ। ਸਾਹਿਬ ਕਮਿਸ਼ਨਰ ਬਹਾਦੁਰ ਦੇ ਲਿਖੇ ਅਨੁਸਾਰ ਗ੍ਰਿਫ਼ਤਾਰ ਕੂਕਿਆਂ ਨੂੰ ਪੂਰੀ ਹਿਫ਼ਾਜ਼ਤ ਨਾਲ ਰੱਖਿਆ ਜਾਵੇਗਾ ਅਤੇ ਜਿਹੜੇ ਇਸ ਇਲਾਕੇ ਦੇ ਹੋਰ ਕੂਕੇ ਵਾਰਦਾਤ ਵਿੱਚ ਸ਼ਾਮਿਲ ਹਨ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਜਾਵੇਗਾ ਪਰ ਜਿਨ੍ਹਾਂ ਚਿਰ ਉਹਨਾਂ ਦੇ ਥਹੁ ਟਿਕਾਣੇ ਦਾ ਪਤਾ ਨਹੀਂ ਲੱਗਦਾ ਉਨ੍ਹਾਂ ਚਿਰ ਇਹ ਪਤਾ ਨਹੀਂ ਲੱਗ ਸਕਦਾ ਕਿ ਉਹ ਵਾਰਦਾਤ ਵਿੱਚ ਸ਼ਾਮਿਲ ਸਨ ਜਾਂ ਨਹੀਂ, ਜਿਸ ਦੀ ਵਜ੍ਹਾ ਇਹ ਹੈ ਕਿ ਅਕਸਰ ਕੂਕੇ ਇਸ ਇਲਾਕੇ 'ਚ ਨਹੀਂ ਹਨ ਪਰ ਫਿਰ ਵੀ ਤੁਹਾਡੇ ਲਿਖੇ ਮੁਤਾਬਿਕ ਅਮਲ ਹੋਵੇਗਾ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਉਲੰਘਣਾ ਹੈ।

ਦਾਸ

17 ਜਨਵਰੀ 1872. ਸੱਯਦ ਮੁਹੰਮਦ ਤਕੀ

**ਹੁਕਮ ਹੋਇਆ**

ਸ਼ਾਮਿਲ ਮਿਸਲ ਰਹੇ।

18 ਜਨਵਰੀ 1872.
7 ਮਾਘ 1928.

---

## ਮਹਾਰਾਜਾ ਪਟਿਆਲਾ ਨੂੰ ਲਿਖਿਆ ਗਿਆ ਖਤ

ਗਰੀਬ ਪਰਵਰ

ਸ੍ਰੀ ਮਾਨ ਜੀ,

ਅਲਾਉੱਦੀਨ ਥਾਣੇਦਾਰ ਭਵਾਨੀਗੜ੍ਹ ਦਾ ਖ਼ਤ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਦੇ ਨਾਮ ਪੁੱਜਾ ਜਿਸ ਦੀ ਨਕਲ ਇਸ ਬਿਨੈ-ਪੱਤਰ ਦੇ ਪਿੱਛੇ ਭੇਜੀ ਜਾ ਰਹੀ ਹੈ।

ਇਸ ਦਾਸ ਨੇ ਖ਼ਤ ਦੀ ਨਕਲ ਸੱਯਦ ਨਿਆਜ਼ ਅਲੀ ਸਾਹਿਬ ਨੂੰ ਦਿੱਤੀ ਸੀ ਅਤੇ ਅਸਲ ਖ਼ਤ ਅੱਜ ਸੁਬ੍ਹਾ ਸਵੇਰੇ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਪੇਸ਼ ਕੀਤਾ ਗਿਆ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਜਿਹੜੇ ਕੂਕੇ ਉੱਥੇ ਗ੍ਰਿਫ਼ਤਾਰ ਕੀਤੇ ਹਨ ਉਨ੍ਹਾਂ ਨੂੰ ਆਦਮੀ ਭੇਜ ਕੇ ਬੁਲਾਓ। ਸੋ ਇਸ ਦਾਸ ਨੇ ਸੱਯਦ ਮੁਹੰਮਦ ਹੁਸੈਨ ਦਰਬਾਰੀ ਨੂੰ ਉਨ੍ਹਾਂ ਚਾਰਾਂ ਸਵਾਰਾਂ, ਜਿਹੜੇ ਵਲੀ ਮੁਹੰਮਦ ਖ਼ਾਨ ਦੇ ਨਾਲ ਸਨ, ਸਮੇਤ ਭਵਾਨੀਗੜ੍ਹ ਨੂੰ ਭੇਜ ਦਿੱਤਾ। ਕਿਉਂਕਿ ਮੁਹੰਮਦ ਹੁਸੈਨ ਨੂੰ ਰਸਤੇ ਦੌਰਾਨ ਕਿਸੇ ਗੱਲ ਦਾ ਪਤਾ ਲਾਉਣ ਵਾਸਤੇ ਸਮਝਾਇਆ ਗਿਆ ਹੈ ਇਸ ਲਈ ਸ਼ਾਇਦ ਉਹ ਰਸਤੇ 'ਚ ਠਹਿਰ ਕੇ ਉੱਥੇ ਕੱਲ ਪੁੱਜੇ ਜਾਂ ਪਰਸੋਂ।

ਇਹ ਕੂਕੇ ਜਿਹੜੇ ਭਵਾਨੀਗੜ੍ਹ ਵਿਖੇ ਗ੍ਰਿਫ਼ਤਾਰ ਹਨ ਉਨ੍ਹਾਂ ਵਿੱਚੋਂ ਦੋ ਤਿੰਨ ਆਦਮੀ ਸਨ ਜਿਹੜੇ ਤੋਪ ਨਾਲ ਉਡਾਏ ਗਏ। ਯਕੀਨੀ ਤੌਰ 'ਤੇ ਇਹ ਸਾਰੇ ਮੁਜ਼ਰਿਮ ਹੋਣਗੇ। ਮੁਹੰਮਦ ਹੁਸੈਨ ਨਾਲ ਲਾਉ ਲਸ਼ਕਰ ਚਾਹੀਦਾ ਹੈ। ਸੋ ਮੈਂ ਉਮੀਦ ਕਰਦਾ ਹਾਂ ਕਿ ਉਨ੍ਹਾਂ ਦੀ ਹਿਫ਼ਾਜ਼ਤ ਵਾਸਤੇ ਪਟਿਆਲਾ ਦੇ 25 ਸਵਾਰ ਬਹੁਤ ਛੇਤੀ ਭਵਾਨੀਗੜ੍ਹ ਭੇਜ ਦਿੱਤੇ ਜਾਣ ਤਾਂ ਕਿ ਰਸਤੇ ਵਿੱਚ ਕੋਈ ਫ਼ਸਾਦੀ ਹਮਲਾ ਨਾ ਕਰ ਸਕੇ।

ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੇ ਪਰਵਾਨੇ ਦੀ ਨਕਲ ਮੁਹੰਮਦ ਹੁਸੈਨ ਨੂੰ ਦਿੱਤੀ ਗਈ ਹੈ ਨਾਲੇ ਲਿਫ਼ਾਫ਼ੇ 'ਚ ਪਾ ਕੇ ਭੇਜ ਰਿਹਾ ਹਾਂ। ਹੁਣ ਸਾਹਿਬਾਨ ਬਹਾਦੁਰ ਲੁਧਿਆਣਾ ਨੂੰ ਜਾਣ ਲਈ ਤਿਆਰ ਹਨ ਤੇ ਸਵਾਰ ਹੋਣ ਵਾਲੇ ਹਨ। ਇਹ ਦਾਸ ਵੀ ਉਨ੍ਹਾਂ ਦੇ ਨਾਲ ਲੁਧਿਆਣਾ ਨੂੰ ਜਾ ਰਿਹਾ ਹੈ।

ਜਿਹੜੀ ਗੱਲ ਮੁਨਾਸਿਬ ਸੀ ਉਹ ਅਰਜ਼ ਕਰ ਦਿੱਤੀ ਅਤੇ ਜ਼ਿਆਦਾ ਲਿਖਣਾ ਅਦਬ ਆਦਾਬ ਦੀ ਹੱਦ ਟੱਪਣ ਸਮਾਨ ਹੈ।

-ਬਸ-

ਦਾਸ

20 ਜਨਵਰੀ ਸੰਨ 1872 ਈ: ਵਕੀਲ ਲੁਧਿਆਣਾ,

## ਹੁਕਮ ਹੋਇਆ ਕਿ

ਅਸਲ ਕਾਗਜ ਲਾਲਾ ਸ਼ਗਨ ਚੰਦ ਸਾਹਿਬ ਦਫ਼ਤਰੀ ਪਾਸ ਇਸ ਗ਼ਰਜ਼ ਨਾਲ ਭੇਜ ਦਿੱਤਾ ਜਾਵੇ ਕਿ ਉਹ ਆਪਣੇ 30 ਸਵਾਰ ਭਵਾਨੀਗੜ੍ਹ ਦੇ ਥਾਣੇਦਾਰ ਕੋਲ ਰਵਾਨਾ ਕਰਕੇ ਇਤਲਾਹ ਦੇਵੇ ਤਾਂ ਕਿ ਵਕੀਲ ਨੂੰ ਜਵਾਬ ਲਿਖਿਆ ਜਾਵੇ।

23 ਜਨਵਰੀ ਸੰਨ 1872 ਈ:

---

## ਭਵਾਨੀਗੜ੍ਹ ਦੇ ਥਾਣੇਦਾਰ ਦੇ ਬਿਨੈ-ਪੱਤਰ ਦੀ ਨਕਲ

**21 ਜਨਵਰੀ 1872**

**ਮਿਤੀ 10 ਮਾਘ 1928 ਸੰਮਤ**

ਅੱਜ ਬਾਰਾਂ ਵਜੇ ਰਾਤ ਦੇ ਵਕੀਲ ਲੁਧਿਆਣਾ ਦਾ ਮਲੌਦ ਦੇ ਸਥਾਨ ਤੋਂ ਲਿਖਿਆ ਹੋਇਆ ਦਸ ਤ੍ਰੀਕ ਦਾ ਖ਼ਤ ਬਹੁਤ ਜ਼ਰੂਰੀ ਕੰਮ ਦੇ ਤੌਰ 'ਤੇ ਇਸ ਮਜ਼ਮੂਨ 'ਤੇ ਆਧਾਰਤ ਪੁੱਜਾ ਕਿ ਜਿਹੜੇ ਕੂਕੇ ਗ੍ਰਿਫ਼ਤਾਰ ਕੀਤੇ ਹਨ, ਉਨ੍ਹਾਂ ਦੀ ਪੂਰੀ ਸੰਭਾਲ ਰੱਖੋ ਅਤੇ ਉਨ੍ਹਾਂ ਨੂੰ ਲਿਆਉਣ ਵਾਸਤੇ ਮੁਹੰਮਦ ਹਸਨ ਦਰਬਾਰੀ ਰਵਾਨਾ ਹੋ ਚੁੱਕਾ ਹੈ, ਜਦੋਂ ਉਹ ਪੁੱਜੇ ਤੁਸੀਂ ਉਨ੍ਹਾਂ ਨੂੰ ਨਾਲ ਲੈ ਕੇ ਆ ਜਾਣਾ।

ਸੋ ਬੇਨਤੀ ਇਹ ਹੈ ਕਿ ਇਹ ਦਾਸ ਪਿੰਡ ਸਕਰੌਦੀ ਤੇ ਦਿਆਲਗੜ੍ਹ ਦੇ 16 ਕੂਕਿਆਂ ਦਾ, ਜਿਹੜੇ ਮੇਲੇ 'ਤੇ ਗਏ ਸਨ, ਚਾਲਾਣ ਨਿਜ਼ਾਮਤ 'ਚ ਪੇਸ਼ ਕਰ ਚੁੱਕਿਆ ਹੈ। ਸੋ ਨਿਜ਼ਾਮਤ ਵਿੱਚੋਂ ਦੋ ਆਦਮੀ ਜ਼ਮਾਨਤ 'ਤੇ ਹਨ ਅਤੇ ਬਾਕੀ ਹਵਾਲਾਤ ਵਿੱਚ ਹਨ। ਮੁਹੰਮਦ ਹਸਨ ਦਰਬਾਰੀ ਵੀ ਹੁਣ ਆਉਣਾ ਚਾਹੁੰਦਾ ਹੈ। ਇਨ੍ਹਾਂ ਕੂਕਿਆਂ ਦੀ ਰਵਾਨਗੀ ਵਾਸਤੇ ਜਿਹੜਾ ਹੁਕਮ ਵੀ ਇਸ ਦਾਸ ਨੂੰ ਜਾਰੀ ਹੋਵੇਗਾ ਉਸ 'ਤੇ ਅਮਲ ਕੀਤਾ ਜਾਵੇਗਾ। ਸਵਾਰੀ ਵਾਲੇ ਗੱਡਿਆਂ ਦਾ ਵੀ ਇੰਤਜ਼ਾਮ ਨਿਜ਼ਾਮਤ ਵਲੋਂ ਹੋ ਜਾਵੇ।

## ਨਿਜ਼ਾਮਤ ਕਰਮਗੜ੍ਹ ਦੇ ਫ਼ੌਜਦਾਰੀ ਮਹਿਕਮੇਂ ਵਲੋਂ

ਕਿਉਂਕਿ ਵਕੀਲ ਸਰਕਾਰ, ਜਿਹੜਾ ਲੁਧਿਆਣੇ ਨਿਯੁਕਤ ਹੈ, ਦੇ ਬੁਲਾਉਣ ਅਨੁਸਾਰ ਕੂਕਿਆਂ ਦਾ ਮਲੌਦ ਨੂੰ ਰਵਾਨਾ ਕੀਤਾ ਜਾਣਾ ਮੁਨਾਸਿਬ ਹੈ ਇਸ ਲਈ ਹੁਕਮ ਹੋਇਆ ਕਿਃ-

ਥਾਣੇਦਾਰ ਨੂੰ ਲਿਖਿਆ ਜਾਵੇ ਕਿ ਜਿਹੜੇ ਕੂਕੇ ਹਵਾਲਾਤ ਵਿੱਚ ਹਨ ਤੇ ਜਿਹੜੇ ਦੋ ਆਦਮੀ ਜ਼ਮਾਨਤ 'ਤੇ ਰਿਹਾ ਹਨ, ਸਾਰਿਆਂ ਨੂੰ, ਉਹ ਦਰਬਾਰੀ ਮੁਹੰਮਦ ਹਸਨ ਨਾਲ, ਲੈ ਕੇ ਮਲੌਦ ਵਿਖੇ ਹਾਜ਼ਿਰ ਹੋ ਜਾਵੇ ਅਤੇ ਤਹਿਸੀਲਦਾਰ ਨੂੰ ਲਿਖਿਆ ਜਾਵੇ ਕਿ ਥਾਣੇਦਾਰ ਦੀ ਲੋੜ ਅਨੁਸਾਰ ਇਨ੍ਹਾਂ ਕੂਕਿਆਂ ਦੀ ਰਵਾਨਗੀ ਵਾਸਤੇ ਗੱਡੇ ਦਿਵਾ ਦੇਵੇ।

ਇਸੇ ਬਿਨੈ-ਪੱਤਰ ਦੀ ਨਕਲ ਮਹਿਕਮਾ ਸਦਰ ਅਦਾਲਤ ਵਾਲਿਆਂ ਤੇ ਸ਼ਾਹੀ ਮੁਨਸ਼ੀ ਖ਼ਾਨੇ ਵਾਲਿਆਂ ਦੀ ਸੇਵਾ ਵਿੱਚ ਘੱਲੀ ਜਾਵੇ। ਇਸ ਦੀ ਇਕ ਹੋਰ ਨਕਲ ਸਿੱਧੀ ਵਿਆਖਿਆ ਸਹਿਤ ਵਜ਼ੀਰ ਸਾਹਿਬ ਬਹਾਦੁਰ ਰਿਆਸਤ ਦੀ ਸੇਵਾ ਵਿੱਚ ਪੇਸ਼ ਹੋਵੇ।

ਲਿਖਤ :- 10 ਮਾਘ ਸੰਮਤ 1828

ਮੁਤਾਬਿਕ 21 ਜਨਵਰੀ ਸੰਨ 1872 ਈਃ

---

## ਰੋਬਕਾਰ ਅਦਾਲਤ ਫ਼ੌਜਦਾਰੀ ਨਿਜ਼ਾਮਤ ਕਰਮਗੜ੍ਹ ਕਾਲੀ ਖ਼ਾਨ ਕਾਇਮ ਮੁਕਾਮ ਨਾਜ਼ਿਮ ਦੀ ਤਜਵੀਜ਼ ਨਾਲ

11 ਮਾਘ ਸੰਮਤ 1928.
22 ਜਨਵਰੀ 1872

ਇਸ ਤੋਂ ਪਹਿਲਾਂ ਇਲਾਕਾ ਭਵਾਨੀਗੜ੍ਹ ਦੇ ਪਿੰਡਾਂ ਦੇ ਕੂਕਿਆਂ ਦੀ ਗ੍ਰਿਫ਼ਤਾਰੀ ਤੇ ਉਨ੍ਹਾਂ ਦੀ ਜਾਇਦਾਦ ਦੀ ਕੁਰਕੀ ਸੰਬੰਧੀ ਥਾਣੇਦਾਰ ਦੇ ਵੇਰਵੇ ਸਹਿਤ ਬਿਨੈ-ਪੱਤਰ ਨੂੰ ਮਹਿਕਮਾਂ ਮੁਨਸ਼ੀ ਖ਼ਾਨੇ ਤੇ ਮੁੱਖ ਅਦਾਲਤ ਵਾਲਿਆਂ ਦੀ ਸੇਵਾ ਵਿੱਚ ਪੇਸ਼ ਕੀਤਾ ਜਾ ਚੁੱਕਾ ਹੈ। ਹੁਣ ਭਵਾਨੀਗੜ੍ਹ ਤੇ ਥਾਣੇਦਾਰ ਦੇ ਨਾਮ ਵਕੀਲ ਲੁਧਿਆਣਾ ਦਾ ਖ਼ਤ ਪੁੱਜਾ ਹੈ ਜਿਸ ਰਾਹੀਂ ਵਕੀਲ ਨੇ ਉਪ੍ਰੋਕਤ ਕੂਕਿਆਂ ਨੂੰ ਤਲਬ ਕੀਤਾ ਹੈ ਅਤੇ ਥਾਣੇਦਾਰ ਨੇ ਇਸ ਮਹਿਕਮੇਂ ਦੀ ਮਰਜ਼ੀ ਚਾਹੀ ਹੈ।

ਥਾਣੇਦਾਰ ਨੂੰ ਕਿਹਾ ਗਿਆ ਕਿ ਉਹ ਵਕੀਲ ਸਾਹਿਬ ਦੇ ਲਿਖੇ ਮੁਤਾਬਿਕ ਕੂਕਿਆਂ ਨੂੰ ਪੂਰੀ ਹਿਫ਼ਾਜ਼ਤ ਨਾਲ ਮਲੌਦ ਵਿਖੇ ਪਹੁੰਚਾ ਦੇਵੇ ਅਤੇ ਉਪ੍ਰੋਕਤ ਬਿਨੈ-ਪੱਤਰ ਦੀ ਨਕਲ ਵੇਰਵੇ ਸਹਿਤ ਮਹਿਕਮਾ ਮੁਨਸ਼ੀ ਖ਼ਾਨਾ ਤੇ ਮੁੱਖ ਅਦਾਲਤ ਦੇ ਹਾਕਿਮਾਂ ਦੀ ਸੇਵਾ ਵਿੱਚ ਭੇਜੀ ਸੀ, ਉਹ ਪੁੱਜ ਗਈ ਹੋਵੇਗੀ।

ਹੁਣ ਗ੍ਰਿਫ਼ਤਾਰ ਹੋਏ ਸਾਰੇ ਕੂਕੇ, ਉਨ੍ਹਾਂ ਤੇ ਜਵਾਬ ਲਿਖਣ ਮਗਰੋਂ, ਸਵਾਰਾਂ ਦੀ ਸੁਰੱਖਿਆ ਹੇਠ ਥਾਣੇਦਾਰ ਨਾਲ ਗੱਡਿਆਂ ’ਤੇ ਬੈਠਾ ਕੇ ਮਲੌਦ ਨੂੰ ਰਵਾਨਾ ਹੋ ਚੁੱਕੇ ਹਨ।

## ਹੁਕਮ ਹੋਇਆ ਕਿ

ਗ੍ਰਿਫ਼ਤਾਰ ਹੋਏ ਕੂਕਿਆਂ ਦੇ ਅਸਲ ਜਵਾਬ ਇਸ ਰੋਬਕਾਰ ਦੀ ਨਕਲ ਰਾਹੀਂ ਮਹਿਕਮਾ ਮੁਨਸ਼ੀ ਖ਼ਾਨਾ ਵਾਲਿਆਂ ਦੀ ਸੇਵਾ ਵਿੱਚ ਭੇਜ ਕੇ ਇੱਕ ਨਕਲ ਮੁੱਖ ਅਦਾਲਤ ਦੇ ਹਾਕਿਮ ਦੀ ਸੇਵਾ ਵਿੱਚ ਸੂਚਨਾ ਹਿਤ ਭੇਜੀ ਜਾਵੇ।

---

## ਅਲਾਉੱਦੀਨ ਥਾਣੇਦਾਰ ਭਵਾਨੀਗੜ੍ਹ ਦੇ ਬਿਨੈ-ਪੱਤਰ ਮਿਤੀ 11 ਮਾਘ ਸੰਮਤ 1928 ਦੀ ਨਕਲ 22 ਜਨਵਰੀ 1872

ਇਹ ਦਾਸ ਹੁਕਮ ਦੇ ਮੁਤਾਬਿਕ ਕੂਕਿਆਂ ਸਮੇਤ ਭਵਾਨੀਗੜ੍ਹ ਤੋਂ ਰਵਾਨਾ ਹੋ ਕੇ ਸੂਰਜ ਛੁਪਣ ਮਗਰੋਂ ਸੁੱਖ ਸਾਂਦ ਨਾਲ ਅਮਰਗੜ੍ਹ ਪੁੱਜਾ। ਨਿਸਾਰ ਅਲੀ ਸਾਹਿਬ ਨਾਇਬ ਨਾਜ਼ਿਮ ਅੱਜ ਸਵੇਰੇ ਸ਼ੇਰਪੁਰ ਨੂੰ ਰਵਾਨਾ ਹੋ ਗਏ। ਇੱਥੇ ਹੋਰ ਕੋਈ ਲਾਉ ਲਸ਼ਕਰ ਨਹੀਂ ਸੀ। ਜਨਾਬ ਨਾਜ਼ਿਮ ਸਾਹਿਬ ਅਮਰਗੜ੍ਹ ਦੀ ਇੱਕ ਚਿੱਠੀ ਭਵਾਨੀਗੜ੍ਹ ਦੇ ਅਸਥਾਨ ਤੋਂ ਰਸਤੇ 'ਚ ਮਨਸੂਰਪੁਰ ਵਿਖੇ ਇੱਕ ਸਵਾਰ ਦੇ ਹੱਥ ਮੇਰੇ ਕੋਲ ਪੁੱਜੀ ਜਿਸ ਵਿੱਚ ਲਿਖਿਆ ਹੋਇਆ ਸੀ ਕਿ **ਉਨ੍ਹਾਂ ਕੂਕਿਆਂ ਦੀ ਸੂਚੀ, ਜਿਹੜੇ ਤੁਸੀਂ ਗ੍ਰਿਫ਼ਤਾਰ ਕੀਤੇ ਤੇ ਲੈ ਕੇ ਰਵਾਨਾ ਹੋਏ, ਭੇਜ ਦਿਓ** ਅਤੇ ਇਹ ਸੂਚੀ ਮੇਰੇ ਕੋਲ ਨਾਭੇ ਪੁੱਜਦੀ ਕਰੋ। ਮੈਂ ਉਸੇ ਵੇਲੇ ਮਨਸੂਰਪੁਰ ਤੋਂ 19 ਜਣਿਆਂ ਦੀ ਸੂਚੀ ਉਨ੍ਹਾਂ ਕੋਲ ਭੇਜ ਦਿੱਤੀ। ਜਦੋਂ ਅਮਰਗੜ੍ਹ 10 ਕੋਹ ਰਹਿ ਗਿਆ ਉਸ ਸਮੇਂ ਉਨ੍ਹਾਂ ਦਾ ਦੂਜਾ ਖ਼ਤ ਸਵਾਰ ਰਾਹੀਂ ਮੇਰੇ ਪਾਸ ਪੁੱਜਾ ਕਿ ਤੁਸੀਂ ਰਾਤ ਨੂੰ ਨਾਭੇ ਮੈਨੂੰ ਮਿਲ ਕੇ ਜਾਣਾ ਅਤੇ ਮੈਨੂੰ ਮਿਲੇ ਬਿਨਾਂ ਅੱਗੇ ਨੂੰ ਰਵਾਨਾ ਨਾ ਹੋਣਾ। ਇਹ ਦਾਸ ਉਸੇ ਵੇਲੇ ਰਾਤ ਨੂੰ ਕੂਕਿਆਂ ਦਾ ਡੇਰਾ ਕਿਲਾ ਅਮਰਗੜ੍ਹ ਅੰਦਰ ਕਰਾਉਣ ਤੇ ਚੌਕੀ ਪਹਿਰੇ ਦਾ ਪ੍ਰਬੰਧ ਕਰਨ ਉਪ੍ਰੰਤ ਨਾਭੇ ਨੂੰ ਰਵਾਨਾ ਹੋਣਾ ਚਾਹੁੰਦਾ ਸੀ ਕਿ ਉਸੇ ਵੇਲੇ ਵਕੀਲ ਲੁਧਿਆਣਾ ਦਾ ਨਿਸਾਰ ਅਲੀ ਸਾਹਿਬ ਨਾਇਬ ਨਾਜ਼ਿਮ ਦੇ ਨਾਮ ਲਿਖਿਆ ਜ਼ਰੂਰੀ ਖ਼ਤ ਪੁੱਜਾ ਜਿਸ ਵਿੱਚ ਲਿਖਿਆ ਹੋਇਆ ਸੀ ਕਿ " ਅੱਜ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਜ਼ਿਲ੍ਹਾ ਲੁਧਿਆਣਾ ਨੇ ਮੈਨੂੰ ਬੁਲਾ ਕੇ ਫ਼ਰਮਾਇਆ ਕਿ **ਕੋਈ ਤਿੰਨ ਸੌ ਕੂਕਿਆਂ ਨੇ ਜ਼ੀਰਾ ਜ਼ਿਲਾ ਲੁਧਿਆਣਾ ਦੇ ਕੋਲ ਇੱਕਠੇ ਹੋ ਕੇ ਫ਼ੀਰੋਜ਼ਪੁਰ ਨੂੰ ਜਾਣ ਵਾਲੀ ਤਾਰ (Telegraph) ਤੋੜ ਦਿੱਤੀ ਹੈ** ਅਤੇ ਉਹ ਇੱਕਠ ਫ਼ੀਰੋਜ਼ਪੁਰ ਨੂੰ ਗਿਆ ਹੈ, ਇਸ ਲਈ ਤੁਸੀਂ ਮੀਰ ਨਿਆਜ਼ ਅਲੀ, ਅਲਾਉੱਦੀਨ ਤੇ ਤਸੱਵੁਫ਼ ਹੁਸੈਨ ਥਾਣੇਦਾਰਾਂ ਨੂੰ ਛੇਤੀ ਇਤਲਾਹ ਦੇ ਦਿਓ ਕਿ ਉਹ ਆਪਣੀਆਂ ਜਾਨਾਂ ਦੀ ਹਿਫ਼ਾਜ਼ਤ ਰੱਖਣ। ਸੋ ਇਸ ਦਾਸ ਨੇ ਉਹ ਖ਼ਤ ਮੁਹੰਮਦ ਹਸਨ ਥਾਣੇਦਾਰ ਅਨਾਹਦਗੜ੍ਹ ਕੋਲ ਸ਼ੇਰਪੁਰ ਭੇਜ ਦਿੱਤਾ। ਦਾਸ ਨੇ ਉਸ ਵੇਲੇ ਨਾਭਾ ਨੂੰ ਜਾਣਾ ਮੁਨਾਸਿਬ ਨਾ ਸਮਝਿਆ ਕਿਉਂਕਿ ਕੇਵਲ ਦਸ ਸਵਾਰ ਦਾਸ ਨਾਲ ਇੱਥੇ ਆਏ ਹਨ। ਸੋ ਸਵੇਰੇ ਇਹ ਦਾਸ ਕੁਝ ਸਵਾਰਾਂ ਸਮੇਤ ਪਹਿਲਾਂ ਨਾਜ਼ਿਮ ਸਾਹਿਬ ਅਮਰਗੜ੍ਹ ਕੋਲ ਨਾਭੇ ਜਾਵੇਗਾ ਅਤੇ ਉੱਥੇ ਹੋ ਕੇ ਫਿਰ ਅੱਗੇ ਕੋਟਲਾ ਤੇ ਲੁਧਿਆਣਾ ਨੂੰ ਰਵਾਨਾ ਹੋਵੇਗਾ।

ਹੋਰ ਦਾਸ ਦੀ ਬੇਨਤੀ ਇਹ ਹੈ ਕਿ ਜੇ ਹੋਰ ਕੁਝ ਸਵਾਰ ਪਟਿਆਲੇ ਤੋਂ ਆ ਗਏ ਹੋਣ ਤਾਂ ਉਹ ਇਸ ਦਾਸ ਕੋਲ ਆ ਜਾਣ ਕਿਉਂਕਿ ਅਹਿਮਦ ਹਸਨ ਵਕੀਲ ਨੇ ਲੁਧਿਆਣਾ ਦੇ ਵਾਸਤੇ 30 ਸਵਾਰਾਂ ਲਈ ਲਿਖਿਆ ਹੈ ਕਿ ਕੂਕਿਆਂ ਨਾਲ ਭਵਾਨੀਗੜ੍ਹ ਤੋਂ ਆਉਣ। ਯਕੀਨ ਹੈ ਕਿ ਇਸ ਦਾਸ ਦੇ ਨਾਮ ਵੀ ਅਜਿਹੇ ਜ਼ਰੂਰੀ ਹੁਕਮ ਅੱਜ ਭਵਾਨੀਗੜ੍ਹ ਆਏ ਹੋਣਗੇ। ਕਰੇਨ ਦਾ ਸਾਮਾਨ ਆਦਿ ਵੀ ਉੱਥੇ ਹੈ। ਰਾਤ ਨੂੰ ਉਨ੍ਹਾਂ ਦੀ ਸੁਰੱਖਿਆ ਉੱਥੇ ਚੰਗੀ ਤਰ੍ਹਾਂ ਰਹੇ। ਇਹ ਦਾਸ ਨਿਆਮਤਾਂ ਦੇ ਮਾਲਿਕ ਹਜ਼ੂਰ ਜਨਾਬ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਤੇਜ ਪਰਤਾਪ ਸਦਕਾ ਆਪਣੀ ਜਾਨ ਦੀ ਹਿਫ਼ਾਜ਼ਤ ਚੰਗੀ ਤਰ੍ਹਾਂ ਰੱਖੇਗਾ ਅਤੇ ਕੁਝ ਸਵਾਰ ਪਟਿਆਲੇ ਤੋਂ ਆਪਣੇ ਨਾਲ ਲੈ ਆਵੇਗਾ।

ਸੂਚਨਾ ਹਿਤ ਬੇਨਤੀ ਹੈ।

**ਨਿਜ਼ਾਮਤ ਅਮਰਗੜ੍ਹ ਦੇ ਫ਼ੌਜਦਾਰੀ ਮਹਿਕਮੇ ਵਲੋਂ ।**

ਕਿਉਂਕਿ ਥਾਣੇਦਾਰ ਦੀ ਲਿਖਤ ਤੋਂ ਅਜੇ ਤੱਕ ਇਸ ਅੱਗ ਦਾ ਬੁਝਣਾ ਮਾਲੂਮ ਨਹੀਂ ਹੁੰਦਾ ਬਲਕਿ **ਤਿੰਨ ਸੌ ਕੂਕਿਆਂ ਨੇ ਜ਼ੀਰਾ ਜ਼ਿਲਾ ਫ਼ੀਰੋਜ਼ਪੁਰ ਵਿਖੇ ਇੱਕਠਾ ਹੋ ਕੇ ਇਹ ਬੇਜਾ ਹਰਕਤ ਕੀਤੀ ਹੈ ਭਾਵ ਤਾਰ (Telegram) ਨੂੰ ਤੋੜ ਸੁੱਟਿਆ ਹੈ** ਅਤੇ ਅੱਜ ਸੱਯਦ ਅਹਿਮਦ ਹਸਨ ਵਕੀਲ ਨੇ ਲੁਧਿਆਣਾ ਵਲੋਂ ਸੱਯਦ ਅਲਾਉੱਦੀਨ ਥਾਣੇਦਾਰ ਦੇ ਨਾਮ ਆਏ ਖ਼ਤ ਨੂੰ ਵੇਖਕੇ ਪਤਾ ਲੱਗਾ ਕਿ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਜ਼ਿਲ੍ਹਾ ਲੁਧਿਆਣਾ ਨੇ ਸੱਯਦ ਤਸੱਵੁਫ਼ ਹੁਸੈਨ ਕੋਤਵਾਲ ਪਟਿਆਲਾ, ਮੀਰ ਮੁਹੰਮਦ ਹਸਨ ਥਾਣੇਦਾਰ, ਅਲਾਉੱਦੀਨ ਅਤੇ ਸੱਯਦ ਨਿਆਜ਼ ਅਲੀ ਸਾਹਿਬ ਨਾਇਬ ਨਾਜ਼ਿਮ ਦੀ ਜਾਨ ਦੀ ਹਿਫ਼ਾਜ਼ਤ ਵਾਸਤੇ ਸਖ਼ਤ ਤਾਕੀਦ ਕੀਤੀ ਹੈ। ਸੋ ਰੱਬ ਦੀ ਮਿਹਰ ਤੇ ਉੱਚੀ ਸ਼ਾਨ ਵਾਲੇ ਮਹਾਰਾਜਾ ਦੇ ਤੇਜ ਪਰਤਾਪ ਨਾਲ ਪੂਰੀ ਆਸ ਹੈ ਕਿ

-----------------------------------------------------------

ਹਰ ਤਰ੍ਹਾਂ ਨਾਲ ਮੁਕੰਮਲ ਇੰਤਜ਼ਾਮ ਰਹੇਗਾ ਪਰ ਪਹਿਲਾਂ ਕੀਤੀ ਬੇਨਤੀ ਅਨੁਸਾਰ ਸਿਪਾਹੀਆਂ ਦੀ ਪਲਟਣ ਅਜੇ ਤੱਕ ਨਹੀਂ ਪੁੱਜੀ ਅਤੇ ਰੋਬਕਾਰ ਵੀ ਆ ਜਾਣਾ ਮੁਨਾਸਿਬ ਹੈ। ਇਸ ਲਈ
**ਹੁਕਮ ਹੋਇਆ ਕਿ**

ਇਸ ਬਿਨੈ-ਪੱਤਰ ਦੀ ਨਕਲ ਇਤਲਾਹ ਦੇ ਤੌਰ 'ਤੇ ਮਹਿਕਮਾ ਮੁਨਸ਼ੀ ਖ਼ਾਨੇ ਵਾਲਿਆਂ ਦੀ ਸੇਵਾ ਵਿੱਚ ਭੇਜ ਕੇ ਉੱਚੀ ਸ਼ਾਨ ਵਾਲੇ ਹਜ਼ੂਰ ਦੀ ਸੇਵਾ ਵਿੱਚ ਵੇਰਵੇ ਸਹਿਤ ਪੇਸ਼ ਹੋਵੇ ਅਤੇ ਇਸ ਲਈ ਇੱਕ ਨਕਲ ਮੁੱਖ ਅਦਾਲਤ ਦੇ ਮਹਿਕਮੇ ਨੂੰ ਭੇਜ ਦਿੱਤੀ ਜਾਵੇ ਅਤੇ ਬੇਨਤੀ ਹੈ ਕਿ ਪਿਛਲੀ ਬੇਨਤੀ ਮੁਤਾਬਿਕ ਪਲਟਨ ਦੇ ਸਿਪਾਹੀ ਜ਼ਰੂਰ ਆ ਜਾਣੇਂ ਮੁਨਾਸਿਬ ਹਨ।

ਲਿਖਤ:- 12 ਮਾਘ ਸੰਮਤ 1928, ਮੁਤਾਬਿਕ 23 ਜਨਵਰੀ ਸੰਨ 1872 ਈ:।

## ਜਨਾਬ ਦੇ ਸਤਿਕਾਰ ਯੋਗ ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਸਾਹਿਬ,

ਅਦਬ ਆਦਾਬ ਅਰਜ਼ ਕਰਨ ਮਗਰੋਂ ਹਾਲ ਇਹ ਹੈ ਕਿ ਇਸ ਦਾਸ ਦੇ ਪਰਸੋਂ ਬਿਨੈ-ਪੱਤਰ ਰਾਹੀਂ ਬੇਨਤੀ ਕੀਤੀ ਸੀ ਕਿ ਸਰਕਾਰ ਦੇ ਇਲਾਕੇ ਦੇ ਕੂਕਿਆਂ ਦੀ ਬਿਨਾਂ ਕਾਰਨ ਗ੍ਰਿਫ਼ਤਾਰੀ ਠੀਕ ਨਹੀਂ। ਨਾਜ਼ਿਮ ਸਾਹਿਬ ਦੇ ਹੁਕਮ ਨਾਲ ਇੱਥੋਂ ਅਹਿਮਦਉੱਦੀਨ ਖਾਂ ਥਾਣੇਦਾਰ ਮਰਦਾਨਪੁਰ, ਉੱਤਮ ਸਿੰਘ ਥਾਣੇਦਾਰ ਸ਼ੇਰਪੁਰ ਤੇ ਮੁਹੰਮਦ ਤੈਹ ਥਾਣੇਦਾਰ ਅਮਰਗੜ੍ਹ ਬਾਗ਼ੀਆਂ ਦੀ ਗ੍ਰਿਫ਼ਤਾਰੀ ਵਾਸਤੇ ਭੈਣੀ ਸਾਹਿਬ ਗਏ ਸਨ। ਮੈਂ ਲਿਖਤ ਰਾਹੀਂ ਨਿਜ਼ਾਮਤ ਅਨਾਹਦਗੜ੍ਹ ਦੇ ਕੁਝ ਥਾਣੇਦਾਰਾਂ ਨੂੰ ਬੁਲਾ ਲਿਆ ਹੈ ਜਿਸ ਦੇ ਜਵਾਬ ਵਿੱਚ ਅੱਜ ਹੁਕਮ ਜਾਰੀ ਹੋਇਆ ਹੈ ਕਿ "ਤੁਹਾਡੀ ਰਾਏ ਦੁਰਸਤ ਸੀ।" ਮੁਹੰਮਦ ਤੈਹ ਥਾਣੇਦਾਰ ਸਾਰੇ ਮਾਮਲੇ ਦੀ ਵਾਕਫੀਅਤ ਰਖਦਾ ਹੈ। ਅੱਜ ਅਹਿਮਦ ਉੱਦੀਨ ਖ਼ਾਨ ਥਾਣੇਦਾਰ ਪਹੁੰਚ ਗਿਆ। ਉੱਤਮ ਸਿੰਘ ਅਜੇ ਤੱਕ ਨਹੀਂ ਆਇਆ। ਮੈਂ ਇਨ੍ਹਾਂ ਨੂੰ ਠੀਕ ਸਮਝਦੇ ਹੋਏ ਤਾਮੀਲ ਹੋਣ ਤੱਕ ਆਪਣੇ ਕੋਲ ਰੱਖ ਲਿਆ ਹੈ ਤੇ ਥੋੜ੍ਹੇ ਦਿਨਾਂ ਨੂੰ ਰਵਾਨਾ ਕਰ ਦਿੱਤਾ ਜਾਵੇਗਾ। ਇਹ ਕੂਕਿਆਂ ਦੀ ਵਾਰਦਾਤ ਦੇ ਹਾਲਾਤ ਤੋਂ ਵੀ ਜਾਣੂੰ ਹੈ ਅਤੇ ਹੋਰ ਮਾਮਲਿਆਂ ਤੋਂ ਵੀ। ਅਤੇ ਕੋਟਲੇ ਵਲੋਂ ਪਹਿਲਾਂ ਵੀ ਮੁਜ਼ਰਿਮਾਂ ਨੂੰ ਲਿਆਇਆ ਸੀ ਅਤੇ ਇੱਥੇ ਵੀ ਯਕੀਨੀ ਤੌਰ 'ਤੇ ਕੰਮ ਦਿੰਦਾ ਰਿਹਾ। ਹੁਣ ਤਹਿਰੀਰ ਤੋਂ ਹਜ਼ੂਰ ਨੂੰ ਪ੍ਰਤੱਖ ਹੋ ਗਿਆ ਹੋਵੇਗਾ ਕਿ ਇਸ ਦਾਸ ਕੋਲ 15 ਸਵਾਰ ਨਿਜ਼ਾਮਤ ਤੋਂ ਪੁੱਜ ਜਾਣਗੇ। ਅਹਿਮਦ ਉੱਦੀਨ ਖਾਂ ਦੇ ਨਾਲ ਦੇ ਪੰਜ ਸੱਤ ਸਵਾਰ ਵੀ ਮੈਂ ਰੱਖ ਲਏ ਹਨ। ਉੱਤਮ ਸਿੰਘ ਦੇ ਨਾਲ ਵੀ ਪੰਜ ਸੱਤ ਸਵਾਰ ਹਨ, ਮੈਂ ਉਨ੍ਹਾਂ ਨੂੰ ਵੀ ਰੱਖ ਲਵਾਂਗਾ। ਇੱਥੇ ਕੋਈ ਡਰ ਨਹੀਂ, ਹਜ਼ੂਰ ਤਸੱਲੀ ਰੱਖਣ। ਤਾਜ਼ਾ ਖ਼ਬਰ ਕੋਈ ਨਹੀਂ।

ਦਾਸ
ਨਿਆਜ਼ ਅਲੀ ਹੁਸੈਨ ਖਾਂ,
ਨਾਇਬ ਨਾਜ਼ਿਮ ਮੁਕਾਮ ਸ਼ੇਰਪੁਰ।
25 ਜਨਵਰੀ ਸੰਨ 1872 ਈ:

---

## ਜਨਾਬ ਸੇਵਾ ਯੋਗ ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਸਾਹਿਬ ਮੀਰ ਮੁਨਸ਼ੀ ਸਰਕਾਰ !

ਨਿਮਰਤਾ ਸਹਿਤ ਆਦਾਬ ਅਰਜ਼ ਕਰਨ ਮਗਰੋਂ ਅਸਲ ਮੁੱਦੇ ਬਾਰੇ ਬੇਨਤੀ ਕਰਦਾ ਹਾਂ ਕਿ ਤੁਹਾਡਾ ਖ਼ਤ ਰਾਤ ਦੇ 12 ਵਜੇ ਪੁੱਜਾ ਜਿਸ ਨਾਲ ਇਸ ਦਾਸ ਦਾ ਮਾਣ ਵਧਿਆ। ਤੁਹਾਡਾ ਇਹ ਖ਼ਤ, ਇਸ ਮਹਿਕਮੇ ਵਲੋਂ ਭੇਜੀ ਥਾਣੇਦਾਰ ਭਵਾਨੀਗੜ੍ਹ ਦੇ ਬਿਨੈ-ਪੱਤਰ ਦੀ ਨਕਲ, ਦੇ ਜਵਾਬ ਵਿੱਚ ਸੀ ਜਿਹੜਾ ਸੱਯਦ ਮੁਹੰਮਦ ਹੁਸੈਨ ਸਾਹਿਬ ਦਰਬਾਰੀ ਦੇ ਨਾਲ ਕੂਕਿਆਂ ਨੂੰ ਰਵਾਨਾ ਕੀਤੇ ਜਾਣ ਸੰਬੰਧੀ ਇਤਲਾਹ ਦੇ ਤੌਰ 'ਤੇ ਭੇਜਿਆ ਗਿਆ ਸੀ।

ਹਾਲ ਇਹ ਹੈ ਕਿ ਪਰਸੋਂ ਸੱਯਦ ਮੁਹੰਮਦ ਹੁਸੈਨ ਦਰਬਾਰੀ ਤੇ ਅਲਾਉੱਦੀਨ ਥਾਣੇਦਾਰ ਦੇ ਨਾਲ 19 ਕੂਕੇ ਗੱਡਿਆਂ 'ਤੇ ਸਵਾਰ ਕਰਵਾ ਕੇ, ਰਜਮੈਂਟ ਦੇ ਦਸ ਸਵਾਰਾਂ, ਥਾਣੇ ਦੇ ਸਿਪਾਹੀਆਂ ਤੇ ਚੌਕੀਦਾਰ ਆਦਿ ਸਮੇਤ ਰਵਾਨਾ ਹੋ ਚੁੱਕੇ ਹਨ। ਪਰਸੋਂ ਅਮਰਗੜ੍ਹ ਤੱਕ, ਕੱਲ ਸਵੇਰ ਵੇਲੇ ਸਾਰੇ ਕੂਕੇ ਇੱਥੇ ਸੁੱਖ ਸਾਂਦ ਨਾਲ ਆ ਚੁੱਕੇ ਸਨ। ਪਰਸੋਂ ਲਾਲਾ ਤਿਪਰ ਚੰਦ ਨਾਜ਼ਿਮ ਤੇ ਸੱਯਦ ਔਲਾਦ ਅਲੀ ਸਾਹਿਬ ਅਸਿਸਟੈਂਟ ਦੀਵਾਨ ਸਾਹਿਬ ਭਵਾਨੀਗੜ੍ਹ ਆਏ ਫਿਰ ਸੰਗਰੂਰ ਹੋਂ ਵਾਪਸ ਆ ਕੇ ਨਾਭਾ ਵਿਖੇ ਤਸ਼ਰੀਫ਼ ਲੈ ਗਏ ਹਨ। ਕੱਲ ਦੁਪਹਿਰ ਨੂੰ ਕੁਝ ਸਮਾਂ ਇੱਥੇ ਠਹਿਰੇ ਸਨ।

ਲਾਲਾ ਤਿਪਰ ਚੰਦ ਸਾਹਿਬ ਦੀ ਲਿਖਤ ਥਾਣੇਦਾਰ ਦੇ ਨਾਮ ਇਸ ਤਰ੍ਹਾਂ ਨਾਲ ਪੁੱਜੀ ਕਿ ਤੁਹਾਡਾ ਸਾਡੇ ਨਾਲ ਗੱਲਬਾਤ ਕੀਤੇ ਬਿਨਾਂ ਕੂਕਿਆਂ ਨਾਲ ਕੋਟਲਾ ਵਿਖੇ ਪੁਜਣਾ ਮੁਨਾਸਿਬ ਨਹੀਂ ਹੈ। ਸੋ ਕੱਲ ਨੂੰ ਸੱਯਦ ਅਲਾਉੱਦੀਨ ਥਾਣੇਦਾਰ, ਲਾਲਾ ਤਿਪਰ ਚੰਦ ਸਾਹਿਬ ਨਾਜ਼ਿਮ ਦੇ ਲਿਖੇ ਅਨੁਸਾਰ ਨਾਭਾ ਨੂੰ ਜਾਣਗੇ।

ਇਹ ਹਾਲ ਪ੍ਰਤੱਖ ਹੋ ਕੇ ਥਾਣੇਦਾਰ ਦੇ ਬਿਨੈ-ਪੱਤਰ ਦੀ ਨਕਲ ਹਜ਼ੂਰ ਦੀ ਸੇਵਾ ਵਿੱਚ ਭੇਜੀ ਜਾ ਚੁੱਕੀ ਹੈ।

ਜੋ ਕੁਝ ਹਾਲ ਜ਼ੀਰਾ ਜ਼ਿਲਾ ਫ਼ੀਰੋਜ਼ਪੁਰ ਵਿਖੇ ਕੂਕਿਆਂ ਦੇ ਇੱਕਠੇ ਹੋਣ ਤੇ ਜ਼ਿਲਾ ਫ਼ੀਰੋਜ਼ਪੁਰ ਵੱਲ ਤਾਰ ਤੋੜਨ ਦਾ ਪਤਾ ਲੱਗਿਆ ਸੀ, ਉਸ ਦੀ ਇਤਲਾਹ ਵੀ ਦੇ ਦਿੱਤੀ ਗਈ ਹੈ।

ਹੁਣ ਸੰਖੇਪ ਗੱਲ ਇਹ ਹੈ ਕਿ ਜਿਹੜੇ ਕੂਕੇ ਇੱਥੋਂ ਰਵਾਨਾ ਕੀਤੇ ਗਏ ਸੀ ਉਨ੍ਹਾਂ ਨੂੰ ਮੁਨਾਸਿਬ ਲਾਉ ਲਸ਼ਕਰ ਸਮੇਤ ਹਿਫ਼ਾਜ਼ਤ ਨਾਲ ਰਵਾਨਾ ਕੀਤਾ ਗਿਆ ਹੈ, ਅੱਲਾਹ ਦੇ ਫ਼ਜ਼ਲ ਨਾਲ ਕੋਟਲਾ ਵਿਖੇ ਪੁੱਜ ਜਾਣਗੇ । ਤੁਸੀਂ ਹਰ ਤਰ੍ਹਾਂ ਨਾਲ ਤਸੱਲੀ ਰੱਖੋ।

ਮੈਂ ਰਸਦ ਤੇ ਸਾਮਾਨ ਤੇ ਹੋਰ ਪ੍ਰਬੰਧ ਕਰਨ ਵਿੱਚ ਅਤਿਅੰਤ ਰੁੱਝਿਆ ਹੋਇਆ ਹਾਂ। ਰੁਪਏ ਜਾਰੀ ਕਰਨ ਦਾ ਸ਼ੁਕਰੀਆ ਅਦਾ ਨਹੀਂ ਕਰ ਸਕਦਾ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣ ਦੀ ਨਿਆਈਂ ਹੈ।

13 ਮਾਘ ਸੰਮਤ 1928 ਮੁਤਾਬਿਕ 24 ਜਨਵਰੀ 1872 ਈ:

ਦਾਸ
ਕਾਲੀ ਖ਼ਾਨ ਕਾਇਮ ਮੁਕਾਮ ਨਾਜ਼ਿਮ

---

## ਸੱਯਦ ਅਲਾਉੱਦੀਨ ਥਾਣੇਦਾਰ ਭਵਾਨੀਗੜ੍ਹ ਦੇ ਮਿਤੀ 26 ਜਨਵਰੀ ਸੰਨ 1872 ਈਃ ਨੂੰ ਲਿਖੇ ਬਿਨੈ-ਪੱਤਰ ਦੀ ਨਕਲ, ਮੁਕਾਮ ਕੋਟਲਾ

ਗ਼ਰੀਬ ਪਰਵਰ! ਸਲਾਮਤ

ਸ੍ਰੀ ਮਾਨ ਜੀ,

20 ਜਨਵਰੀ ਨੂੰ ਸੱਯਦ ਅਹਿਮਦ ਹਸਨ ਸਾਹਿਬ ਵਕੀਲ ਲੁਧਿਆਣਾ ਦਾ ਖ਼ਤ ਇਸ ਮਜ਼ਮੂਨ 'ਤੇ ਅਧਾਰਿਤ ਕਰਨੈਲ ਦੇ ਨਾਮ ਪੁੱਜਾ ਸੀ ਕਿ ਤੁਸੀਂ ਸਾਰੇ ਗ੍ਰਿਫ਼ਤਾਰ ਕੂਕਿਆਂ ਨੂੰ ਆਪਣੇ ਤੇ ਸੱਯਦ ਮੁਹੰਮਦ ਹੁਸੈਨ ਦਰਬਾਰੀ, ਜਿਹੜਾ ਤੁਹਾਡੇ ਕੋਲ ਨੂੰ ਰਵਾਨਾ ਹੋਇਆ ਹੋਇਆ ਹੈ, ਦੇ ਨਾਲ ਮਲੌਦ ਵਿਖੇ ਆ ਜਾਓ। ਸੋ 21 ਤ੍ਰੀਕ ਨੂੰ ਸ਼ਾਮ ਵੇਲੇ ਸੱਯਦ ਮੁਹੰਮਦ ਹੁਸੈਨ ਵੀ ਇਸ ਦਾਸ ਕੋਲ ਭਵਾਨੀਗੜ੍ਹ ਪੁੱਜ ਗਿਆ। ਰਾਤ ਨੂੰ ਵਕੀਲ ਲੁਧਿਆਣਾ ਦਾ ਇੱਕ ਜ਼ਰੂਰੀ ਪੱਤਰ ਇਸ ਮਜ਼ਮੂਨ 'ਤੇ ਅਧਾਰਿਤ ਆਇਆ ਕਿ ਸਾਹਿਬ ਬਹਾਦੁਰ ਨੇ ਫ਼ਰਮਾਇਆ ਹੈ ਕਿ ਫ਼ੀਰੋਜ਼ਪੁਰ ਦੀ ਤਾਰ (Telegraph) ਕੂਕਿਆਂ ਨੇ ਤੋੜ ਦਿੱਤੀ ਹੈ ਅਤੇ ਜ਼ੀਰਾ ਤੇ ਲਾਗਿਉਂ ਕੋਈ ਤਿੰਨ ਸੌ ਆਦਮੀ ਇੱਕਠੇ ਹੋ ਕੇ ਫ਼ੀਰੋਜ਼ਪੁਰ ਨੂੰ ਗਏ। ਤੁਸੀਂ ਭਾਵ ਇਹ ਦਾਸ ਤੇ ਮੁਹੰਮਦ ਹੁਸੈਨ ਤੇ ਮਨਸੂਰ ਹਸਨ ਆਪਣੀਆਂ ਜਾਨਾਂ ਦੀ ਚੰਗੀ ਤਰ੍ਹਾਂ ਹਿਫ਼ਾਜ਼ਤ ਰੱਖੋ। ਦਿਨ ਦੇ ਦਸ ਵਜੇ ਨਾਜ਼ਿਮ ਸਾਹਿਬ ਅਮਰਗੜ੍ਹ ਦਾ ਨਾਭੇ ਤੋਂ ਖ਼ਤ ਪੁੱਜਾ ਕਿ ਤੁਸੀਂ ਮੈਨੂੰ ਮਿਲੇ ਬਿਨਾਂ ਅੱਗੇ ਨੂੰ ਨਾ ਜਾਣਾ। ਸੋ ਇਹ ਦਾਸ ਨਾਭੇ ਨੂੰ ਗਿਆ ਅਤੇ ਨਾਜ਼ਿਮ ਸਾਹਿਬ ਨੂੰ ਮਿਲ ਕੇ ਸ਼ਾਮ ਨੂੰ ਵਾਪਸ ਆਇਆ। 23 ਤਰੀਕ ਨੂੰ ਉੱਥੇ ਰਿਹਾ।

24 ਤਰੀਕ ਨੂੰ ਸਯੱਦ ਅਹਿਮਦ ਹੁਸੈਨ ਸਾਹਿਬ ਵਕੀਲ ਦੇ ਲਿਖੇ ਅਨੁਸਾਰ ਕਿ ਕੋਟਲਾ ਵਿਖੇ ਸਰਦਾਰ ਨਾਰਾਇਣ ਸਿੰਘ ਸਾਹਿਬ ਅਸਿਸਟੈਂਟ ਕਮਿਸ਼ਨਰ ਜ਼ਿਲ੍ਹਾ ਲੁਧਿਆਣਾ ਪਹੁੰਚ ਗਏ ਹਨ, ਤੁਸੀਂ ਕੂਕਿਆਂ ਸਮੇਤ ਜਾ ਕੇ ਉਨ੍ਹਾਂ ਦੀ ਸੇਵਾ ਵਿੱਚ ਹਾਜ਼ਿਰ ਹੋ ਜਾਵੋ। ਅਸੀਂ ਸਰਦਾਰ ਸਾਹਿਬ ਨਾਲ ਮੁਲਾਕਾਤ ਕਰਕੇ ਬੇਨਤੀ ਕੀਤੀ। ਉਨ੍ਹਾਂ ਨੇ ਨਾਜ਼ਿਮ ਸਾਹਿਬ ਕੋਟਲਾ ਦੀ ਸਲਾਹ ਨਾਲ ਇੱਕ ਮਕਾਨ ਵਿੱਚ ਠਹਿਰਾ ਦਿੱਤਾ ਅਤੇ ਸਾਰੇ ਕੂਕੇ ਇਨ੍ਹਾਂ ਦਾਸਾਂ ਦੀ ਹਿਫ਼ਾਜ਼ਤ 'ਚ ਰਖੇ ਅਤੇ ਸਰਦਾਰ ਸਾਹਿਬ ਖ਼ੁਦ ਆ ਕੇ ਉਨ੍ਹਾਂ ਕੂਕਿਆਂ ਦੀ ਸੂਚੀ ਲੈ ਗਏ।

25 ਤਰੀਕ ਨੂੰ ਸਵੇਰੇ ਹੁਕਮ ਦਿੱਤਾ ਕਿ ਤੁਸੀਂ ਅੱਜ ਦੁਪਹਿਰ ਮਗਰੋਂ ਸਾਰੇ ਕੂਕਿਆਂ ਨੂੰ ਸਾਡੇ ਕੋਲ ਹਾਜ਼ਿਰ ਕਰੋ। ਅਸੀਂ 2 ਵਜੇ ਰਈਸ ਕੋਟਲਾ ਦੇ ਕਿਲੇ 'ਚ ਕੂਕਿਆਂ ਨੂੰ ਲੈ ਗਏ, ਜਿਥੇ ਨਵਾਬ ਸਾਹਿਬ ਤੇ ਸਾਹਿਬ ਅਸਿਸਟੈਂਟ ਕਮਿਸ਼ਨਰ ਬਹਾਦੁਰ ਠਹਿਰੇ ਹੋਏ ਸਨ। ਉਨ੍ਹਾਂ ਨੇ ਕੋਟਲੇ ਦੇ ਅਹਿਲਕਾਰਾਂ ਦੀ ਸਲਾਹ ਨਾਲ ਕੋਈ 65 ਜਣੇ ਕੋਟਲੇ ਦੇ ਸਿਪਾਹੀ ਤੇ ਮੁਲਾਜ਼ਿਮ ਬੁਲਾ ਕੇ ਸਾਰੇ ਕੂਕਿਆਂ ਨੂੰ ਸ਼ਨਾਖ਼ਤ ਕਰਵਾਇਆ ਅਤੇ ਫਿਰ **ਸ੍ਰੀਮਤੀ ਰਾਮ ਕੌਰ** ਨੂੰ ਸ਼ਨਾਖ਼ਤ ਕਰਵਾਇਆ ਜਿਹੜੀ ਗ੍ਰਿਫ਼ਤਾਰ ਸੀ ਅਤੇ ਕੋਟਲੇ ਦੇ ਫ਼ਸਾਦ ਸੰਬੰਧੀ ਫੜੀ ਗਈ ਸੀ। ਉਸ ਦੀ ਕਿਸੇ ਨੇ ਸ਼ਨਾਖ਼ਤ ਨਾ ਕੀਤੀ। ਫਿਰ ਸਾਰਿਆਂ ਤੋਂ ਦਰਿਆਫ਼ਤ ਕੀਤਾ ਕਿ ਤੁਸੀਂ ਮੇਲੇ 'ਚ ਗਏ ਸੀ ? ਉਨ੍ਹਾਂ ਨੇ ਮੰਨਿਆ ਕਿ ਅਸੀਂ ਮੇਲੇ ਤੇ ਜ਼ਰੂਰ ਗਏ ਸੀ। ਨਵਾਬ ਸਾਹਿਬ ਨੇ ਇਸ ਦਾਸ ਨੂੰ ਫ਼ਰਮਾਇਆ ਕਿ ਤੁਸੀਂ ਆਪਣੇ ਤੌਰ 'ਤੇ ਫਿਰ ਵੀ ਦਰਿਆਫ਼ਤ ਕਰ ਲਵੋ ਕਿ ਇਹ ਮੇਲੇ ਤੋਂ ਵਾਪਸ ਆਉਣ ਸਮੇਂ ਕਿਸ ਕਿਸ ਤਰੀਕ ਨੂੰ ਕਿੱਥੇ ਕਿੱਥੇ ਠਹਿਰੇ ਤੇ ਕਿਹੜੀ ਤਰੀਕ ਨੂੰ ਆਪਣੇ ਘਰੀਂ ਪੁੱਜੇ।

ਸਰਦਾਰ ਸਾਹਿਬ ਨੇ ਇੱਕ ਇੱਕ ਬਿਨੈ-ਪੱਤਰ ਸਾਹਿਬ ਕਮਿਸ਼ਨਰ ਬਹਾਦੁਰ ਅੰਬਾਲਾ ਤੇ ਡਿਪਟੀ ਕਮਿਸ਼ਨਰ ਬਹਾਦੁਰ ਲੁਧਿਆਣਾ ਦੀ ਸੇਵਾ ਵਿੱਚ ਵੇਰਵੇ ਸਹਿਤ ਹਾਲ ਲਿਖ ਕੇ ਹੁਕਮ ਜਾਰੀ ਕਰਨ ਦੀ ਬੇਨਤੀ ਕੀਤੀ ਕਿ ਇਨ੍ਹਾਂ ਲੋਕਾਂ ਦੀ ਮੇਲੇ 'ਤੇ ਜਾਣਾ ਤਾਂ ਸਾਬਿਤ ਹੁੰਦਾ ਹੈ ਪਰ ਫ਼ਸਾਦ ਵਿੱਚ ਸ਼ਾਮਿਲ ਹੋਣ ਦਾ ਕੋਈ ਸਬੂਤ ਨਹੀਂ ਹੈ। ਹੁਕਮ ਆਉਣ ਤੱਕ ਕੂਕਿਆਂ ਨੂੰ ਪਹਿਲਾਂ ਵਾਂਗ ਹੀ ਇਸ ਦਾਸ ਦੇ ਸਪੁਰਦ ਕਰ ਦਿੱਤਾ। ਹੁਣ ਹੁਕਮ ਆਉਣ ਮਗਰੋਂ ਜੋ ਕੁਝ ਵਾਪਰੇਗਾ ਉਸ ਬਾਰੇ ਬੇਨਤੀ ਕਰਾਂਗਾ।

ਦਾਸਾਨ

26 ਜਨਵਰੀ ਸੰਨ 1872 ਅਲਾਉੱਦੀਨ ਖਾਂ ਅਤੇ ਸੱਯਦ ਮੁਹੰਮਦ ਅਲੀ ਦਰਬਾਰੀ

---

ਸ੍ਰੀਮਾਨ ਜੀ,

ਇਸ ਤੋਂ ਪਹਿਲਾਂ ਇਸ ਅਸਥਾਨ ਕੋਟਲਾ ਤੋਂ ਵੇਰਵੇ ਸਹਿਤ, ਬੇਨਤੀ-ਪੱਤਰ ਹਜ਼ੂਰ ਕੋਲ ਭੇਜ ਚੁੱਕਾ ਹਾਂ।

ਕੱਲ ਸਵੇਰੇ ਜਨਾਬ ਸਾਹਿਬ ਕਮਿਸ਼ਨਰ ਬਹਾਦੁਰ ਅੰਬਾਲਾ ਦਾ ਸਰਦਾਰ ਨਰਾਇਣ ਸਿੰਘ ਐਕਸਟਰਾ ਅਸਿਸਟੈਂਟ ਕਮਿਸ਼ਨਰ ਦੇ ਨਾਮ ਇੱਕ ਖ਼ਤ ਅਤੇ ਨਾਜ਼ਿਮ ਸਾਹਿਬ ਕੋਟਲਾ ਦੇ ਨਾਮ ਪਰਵਾਨਾ ਇਸ ਮਜ਼ਮੂਨ 'ਤੇ ਆਧਾਰਿਤ ਜਾਰੀ ਹੋਇਆ ਹੈ ਕਿ ਜਿਹੜੇ 19 ਕੂਕੇ ਤੇ ਗੱਡੇ ਰਿਆਸਤ ਪਟਿਆਲਾ ਤੋਂ ਆਏ ਹਨ ਉਨ੍ਹਾਂ ਬਾਰੇ ਦਾਸਾਂਨੂੰ ਬੁਲਾਕੇ ਸਰਦਾਰ ਸਾਹਿਬ ਨੇ ਹੁਕਮ ਦਿੱਤਾ ਕਿ ਤੁਸੀਂ ਹੁਣੀ ਉਨ੍ਹਾਂਬਾਰੇ ਤਹਿਕੀਕਾਤ ਕਰਾ ਦੇਵੋ ਅਤੇ ਪਹਿਲਾਂ ਵਾਂਗ ਆਪਣੀ ਹਿਫ਼ਾਜ਼ਤ ਵਿੱਚ ਰੱਖੋ। ਬੇਨਤੀ ਕੀਤੀ ਕਿ ਵਕੀਲ ਲੁਧਿਆਣਾ ਨੇ ਕੇਵਲ ਏਨਾਂ ਲਿਖਿਆ ਹੈ ਕਿ ਤੁਸੀਂ ਇਨ੍ਹਾਂ ਕੂਕਿਆਂ ਨੂੰ ਸਰਦਾਰ ਸਾਹਿਬ ਦੀ ਸੇਵਾ ਵਿੱਚ ਪਹੁੰਚਾ ਕੇ ਆਪਣੇ ਇਲਾਕੇ ਨੂੰ ਚਲੇ ਜਾਇਉ। ਉਸਤਤ ਯੋਗ ਸਰਦਾਰ ਸਾਹਿਬ ਨੇ ਇਹ ਗੱਲ ਨਾ ਮੰਨੀ। ਦਾਸ ਨੇ ਉਸੇ ਵੇਲੇ ਵਕੀਲ ਲੁਧਿਆਣਾ ਨੂੰ ਇਹ ਹਾਲ ਲਿਖ ਦਿੱਤਾ ਅਤੇ ਕੱਲ ਤੋਂ ਅੱਜ ਸ਼ਾਮ ਤੱਕ ਸਾਰੇ 19 ਕੂਕਿਆਂ ਨੂੰ ਸਰਦਾਰ ਸਾਹਿਬ ਐਕਸਟਰਾ ਅਸਿਸਟੈਂਟ ਕਮਿਸ਼ਨਰ ਤੇ ਨਾਜ਼ਿਮ ਸਾਹਿਬ ਕੋਟਲਾ ਦੇ ਪੇਸ਼ ਕਰਕੇ ਦਰਿਆਫ਼ਤ ਕਰਵਾਇਆ ਜਾ ਚੁੱਕਿਆ ਹੈ। ਕਚਿਹਰੀ ਬਰਖ਼ਾਸਤ ਹੋਈ। ਲੁਧਿਆਣਾ ਦੇ ਵਕੀਲ ਦੇ ਭੇਜੇ ਦੋ ਸਵਾਰ ਦੋ ਲਿਫ਼ਾਫ਼ਿਆ ਸਮੇਤ ਪੁੱਜੇ ਜਿਹੜੇ ਸਰਦਾਰ ਸਾਹਿਬ ਦੇ ਨਾਮ ਲਿਖੇ ਹੋਏ ਸਨ ਅਤੇ ਇੱਕ ਚਿੱਠੀ ਇਨ੍ਹਾਂ ਦਾਸਾਂ ਦੇ ਨਾਮ ਸੀ। ਇੱਕ ਰੋਬਕਾਰ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਵੱਲੋਂ ਇਸ ਮਜਮੂੰਨ 'ਤੇ ਆਧਾਰਤ ਪਹਿਲਾਂ ਜਾਰੀ ਹੋਈ ਕਿ ਅਲਾਉੱਦੀਨ ਖ਼ਾਨ ਤੇ ਮਹੁੰਮਦ ਹਸਨ ਦਰਬਾਰੀ ਨੂੰ ਛੁੱਟੀ ਦੇ ਦਿਓ ਅਤੇ ਇਨ੍ਹਾਂ ਨੂੰ ਕਹਿ ਦਿਓ ਕਿ ਉਹ ਸਾਨੂੰ ਮਿਲ ਕੇ ਆਪਣੇ ਇਲਾਕੇ ਨੂੰ ਜਾਣ ਕਿਉਂਕਿ ਕੁਝ ਜ਼ਰੂਰੀ ਕੰਮ ਹੈ। ਦੋ ਘੜੀਆਂ ਮਗਰੋਂ ਦੂਸਰੀ ਰੋਬਕਾਰ ਇਸ ਮਜ਼ੰਮੂਨ ਤੇ ਆਧਾਰਿਤ ਉਸਤਤਯੋਗ ਸਾਹਿਬ ਦੀ ਲਿਖੀ ਹੋਈ ਖੱਤ ਆਈ ਹੈ ਕਿ ਪਟਿਆਲਾ ਤੋਂ ਆਏ 19 ਕੂਕਿਆਂ ਨੂੰ ਲੁਧਿਆਣਾ ਹੀ ਮੰਗਵਾ ਲਓ। ਇਨ੍ਹਾਂ ਦੇ ਕੋਟਲਾ ਵਿਖੇ ਰਹਿਣ ਦੀ ਕੋਈ ਲੋੜ ਨਹੀਂ ਹੈ। ਸੋ ਇਨ੍ਹਾਂ ਨੂੰ ਲੁਧਿਆਣਾ ਭੇਜ ਦਿਓ।

ਜਿਹੜਾ ਖ਼ਤ ਦਾਸਾਂ ਦੇ ਨਾਮ ਸੀ ਉਸ ਵਿੱਚ ਲਿਖਿਆ ਸੀ ਕਿ ਤੁਸੀਂ ਛੇਤੀ ਨਾਲ ਲੁਧਿਆਣਾ ਹਾਜ਼ਿਰ ਹੋ ਜਾਓ। ਫਿਰ ਸਰਦਾਰ ਸਾਹਿਬ ਨੇ ਫ਼ਰਮਾਇਆ ਕਿ ਇਨ੍ਹਾਂ ਕੂਕਿਆਂ ਨੂੰ ਤੁਸੀਂ ਆਪਣੇ ਨਾਲ ਲੈ ਜਾਵੋ। ਦਾਸ ਨੇ ਉਜ਼ਰ ਪੇਸ਼ ਕੀਤਾ ਕਿ ਦਾਸ ਇਸ ਤਰ੍ਹਾਂ ਦੋ ਦਿਨਾਂ ਵਿੱਚ ਲੁਧਿਆਣਾ ਪੁੱਜਣਗੇ ਜਦੋਂ ਕਿ ਸਾਨੂੰ ਛੇਤੀ ਹਾਜ਼ਿਰ ਹੋਣ ਦਾ ਹੁਕਮ ਹੈ। ਅਸੀਂ ਕੱਲ ਪੁੱਜ ਜਾਵਾਂਗੇ। ਫਿਰ ਸਰਦਾਰ ਸਾਹਿਬ ਨੇ ਫ਼ਰਮਾਇਆ ਕਿ ਤੁਸੀਂ ਆਪਣੇ ਸਵਾਰ ਤੇ ਦਫ਼ੇਦਾਰ ਸਾਨੂੰ ਜ਼ਰੂਰ ਦੇ ਦੇਵੋ। ਭਾਵੇਂ 10 ਸਿਪਾਹੀ ਕੋਟਲੇ ਦੇ ਵੀ ਜਾਣਗੇ ਪਰ ਉਨ੍ਹਾਂ ਦਾ ਭਰੋਸਾ ਨਹੀਂ। ਦਾਸਾਂ ਨੇ ਮਜਬੂਰ ਹੋ ਕੇ ਇਹ ਗੱਲ ਮੰਨ ਲਈ। 10 ਸਵਾਰ ਤੇ ਇੱਕ ਦਫ਼ੇਦਾਰ ਦਾਸ ਦੇ ਨਾਲ ਸਨ ਅਤੇ ਪੰਜ ਸਵਾਰ ਸੱਯਦ ਮੁਹੰਮਦ ਹਸਨ ਦੇ ਨਾਲ ਸਨ। ਕੈਦੀਆਂ ਦੇ ਨਾਲ ਜਾਣ ਵਾਸਤੇ ਇੱਕ ਦਫ਼ੇਦਾਰ ਤੇ 10 ਸਵਾਰ ਉਨ੍ਹਾਂ ਨੂੰ ਦਿੱਤੇ ਜਾਣਗੇ ਅਤੇ ਪੰਜ ਆਪਣੇ ਨਾਲ ਲੈ ਜਾਵਾਂਗੇ। ਦਾਸ ਕੈਦੀਆਂ ਨੂੰ ਸਵੇਰੇ ਰਵਾਨਾ ਕਰ ਦੇਣਗੇ ਅਤੇ ਅਸੀਂ ਲੁਧਿਆਣੇ ਨੂੰ ਰਵਾਨਾ ਹੋ ਜਾਵਾਂਗੇ। ਉੱਥੇ ਜੋ ਹਾਲਾਤ ਹੋਣਗੇ ਉਹ ਦੱਸ ਦਿੱਤੇ ਜਾਣਗੇ।

ਹੋਰ ਹਰ ਤਰ੍ਹਾਂ ਨਾਲ ਸੁੱਖ ਸਾਂਦ ਹੈ। ਕਿਸੇ ਪਾਸੇ ਤੋਂ ਕੂਕਿਆਂ ਦੀ ਕੋਈ ਤਾਜ਼ਾ ਖ਼ਬਰ ਨਹੀਂ ਆਈ। ਸੂਚਨਾ ਵੱਲੋਂ ਅਰਜ਼ ਕੀਤਾ।

ਦਾਸਾਨ

29 ਜਨਵਰੀ ਸੰਨ 1872 ਅਲਾਉੱਦੀਨ ਖਾਂ ਅਤੇ ਸੱਯਦ ਮੁਹੰਮਦ ਅਲੀ ਦਰਬਾਰੀ।

## ਜਨਾਬ ਸਤਿਕਾਰ ਯੋਗ ਮੀਰ ਮੁਹੰਮਦ ਹੁਸੈਨ ਸਾਹਿਬ ਮੀਰ ਮੁਨਸ਼ੀ

ਨਿਮਰਤਾ ਸਹਿਤ ਸਲਾਮ ਅਰਜ਼ ਕਰਨ ਮਗਰੋਂ ਬੇਨਤੀ ਹੈ ਕਿ ਤੁਹਾਡਾ ਪੱਤਰ ਪ੍ਰਾਪਤ ਹੋਇਆ ਕਿ ਹੁਣ ਅਹਿਮਦਉੱਦੀਨ ਖ਼ਾਨ ਥਾਣੇਦਾਰ ਮਰਦਾਨਪੁਰ ਨੂੰ ਰੱਖਣ ਦੀ ਜ਼ਰੂਰਤ ਨਹੀਂ ਅਤੇ ਉਸ ਨੂੰ ਰਵਾਨਾ ਕਰ ਦਿਓ।

ਹੁਕਮ ਦੇ ਮੁਤਾਬਿਕ ਅੱਜ ਅਹਿਮਦਉੱਦੀਨ ਖ਼ਾਨ ਥਾਣੇਦਾਰ ਨੂੰ ਸੱਤ ਸਵਾਰਾਂ ਸਮੇਤ, ਜਿਹੜੇ ਨਾਜ਼ਿਮ ਸਾਹਿਬ ਨੇ ਕੋਟਲਾ ਦੇ ਅਸਥਾਨ ਤੋਂ ਉਸ ਦੇ ਨਾਲ ਕਰ ਦਿੱਤੇ ਸਨ, ਰਵਾਨਾ ਕਰ ਦਿੱਤਾ। ਉਹ ਹੁਣੇ ਹੀ ਥਾਣੇ 'ਚ ਹਾਜ਼ਿਰ ਹੋ ਜਾਵੇਗਾ ਅਤੇ ਤੁਹਾਡੇ ਕੋਲ ਪਟਿਆਲਾ ਵਿਖੇ ਪੁੱਜ ਜਾਵੇਗਾ।

ਮੈਂ ਲਿਖਿਆ ਸੀ ਕਿ ਜਿਹੜੇ ਸਵਾਰ ਅਹਿਮਦਉੱਦੀਨ ਖ਼ਾਨ ਨਾਲ ਭੇਜੇ ਸਨ, ਮੈਂ ਆਪਣੇ ਕੋਲ ਲਵਾਂਗਾ, ਹੁਣ ਉਨ੍ਹਾਂ ਦੀ ਕੋਈ ਲੋੜ ਨਹੀਂ ਰਹੀ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਉਲੰਘਣ ਵਾਂਗ ਹੈ।

ਦਾਸ

30 ਜਨਵਰੀ 1872 ਈ:

ਨਿਆਜ਼ ਅਲੀ ਅਹਿਮਦ ਖ਼ਾਨ,
ਨਾਇਬ ਨਾਜ਼ਿਮ।

---

## ਮਹਾਰਾਜਾ ਪਟਿਆਲਾ ਨੂੰ ਲਿਖੀ ਹੋਈ ਚਿੱਠੀ

ਗ਼ਰੀਬ ਪਰਵਰ! ਸਲਾਮਤ !

ਸ੍ਰੀ ਮਾਨ ਜੀ,

ਕੱਲ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੇ ਸਰਦਾਰ ਨਰਾਇਣ ਸਿੰਘ ਸਾਹਿਬ ਅਸਿਸਟੈਂਟ ਕਮਿਸ਼ਨਰ, ਜਿਹੜੇ ਕੋਟਲਾ ਵਿਖੇ ਕੂਕਿਆਂ ਦੇ ਮੁੱਕਦਮੇਂ ਦੀ ਤਹਿਕੀਕਾਤ ਵਾਸਤੇ ਮੁਕੱਰਰ ਹਨ, ਦੇ ਨਾਮ ਇੱਕ ਰੋਬਕਾਰ ਇਸ ਮਜ਼ਮੂਨ ’ਤੇ ਅਧਾਰਤ ਲਿੱਖ ਦਿੱਤਾ ਕਿ ਉਹ ਮੁਹੰਮਦ ਹੁਸੈਨ ਦਰਬਾਰੀ ਤੇ ਅਲਾਉੱਦੀਨ ਨੂੰ ਬਹੁਤ ਛੇਤੀ ਇੱਥੇ ਭੇਜ ਦੇਣ ਅਤੇ ਜਿਹੜੇ ਕੂਕੇ ਮਿਲੇ ਹਨ, ਉਨ੍ਹਾਂ ਵਿੱਚੋਂ ਜਿਹੜੇ ਰਿਹਾਈ ਦੇ ਕਾਬਿਲ ਸਮਝੇ ਜਾਣ, ਉਹ ਉਨ੍ਹਾਂ ਨੂੰ ਆਪਣੇ ਇਖਤਿਆਰ ਨਾਲ ਰਿਹਾ ਨਾ ਕਰਨ ਬਲਕਿ ਜਿਸ ਇਲਾਕੇ ਦੇ ਉਹ ਵਾਸੀ ਹੋਣ, ਉਸ ਇਲਾਕੇ ਦੇ ਅਹਿਲਕਾਰਾਂ ਦੇ ਸਪੁਰਦ ਕਰ ਦੇਣ।

ਕਿਉਂਕਿ ਉਹ ਰੋਬਕਾਰ ਤਾਂ ਲਿਖਾਉਣ ਉਪ੍ਰੰਤ ਰਵਾਨਾ ਹੋ ਚੁੱਕਿਆ ਸੀ ਜਦੋਂ ਸਾਹਿਬ ਕਮਿਸ਼ਨਰ ਬਹਾਦੁਰ ਦਾ ਇਹ ਹੁਕਮ ਸਾਹਿਬ ਡਿਪਟੀ ਕਮਿਸ਼ਨਰ ਦੇ ਨਾਮ ਆਇਆ।

ਸੋ ਡਿਪਟੀ ਕਮਿਸ਼ਨਰ ਸਾਹਿਬ ਬਹਾਦੁਰ ਨੇ ਉਪ੍ਰੋਕਤ ਅਸਿਸਟੈਂਟ ਕਮਿਸ਼ਨਰ (ਨਰਾਇਣ ਸਿੰਘ) ਦੇ ਨਾਮ ਦੂਜੀ ਰੋਬਕਾਰ ਲਿਖਾ ਕੇ ਭੇਜੀ ਕਿ ਜਿਹੜੇ 19 ਕੂਕੇ ਗ੍ਰਿਫ਼ਤਾਰ ਹੋ ਕੇ ਕੋਟਲਾ ਆਏ ਹਨ ਉਨ੍ਹਾਂ ਦੀ ਕੋਈ ਤਹਿਕੀਕਾਤ ਕੋਟਲਾ ਵਿਖੇ ਨਾ ਕੀਤੀ ਜਾਵੇ ਬਲਕਿ ਉਨ੍ਹਾਂ ਨੂੰ ਲੁਧਿਆਣੇ ਭੇਜਿਆ ਜਾਵੇ।

ਐ ਮਾਲਿਕ !

ਪਹਿਲੀ ਰੋਬਕਾਰ ਤੋਂ ਥੋੜ੍ਹੀ ਦੇਰ ਮਗਰੋਂ ਦੂਸਰੀ ਰੋਬਕਾਰ ਕੋਟਲਾ ਨੂੰ ਭੇਜੀ ਗਈ। ਯਕੀਨ ਹੈ ਕਿ ਅੱਜ ਅਲਾਉੱਦੀਨ ਥਾਣੇਦਾਰ ਤੇ ਮੁਹੰਮਦ ਹੁਸੈਨ 19 ਕੂਕਿਆਂ ਸਮੇਤ ਲੁਧਿਆਣਾ ਪੁੱਜ ਜਾਣਗੇ।

ਹਜ਼ੂਰ ਨੂੰ ਇਸ ਦੀ ਇਤਲਾਹ ਦਿੱਤੀ ਗਈ ਹੈ ਅਤੇ ਜੋ ਹਾਲ ਬਾਅਦ ਵਿੱਚ ਹੋਵੇਗਾ ਉਹ ਅਰਜ਼ ਕਰ ਦਿੱਤਾ ਜਾਵੇਗਾ।

ਇੱਕ ਘੋੜਾ, ਇੱਕ ਖੱਚਰ ਤੇ ਦੋ ਟੱਟੂ ਸਰਕਾਰੀ, ਕੁਲ ਚਾਰ ਪਸ਼ੂ, ਜਿੰਨਾਂ ਨੂੰ ਇਹ ਦਾਸ ਆਪਣੇ ਨਾਲ ਲੁਧਿਆਣਾ ਲੈ ਆਇਆ ਸੀ ਉਨ੍ਹਾਂ ਵਿੱਚੋਂ 3 ਪਸ਼ੂ ਭਾਵ ਇੱਕ ਘੋੜਾ, ਇੱਕ ਖੱਚਰ ਤੇ ਇੱਕ ਟੱਟੂ ਕੁਝ ਦਿਨ ਹੋਏ ਮੈਂ ਰਵਾਨਾ ਕਰ ਚੁੱਕਿਆ ਹਾਂ। ਪਰ ਕੰਦਾ ਘੁੜਵਾਲ ਕਹਿੰਦਾ ਸੀ ਕਿ ਮੇਰਾ ਘਰ ਚੂੰਨਾ ਲਾਲ ਦੇ ਇਲਾਕੇ ’ਚ ਹੈ ਮੈਂ ਦੋ ਤਿੰਨ ਦਿਨ ਘਰ ਹੋ ਕੇ ਜਾਵਾਂਗਾ; ਸ਼ਾਇਦ ਉਹ ਆਪਣੇ ਘਰ ਹੋਵੇਗਾ ਅਤੇ ਇੱਕ ਟੱਟੂ ਕਾਰ ਸਰਕਾਰ ’ਚ ਗਿਆ ਹੋਇਆ ਹੈ। ਉਸ ਦੇ ਆਉਣ ’ਤੇ ਕੱਲ ਜਾਂ ਪਰਸੋਂ ਉਹ ਭੇਜ ਦਿੱਤਾ ਜਾਵੇਗਾ।

–ਬਸ–

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣ ਸਮਾਨ ਹੈ।

30 ਜਨਵਰੀ 1872 ਈ:

ਹਕੂਮਤ ਦਾ ਸੂਰਜ ਹਮੇਸ਼ਾ ਚਮਕਦਾ ਰਹੇ !

ਦਾਸ
ਪੁਰਾਣਾ ਨਮਕ ਪਰਵਰਦਾ,
ਸੱਯਦ ਅਹਿਮਦ ਹਸਨ,
ਵਕੀਲ ਜ਼ਿਲ੍ਹਾ ਲੁਧਿਆਣਾ।

------------------------------------------------------------------

# ਮਹਾਰਾਜਾ ਪਟਿਆਲਾ ਨੂੰ ਲਿਖੀ ਹੋਈ ਚਿੱਠੀ

ਗ਼ਰੀਬ ਪਰਵਰ! ਸਲਾਮਤ !

ਸ੍ਰੀ ਮਾਨ ਜੀ,

ਇਹ ਦਾਸ ਵੇਰਵੇ ਸਹਿਤ ਬਿਨੈ-ਪੱਤਰ ਕੋਟਲਾ ਦੇ ਅਸਥਾਨ ਤੋਂ ਹਜ਼ੂਰ ਕੋਲ ਭੇਜ ਚੁੱਕੇ ਹਨ। ਉਹ ਬਿਨੈ-ਪੱਤਰ ਤੁਹਾਡੀ ਨਿਗ੍ਹਾ 'ਚੋਂ ਲੰਘੇ ਹੋਣਗੇ।

29 ਜਨਵਰੀ ਸੰਨ 1872 ਈ: ਨੂੰ ਸਾਹਿਬ ਕਮਿਸ਼ਨਰ ਬਹਾਦੁਰ ਜ਼ਿਲ੍ਹਾ ਲੁਧਿਆਣਾ ਦੀ ਰੋਬਕਾਰ ਸਰਦਾਰ ਨਰਾਇਣ ਸਿੰਘ ਐਕਸਟਰਾ ਅਸਿਸਟੈਂਟ ਕਮਿਸ਼ਨਰ, ਜਿਹੜੇ ਕੋਟਲਾ ਵਿਖੇ ਨਿਯੁਕਤ ਹਨ, ਦੇ ਨਾਮ ਅਤੇ ਨਾਲੇ ਵਕੀਲ ਸਾਹਿਬ ਲੁਧਿਆਣਾ ਦਾ ਇਨ੍ਹਾਂ ਦਾਸਾਂ ਦੇ ਨਾਮ ਇੱਕ ਖ਼ਤ ਇਸ ਮਜ਼ਮੂਨ 'ਤੇ ਅਧਾਰਿਤ ਪੁੱਜੇ ਕਿ ਜਿਹੜੇ 19 ਕੂਕੇ ਇਲਾਕਾ ਭਵਾਨੀਗੜ੍ਹ ਤੋਂ ਆਏ ਸਨ ਉਨ੍ਹਾਂ ਨੂੰ ਜ਼ਿਲ੍ਹਾ ਲੁਧਿਆਣਾ ਵਿਖੇ ਹਾਜ਼ਿਰ ਕਰੋ।

ਸੋ ਇਹ ਦਾਸ 19 ਕੂਕਿਆਂ ਸਮੇਤ ਕੱਲ ਦੀ ਤਰੀਕ 'ਚ ਲੁਧਿਆਣਾ ਪੁੱਜੇ ਅਤੇ ਵਕੀਲ ਸਾਹਿਬ ਨੇ ਸਾਹਿਬ ਬਹਾਦੁਰ ਨਾਲ ਮੁਲਾਕਾਤ ਕੀਤੀ ਤੇ ਜਿਹੜਾ ਹਾਲ ਸਾਹਿਬ ਬਹਾਦੁਰ ਨੇ ਦਰਿਆਫ਼ਤ ਕੀਤਾ ਉਹ ਦੱਸਿਆ ਗਿਆ । ਸਾਹਿਬ ਬਹਾਦੁਰ ਫ਼ਰਮਾਉਣ ਲੱਗੇ ਕਿ ਸਾਹਿਬ ਕਮਿਸ਼ਨਰ ਅੰਬਾਲਾ ਦੀ ਚਿੱਠੀ ਸਾਡੀ ਨਾਮ ਆਈ ਹੈ। **ਉਹ ਉਨ੍ਹਾਂ ਲੋਕਾਂ ਸੰਬੰਧੀ ਸਰਸਰੀ ਤਹਿਕੀਕਾਤ ਕਰਨਗੇ ਅਤੇ ਜਿਹੜੇ ਚਾਰ ਮੁਜ਼ਰਿਮ ਕੂਕੇ ਮਲੌਦ ਦੇ ਫ਼ਸਾਦ ਵਾਲੇ ਹਮੇਸ਼ਾ ਵਾਸਤੇ ਜ਼ੇਲ ਖ਼ਾਨੇ ਵਿੱਚ ਕੈਦ ਹਨ ਉਨ੍ਹਾਂ ਦੀ ਸ਼ਨਾਖ਼ਤ ਕੀਤੀ ਜਾਵੇਗੀ, ਤੁਸੀਂ ਕੱਲ ਨੂੰ ਕਚਹਿਰੀ 'ਚ ਹਾਜ਼ਿਰ ਹੋ ਜਾਓ।**

ਸੋ ਅੱਜ ਵਕੀਲ ਸਾਹਿਬ ਤੇ ਇਹ ਦਾਸ 19 ਕੂਕਿਆਂ ਨੂੰ ਸਾਹਿਬ ਬਹਾਦੁਰ ਦੀ ਕੋਠੀ 'ਤੇ ਲੈ ਗਏ।
ਹੁਕਮ ਹੋਇਆ ਕਿ ਇਨ੍ਹਾਂ ਲੋਕਾਂ ਨੂੰ ਜੇਲ ਖ਼ਾਨੇ 'ਚ ਲੈ ਜਾਓ ਅਤੇ ਉਨ੍ਹਾਂ ਚਾਰਾਂ ਆਦਮੀਆਂ ਦੀ ਸ਼ਨਾਖ਼ਤ ਕਰਵਾਓ।

ਜੇਲ ਖ਼ਾਨੇ 'ਚ ਪਹੁੰਚਾ ਕੇ ਜਦੋਂ ਉਨ੍ਹਾਂ ਨੂੰ ਵਿਖਾਇਆ ਗਿਆ ਤਾਂ ਕਿਸੇ ਨੇ ਸ਼ਨਾਖ਼ਤ ਨਾ ਕੀਤੇ। ਅਸੀਂ ਉਨ੍ਹਾਂ ਨੂੰ ਵਾਪਸ ਲੈ ਆਏ ਅਤੇ ਉਸਤਤਯੋਗ ਸਾਹਿਬ ਨੂੰ ਬੇਨਤੀ ਕੀਤੀ। ਸਾਹਿਬ ਬਹਾਦੁਰ ਨੇ ਹੁਕਮ ਦਿੱਤਾ ਕਿ ਇਨ੍ਹਾਂ ਨੂੰ ਰਿਹਾ ਕਰ ਦਿਓ ਪਰੰਤੂ ਆਪਣੇ ਕਾਇਦੇ ਅਨੁਸਾਰ ਜ਼ਮਾਨਤ 'ਤੇ ਰਿਹਾ ਕਰਨਾ ਮੁਨਾਸਿਬ ਹੈ। ਸੋ ਵਕੀਲ ਸਾਹਿਬ ਨੇ ਉਨ੍ਹਾਂ ਸਾਰਿਆਂ ਨੂੰ ਮੁਹੰਮਦ ਅਲਾਉੱਦੀਨ ਦੇ ਸਪੁਰਦ ਕਰ ਦਿੱਤਾ। ਮਗਰੋਂ ਨਿਜ਼ਾਮਤ 'ਚ ਚਲਾਣ ਕੀਤਾ ਗਿਆ।

ਇਨ੍ਹਾਂ ਦਾਸਾਂ ਨੂੰ ਸਾਹਿਬ ਬਹਾਦੁਰ ਨੇ ਹੁਕਮ ਦਿੱਤਾ ਕਿ ਤੁਹਾਨੂੰ ਕੱਲ ਸੁਬਾ, ਨੂੰ ਵਿਦਾ ਕੀਤਾ ਜਾਵੇਗਾ। ਅਸੀਂ ਕੱਲ ਨੂੰ ਵਿਦਾ ਹੋ ਕੇ ਰਵਾਨਾ ਹੋਵਾਂਗੇ। ਹੁਣ ਇਸ ਗਰੋਹ ਦਾ ਕਿਸੇ ਪਾਸੇ ਰੌਲਾ ਰੱਪਾ ਨਹੀਂ ਹੈ।

1 ਫਰਵਰੀ ਸੰਨ 1872 ਈ:

ਦਾਸਾਨ
ਪੁਰਾਣਾ ਨਮਕ ਪਰਵਰਦਾ,
ਮੁਹੰਮਦ ਅਲਾਉੱਦੀਨ ਥਾਣੇਦਾਰ ਭਵਾਨੀਗੜ੍ਹ,
ਤੇ ਮਹੁੰਮਦ ਹੁਸੈਨ ਦਰਬਾਰੀ,
ਮੁਕਾਮ ਲੁਧਿਆਣਾ।

---

# ਮਹਾਰਾਜਾ ਪਟਿਆਲਾ ਨੂੰ ਲਿਖੀ ਹੋਈ ਚਿੱਠੀ

ਜ਼ਮਾਨੇ ਦੇ ਸਖ਼ੀ, ਗ਼ਰੀਬ ਪਰਵਰ !

ਸ੍ਰੀ ਮਾਨ ਜੀ,

ਮੈਂ ਪਹਿਲਾਂ ਕੋਟਲੇ ਤੋਂ 19 ਕੂਕਿਆਂ ਨੂੰ ਬੁਲਵਾਉਣ ਵਾਸਤੇ ਸਮੇਤ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੇ ਰੋਬਕਾਰ ਦੇ ਹਜ਼ੂਰ ਨੂੰ ਇਤਲਾਹ ਦੇ ਚੁੱਕਿਆ ਹਾਂ। ਕੱਲ ਮੀਰ ਅਲਾਉੱਦੀਨ ਤੇ ਮੁਹੰਮਦ ਹਸਨ ਦਰਬਾਰੀ, ਸਕਰੌਦੀ ਦੇ 19, ਕੂਕਿਆਂ ਸਮੇਤ ਲੁਧਿਆਣੇ ਪੁੱਜੇ।

ਸੋ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੇ ਹੁਕਮ ਅਨੁਸਾਰ ਇਹ ਦਾਸ 19 ਜਣਿਆ ਨੂੰ ਲੈ ਕੇ ਕੋਠੀ 'ਤੇ ਹਾਜ਼ਿਰ ਹੋਇਆ। ਸਾਹਿਬ ਬਹਾਦੁਰ ਨੇ ਹੁਕਮ ਦਿੱਤਾ ਕਿ ਮਲੌਦ ਦੀ ਵਾਰਦਾਤ ਵਾਲੇ 4 ਕੂਕਿਆਂ ਦਾ, ਜਿਹੜੇ ਜੇਲ ਖ਼ਾਨੇ 'ਚ ਹਮੇਸ਼ਾ ਵਾਸਤੇ ਕੈਦ ਹਨ, ਉਨ੍ਹਾਂ ਨੂੰ ਮੁਲਾਹਿਜ਼ਾ ਕਰਵਾਉ। ਜੋ ਇਹ ਦਾਸ ਅਲਾਉੱਦੀਨ ਤੇ ਮੁਹੰਮਦ ਹਸਨ ਸਮੇਤ ਉਪ੍ਰੋਕਤ 19 ਜਣਿਆਂ ਨੂੰ ਲੈ ਕੇ ਜੇਲ ਖ਼ਾਨੇ ਪੁੱਜਾ ਅਤੇ ਉਨ੍ਹਾਂ ਚਾਰਾਂ ਕੂਕਿਆਂ ਨੂੰ ਸਨਾਖ਼ਤ ਕਰਵਾਇਆ। ਉਨ੍ਹਾਂ 19 ਕੂਕਿਆਂ ਨੇ ਮਲੌਦ ਦੀ ਵਾਰਦਾਤ ਸੰਬੰਧੀ ਉਨ੍ਹਾਂ ਚਾਰਾਂ ਵਿੱਚੋਂ ਕਿਸੇ ਨੂੰ ਮੁਜ਼ਰਿਮ ਵਜੋਂ ਸਨਾਖ਼ਤ ਨਾ ਕੀਤਾ। ਇਸ ਲਈ ਇਹ ਦਾਸ ਅਲਾਉੱਦੀਨ ਥਾਣੇਦਾਰ ਤੇ ਮੁਹੰਮਦ ਹਸਨ ਸਮੇਤ ਵਾਪਸ ਆ ਕੇ ਫਿਰ ਸਾਹਿਬ ਬਹਾਦੁਰ ਕੋਲ ਹਾਜ਼ਿਰ ਹੋਇਆ ਤੇ ਹਾਲ ਦੱਸਿਆ। ਸਾਹਿਬ ਬਹਾਦੁਰ ਨੇ ਹੁਕਮ ਦਿੱਤਾ ਕਿ " ਹੁਣ ਇਨ੍ਹਾਂ 'ਤੇ ਕੋਈ ਜੁਰਮ ਸਾਬਿਤ ਨਹੀਂ ਇਸ ਲਈ ਇਨ੍ਹਾਂ ਨੂੰ ਰਿਹਾ ਕਰੋ ਅਤੇ ਥਾਣੇਦਾਰ ਤੇ ਮੁਹੰਮਦ ਹਸਨ ਨੂੰ ਅਸੀਂ ਕੱਲ 10 ਵਜੇ ਛੁੱਟੀ ਦਿਆਂਗੇ।"

ਸੋ ਅੱਜ 19 ਕੂਕਿਆਂ ਨੂੰ ਬੇੜੀਆਂ ਲਾਹਕੇ ਮੀਰ ਅਲਾਉੱਦੀਨ ਸਾਹਿਬ ਥਾਣੇਦਾਰ ਦੇ ਸਪੁਰਦ ਕਰ ਦਿੱਤਾ ਅਤੇ ਥਾਣੇਦਾਰ ਨੇ ਅੱਜ ਨਿਜ਼ਾਮਤ ਵੱਲ ਰਵਾਨਾ ਕਰ ਦਿੱਤੇ। ਸਾਹਿਬ ਬਹਾਦੁਰ ਥਾਣੇਦਾਰ ਤੇ ਮੁਹੰਮਦ ਹਸਨ ਨੂੰ ਕੱਲ ਨੂੰ ਵਿਦਾ ਕਰਨਗੇ।

ਸੋ ਇਹ ਹਾਲ ਇਤਲਾਹ ਵਜੋਂ ਹਜ਼ੂਰ ਨੂੰ ਦੱਸਿਆ।

1 ਫਰਵਰੀ ਸੰਨ 1872 ਈ:

ਦਾਸ<br>
ਪੁਰਾਣਾ ਨਮਕ ਪਰਵਰਦਾ,<br>
ਸੱਯਦ ਅਹਿਮਦ ਹਸਨ,<br>
ਵਕੀਲ ਜ਼ਿਲ੍ਹਾ ਲੁਧਿਆਣਾ।

# ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਸਾਹਿਬ ਮੀਰ ਮੁਨਸ਼ੀ,

ਸਲਾਮ !

ਰਿਆਸਤ ਕੋਟਲਾ ਦੇ ਮੁਖ਼ਤਾਰਾਂ ਅਤੇ ਆਪਣੀ ਲਿਖਤ ਰਾਹੀਂ ਸ੍ਰੀ ਮਤੀ ਰਾਮ ਕੌਰ ਪਤਨੀ ਜਵਾਹਰ ਸਿੰਘ ਰਾਮਦਾਸੀਆ ਚਮਾਰ ਵਾਸੀ ਪਿੰਡ ਬਾਲੀਆਂ ਤੇ ਵਜ਼ੀਰ ਸਿੰਘ ਜ਼ਿਮੀਦਾਰ ਵਾਸੀ ਪਿੰਡ ਘਨੌਰੀ ਨੂੰ ਮੇਰੇ ਕੋਲ ਪਹੁੰਚਾਇਆ ਹੈ। ਵਜ਼ੀਰ ਸਿੰਘ ਕੂਕਿਆਂ ਦੇ ਫ਼ਸਾਦ ਸਮੇਂ ਕੋਟਲਾ ਵਿਖੇ ਜ਼ਖ਼ਮੀ ਹੋ ਗਿਆ ਤੇ ਕਹਿੰਦਾ ਹੈ ਕਿ ਮੈਂ ਕੂਕਾ ਨਹੀਂ ਹਾਂ ਬਲਕਿ ਘਨੌਰੀ ਤੋਂ ਲੋਹਾ ਖ਼ਰੀਦਣ ਵਾਸਤੇ ਆਇਆ ਸੀ, ਜ਼ਖ਼ਮੀ ਹੋ ਗਿਆ।

ਰਾਮ ਕੌਰ ਜਵਾਹਰ ਸਿੰਘ ਕੂਕੇ ਦੀ ਪਤਨੀ ਹੈ। ਉਹ ਇਸੇ ਮਾਰਧਾੜ ਵਿੱਚ ਗ੍ਰਿਫ਼ਤਾਰ ਹੋਈ। *ਸ੍ਰੀ ਮਤੀ ਰਾਮ ਕੌਰ* ਨੂੰ ਤਾਂ ਮੈਂ ਅਮਲ ਦਰਾਮਦ ਦੇ ਮੁਤਾਬਿਕ ਉਸ ਦੇ ਸਹੁਰੇ ਕੋਲ ਪਿੰਡ ਬਾਲੀਆਂ ਭੇਜ ਦਿੱਤਾ। ਹੀਰਾ ਸਿੰਘ ਨੂੰ ਵੀ ਤਹਿਕੀਕਾਤ ਵਾਸਤੇ ਆਪਣੀ ਹਵਾਲਾਤ 'ਚ ਰੱਖਣਾ ਨਾ ਮੁਨਾਸਿਬ ਸਮਝ ਕੇ, ਕਿ ਉਹ ਬਹੁਤ ਜ਼ਿਆਦਾ ਜ਼ਖ਼ਮੀ ਤੇ ਮਰਨ ਕਿਨਾਰੇ ਸੀ, ਉਸੇ ਵੇਲੇ ਘਨੌਰੀ ਭੇਜ ਦਿੱਤਾ। ਘਨੌਰੀ ਸ਼ੇਰਪੁਰ ਤੋਂ ਚਾਰ ਕੋਹ ਦੇ ਫਾਸਿਲੇ 'ਤੇ ਸਥਿਤ ਹੈ ਉਸ ਨੂੰ ਇਸ ਖ਼ਿਆਲ ਨਾਲ ਘਨੌਰੀ ਭੇਜਿਆ ਕਿ ਇੱਕ ਤਾਂ ਇਹ ਆਪਣੇ ਵਾਰਿਸਾਂ ਕੋਲ ਪੁੱਜ ਜਾਵੇਗਾ, ਉਹ ਉਸ ਦੀ ਦੇਖਭਾਲ ਕਰਨਗੇ ਦੂਜੇ ਉਸ ਪਿੰਡ ਵਿੱਚ ਇੱਕ ਜਰੱਾਹ (ਸਰਜਨ) ਹੈ, ਇਲਾਜ ਮੁਆਲਜਾ ਵੀ ਹੁੰਦਾ ਰਹੇਗਾ।

ਅੱਜ ਸੁਜਾਨ ਸਿੰਘ, ਪੰਜਾਬ ਸਿੰਘ, ਮਾਨ ਸਿੰਘ, ਸੰਤਾ ਸਿੰਘ ਤੇ ਸੇਵਾ ਸਿੰਘ ਨੰਬਰਦਾਰਾਂ ਨੇ ਆ ਕੇ ਰਿਪੋਰਟ ਦਿੱਤੀ ਕਿ ਵਜ਼ੀਰ ਸਿੰਘ ਪਰਸੋਂ ਮਰ ਗਿਆ ਹੈ। ਨੰਬਰਦਾਰਾਂ ਤੋਂ ਇਹ ਦਰਿਆਫ਼ਤ ਕੀਤਾ ਕਿ ਉਹ ਕੂਕਾ ਸੀ ਜਾਂ ਨਹੀਂ ? ਉਹ ਉਸ ਦਾ ਕੂਕਾ ਹੋਣਾ ਲਿਖਾਉਂਦੇ ਹਨ। ਭੈਣੀ ਜਾਣ ਬਾਰੇ ਪੁਛਿਆ ਤਾਂ ਉਨ੍ਹਾਂ ਦਾ ਬਿਆਨ ਹੈ ਕਿ ਵਜ਼ੀਰ ਸਿੰਘ ਮੇਲੇ ਗਿਆ ਹੋਇਆ ਸੀ।

ਇਸ ਤੋਂ ਪਤਾ ਲੱਗਾ ਕਿ ਉਹ ਕੂਕਾ ਜ਼ਰੂਰ ਸੀ ਅਤੇ ਹੋਰਾਂ ਕੂਕਾਂ ਲੋਕਾਂ 'ਚ ਸ਼ਾਮਿਲ ਹੋ ਕੇ ਕੋਟਲੇ ਦੀ ਵਾਰਦਾਤ 'ਚ ਪੁੱਜਾ ਤੇ ਜ਼ਖ਼ਮੀ ਹੋਇਆ।

ਇਹ ਹਾਲ ਵਾਜਿਬ ਸਮਝ ਕੇ ਇਤਲਾਹ ਵਜੋਂ ਦੱਸਿਆ ਗਿਆ ਅਤੇ ਇਸ ਦੀ ਇਤਲਾਹ ਨਿਜ਼ਾਮਤ ਵਿੱਚ ਭੇਜੀ ਗਈ।

ਲਿਖਤ 26 ਮਾਘ ਸੰਮਤ 1928
ਮੁਤਾਬਿਕ 6 ਫਰਵਰੀ ਸੰਨ 1872 ਈ:

ਦਾਸ
ਨਿਆਜ਼ ਅਲੀ ਮੁਹੰਮਦ,
ਨਾਇਬ ਨਾਜ਼ਿਮ ਅਮਰਗੜ੍ਹ,
ਸ਼ੇਰਪੁਰ ਦੇ ਅਸਥਾਨ ਤੋਂ।

---------O---------

ਹੁਕਮ ਹੋਇਆ ਕਿ

ਇਸ ਦੀ ਨਕਲ ਵਕੀਲ ਲੁਧਿਆਣਾ ਕੋਲ ਭੇਜੀ ਜਾਵੇ ਤੇ ਲਿਖਿਆ ਜਾਵੇ ਕਿ ਉਹ ਸਰਦਾਰ ਨਰਾਇਣ ਸਿੰਘ ਐਕਸਟਰਾ ਅਸਿਸਟੈਂਟ ਕਮਿਸ਼ਨਰ ਕੋਟਲਾ ਨੂੰ ਇਹ ਹਾਲ ਤੋਂ ਸੂਚਿਤ ਕਰ ਦੇਵੇ।

27 ਮਾਘ ਸੰਮਤ 192

---

**ਸਤਿਕਾਰ ਯੋਗ ਜਨਾਬ ਮੀਰ ਮੁਨਸ਼ੀ ਸੱਯਦ ਮੁਹੰਮਦ ਹੁਸੈਨ ਸਾਹਿਬ**

ਅਦਬ ਆਦਾਬ ਅਰਜ਼ ਕਰਨ ਮਗਰੋਂ ਬੇਨਤੀ ਹੈ ਕਿ ਅੱਜ ਦਿਨ ਦੇ 4 ਵਜੇ ਮਗਰੋਂ ਇਹ ਦਾਸ ਜਨਾਬ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੀ ਨਿੱਜੀ ਕੋਠੀ 'ਤੇ ਹਾਜ਼ਿਰ ਹੋਇਆ ਅਤੇ ਆਪਣੇ ਆਉਣ ਦੀ ਇਤਲਾਹ ਕਰਵਾਈ। ਸਾਹਿਬ ਬਹਾਦੁਰ ਨੇ ਫੌਰਨ ਬੁਲਾ ਲਿਆ ਗਿਆ ਤੇ ਫਰਮਾਇਆ ਕਿ '' ਅਸੀਂ ਅੱਜ ਗੋਪਾਲ ਸਿੰਘ 'ਖਜ਼ਾਨਚੀ ਸੂਬਾ ' ਸਤਿਗੁਰੂ ਰਾਮ ਸਿੰਘ ਨੂੰ ਤੁਹਾਡੇ ਸਪੁਰਦ ਕੀਤਾ ਹੈ।ਉਹ ਪੰਦਰਾਂ ਸਾਲਾਂ ਤੋਂ ਸਤਿਗੁਰੂ ਰਾਮ ਸਿੰਘ ਦੇ ਘਰ ਭੈਣੀ ਵਿਖੇ ਰਹਿੰਦਾ ਸੀ। ਦਰਅਸਲ ਉਹ ਰਖੜਾ ਮੰਡਾਵਰ ਦਾ ਰਹਿਣ ਵਾਲਾ ਹੈ।ਤੁਸੀਂ ਉਸ ਨੂੰ ਮਹਾਰਾਜਾ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਰਵਾਨਾ ਕਰਕੇ ਅਹਿਲਦਾਰਾਂ ਰਾਹੀਂ ਤਸੱਲੀ ਬਖਸ਼ ਇੰਤਜ਼ਾਮ ਕਰਵਾ ਦਿਓ ਕਿ ਉਥੋਂ ਦਾ ਥਾਣੇਦਾਰ ਤੇ ਨੰਬਰਦਾਰ ਅਜਿਹੀ ਹਿਫਾਜ਼ਤ ਰੱਖਣ ਕਿ ਉਹ ਪਿੰਡ ਤੋਂ ਗੈਰ -ਹਾਜ਼ਿਰ ਨਾ ਹੋ ਸਕੇ ਅਤੇ ਕੋਈ ਫਸਾਦੀ ਲੋਕ ਇੱਕਠੇ ਹੋ ਕੇ ਉਸ ਨੂੰ ਮਿਲ ਨਾ ਸਕਣ।ਇਹ ਫਸਾਦੀਆਂ ਵਿਚੋਂ ਚੁਣਵਾਂ ਦਿਖਾਈ ਦਿੰਦਾ ਹੈ ਪਰ ਅਸੀਂ ਕਾਨੂੰਨ ਦੇ ਹੱਥੋਂ ਮਜਬੂਰ ਹਾਂ ਅਤੇ ਇਹ ਮੁੜ ਕੇ ਭੈਣੀ ਵਿਖੇ ਵੀ ਕਦੇ ਨਾ ਆਵੇ, ਇਸ ਲਈ ਇਸ ਨੂੰ ਇੱਥੋਂ ਰਵਾਨਾ ਕੀਤਾ ਜਾਂਦਾ ਹੈ ।ਪਹਿਲਾਂ ਇੱਕ ਹਫਤਾ ਹੋਇਆ ਕਾਵਨ ਸਾਹਿਬ ਬਹਾਦੁਰ ਨੇ ਪੰਜ ਸੌ ਰੁਪਏ ਦੀ ਜ਼ਮਾਨਤ ਲੈ ਕੇ ਇਸ ਨੂੰ ਰਿਹਾ ਕਰ ਦਿੱਤਾ ਸੀ ਪਰ ਇਹ ਭੈਣੀ ਨੂੰ ਚਲਾ ਗਿਆ ਸੀ ਅਤੇ ਕੂਕਾ ਲੋਕ ਉਸ ਕੋਲ ਮੁੜ ਇੱਕਠੇ ਹੋਣੇ ਸ਼ੁਰੂ ਹੋ ਗਏ ਸਨ।ਇਸ ਵਾਸਤੇ ਇਸ ਇੰਤਜ਼ਾਮ ਕੀਤਾ ਗਿਆ।

-ਬਸ -

ਇਤਲਾਹ ਵਜੋਂ ਪਹਿਲਾਂ ਅਰਜ਼ ਕਰਦਾ ਹਾਂ ਕਿ ਉਹ ਹੁਣ ਤੱਕ ਮੇਰੇ ਕੋਲ ਨਹੀਂ ਪੁੱਜਾ। ਸ਼ਾਇਦ ਪੁਲਿਸ ਤੋਂ ਡਰ ਕੇ ਆ ਜਾਵੇ ।ਉਸੇ ਵਕਤ ਪਟਿਆਲੇ ਨੂੰ ਰਵਾਨਾ ਹੋਵੇਗਾ।

ਪਰੰਤੂ ਇਸ ਦਾਸ ਨੇ ਵੀ ਇਸ ਸਖਸ ਬਾਰੇ ਅਜਿਹੀਆਂ ਅਫਵਾਹਾਂ ਸੁਣੀਆਂ ਹਨ ਅਤੇ ਕਰਨੈਲ ਪਾਰਕਰ ਸਾਹਿਬ ਸੁਪਰਡੈਂਟ ਐਨਾ ਬੇਜਾ ਸ਼ੁਬਾ ਕਰਦੇ ਹਨ ਜਿਸ ਦਾ ਹਿਸਾਬ ਨਹੀਂ । ਇਹ, ਨਿਰਸੰਦੇਹ , ਬੇਜਾ ਸ਼ੁਬਾ ਦੇ ਲਾਇਕ ਹੈ ਹੀ। ਇਸ ਤੋਂ ਮੁੜ ਕੇ ਨਵੇਂ ਫਸਾਦ ਦਾ ਡਰ ਪ੍ਰਤੀਤ ਹੁੰਦਾ ਹੈ। ਇਹ ਸ਼ਖਸ ਉਨ੍ਹਾਂ ਵਿਚੋਂ ਲਾਸਾਨੀ ਸੀ ਪਰ ਰੱਬ ਜਾਣੇ ਕਿਸ ਵਾਸਤੇ ਤੇ ਕਿਸ ਕਾਨੂੰਨ ਤੋਂ ਬੇਬਸ ਹੋ ਕੇ ਉਸ ਨੂੰ ਜ਼ਮਾਨਤ ਲੈ ਕੇ ਰਿਹਾ ਕੀਤਾ ਸੀ। ਹੁਣ ਉਸ ਨੂੰ ਮੁੜ ਕੈਦ ਕਰਕੇ ਇਸ ਦਾਸ ਦੇ ਸਪੁਰਦ ਕੀਤਾ ਹੈ ਅਤੇ ਇਸ ਵਾਸਤੇ ਸਖਤ ਤਾਕੀਦ ਫਰਮਾਈ ਹੈ।

14 ਫਰਵਰੀ 1872

ਸਮਾਂ ਦਸ ਵਜੇ ਰਾਤ

ਦਾਸ

ਅਹਿਮਦ ਹਸਨ ਵਕੀਲ ਲੁਧਿਆਣਾ।

# ਲੁਕਿਆ ਸੱਚ

---

**ਖਲੀਫਾ ਸੱਯਦ ਮੁਹੰਮਦ ਹੁਸੈਨ ਮੀਰ ਮੁਨਸੀ ਦੀ ਤਜਵੀਜ ਅਨੁਸਾਰ 6 ਫਰਵਰੀ 1872 ਨੂੰ ਜਾਰੀ ਹੋਏ ਹੁਕਮ ਦੀ ਨਕਲ ਜਿਸ ਦੇ ਰਾਹੀਂ ਹੇਠ ਲਿਖੇ ਕਾਗਜ਼ਾਂ ਦੀਆਂ ਨਕਲਾਂ ਵੇਰਵੇ ਸਹਿਤ ਵਕੀਲ ਅੰਬਾਲਾ ਕੋਲ ਭੇਜੀਆਂ ਗਈਆਂ।**

1. ਬਿਨੈ-ਪੱਤਰ ਥਾਣੇਦਾਰ ਰਾਜਪੁਰਾ ਮਿਤੀ 7 ਮਾਘ ਸੰਮਤ 1928
2. ਖ਼ਤ ਰਾਧਾ ਲਾਲ ਨਾਇਬ ਨਾਜ਼ਿਮ ਮਿਤੀ 17 ਜਨਵਰੀ ਸੰਨ 1872 ਈ:
3. ਮਰਦਾਨਪੁਰ ਦੇ ਥਾਣੇਦਾਰ ਦਾ ਬਿਨੈ-ਪੱਤਰ ਮਿਤੀ 6 ਮਾਘ ਸੰਮਤ 1928

ਇਹ ਨਕਲਾਂ ਜਿਹੜੀਆਂ ਮਿਸਲ 'ਚੋਂ ਕਰਾਈਆਂ ਗਈਆਂ ਹਨ ਇਸ ਪੱਤਰ ਨਾਲ ਵਕੀਲ ਅੰਬਾਲਾ ਕੋਲ ਭੇਜੀਆਂ ਜਾਣ ਤਾਂ ਕਿ ਉਹ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੂੰ ਇਹ ਹਾਲ ਸੁਣਾ ਸਕਣ ਕਿ ਉਨ੍ਹਾਂ ਪਿੰਡਾਂ ਤੋਂ, ਜਿਹੜੇ ਅੰਬਾਲੇ ਨਾਲ ਲੱਗਦੇ ਤੁਹਾਡੇ ਇਲਾਕੇ ਦੇ ਹਨ ਤੇ ਜਿਹੜੇ ਪਿੰਡ ਜ਼ਿਲ੍ਹਾ ਅੰਬਾਲਾ ਨਾਲ ਸੰਬੰਤ ਹਨ, ਕੂਕਿਆਂ ਦੇ ਫ਼ਿਰਕੇ ਦੇ ਲੋਕਾਂ ਦਾ ਮਲੌਦ ਅਤੇ ਕੋਟਲਾ ਦੀ ਵਾਰਦਾਤ ਵਿੱਚ ਕਿਸੇ ਕਿਸਮ ਦੀ ਕਾਨਾ ਫੂਸੀ, ਸਲਾਹ ਮਸ਼ਵਰਾ ਤੇ ਸ਼ਾਮਿਲ ਹੋਣ ਬਾਰੇ ਪਤਾ ਲੱਗਿਆ ਹੈ। ਇਸੇ ਕਰਕੇ ਅਸੀਂ ਇਹ ਗੱਲ ਸੁਣ ਕੇ ਤੁਹਾਥੋਂ ਬਾਹਿਰ ਦੀ ਬਾਹਿਰ ਇਨ੍ਹਾਂ ਲੋਕਾਂ ਦੀ ਖੋਜ ਤੇ ਗ੍ਰਿਫ਼ਤਾਰੀ ਦੀ ਕੋਸ਼ਿਸ਼ ਕੀਤੀ ਸੀ ਪਰ ਉਨ੍ਹਾਂ ਦਾ ਕੁਝ ਪਤਾ ਨਹੀਂ ਲੱਗਾ। ਭਾਵੇਂ ਤੁਹਾਡੇ ਇਲਾਕੇ ਵਿੱਚ ਇਨ੍ਹਾਂ ਕੂਕਿਆਂ ਦਾ ਕੁਝ ਪਤਾ ਨਹੀਂ ਲੱਗਾ ਫਿਰ ਵੀ ਸ਼ਾਇਦ ਤਹਿਕੀਕਾਤ ਕਰਾਉਣ ਤੇ ਨਿਗਰਾਨੀ ਰੱਖਣ ਉਪ੍ਰੰਤ ਜਨਾਬ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਅੰਬਾਲਾ ਅਤੇ ਜ਼ਿਲ੍ਹਾ ਅੰਬਾਲਾ ਦੇ ਪੁਲਿਸ ਅਫ਼ਸਰਾਂ ਨੂੰ ਕੁਝ ਪਤਾ ਲੱਗ ਜਾਵੇ।

ਸੋ ਜੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਤੇ ਸਾਹਿਬ ਸੁਪਰਡੈਂਟ ਪੁਲਿਸ ਨੂੰ ਇਨ੍ਹਾਂ ਕੂਕਿਆਂ ਦੇ ਦਰਿਆਫ਼ਤ ਕਰਨ ਦੀ ਗੱਲ ਚੰਗੀ ਲੱਗੇ ਤਾਂ ਉਪ੍ਰੋਕਤ ਸਾਹਿਬਾਨ ਆਪਣੇ ਇਲਾਕੇ 'ਚ ਦਰਿਆਫ਼ਤ ਕਰ ਸਕਦੇ ਹਨ ਅਤੇ ਜਿਹੜੀ ਕਿਸਮ ਦੀ ਮਦਦ ਵੀ ਸਾਥੋਂ ਮੰਗੋਗੇ ਉਹ ਦਿੱਤੀ ਜਾਵੇਗੀ । ਵਕੀਲ ਬਾਅਦ ਤਾਮੀਲ ਰਿਪੋਟ ਕਰੇ।

ਜਿਹੜੀ ਚਿੱਠੀ ਵਕੀਲ ਅੰਬਾਲਾ ਕੋਲ ਡਿਪਟੀ ਕਮਿਸ਼ਨਰ ਅੰਬਾਲਾ ਤੇ ਸੁਪਰਡੈਂਟ ਪੁਲਿਸ ਦੇ ਕੋਸ਼ਿਸ਼ ਵਿੱਚ ਲਿਆਉਣ ਵਾਸਤੇ ਭੇਜੀ ਸੀ ਉਸ ਦਾ ਵਕੀਲ ਅੰਬਾਲਾ ਵਲੋਂ ਉਤੱਰ)

ਹਜ਼ੂਰ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਇਹ ਕਾਗਜ਼ਾਤ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੂੰ ਸੁਣਾਏ ਗਏ ਤੇ ਇਨ੍ਹਾਂ ਦਾ ਮੁਲਾਹਿਜ਼ਾ ਕਰਵਾਇਆ ਗਿਆ। ਸਾਹਿਬ ਬਹਾਦੁਰ ਨੇ ਹੁਕਮ ਦਿੱਤਾ ਕਿ ਇਸ ਗੱਲ ਦਾ ਸਾਹਿਬ ਸੁਪਰਡੈਂਟ ਬਹਾਦੁਰ ਪੁਲਿਸ ਰਾਹੀਂ ਪ੍ਰਬੰਧ ਹੋ ਰਿਹਾ ਹੈ, ਜੇ ਕਿਸੇ ਮਦਦ ਦੀ ਲੋੜ ਪਵੇਗੀ ਤਾਂ ਮਦਦ ਵੀ ਲਈ ਜਾਵੇਗੀ ਅਤੇ ਮੈਨੂੰ ਉਮੀਦ ਹੈ ਕਿ ਇਸ ਮਾਮਲੇ 'ਚ ਪਟਿਆਲਾ ਦੇ ਅਹਿਲਕਾਰਾਂ ਦੀ ਕੋਸ਼ਿਸ਼ ਵੀ ਵਧੇਰੇ ਕਰਕੇ ਅਸਰ ਅੰਦਾਜ਼ ਹੋਵੇਗੀ ਕਿਉਂਕਿ ਉਹ ਅਤਿਅੰਤ ਤਨਦਿਹੀ ਨਾਲ ਕੋਸ਼ਿਸ਼ ਕਰ ਰਹੇ ਹਨ।

ਸੋ ਸੂਚਨਾ ਹਿਤ ਅਰਜ਼ ਕੀਤੀ ਗਈ।

27 ਫਰਵਰੀ ਸੰਨ 1872 ਈ: ਦਾਸ

ਵਕੀਲ ਅੰਬਾਲਾ

ਇਤਲਾਹ ਵਜੋਂ ਵਜ਼ੀਰ ਸਾਹਿਬ ਦੀ ਸੇਵਾ ਵਿੱਚ ਪੇਸ਼ ਹੋਵੇ।

28 ਫਰਵਰੀ ਸੰਨ 1872 ਈ:

# ਲੁਕਿਆ ਸੱਚ

---

**ਜਨਾਬ ਦਾਸ ਦੇ ਸੇਵਾ ਯੋਗ ਤੇ ਸਤਿਕਾਰ ਯੋਗ ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਸਾਹਿਬ ਮੀਰ ਮੁਨਸ਼ੀ ਸਰਕਾਰ,**

**14 ਮਾਰਚ 1872**

ਆਦਾਬ ਅਰਜ਼ ਕਰਨ ਮਗਰੋਂ ਹਾਲ ਇਹ ਹੈ ਕਿ ਆਪ ਦਾ ਪੱਤਰ ਸਮੇਤ ਵਕੀਲ ਲੁਧਿਆਣਾ ਵੱਲੋਂ ਭੇਜੇ ਕਾਗਜ਼ਾਤ ਦੀਆਂ ਨਕਲਾਂ,ਪ੍ਰਾਪਤ ਹੋਇਆ। ਇਨ੍ਹਾਂ ਰਾਹੀਂ ਕੂਕਿਆਂ ਦਾ ਪ੍ਰਬੰਧ ਕਰਨ ਤੇ ਇਸ ਭੇਦ ਨੂੰ ਨਾਇਬ ਨਾਜ਼ਿਮ ਤੋਂ ਬਿਨਾਂ ਹੋਰ ਕਿਸੇ ਕੋਲ ਪ੍ਰਗਟ ਨਾ ਕਰਨ ਦਾ ਇਸ਼ਾਰਾ ਕੀਤਾ ਹੋਇਆ ਸੀ।

ਸੋ ਅਸੀਂ ਆਪਣੇ ਤੌਰ 'ਤੇ ਕੂਕਿਆਂ ਦਾ ਪ੍ਰਬੰਧ ਕਰਨ ਵਾਸਤੇ ਥਾਣੇਦਾਰਾਂ ਨੂੰ ਲਿਖ ਦਿੱਤਾ ਹੈ ਕਿ ਉਹ ਹਜ਼ੂਰ ਦੇ ਇਸ਼ਾਰੇ ਮੁਤਾਬਿਕ ਹੁਕਮ ਦੀ ਪਾਲਣਾ ਕਰਨ।

ਸੋ ਜਵਾਬ ਦੇ ਤੌਰ 'ਤੇ ਅਰਜ਼ ਕੀਤਾ।

ਦਸਤਖ਼ਤ

(ਨਾਜ਼ਿਮ)

-------------------------------------------------------------------

# 7. ਗਲਤ ਬੰਦੇ ਵੀ ਫੜੇ ਜਾਂਦੇ ਰਹੇ

ਗ਼ਰੀਬ ਪਰਵਰ! ਸਲਾਮਤ !

ਸ੍ਰੀ ਮਾਨ ਜੀ,

ਅੱਜ ਥਾਣੇਦਾਰ ਸਰਦੂਲਗੜ੍ਹ ਇਲਾਕਾ ਉੱਚੀ ਸ਼ਾਨ ਵਾਲੀ ਸਰਕਾਰ (ਪਟਿਆਲਾ) ਦਾ ਖ਼ਤ ਇਸ ਦਾਸ ਦੇ ਨਾਮ ਇਸ ਮਜ਼ਮੂਨ ’ਤੇ ਅਧਾਰਿਤ ਪਹੁੰਚਿਆ ਕਿ ਉਹ ਮਹਿਕਮਾ ਆਲੀਆ ਵਜ਼ਾਰਤ ਦੇ ਹੁਕਮ ਅਨੁਸਾਰ ਥਾਣਾ ਸਰਦੂਲਗੜ੍ਹ ਦੇ ਇਲਾਕੇ ’ਚ ਰਹਿੰਦੇ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਪਿੰਡਾਂ ’ਚ ਗਿਆ। ਜਦੋਂ ਉਹ ਪਿੰਡ ਨੰਗਲਾ ਪੁੱਜਾ ਤਾਂ ਬੁੱਧ ਸਿੰਘ ਦੇ ਡੇਰੇ ’ਤੇ ਬੁਧ ਸਿੰਘ ਤੇ ਚੂਹੜ ਸਿੰਘ ਵਾਸੀ ਪਿੰਡ ਥਰਾਜ ਜ਼ਿਲ੍ਹਾ ਸਿਰਸਾ ਮੌਜੂਦ ਪਾਏ ਗਏ। ਦਰਿਆਫ਼ਤ ਕਰਨ ’ਤੇ ਉਨ੍ਹਾਂ ਨੇ ਬਿਆਨ ਕੀਤਾ ਕਿ ਮੈਂ ਬੁਧ ਸਿੰਘ ਕੂਕਾ ਮਜ਼ਹਬ ਨਾਲ ਸੰਬੰਧਤ ਹਾਂ ਅਤੇ ਚੂਹੜ ਸਿੰਘ ਕੂਕਾ ਨਹੀਂ ਹੈ। ਅਸੀਂ ਦੋਨੋਂ ਆਪਣੇ ਘਰਾਂ ਤੋਂ ਪੜ੍ਹਨ ਵਾਸਤੇ ਇੱਥੇ ਆਏ ਹੋਏ ਹਾਂ। ਸੋ ਉਨ੍ਹਾਂ ਨੂੰ ਥਾਣੇ ਦੇ ਸਿਪਾਹੀ ਮੁਹੰਮਦ ਹਸਨ ਤੇ ਇੱਕ ਚੌਕੀਦਾਰ ਦੀ ਨਿਗਰਾਨੀ ਵਿੱਚ ਸਿਰਸਾ ਵਿਖੇ ਭੇਜ ਦਿੱਤਾ ਤਾਂ ਕਿ ਸਿਰਸਾ ਦੀ ਅਦਾਲਤ ਰਾਹੀਂ ਉਨ੍ਹਾਂ ਤੋਂ ਨੇਕ ਚਲਣੀ ਦੀ ਜ਼ਮਾਨਤ ਲਈ ਜਾਵੇ।

ਦਾਸ ਨੇ ਸਰਦੂਲਗੜ੍ਹ ਦੇ ਥਾਣੇਦਾਰ ਦੇ ਭੇਜੇ ਹੋਏ ਬੁਧ ਸਿੰਘ ਤੇ ਚੂਹੜ ਸਿੰਘ ਨੂੰ ਉਪ੍ਰੋਕਤ ਬਿਨੈ-ਪੱਤਰ ਦੇ ਹਵਾਲੇ ਨਾਲ, ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਕੋਲ ਪੇਸ਼ ਕਰ ਦਿੱਤਾ ਅਤੇ ਇਹ ਵੀ ਬੇਨਤੀ ਕਰ ਦਿੱਤੀ ਕਿ ਇਨ੍ਹਾਂ ਵਿੱਚੋਂ ਬੁਧ ਸਿੰਘ ਕੂਕਾ ਹੈ ਅਤੇ ਚੂਹੜ ਸਿੰਘ ਬਿਆਨ ਕਰਦਾ ਹੈ ਕਿ ਉਸ ਦਾ ਬਾਪ ਕੂਕਾ ਹੈ। ਬੁਧ ਸਿੰਘ ਦੀ ਉਮਰ 20 ਸਾਲ ਹੈ ਤੇ ਚੂਹੜ ਸਿੰਘ 17 ਸਾਲਾਂ ਦਾ ਹੈ।

ਇਸ ਦਾਸ ਨੇ ਉਨ੍ਹਾਂ ਨੂੰ ਕੋਠੀ ’ਤੇ ਲੈ ਜਾ ਕੇ ਹਾਜ਼ਿਰ ਅਦਾਲਤ ਕਰ ਦਿੱਤਾ। ਸਾਹਿਬ ਬਹਾਦੁਰ ਨੇ ਮੁੜ ਹਾਲ ਦਰਿਆਫ਼ਤ ਕੀਤਾ ਫਿਰ ਇਸ ਦਾਸ ਨੇ ਜਿਹੜਾ ਹਾਲ ਸੀ ਸਾਰਾ ਦੱਸ ਦਿੱਤਾ ਅਤੇ ਬੇਨਤੀ ਕਰ ਦਿੱਤੀ ਕਿ ਥਾਣੇਦਾਰ ਨੇ ਇਨ੍ਹਾਂ ਦੋਹਾਂ ਨੂੰ ਇਸ ਲਈ ਇੱਥੇ ਭੇਜਿਆ ਹੈ ਕਿਉਂਕਿ ਇਨ੍ਹਾਂ ਦੀ ਰਿਹਾਇਸ਼ ਜ਼ਿਲ੍ਹਾ ਸਿਰਸਾ ਵਿੱਚ ਹੈ ਤੇ ਇਨ੍ਹਾਂ ’ਤੇ ਕੋਈ ਜੁਰਮ ਨਹੀਂ ਲਾਇਆ। ਫਿਰ ਉਸਤਤ ਯੋਗ ਸਾਹਿਬ ਨੇ ਇਨ੍ਹਾਂ ਦੀ ਨੇਕ ਚਲਨੀ ਦੀ ਪੰਜਾਹ ਪੰਜਾਹ ਰੁਪਏ ਦੀ ਜ਼ਮਾਨਤ ਪਿੰਡ ਥਰਾਜ ਜ਼ਿਲ੍ਹਾ ਸਿਰਸਾ ਦੇ ਅਮਰ ਸਿੰਘ ਤੇ ਰੂੜ ਸਿੰਘ ਨੰਬਰਦਾਰਾਂ ਤੋਂ ਲੈ ਕੇ ਉਪ੍ਰੋਕਤ ਚੂਹੜ ਸਿੰਘ ਤੇ ਬੁਧ ਸਿੰਘ ਨੂੰ ਜ਼ਮਾਨਤ ’ਤੇ ਰਿਹਾ ਕਰ ਦਿੱਤਾ।

ਇਸ ਗੱਲ ਦੀ ਇਤਲਾਹ ਉੱਚੀ ਸ਼ਾਨ ਵਾਲੇ ਮਹਾਰਾਜਾ ਸਾਹਿਬ ਨੂੰ ਦੇਣੀ ਵਾਜਿਬ ਤੇ ਜ਼ਰੂਰੀ ਸੀ ਇਸ ਲਈ ਬਿਨੈ-ਪੱਤਰ ਸੂਚਨਾ ਹਿਤ ਹਜ਼ੂਰ ਕੋਲ ਭੇਜਿਆ ਹੈ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣਾ ਹੈ।

31 ਜਨਵਰੀ ਸੰਨ 1872 ਈ:

ਦਾਸ
ਪੁਰਾਣਾ ਨਮਕ ਪਰਵਰਦਾ,
ਵਕੀਲ ਸਿਰਸਾ।

**ਫੁੱਟ ਨੋਟ: ਬਹੁਤ ਸਾਰੇ ਬੰਦੇ , ਕੂਕੇ ਸਮਝ ਕੇ ਹੀ ਬੇ ਗੁਨਾਹ ਹੀ ਫੜੇ ਗਏ ਜਿਹੜੇ ਬਾਅਦ ਚ ਜਮਾਨਤ ਲੈ ਕੇ ਛੱਡੇ ਗਏ।**

## ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਦੀ ਤਜਵੀਜ਼ ਅਨੁਸਾਰ ਨਿਜ਼ਾਮਤ ਅਮਰਗੜ੍ਹ ਵਲੋਂ ਫ਼ੌਜਦਾਰੀ ਮਹਿਕਮੇਂ ਦੀ ਰੋਬਕਾਰ।

29 ਜਨਵਰੀ ਸੰਨ 1872 ਈ:

ਕਾਨ੍ਹਾ ਸਿੰਘ ਤੇ ਧਿਆਨ ਸਿੰਘ ਪਿੰਡ ਮਲੋਮਾਜਰਾ ਅਤੇ ਖੁਸ਼ਹਾਲ ਸਿੰਘ ਤੇ ਗੁਰਮੁਖ ਸਿੰਘ ਜ਼ਿਮੀਂਦਾਰ ਪਿੰਡ ਬੱਬਲਪੁਰ ਦਾ ਕੋਟਲਾ ਤੇ ਮਲੌਂਦ ਦੀ ਵਾਰਦਾਤ ਵਿੱਚ ਸ਼ਾਮਿਲ ਹੋਣ ਬਾਰੇ ਤਹਿਕੀਕਾਤ ਦੇ ਮੁਕਦਮੇਂ ਸੰਬੰਧੀ।

ਅੱਜ ਇਹ ਮਿਸਲ ਪੇਸ਼ ਹੋਈ। ਜ਼ਾਹਿਰ ਹੈ ਕਿ ਕੁਝ ਦਿਨ ਬੀਤਣ ਮਗਰੋਂ ਅਸੀਂ ਕੋਟਲਾ ਤੇ ਮਲੌਂਦ ਦੀ ਵਾਰਦਾਤ ਦੇ ਮੁਜ਼ਰਿਮ ਕੂਕਿਆਂ ਨੂੰ ਲੈ ਕੇ ਕੋਟਲਾ ਵਿਖੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਹਾਜ਼ਿਰ ਹੋਏ ਸੀ ਤਾਂ ਰਿਆਸਤ ਜੀਂਦ ਦੇ ਮੁਲਾਜ਼ਿਮਾਂ ਨੇ ਇਨ੍ਹਾਂ ਮੁਜ਼ਰਿਮਾਂ ਨੂੰ ਸਮੇਤ ਘੋੜੇ ਸਾਡੇ ਸਾਹਮਣੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੇ ਰੂਬਰੂ ਪੇਸ਼ ਕਰਕੇ ਬਿਆਨ ਕੀਤਾ ਕਿ " ਇਹ ਇਸ ਵਾਰਦਾਤ ਦੇ ਮੁਜ਼ਰਿਮ ਹਨ। ਇਹ ਕਾਹਨ ਸਿੰਘ ਉਹ ਹੈ ਜਿਹੜਾ ਕੂਕਿਆਂ ਦਾ ਸੂਬਾ ਕਹਾਉਂਦਾ ਹੈ। ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਨੇ ਕਾਨ੍ਹਾ ਸਿੰਘ ਮੁਦਾਲਿਆ ਨੂੰ ਵੇਖ ਕੇ ਇਹ ਕਿਹਾ ਸੀ ਕਿ " ਇਹ ਸੂਬਾ ਮਾਲੂਮ ਨਹੀਂ ਹੁੰਦਾ। ਕਿਉਂਕਿ ਇਸ ਦੀ ਰਿਹਾਇਸ਼ ਉੱਚੀ ਸ਼ਾਨ ਵਾਲੀ ਸਰਕਾਰ (ਪਟਿਆਲਾ) ਦੇ ਇਲਾਕੇ 'ਚ ਹੈ।" ਫਿਰ ਸਾਹਿਬ ਬਹਾਦੁਰ ਨੇ ਤਹਿਕੀਕਾਤ ਕਰਨ ਵਾਸਤੇ ਉਸ ਨੂੰ ਵਕੀਲ ਦੇ ਸਪੁਰਦ ਕਰ ਦਿੱਤਾ ਤੇ ਵਕੀਲ ਨੇ ਨਾਜ਼ਿਮ ਸਾਹਿਬ ਤੇ ਨਾਜ਼ਿਮ ਸਾਹਿਬ ਨੇ ਸਾਡੇ। ਮੁਦਾਇਲਿਆਂ ਨੂੰ ਮੁਜ਼ਰਿਮ ਹੋਣ ਤੋਂ ਬਿਲਕੁਲ ਇਨਕਾਰ ਹੈ ਪਰ ਮੇਲੇ 'ਤੇ ਜਾਣ ਬਾਰੇ ਮੰਨਦੇ ਹਨ। ਮੇਲੇ 'ਤੇ ਤਾਂ ਹਜ਼ਾਰਾਂ ਕੂਕੇ ਗਏ ਸਨ ਜਿੰਨ੍ਹਾਂ ਜ਼ਿੰਮੇ ਕੋਈ ਇਲਜ਼ਾਮ ਨਹੀਂ ਲਾਇਆ ਗਿਆ। ਮੇਲੇ 'ਤੇ ਜਾਣ ਵਾਲੇ ਸੈਂਕੜੇ ਕੂਕੇ ਅੰਗਰੇਜ਼ੀ ਅਦਾਲਤ ਤੋਂ ਰਿਹਾ ਹੋਏ ਹਨ। ਵਧੇਰੇ ਬਚਾਓ ਨੂੰ ਮਦੇ ਨਜ਼ਰ ਰੱਖਦੇ ਹੋਏ ਅਸੀਂ ਸ੍ਰੀ ਮਤੀ ਖੇਮੋਂ ਤੇ ਇੰਦੋਂ ਜਿਹੜੀਆਂ ਪਿੰਡ ਰੜ ਤੋਂ ਗ੍ਰਿਫ਼ਤਾਰ ਹੋਈਆਂ ਸਨ, ਕੋਟਲਾ ਮਲੇਰ ਤੇ ਮਲੌਂਦ ਦੀ ਵਾਰਦਾਤ 'ਚ ਸ਼ਾਮਿਲ ਫ਼ਸਾਦੀਆਂ ਨੂੰ ਵਿਖਾਈਆਂ। ਉਹ ਵੀ ਉਨ੍ਹਾਂ ਦੋਹਾਂ ਔਰਤਾਂ ਦੀ ਸ਼ਮੂਲੀਅਤ ਬਿਆਨ ਨਹੀਂ ਕਰਦੇ। ਅਜਿਹੀ ਸੂਰਤ ਵਿੱਚ ਉਨ੍ਹਾਂ ਦੀ ਜਵਾਬ ਦਿਹੀ ਕਰਨਾ ਜ਼ਰੂਰੀ ਨਹੀਂ ਰਿਹਾ ਪਰ ਇਹਤਿਆਤ ਦੇ ਤੌਰ 'ਤੇ ਉਨ੍ਹਾਂ ਦੀ ਜ਼ਮਾਨਤ ਲੈਣੀ ਚਾਹੀਦੀ ਹੈ।

ਸੋ ਹੁਕਮ ਹੋਇਆ ਕਿ

ਹੁਣ ਇਹ ਮੁਦਾਇਲਾ ਰਿਹਾ ਹੋਣ ਅਤੇ ਘੋੜੇ ਵੀ ਰਸੀਦ ਲੈ ਕੇ ਵਾਪਸ ਦਿੱਤੇ ਜਾਣ ਅਤੇ ਇਸ ਵੇਰਵੇ ਅਨੁਸਾਰ ਜ਼ਮਾਨਤ ਲਈ ਜਾਵੇ ਕਿ ਇੱਕ ਸਾਲ ਦੇ ਸਮੇਂ ਤੱਕ ਜੇ ਕੋਈ ਮੁਦਾਇਲਾ ਥਾਣੇ ਦੀ ਆਗਿਆ ਲਏ ਬਿਨਾਂ ਪਿੰਡ 'ਚੋਂ ਗੈਰ ਹਾਜ਼ਿਰ ਹੋਵੇਗਾ ਜਾਂ ਦੂਜੀ ਥਾਂ ਦਾ ਕੋਈ ਕੂਕਾ ਉਨ੍ਹਾਂ ਦੇ ਘਰੀਂ ਆਵੇਗਾ ਤਾਂ ਸੌ ਰੁਪਿਆ ਲਿਆ ਜਾਵੇ ਅਤੇ ਜੇ ਉਹ ਕੂਕਿਆਂ ਦੇ ਕਿਸੇ ਮੇਲੇ ਜਾਂ ਇੱਕਠ 'ਚ ਜਾਣਗੇ ਤਾਂ ਚਾਰ ਸੌ ਰੁਪਿਆ। ਜੇ ਜ਼ਮਾਨਤ ਨਾ ਹੋ ਸਕੇ ਤਾਂ ਉਹ ਤਿੰਨ ਤਿੰਨ ਮਹੀਨੇ ਦੀ ਕੈਦ ਕੱਟਣ।

ਇਹ ਮਿਸਲ ਥਾਣੇਦਾਰ ਨੂੰ ਇਤਲਾਹ ਦੇਣ ਮਗਰੋਂ ਦਾਖਲ ਦਫ਼ਤਰ ਹੋਵੇ। ਨਾਜ਼ਿਮ ਸਾਹਿਬ ਦੀ ਸੇਵਾ ਵਿੱਚ ਇਤਲਾਹ ਵਜੋਂ ਰੋਬਕਾਰ ਲਿਖੀ ਜਾਵੇ, ਨਾਲੇ ਵਕੀਲ ਲੁਧਿਆਣਾ ਨੂੰ ਵੀ ਇਤਲਾਹ ਦਿੱਤੀ ਜਾਵੇ। ਸ਼ਾਹੀ ਮੁਨਸ਼ੀ ਖ਼ਾਨੇ 'ਚ ਵੀ ਸੂਚਨਾ ਭੇਜ ਦਿੱਤੀ ਜਾਵੇ।

---

## ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਦੀ ਤਜ਼ਵੀਜ਼ ਨਾਲ ਅਦਾਲਤ ਫ਼ੌਜਦਾਰੀ ਨਾਇਬ ਜ਼ਿਲ੍ਹਾ ਅਮਰਗੜ੍ਹ ਦੀ ਰੋਬਕਾਰ

9 ਫਰਵਰੀ 1872 ਈ:

ਕੋਟਲਾ ਤੇ ਮਲੌਦ ਦੀ ਵਾਰਦਾਤ 'ਚ, ਕਾਨ੍ਹਾ ਸਿੰਘ ਤੇ ਧਿਆਨ ਸਿੰਘ ਪਿੰਡ ਮਲੋ ਮਾਜਰਾ ਅਤੇ ਖ਼ੁਸ਼ਹਾਲ ਸਿੰਘ ਤੇ ਗੁਰਮੁਖ ਸਿੰਘ ਜ਼ਿਮੀਂਦਾਰਾਨ ਪਿੰਡ ਬੱਬਲਪੁਰ, ਦੇ ਸ਼ਾਮਿਲ ਹੋਣ ਦੀ ਤਹਿਕੀਕਾਤ ਦੇ ਮੁੱਕਦਮੇ ਸੰਬੰਧੀ,

ਉਪ੍ਰੋਕਤ ਮੁੱਕਦਮੇਂ ਸੰਬੰਧੀ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨਾ ਦੀ ਰੋਬਕਾਰ ਮਿਤੀ 3 ਫਰਵਰੀ 1872 ਈ: ਇਸ ਮਹਿਕਮੇਂ 'ਚ ਪ੍ਰਾਪਤ ਹੋਈ ਜਿਸ ਰਾਹੀਂ ਇਹ ਹੁਕਮ ਦਿੱਤਾ ਗਿਆ ਸੀ ਕਿ ਇਸ ਗੱਲ ਦੀ ਤਹਿਕੀਕਾਤ ਕੀਤੀ ਜਾਵੇ ਕਿ ਕਾਨ੍ਹਾ ਸਿੰਘ 'ਸੂਬਾ' ਹੈ ਜਾਂ ਨਹੀਂ ?

ਇਸ ਬਾਰੇ ਚੰਗੀ ਤਰ੍ਹਾਂ ਦਰਿਆਫ਼ਤ ਕੀਤਾ ਗਿਆ ਹੈ ਕਿ ਇਹ ਕਾਨ੍ਹਾ ਸਿੰਘ 'ਸੂਬਾ' ਨਹੀਂ ਹੈ। ਇਹ ਤਾਂ ਕੇਵਲ ਇੱਕ ਗ਼ਰੀਬ ਕੂਕਾ ਹੈ। ਉਹ ਕਾਨ੍ਹਾ ਸਿੰਘ ਜਿਹੜਾ 'ਸੂਬਾ' ਹੈ ਬੜੀ ਇੱਜ਼ਤ ਨਾਲ ਰਹਿੰਦਾ ਹੈ। ਉਸ ਨੂੰ ਵੇਖਣ ਵਾਲੇ ਬਿਆਨ ਕਰਦੇ ਹਨ ਕਿ ਉਸ ਦੀ ਸਿਰ ਦੀ ਦਸਤਾਰ 'ਤੇ ਚੱਕਰ ਨਹੀਂ ਜਿਸ ਤਰ੍ਹਾਂ ਦਾ ਅਕਾਲੀਆਂ ਦਾ ਹੁੰਦਾ ਹੈ ਤੇ ਉਨ੍ਹਾਂ ਦੇ ਸਿਰ 'ਤੇ ਲੱਗਿਆ ਰਹਿੰਦਾ ਹੈ। ਕੂਕਿਆਂ ਤੋਂ ਵੀ ਇਸ ਦੀ ਤਹਿਕੀਕਾਤ ਹੋ ਚੁੱਕੀ ਹੈ ਕਿ ਉਹ ਕਾਨ੍ਹਾ ਸਿੰਘ ਹੋਰ ਹੈ ਤੇ ਇਹ ਕਾਨ੍ਹਾ ਸਿੰਘ ਨਹੀਂ।

ਅਸੀਂ ਬੜੀ ਤਸੱਲੀ ਕਰਕੇ ਉਸ ਨੂੰ ਛੱਡਿਆ ਸੀ। ਹੁਣ ਇਸ ਸੰਬੰਧੀ ਦਰਿਆਫ਼ਤ ਕਰਨ ਦੀ ਕੋਈ ਲੋੜ ਨਹੀਂ।

ਸੋ ਹੁਕਮ ਹੋਇਆ ਕਿ

ਇਹ ਕਾਗਜ਼ ਸ਼ਾਮਿਲ ਮਿਸਲ ਕੀਤਾ ਜਾਵੇ ਤੇ ਜਵਾਬੀ ਰੋਬਕਾਰ ਮੀਰ ਮੁਨਸ਼ੀ ਦੀ ਸੇਵਾ ਵਿੱਚ ਇਤਲਾਹ ਵਜੋਂ ਭੇਜ ਦਿੱਤੀ ਜਾਵੇ

ਅਸਥਾਨ ਸ਼ੇਰਪੁਰ

---

# ਕੂਕੇ ਦੇ ਭੇਸ ਵਿਚ ਨਾਨੂੰ ਸਿੰਘ ਰਾਮਦਾਸੀਆ ਬਾਰੇ ਚਿੱਠੀਆਂ

ਵਲੋਂ :- ਸਾਹਿਬ ਏਜੰਟ ਕਮਿਸ਼ਨਰ ਬਹਾਦੁਰ ਅੰਬਾਲਾ।

ਵੱਲ :- ਉੱਚੇ ਰੁਤਬੇ ਵਾਲੇ ਸੱਯਦ ਨਿਸਾਰ ਅਲੀ,
ਵਕੀਲ ਪਟਿਆਲਾ,

ਸ੍ਰੀ ਮਤੀ ਸੁੱਖਾਂ ਪਤਨੀ ਤੋਤਾ ਕੌਮ ਰਾਮਦਾਸੀਆ ਵਾਸੀ ਅੰਬਾਲਾ ਦੀ ਦਰਖ਼ਾਸਤ ਪੇਸ਼ ਹੋਈ। ਇਸ ਦਰਖ਼ਾਸਤ ਤੋਂ ਪ੍ਰਤੱਖ ਹੋਇਆ ਕਿ ਨਾਨੂੰ ਸਿੰਘ ਮੇਰਾ ਬੇਟਾ ਕੂਕਾ ਲੱਗਣ ਕਰਕੇ ਰੇਲਵੇ ਸਟੇਸ਼ਨ ਰਾਜਪੁਰਾ 'ਤੇ ਕੈਦ ਹੋ ਗਿਆ ਹੈ।

**ਉਪ੍ਰੋਕਤ ਨਾਨੂੰ ਸਿੰਘ ਨੂੰ ਹਵਾਲਾਤ 'ਚ ਰੱਖਿਆ ਸੀ ਹੁਣ ਉਸ ਦੀ ਰਿਹਾਈ ਹੋ ਜਾਣੀ ਚਾਹੀਦੀ ਹੈ। ਸੋ ਤੁਹਾਡੇ ਨਾਮ ਹੁਕਮ ਭੇਜਿਆ ਜਾਂਦਾ ਹੈ ਕਿ ਉਸ ਨੂੰ ਛੱਡ ਦਿਓ ਕਿਉਂਕਿ ਉਸ ਸੰਬੰਧੀ ਕੋਈ ਜ਼ੁਰਮ ਨਹੀਂ ਹੈ, ਕੇਵਲ ਬਚਾਓ ਵਾਸਤੇ ਫੜਿਆ ਗਿਆ ਸੀ।**

30 ਜਨਵਰੀ 1872 ਈ:

ਗ਼ਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਮਹਿਕਮਾ ਕਮਿਸ਼ਨਰੀ ਦਾ ਇੱਕ ਪਰਵਾਨਾ ਇਸ ਦਾਸ ਕੋਲ ਪੁੱਜਾ ਜਿਹੜਾ ਨਾਨੂੰ ਸਿੰਘ ਰਾਮਦਾਸੀਆ, ਜੋ ਕੂਕੇ ਦੇ ਭੇਸ 'ਚ ਰਾਜਪੁਰਾ ਸਟੇਸ਼ਨ 'ਤੇ ਗ੍ਰਿਫ਼ਤਾਰ ਹੋਇਆ ਸੀ, ਦੀ ਰਿਹਾਈ ਬਾਰੇ ਸੀ।

ਸੋ ਅਸਲ ਕਾਗਜ਼ ਇਸ ਬਿਨੈ-ਪੱਤਰ ਰਾਹੀਂ ਨੂਰਾਨੀ ਹਜ਼ੂਰ ਕੋਲ ਭੇਜ ਕੇ ਉਮੀਦਵਾਰ ਹਾਂ ਕਿ ਜਵਾਬ ਦੇ ਕੇ ਮਾਣ ਬਖਸ਼ਿਆ ਜਾਵੇ।

ਵਾਜਿਬ ਸਮਝ ਕੇ ਅਰਜ਼ ਕੀਤਾ।

ਐ ਖ਼ੁਦਾ ! ਹਕੂਮਤ ਦਾ ਸੂਰਜ ਚਮਕਦਾ ਰਵ੍ਹੇ ! ਦਾਸ

ਪੁਰਾਣਾ ਨਮਕ ਪਰਵਰਦਾ,
ਨਿਸਾਰ ਅਲੀ ਵਕੀਲ ਸਰਕਾਰ
ਮਹਿਕਮਾ ਕਮਿਸ਼ਨਰੀ 'ਚ ਹਾਜ਼ਿਰ ਰਹਿਣ ਵਾਲਾ,
3 ਫਰਵਰੀ 1872 ਈ:

---------O---------

ਇਹ ਕੂਕਾ ਉਹੋ ਹੈ ਜਿਹੜਾ ਸਾਹਿਬ ਕਮਿਸ਼ਨਰ ਬਹਾਦੁਰ ਅੰਬਾਲਾ ਨੇ ਕੈਦ ਕਰਵਾ ਦਿੱਤਾ ਸੀ। ਸੋ ਹੁਕਮ ਹੋਇਆ ਕਿ ਅਸਲ ਕਾਗਜ਼ ਭੇਜ ਕੇ ਨਿਜ਼ਾਮਤ ਪਿੰਜੌਰ ਨੂੰ ਲਿਖਿਆ ਜਾਵੇ ਕਿ ਉਹ ਉਸ ਨੂੰ ਰਿਹਾ ਕਰਕੇ ਅਸਲ ਕਾਗਜ਼ਾਤ ਵਾਪਸ ਭੇਜਣ।

ਸੱਯਦ ਮੁਹੰਮਦ ਹੁਸੈਨ
4 ਫਰਵਰੀ 1872 ਈ:

---

ਸ੍ਰੀ ਮਾਨ ਜੀ,

ਨਾਨੂੰ ਸਿੰਘ ਕੂਕਾ ਵਾਸੀ ਅੰਬਾਲਾ ਨੂੰ ਹੁਕਮ ਦੀ ਪਾਲਣਾ ਕਰਦੇ ਹੋਏ ਹਵਾਲਾਤ 'ਚੋਂ ਰਿਹਾ ਕੀਤਾ ਗਿਆ ਅਤੇ ਨੱਥਾ ਕੌਮ ਚੁਮਾਰ ਵਾਸੀ ਰਾਜਪੁਰਾ ਤੋਂ ਅੱਠ ਆਨੇ ਦੇ ਕਾਗਜ਼ਾਂ ਤੇ ਜ਼ਮਾਨਤ ਲੈ ਕੇ ਇਸ ਰਿਪੋਰਟ ਰਾਹੀਂ ਪੇਸ਼ ਕਰ ਰਿਹਾ ਹਾਂ। ਜਿਹੜਾ ਹੇਠ ਲਿਖਿਆ ਸਾਮਾਨ ਉਸ ਦੇ ਕੋਲ ਸੀ ਉਹ ਦੇ ਦਿੱਤਾ ਗਿਆ।

ਵਾਜਿਬ ਤੌਰ 'ਤੇ ਅਰਜ਼ ਕੀਤਾ।

ਅਸਬਾਬ (ਸਾਮਾਨ) ਦਰੁਸਤ ਪਾਇਆ।

| ਸੋਨੇ ਦੀ ਮੁਰਕੀ | ਸੋਨੇ ਦੀ ਮੁੰਦੀ | ਚਾਂਦੀ ਦਾ ਛੱਲਾ | ਨਕਦ |
|---|---|---|---|
| 1 | 1 | 1 | 12 ਆਨੇ ( ਚੁਆਨੀ 1 + ਅਠੱਨੀ 1) |

ਦਾਸ
ਸੱਯਦ ਨਿਆਜ਼ ਅਲੀ,
ਕਾਇਮ ਮੁਕਾਮ ਨਾਜ਼ਿਰ,
25 ਮਾਘ 1928 (5 ਫਰਵਰੀ 1872

**ਜਮਾਨਤ ਨਾਮਾ**

ਅੱਸੀਂ ਲੱਖਾ ਪੁੱਤਰ ਦਰਬਾਰਾ ਤੇ ਚੂਹੜਾ ਪੁੱਤਰ ਸੰਗਤ ਕੌਮ ਚਮਾਰ ਵਾਸੀ ਕਸਬਾ ਰਾਜਪੁਰਾ ਖ਼ਾਸ ਦੇ ਹਾਂ।

ਨਾਨੂੰ ਸਿੰਘ ਜ਼ਾਤ ਰਾਮਦਾਸੀਆ ਵਾਸੀ ਅੰਬਾਲਾ ਇਲਾਕਾ ਅੰਗਰੇਜ਼ੀ ਕੂਕਿਆਂ ਦੇ ਭੇਸ 'ਚ ਹੋਣ ਕਰਕੇ ਸਾਹਿਬ ਕਮਿਸ਼ਨਰ ਬਹਾਦੁਰ ਦੇ ਹੁਕਮ ਅਨੁਸਾਰ ਰਾਜਪੁਰਾ ਰੇਲਵੇ ਸਟੇਸ਼ਨ 'ਤੇ ਗ੍ਰਿਫ਼ਤਾਰ ਹੋ ਕੇ ਮਹਿਕਮੇਂ ਦੀ ਹਵਾਲਾਤ 'ਚ ਕੈਦ ਕੀਤਾ ਗਿਆ ਸੀ ਅਤੇ ਅੱਜ ਤੱਕ ਉਸੇ ਤਰ੍ਹਾਂ ਹਵਾਲਾਤ ਵਿੱਚ ਹੈ ਤੇ ਹੁਣ ਸਾਹਿਬ ਕਮਿਸ਼ਨਰ ਬਹਾਦੁਰ ਦੇ ਹੁਕਮ ਅਨੁਸਾਰ ਰਿਹਾਈ ਉਸ ਦੀ ਕੂਕਾ ਨਾ ਹੋਣ ਦੇ ਕਾਰਨ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨਾ ਰਾਹੀਂ ਮਹਿਕਮਾ ਨਿਜ਼ਾਮਤ ਤੋਂ ਹੋਈ ਹੈ। ਸੋ ਅਸੀਂ ਆਪਣੀ ਮਰਜ਼ੀ ਨਾਲ ਉਸ ਦੀ ਜ਼ਮਾਨਤ ਦਿੰਦੇ ਹਾਂ ਅਤੇ ਸਰਕਾਰ ਜਦੋਂ ਵੀ ਉਸ ਨੂੰ ਹਾਜ਼ਿਰ ਹੋਣ ਦਾ ਹੁਕਮ ਦਏਗੀ ਅਸੀਂ ਉਸ ਨੂੰ ਹਾਜ਼ਿਰ ਕਰਾਂਗੇ। ਜੇ ਉਹ ਹਾਜ਼ਿਰ ਨਾ ਹੋਵੇ ਤਾਂ ਸਾਡੀ ਜ਼ਿੰਮੇਵਾਰੀ ਹੋਵੇਗੀ।

ਸੋ ਇਹ ਵਾਕ ਜ਼ਮਾਨਤ ਨਾਮੇਂ ਵਜੋਂ ਲਿਖ ਦਿੱਤੇ ਹਨ ਕਿ ਸਨਦ ਹੋਵੇ।

28 ਮਾਘ 1928 ਮੁਤਾਬਿਕ 8 ਫਰਵਰੀ 1872 ਈ:

| ਦਾਸ | ਦਾਸ | ਗਵਾਹ ਸ਼ੁਦ |
|---|---|---|
| ਲੱਖਾ ਸਿੰਘ | ਚੂਹੜਾ | ਮੀਰ ਹਸਨ ਚਮਾਰ ਰਾਜਪੁਰਾ |

ਸਾਡੇ ਸਾਹਮਣੇ ਤਸਦੀਕ ਹੈ।
8 ਫਰਵਰੀ 1872 ਈ: ਮੁਤਾਬਿਕ 28 ਮਾਘ 1928.
ਦਿਨ ਵੀਰਵਾਰ।

# ਲੁਕਿਆ ਸੱਚ

---

ਗ਼ਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਮਹਿਕਮਾ ਸਦਰ ਨਿਜ਼ਾਮਤ ਤੇ ਮਹਿਕਮਾ ਆਲੀਆ ਦੇ ਹੁਕਮ ਮੁਤਾਬਿਕ ਇਹ ਦਾਸ ਗੁਲਾਬ ਚੋਬਦਾਰ ਨਾਲ ਚਹਾਰਮੜ੍ਹੀ ਦੇ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਰਵਾਨਾ ਹੋਇਆ। ਰਸਤੇ 'ਚ ਪਤਾ ਲੱਗਿਆ ਕਿ ਕੂਕੇ ਦੱਲ ਸਿੰਘ ਸੂਬੇ ਦੇ ਕਾਰ ਮੁਖਤਾਰ ਜੀਵਨ ਸਿੰਘ ਦੇ ਘਰ ਪਿੰਡ ਸਦੋ ਮਾਜਰਾ ਵਿੱਚ ਇੱਕਠੇ ਹੋਏ ਹੋਏ ਹਨ। ਪਿੰਡ ਸਦੋ ਮਾਜਰਾ ਰਸਤੇ ਵਿੱਚ ਹੀ ਪੈਂਦਾ ਸੀ। ਇਹ ਦਾਸ ਪਹਿਲਾਂ ਪਿੰਡ ਸਦੋ ਮਾਜਰਾ ਵਿਖੇ ਪੁੱਜਾ ਅਤੇ ਪਿੰਡ ਦੇ ਲੋਕਾਂ ਤੋਂ ਦਰਿਆਫ਼ਤ ਕੀਤਾ ਕਿ ਜੀਵਨ ਸਿੰਘ ਦਾ ਘਰ ਕਿੱਥੇ ਹੈ। ਉਹ ਬੋਲੇ ਕਿ ਤੁਸੀਂ ਕੂਕੇ ਹੋ ? ਦਾਸ ਨੇ ਕਿਹਾ ਕਿ ਹਾਂ ਕੂਕੇ ਹਾਂ। ਉਨ੍ਹਾਂ ਤੋਂ ਇਹ ਵੀ ਪੁੱਛਿਆ ਕਿ ਸਾਡੇ ਪੰਥ ਦੇ ਗੁਰੂ ਇਸ ਵੇਲੇ ਇੱਥੇ ਹਨ ਜਾਂ ਨਹੀਂ ? ਉਹ ਬੋਲੇ ਕਿ 'ਕੱਲ ਤਾਂ ਇੱਥੇ ਬਹੁਤ ਲੋਕ ਸਨ। ਅੱਜ ਤਾਂ ਉਹ ਚਹਾਰਮੜ੍ਹੀ ਹੋਣਗੇ।' ਇਹ ਸੁਣਦੇ ਸਾਰ ਇਹ ਦਾਸ ਗੁਲਾਬ ਦੇ ਨਾਲ ਜੀਵਨ ਸਿੰਘ ਦੇ ਘਰ ਪੁੱਜਾ ਤੇ ਉਸ ਨੂੰ ਗ੍ਰਿਫ਼ਤਾਰ ਕਰਕੇ ਸਾਥੀ ਸਵਾਰ ਦੇ ਸਪੁਰਦ ਕਰ ਦਿੱਤਾ। ਅਸੀਂ ਫ਼ਿਰ ਬਹੁਤ ਛੇਤੀ ਪੈਂਡਾਂ ਕੱਟਕੇ ਪਿੰਡ ਚਹਾਰੜਮੜ੍ਹੀ ਪੁੱਜੇ ਅਤੇ ਸਿੱਧੇ ਜਾ ਕੇ ਦੱਲ ਸਿੰਘ ਸੂਬੇ ਦਾ ਘਰ ਰੋਕ ਲਿਆ। ਦੱਲ ਸਿੰਘ ਦਾ ਬੂਹਾ ਹਿਲਾਇਆ। ਕਿਸੇ ਨੇ ਬੂਹਾ ਨਾ ਖੋਲ੍ਹਿਆ। ਜਦੋਂ ਧੱਕਾ ਮਾਰ ਕੇ ਦਰਵਾਜ਼ਾ ਖੋਲ੍ਹਿਆ ਤੇ ਇਹ ਦਾਸ ਗੁਲਾਬ ਨਾਲ ਅੰਦਰ ਵੜਿਆ ਤਾਂ ਉੱਥੇ ਮੌਜੂਦ ਵਿਅਕਤੀ ਭੱਜ ਚੱਲੇ ਕਿਉਂਕਿ ਘਰ ਵਿੱਚ ਦੋ ਰਸਤੇ ਮੌਜੂਦ ਹਨ। ਇਸ ਦਾਸ ਨੇ ਦੱਲ ਸਿੰਘ ਸੂਬੇ ਦੇ ਤਿੰਨ ਸਕੇ ਭਰਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਨ੍ਹਾਂ ਤੋਂ ਪੁੱਛਿਆ ਕਿ ਦੱਲ ਸਿੰਘ ਜਿਹੜਾ ਹੁਣੇ ਇੱਥੇ ਬੋਲਦਾ ਸੀ, ਉਹ ਕਿੱਥੇ ਹੈ ? ਸੱਚ ਦੱਸ ਦਿਓ। ਉਹ ਹਾਂ ਹੂੰ ਕਰਨ ਲੱਗੇ। ਜਦੋਂ ਇਸ ਦਾਸ ਨੇ ਉਨ੍ਹਾਂ ਨੂੰ ਅੱਖ ਵਿਖਾਈ ਤੇ ਇੱਕ ਦੋ ਥੱਪੜ ਵੀ ਮਾਰੇ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਤਾਂ ਹਥਾਈ 'ਚ ਚਲਾ ਗਿਆ ਹੈ।

ਇਹ ਦਾਸ ਉਸੇ ਵੇਲੇ ਗੁਲਾਬ ਤੇ ਉਨ੍ਹਾਂ ਤਿੰਨਾਂ ਗ੍ਰਿਫ਼ਤਾਰ ਕੀਤੇ ਆਦਮੀਆਂ ਨੂੰ ਲੈ ਕੇ ਹਥਾਈ 'ਤੇ ਆਇਆ ਅਤੇ ਉੱਥੇ ਦੱਲ ਸਿੰਘ ਸੂਬੇ ਨੂੰ ਉਸ ਦੇ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ। ਇਹ ਗੱਲ ਫ਼ਾਇਦੇਮੰਦ ਹੋਈ ਕਿ ਉਨ੍ਹਾਂ ਕੋਲ ਹਥਿਆਰ ਨਹੀਂ ਸਨ ਪਰ ਉਹ ਲੋਕ ਜਿਵੇਂ ਕਿ ਇੱਕ ਥਾਂ ਇੱਕਠੇ ਹੋਏ ਬੈਠੇ ਸਨ, ਫ਼ਸਾਦ ਪਾਉਣ ਦੀ ਸਲਾਹ ਕਰ ਰਹੇ ਸਨ। ਉਨ੍ਹਾਂ ਵਿੱਚੋਂ ਕੁਝ ਲੋਕ ਤਿੱਤਰ ਬਿੱਤਰ ਵੀ ਹੋ ਗਏ ਸਨ। ਹਜ਼ੂਰ ਦੇ ਸਦੀਵੀ ਤੇਜ ਪਰਤਾਪ ਸਦਕਾ ਇਸ ਦਾਸ ਨੇ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰਨਾ ਹੈ, ਪਰ ਇਕ ਕੋਤਾਹੀ ਇਹ ਹੋਈ ਕਿ ਇਸ ਦਾਸ ਦੇ ਨਾਲ ਕੇਵਲ ਗੁਲਾਬ ਚੋਬਦਾਰ ਤੇ ਦੋ ਸਵਾਰ ਸਨ ਤੇ ਹੋਰ ਕੋਈ ਨਹੀਂ ਸੀ। ਹਜ਼ੂਰ ਦੇ ਸਦੀਵੀ ਤੇਜ ਪਰਤਾਪ ਸਦਕਾ ਸਾਰੇ ਗ੍ਰਿਫ਼ਤਾਰ ਹੋ ਜਾਣਗੇ।

ਇਹ ਬਿਨੈ-ਪੱਤਰ ਇਤਲਾਹ ਵਜੋਂ ਹਜ਼ੂਰ ਕੋਲ ਅਰਜ਼ ਹੈ। ਦੇਰ ਹੋਣ ਕਾਰਨ ਦਾਸ ਕੇਵਲ ਇਹ ਬਿਨੈ-ਪੱਤਰ ਸੂਚਨਾ ਹਿਤ ਭੇਜ ਰਿਹਾ ਹੈ । ਹੋਰ ਕਿਸੇ ਮਹਿਕਮੇਂ ਨੂੰ ਇਸ ਵੇਲੇ ਬਿਨੈ-ਪੱਤਰ ਨਹੀਂ ਭੇਜ ਸਕਿਆ ਕਿਉਂਕਿ ਇਸ ਵੇਲੇ ਕੰਮ ਦਾ ਹਰਜ ਹੁੰਦਾ ਹੈ।

ਵਾਜਿਬ ਤੌਰ 'ਤੇ ਅਰਜ਼ ਹੈ।

ਦਾਸ
ਸੱਯਦ ਇਮਾਮ ਅਲੀ,
ਥਾਣੇਦਾਰ ਰਾਜਪੁਰਾ ,
6 ਮਾਘ ਸਮਾਂ 8 ਵਜੇ ਰਾਤ ਤੇ,
17 ਜਨਵਰੀ 1872,

---

**ਸੱਯਦ ਮੁਹੰਮਦ ਤਕੀ ਨਾਇਬ ਨਾਜ਼ਿਮ ਦੀ ਤਜਵੀਜ਼ ਨਾਲ ਮਹਿਕਮਾ ਫ਼ੌਜਦਾਰੀ ਨਾਇਬ ਤੋਂ,**
**ਨਿਜ਼ਾਮਤ ਜ਼ਿਲ੍ਹਾ ਪਿੰਜੌਰ ਦੀ ਰੋਬਕਾਰ,**
**ਮਿਤੀ 25 ਫਰਵਰੀ 1872 ਮੁਤਾਬਿਕ 15 ਫੱਗਣ 1928.**

ਮੁਨਸ਼ੀ ਖ਼ਾਨੇ ਦੀ ਰੋਬਕਾਰ ਬਾਬਤ ਦਰਿਆਫ਼ਤ ਕਰਨੇ ਹਾਲ ਦੱਲ ਸਿੰਘ ਕੂਕਾ ਪਿੰਡ ਚਹਾਰਮੜੀ ਕਿ ਇਹ ਸ਼ਖਸ ਸੂਬਾ ਹੈ ਜਾਂ ਨਹੀਂ ? ਇਸ ਦੀ ਉਮਰ ਕਿੰਨੀ ਹੈ ? ਅਤੇ ਇਸ ਦਾ ਪੇਸ਼ਾ ਕੀ ਹੈ ? ਇੰਨ੍ਹਾਂ ਕਾਗਜ਼ਾਂ ਤੋਂ ਪ੍ਰਗਟ ਹੈ ਕਿ ਮੁਨਸ਼ੀ ਖ਼ਾਨੇ ਦੇ ਹਾਕਿਮਾਂ ਨੇ ਰੋਬਕਾਰ ਮਿਤੀ 7 ਫਰਵਰੀ 1872 ਰਾਹੀਂ ਇਸ ਗੱਲ ਦੀ ਤਹਿਕੀਕਾਤ ਕਰਨ ਵਾਸਤੇ ਲਿਖਿਆ ਕਿ ਇਹ ਸ਼ਖਸ 'ਸੂਬਾ' ਕਦੋਂ ਤੋਂ ਹੈ ? ਇਸ ਦੀ ਉਮਰ ਕਿੰਨੀ ਹੈ ? ਅਤੇ ਇਸ ਦਾ ਪੇਸ਼ਾ ਕੀ ਹੈ ?

ਇਸ ਮਹਿਕਮੇਂ ਵਿੱਚ ਦਲ ਸਿੰਘ ਕੂਕੇ ਦੀ ਰਿਹਾਇਸ਼ ਵਾਲੇ ਪਿੰਡ ਦੇ ਆਲੇ-ਦੁਆਲੇ ਦੇ ਪਿੰਡਾਂ ਦੇ ਨੰਬਰਦਾਰਾਂ ਨੂੰ ਬੁਲਾ ਕੇ ਇਸ ਗੱਲ ਦੀ ਦਰਿਆਫ਼ਤ ਕੀਤੀ ਗਈ ਕਿ ਦੱਲ ਸਿੰਘ ਕਦੋਂ ਤੋਂ 'ਸੂਬਾ' ਹੈ ਤੇ ਕੀ ਪੇਸ਼ਾ ਕਰਦਾ ਹੈ ਤਾਂ ਬਤੌਲੀ, ਕੋਰਲੀ ਤੇ ਜੜੌਤ ਪਿੰਡਾਂ ਦੇ ਨੰਬਰਦਾਰਾਂ ਨੇ ਇੱਕ ਜ਼ਬਾਨ ਹੋ ਕੇ ਬਿਆਨ ਕੀਤਾ ਕਿ 'ਸੂਬਾ' ਹੋਣ ਦਾ ਬਿਲਕੁਲ ਪਤਾ ਨਹੀਂ, ਦੂਜੇ ਕਿਸਾਨਾਂ ਵਾਂਗ ਇਹ ਸ਼ਖਸ ਵੀ ਖੇਤੀਬਾੜੀ ਦਾ ਧੰਦਾ ਕਰਦਾ ਹੈ ਤੇ ਨੰਬਰਦਾਰ ਵੀ ਜ਼ਰੂਰ ਹੈ।

ਇਹ ਸ਼ਖਸ ਦੱਲ ਸਿੰਘ ਕੂਕਾ ਹੋਣਾ ਤਾਂ ਖੁਦ ਮੰਨਦਾ ਹੈ ਪਰ 'ਸੂਬਾ' ਹੋਣ ਬਾਰੇ ਬਿਲਕੁਲ ਇਨਕਾਰ ਕਰਦਾ ਹੈ। ਇਸ ਦੀ ਉਮਰ 42 ਸਾਲ ਹੈ, ਇਸ ਤਹਿਕੀਕਾਤ ਤੋਂ ਪਤਾ ਲੱਗਦਾ ਹੈ ਕਿ ਇਹ 'ਸੂਬਾ' ਨਹੀਂ ਹੈ ਤੇ ਨਾ ਕੋਈ ਆਦਮੀ ਇਸ ਦਾ ਸੂਬਾ ਹੋਣਾ ਬਿਆਨ ਕਰਦਾ ਹੈ, ਦਰਿਆਫ਼ਤ ਕਰਨ ਤੋਂ ਕੂਕਿਆਂ ਦੀ ਕੋਈ ਲਿਸਟ ਦਫ਼ਤਰ ਨਿਜ਼ਾਮਤ ਤੋਂ ਨਹੀਂ ਮਿਲੀ ਜਿਸ ਤੋਂ ਇਸ ਦਾ 'ਸੂਬਾ' ਨਹੀਂ ਹੈ ਤੇ ਨਾ ਹੀ ਇਸ ਦਾ ਕੋਈ ਸੂਬਾ ਹੋਣਾ ਪਾਇਆ ਜਾਂਦਾ ਹੈ । ਉਨ੍ਹਾਂ ਲੋਕਾਂ ਤੋਂ ਹੀ ਇਸ ਦੇ 'ਸੂਬਾ' ਹੋਣ ਦੀ ਤਹਿਕੀਕਾਤ ਕੀਤੀ ਜਾਂਦੀ ਹੈ। ਜਿੰਨ੍ਹਾਂ ਨੇ ਪਹਿਲਾਂ ਇਸ ਦਾ ਨਾਮ ਲਿਖਾਇਆ। ਪੇਸ਼ਾ ਵੀ ਇਸ ਸ਼ਖਸ ਦਾ ਚੰਗਾ ਮਾਲੂਮ ਹੁੰਦਾ ਹੈ ਕਿਉਂਕਿ ਇਹ ਖੇਤੀਬਾੜੀ ਕਰਦਾ ਹੈ ਅਤੇ ਨਾ ਇਸ ਦੀ ਕਿਸੇ ਤਰ੍ਹਾਂ ਦੀ ਬਦਚਲਨੀ ਦਾ ਸਬੂਤ ਹੈ। ਤਹਿਸੀਲਦਾਰ ਦੀ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਇਸ ਦੀ, ਸਮੇਤ ਇਸ ਦੇ ਭਰਾਵਾਂ ਦੇ, ਖੇਤੀਬਾੜੀ ਵਾਲੀ ਜ਼ਮੀਨ ਵੀ 108 ਬਿਘੇ 5 ਬਿਸਵੇ ਹੈ ਅਤੇ ਇਨਾਮ ਲੋਕਨਾਰੀ (ਇਨਾਮ ਦਾ ਨਾਮ) ਵੀ ਅੱਠ ਰੁਪਏ ਸਾਢੇ ਦਸ ਆਨੇ ਭਰਾਵਾਂ ਸਮੇਤ ਪਾਉਂਦਾ ਹੈ।

**ਸੋ ਹੁਕਮ ਹੋਇਆ ਕਿ**

ਉਪ੍ਰੋਕਤ ਬਿਆਨ ਕੀਤੇ ਹਾਲ ਦੀ ਰੋਬਕਾਰ ਰਾਹੀਂ ਮੁਨਸ਼ੀ ਖ਼ਾਨੇ ਦੇ ਹਾਕਿਮਾਂ ਦਾ ਮਹਾਨ ਸੇਵਾ ਵਿੱਚ ਇਤਲਾਹ ਦਿੱਤੀ ਜਾਵੇ।

**ਹੁਕਮ ਹੋਇਆ ਕਿ**

ਜਵਾਬ ਲਿਖਿਆ ਜਾਵੇ ਕਿ ਜਿਹੜੇ ਜਿਹੜੇ ਆਦਮੀ ਨੇ ਇਸ ਦੱਲ ਸਿੰਘ ਦਾ 'ਸੂਬਾ' ਹੋਣਾ ਬਿਆਨ ਕੀਤਾ ਹੈ ਉਸ ਤੋਂ ਇਸ ਗੱਲ ਦਾ ਸਬੂਤ ਲੈਣਾ ਚਾਹੀਦਾ ਹੈ ਅਤੇ 'ਸੂਬਾ' ਜ਼ਿਆਦਾਤਰ ਉਹ ਲੋਕ ਹੁੰਦੇ ਹਨ ਜਿਹੜੇ ਆਪਣੇ ਤੌਰ 'ਤੇ ਵੀ ਹੋਰ ਲੋਕਾਂ ਨੂੰ ਚੇਲੇ ਬਣਾ ਸਕਣ। ਸੋ ਦਰਿਆਫ਼ਤ ਕਰਨਾ ਚਾਹੀਦਾ ਹੈ ਕਿ ਇਸ ਸ਼ਖਸ ਦੇ ਚੇਲੇ ਵੀ ਬਣਾਏ ਹੋਏ ਹਨ ਜਾਂ ਨਹੀਂ ? ਪਿੰਡਾਂ ਦੇ ਤਿੰਨ ਨੰਬਰਦਾਰਾਂ ਦੀ ਜਿਹੜੀ ਗਵਾਹੀ ਲਿਖੀ ਹੈ ਉਹ ਇਸੇ ਸ਼ਖਸ ਦੇ ਬਿਆਨ ਅਨੁਸਾਰ ਹੈ ਜਾਂ ਉਸ ਗਵਾਹੀ ਨੂੰ ਨਾਜ਼ਿਮ ਸਾਹਿਬ ਨੇ ਤਸਦੀਕ ਕਰ ਲਿਆ ਹੈ। ਭਾਵ ਇਹ ਨੰਬਰਦਾਰ ਜਿਹੜੇ ਗਵਾਹ ਹਨ ਉਹ ਮੁਦਇਆਲਾ (ਦੱਲ ਸਿੰਘ) ਦੇ ਪੇਸ਼ ਕੀਤੇ ਹੋਏ ਹਨ ਜਾਂ ਗਵਾਹ ਸਰਕਾਰੀ ਹਨ ਜਿਹੜੇ ਨਾਇਬ ਨਾਜ਼ਿਮ ਸਾਹਿਬ ਨੇ ਆਪਣੇ ਤੌਰ 'ਤੇ ਬੁਲਾਏ ਹਨ ?

18 ਫੱਗਣ 1928.
28 ਫਰਵਰੀ 1928

# ਲੁਕਿਆ ਸੱਚ

---

**ਸੱਯਦ ਮੁਹੰਮਦ ਤੀਕ ਨਾਇਬ ਨਾਜ਼ਿਮ ਦੀ ਤਜਵੀਜ਼ ਨਾਲ ਫ਼ੌਜਦਾਰੀ ਬਰਾਂਚ ਨਿਆਬਤ, ਨਿਜ਼ਾਮਤ ਜ਼ਿਲ੍ਹਾ ਪਿੰਜੌਰ**

**ਵਿਸ਼ਾ** :– ਦੱਲ ਸਿੰਘ ਕੂਕਾ ਚਹਾਰਮੜ੍ਹੀ ਦਾ ਹਾਲ ਦਰਿਆਫ਼ਤ ਕਰਨ ਵਾਸਤੇ ਮੁਨਸ਼ੀ ਖ਼ਾਨੇ ਦੀ ਰੋਬਕਾਰ
ਕਿ ਕੀ ਇਹ ਸ਼ਖਸ ਕੂਕਿਆਂ ਦਾ 'ਸੂਬਾ' ਹੈ ਜਾਂ ਨਹੀਂ ?

ਮਿਸਲ ਵਾਚਣ ਤੋਂ ਪ੍ਰਤੱਖ ਹੈ ਕਿ ਮਹਿਕਮਾਂ ਮੁਨਸ਼ੀ ਖ਼ਾਨਾ ਵਾਲਿਆਂ ਨੇ ਇਸ ਮਹਿਕਮੇਂ ਦੀ ਤਹਿਕੀਕਾਤ ਦਾ ਮੁਲਾਹਿਜ਼ਾ ਕਰਨ ਮਗਰੋਂ, ਜਿਸ ਦਾ ਹਾਲ ਰੋਬਕਾਰ ਮਿਤੀ 15 ਫੱਗਣ 1928 ਰਾਹੀਂ ਅਰਜ਼ ਕੀਤਾ ਗਿਆ ਸੀ, ਦੱਲ ਸਿੰਘ ਦੇ ਭਾਈ ਉੱਤਮ ਸਿੰਘ ਦੇ ਬਿਨੈ-ਪੱਤਰ ਦੀ ਨਕਲ ਇਸ ਹੁਕਮ ਨਾਲ ਇਸ ਮਹਿਕਮੇਂ 'ਚ ਪੁੱਜੀ ਕਿ ਪਹਿਲਾਂ 5 ਮਾਰਚ 1872 ਨੂੰ ਇਮਾਮ ਅਲੀ ਥਾਣੇਦਾਰ ਦਾ ਅਸਲ ਬਿਨੈ-ਪੱਤਰ ਪੁੱਜਾ ਜਿਸ ਵਿੱਚ ਦੱਲ ਸਿੰਘ ਦਾ 'ਸੂਬਾ' ਹੋਣਾ ਲਿਖਿਆ ਹੈ। ਉਪ੍ਰੋਕਤ ਬਿਨੈ-ਪੱਤਰ ਦੀ ਨਕਲ ਵਾਚਣ ਉਪ੍ਰੰਤ ਦੱਲ ਸਿੰਘ ਦੇ 'ਸੂਬਾ' ਹੋਣ ਦੀ ਤਹਿਕੀਕਾਤ ਕੀਤੀ ਜਾਵੇ। ਕਿਉਂਕਿ ਥਾਣੇਦਾਰ ਦੇ ਬਿਨੈ-ਪੱਤਰ ਦੀ ਨਕਲ ਇਸ ਮਹਿਕਮੇਂ 'ਚ ਨਹੀਂ ਪਹੁੰਚੀ ਸੀ ਇਸ ਲਈ ਇਮਾਮ ਅਲੀ ਥਾਣੇਦਾਰ ਤੋਂ ਦਰਿਆਫ਼ਤ ਕੀਤਾ ਗਿਆ ਕਿ ਉਸ ਨੂੰ ਦੱਲ ਸਿੰਘ ਦੇ 'ਸੂਬਾ' ਹੋਣ ਦਾ ਕਿਵੇਂ ਪਤਾ ਲੱਗਿਆ। ਉਪ੍ਰੋਕਤ ਥਾਣੇਦਾਰ ਨੇ ਆਪਣੀ ਰਿਪੋਰਟ ਵਿੱਚ ਦੱਸਿਆ ਕਿ ਚਹਾਰਮੜ ੍ਹੀ ਦੇ ਵਾਸੀ ਇੱਕ ਮੁਖ਼ਬਰ ਨੇ ਦੱਲ ਸਿੰਘ ਦੇ 'ਸੂਬਾ' ਹੋਣ ਦਾ ਪ੍ਰਗਟਾ ਕੀਤਾ ਸੀ ਕਿ ਉਸ ਦਾ ਬਿਆਨ ਚਹਾਰਮੜ੍ਹੀ ਵਿਖੇ ਰਾਧਾ ਲਾਲ ਸਾਹਿਬ ਨਾਇਬ ਨਾਜ਼ਿਮ ਦੇ ਸਾਹਮਣੇ ਲਿਖ ਕੇ ਉਸ ਨੂੰ ਸੌਂਪਿਆ ਗਿਆ ਹੈ। ਮੁਖ਼ਬਰ ਦਾ ਨਾਮ ਜ਼ਬਾਨੀ ਯਾਦ ਨਹੀਂ ਹੈ ਜਾਂ ਬਿਨੈ-ਕਾਰ ਦੀ ਅਰਜ਼ੀ ਵਿੱਚ ਲਿਖਿਆ ਹੋਇਆ ਹੋਵੇਗਾ। ਸੋ ਥਾਣੇਦਾਰ ਦੀ ਇਹ ਰਿਪੋਰਟ ਸਾਡੇ ਕੋਲ ਰਾਧਾ ਲਾਲ ਸਾਹਿਬ ਰਾਹੀਂ ਪੇਸ਼ ਹੋ ਕੇ ਇਹ ਹੁਕਮ ਦਿੱਤਾ ਸੀ ਕਿ ਜਿਹੜਾ ਕਾਗਜ਼ ਯਾਦਦਾਸ਼ਤ ਦੇ ਤੌਰ 'ਤੇ ਚਹਾਰਮੜ੍ਹੀ ਵਿਖੇ ਲਿਖਿਆ ਗਿਆ ਸੀ ਉਹ ਸਾਡੇ ਖਿਆਲ ਵਿੱਚ ਹੈ, ਮਿਸਲ ਵਿੱਚ ਸ਼ਾਮਿਲ ਕੀਤਾ ਜਾਵੇ ਅਤੇ ਹਮੀਰ ਸਿੰਘ ਚਹਾਰਮੜ੍ਹੀ ਨੇ ਇਸ ਨੂੰ ਸੂਬਾ ਲਿਖਵਾਇਆ ਹੈ, ਉਸ ਨੂੰ ਬੁਲਾਇਆ ਜਾਵੇ ਤੇ ਤਹਿਕੀਕਾਤ ਵਾਸਤੇ ਨੰਬਰਦਾਰ ਵੀ ਬੁਲਾਏ ਜਾਣ।

ਇਸ ਦੇ ਮੁਤਾਬਿਕ ਜਦੋਂ ਚਹਾਰਮੜ੍ਹੀ ਦੇ ਨੰਬਰਦਾਰਾਂ ਆਦਿ ਨੂੰ ਬੁਲਾ ਕੇ ਤਹਿਕੀਕਾਤ ਕੀਤੀ ਗਈ ਤਾਂ ਉੱਤਮ ਸਿੰਘ ਤੇ ਹਮੀਰ ਸਿੰਘ ਨੰਬਰਦਾਰਾਨ ਚਹਾਰਮੜ੍ਹੀ ਨੇ ਲਿਖਾਇਆ ਕਿ ਦੱਲ ਸਿੰਘ ਕੂਕਾ ਤਾਂ ਜ਼ਰੂਰ ਹੈ ਪਰ ਇਸ ਦਾ 'ਸੂਬਾ' ਹੋਣਾ ਅਸੀਂ ਨਹੀਂ ਸੁਣਿਆ ਤੇ ਨਾ ਕੋਈ ਇਸ ਦਾ ਚੇਲਾ ਹੈ ਤੇ ਨਾ ਇਸ ਨੇ ਕਿਸੇ ਨੂੰ ਸ਼ਬਦ ਦਿੱਤਾ। ਹਮੀਰ ਸਿੰਘ ਮੁਖ਼ਬਰ ਨੇ ਇਹ ਗੱਲ ਲਿਖਾਈ ਕਿ ਦੱਲ ਸਿੰਘ ਦੇ 'ਸੂਬਾ' ਹੋਣ ਦਾ ਸਬੂਤ ਤਾਂ ਮੇਰੇ ਕੋਲ ਕੁੱਛ ਨਹੀਂ। ਮੈਂ ਇਸ ਕਰਕੇ ਇਸ ਨੂੰ 'ਸੂਬਾ' ਜਾਣਦਾ ਹਾਂ ਕਿ ਇਸ ਕੋਲ ਆ ਕੇ ਕੂਕਾ ਲੋਕ ਇੱਕਠੇ ਹੁੰਦੇ ਰਹਿੰਦੇ ਹਨ ਤੇ ਇਹ ਖ਼ੁਦ ਕਹਿੰਦਾ ਸੀ ਕਿ ਮੈਂ ਸੂਬਾ ਹਾਂ। ਪਰ ਹੁਣ ਪਿੰਡ ਦਾ ਕੋਈ ਆਦਮੀ ਮੇਰੇ ਬਿਆਨ ਦੀ ਤਸਦੀਕ ਨਹੀਂ ਕਰ ਸਕਦਾ, ਪਿੰਡ ਦੇ ਲੋਕ ਇਸ ਦੇ ਚੇਲੇ ਵੀ ਹਨ ਪਰ ਹੁਣ ਕੋਈ ਆਦਮੀ ਇਸ ਦਾ ਚੇਲਾ ਹੋਣਾ ਨਹੀਂ ਮੰਨਦਾ। ਮੇਰੀ ਤੇ ਦੱਲ ਸਿੰਘ ਦੀ ਦੁਸ਼ਮਣੀ ਜ਼ਰੂਰ ਹੈ।

ਕਿਉਂਕਿ ਹੁਣ ਦੀ ਤਹਿਕੀਕਾਤ ਤੋਂ ਵੀ ਦੱਲ ਸਿੰਘ ਦਾ 'ਸੂਬਾ' ਹੋਣਾ ਪਾਇਆ ਨਹੀਂ ਜਾਂਦਾ। ਕੇਵਲ ਹਮੀਰ ਸਿੰਘ ਦਾ ਇੱਕ ਬਿਆਨ ਹੈ। ਸੋ ਉਹ ਆਪਣੇ ਬਿਆਨ ਤੋਂ ਬਿਨਾਂ ਹੋਰ ਕੋਈ ਸਬੂਤ ਨਹੀਂ ਦੇ ਸਕਦਾ ਸੀ। ਦੁਸ਼ਮਣੀ ਕਰਕੇ ਹੀ ਉਸ ਨੂੰ 'ਸੂਬਾ' ਬਿਆਨ ਕੀਤਾ। ਦੱਲ ਸਿੰਘ ਨਾਲ ਉਸ ਦੀ ਦੁਸ਼ਮਣੀ ਜ਼ਰੂਰ ਹੈ।

**ਸੋ ਹੁਕਮ ਹੋਇਆ ਕਿ**

ਉਪ੍ਰੋਕਤ ਤਹਿਕੀਕਾਤ ਬਾਰੇ ਮਹਿਕਮਾ ਮੁਨਸ਼ੀ ਖ਼ਾਨਾ ਨੂੰ ਇਤਲਾਹ ਦਿੱਤੀ ਜਾਵੇ ਤੇ ਬੇਨਤੀ ਕੀਤੀ ਜਾਵੇ ਕਿ ਹੁਣ ਇਸ ਦੱਲ ਸਿੰਘ ਬਾਰੇ ਕੀ ਹੁਕਮ ਹੈ ?

**ਮਹਿਕਮਾ ਮੁਨਸ਼ੀ ਖ਼ਾਨੇ ਤੋਂ ਹੁਕਮ ਹੋਇਆ ਕਿ**

ਜਵਾਬ ਲਿਖਿਆ ਜਾਵੇ ਕਿ ਇਸ ਮੁਦਇਲੇ ਤੋਂ ਨੇਕ ਚਲਨੀ ਦੀ ਜ਼ਮਾਨਤ ਲਈ ਜਾਵੇ ਅਤੇ ਨਾਇਬ ਨਾਜ਼ਿਮ ਸਾਹਿਬ ਜ਼ਮਾਨਤ ਨਾਮੇ ਦੀ ਨਕਲ ਇਸ ਮਹਿਕਮੇਂ ਨੂੰ ਵੀ ਭੇਜ ਦੇਣ।

ਇੱਕ ਇੱਕ ਨਕਲ ਇਤਲਾਹ ਵਜੋਂ ਲੁਧਿਆਣਾ, ਅੰਬਾਲਾ ਤੇ ਮਹਿਕਮਾ ਗੌਰਮਿੰਟ ਪੰਜਾਬ ਦੇ ਵਕੀਲਾਂ ਕੋਲ ਭੇਜ ਦਿੱਤੀ ਜਾਵੇ।

ਦਸਤਖ਼ਤ
ਸੱਯਦ ਮੁਹੰਮਦ ਹੁਸੈਨ,
ਮੀਰ ਮੁਨਸ਼ੀ ਸਰਕਾਰ ਪਟਿਆਲਾ।

# ਲੁਕਿਆ ਸੱਚ

---

**<u>ਮੁਦਈ</u>**
ਹਮੀਰ ਸਿੰਘ ਤੇ ਸਿੱਧੂ ਜ਼ਿਮੀਦਾਰ
ਪਿੰਡ ਚਹਾੜਮੜ੍ਹੀ ਤਾਅੱਲੁਕਾ
ਰਾਣੀ ਮਾਜਰਾ।

**<u>ਬਨਾਮ ਮੁਦਾਇਆਲਾ</u>**
ਦੱਲ ਸਿੰਘ ਨੰਬਰਦਾਰ
ਪਿੰਡ ਚਹਾਰਮੜ੍ਹੀ।

ਗ਼ਰੀਬ ਪਰਵਰ! ਸਲਾਮਤ!

ਸ੍ਰੀ ਮਾਨ ਜੀ,

ਦੌਲਤਮਦਾਰ ਸਰਕਾਰ ਦੇ ਇਲਾਕੇ ਦੇ ਸਾਰੇ ਕੂਕਿਆਂ ਦੀ ਗ੍ਰਿਫ਼ਤਾਰੀ ਸਮੇਂ ਮੁਦਈਆ ਹਮੀਰ ਸਿੰਘ ਸਿੱਧੂ ਨੇ ਦੁਸ਼ਮਣੀ ਕਰਕੇ ਦੱਲ ਸਿੰਘ ਨੰਬਰਦਾਰ ਨੂੰ ਕੂਕਿਆਂ ਵਾਲੇ ਕੱਪੜੇ ਪਹਿਨਣ ਸਦਕਾ ਸਰਕਾਰ ਕੋਲ ਗ੍ਰਿਫ਼ਤਾਰ ਕਰਵਾ ਦਿੱਤਾ ਸੀ। ਮੁਦਇਆਲਾ ਨੇ ਰਾਜਪੁਰਾ ਨਿਆਬਤ ਵਿੱਚ ਚਾਰ ਸੌ ਰੁਪਏ ਦੀ ਜ਼ਮਾਨਤ ਦਾਖਿਲ ਕਰਵਾ ਕੇ ਆਪਣੀ ਰਿਹਾਈ ਕਰਵਾਈ। ਇਸ ਤੋਂ ਮਗਰੋਂ ਮੁਦਈਆਂ ਨੇ ਆਪਣੀ ਜ਼ਮੀਨ ਦੇ ਮੁਕਦਮੇਂ 'ਚ ਦੱਲ ਸਿੰਘ ਨੰਬਰਦਾਰ ਤੋਂ ਝੂਠੀ ਗਵਾਹੀ ਦਿਵਾਉਣੀ ਸੀ ਪਰ ਦੱਲ ਸਿੰਘ ਨੰਬਰਦਾਰ ਸੱਚਾ ਬੰਦਾ ਸੀ ਉਸ ਨੇ ਝੂਠੀ ਗਵਾਹੀ ਨਾ ਦਿੱਤੀ ਜਿਸ ਦੇ ਕਾਰਨ ਉਪ੍ਰੋਕਤ ਮੁਦਈਆਂ ਨੇ ਦੁਸ਼ਮਣੀ ਕਰਕੇ ਦੂਜੀ ਵਾਰ ਇਹ ਦੱਸ ਕੇ ਦੱਲ ਸਿੰਘ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ ਕਿ ਇਹ ਕੂਕਿਆਂ ਦਾ 'ਸੂਬਾ' ਹੈ।

ਅਸੀਂ ਇੱਕ ਦੋ ਵਾਰ ਆਉਣ ਜਾਣ ਵਾਲੇ ਕੂਕਿਆਂ ਨੂੰ ਸਾਧੂ ਸੰਤ ਸਮਝ ਕੇ ਰੋਟੀ ਖਵਾਈ ਸੀ ਪਰ ਹੁਣ ਜਿਸ ਦਿਨ ਤੋਂ ਸਰਕਾਰ ਨੇ ਮਨਾਹੀ ਕੀਤੀ ਹੈ ਅਸੀਂ ਕੋਈ ਕੂਕਾ ਪਿੰਡ ਵਿੱਚ ਵੜਨ ਨਹੀਂ ਦਿੱਤਾ। ਅਸੀਂ ਪੁਰਾਣੇ ਸਮਿਆਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਚਲੇ ਆ ਰਹੇ ਹਾਂ। ਹੁਣ ਮਜਬੂਰ ਹੋ ਕੇ ਬੇਨਤੀ ਕੀਤੀ ਹੈ ਤੇ ਅਸੀਂ ਉਮੀਦਵਾਰ ਹਾਂ ਕਿ ਨੇੜੇ ਤੇੜੇ ਦੇ ਪਿੰਡਾਂ ਤੋਂ ਇਸ ਗੱਲ ਦੀ ਤਹਿਕੀਕਾਤ ਕਰਕੇ ਬੇਕਸੂਰ ਦੱਲ ਸਿੰਘ ਨੂੰ ਕੈਦ 'ਚੋਂ ਰਿਹਾ ਕੀਤਾ ਜਾਵੇ।

ਵਾਜਿਬ ਸਮਝ ਕੇ ਅਰਜ਼ ਕੀਤਾ।

ਹਕੂਮਤ ਦਾ ਸੂਰਜ ਚਮਕਦਾ ਰਵ੍ਹੇ !

ਦਾਸ
ਉੱਤਮ ਸਿੰਘ, (ਦੱਲ ਸਿੰਘ ਨੰਬਰਦਾਰ ਦਾ ਸਕਾ ਭਾਈ,)
ਪਿੰਡ ਚਹਾਰਮੜ੍ਹੀ ਤਾਅੱਲੁਕਾ ਰਾਣੀ ਮਾਜਰਾ।
30 ਮਾਘ 1928.(9 ਫਰਵਰੀ 1872)

ਨੰ: 1769 ਅਸ਼ਟਾਮ 'ਤੇ ਇਹ ਕਾਗਜ਼ ਕੀਮਤ 4 ਆਨੇ ਨਾਨਕ ਰਾਮ ਅਰਜ਼ੀ ਨਵੀਸ ਤੋਂ ਲਏ ਗਏ।
27 ਮਾਘ 1928 ਉੱਤਮ ਸਿੰਘ ਚਹਾਰਮੜ੍ਹੀ ਦੇ ਜ਼ਿਮੀਦਾਰ।

---

# 8 . ਮਾਘੀ ਦੇ ਮੇਲੇ 'ਤੇ ਸ੍ਰੀ ਭੈਣੀ ਸਾਹਿਬ ਗਏ ਸਿੱਖਾਂ ਦੇ ਬਿਆਨ

## ਕਾਇਮ ਮੁਕਾਮ ਨਾਜ਼ਿਮ ਕਾਲੀ ਖ਼ਾਨ ਦੇ ਰੂ ਬ ਰੂ

10 ਮਾਘ 1928, 21 ਜਨਵਰੀ 1872 ਈ:

ਸਵਾਲ ਜ਼ਾਬਿਤਾ ਜਵਾਬ

| ਨਾਮ | ਵਲਦੀਅਤ | ਕੌਮੀਅਤ | ਸਕੂਨਤ (ਰਿਹਾਇਸ਼) | ਉਮਰ | ਪੇਸ਼ਾ |
|---|---|---|---|---|---|
| ਖੜਕ ਸਿੰਘ | ਬਿਸ਼ਨ ਸਿੰਘ | ਜ਼ਿਮੀਦਾਰ | ਸਕਰੌਂਦੀ | 46 ਸਾਲ | ਖੇਤੀਬਾੜੀ |
| ਨਿਹਾਲ ਸਿੰਘ | ਮਾਨਾ ਸਿੰਘ | ਜ਼ਿਮੀਦਾਰ | ਸਕਰੌਂਦੀ | 55 ਸਾਲ | ਖੇਤੀਬਾੜੀ |

**ਸਵਾਲ :-** ਤੁਸੀਂ ਦੋਨੋਂ ਮੇਲੇ ਦੇ ਮੌਕੇ ਪਿੰਡ ਭੈਣੀ ਗਏ ਸੀ ਜਾਂ ਨਹੀਂ ?

**ਜਵਾਬ :-** ਅਸੀਂ ਜੈਮਲ ਸਿੰਘ ਪੁੱਤਰ ਰਤਨ ਸਿੰਘ, ਜੈਮਲ ਸਿੰਘ ਪੁੱਤਰ ਗੁਲਾਬ ਸਿੰਘ, ਲਾਲੀ ਤਰਖਾਣ ਤੇ ਗੁਰਦਿੱਤੂ ਜ਼ਿਮੀਦਾਰ ਆਦਿ ਨਾਲ ਮੇਲੇ ਦੇ ਮੌਕੇ ਪਿੰਡ ਭੈਣੀ ਗਏ ਸੀ। ਮੇਲੇ ਤੋਂ ਮਗਰੋਂ ਅਸੀਂ, ਲਾਲੀ ਤਖਾਣ, ਭਾਗ ਸਿੰਘ ਗਰੰਥੀ ਤੇ ਜੈਮਲ ਸਿੰਘ ਪੁੱਤਰ ਰਤਨ ਸਿੰਘ ਕਸਬਾ ਪਾਇਲ ਤੱਕ ਇੱਕਠੇ ਚਲੇ ਆਏ। ਕਸਬਾ ਪਾਇਲ ਤੋਂ ਮੈਂ ਨਿਹਾਲ ਸਿੰਘ ਤਾਂ ਘੋੜੇ ਦਾ ਸਵਾਰ ਸੀ, ਚੌਂਦਾ ਵਿਖੇ ਬਸਾਵਾ ਸਿੰਘ ਤਰਖਾਣ ਦੇ ਘਰ ਰਹਿ ਗਿਆ ਕਿਉਂਕਿ ਮੈਂ ਉਸ ਤੋਂ ਗੱਡਾ ਬਣਵਾਉਣਾ ਸੀ ਤੇ ਰਾਤ ਕੱਟ ਕੇ ਸਕਰੌਂਦੀ ਪੁੱਜ ਗਿਆ। ਮੈਂ ਖੜਕ ਸਿੰਘ, ਸਮੇਤ ਲਾਲੀ ਤਰਖਾਣ, ਭਾਗ ਸਿੰਘ ਤੇ ਜੈਮਲ ਸਿੰਘ ਕਪੂਰਗੜ੍ਹ ਵਿਖੇ ਖਜ਼ਾਨ ਸਿੰਘ ਜ਼ਿਮੀਂਦਾਰ ਦੇ ਘਰ ਰਾਤ ਕੱਟ ਕੇ ਅਗਲੇ ਦਿਨ ਸਕਰੌਂਦੀ ਪੁੱਜ ਗਏ। ਸਾਡੇ ਨਾਲੋਂ ਕੋਈ ਆਦਮੀ ਵਿਛੜਿਆ ਨਹੀਂ ਤੇ ਨਾ ਅਸੀਂ ਮਲੌਦ ਤੇ ਕੋਟਲੇ ਦੇ ਫ਼ਸਾਦ ਵਿੱਚ ਸ਼ਾਮਿਲ ਹੋਏ ਜਿਸ ਬਾਰੇ ਜੈਮਲ ਸਿੰਘ ਤੇ ਕਾਲੀ ਤਰਖਾਣ ਆਦਿ ਗਵਾਹ ਹਨ। ਉਨ੍ਹਾਂ ਤੋਂ ਦਰਿਆਫ਼ਤ ਕੀਤਾ ਜਾਵੇ।

-ਬਸ-

### ਹੁਕਮ ਹੋਇਆ

ਸ਼ਾਮਿਲ ਮਿਸਲ ਹੋਵੇ

10 ਮਾਘ 1928 ਮੁਤਾਬਿਕ 21 ਜਨਵਰੀ 1872 ਈ:

---

## ਕਾਲੀ ਖ਼ਾਨ ਕਾਇਮ ਮੁਕਾਮ ਨਾਜ਼ਿਮ ਦੇ ਰੂ ਬ ਰੂ

**10 ਮਾਘ 1928, 21 ਜਨਵਰੀ 1872 ਈ:**

ਸਵਾਲ ਜ਼ਾਬਿਤਾ ਜਵਾਬ

ਨਾਮ ਮੇਰਾ ਗੁਰਦਿੱਤੂ ਪੁੱਤਰ ਗੁਲਾਬ ਸਿੰਘ ਜ਼ਿਮੀਂਦਾਰ ਸਕਰੌਦੀ ਉਮਰ 30 ਸਾਲ ਪੇਸ਼ਾ ਖੇਤੀਬਾੜੀ।

**ਸਵਾਲ :-** ਤੂੰ ਹੋਰ ਆਦਮੀਆਂ ਨਾਲ ਮੇਲੇ ਦੇ ਮੌਕੇ ਪਿੰਡ ਭੈਣੀ ਗਿਆ ਸੀ ਜਾਂ ਨਹੀਂ ?

**ਜਵਾਬ :-** ਮੈਂ ਮੇਲੇ ਦੇ ਮੌਕੇ ਪਿੰਡ ਭੈਣੀ ਥੰਮਣ ਸਿੰਘ ਨਾਈ, ਨਿਹਾਲ ਸਿੰਘ ਜ਼ਿਮੀਂਦਾਰ ਕੂਕਾ, ਹੀਰਾ ਸਿੰਘ ਤਰਖਾਣ ਕੂਕਾ ਤੇ ਜੈਮਲ ਸਿੰਘ ਪੁੱਤਰ ਗੁਲਾਬ ਸਿੰਘ ਦੇ ਨਾਲ ਗਿਆ ਸੀ। ਅਸੀਂ ਜਾਂਦੇ ਹੋਏ ਪਿੰਡ ਦੀਵਾ ਵਿਖੇ ਰਾਤ ਕੱਟ ਕੇ ਅਗਲੇ ਦਿਨ ਭੈਣੀ ਵਿਖੇ ਮੇਲੇ 'ਤੇ ਚਲੇ ਗਏ ਸੀ। ਮੇਲੇ ਤੋਂ ਮਗਰੋਂ ਭੈਣੀ ਦੇ ਅਸਥਾਨ ਤੋਂ ਰਵਾਨਾ ਹੋ ਕੇ ਬਿਸ਼ਨਪੁਰਾ ਵਿਖੇ ਰਾਤ ਕੱਟ ਕੇ ਅਗਲੇ ਦਿਨ ਸਕਰੌਦੀ ਵਿਖੇ ਆ ਗਏ ਸੀ। ਮੇਰਾ ਕੋਈ ਹਮ ਸਫ਼ਰ ਮੇਰੇ ਨਾਲੋਂ ਵਿਛੜਿਆ ਨਹੀਂ ਅਤੇ ਮੈਂ ਮਲੌਦ ਤੇ ਕੋਟਲਾ ਦੇ ਫ਼ਸਾਦ ਵਿੱਚ ਸ਼ਾਮਿਲ ਨਹੀਂ ਸੀ ਤੇ ਨਾ ਮੈਂ ਕੂਕਾ ਹਾਂ।

## ਤਸਦੀਕ ਮਗਰੋਂ ਹੁਕਮ ਹੋਇਆ ਕਿ

ਸ਼ਾਮਿਲ ਮਿਸਲ ਰਹੇ।

10 ਮਾਘ 1928
ਮੁਤਾਬਿਕ 21 ਜਨਵਰੀ ਸੰਨ 1872 ਈ:

---

## ਕਾਲੀ ਖ਼ਾਨ ਕਾਇਮ ਮੁਕਾਮ ਨਾਜ਼ਿਮ ਦੇ ਰੂ ਬ ਰੂ

**10 ਮਾਘ ਸੰਮਤ 1928 ਮੁਤਾਬਿਕ 21 ਜਨਵਰੀ 1872 ਈ:**

ਸਵਾਲ ਜ਼ਾਬਿਤਾ ਜਵਾਬ

ਨਾਮ ਮੇਰਾ ਜੈਮਲ ਸਿੰਘ ਪੁੱਤਰ ਗੁਲਾਬ ਸਿੰਘ ਕੌਮ ਜ਼ਿਮੀਂਦਾਰ ਪਿੰਡ ਸਕਰੌਂਦੀ ਉਮਰ 20 ਸਾਲ ਪੇਸ਼ਾ ਖੇਤੀਬਾੜੀ।

**ਸਵਾਲ :-** ਤੂੰ ਹੋਰਾਂ ਆਦਮੀਆਂ ਨਾਲ ਮੇਲੇ ਦੇ ਮੌਕੇ ਭੈਣੀ ਵਿਖੇ ਗਿਆ ਸੀ ਜਾਂ ਨਹੀਂ ? ਬਿਆਨ ਕਰ।

**ਜਵਾਬ :-** ਮੈਂ ਮੇਲੇ ਦੇ ਮੌਕੇ ’ਤੇ ਪਿੰਡ ਭੈਣੀ ਵਿਖੇ ਹੀਰਾ ਸਿੰਘ ਤਰਖਾਣ ਕੂਕਾ, ਨਿਹਾਲ ਸਿੰਘ ਜ਼ਿਮੀਂਦਾਰ ਕੂਕਾ, ਥੰਮਣ ਨਾਈ ਤੇ ਗੁਰਦਿੱਤੂ ਜ਼ਿਮੀਦਾਰ ਨਾਲ ਗਿਆ ਸੀ। ਅਸੀਂ ਜਾਂਦੇ ਵਾਰੀ ਪਿੰਡ ਦੀਵਾ ਵਿਖੇ ਰਾਤ ਰਹਿ ਕੇ ਅਗਲੇ ਦਿਨ ਭੈਣੀ ਵਿਖੇ ਮੇਲੇ ’ਤੇ ਚਲੇ ਗਏ ਸੀ। ਮੇਲੇ ਮਗਰੋਂ ਪਿੰਡ ਭੈਣੀ ਤੋਂ ਰਵਾਨਾ ਹੋ ਕੇ ਸ੍ਰੀ ਮਤੀ ਮਤਾਬੋ, ਜਿਹੜੀ ਮੇਰੀ ਸਕੀ ਮਾਸੀ ਨਹੀਂ ਬਲਕਿ ਰਾਮਪੁਰ ਕਟਾਣੀ ਦੇ ਲਾਗੇ ਦੀ ਮੇਰੀ ਚਾਚੀ ਦੀ ਭੈਣ ਹੈ ,ਦੇ ਘਰ ਨੂੰ ਹੋ ਤੁਰੇ ਅਤੇ ਪਿੰਡ ਬਿਸ਼ਨਪੁਰਾ ਵਿਖੇ ਰਾਤ ਕੱਟ ਕੇ ਅਗਲੇ ਦਿਨ ਸਕਰੌਂਦੀ ਆ ਗਏ। ਮੇਰਾ ਕੋਈ ਹਮਰਾਹੀ ਮੇਰੇ ਨਾਲੋਂ ਵਿਛੜਿਆ ਨਹੀਂ ਅਤੇ ਮੇਰੇ ਹਮਰਾਹੀ ਇਸ ਗੱਲ ਦੇ ਗਵਾਹ ਹਨ ਤੇ ਨਾ ਹੀ ਮੈਂ ਮਲੌਦ ਤੇ ਕੋਟਲਾ ਦੇ ਫ਼ਸਾਦ ਵਿੱਚ ਸ਼ਾਮਿਲ ਹੋਇਆ।

## ਹੁਕਮ ਹੋਇਆ ਕਿ

ਸ਼ਾਮਿਲ ਮਿਸਲ ਹੋਵੇ

10 ਮਾਘ ਸੰਮਤ 1928
ਮੁਤਾਬਿਕ 21 ਜਨਵਰੀ 1872 ਈ:

---

## ਕਾਇਮ ਮੁਕਾਮ ਨਾਜ਼ਿਮ ਕਾਲੀ ਖ਼ਾਨ ਦੇ ਰੂ ਬ ਰੂ

**10 ਮਾਘ ਸੰਮਤ 1928 ਮੁਤਾਬਿਕ**
**21 ਜਨਵਰੀ 1872 ਈ:**

<u>ਸਵਾਲ ਜ਼ਾਬਿਤਾ ਜਵਾਬ</u>

ਨਾਮ ਮੇਰਾ ਜੈਮਲ ਸਿੰਘ ਪੁੱਤਰ ਰਤਨ ਸਿੰਘ ਜ਼ਿਮੀਂਦਾਰ ਪਿੰਡ ਸਕਰੌਦੀ, ਉਮਰ 20 ਸਾਲ ਪੇਸ਼ਾ ਖੇਤੀਬਾੜੀ।

**ਸਵਾਲ :-** ਤੂੰ ਮੇਲੇ ਦੇ ਮੌਕੇ ਪਿੰਡ ਭੈਣੀ ਗਿਆ ਸੀ ਜਾਂ ਨਹੀਂ ?

**ਜਵਾਬ :-** ਮੈਂ ਮੇਲੇ ਦੇ ਮੌਕੇ 'ਤੇ ਪਿੰਡ ਭੈਣੀ ਵਿਖੇ ਖੜਕ ਸਿੰਘ ਪੁੱਤਰ ਬਿਸ਼ਨ ਸਿੰਘ ਜ਼ਿਮੀਂਦਾਰ, ਜੈਮਲ ਸਿੰਘ ਪੁੱਤਰ ਗੁਲਾਬ ਸਿੰਘ ਜ਼ਿਮੀਂਦਾਰ ਤੇ ਭਾਗ ਸਿੰਘ ਪੁੱਤਰ ਗਿਆਨ ਸਿੰਘ ਗਰੰਥੀ ਦੇ ਨਾਲ ਗਿਆ ਸੀ। ਅਸੀਂ ਜਾਂਦੇ ਵੇਲੇ ਪਿੰਡ ਦੀਵਾ ਵਿਖੇ ਰਾਤ ਕੱਟ ਕੇ ਅਗਲੇ ਦਿਨ ਪਿੰਡ ਭੈਣੀ ਵਿਖੇ ਮੇਲੇ 'ਚ ਪੁੱਜੇ ਸੀ। ਮੇਲੇ ਦੇ ਮਗਰੋਂ ਭੈਣੀ ਦੇ ਅਸਥਾਨ ਤੋਂ ਰਵਾਨਾ ਹੋ ਕੇ ਕਪੂਰਗੜ੍ਹ ਵਿਖੇ ਬਹਾਦੁਰ ਸਿੰਘ ਪੁੱਤਰ ਖ਼ਜ਼ਾਨ ਸਿੰਘ ਗੌਂਤਪੁਰ ਦੇ ਘਰ, ਜੈਮਲ ਸਿੰਘ ਪੁਤਰ ਗੁਲਾਬ ਸਿੰਘ ਤੋਂ ਬਿਨਾਂ, ਰਾਤ ਰਹਿਕੇ ਅਗਲੇ ਦਿਨ ਸਕਰੌਦੀ ਆ ਗਏ। ਜੈਮਲ ਸਿੰਘ ਪੁੱਤਰ ਗੁਲਾਬ ਸਿੰਘ ਭੈਣੀ ਤੋਂ ਇੱਕ ਦਿਨ ਪਹਿਲਾਂ ਹੀ ਰਵਾਨਾ ਹੋ ਕੇ ਸਾਡੇ ਨਾਲੋਂ ਪਹਿਲਾਂ ਪਿੰਡ ਸਕਰੌਦੀ ਆ ਗਿਆ ਸੀ। ਮੇਰੇ ਹਮਰਾਹੀ ਮਲੌਦ ਤੇ ਕੋਟਲਾ ਦੇ ਫ਼ਸਾਦ ਵਿੱਚ ਸ਼ਾਮਿਲ ਨਹੀਂ ਹੋਏ।

## ਤਸਦੀਕ ਮਗਰੋਂ ਹੁਕਮ ਹੋਇਆ ਕਿ

ਸ਼ਾਮਿਲ ਮਿਸਲ ਹੋਵੇ

10 ਮਾਘ ਸੰਮਤ 1928
ਮੁਤਾਬਿਕ 21 ਜਨਵਰੀ 1872 ਈ:

ਸ਼ਾਮਿਲ ਮਿਸਲ ਰਹੇ।

ਲਿਖਤ :- 10 ਮਾਘ ਸੰਮਤ 1928
ਮੁਤਾਬਿਕ 21 ਜਨਵਰੀ 1872 ਈ:

---

## ਨਿਜ਼ਾਮਤ ਕਰਮਗੜ੍ਹ ਦੇ ਫ਼ੌਜਦਾਰੀ ਮਹਿਕਮੇਂ 'ਚ
## ਕਾਇਮ ਮੁਕਾਮ ਨਾਜ਼ਿਮ ਕਾਲੀ ਖ਼ਾਨ ਦੇ ਰੂ ਬ ਰੂ

**10 ਮਾਘ ਸੰਮਤ 1928**

ਸਵਾਲ ਜ਼ਾਬਿਤਾ ਜਵਾਬ

ਨਾਮ ਮੇਰਾ ਭਾਗ ਸਿੰਘ ਪੁੱਤਰ ਗਿਆਨ ਸਿੰਘ ਕੌਮ ਜ਼ਿਮੀਂਦਾਰ ਪਿੰਡ ਸਕਰੌਦੀ ਉਮਰ 30 ਸਾਲ, ਪੇਸ਼ਾ ਮੰਗਣਾ।

**ਸਵਾਲ :–** ਤੂੰ ਹੋਰਾਂ ਆਦਮੀਆਂ ਨਾਲ ਮੇਲੇ ਦੇ ਮੌਕੇ ਭੈਣੀ ਵਿਖੇ ਗਿਆ ਸੀ ਜਾਂ ਨਹੀਂ ? ਬਿਆਨ ਕਰ।

**ਜਵਾਬ :–** ਮੈਂ ਮੇਲੇ ਦੇ ਮੌਕੇ ਭੈਣੀ ਵਿਖੇ ਲਾਲੀ ਤਰਖਾਣ, ਨਿਹਾਲ ਸਿੰਘ, ਖੜਕ ਸਿੰਘ ਤੇ ਜੈਮਲ ਸਿੰਘ ਕੂਕਿਆਂ ਨਾਲ ਗਿਆ ਸੀ। ਜਾਂਦੇ ਵਾਰੀ ਪਿੰਡ ਦੀਵਾ ਵਿਖੇ ਰਾਤ ਕੱਟ ਕੇ ਅਗਲੇ ਦਿਨ ਭੈਣੀ ਵਿਖੇ ਮੇਲੇ 'ਚ ਚਲੇ ਗਏ ਸੀ। ਮੇਲੇ ਦੇ ਅਸਥਾਨ ਭੈਣੀ ਤੋਂ ਰਵਾਨਾ ਹੋਕੇ ਰਾਤ ਨੂੰ ਕਪੂਰਗੜ੍ਹ ਰਹੇ ਅਤੇ ਅਗਲੇ ਦਿਨ ਸਕਰੌਦੀ ਆ ਗਏ। ਮੇਰਾ ਕੋਈ ਹਮਰਾਹੀ ਮੇਰੇ ਨਾਲੋਂ ਵਿਛੜਿਆ ਨਹੀਂ। ਮੇਰੇ ਹਮਰਾਹੀ ਇਸ ਗੱਲ ਦੇ ਗਵਾਹ ਹਨ ਅਤੇ ਨਾ ਹੀ ਮੈਂ ਮਲੌਦ ਤੇ ਕੋਟਲਾ ਦੇ ਫ਼ਸਾਦ ਵਿੱਚ ਸ਼ਾਮਿਲ ਹੋਇਆ। ਨਿਹਾਲ ਸਿੰਘ ਕੂਕਾ ਸਾਥੋਂ ਪਹਿਲਾਂ ਚਲਾ ਆਇਆ ਸੀ।

## ਬਾਅਦ ਤਸਦੀਕ ਹੁਕਮ ਹੋਇਆ ਕਿ

ਸ਼ਾਮਿਲ ਮਿਸਲ ਹੋਵੇ

10 ਮਾਘ ਸੰਮਤ 1928,
ਮੁਤਾਬਿਕ 21 ਜਨਵਰੀ 1872 ਈ:

---

## ਕਾਇਮ ਮੁਕਾਮ ਨਾਜ਼ਿਮ ਕਾਲੀ ਖ਼ਾਨ ਦੇ ਰੂ ਬ ਰੂ

10 ਮਾਘ ਸੰਮਤ 1928
ਮੁਤਾਬਿਕ 21 ਜਨਵਰੀ ਸੰਨ 1872 ਈ:

<u>ਸਵਾਲ ਜ਼ਾਬਿਤਾ ਜਵਾਬ</u>

| ਨਾਮ | ਵਲਦੀਅਤ | ਕੌਮੀਅਤ | ਰਿਹਾਇਸ਼ | ਉਮਰ | ਪੇਸ਼ਾ |
|---|---|---|---|---|---|
| ਮਨਸਬਦਾਰ ਸਿੰਘ | ਰਤਨ ਸਿੰਘ | ਜ਼ਿਮੀਦਾਰ | ਸਕਰੌਦੀ | 25 ਸਾਲ | ਖੇਤੀਬਾੜੀ |
| ਊਧਮ ਸਿੰਘ | ਦਸੌਂਧਾ ਸਿੰਘ | ਜ਼ਿਮੀਦਾਰ | ਸਕਰੌਦੀ | 20 ਸਾਲ | ਖੇਤੀਬਾੜੀ |

**ਸਵਾਲ :-** ਤੁਸੀਂ ਦੋਵੇਂ ਮੇਲੇ ਦੇ ਮੌਕੇ ਪਿੰਡ ਭੈਣੀ ਗਏ ਸੀ ਜਾਂ ਨਹੀਂ ?

**ਜਵਾਬ :-** ਅਸੀਂ ਦੋਵੇਂ ਪਿੰਡ ਸਕਰੌਦੀ ਤੋਂ ਰਵਾਨਾ ਹੋ ਕੇ ਪਿੰਡ ਦੀਵਾ ਵਿਖੇ ਰਾਤ ਨੂੰ ਰਹੇ ਅਤੇ ਉੱਥੋਂ ਅਗਲੇਦਿਨ ਮੇਲੇ ਦੇ ਮੌਕੇ ਭੈਣੀ ਵਿਖੇ ਪੁੱਜ ਗਏ। ਮੇਲੇ ਦੇ ਮਗਰੋਂ ਪਿੰਡ ਭੈਣੀ ਤੋਂ ਵਾਪਸ ਹੋ ਕੇ ਤੇ ਪਿੰਡ ਮੰਜਾਲੀਪੁਰ ਰਾਤ ਕੱਟ ਕੇ ਪਿੰਡ ਸਕਰੌਦੀ ਆ ਗਏ ਸੀ। ਅਸੀਂ ਮਲੌਦ ਤੇ ਕੋਟਲੇ ਦੇ ਫ਼ਸਾਦ ਵਿੱਚ ਸ਼ਾਮਿਲ ਨਹੀਂ ਹੋਏ। ਇਸ ਗੱਲ ਦਾ ਖੜਕ ਸਿੰਘ ਕੂਕਾ ਗਵਾਹ ਹੈ, ਉਸ ਤੋਂ ਦਰਿਆਫ਼ਤ ਕਰ ਲਿਆ ਜਾਵੇ। ਮੰਜਾਲੀਪੁਰ ਵਿਖੇ ਧਰਮਸ਼ਾਲਾ ਵਿੱਚ ਰਹੇ ਸੀ। ਕੋਈ ਡੇਢ ਹਜ਼ਾਰ ਦੇ ਲੱਗਭੱਗ ਆਦਮੀ ਉਸ ਵੇਲੇ 'ਚ ਇੱਕਠੇ ਹੋਏ ਸਨ।

## ਬਾਅਦ ਤਸਦੀਕ ਹੁਕਮ ਹੋਇਆ ਕਿ

ਸ਼ਾਮਿਲ ਮਿਸਲ ਰਹੇ

10 ਮਾਘ ਸੰਮਤ 1928
ਮੁਤਾਬਿਕ 21 ਜਨਵਰੀ ਸੰਨ 1872 ਈ:

---

## ਕਾਇਮ ਮੁਕਾਮ ਨਾਜ਼ਿਮ ਕਾਲੀ ਖ਼ਾਨ ਦੇ ਰੂ ਬ ਰੂ

10 ਮਾਘ ਸੰਮਤ 1928
ਮੁਤਾਬਿਕ 21 ਜਨਵਰੀ ਸੰਨ 1872 ਈ:

<u>ਸਵਾਲ ਜ਼ਾਬਿਤਾ ਜਵਾਬ</u>

| ਨਾਮ | ਵਲਦੀਅਤ | ਕੌਮੀਅਤ | ਰਿਹਾਇਸ਼ | ਉਮਰ | ਪੇਸ਼ਾ |
|---|---|---|---|---|---|
| ਪਰੇਮਾ | ਫ਼ਤਹ ਸਿੰਘ | ਛੀਂਬਾ | ਸਕਰੌਦੀ | 35 ਸਾਲ | ਖੇਤੀਬਾੜੀ |
| ਨਰਾਇਣ ਸਿੰਘ | ਨਿਹਾਲ ਸਿੰਘ | ਜ਼ਿਮੀਦਾਰ | ਸਕਰੌਦੀ | 20 ਸਾਲ | ਖੇਤੀਬਾੜੀ |
| ਲਾਲੀ | ਨਹਿਲਾ | ਜ਼ਿਮੀਦਾਰ | ਸਕਰੌਦੀ | 30 ਸਾਲ | ਖੇਤੀਬਾੜੀ |

**ਸਵਾਲ :-** ਤੁਹਾਡਾ ਬਿਆਨ ਇੱਕੋ ਹੈ ?

**ਜਵਾਬ :-** ਹਾਂ ਜਨਾਬ! ਸਾਡਾ ਬਿਆਨ ਇੱਕ ਹੈ।

**ਸਵਾਲ :-** ਤੁਸੀਂ ਮੇਲੇ ਦੇ ਮੌਕੇ ਭੈਣੀ ਵਿਖੇ ਗਏ ਸੀ ਜਾਂ ਨਹੀਂ ? ਬਿਆਨ ਕਰੋ।

**ਜਵਾਬ :-** ਅਸੀਂ ਇੱਕ ਝੋਟੇ ਨੂੰ ਤਾਰ (Telegraph) ਵਾਲੀ ਸੜਕ ਤੋਂ ਪਾਰ ਛੱਡਣ ਵਾਸਤੇ ਗਏ ਸੀ। ਤਾਰ ਦੇ ਪਾਰ ਝੋਟੇ ਨੂੰ ਛੱਡਣ ਵਾਸਤੇ ਗਏ ਸੀ। ਤਾਰ ਦੇ ਪਾਰ ਝੋਟੇ ਨੂੰ ਛੱਡ ਕੇ ਮੇਲੇ 'ਚ ਜਾ ਸ਼ਾਮਿਲ ਹੋਏ। ਅਸੀਂ ਮੇਲਾ ਵੇਖ ਕੇ ਤਿੰਨੇ ਜਣੇ ਪਿੰਡ ਸਕਰੌਦੀ ਨੂੰ ਚਲੇ ਆਏ ਅਤੇ ਨਾ ਸਾਡਾ ਮਜ਼ਹਬ ਕੂਕਾ ਹੈ। ਨਾ ਅਸੀਂ ਕਿਸੇ ਥਾਂ ਮਲੌਦ ਤੇ ਕੋਟਲੇ ਦੇ ਫ਼ਸਾਦ ਵਿੱਚ ਗਏ ਸੀ। ਇਸ ਗੱਲ ਦੇ ਪਿੰਡ ਦੇ ਨੰਬਰਦਾਰ ਗਵਾਹ ਹਨ ਉਨ੍ਹਾਂ ਤੋਂ ਦਰਿਆਫ਼ਤ ਕਰ ਲਿਆ ਜਾਵੇ।

## ਬਾਅਦ ਤਸਦੀਕ ਹੁਕਮ ਹੋਇਆ

ਕਿ ਸ਼ਾਮਿਲ ਮਿਸਲ ਰਹੇ

10 ਮਾਘ ਸੰਮਤ 1928
ਮੁਤਾਬਿਕ 21 ਜਨਵਰੀ ਸੰਨ 1872 ਈ:

---

## ਕਾਇਮ ਮੁਕਾਮ ਨਾਜ਼ਿਮ ਕਾਲੀ ਖ਼ਾਨ ਦੇ ਰੂ ਬ ਰੂ

10 ਮਾਘ ਸੰਮਤ 1928
ਮੁਤਾਬਿਕ 21 ਜਨਵਰੀ 1872 ਈ:

<u>ਸਵਾਲ ਜ਼ਾਬਿਤਾ ਜਵਾਬ</u>

ਨਾਮ ਮੇਰਾ ਬੂਟਾ ਸਿੰਘ ਪੁੱਤਰ ਰਾਮ ਸਿੰਘ ,ਕੌਮ ਜ਼ਿਮੀਂਦਾਰ, ਦਿਆਲਗੜ੍ਹ ਉਮਰ 30 ਸਾਲ ਪੇਸ਼ਾ ਖੇਤੀਬਾੜੀ।

**ਸਵਾਲ :–** ਤੂੰ ਹੋਰਾਂ ਆਦਮੀਆਂ ਨਾਲ ਮੇਲੇ ਦੇ ਮੌਕੇ ਭੈਣੀ ਦੇ ਅਸਥਾਨ ’ਤੇ ਗਿਆ ਸੀ ਜਾਂ ਨਹੀਂ ? ਬਿਆਨ ਕਰ।

**ਜਵਾਬ :–** ਮੈਂ ਮੇਲੇ ਦੇ ਮੌਕੇ ’ਤੇ ਪਿੰਡ ਭੈਣੀ ਵਿਖੇ ਕਾਲਾ ਸਿੰਘ ਪੁੱਤਰ ਮਿਹਰੂ ਜ਼ਿਮੀਂਦਾਰ, ਮਸੰਦਾ ਸਿੰਘ ਪੁੱਤਰ ਹਰੀਆ ਜ਼ਿਮੀਦਾਰ, ਮੇਰੀ ਪਤਨੀ ਰੱਜੀ ਤੇ ਸ੍ਰੀ ਮਤੀ ਭਾਨੋਂ ਪਤਨੀ ਕਾਲ੍ਹਾ ਸਿੰਘ ਨਾਲ ਗਿਆ ਸੀ।

ਅਸੀਂ ਜਾਂਦੇ ਹੋਏ ਪਿੰਡ ਬਿਸ਼ਨਪੁਰਾ ਰਾਤ ਰਹਿ ਕੇ ਅਗਲੇ ਦਿਨ ਭੈਣੀ ਵਿਖੇ ਮੇਲੇ ’ਤੇ ਚਲੇ ਗਏ ਸੀ। ਮੇਲੇ ਮਗਰੋਂ ਭੈਣੀ ਤੋਂ ਰਵਾਨਾ ਹੋਕੇ ਪਿੰਡ ਦੀਵਾ ਵਿਖੇ ਰਾਤ ਕੱਟਕੇ ਅਗਲੇ ਦਿਨ ਦਿਆਲਗੜ੍ਹ ਆ ਗਏ ਸੀ। ਮੇਰਾ ਕੋਈ ਹਮਰਾਹੀ ਮੈਥੋਂ ਵਿਛੜਿਆ ਨਹੀਂ ਅਤੇ ਮੇਰੇ ਹਮਰਾਹੀ ਇਸ ਗੱਲ ਦੇ ਗਵਾਹ ਹਨ ਤੇ ਨਾ ਹੀ ਮੈਂ ਮਲੌਦ ਤੇ ਕੋਟਲਾ ਦੇ ਫ਼ਸਾਦ ਵਿੱਚ ਸ਼ਾਮਿਲ ਹੋਇਆ।

## ਤਸਦੀਕ ਮਗਰੋਂ ਹੁਕਮ ਹੋਇਆ ਕਿ

ਸ਼ਾਮਿਲ ਮਿਸਲ ਰਹੇ।

ਲਿਖਤ :– 10 ਮਾਘ ਸੰਮਤ 1928
ਮੁਤਾਬਿਕ 21 ਜਨਵਰੀ 1872 ਈ:

---

## ਕਾਇਮ ਮੁਕਾਮ ਨਾਜ਼ਿਮ ਕਾਲੀ ਖ਼ਾਨ ਦੇ ਰੂ ਬ ਰੂ

10 ਮਾਘ ਸੰਮਤ 1928

ਮੁਤਾਬਿਕ 21 ਜਨਵਰੀ 1872 ਈ:

ਸਵਾਲ ਜ਼ਾਬਿਤਾ ਜਵਾਬ

ਨਾਮ ਮੇਰਾ ਕਾਲ੍ਹਾ ਸਿੰਘ ਪੁੱਤਰ ਮਿਹਰੂ, ਕੌਮ ਜ਼ਿਮੀਂਦਾਰ ਦਿਆਲਗੜ੍ਹ,ਉਮਰ 20 ਸਾਲ, ਪੇਸ਼ਾ ਖੇਤੀਬਾੜੀ।

**ਸਵਾਲ :-** ਤੂੰ ਹੋਰਾਂ ਆਦਮੀਆਂ ਨਾਲ ਮੇਲੇ ਦੇ ਮੌਕੇ ਪਿੰਡ ਭੈਣੀ ਗਿਆ ਸੀ ਜਾਂ ਨਹੀਂ ?

**ਜਵਾਬ :-** ਮੈਂ ਮੇਲੇ ਦੇ ਮੌਕੇ 'ਤੇ ਪਿੰਡ ਭੈਣੀ ਵਿਖੇ ਬੂਟਾ ਸਿੰਘ ਜ਼ਿਮੀਂਦਾਰ, ਮਸੰਦਾ ਸਿੰਘ, ਸ੍ਰੀ ਮਤੀ ਰੱਜੀ ਪਤਨੀ ਬੂਟਾ ਸਿੰਘ ਤੇ ਮੇਰੀ ਪਤਨੀ ਸ੍ਰੀ ਮਤੀ ਭਾਨੋਂ ਨਾਲ ਗਿਆ ਸੀ। ਅਸੀਂ ਜਾਂਦੇ ਹੋਏ ਪਿੰਡ ਬਿਸ਼ਨਪੁਰਾ ਰਾਤ ਕੱਟ ਕੇ ਅਗਲੇ ਦਿਨ ਭੈਣੀ ਵਿਖੇ ਮੇਲੇ 'ਚ ਚਲੇ ਗਏ ਸੀ। ਮੇਲੇ ਦੇ ਮਗਰੋਂ ਭੈਣੀ ਤੋਂ ਰਵਾਨਾ ਹੋਕੇ ਪਿੰਡ ਦੀਵਾ ਵਿਖੇ ਰਾਤ ਰਹਿ ਕੇ ਅਗਲੇ ਦਿਨ ਦਿਆਲਗੜ੍ਹ ਆ ਗਏ ਸੀ। ਮੇਰਾ ਕੋਈ ਹਮਰਾਹੀ ਮੇਰੇ ਨਾਲੋਂ ਵਿਛੜਿਆ ਨਹੀਂ ਅਤੇ ਮੇਰੇ ਹਮਰਾਹੀ ਇਸ ਗੱਲ ਦੇ ਗਵਾਹ ਹਨ। ਨਾ ਹੀ ਮੈਂ ਮਲੌਂਦ ਤੇ ਕੋਟਲਾ ਦੇ ਫ਼ਸਾਦ ਵਿੱਚ ਸ਼ਾਮਿਲ ਹੋਇਆ ਹਾਂ। ਮੇਰਾ ਸਕਾ ਭਾਈ ਭੂਪ ਸਿੰਘ ਤਿੰਨ ਸਾਲ ਤੋਂ ਭੈਣੀ ਵਿਖੇ ਸਤਿਗੁਰੂ ਕੋਲ ਰਿਹਾ ਕਰਦਾ ਸੀ।

## ਤਸਦੀਕ ਮਗਰੋਂ ਹੁਕਮ ਹੋਇਆ ਕਿ

ਸ਼ਾਮਿਲ ਮਿਸਲ ਰਹੇ।

10 ਮਾਘ ਸੰਮਤ 1928

ਮੁਤਾਬਿਕ 21 ਜਨਵਰੀ 1872 ਈ:

---

## ਕਾਇਮ ਮੁਕਾਮ ਨਾਜ਼ਿਮ ਕਾਲੀ ਖ਼ਾਨ ਦੇ ਰੂ ਬ ਰੂ

**10 ਮਾਘ ਸੰਮਤ 1928**
**ਮੁਤਾਬਿਕ 21 ਜਨਵਰੀ 1872 ਈ:**

ਸਵਾਲ ਜ਼ਾਬਿਤਾ ਜਵਾਬ

ਨਾਮ ਮੇਰਾ ਮਸੰਦਾ ਸਿੰਘ, ਬਾਪ ਦਾ ਨਾਮ ਹਰੀਆ ਕੌਮ ਹੇੜੀ ਪਿੰਡ ਦਿਆਲਗੜ੍ਹ ਤਅੱਲੁਕਾ ਭਵਾਨੀਗੜ੍ਹ ਉਮਰ 40 ਸਾਲ ਪੇਸ਼ਾ ਖੇਤੀਬਾੜੀ।

**ਸਵਾਲ :–** ਤੂੰ ਮੇਲੇ ਦੇ ਮੌਕੇ ਪਿੰਡ ਭੈਣੀ ਗਿਆ ਸੀ ਜਾਂ ਨਹੀਂ ? ਬਿਆਨ ਕਰ।

**ਜਵਾਬ :–** ਮੈਂ ਮੇਲੇ ਦੇ ਮੌਕੇ 'ਤੇ ਪਿੰਡ ਭੈਣੀ ਵਿਖੇ ਗਿਆ ਸੀ ਅਤੇ ਮੇਰੇ ਨਾਲ ਕਾਲ੍ਹਾ ਸਿੰਘ, ਬੂਟਾ ਸਿੰਘ, ਸ੍ਰੀ ਮਤੀ ਭਾਨੀ ਤੇ ਰੱਜੀ ਵੀ ਗਏ ਸੀ। ਅਸੀਂ ਜਾਂਦੇ ਹੋਏ ਪਿੰਡ ਬਿਸ਼ਨਪੁਰਾ ਰਾਤ ਰਹੇ ਸੀ ਤੇ ਅਗਲੇ ਦਿਨ ਪਿੰਡ ਭੈਣੀ ਵਿਖੇ ਮੇਲੇ 'ਤੇ ਚਲੇ ਗਏ ਸੀ। ਮੈਂ ਉੱਥੇ ਜਾ ਕੇ ਕੂਕਾ ਬਣਿਆ ਸੀ, ਪਹਿਲਾਂ ਕੂਕਾ ਨਹੀਂ ਸੀ। ਆਉਂਦੇ ਹੋਏ ਪਿੰਡ ਦੀਵਾ ਵਿਖੇ ਰਾਤ ਕੱਟਕੇ ਅਗਲੇ ਦਿਨ ਦਿਆਲਗੜ੍ਹ ਆ ਗਏ ਸੀ। ਮੇਰਾ ਨਾਲੋਂ ਕੋਈ ਸਾਥੀ ਵਿਛੜਿਆ ਨਹੀਂ ਨਾ ਹੀ ਮੈਂ ਮਲੌਦ ਤੇ ਕੋਟਲਾ ਦੇ ਫ਼ਸਾਦ ਵਿੱਚ ਗਿਆ ਹਾਂ। ਮੈਂ ਰੋਜ਼ਗਾਰ ਦੀ ਤਲਾਸ਼ ਵਿੱਚ ਗਿਆ ਸੀ ਤੇ ਸਬੱਬ ਨਾਲ ਉੱਥੇ ਮੇਲੇ 'ਚ ਚਲਾ ਗਿਆ।

## ਤਸਦੀਕ ਮਗਰੋਂ ਹੁਕਮ ਹੋਇਆ ਕਿ

ਸ਼ਾਮਿਲ ਮਿਸਲ ਰਹੇ।

ਲਿਖਤ :–10 ਮਾਘ ਸੰਮਤ 1928
ਮੁਤਾਬਿਕ 21 ਜਨਵਰੀ 1872 ਈ:

---

## ਕਾਲੀ ਖ਼ਾਨ ਕਾਇਮ ਮੁਕਾਮ ਨਾਜ਼ਿਮ ਦੇ ਰੂ ਬ ਰੂ

10 ਮਾਘ ਸੰਮਤ 1928
ਮੁਤਾਬਿਕ 21 ਜਨਵਰੀ ਸੰਨ 1872 ਈ:

<u>ਸਵਾਲ ਜ਼ਾਬਿਤਾ ਜਵਾਬ</u>

ਮੇਰਾ ਨਾਮ ਲਾਲੀ, ਬਾਪ ਦਾ ਨਾਮ ਮੇਲੂ, ਕੌਮ ਤਰਖਾਣ, ਵਾਸੀ ਪਿੰਡ ਸਕਰੌਦੀ, ਉਮਰ 22 ਸਾਲ, ਪੇਸ਼ਾ ਖੇਤੀਬਾੜੀ।

**ਸਵਾਲ :–** ਤੂੰ ਹੋਰਾਂ ਆਦਮੀਆਂ ਨਾਲ ਮੇਲੇ ਦੇ ਮੌਕੇ ਭੈਣੀ ਵਿਖੇ ਗਿਆ ਸੀ ਜਾਂ ਨਹੀਂ ? ਬਿਆਨ ਕਰ।

**ਜਵਾਬ :–** ਮੇਰੇ ਕੋਲ ਗੱਡੀ (ਛੋਟਾ ਗੱਡਾ) ਹੈ। ਮਹਿਤਾਬ ਸਿੰਘ ਕੂਕਾ ਪਿੰਡ ਸਕਰੌਦੀ ਨੇ ਇੱਕ ਰੁਪਏ ਕਿਰਾਏ ’ਤੇ ਕੀਤੀ ਸੀ। ਕਿਉਂਕਿ ਉਹ ਬੀਮਾਰ ਸੀ ਇਸ ਲਈ ਮੈਂ ਉਸ ਨੂੰ ਗੱਡੀ ’ਤੇ ਬੈਠਾਕੇ ਮੇਲੇ ਦੇ ਮੌਕੇ ਪਿੰਡ ਭੈਣੀ ਵਿਖੇ ਲੈ ਗਿਆ ਸੀ। ਅਸੀਂ ਜਾਂਦੇ ਹੋਏ ਪਿੰਡ ਦੀਵਾ ਵਿਖੇ ਰਹੇ ਸੀ। ਮੇਰੇ ਨਾਲ ਜੈਮਲ ਸਿੰਘ ਪੁੱਤਰ ਰਤਨ ਸਿੰਘ, ਭਾਗ ਸਿੰਘ, ਖੜਕ ਸਿੰਘ ਤੇ ਨਿਹਾਲ ਸਿੰਘ ਸਨ। ਮੇਲੇ ਮਗਰੋਂ ਮੈਂ, ਜੈਮਲ ਸਿੰਘ, ਭਾਗ ਸਿੰਘ ਤੇ ਖੜਕ ਸਿੰਘ ਵਾਪਸ ਆਉਂਦੇ ਹੋਏ ਪਿੰਡ ਕਪੂਰਗੜ੍ਹ ਰਹੇ ਅਤੇ ਨਿਹਾਲ ਸਿੰਘ ਘੋੜੇ ’ਤੇ ਸਵਾਰ ਹੋਣ ਕਾਰਨ ਪਿੰਡ ਚੌਂਦਾ ਵਿਖੇ ਰਿਹਾ। ਅਗਲੇ ਦਿਨ ਅਸੀਂ ਸਾਰੇ ਸਕਰੌਦੀ ਵਿਖੇ ਆ ਗਏ। ਮੇਰਾ ਕੋਈ ਵੀ ਹਮਰਾਹੀ ਵਿਛੜਿਆ ਨਹੀਂ ਅਤੇ ਨਾ ਕੋਈ ਮਲੌਦ ਤੇ ਕੋਟਲਾ ਦੇ ਫ਼ਸਾਦ ’ਚ ਸ਼ਾਮਿਲ ਹੋਇਆ ਹੈ। ਮੇਲੇ ’ਚ ਡੇਢ ਹਜ਼ਾਰ ਦੇ ਕਰੀਬ ਆਦਮੀਆਂ ਦਾ ਇੱਕਠ ਸੀ ਅਤੇ ਨਾ ਮੈਂ ਕੂਕਾ ਹਾਂ।

## ਤਸਦੀਕ ਮਗਰੋਂ ਹੁਕਮ ਹੋਇਆ ਕਿ

ਸ਼ਾਮਿਲ ਮਿਸਲ ਰਹੇ।

10 ਮਾਘ ਸੰਮਤ 1928 ਮੁਤਾਬਿਕ 21 ਜਨਵਰੀ ਸੰਨ 1872 ਈ:

---

## ਕਾਲੀ ਖ਼ਾਨ ਕਾਇਮ ਮੁਕਾਮ ਨਾਜ਼ਿਮ ਦੇ ਰੂ ਬ ਰੂ

10 ਮਾਘ ਸੰਮਤ 1928
ਮੁਤਾਬਿਕ 21 ਜਨਵਰੀ ਸੰਨ 1872 ਈ:

ਸਵਾਲ ਜ਼ਾਬਿਤਾ ਜਵਾਬ

ਮੇਰਾ ਨਾਮ ਨਿਹਾਲ ਸਿੰਘ, ਬਾਪ ਦਾ ਨਾਮ ਬੁੱਧੂ, ਕੌਮ ਜ਼ਿਮੀਦਾਰ, ਪਿੰਡ ਗੜ੍ਹੀ ਚੰਦੂ ਵਾਲੀ, ਹਾਲ ਆਬਾਦ ਸਕਰੌਦੀ, ਉਮਰ 30 ਸਾਲ, ਪੇਸ਼ਾ ਨੌਕਰੀ।

**ਸਵਾਲ :–** ਤੂੰ ਹੋਰਾਂ ਆਦਮੀਆਂ ਨਾਲ ਮੇਲੇ ਦੇ ਮੌਕੇ ਭੈਣੀ ਵਿਖੇ ਗਿਆ ਸੀ ਜਾਂ ਨਹੀਂ ? ਬਿਆਨ ਕਰ।

**ਜਵਾਬ :–** ਮੈਂ ਮੇਲੇ ਦੇ ਮੌਕੇ 'ਤੇ ਪਿੰਡ ਭੈਣੀ ਵਿਖੇ ਹੀਰਾ ਸਿੰਘ ਕੂਕਾ, ਜੈਮਲ ਸਿੰਘ ਕੂਕਾ, ਗੁਰਦਿੱਤ ਸਿੰਘ ਜ਼ਿਮੀਂਦਾਰ ਤੇ ਥੰਮਣ ਨਾਈ ਨਾਲ ਗਿਆ ਸੀ। ਅਸੀਂ ਜਾਂਦੇ ਹੋਏ ਪਿੰਡ ਦੀਵਾ ਵਿਖੇ ਰਾਤ ਕੱਟ ਕੇ ਅਗਲੇ ਦਿਨ ਮੇਲੇ 'ਤੇ ਭੈਣੀ ਵਿਖੇ ਚਲੇ ਗਏ ਸੀ। ਮੇਲੇ ਤੋਂ ਮਗਰੋਂ ਪਿੰਡ ਬਿਸ਼ਨਪੁਰਾ ਰਾਹੀਂ ਪਿੰਡ ਸਕਰੌਦੀ ਆ ਗਏ ਸੀ। ਮੇਰੇ ਨਾਲ ਦੇ ਹਮਰਾਹੀ ਵੀ ਪਿੰਡ ਸਕਰੌਦੀ ਆ ਗਏ ਇਨ੍ਹਾਂ ਵਿਚੋਂ ਕੋਈ ਮੇਰੇ ਨਾਲੋਂ ਨਹੀਂ ਵਿਛੜਿਆ। ਮੇਰੇ ਇਸ ਗੱਲ ਦੇ ਗਵਾਹ ਮੇਰੇ ਹਮਰਾਹੀ ਹਨ। ਮੈਂ ਨਾ ਹੀ ਮਲੌਦ ਤੇ ਕੋਟਲਾ ਦੇ ਫ਼ਸਾਦ ਵਿੱਚ ਸ਼ਾਮਿਲ ਹੋਇਆ ਸੀ। ਮੈਨੂੰ ਪਤਾ ਨਹੀਂ ਕਿ ਭੈਣੀ ਦੇ ਮੇਲੇ 'ਚ ਕਿੰਨੇ ਕੁ ਆਦਮੀਆਂ ਦਾ ਇੱਕਠ ਸੀ।

### ਤਸਦੀਕ ਮਗਰੋਂ ਹੁਕਮ ਹੋਇਆ ਕਿ

ਸ਼ਾਮਿਲ ਮਿਸਲ ਰਹੇ।

ਲਿਖਤ :–10 ਮਾਘ ਸੰਮਤ 1928
ਮੁਤਾਬਿਕ 21 ਜਨਵਰੀ ਸੰਨ 1872 ਈ:

---

## ਕਾਲੀ ਖ਼ਾਨ ਕਾਇਮ ਮੁਕਾਮ ਨਾਜ਼ਿਮ ਦੇ ਰੂ ਬ ਰੂ

10 ਮਾਘ ਸੰਮਤ 1928
ਮੁਤਾਬਿਕ 21 ਜਨਵਰੀ ਸੰਨ 1872 ਈ:

ਸਵਾਲ ਜ਼ਾਬਿਤਾ ਜਵਾਬ

ਨਾਮ ਮੇਰਾ ਹੀਰਾ ਸਿੰਘ, ਬਾਪ ਦਾ ਨਾਮ ਬੀਰ ਸਿੰਘ ਕੌਮ ਤਰਖਾਣ, ਪਿੰਡ ਸਕਰੌਦੀ, ਉਮਰ 22 ਸਾਲ ਪੇਸ਼ਾ ਖੇਤੀਬਾੜੀ।

**ਸਵਾਲ :–** ਤੂੰ ਮੇਲੇ ਦੇ ਮੌਕੇ 'ਤੇ ਪਿੰਡ ਭੈਣੀ ਵਿਖੇ ਗਿਆ ਸੀ ਜਾਂ ਨਹੀਂ ? ਬਿਆਨ ਕਰ।

**ਜਵਾਬ :–** ਮੈਂ ਮੇਲੇ ਦੇ ਮੌਕੇ 'ਤੇ ਪਿੰਡ ਭੈਣੀ ਜੈਮਲ ਸਿੰਘ, ਨਿਹਾਲ ਸਿੰਘ ਕੂਕਾ, ਗੁਰਦਿੱਤ ਸਿੰਘ ਜ਼ਿਮੀਂਦਾਰ ਤੇ ਥੰਮਣ ਨਾਈ ਪਿੰਡ ਸਕਰੌਦੀ ਨਾਲ ਗਿਆ ਸੀ। ਅਸੀਂ ਜਾਂਦੇ ਹੋਏ ਪਿੰਡ ਦੀਵਾ ਵਿਖੇ ਰਾਤ ਕੱਟ ਕੇ ਅਗਲੇ ਦਿਨ ਪਿੰਡ ਭੈਣੀ ਵਿਖੇ ਮੇਲੇ 'ਚ ਚਲੇ ਗਏ ਸੀ। ਮੇਲੇ ਤੋਂ ਮਗਰੋਂ ਵਾਪਸ ਆ ਕੇ ਪਿੰਡ ਬਿਸ਼ਨਪੁਰਾ ਵਿਖੇ ਰਹੇ ਤੇ ਅਗਲੇ ਦਿਨ ਪਿੰਡ ਸਕਰੌਦੀ ਆ ਗਏ। ਹਮਰਾਹੀਆਂ ਵਿੱਚੋਂ ਕੋਈ ਵੀ ਮੇਰੇ ਨਾਲੋਂ ਵਿਛੜਿਆ ਨਹੀਂ ਤੇ ਨਾ ਕੋਈ ਮਲੌਦ ਤੇ ਕੋਟਲਾ ਦੇ ਫ਼ਸਾਦ ਵਿੱਚ ਸ਼ਾਮਿਲ ਹੋਇਆ ਤੇ ਨਾ ਮੈਂ ਗਿਆ ਹਾਂ। ਇਸ ਹਾਲ ਤੋਂ ਜੈਮਲ ਸਿੰਘ ਤੇ ਨਿਹਾਲ ਸਿੰਘ ਵਾਕਿਫ਼ ਹਨ, ਉਨ੍ਹਾਂ ਤੋਂ ਦਰਿਆਫ਼ਤ ਕੀਤਾ ਜਾਵੇ।

### ਬਾਅਦ ਤਸਦੀਕ ਹੁਕਮ ਹੋਇਆ ਕਿ

ਸ਼ਾਮਿਲ ਮਿਸਲ ਰਹੇ।

ਲਿਖਤ :–10 ਮਾਘ ਸੰਮਤ 1928
ਮੁਤਾਬਿਕ 21 ਜਨਵਰੀ ਸੰਨ 1872 ਈ:

---

## ਕਾਲੀ ਖ਼ਾਨ ਕਾਇਮ ਮੁਕਾਮ ਨਾਜ਼ਿਮ ਦੇ ਰੂ ਬ ਰੂ

10 ਮਾਘ ਸੰਮਤ 1928 ਮੁਤਾਬਿਕ 21 ਜਨਵਰੀ ਸੰਨ 1872 ਈ:

ਸਵਾਲ ਜ਼ਾਬਿਤਾ ਜਵਾਬ

ਮੇਰਾ ਨਾਮ ਥੰਮਣ ਸਿੰਘ ਤੇ ਬਾਪ ਦਾ ਨਾਮ ਬੁੱਧ ਸਿੰਘ, ਕੌਮ ਨਾਈ, ਪਿੰਡ ਸਕਰੌਦੀ, ਉਮਰ 45 ਸਾਲ ਪੇਸ਼ਾ ਸੀਰੀ (ਸਾਂਝੀਰਲਵਾ)

**ਸਵਾਲ :-** ਤੂੰ ਮੇਲੇ ਦੇ ਮੌਕੇ ਪਿੰਡ ਭੈਣੀ ਵਿਖੇ ਗਿਆ ਸੀ ਜਾਂ ਨਹੀਂ ? ਬਿਆਨ ਕਰ।

**ਜਵਾਬ :-** ਮੈਂ ਮੇਲੇ ਦੇ ਮੌਕੇ 'ਤੇ ਪਿੰਡ ਭੈਣੀ ਗਿਆ ਸੀ। ਮੇਰੇ ਨਾਲ ਗੁਰਦਿੱਤ ਸਿੰਘ ਜ਼ਿਮੀਂਦਾਰ, ਹੀਰਾ ਸਿੰਘ, ਜੈਮਲ ਸਿੰਘ, ਗੁਲਾਬ ਸਿੰਘ ਤੇ ਨਿਹਾਲ ਸਿੰਘ ਕੂਕੇ ਸਨ। ਜਾਂਦੇ ਹੋਏ ਮੈਂ ਤੇ ਮੇਰੇ ਹਮਰਾਹੀਆਂ ਨੇ ਪਿੰਡ ਦੀਵਾ ਵਿਖੇ ਰਾਤ ਕੱਟੀ ਸੀ। ਅਸੀਂ ਆਉਂਦੇ ਹੋਏ ਪਿੰਡ ਬਿਸ਼ਨਪੁਰਾ ਸੰਗਤ ਸਿੰਘ ਵਾਲਾ ਵਿਖੇ ਰਾਤ ਰਹਿਕੇ ਅਗਲੇ ਦਿਨ ਸਾਰੇ ਜਾਣੇ ਪਿੰਡ ਸਕਰੌਦੀ ਆ ਗਏ ਸੀ। ਮੇਰੇ ਹਮਰਾਹੀਆਂ ਵਿੱਚੋਂ ਕੋਈ ਵਿਅਕਤੀ ਵਿਛੜਿਆ ਨਹੀਂ ਅਤੇ ਨਾ ਮੈਂ ਮਲੌਦ ਤੇ ਕੋਟਲਾ ਦੇ ਫ਼ਸਾਦ ਵਿੱਚ ਗਿਆ ਹਾਂ। ਇਸ ਗੱਲ ਦੇ ਗੁਰਦਿੱਤ ਸਿੰਘ, ਹੀਰਾ ਸਿੰਘ, ਜੈਮਲ ਸਿੰਘ ਤੇ ਨਿਹਾਲ ਸਿੰਘ ਗਵਾਹ ਹਨ ਉਨ੍ਹਾਂ ਤੋਂ ਦਰਿਆਫ਼ਤ ਕੀਤਾ ਜਾਵੇ। ਮੈਂ ਕੂਕਾ ਨਹੀਂ ਹਾਂ ਬਲਕਿ ਤਮਾਸ਼ਾ ਵੇਖਣ ਲਈ ਚਲਿਆ ਗਿਆ ਸੀ।

## ਬਾਅਦ ਤਸਦੀਕ ਹੁਕਮ ਹੋਇਆ ਕਿ

ਸ਼ਾਮਿਲ ਮਿਸਲ ਰਹੇ।

10 ਮਾਘ ਸੰਮਤ 1928 ਮੁਤਾਬਿਕ 21 ਜਨਵਰੀ 1872 ਈ:

---

## ਕਾਇਮ ਮੁਕਾਮ ਕਾਲੀ ਖ਼ਾਨ ਦੇ ਰੂ ਬ ਰੂ

10 ਮਾਘ ਸੰਮਤ 1928 ਮੁਤਾਬਿਕ 21 ਜਨਵਰੀ ਸੰਨ 1872 ਈ:

ਸਵਾਲ ਜ਼ਾਬਿਤਾ ਜਵਾਬ

ਮੇਰਾ ਨਾਮ ਅਲਬੇਲ ਸਿੰਘ, ਬਾਪ ਦਾ ਨਾਮ ਨਾਥਾ, ਕੌਮ ਜ਼ਿਮੀਂਦਾਰ, ਪਿੰਡ ਭਵਾਨੀਗੜ੍ਹ ਖ਼ਾਸ, ਉਮਰ40 ਸਾਲ, ਪੇਸ਼ਾ ਖੇਤੀਬਾੜੀ।

**ਸਵਾਲ :-** ਤੂੰ ਮੇਲੇ ਦੇ ਮੌਕੇ ਪਿੰਡ ਭੈਣੀ ਗਿਆ ਸੀ ਜਾਂ ਨਹੀਂ ? ਬਿਆਨ ਕਰ।

**ਜਵਾਬ :-** ਮੈਂ ਮੇਲੇ ਦੇ ਮੌਕੇ 'ਤੇ ਪਿੰਡ ਭੈਣੀ ਗਿਆ ਸੀ। ਮੇਰੇ ਨਾਲ ਕੋਈ ਨਹੀਂ ਸੀ। ਮੈਂ ਜਾਂਦੇ ਹੋਏ ਰਾਤ ਨੂੰ ਪਿੰਡ ਦੀਵਾ ਵਿਖੇ ਰਿਹਾ ਅਤੇ ਆਉਂਦੇ ਹੋਇਆ ਪਿੰਡ ਚੌਂਦਾ ਵਿਖੇ ਪਿੰਡ ਦੇ ਦਰਵਾਜ਼ੇ ਵਿੱਚ ਰਿਹਾ ਸੀ। ਮੈਂ ਮਲੌਦ ਤੇ ਕੋਟਲਾ ਦੇ ਫ਼ਸਾਦ ਵਿੱਚ ਨਹੀਂ ਗਿਆ। ਨਾ ਮੇਰੇ ਨਾਲ ਮੇਲੇ ਤੋਂ ਕੋਈ ਸ਼ਖਸ ਆਇਆ ਸੀ ਤੇ ਨਾ ਕੋਈ ਗਿਆ ਸੀ ਤੇ ਇੱਕਲਾ ਹੀ ਭਵਾਨੀਗੜ੍ਹ ਤੋਂ ਗਿਆ ਸੀ ਤੇ ਇੱਕਲਾ ਹੀ ਭਵਾਨੀਗੜ੍ਹ ਵਿਖੇ ਆਇਆ ਸੀ। ਮੇਲੇ ਵਿੱਚ ਬੇਸ਼ੁਮਾਰ ਆਦਮੀ ਸਨ।

## ਬਾਅਦ ਤਸਦੀਕ ਹੁਕਮ ਹੋਇਆ ਕਿ

ਸ਼ਾਮਿਲ ਮਿਸਲ ਰਹੇ।

10 ਮਾਘ ਸੰਮਤ 1928 ਮੁਤਾਬਿਕ 21 ਜਨਵਰੀ 1872 ਈ:

---

**ਇਲਾਕਾ ਚਨਾਰਥਲ ਦੇ ਪਿੰਡਾਂ ਦੇ ਵਾਸੀ ਕੂਕਿਆਂ ਦਾ ਇੰਤਜ਼ਾਮ ਤੇ ਤਹਿਕੀਕਾਤ ਦੇ ਮੁਕੱਦਮੇਂ ਬਾਰੇ ਥਾਣੇਦਾਰ ਚਨਾਰਥਲ ਦੇ ਲਿਖੇ ਵੇਰਵੇ ਮਿਤੀ 30 ਮਾਘ ਸੰਮਤ 1928 ਦੀ ਨਕਲ।**

ਸ੍ਰੀ ਮਾਨ ਜੀ,

ਮਹਿਕਮਾ ਆਲੀਆ ਵਜ਼ਾਰਤ ਦੀ ਯਾਦਦਾਸ਼ਤ (ਚਿਤਾਵਨੀ ਖ਼ਤ) ’ਚ ਦਰਜ ਹੁਕਮ ਦੇ ਮਨਸ਼ੇ ਅਨੁਸਾਰ, ਜਿਹੜਾ 18 ਜਨਵਰੀ 1872 ਨੂੰ ਜਾਰੀ ਹੋਇਆ, ਦਰਜ ਰਪਟ ਰੋਜ਼ਨਾਮਚਾ ਕੀਤਾ ਗਿਆ। ਇਸ ਸੰਬੰਧੀ ਜਿਹੜੀ ਤਹਿਕੀਕਾਤ ਜ਼ਾਬਿਤਾ ਅਮਲ ’ਚ ਲਿਆਂਦੀ ਗਈ ਉਹ ਇਸ ਪ੍ਰਕਾਰ ਹੈ :–

ਭਗਵਾਨ ਸਿੰਘ ਜ਼ਿਮੀਂਦਾਰ ਕੂਕਾ ਵਾਸੀ * ਪਿੰਡ ਕਸਿਆਣਾ ਖ਼ੁਦ ਇਹ ਲਿਖਾਉਂਦਾ ਹੈ ਕਿ “ ਮੈਂ ਤੇ ਸ਼ੇਰ ਸਿੰਘ ਲੋਹੜੀ ਦੇ ਮੇਲੇ ਮੌਕੇ ਭੈਣੀ ਵਿਖੇ ਜ਼ਰੂਰ ਗਏ ਸੀ। ਅਸੀਂ ਉੱਥੇ ਇੱਕ ਦਿਨ ਤੋਂ ਵੱਧ ਨਹੀਂ ਠਹਿਰੇ। ਮਾਘ ਮਹੀਨੇ ਸੰਮਤ 1928 ਦੀ ਪਹਿਲੀ ਤਰੀਕ ਨੂੰ ਅਸੀਂ ਆਪਣੇ ਪਿੰਡ ਤੋਂ ਰਵਾਨਾ ਹੋ ਕੇ ਪਿੰਡ ਕੁੰਭ ਇਲਾਕਾ ਸਰਕਾਰ ਨਾਭਾ ਵਿਖੇ ਠਹਿਰੇ ਅਤੇ ਦੂਜੇ ਦਿਨ ਪਿੰਡ ਭੈਣੀ ਪੁੱਜੇ। ਉੱਥੇ ਇੱਕ ਰਾਤ ਠਹਿਰ ਕੇ ਉੱਥੋਂ ਅਗਲੇ ਦਿਨ ਰਵਾਨਾ ਹੋ ਕੇ ਵਾਪਸ ਪਿੰਡ ਕੁੰਭ ਪੁੱਜੇ ਅਤੇ ਰਾਤ ਕੱਟ ਕੇ 4 ਮਾਘ ਨੂੰ ਆਪਣੇ ਘਰ ਚਲੇ ਆਏ ਸੀ। ਮੈਂ ਆਪਣੀ ਕੌਮ ਨਾਲ ਪਾਏ ਫ਼ਸਾਦ ਵਿੱਚ ਕਦੇ ਵੀ ਸ਼ਾਮਿਲ ਨਹੀਂ ਹੋਇਆ। ਜੇ ਮੇਰਾ ਇਸ ਫ਼ਸਾਦ ਵਿੱਚ ਸ਼ਾਮਿਲ ਹੋਣਾ ਸਾਬਿਤ ਹੋ ਜਾਵੇ ਤਾਂ ਮੈਂ ਕਸੂਰਵਾਰ ਹੋਵਾਂਗਾ।”

ਸ਼ੇਰ ਸਿੰਘ ਕੂਕਾ ਪਿੰਡ ਕਸਿਆਣਾ ਪ੍ਰਗਟ ਕਰਦਾ ਹੋਇਆ ਇਹ ਦਰਜ ਕਰਾਉਂਦਾ ਹੈ ਕਿ “ ਮੈਂ ਭਗਵਾਨ ਸਿੰਘ ਨਾਲ ਮੇਲਾ ਲੋਹੜੀ ਦੇ ਮੌਕੇ ਭੈਣੀ ਵਿਖੇ ਬਿਲਕੁਲ ਨਹੀਂ ਗਿਆ। ਜੋ ਕੁਝ ਭਗਵਾਨ ਸਿੰਘ ਕਹਿੰਦਾ ਹੈ ਮੈਨੂੰ ਮੰਨਜ਼ੂਰ ਨਹੀਂ ਹੈ ਅਤੇ ਮੈਨੂੰ ਇਹ ਵੀ ਖ਼ਬਰ ਨਹੀਂ ਕਿ ਭਗਵਾਨ ਸਿੰਘ ਮੇਲੇ ’ਤੇ ਭੈਣੀ ਗਿਆ ਹੈ ਜਾਂ ਨਹੀਂ। ਮੇਲੇ ਵਾਲੇ ਦਿਨ ਮੈਂ ਆਪਣੇ ਘਰ ਹੀ ਮੌਜੂਦ ਸੀ ਅਤੇ ਉਸੇ ਤਰ੍ਹਾਂ ਹੁਣ ਤੱਕ ਘਰ ’ਤੇ ਮੌਜੂਦ ਹਾਂ। ਮੈਂ ਕਿਸੇ ਥਾਂ ਨਹੀਂ ਗਿਆ। ਮੈਂ ਮਲੌਦ ਤੇ ਕੋਟਲਾ ਦੇ ਫ਼ਸਾਦ ਵਿੱਚ ਹਰਗਿਜ਼ ਆਪਣੀ ਕੌਮ ਨਾਲ ਸ਼ਾਮਿਲ ਨਹੀਂ ਹੋਇਆ। ਮੈਂ ਆਪਣੇ ਘਰ ਬੈਠੇ ਲੋਕਾਂ ਦੀ ਜ਼ੁਬਾਨੀ ਇਹ ਹਾਲ ਜ਼ਰੂਰ ਸੁਣਿਆ ਹੈ।”

ਨੰਦ ਸਿੰਘ ਕੂਕਾ ਪਿੰਡ ਕਸਿਆਣਾ ਬਿਆਨ ਕਰਦਾ ਹੈ ਕਿ ਮੈਂ ਮੇਲੇ ਦੇ ਮੌਕੇ ’ਤੇ ਭੈਣੀ ਨਹੀਂ ਗਿਆ। ਮੈਂ ਪਿੰਡ ਕਪੂਰੀ ਵਿਖੇ ਮੌਜੂਦ ਸੀ। ਮੈਂ ਕੋਈ ਪੰਜ ਸਾਲਾਂ ਤੋਂ **ਮੰਗਲ ਸਿੰਘ ਰਾਏਪੁਰੀਆ** ਕੋਲ ਮੁਲਾਜ਼ਿਮ ਹਾਂ ਅਤੇ ਲਗਾਤਾਰ ਪਿੰਡ ਕਪੂਰੀ ਵਿਖੇ ਰਹਿੰਦਾ ਚਲਿਆ ਆ ਰਿਹਾ ਹਾਂ। **ਉਹ ਪਿੰਡ ਮੰਗਲ ਸਿੰਘ ਰਾਏਪੁਰੀਏ ਦਾ ਹੈ।** ਅੱਜ ਛੇ ਦਿਨ ਹੋ ਗਏ ਹਨ ਮੈਨੂੰ ਉੱਥੋਂ ਆਪਣੇ ਘਰ ਆਏ ਹੋਏ ਨੂੰ। ਮੈਂ ਮਲੌਦ ਤੇ ਕੋਟਲਾ ਦੇ ਫ਼ਸਾਦ ਸਮੇਂ ਆਪਣੀ ਕੌਮ ਨਾਲ ਹਰਗਿਜ਼ ਸ਼ਾਮਿਲ ਨਹੀਂ ਸੀ। ਜੇ ਸਾਬਿਤ ਹੋ ਜਾਵੇ ਤਾਂ ਮੈਂ ਕਸੂਰਵਾਰ ਹੋਵਾਂਗਾ।

“ਖ਼ਜ਼ਾਨ ਸਿੰਘ ਕੂਕਾ ਪਿੰਡ ਕਸਿਆਣਾ ਲਿਖਵਾਉਂਦਾਂ ਹੈ ਕਿ “ ਮੈਂ ਮੇਲੇ ਦੇ ਮੌਕੇ ਭੈਣੀ ਨਹੀਂ ਗਿਆ; ਆਪਣੇ ਘਰ ਹੀ ਮੌਜੂਦ ਸੀ ਅਤੇ ਮੈਨੂੰ ਅੱਖਾਂ ਤੋਂ ਵੀ ਘੱਟ ਦਿਖਾਈ ਦਿੰਦਾ ਹੈ ਤੇ ਨਾ ਹੀ ਇਤਨੀ ਤਾਕਤ ਹੈ ਕਿ ਆਪਣੇ ਘਰ ਤੋਂ ਕਿਸੇ ਥਾਂ ਜਾ ਸਕਾ। ਜੇ ਮੇਰਾ ਲੋਹੜੀ ਦੇ ਮੇਲੇ ’ਤੇ ਭੈਣੀ ਜਾਣਾ ਜਾਂ ਆਪਣੀ ਕੌਮ ਨਾਲ ਇਸ ਫ਼ਸਾਦ ’ਚ ਸ਼ਾਮਿਲ ਹੋਣ ਸਾਬਿਤ ਹੋ ਜਾਵੇ ਤਾਂ ਮੈਂ ਕਸੂਰਵਾਰ ਹੋਵਾਂਗਾ।”

ਪਿੰਡ ਦੇ ਨੰਬਰਦਾਰਾਂ ਖਜ਼ਾਨ ਸਿੰਘ, ਚਤਰ ਸਿੰਘ, ਮਹਾਂ ਸਿੰਘ ਤੇ ਭੱਲੂ ਸਿੰਘ ਦਾ ਬਿਆਨ ਹੈ ਕਿ “ ਭਗਵਾਨ ਸਿੰਘ ਤੇ ਸ਼ੇਰ ਸਿੰਘ ਲੋਹੜੀ ਦੇ ਮੇਲੇ ਦੇ ਮੌਕੇ ਭੈਣੀ ਵਿਖੇ ਜ਼ਰੂਰ ਗਏ ਪਰ ਇਹ ਪਤਾ ਨਹੀਂ ਕਿੰਨੇ ਦਿਨਾਂ ਮਗਰੋਂ ਵਾਪਸ ਆਏ। ਮਲੌਦ ਤੇ ਕੋਟਲਾ ਵਿਖੇ ਹੋਏ ਫ਼ਸਾਦ ਦੇ ਦਿਨ ਇਹ ਲੋਕ ਆਪਣੇ ਘਰੀਂ ਮੌਜੂਦ ਸਨ। ਨੰਦ ਸਿੰਘ ਫ਼ਸਾਦ ਵਾਲੇ ਦਿਨ ਆਪਣੇ ਘਰ ’ਤੇ ਮੌਜੂਦ ਨਹੀਂ ਸੀ ਕਿਉਂਕਿ ਉਹ ਪਿੰਡ ਕਪੂਰੀ ਵਿਖੇ ਰਹਿੰਦਾ ਹੈ। ਅੱਜ ਛੇ ਸੱਤ ਦਿਨ ਹੋਏ ਉਹ ਆਪਣੇ ਘਰ ਆਇਆ ਹੈ। ਸਾਨੂੰ ਇਹ ਇਤਲਾਹ ਨਹੀਂ ਕਿ ਉਹ ਕਿਸ ਥਾਂ ਸੀ। ਇਸ ਬਾਰੇ ਉਸੇ ਤੋਂ ਦਰਿਆਫ਼ਤ ਕੀਤਾ ਜਾਵੇ। ਖਜ਼ਾਨ ਸਿੰਘ ਲਗਾਤਾਰ ਆਪਣੇ ਘਰ ਰਹਿੰਦਾ ਹੈ ਕਿਉਂਕਿ ਉਹ ਬੁੱਢਾ ਤੇ ਕਮਜ਼ੋਰ ਹੋਣ ਕਰਕੇ ਤੇ ਉਸ ਨੂੰ ਅੱਖਾਂ ਤੋਂ ਵੀ ਘੱਟ ਦਿਖਾਈ ਦੇਣ ਕਾਰਨ ਉਹ ਕਿਸੇ ਥਾਂ ਜਾਣ ਜੋਗਾ ਨਹੀਂ ਹੈ।”

ਇਸੇ ਪਿੰਡ ਦਾ ਬੁੱਧੂ ਚੌਕੀਦਾਰ ਲਿਖਾਉਂਦਾ ਹੈ ਕਿ “ ਭਗਵਾਨ ਸਿੰਘ ਤੇ ਸ਼ੇਰ ਸਿੰਘ ਲੋਹੜੀ ਦੇ ਮੇਲੇ ਦੇ ਮੌਕੇ ਭੈਣੀ ਵਿਖੇ ਜ਼ਰੂਰ ਗਏ ਅਤੇ ਛੇ ਦਿਨਾਂ ਮਗਰੋਂ ਆਪਣੇ ਘਰੀਂ ਵਾਪਸ ਆਏ। ਇਹ ਮਲੌਦ ਤੇ ਕੋਟਲਾ ਦੇ ਫ਼ਸਾਦ ਵਾਲੇ ਦਿਨ ਆਪਣੇ ਘਰ ’ਤੇ ਮੌਜੂਦ ਸਨ। ਖ਼ਜਾਨ ਸਿੰਘ ਕਿਸੇ ਥਾਂ ਨਹੀਂ ਗਿਆ ਬਲਕਿ ਲਗਾਤਾਰ ਆਪਣੇ ਘਰ ’ਤੇ ਹੀ ਰਹਿੰਦਾ ਹੈ। ਨੰਦ ਸਿੰਘ ਪਿੰਡ

ਕਪੂਰੀ ਵਿਖੇ ਮੌਜੂਦ ਸੀ। ਸੱਤ ਅੱਠ ਦਿਨਾਂ ਤੋਂ ਬਾਦ ਉਹ ਆਪਣੇ ਘਰ ਆਇਆ ਹੋਇਆ ਹੈ। ਮੈਨੂੰ ਤਾਂ ਉਸ ਦੇ ਪਿੰਡ ਕਪੂਰੀ ਤੋਂ ਆਉਣ ਦਾ, ਉਸ ਦੀ ਜ਼ਬਾਨੀ ਹੀ ਪਤਾ ਲੱਗਿਆ ਸੀ।"

ਬੁੱਘਾ ਸਿੰਘ ਕੂਕਾ ਵਾਸੀ* ਚਨਾਰਥਲ ਖੁਰਦ ਬਿਆਨ ਕਰਦਾ ਹੈ ਕਿ " ਮੈਂ ਤੇ ਮੰਗਲ ਸਿੰਘ ਮੇਲੇ ਦੇ ਮੌਕੇ ਭੈਣੀ ਜ਼ਰੂਰ ਗਏ। ਸਾਨੂੰ ਆਪਣੇ ਘਰ ਜ਼ਰੂਰੀ ਕੰਮ ਹੋਣ ਕਰਕੇ ਅਸੀਂ ਘਰੋਂ ਲਗਾਤਾਰ ਚੱਲ ਕੇ ਭੈਣੀ ਵਿਖੇ ਪੁੱਜੇ ਅਤੇ ਅਗਲੇ ਦਿਨ ਉੱਥੋਂ ਰਵਾਨਾ ਹੋ ਕੇ ਆਪਣੇ ਪਿੰਡ ਚਲੇ ਆਏ ਤੇ ਮੈਂ ਫ਼ਸਾਦ ਵਾਲੇ ਦਿਨ ਆਪਣੇ ਘਰ 'ਤੇ ਮੌਜੂਦ ਸੀ। ਜੇ ਮੇਰਾ ਆਪਣੀ ਕੌਮ ਦੇ ਨਾਲ ਫ਼ਸਾਦ ਵਿੱਚ ਸ਼ਾਮਿਲ ਹੋਣਾ ਸਾਬਿਤ ਹੋ ਜਾਵੇ ਤਾਂ ਮੈਂ ਕਸੂਰਵਾਰ ਹੋਵਾਂਗਾ।"

ਮੰਗਲ ਸਿੰਘ ਦਾ ਜਵਾਬ ਹੈ ਕਿ " ਮੈਂ ਤੇ ਮੇਰਾ ਭਰਾ ਬੁੱਘਾ ਸਿੰਘ ਮੇਲੇ ਦੇ ਮੌਕੇ 'ਤੇ ਭੈਣੀ ਜ਼ਰੂਰ ਗਏ ਸੀ ਅਤੇ ਦੂਜੇ ਦਿਨ ਵਾਪਸ ਹੋ ਕੇ ਆਪਣੇ ਘਰ ਚਲੇ ਆਏ ਸੀ। ਮਲੌਦ ਤੇ ਕੋਟਲਾ ਦੇ ਫ਼ਸਾਦ ਵਾਲੇ ਦਿਨ ਮੈਂ ਆਪਣੇ ਘਰ ਹੀ ਮੌਜੂਦ ਸੀ ਅਤੇ ਮੈਂ ਫ਼ਸਾਦ ਦਾ ਹਾਲ ਇੱਥੇ ਹੀ ਲੋਕਾਂ ਦੀ ਜ਼ਬਾਨੀ ਸੁਣਿਆ ਸੀ।"

ਬੂਟਾ ਸਿੰਘ ਵਾਸੀ ਪਿੰਡ ਚਨਾਰਥਲ ਖੁਰਦ ਲਿਖਾਉਂਦਾ ਹੈ ਕਿ " ਮੈਂ ਅੱਸੂ ਦੇ ਮਹੀਨੇ ਦੁਸਹਿਰੇ 'ਤੇ ਭੈਣੀ ਵਿਖੇ ਗਿਆ ਸੀ ਅਤੇ ਉੱਥੇ ਹੀ ਠਹਿਰਿਆ ਰਿਹਾ। ਮੇਲਾ ਲੋਹੜੀ ਤੋਂ ਦੂਸਰੇ ਦਿਨ ਜਿਹੜਾ ਫ਼ਸਾਦ ਕੂਕਾ ਲੋਕਾਂ ਨੇ ਮਲੌਦ ਤੇ ਕੋਟਲਾ ਵਿਖੇ ਕੀਤਾ ਸੀ ਮੈਂ ਉਸ ਫ਼ਸਾਦ ਸਮੇਂ ਕੂਕਿਆਂ ਦੇ ਟੋਲੇ 'ਚ ਕਦੰਤ ਸ਼ਾਮਿਲ ਨਹੀਂ ਸੀ। ਉਸ ਫ਼ਸਾਦ ਦੇ ਖਤਮ ਹੋਣ ਮਗਰੋਂ ਜਿਹੜੇ ਦੋ ਸੌ ਆਦਮੀਆਂ ਦੇ ਕਰੀਬ ਕੂਕੇ ਭੈਣੀ ਤੋਂ ਗ੍ਰਿਫ਼ਤਾਰ ਹੋ ਕੇ ਲੁਧਿਆਣੇ ਨੂੰ ਭੇਜੇ ਗਏ ਸਨ ਮੈਂ ਉਨ੍ਹਾਂ ਵਿੱਚ ਸ਼ਾਮਿਲ ਸੀ। ਮੈਨੂੰ ਉੱਥੋਂ ਉੱਚੀ ਸ਼ਾਨ ਵਾਲੀ ਸਰਕਾਰ ਪਟਿਆਲਾ ਦੇ ਵਕੀਲ ਰਾਹੀਂ ਆਪਣੇ ਪਿੰਡ ਪਹੁੰਚਾਉਣ ਦੇ ਮਕਸਦ ਨਾਲ ਮੈਂ ਇੱਕ ਥਾਣੇ ਤੋਂ ਦੂਜੇ ਥਾਣੇ ਹੁੰਦਾ ਹੋਇਆ ਇੱਥੇ ਪੁੱਜਾ। ਥਾਣੇਦਾਰ ਨੇ ਮੈਨੂੰ ਨੰਬਰਦਾਰਾਂ ਦੇ ਸਪੁਰਦ ਕਰਕੇ ਮੇਰੇ ਘਰ ਪਹੁੰਚਾ ਦਿੱਤਾ ਅਤੇ ਨੰਬਰਦਾਰਾਂ ਨੂੰ ਸਮਝਾ ਦਿੱਤਾ ਕਿ ਇਹ ਆਪਣੇ ਰਿਹਾਇਸ਼ੀ ਪਿੰਡ ਤੋਂ ਬਿਨਾਂ ਕਿਸੇ ਹੋਰ ਥਾਂ ਜਾਵੇ ਆਵੇ ਨਾ। ਮੈਂ ਲਗਾਤਾਰ ਆਪਣੇ ਘਰ 'ਤੇ ਹਾਜ਼ਿਰ ਰਹਿੰਦਾ ਹਾਂ।"

ਚਨਾਰਥਲ ਖੁਰਦ ਦੇ ਨੰਬਰਦਾਰ ਜੱਸਾ ਸਿੰਘ, ਨਿਹਾਲ ਸਿੰਘ ਤੇ ਕਾਨ੍ਹਾਂ ਸਿੰਘ ਲਿਖਾਉਂਦੇ ਹਨ ਕਿ "ਸਾਡੇ ਪਿੰਡ ਵਿੱਚ ਕੁੱਲ ਤਿੰਨ ਕੂਕੇ ਮੰਗਲ ਸਿੰਘ, ਬੁੱਘਾ ਸਿੰਘ ਤੇ ਬੂਟਾ ਸਿੰਘ ਵਸਦੇ ਹਨ। ਇਨ੍ਹਾਂ ਵਿੱਚੋਂ ਬੂਟਾ ਸਿੰਘ ਕਈ ਮਹੀਨੇ ਤੋਂ ਭੈਣੀ ਵਿਖੇ ਗਿਆ ਹੋਇਆ ਸੀ। ਇਹ ਮਲੌਦ ਤੇ ਕੋਟਲਾ ਦੇ ਫ਼ਸਾਦ ਮਗਰੋਂ ਲੁਧਿਆਣੇ ਤੋਂ ਚਲਾਣ ਹੋ ਕੇ ਹੁਣ ਥਾਣੇ 'ਚ ਪੁੱਜਿਆ। ਥਾਣੇਦਾਰ ਨੇ ਇਸ ਨੂੰ ਸਾਡੇ ਸਪੁਰਦ ਕਰਕੇ ਘਰ ਭੇਜਿਆ। ਮੰਗਲ ਸਿੰਘ ਤੇ ਬੁੱਘਾ ਸਿੰਘ ਲੋਹੜੀ ਦੇ ਮੇਲੇ ਮੌਕੇ ਭੈਣੀ ਜ਼ਰੂਰ ਗਏ ਸਨ ਪਰ ਸਾਨੂੰ ਇਹ ਪਤਾ ਨਹੀਂ ਕਿ ਇਹ ਕਿੰਨੇ ਦਿਨਾਂ ਮਗਰੋਂ ਵਾਪਸ ਆਏ। ਫ਼ਸਾਦ ਵਾਲੇ ਦਿਨ ਇਹ ਦੋਵੇਂ ਆਪਣੇ ਘਰ 'ਤੇ ਮੌਜੂਦ ਦੇਖੇ ਗਏ ਹਨ।"ਚਨਾਰਥਲ ਖੁਰਦ ਦੇ ਚੌਕੀਦਾਰ ਫੱਗੂ ਸਿੰਘ ਬਿਆਨ ਕਰਦਾ ਹੈ ਕਿ "ਮੰਗਲ ਸਿੰਘ, ਬੂਟਾ ਸਿੰਘ ਜ਼ਿਮੀਂਦਾਰਾਨ ਕੂਕਾ ਚਨਾਰਥਲ ਖੁਰਦ ਵਿੱਚ ਆਬਾਦ ਹਨ। ਇਨ੍ਹਾਂ ਵਿੱਚੋਂ ਬੂਟਾ ਸਿੰਘ ਕਾਫ਼ੀ ਅਰਸੇ ਤੋਂ ਭੈਣੀ ਵਿਖੇ ਗਿਆ ਹੋਇਆ ਸੀ। ਮੰਗਲ ਸਿੰਘ ਤੇ ਬੁਘਾ ਸਿੰਘ ਲੋਹੜੀ ਮੇਲੇ ਦੇ ਮੌਕੇ ਭੈਣੀ ਜ਼ਰੂਰ ਗਏ ਸਨ ਪਰ ਇਹ ਪਤਾ ਨਹੀਂ ਕਿ ਉਹ ਕਿੰਨੇ ਦਿਨਾਂ ਮਗਰੋਂ ਵਾਪਸ ਆਏ। ਮਲੌਦ ਤੇ ਕੋਟਲਾ ਦੇ ਫ਼ਸਾਦ ਵਾਲੇ ਦਿਨ ਆਪਣੇ ਘਰ 'ਤੇ ਮੌਜੂਦ ਸਨ। ਬੂਟਾ ਸਿੰਘ ਜਿਹੜਾ ਭੈਣੀ ਤੋਂ ਦੂਜੇ ਕੂਕਿਆਂ ਨਾਲ ਗ੍ਰਿਫ਼ਤਾਰ ਹੋ ਕੇ ਪਹਿਲਾਂ ਲੁਧਿਆਣਾ ਵਿਖੇ ਗਿਆ ਤੇ ਫਿਰ ਉੱਥੋਂ ਚਲਾਣ ਹੋ ਕੇ ਤੇ ਥਾਣੇਦਾਰ ਰਾਹੀਂ ਪਿੰਡ ਦੇ ਨੰਬਰਦਾਰਾਂ ਦੇ ਸਪੁਰਦ ਹੋ ਕੇ ਘਰ ਭੇਜਿਆ ਗਿਆ,ਉਸ ਨੂੰ ਸਮਝਾ ਦਿੱਤਾ ਗਿਆ ਸੀ ਕਿ ਉਹ ਕਿਤੇ ਬਾਹਰ ਨਾ ਜਾਵੇ । ਸੋ ਉਸ ਦਿਨ ਤੋਂ ਉਹ ਲਗਾਤਾਰ ਆਪਣੇ ਘਰ ਵਿਚ ਹਾਜ਼ਿਰ ਹੈ।"

ਪਿੰਡ ਕਸਿਆਣਾ ਤੇ ਚਨਾਰਥਲ ਖੁਰਦ ਦੇ ਕੂਕਿਆਂ ਸੰਬੰਧੀ ਤਹਿਕੀਕਾਤ ਅਨੁਸਾਰ ਉਨ੍ਹਾਂ ਦਾ ਮਲੌਦ ਤੇ ਕੋਟਲਾ ਦੇ ਫ਼ਸਾਦ ਵਿੱਚ ਉਨ੍ਹਾਂ ਦੂਜੇ ਕੂਕਿਆਂ ਨਾਲ ਸ਼ਾਮਿਲ ਹੋਣ ਦਾ ਜੁਰਮ ਸਾਬਿਤ ਨਹੀਂ ਹੁੰਦਾ ਜਿਨਾਂ ਨੇ ਉਨ੍ਹਾਂ ਦੋਹਾਂ ਅਸਥਾਨਾਂ 'ਤੇ ਫ਼ਸਾਦ ਪਾਇਆ ਸੀ। ਭਗਵਾਨ ਸਿੰਘ ਤੇ ਸ਼ੇਰ ਸਿੰਘ ਵਾਸੀ ਪਿੰਡ ਕਸਿਆਣਾ ਅਤੇ ਮੰਗਲ ਸਿੰਘ ਤੇ ਬੁੱਘਾ ਸਿੰਘ ਵਾਸੀ ਪਿੰਡ ਚਨਾਰਥਲ ਖੁਰਦ ਦਾ ਲੋਹੜੀ ਦੇ ਮੇਲੇ 'ਤੇ ਪਿੰਡ ਭੈਣੀ ਜਾਣਾ ਬਹੁਤ ਚੰਗੀ ਤਰ੍ਹਾਂ ਸਾਬਿਤ ਹੈ ਅਤੇ ਸਿਵਾਏ ਉਪ੍ਰੋਕਤ ਸ਼ੇਰ ਸਿੰਘ ਦੇ ਸਾਰੇ ਆਪਣੀ ਜ਼ਬਾਨ ਨਾਲ ਖ਼ੁਦ ਮੰਨਦੇ ਹਨ। ਬੂਟਾ ਸਿੰਘ ਵਾਸੀ ਚਨਾਰਥਲ ਖੁਰਦ, ਜਿਹੜਾ ਕਾਫ਼ੀ ਅਰਸੇ ਤੋਂ ਭੈਣੀ ਵਿਖੇ ਮੌਜੂਦ ਸੀ, ਉੱਥੋਂ ਫ਼ਸਾਦ ਮਗਰੋਂ ਹੋਰਾਂ ਕੂਕਿਆਂ ਨਾਲ ਗ੍ਰਿਫ਼ਤਾਰ ਹੋ ਕੇ ਲੁਧਿਆਣੇ ਭੇਜਿਆ ਗਿਆ ਅਤੇ ਫਿਰ ਉੱਚੇ ਰੁਤਬੇ ਵਾਲੀ ਸਰਕਾਰ (ਪਟਿਆਲਾ) ਦੇ ਵਕੀਲ ਰਾਹੀਂ ਚਲਾਣ ਹੋ ਕੇ ਥਾਣੇ 'ਚ ਪੁੱਜਾ। ਥਾਣੇਦਾਰ ਨੇ ਨੰਬਰਦਾਰਾਂ ਦੇ ਸਪੁਰਦ ਕਰਕੇ ਘਰ

---

ਭੇਜ ਦਿੱਤਾ। ਹੁਣ ਉਹ ਬਦਸਤੂਰ ਆਪਣੇ ਘਰ ’ਤੇ ਹਾਜ਼ਿਰ ਹੈ। ਉਸ ਦਾ ਫ਼ਸਾਦ ਵਿੱਚ ਸ਼ਾਮਿਲ ਹੋਣਾ ਸਾਬਿਤ ਨਹੀਂ ਹੁੰਦਾ ਹੈ। ਉਪ੍ਰੋਕਤ ਸ਼ੇਰ ਸਿੰਘ ਵਾਸੀ ਕਸਿਆਣਾ, ਜਿਹੜਾ ਭਗਵਾਨ ਸਿੰਘ ਨਾਲ ਲੋਹੜੀ ਦੇ ਮੌਕੇ ਭੈਣੀ ਜਾਣ ਤੋਂ ਇਨਕਾਰ ਕਰਦਾ ਹੈ। ਪਿੰਡ ਦੇ ਭਗਵਾਨ ਸਿੰਘ ਆਦਿ ਨੰਬਰਦਾਰਾਂ ਤੇ ਚੌਂਕੀਦਾਰ ਦੇ ਬਿਆਨਾਂ ਤੋਂ ਉਸ ਦਾ ਮੇਲੇ ’ਤੇ ਭੈਣੀ ਵਿਖੇ ਜਾਣਾ ਸਾਬਿਤ ਹੁੰਦਾ ਹੈ ਪਰ ਉਹ ਕੇਵਲ ਡਰ ਦਾ ਮਾਰਿਆ ਮੇਲੇ ਤੇ ਜਾਣ ਬਾਰੇ ਇਨਕਾਰ ਕਰਦਾ ਹੈ ਪਰੰਤੂ ਦੋਹਾਂ ਪਿੰਡਾਂ ਦੇ ਨੰਬਰਦਾਰਾਂ ਤੇ ਚੌਕੀਦਾਰਾਂ ਦੇ ਬਿਆਨਾਂ ਤੋਂ ਉਪ੍ਰੋਕਤ ਸਾਰੇ ਕੂਕਿਆਂ ਦਾ ਫ਼ਸਾਦ ਵਾਲੇ ਦਿਨ ਆਪਣੇ ਰਿਹਾਇਸ਼ੀ ਪਿੰਡਾਂ ਵਿੱਚ ਮੌਜੂਦ ਹੋਣ ਦਾ ਪਤਾ ਲੱਗਿਆ ਨੰਦ ਸਿੰਘ ਪਿੰਡ ਕਸਿਆਣਾ, ਜਿਹੜਾ ਕਈ ਸਾਲਾਂ ਤੋਂ ਪਿੰਡ ਕਪੂਰੀ ਤਅਾਲੁੱਕਾ ਰਾਮਗੜ੍ਹ ਵਿਖੇ ਰਹਿੰਦਾ ਹੈ, ਤੇ ਹੁਣ ਅੱਠ ਦਸ ਦਿਨਾਂ ਤੋਂ ਆਪਣੇ ਘਰ ਆਇਆ ਹੋਇਆ ਹੈ, ਮੇਲੇ ਦੇ ਮੌਕੇ ਭੈਣੀ ਵਿਖੇ ਜਾਣ ਤੋਂ ਕੇਵਲ ਇਨਕਾਰੀ ਹੋ ਕੇ ਬਿਆਨ ਕਰਦਾ ਹੈ ਕਿ ਉਹ ਤਾਂ ਪਿੰਡ ਕਪੂਰੀ ਤੋਂ ਆਪਣੇ ਰਿਹਾਇਸ਼ੀ ਪਿੰਡ ਆਇਆ ਹੈ। ਇਸ ਦੇ ਬਾਰੇ ਜੇ ਮੁਨਾਸਿਬ ਹੋਵੇ ਤਾਂ ਥਾਣੇਦਾਰ ਤਾਅਲੁੱਕਾ ਰਾਮਪੁਰ ਤੋਂ ਦਰਿਆਫ਼ਤ ਫ਼ਰਮਾਇਆ ਜਾਵੇ ਕਿਉਂਕਿ ਇਹ ਫ਼ਸਾਦ ਵਾਲੇ ਦਿਨ ਵੀ ਆਪਣੇ ਘਰ ਪਿੰਡ ਕਸਿਆਣਾ ਵਿਖੇ ਮੌਜੂਦ ਨਹੀਂ ਸੀ। ਸੋ ਦੋਹਾਂ ਪਿੰਡਾਂ ਦੇ ਨੰਬਰਦਾਰਾਂ ਵੱਲੋਂ ਉਪ੍ਰੋਕਤ ਕੂਕਿਆਂ ਦੀ ਸਪੁਰਦਗੀ ਮਗਰੋਂ ਹਜ਼ੂਰ ਦੇ ਹੁਕਮ ਦੇ ਮਨਸ਼ੇ ਅਨੁਸਾਰ ਮੁੱਚਲਕਾ ਲਿਖਵਾ ਕੇ ਮਿਸਲ ਵਿੱਚ ਸ਼ਾਮਿਲ ਕੀਤੇ ਗਏ। ਉਪ੍ਰੋਕਤ ਪਿੰਡਾਂ ਤੋਂ ਬਿਨਾਂ ਇਸ ਇਲਾਕੇ ਦੇ ਪਿੰਡਾਂ ਵਿੱਚ ਕੋਈ ਕੂਕਾ ਨਹੀਂ ਵਸਦਾ। ਸੋ ਮਿਸਲ ਦੇ ਕਾਗਜ਼ਾਤ ਨੂੰ ਮੁਲਾਹਿਜ਼ਾ ਕਰਨ ਤੇ ਅੰਤਮ ਹੁਕਮ ਜਾਰੀ ਹੋਣ ਲਈ ਚਲਾਣ ਅਦਾਲਤ ਕੋਲ ਪੇਸ਼ ਕਰਦਾ ਹਾਂ।

ਵਾਜਿਬ ਤੌਰ ’ਤੇ ਅਰਜ਼ ਕੀਤਾ।
ਰਾਜਭਾਗ ਤੇ ਹਕੂਮਤ ਦਾ ਸੂਰਜ ਚਮਕਦਾ ਰਵ੍ਹੇ !

* ਪਿੰਡ ਕਸਿਆਣਾ , ਜਿਮੀਂਦਾਰ ਗੁੱਜ਼ਰਾਂ ਦਾ ਪਿੰਡ ਹੈ, ਹੁਣ ਇਹ ਬਲਾਕ ਪਟਿਆਲਾ ਵਿਚ ਹੈ।

* ਪਿੰਡ ਕਪੂਰੀ (ਦੇਵੀਗੜ੍ਹ ਕਪੂਰੀ) ਹੁਣ ਇਹ ਜ਼ਿਲ੍ਹਾ ਪਟਿਆਲਾ ਵਿਚ ਹੈ।

* ਪਿੰਡ ਚਨਾਰਥਲ ,ਹੁਣ ਇਹ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਬਲਾਕ ਸਰਹੰਦ ਵਿਚ ਹੈ।

ਮਹਿਕਮਾ ਨਿਆਬਤ ਫ਼ਤਿਹਗੜ੍ਹ ਤੋਂ ਹੁਕਮ ਹੋਇਆ ਕਿ ਥਾਣੇ ਦੇ ਹਾਲਾਤ ਦੀ ਇੱਕ ਨਕਲ ਸਮੇਤ ਮੁਚੱਲਕੇ ਦੀ ਨਕਲ ਦੇ, ਖੁੱਲ੍ਹ ਕੇ ਵੇਰਵਾ ਦੱਸਣ ਦੇ ਮਨੋਰਥ ਨਾਲ, ਸ਼ਾਹੀ ਮੁਨਸ਼ੀ ਖ਼ਾਨਾ ਵਾਲਿਆਂ ਦੀ ਸੇਵਾ ਵਿੱਚ ਭੇਜ ਕੇ ਕਾਗਜ਼ਾਤ ਦਾਖਲ ਦਫ਼ਤਰ ਹੋਣ।

16 ਫੱਗਣ 1928 ਮੁਤਾਬਿਕ 26 ਜਨਵਰੀ 1872.

## ਮਹਾਨ ਤੇ ਸਤਿਕਾਰ ਯੋਗ ਜਨਾਬ ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਖ਼ਾਨ ਸਾਹਿਬ ਬਹਾਦੁਰ ਪ੍ਰਧਾਨ ਮੰਤਰੀ,

ਤੁਹਾਡਾ ਤੇਜ ਪਰਤਾਪ ਹਮੇਸ਼ਾ ਕਾਇਮ ਰਵ੍ਹੇ !

ਅਦਬ ਆਦਾਬ ਪੇਸ਼ ਕਰਨ ਮਗਰੋਂ ਉੱਚੇ ਰੁਤਬੇ ਵਾਲੇ ਹਜ਼ੂਰ ਦੀ ਸੇਵਾ ਵਿੱਚ ਬੇਨਤੀ ਇਹ ਹੈ ਕਿ ਫ਼ਸਾਦੀ ਕੂਕਿਆਂ ਦੇ ਪ੍ਰਬੰਧ ਦੇ ਮੁੱਕਦਮੇ ਬਾਰੇ ਜਨਾਬ ਦੀ ਯਾਦਦਾਸ਼ਤ (ਚੇਤੇ) ਦਾ ਮਨਸ਼ਾ ਇਹ ਹੈ ਕਿ ਸਰਕਾਰ ਦੇ ਇਲਾਕੇ ਦੇ ਜਿੰਨੇ ਕੂਕੇ ਭੈਣੀ ਦੇ ਮੇਲੇ ’ਤੇ ਗਏ ਸਨ, ਉਹ ਜਿੰਨਾ ਚਿਰ ਮਲੌਦ ਤੇ ਕੋਟਲੇ ਦੇ ਫ਼ਸਾਦ ਵਿੱਚ ਸ਼ਾਮਿਲ ਨਾ ਹੋਣ ਸੰਬੰਧੀ ਅਦਾਲਤ ਦੀ ਤਸੱਲੀ ਨਾ ਕਰਵਾ ਦੇਣ, ਉਨੇਂ ਚਿਰ ਉਨ੍ਹਾਂ ਨੂੰ ਹਵਾਲਾਤ ’ਚ ਰੱਖਿਆ ਜਾਵੇ।

ਸੋ ਜਨਾਬ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਇਨ੍ਹਾਂ ਕੂਕਿਆਂ ਦੀ ਗ੍ਰਿਫ਼ਤਾਰੀ ਵਾਸਤੇ ਥਾਣੇਦਾਰਾਂ ਦੇ ਨਾਮ ਹੁਕਮ ਜਾਰੀ ਕੀਤੇ ਗਏ ਹਨ। ਪ੍ਰਗਟ ਤੌਰ ’ਤੇ ਇਸ ਇਲਾਕੇ ਵਿੱਚ ਇਸ ਫਿਰਕੇ ਦੇ ਲੋਕਾਂ ਦੀ ਅਕਸਰੀਅਤ ਮਾਲੂਮ ਹੁੰਦੀ ਹੈ। ਜੇ ਤਸੱਲੀ ਹੋਣ ਤੱਕ ਇਨ੍ਹਾਂ ਨੂੰ ਕੈਦ ਰੱਖਿਆ ਗਿਆ ਤਾਂ ਨਿਜ਼ਾਮਤ ਦੀ ਹਵਾਲਾਤ ਵਿੱਚ ਬਹੁਤ ਜ਼ਿਆਦਾ ਇਕੱਠ ਹੋ ਜਾਵੇਗਾ। ਇਸ ਵਾਸਤੇ ਇਸ ਨਿਜ਼ਾਮਤ ਦੇ ਦੋਹਾਂ ਨਾਇਬ ਸਾਹਿਬਾਨ ਦੀ ਇਹ ਬੇਨਤੀ ਹੈ ਕਿ ਇਨ੍ਹਾਂ ਲੋਕਾਂ ਦੀ ਨਿਗਰਾਨੀ ਵਾਸਤੇ ਪਟਿਆਲੇ ਤੋਂ ਕਿਸੇ ਕਦਰ ਜੰਗੀ ਫ਼ੌਜ ਮੰਗਵਾਈ ਜਾਵੇ ਕਿਉਂਕਿ ਕਿਲੇ ਦੇ ਸਿਪਾਹੀ ਇਨ੍ਹਾਂ ਦੀ ਹਿਫ਼ਾਜ਼ਤ ਲਈ ਕਾਫ਼ੀ ਨਹੀਂ ਹਨ। ਅਜਿਹੇ ਆਮ ਕੈਦੀਆਂ ਦੀ ਨਿਗਰਾਨੀ ਵੀ ਬੜੀ ਮੁਸ਼ਕਿਲ ਨਾਲ ਹੁੰਦੀ ਹੈ ਜਿਹੜੇ ਹਮੇਸ਼ਾ ਕੈਦ ਹੁੰਦੇ ਰਹਿੰਦੇ ਹਨ। ਸ੍ਰੀ ਮਾਨ ਜੀ ! ਭਾਵੇਂ ਇਸ ਨਿਜ਼ਾਮਤ ਵਿੱਚ 50 ਸਵਾਰ ਨਿਯੁਕਤ ਹੋ ਗਏ ਹਨ ਪਰਤੂੰ ਕੂਕਿਆਂ ਦੀ ਨਿਗਰਾਨੀ ਵਾਸਤੇ ਪਲਟਣ ਦੇ ਸਿਪਾਹੀ ਨਿਯੁਕਤ ਹੋਣੇ ਚਾਹੀਦੇ ਹਨ।

ਸੋ ਬੇਨਤੀ ਕਰਦਾ ਹਾਂ ਕਿ ਜਿਸ ਕਦਰ ਜਨਾਬ ਮੁਨਾਸਿਬ ਸਮਝਣ ਪਲਟਣ ਦੇ ਸਿਪਾਹੀਆਂ ਨੂੰ ਰਵਾਨਾ ਕਰ ਦੇਣ। ਜ਼ਾਬਿਤੇ ਅਨੁਸਾਰ ਅਰਜ਼ੀ ਇਸ ਖਿਆਲ ਨਾਲ ਨਹੀਂ ਭੇਜੀ ਗਈ ਕਿ ਇੱਕ ਤਾਂ ਉਸ ਦੀ ਤਾਮੀਲ ਵਿੱਚ ਦੇਰ ਬਹੁਤ ਲੱਗ ਜਾਂਦੀ ਹੈ ਦੂਸਰੇ ਇਸ ਫ਼ਸਾਦ ਦੀ ਬੁਨਿਆਦ ਦਾ ਹਾਲ ਜਿਵੇਂ ਕਿ ਜਨਾਬ ਨੂੰ ਪਤਾ ਹੋਵੇਗਾ ਇਸ ਦਾਸ ਨੂੰ ਮਾਲੂਮ ਨਹੀਂ ਹੈ ਕਿ ਇਨ੍ਹਾਂ ਬਦਮਾਸ਼ਾਂ ਨੇ ਇਹ ਫ਼ਸਾਦ ਕਿਸ ਨੀਅਤ ਤੇ ਖ਼ਿਆਲ ਨਾਲ ਕੀਤਾ ਹੈ ਤੇ ਇਸ ਦੀ ਰੋਕਥਾਮ ਲਈ ਕੀ ਉਪਾਉ ਕਰਨੇ ਚਾਹੀਦੇ ਹਨ। ਇਸ ਲਈ ਜਨਾਬ ਦੀ ਸੇਵਾ ਵਿੱਚ ਬੇਨਤੀ ਕੀਤੀ ਗਈ ਹੈ ਕਿ ਜੇ ਜਨਾਬ ਇਹ ਸਮਝਦੇ ਹਨ ਕਿ ਇਸ ਫ਼ਸਾਦ ਦਾ ਖਿਆਲ ਦੂਰ ਤੱਕ ਫ਼ੈਲ ਗਿਆ ਹੈ ਤਾਂ ਹਰ ਹਾਲਤ ਵਿੱਚ ਇਨ੍ਹਾਂ ਲੋਕਾਂ ਦੀ ਨਿਗਰਾਨੀ ਵਾਸਤੇ, ਕਿਉਂਕਿ ਨਿਜ਼ਾਮਤ ਵਿੱਚ ਇੱਕ ਭਾਰੀ ਇੱਕਠ ਹੋ ਜਾਵੇਗਾ, ਆਪ ਜੰਗੀ ਫ਼ੌਜ ਰਵਾਨਾ ਕਰ ਦਿਉ। ਭਾਵੇਂ ਦਾਸ ਨੂੰ ਇਹ ਲੋਕ ਕੁਝ ਫ਼ਸਾਦ ਕਰਦੇ ਮਾਲੂਮ ਨਹੀਂ ਹੁੰਦੇ ਤਾਂ ਵੀ ਨਿਯੁਕਤ ਹੋ ਚੁੱਕੇ 50 ਸਵਾਰ ਕਾਫ਼ੀ ਨਹੀਂ ਹਨ।

ਇਸ ਤੋਂ ਇਲਾਵਾ ਇਹ ਬੇਨਤੀ ਹੈ ਕਿ ਇਹ ਕੂਕੇ ਜਿਹੜੇ ਭੈਣੀ ਦੇ ਮੇਲੇ ’ਤੇ ਗਏ ਸਨ, ਉਨ੍ਹਾਂ ’ਚੋਂ ਬਹੁਤਿਆਂ ਤੋਂ ਪੁੱਛਿਆ ਗਿਆ ਹੈ। ਉਹ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ ਸਾਡੇ ਲੋਕਾਂ ਨੂੰ ਸਤਿਗੁਰੂ ਦਾ ਹੁਕਮ ਸੀ ਕਿ ਤੁਸੀਂ ਸਿੱਧੇ ਆਪਣੇ ਘਰਾਂ ਨੂੰ ਚਲੇ ਜਾਵੋ। ਅਸੀਂ ਸਾਰੇ ਆਪਣੇ ਘਰਾਂ ਨੂੰ ਚਲੇ ਆਏ ਅਤੇ ਮਲੌਦ ਤੇ ਕੋਟਲਾ ਨਹੀਂ ਗਏ। ਇਹ ਗੱਲ ਉਨ੍ਹਾਂ ਤੋਂ, ਗ੍ਰਿਫ਼ਤਾਰੀ ਦੇ ਹੁਕਮਾਂ ਤੋਂ ਪਹਿਲਾਂ, ਪੁੱਛੀ ਗਈ ਸੀ। ਸੋ ਹੁਣ ਵੀ ਯਕੀਨ ਹੈ ਕਿ ਗ੍ਰਿਫ਼ਤਾਰ ਆ ਕੇ ਇਸੇ ਤਰ੍ਹਾਂ ਬਿਆਨ ਕਰਨਗੇ। ਇਹ ਵੀ ਯਕੀਨ ਹੈ ਕਿ ਰਾਹ ਵਿੱਚ ਰਾਤ ਕੱਟਣ ਦੇ ਗਵਾਹ ਦੇ ਦੇਣਗੇ।

ਸੋ ਬੇਨਤੀ ਇਹ ਹੈ ਕਿ ਜੇ ਉਹ ਕੂਕੇ ਲੋਕ ਸਿੱਧੇ ਆਪਣੇ ਘਰੀਂ ਆਉਣ ਸੰਬੰਧੀ ਗਵਾਹ ਦੇ ਦੇਣ ਤਾਂ ਉਨ੍ਹਾਂ ਦੀ ਰਿਹਾਈ ਹੁੰਦੀ ਜਾਵੇ ਜਾਂ ਬਾਅਦ ਵਿੱਚ ਆਪਣੀ ਮਰਜ਼ੀ ਨਾਲ ਰਿਹਾਈ ਦਿੱਤੀ ਜਾਵੇ। ਜਿਹੜੇ ਲੋਕ ਬਿਆਨ ਕਰਨ ਕਿ ਅਸੀਂ ਰਾਤ ਕਿਸੇ ਪਿੰਡ ਦੀ ਧਰਮਸ਼ਾਲਾ ਆਦਿ ਵਿੱਚ ਕੱਟ ਕੇ ਚਲੇ ਆਏ ਹਾਂ ਤੇ ਸਾਡਾ ਉੱਥੇ ਕੋਈ ਵਾਕਿਫ਼ ਨਹੀਂ ਸੀ ਇਸ ਲਈ ਅਸੀਂ

## ਲੁਕਿਆ ਸੱਚ

---

ਗਵਾਹ ਨਹੀਂ ਦੇ ਸਕਦੇ ਤਾਂ ਅਜਿਹੇ ਲੋਕਾਂ ਨੂੰ ਕਦੋਂ ਤੱਕ ਕੈਦ ਰੱਖਿਆ ਜਾਵੇ ? ਨਾਲੇ ਰਾਹ ਵਿੱਚ ਜ਼ਿਆਦਾ ਤਰ ਪਿੰਡ ਗ਼ੈਰ ਇਲਾਕੇ ਦੇ ਹਨ ਅਤੇ ਜੇ ਉਨ੍ਹਾਂ ਗਵਾਹਾਂ ਨੂੰ ਬੁਲਾਇਆ ਵੀ ਗਿਆ ਤਾਂ ਕਾਫ਼ੀ ਸਮੇਂ ਵਿੱਚ ਗਵਾਹ ਹਾਜ਼ਿਰ ਆਉਣਗੇ ਅਤੇ ਇਹ ਵੀ ਯਕੀਨ ਹੁੰਦਾ ਹੈ ਕਿ ਜੇ ਕੋਈ ਗਵਾਹ ਉਨ੍ਹਾਂ ਨਾਲ ਕਿਸੇ ਕਿਸਮ ਦਾ ਅਪਣੱਤ ਵਾਲਾ ਤਾਅਲੁੱਕ ਨਹੀਂ ਰੱਖਦਾ ਤਾਂ ਉਹ ਉਨ੍ਹਾਂ ਦੇ ਫ਼ਸਾਦੀ ਹੋਣ ਨੂੰ ਮੱਦੇ ਨਜ਼ਰ ਰੱਖ ਕੇ ਉਨ੍ਹਾਂ ਦੇ ਬਿਆਨ ਨੂੰ ਤਸਦੀਕ ਵੀ ਨਹੀਂ ਕਰੇਗਾ ਤਾਂ ਫਿਰ ਅਜਿਹੇ ਲੋਕਾਂ ਦੀ ਮਿਸਲ ਦੀ ਗ਼ੌਰ ਕੀਤੀ ਜਾਵੇ ਅਤੇ ਮੇਰੇ ਮੁਤਾਬਿਕ ਇੱਕ ਥਾਂ ਇੱਕਠੇ ਰੱਖਣਾ ਮੁਨਾਸਿਬ ਨਹੀਂ ਲੱਗਦਾ ਕਿਉਂਕਿ ਇਹ ਜਾਹਿਲ ਲੋਕ ਇੱਕ ਥਾਂ ਇੱਕਠੇ ਬੈਠ ਕੇ ਆਪਣੇ ਮਨਾਂ 'ਚ ਭਾਂਤ ਭਾਂਤ ਦੇ ਇਰਾਦੇ ਕਰਨਗੇ।

-ਬਸ-

ਲਿਖਤ:- 14 ਮਾਘ ਸੰਮਤ 1928
25 ਜਨਵਰੀ 1872

ਦਾਸ
ਨਾਜ਼ਿਮ ਅਨਾਹਦਗੜ੍ਹ,

---

# 9. ਪਿੰਡ ਵਿਚ ਕੂਕੇ ਹਨ ਜਾਂ ਨਹੀਂ, ਬਾਰੇ ਨੰਬਰਦਾਰਾਂ ਦੀਆਂ ਰਿਪੋਰਟਾਂ

**ਮੁਚੱਲਕਾ**

ਅਸੀਂ ਚਤਰ ਸਿੰਘ ਪੁੱਤਰ ਚੜ੍ਹਤਾ, ਮਹਾਂ ਸਿੰਘ ਪੁੱਤਰ ਮਸਾਣੀਆਂ, ਖ਼ਜ਼ਾਨ ਸਿੰਘ ਪੁੱਤਰ ਬੁੱਧਾ ਤੇ ਭੱਲੂ ਸਿੰਘ ਪੁੱਤਰ ਮਸਾਣੀਆਂ ਨੰਬਰਦਾਰਾਨ ਪਿੰਡ ਕਸਿਆਣਾ ਦੇ ਹਾਂ। ਭਗਵਾਨ ਸਿੰਘ, ਸ਼ੇਰ ਸਿੰਘ, ਨੰਦ ਸਿੰਘ ਤੇ ਖ਼ਜ਼ਾਨ ਸਿੰਘ ਜ਼ਿਮੀਂਦਾਰ ਕੌਮ ਕੂਕਾ, ਜਿਹੜੇ ਸਾਡੇ ਪਿੰਡ ਦੇ ਵਾਸੀ ਹਨ ਅਤੇ ਸਿਵਾਏ ਇਨ੍ਹਾਂ ਦੇ ਕੋਈ ਹੋਰ ਕੂਕਾ ਸਾਡੇ ਪਿੰਡ ਵਿੱਚ ਨਹੀਂ ਹੈ, ਮਹਿਕਮਾ ਆਲੀਆ ਵਜ਼ਾਰਤ ਵੱਲੋਂ ਜਾਰੀ ਹੁਕਮ ਦੀ ਪਾਲਣਾ ਕਰਦੇ ਹੋਏ ਉਪ੍ਰੋਕਤ ਵਿਅਕਤੀਆਂ ਨੂੰ ਥਾਣੇਦਾਰ ਰਾਹੀਂ ਸਾਡੇ ਸਪੁਰਦ ਕੀਤਾ ਗਿਆ ਹੈ ਅਤੇ ਸਾਨੂੰ ਇਹ ਸਮਝਾਇਆ ਗਿਆ ਕਿ ਅਗਲਾ ਹੁਕਮ ਜਾਰੀ ਹੋਣ ਤੱਕ ਇਹ ਕੂਕੇ ਪਿੰਡ ਤੋਂ ਬਾਹਰ ਨਾ ਜਾਣ।

ਸੋ ਅਸੀਂ ਇਕਰਾਰ ਕਰਦੇ ਹਾਂ ਅਤੇ ਲਿਖ ਕੇ ਦਿੰਦੇ ਹਾਂ ਕਿ ਅਸੀਂ ਆਪਣੇ ਪਿੰਡ ਦੇ ਵਾਸੀ ਕੂਕੇ ਜ਼ਿਮੀਦਾਰਾਂ ਨੂੰ, ਜਿਹੜੇ ਸਾਡੇ ਸਪੁਰਦ ਕੀਤੇ ਗਏ ਹਨ, ਅਗਲਾ ਹੁਕਮ ਜਾਰੀ ਹੋਣ ਤੱਕ ਕਦੰਤ ਪਿੰਡ ਤੋਂ ਬਾਹਰ ਨਹੀਂ ਜਾਣ ਦਿਆਂਗੇ। ਅਸੀਂ ਇਸ ਗੱਲ ਦੇ ਹਰ ਤਰ੍ਹਾਂ ਨਾਲ ਜ਼ਿੰਮੇਵਾਰ ਹਾਂ ਅਤੇ ਜੇ ਅਸੀਂ ਆਪਣੇ ਪਿੰਡ ਵਿੱਚ ਕਿਸੇ ਪ੍ਰਕਾਰ ਦਾ ਇਸ ਕੌਮ ਦਾ ਇਕੱਠ ਦੇਖਾਂਗੇ ਤਾਂ ਉਸ ਬਾਰੇ ਇਤਲਾਹ ਦੇਣੀ ਵੀ ਸਾਡੀ ਜ਼ਿੰਮੇਦਾਰੀ ਹੈ ਭਾਵ ਅਸੀਂ ਇਸ ਬਾਰੇ ਫ਼ੌਰਨ ਥਾਣੇ 'ਚ ਇਤਲਾਹ ਦਿਆਂਗੇ। ਜੇ ਅਸੀਂ ਇਨ੍ਹਾਂ ਦੇ ਇੱਕਠ ਦੀ ਇਤਲਾਹ ਨਾ ਦਿੱਤੀ ਜਾਂ ਉਪ੍ਰੋਕਤ ਕੂਕਿਆਂ ਵਿੱਚੋਂ, ਜਿਹੜੇ ਸਾਡੇ ਸਪੁਰਦ ਕੀਤੇ ਗਏ ਹਨ, ਕੋਈ ਆਦਮੀ ਇਤਲਾਹ ਦਿੱਤੇ ਬਿਨਾਂ ਕਿਸੇ ਥਾਂ ਚਲਾ ਜਾਵੇ ਤਾਂ ਅਸੀਂ ਕਸੂਰ ਵਜੋਂ ਬਾਬਤ ਮੁਚੱਲਕਾ ਇੱਕ ਸੌ ਰੁਪਏ ਬਿਨਾਂ ਉਜ਼ਰ ਸਰਕਾਰ ਦੇ ਖਜ਼ਾਨੇ 'ਚ ਦਾਖਲ ਕਰਾਂਗੇ। ਸਾਨੂੰ ਕਿਸੇ ਪ੍ਰਕਾਰ ਦਾ ਉਜ਼ਰ ਨਹੀਂ ਹੋਵੇਗਾ।

ਸੋ ਮੁਚਲਕੇ ਵਜੋਂ ਇਹ ਕੁਝ ਸ਼ਬਦ ਲਿੱਖ ਦਿੱਤੇ ਹਨ ਤਾਂ ਕਿ ਸਨਦ ਰਹੇ।

ਦਾਸ
ਚਤਰ ਸਿੰਘ
ਮਹਾਂ ਸਿੰਘ
ਖ਼ਜ਼ਾਨ ਸਿੰਘ
ਭੱਲੂ ਸਿੰਘ

ਗਵਾਹ ਸ਼ੁਦ
ਭੱਲੂ ਲਾਲ

25 ਮਾਘ ਸੰਮਤ 1928.
4 ਫਰਵਰੀ 1872

---

## ਮੁਚੱਲਕਾ

ਅਸੀਂ ਜੱਸਾ ਸਿੰਘ ਪੁੱਤਰ ਬਿਸ਼ਨਾ ਚੰਦ, ਨਿਹਾਲ ਚੰਦ ਪੁੱਤਰ ਮਹਿਤਾਬ ਸਿੰਘ ਤੇ ਕਾਨ੍ਹਾਂ ਸਿੰਘ ਪੁੱਤਰ ਜਵਾਲਾ ਸਿੰਘ ਨੰਬਰਦਾਰਾਨ ਪਿੰਡ ਚਨਾਰਥਲ ਖ਼ੁਰਦ ਦੇ ਹਾਂ। ਜੋ ਕਿ ਮੰਗਲ ਸਿੰਘ, ਬੁੱਘਾ ਸਿੰਘ ਤੇ ਬੂਟਾ ਸਿੰਘ ਜ਼ਿਮੀਂਦਾਰਾਨ ਕੂਕਾ ਕੌਮ, ਜਿਹੜੇ ਸਾਡੇ ਪਿੰਡ 'ਚ ਰਹਿੰਦੇ ਹਨ ਅਤੇ ਇਨ੍ਹਾਂ ਤੋਂ ਬਿਨਾਂ ਕੋਈ ਹੋਰ ਕੂਕਾ ਸਾਡੇ ਪਿੰਡ ਵਿੱਚ ਨਹੀਂ ਰਹਿੰਦਾ। ਮਹਿਕਮਾ ਆਲੀਆ ਵਜ਼ਾਰਤ ਵੱਲੋਂ ਜਾਰੀ ਹੁਕਮ ਦੀ ਪਾਲਣਾ ਕਰਦੇ ਹੋਏ ਥਾਣੇਦਾਰ ਤਆਲੁੱਕਾ ਚਨਾਰਥਲ ਨੇ ਉਪ੍ਰੋਕਤ ਕੂਕਿਆਂ ਨੂੰ ਸਾਡੇ ਸਪੁਰਦ ਕਰਕੇ ਸਾਨੂੰ ਸਮਝਾਇਆ ਕਿ ਅਗਲਾ ਹੁਕਮ ਜਾਰੀ ਹੋਣ ਤੱਕ ਇਹ ਕੂਕੇ ਪਿੰਡ ਤੋਂ ਬਾਹਰ ਕਿਸੇ ਥਾਂ ਨਾ ਜਾਣ।

ਸੋ ਅਸੀਂ ਇਕਰਾਰ ਕਰਦੇ ਹਾਂ ਤੇ ਲਿਖ ਦਿੰਦੇ ਹਾਂ ਕਿ ਅਸੀਂ ਆਪਣੇ ਪਿੰਡ ਦੇ ਉੱਪਰ ਦਰਜ ਕੂਕਾ ਕੌਮ ਦੇ ਜ਼ਿਮੀਦਾਰਾਂ ਨੂੰ, ਜਿਹੜੇ ਸਾਡੇ ਸਪੁਰਦ ਕੀਤੇ ਗਏ ਹਨ, ਅਗਲਾ ਹੁਕਮ ਜਾਰੀ ਹੋਣ ਤੱਕ ਪਿੰਡ ਤੋਂ ਬਾਹਰ ਕਦੰਤ ਨਹੀਂ ਜਾਣ ਦਿਆਂਗੇ। ਅਸੀਂ ਹਰ ਤਰ੍ਹਾਂ ਨਾਲ ਇਸ ਗੱਲ ਦੇ ਜ਼ਿੰਮੇਦਾਰ ਹਾਂ। ਇਸ ਤੋਂ ਇਲਾਵਾ ਜੇ ਆਪਣੇ ਪਿੰਡ ਵਿੱਚ ਇਸ ਕੌਮ ਦਾ ਕਿਸੇ ਪ੍ਰਕਾਰ ਦਾ ਇੱਕਠ ਹੋਇਆ ਦੇਖਾਂਗੇ । ਉਸ ਦੀ ਇਤਲਾਹ ਦੇਣ ਦੀ ਜ਼ਿੰਮੇਦਾਰੀ ਵੀ ਸਾਡੀ ਹੋਵੇਗੀ ਭਾਵ ਉਸ ਦੀ ਇਤਲਾਹ ਫ਼ੌਰਨ ਥਾਣੇ 'ਚ ਜਾ ਕੇ ਦਿਆਂਗ। ਜੇ ਅਸੀਂ ਇਸ ਦੀ ਇਤਲਾਹ ਨਹੀਂ ਦਿਆਂਗੇ ਜਾਂ ਉਪ੍ਰੋਕਤ ਕੂਕਿਆਂ ਵਿੱਚੋਂ ਕੋਈ ਆਦਮੀ ਬਿਨਾਂ, ਇਤਲਾਹ ਦਿੱਤੇ ਕਿਸੇ ਥਾਂ ਚਲਾ ਜਾਵੇ ਤਾਂ ਅਸੀਂ ਇਸ ਕਸੂਰ ਤੇ ਅਵੇਸਲੇਪਣ ਬਾਰੇ ਬਾਬਤ ਮੁਚਲਕਾ ਇੱਕ ਸੌ ਰੁਪਏ ਕਿਸੇ ਉਜ਼ਰ ਤੋਂ ਬਿਨਾਂ, ਉੱਚੀ ਸ਼ਾਨ ਵਾਲੀ ਸਰਕਾਰ ਦੇ ਖ਼ਜ਼ਾਨੇ 'ਚ ਦਾਖਿਲ ਕਰਵਾਵਾਂਗੇ।

ਸੋ ਇਹ ਕੁਝ ਸ਼ਬਦ ਮੁਚਲਕੇ ਵਜੋਂ ਲਿਖ ਦਿੱਤੇ ਹਨ ਤਾ ਕਿ ਸਨਦ ਰਹੇ।

27 ਮਾਘ 1928
6 ਫਰਵਰੀ 1872

| ਦਾਸਾਨ | ਗਵਾਹ ਸ਼ੁਦ |
|---|---|
| 1. ਜੱਸਾ ਸਿੰਘ ਨੰਬਰਦਾਰ | 1. ਕਿਹਰ ਸਿੰਘ ਜ਼ਿਮੀਂਦਾਰ ਚਨਾਰਥਲ |
| 2. ਨਿਹਾਲ ਸਿੰਘ ਨੰਬਰਦਾਰ | 2. ਊਧਮ ਖੱਤਰੀ ਚਨਾਰਥਲ |
| 3. ਕਾਹਨਾ ਸਿੰਘ ਨੰਬਰਦਾਰ | |

---

**ਪਿੰਡ ਪਿੱਥੋਕੇ ਦੇ ਨੇੜੇ ਇਸ ਇਲਾਕੇ ਦੇ ਹੇਠ ਲਿਖੇ ਪਿੰਡ ਹਨ :-**
ਦਾਰਾਜ, ਤਪਾ, ਜਵੰਦਾਂ, ਤਾਜੋਕੇ ਤੇ ਰਾਮਪੁਰਾ।

ਇਨ੍ਹਾਂ ਪਿੰਡਾਂ ਦੇ ਨੰਬਰਦਾਰਾਂ ਤੋਂ ਕੂਕਿਆਂ ਦੇ ਇੱਕਠੇ ਹੋਣ ਦਾ ਖੁਫ਼ੀਆ ਹਾਲ ਦਰਿਆਫ਼ਤ ਕੀਤਾ ਗਿਆ ਤਾਂ ਉਨ੍ਹਾਂ ਨੇ ਬਿਆਨ ਕੀਤਾ ਕਿ ਉਨ੍ਹਾਂ ਨੂੰ ਕੂਕਿਆਂ ਦੇ ਇੱਕਠੇ ਹੋਣ ਦਾ ਉੱਕਾ ਹੀ ਪਤਾ ਨਹੀ ਹੈ ਬਲਕਿ ਪਿੰਡ ਦਰਾਜ, ਜਵੰਦਾਂ ਤੇ ਤਾਜੋਕੇ ਦੇ ਨੰਬਰਦਾਰਾਂ ਨੇ ਬਿਆਨ ਕੀਤਾ ਕਿ " ਸਾਡੇ ਪਿੰਡ ਵਿੱਚ ਤਾਂ ਨਾ ਕੋਈ ਕੂਕਾ ਹੈ ਤੇ ਨਾ ਹੋਇਆ ਹੈ।" ਰਾਮਪੁਰਾ ਦੇ ਨੰਬਰਦਾਰਾਂ ਨੇ ਬਿਆਨ ਕੀਤਾ ਕਿ " ਸਾਡੇ ਪਿੰਡ ਵਿੱਚ ਕੁੱਲ ਤਿੰਨ ਕੂਕੇ ਸਨ ਜਿਨ੍ਹਾਂ ਵਿੱਚੋਂ ਦੋ ਕੂਕੇ ਤਾਂ ਛੇ ਮਹੀਨੇ ਹੋਏ ਇੱਥੋਂ ਉਜੜ ਕੇ ਚਲੇ ਗਏ ਤੇ ਇੱਕ ਕੂਕਾ ਕੈਦ ਹੈ।" ਤਪਾ ਦੇ ਨੰਬਰਦਾਰਾਂ ਨੇ ਕਿਹਾ ਕਿ " ਸਾਡੇ ਪਿੰਡ ਵਿੱਚ ਤਿੰਨ ਕੂਕੇ ਹਨ। ਉਨ੍ਹਾਂ ਦੀਆਂ ਜਿਹੜੀਆਂ ਜ਼ਮਾਨਤਾਂ ਲਈਆਂ ਗਈਆਂ ਸਨ ਉਹ ਤਿੰਨੋਂ ਉਨ੍ਹਾਂ ਸ਼ਰਤਾਂ ਦੇ ਮੁਤਾਬਿਕ ਆਪਣੇ ਪਿੰਡ ਤੋਂ ਬਾਹਿਰ ਨਹੀ ਜਾਂਦੇ।

ਮੁਕਦੀ ਗੱਲ ਆਲੇ ਦੁਆਲੇ ਪਿੰਡਾਂ ਦੇ ਸਾਰੇ ਨੰਬਰਦਾਰਾਂ ਤੋਂ ਦਰਿਆਫ਼ਤ ਕੀਤਾ ਗਿਆ ਤਾਂ ਕਿਸੇ ਨੇ ਕੁਝ ਪਤਾ ਨਾ ਦਿੱਤਾ ਅਤੇ ਨਾ ਹੀ ਇਸ ਇਲਾਕੇ ਦੇ ਕਿਸੇ ਕੂਕੇ ਦਾ ਉੱਥੇ ਜਾਣਾ ਪਾਇਆ ਗਿਆ।

ਸੋ ਇਹ ਰਿਪੋਰਟ ਇਤਲਾਹ ਵਜੋਂ ਹਜ਼ੂਰ ਕੋਲ ਭੇਜੀ ਜਾਂਦੀ ਹੈ ਅਤੇ ਤਾਮੀਲ ਕਰਨ ਵਿੱਚ ਦੇਰੀ ਦਾ ਕਾਰਨ ਇਹ ਹੈ ਕਿ ਦਾਸ ਇਲਾਕੇ ਦੀ ਹੱਦ ਵੱਲੋਂ ਲੁੱਟ ਖੋਹ ਦੇ ਮਾਮਲੇ ਦੀ ਤਹਿਕੀਕਾਤ ਕਰਨ ਵਾਸਤੇ ਨਾਇਬ ਨਾਜ਼ਿਮ ਸਾਹਿਬ ਨਾਲ ਚਲਾ ਗਿਆ ਸੀ ਤੇ ਹਫ਼ਤੇ ਤੋਂ ਵੱਧ ਸਮਾਂ ਉੱਥੇ ਰਿਹਾ। ਇਸ ਲਈ ਤਾਮੀਲ ਕਰਨ ਵਿੱਚ ਦੇਰ ਹੋ ਗਈ। ਸੋ ਇਹ ਕਸੂਰ ਮੁਆਫ਼ ਕੀਤਾ ਜਾਵੇ।

ਵਾਜਿਬ ਤੌਰ 'ਤੇ ਅਰਜ਼ ਕੀਤਾ।
ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਉਲੰਘਣਾ ਹੈ।

ਦਾਸ
ਮੁਨਸ਼ੀ ਰਾਮ
ਕਾਇਮ ਮੁਕਾਮ ਥਾਣੇਦਾਰ
ਅਨਾਹਦਗੜ੍ਹ।

16 ਚੇਤ 1928
(27 ਮਾਰਚ 1872)

**ਹੁਕਮ ਹੋਇਆ**
ਵਕੀਲ ਨੂੰ ਇਤਲਾਹ ਦਿੱਤੀ ਜਾਵੇ।

29 ਮਾਰਚ 1872

## ਲੁਕਿਆ ਸੱਚ

---

**ਫ਼ੈਜ਼ ਬਖ਼ਸ਼ ਮੁਹੱਰਿਰ ਥਾਣਾ ਸ਼ੇਰਪੁਰ ਦੀ ਰਿਪੋਰਟ ਦੀ ਨਕਲ ਮਿਤੀ 16 ਚੇਤ 1928 ( 27 ਮਾਰਚ 1872)**

ਸ੍ਰੀ ਮਾਨ ਜੀ,

ਹਜ਼ੂਰ ਦੇ ਪਰਵਾਨੇ ਦੇ ਮੁਤਾਬਿਕ ਦਾਸ 16 ਚੇਤ 1928 ਨੂੰ ਪਿੰਡ ਭਸੌੜ ਗਿਆ। ਪਹਿਲਾਂ ਪਿੰਡ ਤੋਂ ਬਾਹਰ ਦੀ ਹਾਲੀਆਂ ਪਾਲੀਆਂ ਤੋਂ ਪੁੱਛਿਆ ਅਤੇ ਪਿੰਡ ਦੇ ਨੰਬਰਦਾਰਾਂ ਨੂੰ ਇੱਕਠੇ ਕਰਕੇ ਦਰਿਆਫ਼ਤ ਕੀਤਾ ਕਿ ਜੇ ਤੁਹਾਡੇ ਪਿੰਡ ਵਿੱਚ ਕੋਈ ਕੂਕਾ ਹੋਵੇ ਤਾਂ ਬਿਆਨ ਕਰੋ ਤਾਂ ਪ੍ਰਤੱਖ ਹੋਇਆ ਕਿ ਇਸ ਪਿੰਡ ਵਿੱਚ ਕੋਈ ਵੀ ਕੂਕਾ ਨਹੀਂ ਹੈ ਅਤੇ ਇੱਕ ਫਤਿਹ ਸਿੰਘ ਨਾਮੀ ਨਹਿੰਗ ਸਿੰਘ ਰਹਿੰਦਾ ਹੈ। ਸੋ ਉਸ ਦੇ ਡੇਰੇ ਵਿੱਚ ਜਾ ਕੇ ਵੇਖਿਆ ਕਿ ਉਹ ਨਹਿੰਗ ਸਿੰਘ ਤਾਂ ਨੀਲੇ ਕੱਪੜੇ ਪਹਿਨਣ ਵਾਲਾ ਹੈ। ਨੀਲਾ ਰੰਗ ਕੂਕਿਆਂ ਦੇ ਵਿਰੁੱਧ ਹੁੰਦਾ ਹੈ। ਹੁਣ ਇਹ ਪਤਾ ਨਹੀਂ ਕਿ ਅਲੀ ਨਵਾਰ ਡਿਪਟੀ ਇੰਨਸਪੈਕਟਰ ਸਾਹਿਬ ਨੇ ਕਿੱਥੋਂ ਦਰਿਆਫ਼ਤ ਕੀਤਾ ਕਿ ਭਸੌੜ ਵਿੱਚ 50 ਕੂਕੇ ਇੱਕਠੇ ਹਨ। ਜੇ ਪਿੰਡ ਭਸੌੜ ਵਿੱਚ ਇੱਕ ਵੀ ਕੂਕਾ ਹੁੰਦਾ ਤਾਂ ਪਹਿਲੀ ਸੂਚੀ ਵਿੱਚ ਵੀ ਉਸ ਦਾ ਨਾਮ ਦਰਜ ਹੁੰਦਾ। ਦਾਸ ਨੇ ਇਹ ਵੀ ਦਰਿਆਫ਼ਤ ਕੀਤਾ ਕਿ ਜੇ ਇਸ ਅਰਸੇ ਵਿੱਚ ਕਦੇ ਦੋ ਚਾਰ ਕੂਕੇ ਭਸੌੜ ਵਿੱਚ ਆਏ ਹੋਣ, ਉਹ ਵੀ ਬਿਆਨ ਕਰ ਦਿਓ। ਉਪ੍ਰੋਕਤ ਨੰਬਰਦਾਰਾਂ ਨੇ ਜਵਾਬ ਦਿੱਤਾ ਕਿ ਜੇ ਕਦੇ ਇੱਕ ਵੀ ਕੂਕਾ ਇਸ ਪਿੰਡ ਵਿੱਚ ਆਇਆ ਹੋਵੇ ਤਾਂ ਅਸੀਂ ਕਸੂਰਵਾਰ ਹੋਵਾਂਗੇ। ਅਸੀਂ ਅੱਗੋਂ ਨੂੰ ਕਦੇ ਕਿਸੇ ਕੂਕੇ ਨੂੰ ਆਪਣੇ ਪਿੰਡ ਵਿੱਚ ਪ੍ਰਵੇਸ਼ ਨਹੀਂ ਕਰਨ ਦਿਆਂਗੇ। ਜੇ ਕੋਈ ਕੂਕਾ ਆਵੇਗਾ ਤਾਂ ਉਸ ਦੀ ਰਿਪੋਰਟ ਫ਼ੌਰਨ ਥਾਣੇ 'ਚ ਪਹੁੰਚਾਵਾਂਗੇ।

ਸੋ ਨੰਬਰਦਾਰਾਂ ਤੋਂ ਇਸ ਰਿਪੋਰਟ 'ਤੇ ਦਸਤਖ਼ਤ ਕਰਵਾ ਕੇ ਤੇ ਅੰਗੂਠੇ ਲਗਵਾ ਕੇ ਗੁਜ਼ਾਰਿਸ਼ ਕਰਦਾ ਹਾਂ ਅਤੇ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨੇ ਦੇ ਪਰਵਾਨੇ ਤੇ ਵਕੀਲ ਲੁਧਿਆਣਾ ਦੇ ਬਿਨੈ-ਪੱਤਰ ਦੀ ਨਕਲ ਆਉਣ 'ਤੇ ਵੀ ਦਾਸ ਨੇ ਰਿਪੋਰਟ ਰਾਹੀਂ ਬੇਨਤੀ ਕੀਤੀ ਸੀ ਕਿ ਪਿੰਡ ਭਸੌੜ ਤਆਲੁੱਕਾ ਸ਼ੇਰਪੁਰ ਵਿੱਚ ਕੋਈ ਕੂਕਾ ਨਹੀਂ ਹੈ। ਜੇ ਭਸੌੜ ਵਾਂਗ ਲਿਖਿਆ ਜਾਣ ਵਾਲਾ ਪਿੰਡ ਪਸੌੜ ਜਾਂ ਬਸੌੜ ਕਿਸੇ ਹੋਰ ਤਾਅਲੁੱਕੇ ਵਿੱਚ ਸਥਿਤ ਹੋਵੇ ਤਾਂ ਪਤਾ ਨਹੀਂ।

ਜਿਹੜੀ ਗੱਲ ਵਾਜਿਬ ਸੀ ਦੱਸ ਦਿੱਤੀ ਗਈ।

**ਮਹਿਕਮਾ ਨਿਆਬਤ ਫ਼ੌਜਦਾਰੀ ਜ਼ਿਲ੍ਹਾ ਅਮਰਗੜ੍ਹ ਵੱਲੋਂ**
**ਹੁਕਮ ਹੋਇਆ ਕਿ**

ਥਾਣੇ ਦੇ ਮੁਹੱਰਿਰ ਦੀ ਰਿਪੋਰਟ ਦੀ ਨਕਲ ਰੋਬਕਾਰ ਰਾਹੀਂ ਇਤਲਾਹ ਵਜੋਂ ਤੇ ਜਵਾਬ ਤੇ ਤੌਰ 'ਤੇ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨਾ ਵਾਲਿਆਂ ਦੀ ਸੇਵਾ ਵਿੱਚ ਭੇਜ ਕੇ ਇਹ ਕਾਗਜ਼ ਦਾਖਿਲ ਦਫ਼ਤਰ ਹੋਣ।

20 ਚੇਤ 1928.

ਮੁਤਾਬਿਕ 31 ਮਾਰਚ 1872.

# ਲੁਕਿਆ ਸੱਚ

---

**ਸੱਯਦ ਮੁਹੰਮਦ ਮਹਿਦੀ ਨਾਇਬ ਨਾਜ਼ਿਮ ਦੀ ਤਜਵੀਜ਼ ਨਾਲ ਕਚਹਿਰੀ ਅਦਾਲਤ ਫ਼ੌਜਦਾਰੀ ਨਿਆਬਤ ਜ਼ਿਲ੍ਹਾ ਅਮਰਗੜ੍ਹ ਦੀ ਰੋਬਕਾਰ ਮਿਤੀ 20 ਚੇਤ 1928 ਮੁਤਾਬਿਕ 31 ਮਾਰਚ 1872.**

ਵਕੀਲ ਲੁਧਿਆਣਾ ਦੇ ਬਿਨੈ-ਪੱਤਰ ਦੀ ਨਕਲ ਜਿਸ ਉੱਤੇ ਸ਼ਾਹੀ ਮੁਨਸ਼ੀ ਖ਼ਾਨਾ ਦਾ ਹੁਕਮ ਇਸ ਗੱਲ ਸੰਬੰਧੀ ਲਿਖਿਆ ਹੋਇਆ ਸੀ, ਇਸ ਮਹਿਕਮੇ 'ਚ ਪ੍ਰਾਪਤ ਹੋਈ ਕਿ ਪਿੰਡ ਭਸੌੜ ਤਾਅਲੁੱਕਾ ਸ਼ੇਰਪੁਰ ਵਿਖੇ ਰਹਿੰਦੇ ਕੋਈ 50 ਕੂਕਿਆਂ ਦਾ ਇੰਤਜ਼ਾਮ ਕੀਤਾ ਜਾਵੇ।

ਵਕੀਲ ਲੁਧਿਆਣਾ ਦੇ ਬਿਨੈ-ਪੱਤਰ ਦੀ ਨਕਲ ਭੇਜ ਕੇ ਥਾਣੇਦਾਰ ਤੋਂ ਹਾਲਾਤ ਦਾ ਵੇਰਵਾ ਮੰਗਵਾਇਆ ਗਿਆ ਤਾਂ ਅੱਜ ਥਾਣੇਦਾਰ ਦੀ ਰਿਪੋਰਟ ਦਾ ਨਿਰੀਖਣ ਕਰਨ ਉਪ੍ਰੰਤ ਹੁਕਮ ਹੋਇਆ ਕਿ :-

ਥਾਣੇ ਦੇ ਮੁਹੱਰਿਰ ਦੀ ਰਿਪੋਰਟ ਦੀ ਨਕਲ ਰੋਬਕਾਰ ਰਾਹੀਂ ਇਤਲਾਹ ਵਜੋਂ ਤੇ ਜਵਾਬ ਦੇ ਤੌਰ 'ਤੇ ਮਹਿਕਮਾਂ ਸ਼ਾਹੀ ਮੁਨਸ਼ੀ ਖ਼ਾਨੇ ਵਾਲਿਆਂ ਦੀ ਸੇਵਾ ਵਿੱਚ ਭੇਜ ਕੇ ਇਹ ਕਾਗਜ਼ਾਤ ਦਾਖਿਲ ਦਫ਼ਤਰ ਹੋਣ।

**ਹੁਕਮ ਹੋਇਆ ਕਿ**

ਇਨ੍ਹਾਂ ਕਾਗਜ਼ਾਂ ਦੀ ਨਕਲ ਵਕੀਲ ਲੁਧਿਆਣਾ, ਕਮਿਸ਼ਨਰੀ ਅੰਬਾਲਾ ਤੇ ਮਹਿਕਮਾ ਗੌਰਮਿੰਟ ਪੰਜਾਬ ਨੂੰ ਇਤਲਾਹ ਵਜੋਂ ਭੇਜੀ ਜਾਵੇ ਅਤੇ ਜਵਾਬ ਵਜੋਂ ਰਸੀਦ ਲਿਖੀ ਜਾਵੇ।

3 ਅਪ੍ਰੈਲ 1872.

---

ਹਜ਼ੂਰ ਦੇ ਹੁਕਮ ਦੀ ਤਾਮੀਲ ਕਰਦੇ ਹੋਏ ਦਾਸ ਨੇ ਪਸ਼ੌਰ ਦੇ ਨੰਬਰਦਾਰਾਂ ਤੋਂ ਅਤੇ ਨੇੜੇ ਤੇੜੇ ਦੇ ਪਿੰਡਾਂ 'ਚ ਜਾ ਕੇ ਕੂਕਿਆਂ ਦੀ ਵਸੋਂ ਦਾ ਹਾਲ ਦਰਿਆਫ਼ਤ ਕੀਤਾ ਤਾਂ ਉੱਥੇ ਕਿਸੇ ਕੂਕਾ ਆਦਮੀ ਦੀ ਰਿਹਾਇਸ਼ ਨਹੀਂ ਹੈ ਬਲਕਿ ਇਸ ਇਲਾਕੇ ਦੇ ਨੰਬਰਦਾਰਾਂ ਤੋਂ ਇਕਰਾਰ ਨਾਮਾ ਲਿਖਵਾਇਆ ਗਿਆ ਕਿ ਕੱਲ੍ਹ ਨੂੰ ਜੇ ਕੋਈ ਕੂਕਾ ਪਿੰਡ 'ਚ ਆਵੇ ਤਾਂ ਅਸੀਂ ਕਸੂਰਵਾਰ ਹੋਵਾਂਗੇ। ਸੋ ਨੰਬਰਦਾਰਾਂ ਦਾ ਇਕਰਾਰਨਾਮਾ ਤੁਹਾਡੇ ਮੁਲਾਹਿਜ਼ਾ ਕਰਨ ਵਾਸਤੇ ਇਸ ਰਿਪੋਰਟ ਰਾਹੀਂ ਹਜ਼ੂਰ ਕੋਲ ਭੇਜਿਆ ਜਾਂਦਾ ਹੈ।

ਵਾਜਿਬ ਤੌਰ 'ਤੇ ਅਰਜ਼ ਕੀਤਾ।
ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨਾ ਹੈ।

ਦਾਸ
ਮੰਗਲ ਸੈਨ
ਕਾਇਮ ਮੁਕਾਮ ਥਾਣੇਦਾਰ
ਸੁਨਾਮ।

**ਅਸੀਂ ਮੱਲ ਸਿੰਘ ਪੁੱਤਰ ਕਰਮ ਸਿੰਘ , ਹੀਰਾ ਸਿੰਘ ਪੁੱਤਰ ਊਧਮ, ਕੰਧਾਰਾ ਪੁੱਤਰ ਬਦਨ ਸਿੰਘ ਤੇ ਰੂਪ ਸਿੰਘ ਪੁੱਤਰ ਤੇਜਾ ਸਿੰਘ ਨੰਬਰਦਾਰਾਨ ਪਿੰਡ ਪਸ਼ੌਰ ਦੇ ਹਾਂ।**

ਜੋ ਕਿ ਅਸਾਂ ਤੋਂ ਪਿੰਡ ਪਸ਼ੌਰ 'ਚ ਕੂਕਿਆਂ ਦੀ ਰਿਹਾਇਸ਼ ਦਾ ਹਾਲ ਦਰਿਆਫ਼ਤ ਕੀਤਾ ਹੈ ਉਹ ਇਸ ਤਰ੍ਹਾਂ ਹੈ ਕਿ ਸਾਡੇ ਪਿੰਡ ਵਿੱਚ ਕੋਈ ਕੂਕਾ ਨਹੀਂ ਰਹਿੰਦਾ ਹੈ ਅਤੇ ਨਾ ਹੀ ਅੱਜ ਤੱਕ ਸਾਡੇ ਪਿੰਡ 'ਚ ਆਬਾਦ ਆਦਮੀਆਂ 'ਚੋਂ ਕੋਈ ਸ਼ਖਸ ਕੂਕਾ ਬਣਿਆ ਹੈ ਤੇ ਨਾ ਹੀ ਇਸ ਪਿੰਡ ਦੀ ਬਹੁਤ ਜ਼ਿਆਦਾ ਆਬਾਦੀ ਹੈ ਜਿਸ ਦਾ ਸਾਨੂੰ ਪਤਾ ਨਾ ਹੋਵੇ। ਇਸ ਵਾਸਤੇ ਅਸੀਂ ਇਕਰਾਰ ਕਰਦੇ ਹਾਂ ਤੇ ਇਸ ਤਰ੍ਹਾਂ ਲਿਖ ਕੇ ਦਿੰਦੇ ਹਾਂ ਕਿ ਜੇ ਕੱਲ੍ਹ ਨੂੰ ਸਾਡੇ ਪਿੰਡ ਵਿੱਚ ਕੋਈ ਕੂਕਾ ਵਸਦਾ ਸਾਬਿਤ ਹੋ ਜਾਵੇ ਤਾਂ ਅਸੀਂ ਸਰਕਾਰ ਦੇ ਕਸੂਰਵਾਰ ਹੋ ਕੇ ਜੁਰਮਾਨੇ ਵਜੋਂ ਸਵਾ ਸੌ ਰੁਪਏ ਅਦਾ ਕਰਾਂਗੇ। ਕਿਉਂਕਿ ਇਹ ਪਿੰਡ ਭਾਈ ਪਸ਼ੌਰ ਕਿਆਂ ਦੇ ਨਾਮ ਮੁਆਫ਼ੀ ਹੈ ਇਸ ਪਿੰਡ ਵਿੱਚ ਕੂਕਾ ਆਦਿ ਕੋਈ ਆਬਾਦ ਨਹੀਂ।

ਸੋ ਇਹ ਕੁਝ ਸਤਰਾਂ ਇਕਰਾਰ ਨਾਮੇ ਦੇ ਤੌਰ 'ਤੇ ਲਿਖ ਦਿੱਤੀਆਂ ਤਾਂ ਕਿ ਸਨਦ ਰਹੇ।

19 ਚੇਤ 1928.
(30 ਮਾਰਚ 1872)

ਦਾਸ
ਪਿੰਡ ਪਸ਼ੌਰ ਦੇ ਨੰਬਰਦਾਰ

<u>ਗਵਾਹ ਸ਼ੁਦ</u>
ਸਮੁੰਦ ਸਿੰਘ ਨੰਬਰਦਾਰ,
ਪਿੰਡ ਸ਼ੇਰੋਂ।

# ਲੁਕਿਆ ਸੱਚ

---

ਸ੍ਰੀ ਮਾਨ ਜੀ,

ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨੇ ਦੀ ਇੱਕ ਰੋਬਕਾਰ ਮਿਤੀ 17 ਚੇਤ 1928 ਨੂੰ ਇਸ ਥਾਣੇ 'ਚ ਪੁੱਜੀ। ਜਿਸ ਰਾਹੀਂ ਪਿੰਡ ਪਸ਼ੌਰ ਤਾਅਲੁੱਕਾ ਸੁਨਾਮ ਦੇ ਕੂਕਿਆਂ ਦੀ ਰਿਹਾਇਸ਼ ਦਾ ਹਾਲ ਦਰਿਆਫ਼ਤ ਕੀਤਾ ਗਿਆ ਸੀ।

ਸੋ ਹੁਕਮ ਦੀ ਪਾਲਣਾ ਕਰਦੇ ਹੋਏ ਦਾਸ ਨੇ ਪਸ਼ੌਰ ਦੇ ਨੰਬਰਦਾਰਾਂ ਤੋਂ ਕੂਕਿਆਂ ਦੇ ਰਹਿਣ ਸੰਬੰਧੀ ਹਾਲ ਚੰਗੀ ਤਰ੍ਹਾਂ ਦਰਿਆਫ਼ਤ ਕਰਕੇ ਮੁਨਸ਼ੀ ਖ਼ਾਨੇ ਦੀ ਰੋਬਕਾਰ ਦਾ ਵੇਰਵੇ ਸਹਿਤ ਹਾਲ ਇਸ ਤਰ੍ਹਾਂ ਲਿਖ ਕੇ ਭੇਜਿਆ ਕਿ ਪਿੰਡ ਪਸ਼ੌਰ ਵਿੱਚ ਇੱਕ ਵੀ ਕੂਕਾ ਆਬਾਦ ਨਹੀਂ ਹੈ ਅਤੇ ਨਾ ਅੱਜ ਤੱਕ ਕੋਈ ਆਦਮੀ ਕੂਕਾ ਬਣਿਆ ਹੈ ਬਲਕਿ ਪਿੰਡ ਦੇ ਨੰਬਰਦਾਰਾਂ ਨੇ ਆਪਣੇ ਵੱਲੋਂ ਇਕਰਾਰ ਨਾਮਾ ਲਿਖ ਕੇ ਦਿੱਤਾ ਕਿ ਜੇ ਕੱਲ੍ਹ ਨੂੰ ਸਾਡੇ ਪਿੰਡ ਵਿੱਚ ਇੱਕ ਕੂਕਾ ਵੀ ਸਾਬਿਤ ਹੋ ਜਾਵੇ ਤਾਂ ਅਸੀਂ ਕਸੂਰਵਾਰ ਹੋਵਾਂਗੇ ਅਤੇ ਸਬੂਤ ਹੋਣ ਦੀ ਸ਼ਰਤ 'ਤੇ 125 ਰੁਪਏ ਦਾ ਮੁਚੱਲਕਾ ਸਰਕਾਰ 'ਚ ਦਾਖਿਲ ਕਰਾਂਗੇ।

ਸੋ ਉਹ ਇਕਰਾਰ ਨਾਮਾਂ ਵੀ ਰਿਪੋਰਟ ਦੇ ਨਾਲ ਹੀ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨੇ ਨੂੰ ਭੇਜਿਆ ਗਿਆ।

ਇਸ ਲਈ ਵੇਰਵੇ ਸਹਿਤ ਗੁਜ਼ਾਰਿਸ਼ ਹੈ।

ਵਾਜਿਬ ਤੌਰ 'ਤੇ ਅਰਜ਼ ਕੀਤਾ।

20 ਚੇਤ 1928
(31 ਮਾਰਚ 1872)
ਦਾਸ
ਮੰਗਲ ਸੈਨ,
ਕਾਇਮ ਮੁਕਾਮ ਥਾਣੇਦਾਰ,
ਸੁਨਾਮ।

**ਹੁਕਮ ਹੋਇਆ ਕਿ**
ਸ਼ਾਮਿਲ ਮਿਸਲ ਹੋਵੇ।
21 ਚੇਤ 1928.
(1 ਅਪਰੈਲ 1872)

---

## ਰਿਆਸਤ ਕੋਟਲਾ ਮਾਲੇਰ ਦੇ ਨਾਜ਼ਿਮ ਦੇ ਖ਼ਤ ਮਿਤੀ 15 ਫਰਵਰੀ ਸੰਨ 1872 ਈ: ਦੀ ਨਕਲ

ਮੇਰੇ ਮਿਹਰਬਾਨ ਸਾਹਿਬ, ਮੀਰ ਨਿਆਜ਼ ਅਲੀ ਸਾਹਿਬ ਨਾਇਬ ਨਾਜ਼ਿਮ (ਅਮਰਗੜ੍ਹ ),

ਸਲਾਮ ਅਰਜ਼ ਕਰਨ ਮਗਰੋਂ ਹਾਲ ਇਹ ਹੈ ਕਿ ਤੁਹਾਨੂੰ ਕਾਰ ਸਰਕਾਰ ਵਾਸਤੇ ਇਹ ਤਕਲੀਫ਼ ਦਿੱਤੀ ਜਾਂਦੀ ਹੈ ਕਿ ਕੱਲ 14 ਫਰਵਰੀ 1872 ਈ: ਨੂੰ ਦਿਨ ਦੇ ਗਿਆਰਾਂ ਵਜੇ ਕੰਮਾਂ ਰਾਵਤ ਨਾਮੀ ਵਿਅਕਤੀ ਵਾਸੀ ਕੋਟਲਾ ਨੂੰ ਪਿੰਡ ਫ਼ਰਵਾਹੀ ਦੇ ਲਾਗੇ ਕੂਕਿਆਂ ਨੇ ਘੇਰ ਲਿਆ ਅਤੇ ਉਸ ਨੂੰ ਕਤਲ ਕਰਨ ਦਾ ਇਰਾਦਾ ਕੀਤਾ ਪਰ ਉਸ ਨੇ ਕਿਹਾ ਕਿ ਮੈਂ ਮਾਣਕ ਮਾਜਰੇ ਦਾ ਵਸਨੀਕ ਹਾਂ ਜਿਸ ਕਰਕੇ ਕੂਕਿਆਂ ਨੇ ਉਹ ਨੂੰ ਛੱਡ ਦਿੱਤਾ। ਤਿੰਨਾਂ ਕੂਕਿਆਂ ਦਾ ਹੁਲੀਆ ਹੇਠਾਂ ਦਰਜ ਹੈ। ਕ੍ਰਿਪਾ ਕਰਕੇ ਪਿੰਡ ਰੜ ਤੇ ਫ਼ਰਵਾਹੀ ਦੇ ਨੇੜੇ ਤੇੜੇ ਦੇ ਪਿੰਡਾਂ ਵਿੱਚ, ਹੁਲੀਏ ਦੇ ਮੁਤਾਬਿਕ, ਉਨ੍ਹਾਂ ਕੂਕਿਆਂ ਦੀ ਤਲਾਸ਼ ਕਰੋ ਅਤੇ ਜੇ ਕੁਛ ਹਾਲ ਹੋਵੇ ਉਸ ਤੋਂ ਸੂਚਿਤ ਕਰੋ।

| | |
|---|---|
| ਇੱਕ ਆਦਮੀ :- | ਕੱਦ ਲੰਮਾ, ਜਵਾਨ, ਰੰਗ ਗੋਰਾ, ਹੇਠਾਂ ਕੱਛਾਹਿਰਾ, ਗਲੇ 'ਚ ਰੇਸ਼ਮੀ ਮਾਲਾ। |
| ਦੂਜਾ :- | ਰੰਗ ਗੋਰਾ, ਦਾੜ੍ਹੀ 'ਚ ਕੋਈ ਕੋਈ ਸਫ਼ੈਦ ਵਾਲ, ਗਲੇ 'ਚ ਰੇਸ਼ਮੀ ਮਾਲਾ, ਨੀਚੇ ਕੱਛਾਹਿਰਾ। |
| ਤੀਜਾ :- | ਰੰਗ ਕਾਲਾ, ਦਾੜ੍ਹੀ 'ਚ ਕੋਈ ਕੋਈ ਸਫ਼ੈਦ ਵਾਲ, ਗਲੇ 'ਚ ਰੇਸ਼ਮੀ ਮਾਲਾ, ਨੀਚੇ ਕੱਛਾਹਿਰਾ। |

15 ਫਰਵਰੀ ਸੰਨ 1872 ਈ:

**ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਜ਼ਿਲ੍ਹਾ ਅਮਰਗੜ੍ਹ ਦੀ ਤਜਵੀਜ਼ ਨਾਲ ਮਹਿਕਮਾ ਨਿਆਬਤ ਜ਼ਿਲ੍ਹਾ ਅਮਰਗੜ੍ਹ ਵਲੋਂ ਹੁਕਮ ਹੋਇਆ ਕਿ :-**

ਉੱਪਰ ਦਰਜ ਤਿੰਨਾਂ ਕੂਕਿਆਂ ਦੇ ਹੁਲੀਏ ਸਮੇਤ ਥਾਣੇਦਾਰ ਸ਼ੇਰਪੁਰ ਦੇ ਨਾਮ ਵੇਰਵੇ ਸਹਿਤ ਪਰਵਾਨਾ ਲਿਖਿਆ ਜਾਵੇ ਅਤੇ ਸਖ਼ਤ ਤਾਕੀਦ ਕੀਤੀ ਜਾਵੇ ਕਿ ਉਹ ਨੇੜੇ ਤੇੜੇ ਦੇ ਰੜ ਆਦਿ ਪਿੰਡਾਂ ਵਿੱਚ ਹੇਠ ਲਿਖੇ ਹੁਲੀਆਂ ਅਨੁਸਾਰ ਬਹੁਤ ਰੁਝੇਵੇਂ ਤੇ ਤਨਦੇਹੀ ਨਾਲ ਮੁਜ਼ਰਿਮਾਂ ਨੂੰ ਇਸ ਸ਼ਰਤ 'ਤੇ ਗ੍ਰਿਫ਼ਤਾਰ ਕਰੇ ਕਿ ਹੁਲੀਏ ਜ਼ਰੂਰ ਮਿਲਦੇ ਹੋਣ ਅਤੇ ਗ੍ਰਿਫ਼ਤਾਰ ਕਰਕੇ ਮਹਿਕਮੇਂ 'ਚ ਹਾਜ਼ਿਰ ਕਰੇ ਅਤੇ ਇਸ ਦੀ ਨਕਲ ਸੰਖੇਪ ਰੋਬਕਾਰਾਂ ਰਾਹੀਂ ਮਹਿਕਮਾ ਨਿਜ਼ਾਮਤ ਤੇ ਮੀਰ ਮੁਨਸ਼ੀ ਸਾਹਿਬ ਦੀ ਸੇਵਾ ਵਿੱਚ ਭੇਜੀ ਜਾਵੇ ਅਤੇ ਨਾਜ਼ਿਮ ਸਾਹਿਬ ਦੀ ਸੇਵਾ ਵਿੱਚ ਲਿਖ ਦਿੱਤਾ ਜਾਵੇ ਕਿ ਜੇ ਉਹ ਮੁਨਾਸਿਬ ਸਮਝਣ ਤਾਂ ਉਹ ਸਾਰੇ ਥਾਣਿਆਂ ਵਿੱਚ ਇਸ਼ਤਿਹਾਰ ਜਾਰੀ ਕਰ ਦੇਣ।

6 ਫੱਗਣ 1928
(16 ਫਰਵਰੀ 1872)
ਮੁਕਾਮ ਸ਼ੇਰਪੁਰ।

# ਲੁਕਿਆ ਸੱਚ

---

ਨਿਆਮਤਾਂ ਦੇ ਮਾਲਿਕ, ਮਿਹਰਬਾਨ ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ,

ਸ੍ਰੀ ਮਾਨ ਜੀ,

ਰਿਆਸਤ ਕੋਟਲਾ ਦਾ ਅਹਿਲਕਾਰ ਮੁਹੰਮਦ ਅਕਰਮ ਖ਼ਾਨ ਇੱਕ ਖ਼ਤ ਮੇਰੇ ਨਾਮ ਲੈ ਕੇ ਪੁੱਜਾ ਜਿਸ ਵਿੱਚ ਦਰਜ ਸੀ ਕਿ ਕੰਮਾਂ ਰਾਵਤ ਕੋਟਲਾ ਵਾਸੀ ਨੂੰ ਪਿੰਡ ਫ਼ਰਵਾਹੀ ਤਅੱਲੁਕਾ ਕੋਟਲਾ ਦੇ ਲਾਗੇ ਤਿੰਨ ਕੂਕੇ ਮਿਲੇ ਤੇ ਉਸ ਨੂੰ ਘੇਰ ਲਿਆ। ਕੰਮਾਂ ਰਾਵਤ ਨੇ ਕੂਕਿਆਂ ਤੋਂ ਪਿੱਛਾ ਛੁਡਾਉਣ ਵਾਸਤੇ ਕਹਿ ਦਿੱਤਾ ਕਿ ਮੈਂ ਮਾਣਕ ਮਾਜਰੇ ਦਾ ਰਹਿਣ ਵਾਲਾ ਹਾਂ। ਇਸ ਲਈ ਤੁਸੀਂ ਇਨ੍ਹਾਂ ਕੂਕਿਆਂ ਦੀ ਤਲਾਸ਼ ਕਰੋ।

ਦਾਸ ਨੇ ਸ਼ੇਰਪੁਰ ਦੇ ਥਾਣੇਦਾਰ ਦੇ ਨਾਮ ਉਨ੍ਹਾਂ ਕੂਕਿਆਂ ਦੇ ਹੁਲੀਏ ਦਰਜ ਕਰਕੇ ਵੇਰਵੇ ਸਹਿਤ ਪਰਵਾਨਾ ਜਾਰੀ ਕਰ ਦਿੱਤਾ ਹੈ ਕਿ ਉਹ ਆਪਣੇ ਇਲਾਕੇ ਵਿੱਚ ਉਪ੍ਰੋਕਤ ਕੂਕਿਆਂ ਨੂੰ ਹੁਲੀਏ ਮੁਤਾਬਿਕ ਚੰਗੀ ਤਰ੍ਹਾਂ ਤਲਾਸ਼ ਕਰੇ। ਇਹ ਦਾਸ ਵੀ ਤਲਾਸ਼ ਕਰੇਗਾ। ਹੁਲੀਏ ਵੇਰਵੇ ਸਹਿਤ ਨਹੀਂ ਅਤੇ ਸ਼ਨਾਖ਼ਤ ਤੇ ਇਤਬਾਰ ਦੇ ਕਾਬਿਲ ਨਹੀਂ ਹਨ। ਉਮੀਦ ਨਹੀਂ ਉਨ੍ਹਾਂ ਕੂਕਿਆਂ ਦਾ ਪਤਾ ਲੱਗੇ।

ਅਸਲ ਖ਼ਤ ਰੱਖਕੇ ਉਸ ਦੀ ਨਕਲ ਮੁਲਾਹਿਜ਼ੇ ਵਾਸਤੇ ਇਸ ਬਿਨੈ-ਪੱਤਰ ਨਾਲ ਨੱਥੀ ਕਰਕੇ ਹਜ਼ੂਰ ਕੋਲ ਭੇਜ ਰਿਹਾ ਹਾਂ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣ ਸਮਾਨ ਹੈ।

ਦਾਸ
ਪੁਰਾਣਾ ਨਮਕ ਪਰਵਰਦਾ,
ਸੱਯਦ ਨਿਆਜ਼ ਅਲੀ,
ਨਾਇਬ ਨਾਜ਼ਿਮ,
ਜ਼ਿਲ੍ਹਾ ਅਮਰਗੜ੍ਹ।
ਮੁਹਰ

6 ਫੱਗਣ ਸੰਮਤ 1928 ਮੁਤਾਬਿਕ
16 ਫਰਵਰੀ ਸੰਨ 1872 ਈ:
ਮੁਕਾਮ ਸ਼ੇਰਪੁਰ।

---

**ਸੱਯਦ ਮੁਹੰਮਦ ਮਹਿਦੀ ਨਾਇਬ ਨਾਜ਼ਿਮ ਦੀ ਤਜਵੀਜ਼ ਨਾਲ ਅਦਾਲਤ ਫ਼ੌਜਦਾਰੀ ਨਿਆਬਤ ਜ਼ਿਲ੍ਹਾ ਅਮਰਗੜ੍ਹ ਦੀ ਰੋਬਕਾਰ ਮਿਤੀ 17 ਚੇਤ 1928 ਮੁਤਾਬਿਕ 28 ਮਾਰਚ 1872.**

ਮਾਲੇਰ ਕੋਟਲਾ ਦੇ ਅਹਿਲਕਾਰ ਅਕਰਮ ਖ਼ਾਨ ਦੇ ਖ਼ਤ ਦੀ ਨਕਲ ਤੇ ਸ਼ਾਹੀ ਮੁਨਸ਼ੀ ਖ਼ਾਨੇ ਦਾ ਹੁਕਮ, ਮਿਤੀ 10 ਮਾਰਚ 1872 ਇਸ ਮਹਿਕਮੇ 'ਚ ਪੁੱਜਾ। ਜਿਸ ਵਿੱਚ ਦਰਜ ਸੀ ਕਿ ਕੋਟਲੇ ਦੇ ਵਾਸੀ ਅੱਲਾਹ ਬਖਸ਼ ਭਰਾਈ ਨੂੰ, ਜਦੋਂ ਉਹ ਬਠਿੰਡੇ ਵੱਲੋਂ ਜਾ ਰਿਹਾ ਸੀ, ਤਿੰਨ ਕੂਕੇ ਪਿੰਡ ਨੰਗਲ ਤੇ ਗੜ੍ਹੀ ਇਲਾਕਾ ਸ਼ੇਰਪੁਰ ਦੀ ਹੱਦ 'ਤੇ ਮਿਲੇ। ਇਨ੍ਹਾਂ ਕੂਕਿਆਂ ਦਾ ਹਾਲ ਦਰਿਆਫ਼ਤ ਕਰਨ ਵਾਸਤੇ ਹੁਕਮ ਦਿੱਤਾ ਹੋਇਆ ਸੀ।

ਜਦੋਂ ਮਿਸਲ ਦੇਖੀ ਗਈ ਤਾਂ ਪ੍ਰਤੱਖ ਪਤਾ ਲੱਗਾ ਕਿ 15 ਫੱਗਣ 1928 ਨੂੰ ਅਕਰਮ ਖ਼ਾਨ ਸਾਹਿਬ ਦੇ ਖ਼ਤ ਦੀ ਇਸੇ ਮਜ਼ਮੂਨ 'ਤੇ ਆਧਾਰਿਤ ਨਕਲ, ਮੀਰ ਨਿਆਜ਼ ਅਲੀ ਸਾਹਿਬ ਦੇ ਨਾਮ ਆਈ ਸੀ। ਉਸ ਨੂੰ ਇਸ ਮਹਿਕਮੇ ਦੇ ਹੁਕਮ ਰਾਹੀਂ ਜ਼ਾਬਿਤੇ ਅਨੁਸਾਰ ਤਹਿਕੀਕਾਤ ਕਰਨ ਵਾਸਤੇ ਥਾਣੇਦਾਰ ਸ਼ੇਰਪੁਰ ਨੂੰ ਭੇਜਿਆ ਗਿਆ ਸੀ ਤਾਂ ਥਾਣੇਦਾਰ ਹਾਲਾਤ ਦਸਦਾ ਹੋਇਆ ਬੇਨਤੀ ਕਰਦਾ ਹੈ ਕਿ ਪਿੰਡ ਗੜ੍ਹੀ ਤੇ ਨੰਗਲ ਦੇ ਨੰਬਰਦਾਰਾਂ ਦੀ ਜ਼ਬਾਨੀ ਜ਼ਾਹਿਰ ਹੈ ਕਿ ਨਾ ਤਾਂ ਕੋਈ ਸਵਾਰ ਸਾਡੇ ਪਿੰਡਾਂ ਵਿੱਚ ਆਏ, ਨਾ ਕੋਈ ਕੂਕੇ ਆਦਿ ਉਨ੍ਹਾਂ ਨੇ ਗ੍ਰਿਫ਼ਤਾਰ ਕੀਤੇ ਅਤੇ ਨਾ ਸਾਡੇ ਕੋਲੋਂ ਕੋਈ ਗੱਡੀ ਮੰਗੀ।

**ਹੁਕਮ ਹੋਇਆ ਕਿ**

ਰੋਬਕਾਰ ਰਾਹੀਂ ਇਸ ਦੀ ਵੇਰਵੇ ਸਹਿਤ ਇਤਲਾਹ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨਾ ਵਾਲਿਆਂ ਦੀ ਸੇਵਾ ਵਿੱਚ ਭੇਜੀ ਜਾਵੇ ਅਤੇ ਇਹ ਕਾਗਜ਼ਾਤ ਦਾਖਿਲ ਦਫ਼ਤਰ ਹੋਣ।

# 10. ਪਿੰਡ ਰੜ ਬਾਰੇ ਦਸਤਾਵੇਜ਼

## ਲੋੜਵੰਦਾਂ ਦੇ ਹਾਲ ’ਤੇ ਕ੍ਰਿਪਾ ਕਰਨ ਵਾਲੇ, ਮਹਾਨ ਤੇ ਸਤਿਕਾਰਯੋਗ ਜਨਾਬ ਖ਼ਲੀਫ਼ਾ ਮੁਹੰਮਦ ਹਸਨ ਖ਼ਾਨ ਸਾਹਿਬ ਬਹਾਦੁਰ ! ਸਲਾਮਤ ਰਹੋ !

ਆਦਾਬ ਅਰਜ਼ ! ਹਾਲ ਇਹ ਹੈ ਕਿ ਮਜ਼ਮੂਨ ’ਤੇ ਆਧਾਰਤ ਤੁਹਾਡਾ ਪੱਤਰ ਮਿਲਿਆ ਕਿ ਭੂਪ ਸਿੰਘ ਜ਼ਿਮੀਂਦਾਰ ਪਿੰਡ ਰੜ, ਜਿਸ ਨੇ ਕੁਝ ਕੂਕਿਆਂ ਨੂੰ ਪਨਾਹ ਦਿੱਤੀ ਸੀ, ਅਤੇ ਉਸ ਦੇ ਘਰ ’ਚੋਂ ਨਿਕਲੇ ਸਨ, ਉਸ ਦਾ ਹਾਲ ਕੁਝ ਨਹੀਂ ਲਿਖਿਆ ਕਿ ਕੀ ਸਜ਼ਾ ਦਿੱਤੀ, ਜੇ ਹੁਣ ਤੱਕ ਕੋਈ ਚਾਰਾ ਨਾ ਚਲਿਆ ਹੋਵੇ ਤਾਂ ਮੁਜ਼ਰਿਮਾਂ ਨੂੰ ਪਨਾਹ ਦੇਣ ਕਾਰਨ ਫ਼ੌਰਨ ਉਸ ਦੀ ਜਾਇਦਾਦ ਜ਼ਬਤ ਕਰੋ ਤੇ ਸਖ਼ਤ ਸਜ਼ਾ ਦਿਉ।

ਹਾਲ ਇਹ ਹੈ ਕਿ ਭੂਪ ਸਿੰਘ ਦੇ ਸੰਬੰਧ ਵਿੱਚ ਮੁਜ਼ਰਿਮਾਂ ਨੂੰ ਪਨਾਹ ਦੇਣ ਦੀ ਗੱਲ ਮੇਰੀ ਰਾਏ ’ਚ ਕਾਫ਼ੀ ਹੈ। ਪਹਿਲੀ ਗੱਲ ਤਾਂ ਇਹ ਕਿ ਉਸ ਦਾ ਫ਼ਰਜ਼ ਨਹੀਂ ਸੀ। ਦੂਜੇ ਆਪਣੀ ਜਾਨ ਸਾਰਿਆਂ ਨੂੰ ਪਿਆਰੀ ਹੈ, ਅਜਿਹੇ ਸਮੇਂ ਕੋਈ ਕਿਸੇ ਦਾ ਕਹਿਣਾ ਨਹੀਂ ਮੰਨਦਾ, ਵਿਸ਼ੇਸ਼ ਤੌਰ ’ਤੇ ਉਸ ਸਮੇਂ ਜਦੋਂ ਇੱਕ ਆਦਮੀ ਵੀ ਪਿੰਡ ਵਿੱਚ ਮੌਜੂਦ ਨਹੀਂ ਸੀ, ਉਹ (ਭੂਪ ਸਿੰਘ) ਕੀ ਕਰਦਾ ? ਇਹ ਤਾਂ ਸੱਚ ਹੈ ਅਤੇ ਇੱਥੋਂ ਤੱਕ ਤਾਂ ਉਸ ’ਤੇ ਕੋਈ ਵੀ ਜੁਰਮ ਆਇਦ ਨਹੀਂ ਸਮਝਿਆ ਜਾਂਦਾ। ਸੱਯਦ ਨਿਆਜ਼ ਅਲੀ ਨਾਜ਼ਿਮ ਨੇ ਕੱਲ ਮੈਨੂੰ ਮਾਲੇਰ ਕੋਟਲਾ ਵਿਖੇ ਇਹ ਕਿਹਾ ਸੀ ਕਿ ਪਿੰਡ ਰੜ ਦੇ ਵਾਸੀ ਕੁਝ ਆਦਮੀ ਥੋੜ੍ਹੇ ਅਰਸੇ ਤੋਂ ਫ਼ਰਾਰ ਹੋ ਗਏ ਹਨ। ਭੂਪ ਸਿੰਘ ਨੰਬਰਦਾਰ ਨੇ ਉਨ੍ਹਾਂ ਦੇ ਫ਼ਰਾਰ ਹੋਣ ਦੀ ਤ੍ਰੀਕ ਉਸ ਕੋਲ ਲਿਖਾ ਦਿੱਤੀ ਹੈ। ਇਸ ’ਤੇ ਭੂਪ ਸਿੰਘ ਦੇ ਦੱਸਣ ਅਨੁਸਾਰ ਲਿਖਿਆ ਗਿਆ। ਉਸ ਨੇ ਲਿਖਾਇਆ ਕਿ ਕੁਝ ਆਦਮੀ ਆਪਣੇ ਘਰ ਤੇ ਸਮਾਨ ਵੇਚ ਕੇ (ਗੁਰੂ) ਰਾਮ ਸਿੰਘ ਦੀ ਰਿਹਾਇਸ਼ ਪਿੰਡ ਭੈਣੀ (ਸਾਹਿਬ) ਨੂੰ ਚਲੇ ਗਏ। ਮੈਨੂੰ ਇਤਲਾਹ ਸੀ ਪਰ ਉਨ੍ਹਾਂ ਨੇ ਇਤਲਾਹ ਨਹੀਂ ਦਿੱਤੀ ਅਤੇ ਮੈਨੂੰ ਇਹ ਪਤਾ ਨਹੀਂ ਹੈ ਕਿ ਉਹ ਵਾਕੱਈ ਅਜਿਹਾ ਕਰਨਗੇ। ਮੈਂ ਇਹ ਕਹਿੰਦਾ ਹਾਂ ਕਿ ਜੇ ਉਸ ਨੂੰ ਇਤਲਾਹ ਸੀ ਤਾਂ ਉਸ ਨੇ ਅਜਿਹੇ ਨਾਜ਼ੁਕ ਮਾਮਲੇ ਦੀ ਕਿਉਂ ਇਤਲਾਹ ਨਾ ਦਿੱਤੀ। ਇਸ ਬਾਰੇ ਕਿਸੇ ਨੇ ਨਹੀਂ ਦੱਸਿਆ ਕਿ ਅਜਿਹਾ ਕੀਤਾ ਜਾਂਦਾ। ?

ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਤੋਂ ਜਦੋਂ ਉਸ ਸਮੇਂ ਦਰਿਆਫ਼ਤ ਕੀਤਾ ਗਿਆ ਤਾਂ ਉਹ ਇਹ ਕਹਿੰਦੇ ਸਨ ਕਿ ਭੂਪ ਸਿੰਘ ਦੇ ਘਰੋਂ ਕੋਈ ਜ਼ਖਮੀ ਕੂਕਾ ਬਰਾਮਦ ਨਹੀਂ ਹੋਇਆ। ਨਿਰਸੰਦੇਹ ਮਹਿਤਾਬ ਸਿੰਘ ਜ਼ਿਮੀਂਦਾਰ ਦੇ ਘਰੋਂ ਕੁਝ ਕੂਕੇ ਬਰਾਮਦ ਹੋਏ ਸਨ ਜਿਨ੍ਹਾਂ ਵਿੱਚੋਂ ਜ਼ਖ਼ਮੀ ਵੀ ਸਨ। ਸੋ ਮਹਿਤਾਬ ਸਿੰਘ ਤਾਂ ਕਾਫ਼ੀ ਸਮਾਂ ਪਹਿਲਾਂ ਮਰ ਗਿਆ। ਘਰ ਓਹਦੇ ਨਾਮ ਨਾਲ ਮਸ਼ਹੂਰ ਹੈ। ਉਹਦੇ ਦੋ ਕੂਕੇ ਬੇਟੇ ਨਾਰਾਇਣ ਸਿੰਘ ਤੇ ਹੀਰਾ ਸਿੰਘ (ਮਹਿਤਾਬ ਸਿੰਘ ਦੇ ਬੇਟੇ), ਜਿਹੜੇ ਜ਼ਖ਼ਮੀ ਹੋ ਗਏ ਸਨ, ਪਰਸੋਂ ਕੋਟਲਾ ਵਿਖੇ ਤੋਪ ਨਾਲ ਉਡਾ ਦਿੱਤੇ ਗਏ ਹਨ। ਕੁਝ ਥੋੜ੍ਹਾ ਬਹੁਤਾ ਸਾਮਾਨ, ਜਿਹੜਾ ਉਨ੍ਹਾਂ ਦੇ ਘਰ ’ਚ ਸੀ, ਉਹ ਅਸੀਂ ਲੈ ਆਏ ਸਾਂ ਤੇ ਉੱਥੇ ਕੁਝ ਨਹੀਂ ਛੱਡਿਆ। ਇਸ ਗੱਲ ਦੀ ਛਾਣ-ਬੀਣ ਨਹੀਂ ਹੋਈ ਕਿ ਉਹ ਸਮਾਨ ਉਨ੍ਹਾਂ ਦਾ ਸੀ ਜਾਂ ਉਨ੍ਹਾਂ ਦੂਜੇ ਕੂਕਿਆਂ ਦਾ ਜਿਹੜੇ ਉਨ੍ਹਾਂ ਦੇ ਘਰ ’ਚ ਠਹਿਰੇ ਸਨ। ਸੋ ਉਹ ਸਾਰਾ ਸਾਮਾਨ ਕੋਟਲਾ ਦੇ ਅਹਿਲਕਾਰਾਂ ਦੇ ਸਪੁਰਦ ਹੋ ਚੁੱਕਿਆ ਹੈ ਜਿਸ ਦੀ ਰਸੀਦ ਮੈਂ ਲੈ ਲਈ ਹੈ।

ਜਿਸ ਵੇਲੇ ਮੈਂ ਮੌਕੇ ’ਤੇ ਪੁੱਜਾ ਤਾਂ ਭੂਪ ਸਿੰਘ ਆਪਣੇ ਆਪ ਮੇਰੇ ਪਾਸ ਨਹੀਂ ਆਇਆ। ਨਿਰਸੰਦੇਹ, ਜਦੋਂ ਮੈਂ ਉਸ ਨੂੰ ਬੁਲਾ ਭੇਜਿਆ ਤਾਂ ਉਹ ਪੁੱਜ ਗਿਆ। ਜੈਮਲ ਸਿੰਘ ਇਸ ਭੂਪ ਸਿੰਘ ਦਾ ਸਕਾ ਭਤੀਜਾ ਹੈ, ਜਿਸ ਨੇ ਕੂਕਿਆਂ ਦੇ ਆ ਜਾਣ ਬਾਰੇ ਘੋੜੀ ’ਤੇ ਸਵਾਰ ਹੋ ਕੇ ਤੇ ਸ਼ੇਰਪੁਰ ਮੇਰੇ ਕੋਲ ਪੁੱਜ ਕੇ ਇਤਲਾਹ ਦਿੱਤੀ ਅਤੇ ਜਿਸ ਨੂੰ ਹੁਣ ਅੰਗਰੇਜ਼ੀ ਸਰਕਾਰ ਵਲੋਂ ਦੋ ਸੌ ਰੁਪਏ ਦਾ ਇਨਾਮ ਮਿਲਿਆ ਹੈ। ਉਹ ਕਹਿੰਦਾ ਸੀ ਕਿ ਮੈਂ ਭੂਪ ਸਿੰਘ ਦਾ ਭੇਜਿਆ ਹੋਇਆ ਆਇਆ ਹਾਂ ਸ਼ਾਇਦ ਉਸ ਅਰਜ਼ੀ ਵਿੱਚ ਭੁੱਲ ਨਾਲ ਮਹਿਤਾਬ ਸਿੰਘ ਦੀ ਬਜਾਇ ਭੂਪ ਸਿੰਘ ਲਿਖਿਆ ਗਿਆ ਹੋਵੇ। ਭੂਪ ਸਿੰਘ ਨੇ ਗੱਡੇ ਤੇ ਦੋਲੇ ਇੱਕਠੇ ਕਰਵਾਏ ਜਿਨ੍ਹਾਂ ਵਿੱਚ ਕੂਕਿਆਂ ਨੂੰ ਚੰਗੀ ਤਰ੍ਹਾਂ ਲੱਦ ਕੇ ਭੇਜਿਆ ਗਿਆ। ਜੇ ਮੈਨੂੰ ਕਿਸੇ ਪ੍ਰਕਾਰ ਦਾ ਸ਼ੱਕ ਹੁੰਦਾ ਤਾਂ ਮੈਂ ਫ਼ੌਰਨ ਗ੍ਰਿਫ਼ਤਾਰ ਕਰ ਲੈਂਦਾ। ਜੇ ਇਹ ਕਿਹਾ ਜਾਵੇ ਕਿ ਇਸ ਨੇ ਕਿਉਂ ਗ੍ਰਿਫ਼ਤਾਰ ਨਾ ਕੀਤਾ ? ਤਾਂ ਇਹ ਅਜਿਹੇ ਹਾਲਾਤ ’ਚ ਕਹਿਣਾ ਜ਼ਰੂਰੀ ਨਹੀਂ ਬਣਦਾ।

# ਲੁਕਿਆ ਸੱਚ

---

ਜਿਸ ਵੇਲੇ ਆਪ ਵਲੋਂ ਜਾਇਦਾਦ ਦੀ ਕੁਰਕੀ ਦਾ ਹੁਕਮ ਮਿਲਿਆ ਹੈ, ਮਹਿਤਾਬ ਸਿੰਘ, ਜਿਸ ਦੇ ਬੇਟੇ (ਤੋਪ ਨਾਲ) ਉਡਾਏ ਗਏ, ਦੇ ਭਾਵੇਂ ਜ਼ਾਹਿਰੀ ਸਾਮਾਨ ਦਾ ਪਤਾ ਨਹੀਂ ਪਰਤੂੰ ਸ਼ਾਇਦ ਉਸ ਦੀ ਅੱਚਲ ਜਾਇਦਾਦ ਹੋਵੇ। ਸੋ ਇਸ ਵੇਲੇ ਹਜ਼ੂਰ ਦੇ ਹੁਕਮ ਦੀ ਪਾਲਣਾ ਕਰਨ ਲਈ **ਸ਼ੈਖ਼** ਬਰਕਤ ਅਲੀ ਤਹਿਸੀਲਦਾਰ ਅਮਰਗੜ੍ਹ ਨੇ ਫ਼ੌਰਨ ਤਹਿਸੀਲ ਦਾ ਮੁਹੱਰਿਰ ਤੇ ਅਮਰਗੜ੍ਹ ਦੇ ਥਾਣੇ ਦੇ ਮੁਹੱਰਿਰ ਕੰਵਰ ਸਿੰਘ ਨੂੰ ਪਿੰਡ ਰੜ ਨੂੰ ਰਵਾਨਾ ਕੀਤਾ ਹੈ ਕਿ ਉਹ ਦੋਹਾਂ ਦੀ ਜਾਇਦਾਦ ਜ਼ਬਤ ਕਰਨ। ਮੈਂ ਕੱਲ ਕੋਟਲਾ ਦੇ ਅਸਥਾਨ ਤੋਂ ਭੂਪ ਸਿੰਘ ਨੂੰ ਮਰਦਾਨਪੁਰ ਦੇ ਥਾਣੇਦਾਰ ਹੈਦਰ ਉੱਦੀਨ ਖ਼ਾਨ ਨਾਲ ਪਿੰਡ ਰੜ ਦੇ ਉਨ੍ਹਾਂ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਭੇਜਿਆ ਹੈ ਜਿਨ੍ਹਾਂ ਦੇ ਫ਼ਰਾਰ ਹੋਣ ਬਾਰੇ ਉਸ ਨੇ ਬਿਆਨ ਕੀਤਾ ਹੈ। ਉਹ ਵੀ ਜਿਸ ਸਮੇਂ ਆ ਕੇ ਹਾਜ਼ਿਰ ਹੋਇਆ ਫ਼ੌਰਨ ਉਸ ਕੋਲੋਂ ਜਵਾਬ ਮੰਗਿਆ ਜਾਵੇਗਾ। ਬਲਕਿ ਤਹਿਸੀਲਦਾਰ ਤੇ ਥਾਣੇ ਦੇ ਮੁਹੱਰਿਰ ਨੂੰ ਸਮਝਾ ਦਿੱਤਾ ਹੈ ਕਿ ਉਹ ਉਸ ਨੂੰ ਤਲਬ ਕਰਨ। ਜਿਸ ਸਮੇਂ ਭੂਪ ਸਿੰਘ ਹਾਜ਼ਿਰ ਹੋਇਆ ਉਸ ਤੋਂ ਪੁੱਛ-ਗਿੱਛ ਕੀਤੀ ਜਾਵੇਗੀ ਅਤੇ ਜੋ ਨਤੀਜਾ ਨਿਕਲਿਆ ਉਸ ਬਾਰੇ ਉਨ੍ਹਾਂ ਨੂੰ ਇਤਲਾਹ ਦੇਵਾਂਗਾ।

ਮੈਂ ਸੱਯਦ ਨਿਆਜ਼ ਅਲੀ ਨਾਲ ਕੋਟਲੇ ਤੋਂ ਅਮਰਗੜ੍ਹ ਆ ਗਿਆ ਹਾਂ। ਹਜ਼ੂਰ ਦੇ ਹੁਕਮ ਅਨੁਸਾਰ ਫ਼ੌਜ ਪਟਿਆਲਾ ਨੂੰ ਰਵਾਨਾ ਹੋ ਗਈ ਹੈ। ਸ਼ਾਇਦ ਅੱਜ ਨਾਭੇ ਆ ਜਾਵੇ। ਕਿਉਂਕਿ ਮੀਂਹ ਪੈ ਰਿਹਾ ਹੈ ਇਸ ਲਈ ਕਰਨੈਲ ਸਾਹਿਬਾਨ ਕਹਿੰਦੇ ਹਨ ਕਿ ਸਾਰਾ ਸਾਮਾਨ ਸ਼ਬਨਮ ਨਾਲ ਤਰ ਹੋ ਗਿਆ ਹੈ।

ਮਿਤੀ 20 ਜਨਵਰੀ ਸੰਨ 1872 ਈ:

ਕੋਟਲੇ ਤੋਂ 8 ਵਜੇ ਸਵੇਰੇ ਰਵਾਨਾ ਹੋਇਆ।

ਚਿੱਠੀ ਅੰਗਰੇਜ਼ੀ ਹਜ਼ੂਰ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੇ ਪੇਸ਼ ਕੀਤੀ ਗਈ ਹੈ। ਸੂਚਨਾ ਹਿਤ ਬੇਨਤੀ ਕੀਤੀ ਗਈ। ਸਲਾਮ !

ਦਾਸ
ਮੁਹੰਮਦ ਤੀਵਰ ਉੱਲ ਹੱਕ
ਵਕੀਲ ਅੰਬਾਲਾ।

ਲਿਖਤ :- 10 ਮਾਘ ਸੰਨ 1928
(21 ਜਨਵਰੀ 1872)

---

## ਰਾਏ ਨਰਾਇਣ ਸਿੰਘ ਐਕਸਟਰਾ ਅਸਿਸਟੈਂਟ ਕਮਿਸ਼ਨਰ ਲੁਧਿਆਣਾ ਹਾਲ ਨਿਯੁਕੱਤ ਮਲੇਰ ਕੋਟਲਾ ਦੇ ਇਜਲਾਸ ਦਾ ਰੋਬਕਾਰ।

ਉੱਚੀ ਸ਼ਾਨ ਵਾਲੇ ਸਾਹਿਬ ਕਮਿਸ਼ਨਰ ਬਹਾਦੁਰ ਅੰਬਾਲਾ ਦੇ ਹੁਕਮ ਅਨੁਸਾਰ ਕੂਕਿਆਂ ਦੇ ਫ਼ਿਰਕੇ ਦੀ ਤਹਿਕੀਕਾਤ ਕੀਤੀ ਜਾਂਦੀ ਹੈ ਅਤੇ ਪਤਾ ਚਲਿਆ ਹੈ ਕਿ ਜਿਹੜੇ ਕੂਕਾ ਲੋਕਾਂ ਨੇ ਮਲੌਦ ਤੇ ਕੋਟਲਾ 'ਚ ਫ਼ਸਾਦ ਕੀਤਾ ਸੀ ਉਹ ਪਿੰਡ ਰੜ ਇਲਾਕਾ ਪਟਿਆਲਾ ਦੇ ਜ਼ਿਮੀਂਦਾਰ ਤੇ ਵਸਨੀਕਾਂ ਰਾਹੀਂ ਗ੍ਰਿਫ਼ਤਾਰ ਹੋਏ ਸਨ ਇਸ ਲਈ ਗ੍ਰਿਫ਼ਤਾਰ ਕਰਵਾਉਣ ਵਾਲਿਆਂ ਤੇ ਹਾਲ ਤੋਂ ਵਾਕਿਫ਼ ਲੋਕਾਂ, ਜਿਨ੍ਹਾਂ ਨੇ ਉਪ੍ਰੋਕਤ ਕੂਕਿਆਂ ਦੀ ਸ਼ਨਾਖ਼ਤ ਕੀਤੀ ਹੈ, ਦਾ ਹਾਜ਼ਿਰ ਆਉਣਾ ਜ਼ਰੂਰੀ ਹੈ।

ਸੋ ਹੁਕਮ ਹੋਇਆ ਕਿ

ਇਸ ਰੋਬਕਾਰ ਦੀ ਨਕਲ ਮੀਰ ਨਿਆਜ਼ ਅਲੀ ਨਾਇਬ ਨਾਜ਼ਿਮ ਸਾਹਿਬ ਸ਼ੇਰਪੁਰ ਇਲਾਕਾ ਰਿਆਸਤ ਸਰਕਾਰ ਪਟਿਆਲਾ ਦੀ ਸੇਵਾ ਵਿੱਚ ਭੇਜ ਕੇ ਬੇਨਤੀ ਕੀਤੀ ਜਾਵੇ ਕਿ ਇਸ ਕੰਮ ਨੂੰ ਸਰਕਾਰ ਦਾ ਹੀ ਕੰਮ ਸਮਝ ਕੇ ਪਿੰਡ ਰੜ ਦੇ ਆਦਮੀਆਂ, ਨੰਬਰਦਾਰਾਂ, ਚੌਕੀਦਾਰਾਂ ਤੇ ਵਸਨੀਕਾਂ ਨੂੰ, ਜਿਹੜੇ ਸਾਰੇ ਹਾਲਾਤ ਤੋਂ ਜਾਣੂੰ ਹੋਣ, ਕੋਟਲਾ ਵਿਖੇ ਹਸਬ ਜ਼ਾਬਿਤਾ ਗਵਾਹਾਂ ਦੇ ਤੌਰ 'ਤੇ ਰਵਾਨਾ ਕਰ ਦੇਣ।

ਨਰਾਇਣ ਸਿੰਘ
ਐਕਸਟਰਾ ਅਸਿਸਟੈਂਟ ਕਮਿਸ਼ਨਰ,
ਲੁਧਿਆਣਾ।

ਅਸੀਂ ਜਿਸ ਵੇਲੇ ਜਾ ਕੇ ਕੂਕਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਉਸ ਵੇਲੇ ਕੋਈ ਨੰਬਰਦਾਰ ਉੱਥੇ ਮੌਜੂਦ ਨਹੀਂ ਸੀ। ਡਰਦੇ ਮਾਰੇ ਪਿੰਡ ਦੇ ਸਾਰੇ ਆਦਮੀ ਆਪਣਾ ਆਪਣਾ ਘਰ ਛੱਡ ਕੇ ਚਲੇ ਗਏ ਸਨ। ਉਸ ਤੋਂ ਮਗਰੋਂ ਭੂਪ ਸਿੰਘ ਨੰਬਰਦਾਰ ਸਾਡੇ ਬੁਲਾਉਣ ਤੇ ਹਾਜ਼ਿਰ ਹੋ ਗਿਆ ਸੀ। ਹੋਰ ਨੰਬਰਦਾਰ ਵੀ ਆ ਗਏ ਹੋਣਗੇ ਕਿਉਂਕਿ ਰੌਲਾ ਰੱਪਾ ਬਹੁਤ ਜ਼ਿਆਦਾ ਸੀ ਕੁਝ ਸ਼ਨਾਖ਼ਤ ਨਹੀਂ ਹੋਈ।

ਹੁਣ ਜਨਾਬ ਐਕਸਟਰਾ ਅਸਿਸਟੈਂਟ ਕਮਿਸ਼ਨਰ ਬਹਾਦੁਰ ਦੇ ਬੁਲਾਉਣ ਮੁਤਾਬਿਕ ਪਿੰਡ ਦੇ ਨੰਬਰਦਾਰਾਂ ਤੇ ਚੌਕੀਦਾਰ ਨੂੰ ਸਤਿਕਾਰ ਯੋਗ ਐਕਸਟਰਾ ਅਸਿਸਟੈਂਟ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਕੋਟਲਾ ਵਿਖੇ ਭੇਜ ਦੇਣਾ ਮੁਨਾਸਿਬ ਹੈ। ਜੇ ਨੰਬਰਦਾਰਾਂ ਤੇ ਚੌਕੀਦਾਰ ਨੂੰ ਪਹਿਲਾਂ ਇੱਥੇ ਬੁਲਾ ਕੇ ਮੁੜ ਕੋਟਲੇ ਨੂੰ ਰਵਾਨਾ ਕੀਤਾ ਤਾਂ ਦੇਰ ਹੋ ਜਾਵੇਗੀ। ਕਿਉਂਕਿ **ਪਿੰਡ ਰੜ ਕੋਟਲੇ ਦੇ ਰਾਹ 'ਚ ਪੈਂਦਾ ਹੈ**, ਇਸ ਲਈ ਥਾਣੇਦਾਰ ਸ਼ੇਰਪੁਰ ਨੂੰ ਕਿਹਾ ਜਾਵੇ ਕਿ ਉਹ ਨੰਬਰਦਾਰਾਂ ਤੇ ਚੌਕੀਦਾਰ ਨੂੰ ਆਪਣੇ ਨਾਲ ਉੱਥੋਂ ਹੀ ਕੋਟਲੇ ਨੂੰ ਰਵਾਨਾ ਕਰ ਦੇਵੇ।

ਸੋ ਹੁਕਮ ਹੋਇਆ ਕਿ

ਥਾਣੇਦਾਰ ਦੇ ਨਾਮ ਪਰਵਾਨਾ ਲਿਖਿਆ ਜਾਵੇ ਕਿ ਉਹ ਛੇਤੀ ਨਾਲ ਤਾਮੀਲ ਕਰੇ ਅਤੇ ਅਸਲ ਰੋਬਕਾਰ ਇਤਲਾਹ ਵਜੋਂ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨੇ ਨੂੰ ਭੇਜ ਦਿੱਤੀ ਜਾਵੇ।

21 ਮਾਘ 1928 ਮੁਤਾਬਿਕ
1 ਫਰਵਰੀ 1872 ਈ:

# ਮਲੌਦ ਤੇ ਮਲੇਰਕੋਟਲਾ ਦੀ ਵਾਰਦਾਤ ਸੰਬੰਧੀ ਕੂਕਿਆਂ ਦੀ ਗ੍ਰਿਫ਼ਤਾਰੀ ਦੇ ਕੇਸ

ਸਤਿਕਾਰ ਯੋਗ ਜਨਾਬ ਖ਼ਲੀਫ਼ਾ ਮੀਰ ਮੁਹੰਮਦ ਹੁਸੈਨ ਸਾਹਿਬ ਮੀਰ ਮੁਨਸ਼ੀ,

ਆਦਾਬ,

ਇੱਕ ਰੋਬਕਾਰ ਰਾਏ ਨਰਾਇਣ ਸਿੰਘ ਐਕਸਟਰਾ ਅਸਿਸਟੈਂਟ ਕਮਿਸ਼ਨਰ ਲੁਧਿਆਣਾ, ਜਿਹੜੇ ਇਸ ਵੇਲੇ ਮਾਲੇਰ ਕੋਟਲਾ ਵਿਖੇ ਨਿਯੁੱਕਤ ਹਨ, ਦਾ ਮੇਰੇ ਪਾਸ ਪੁੱਜਾ ਜਿਸ ਰਾਹੀਂ ਉਨ੍ਹਾਂ ਨੇ ਕੂਕਿਆਂ ਦੀ ਗ੍ਰਿਫ਼ਤਾਰੀ ਦੇ ਮਾਮਲੇ ਤੋਂ ਵਾਕਿਫ਼ ਪਿੰਡ ਰੜ ਦੇ ਨੰਬਰਦਾਰਾਂ ਤੇ ਚੌਂਕੀਦਾਰਾਂ ਨੂੰ ਬੁਲਾਇਆ ਹੈ।

**ਥਾਣੇਦਾਰ ਸ਼ੇਰਪੁਰ ਨੂੰ ਉਸੇ ਵੇਲੇ ਪਿੰਡ ਰੜ ਨੂੰ ਰਵਾਨਾ ਕਰ ਦਿੱਤਾ ਸੀ ਕਿ ਉਹ ਪਿੰਡ ਰੜ ਦੇ ਨੰਬਰਦਾਰਾਂ ਨੂੰ ਕੋਟਲਾ ਨੂੰ ਰਵਾਨਾ ਕਰ ਆਵੇ।** ਸੋ ਥਾਣੇਦਾਰ ਵਾਪਸ ਆਇਆ ਤੇ ਨੰਬਰਦਾਰ ਤੇ ਚੌਂਕੀਦਾਰ ਕੋਟਲਾ ਨੂੰ ਰਵਾਨਾ ਹੋ ਚੁੱਕੇ ਹਨ।

ਇਸ ਰੋਬਕਾਰ ਦੀ ਨਕਲ ਰੱਖ ਕੇ ਅਸਲ ਰੋਬਕਾਰ ਸੂਚਨਾ ਹਿਤ ਤੁਹਾਡੀ ਸੇਵਾ 'ਚ ਭੇਜ ਰਿਹਾ ਹਾਂ। ਨੰਬਰਦਾਰਾਂ ਤੇ ਚੌਂਕੀਦਾਰ ਦੇ ਵਾਪਸ ਆਉਣ 'ਤੇ ਜਿਹੜਾ ਕੁਝ ਉਹ ਹਾਲ ਦੱਸਣਗੇ ਉਸ ਤੋਂ ਜਾਣੂੰ ਹੋ ਕੇ ਹਜ਼ੂਰ ਨੂੰ ਅਰਜ਼ ਕਰ ਦਿਆਂਗਾ।

ਦਾਸ
ਨਿਆਜ਼ ਅਲੀ,
ਨਾਇਬ ਨਾਜ਼ਿਮ ਅਮਰਗੜ੍ਹ।

22 ਮਾਘ 1928 ਮੁਤਾਬਿਕ 2 ਫਰਵਰੀ 1872 ਈ:
ਮੁਕਾਮ ਸ਼ੇਰਪੁਰ ਤੋਂ

## ਹੁਕਮ ਹੋਇਆ ਕਿ

ਇਸ ਦੀ ਨਕਲ ਵਕੀਲ ਲੁਧਿਆਣਾ ਨੂੰ ਭੇਜ ਦਿੱਤੀ ਜਾਵੇ ਅਤੇ ਨਾਇਬ ਨਾਜ਼ਿਮ ਦੇ ਨਾਮ ਜਵਾਬ ਦੇ ਤੌਰ 'ਤੇ ਲਿਖਿਆ ਗਿਆ ਹੈ ਕਿ ਨੰਬਰਦਾਰਾਂ ਤੇ ਚੌਂਕੀਦਾਰਾਂ ਨੂੰ ਇੱਕਲਿਆਂ ਨਹੀਂ ਭੇਜਣਾ ਚਾਹੀਦਾ ਬਲਕਿ ਥਾਣੇਦਾਰ ਨੂੰ ਹਦਾਇਤ ਕਰ ਦਿਓ ਕਿ ਥਾਣੇਦਾਰ ਤਹਿਕੀਕਾਤ ਹੋਣ ਤੱਕ ਨਰਾਇਣ ਸਾਹਿਬ ਐਕਸਟਰਾ ਅਸਿਸਟੈਂਟ ਕਮਿਸ਼ਨਰ ਕੋਲ ਕੋਟਲਾ ਵਿਖੇ ਹਾਜ਼ਿਰ ਰਹਿ ਕੇ ਉਨ੍ਹਾਂ ਦੀ ਇਮਦਾਦ ਕਰੇ।

3 ਫਰਵਰੀ 1872 ਈ:

---

## ਪਰਚਾ ਅਲੈਹਿਦਾ

ਹਜ਼ੂਰ ਦਾ ਪਰਚਾ ਤੇ ਖ਼ਤ ਮਿਤੀ 3 ਫਰਵਰੀ 1872 ਜਾਰੀ ਹੋਇਆ। ਰੜ੍ਹ ਦੇ ਨੰਬਰਦਾਰਾਂ ਦੇ ਨਾਲ ਥਾਣੇਦਾਰ ਦਾ ਜਾਣਾ ਨਿਰਸੰਦੇਹ ਮੁਨਾਸਿਬ ਸੀ ਤੇ ਆਪਣਾ ਅਹਿਲਕਾਰ ਜ਼ਰੂਰ ਨਾਲ ਭੇਜਣਾ ਚਾਹੀਦਾ ਸੀ। ਕੋਟਲਾ ਦੇ ਅਹਿਲਕਾਰਾਂ ਦਾ ਹਾਲ ਅਨੋਖਾ ਹੈ ਤੇ ਅੱਜ ਕੱਲ੍ਹ ਦਰਬਾਰੀ ਸ਼ਰਮ ਵਿੱਚ ਡੁੱਬੇ ਹੋਏ ਹਨ ਇਸ ਵਾਸਤੇ ਇਹ ਸਮਝਣਾ ਕਿ ਇਹ ਲੋਕ ਆਪ ਹਾਲ ਜਨਾਬ ਐਕਸਟਰਾ ਅਸਿਸਟੈਂਟ ਕਮਿਸ਼ਨਰ ਬਹਾਦੁਰ ਨੂੰ ਕਹਿਣਗੇ ਕਿ ਪਟਿਆਲਾ ਵਾਲਿਆਂ ਨੇ ਥਾਣੇਦਾਰ ਨੂੰ ਉਨ੍ਹਾਂ ਦੀ ਮਦਦ ਕਰਨ ਵਾਸਤੇ ਭੇਜਿਆ ਹੈ। ਥਾਣੇਦਾਰ ਜੋ ਕਹੇਗਾ ਉਹ ਇਹ ਲਿਖਾਵੇਗਾ ਕਿ ਕੋਟਲਾ ਵਾਲੇ ਆਪਣੇ ਦਿਲ ਵਿੱਚ ਪਹਿਲਾਂ ਤੋਂ ਹੀ ਧਾਰੀ ਬੈਠੇ ਹਨ ਕਿ ਪਹਿਲਾਂ ਪਿੰਡ ਰੜ੍ਹ ਵਿੱਚ ਕੂਕਿਆਂ ਨੇ ਇੱਕਠੇ ਹੋ ਕੇ ਕੋਟਲਾ ਤੇ ਮਲੌਦ ’ਤੇ ਹਮਲਾ ਕਰਨ ਦੀ ਸਲਾਹ ਬਣਾਈ ਸੀ। ਫਿਰ ਇਹ ਲੋਕ ਵਾਰਦਾਤ ਕਰਨ ਮਗਰੋਂ ਆਪਣੇ ਠਿਕਾਣੇ ’ਤੇ ਪੁੱਜੇ ਸਨ ਉੱਤਮ ਸਿੰਘ ਥਾਣੇਦਾਰ ਨੂੰ ਜਦੋਂ ਪਿੰਡ ਰੜ੍ਹ ਭੇਜਿਆ ਤਾਂ ਦੋ ਚਾਰ ਗੱਲਾਂ ਦੀ ਤਸੱਲੀ ਕਰ ਦਿੱਤੀ ਸੀ ਕਿ ਉਹ ਨੰਬਰਦਾਰਾਂ ਨੂੰ ਸਮਝਾ ਦੇਵੇ ਕਿ ਇਹ ਬਿਆਨ ਕਰਨ ਕਿ ਸਾਡੇ ਪਿੰਡ ਵਿੱਚ ਬਾਹਿਰਲੇ ਕੂਕਿਆਂ ਦਾ ਆਉਣ ਜਾਣ ਵੇਖਿਆ ਹੈ ਦੂਜੀ ਗੱਲ ਇਹ ਕਿ ਵਾਰਦਾਤ ਕਰਨ ਉਪ੍ਰੰਤ ਜਿਹੜੇ ਕੂਕੇ ਸਾਡੇ ਪਿੰਡ ਗਏ ਉਹ ਮਹਿਤਾਬ ਸਿੰਘ ਦੇ ਬੇਟੇ ਤੇ ਇੱਕ ਦੋ ਹੋਰ ਆਦਮੀ ਹੀ ਸਨ ਤੇ ਹੋਰ ਕੋਈ ਕੂਕਾ ਸਾਡੇ ਪਿੰਡ ਨਹੀਂ ਗਿਆ। ਤੀਸਰੀ ਗੱਲ ਇਹ ਕਿ ਸਾਡੇ ਪਿੰਡ ਵਿੱਚ ਕੋਈ ਨੰਬਰਦਾਰ ਕੂਕਾ ਨਹੀਂ। ਚੌਥੀ ਗੱਲ ਦਰਿਆਫ਼ਤ ਕਰਨ ਸਮੇਂ ਇਹ ਕਹਿਣ ਕਿ ਭਾਵੇਂ ਹੀਰਾ ਸਿੰਘ ਤੇ ਲਹਿਣਾ ਸਿੰਘ ਸਕਰੌਦੀ ਵਾਲੇ ਇਨ੍ਹਾਂ ਲੋਕਾਂ ਵਿੱਚ ਬੜੇ ਅੱਵਲ ਦਰਜੇ ਦੇ ਫ਼ਸਾਦੀ ਹਨ ਪਰ ਇਨ੍ਹਾਂ ਦਾ ਜਥੇਦਾਰ, ਗੁਰਮੁਖ ਸਿੰਘ ਨੰਬਰਦਾਰ ਫ਼ਰਵਾਹੀ ਕੋਟਲੇ ਦੇ ਇਲਾਕੇ ਦਾ ਰਹਿਣ ਵਾਲਾ ਸੀ। ਜਦੋਂ ਕੂਕੇ ਗ੍ਰਿਫ਼ਤਾਰ ਕੀਤੇ ਸਨ, ਉਹ ਬੜੇ ਫ਼ਖ਼ਰ ਨਾਲ ਕਹਿੰਦਾ ਸੀ ਕਿ ਕੋਟਲੇ ਦੀ ਰਿਆਸਤ ਮੇਰੇ ਨਸੀਬ ਵਿੱਚ ਨਹੀਂ ਹੈ। ਪੰਜਵੀਂ ਗੱਲ ਇਹ ਕਿ ਮੂੰਹ ’ਚੋਂ ਕੋਈ ਸ਼ਬਦ ਅਜਿਹਾ ਨਾ ਕੱਢਿਆ ਜਾਵੇ ਜਿਸ ਨਾਲ ਆਪਣੇ ਇਲਾਕੇ ’ਤੇ ਕੋਈ ਇਲਜ਼ਾਮ ਲੱਗੇ ਤੇ ਚੌਕੰਨੇ ਰਹਿ ਕੇ ਜਵਾਬ ਦੇਣਾ।

ਅੱਜ ਨੰਬਰਦਾਰ ਵਾਪਸ ਆਏ ਅਰਥਾਤ ਭੂਪ ਸਿੰਘ, ਅਤਰ ਸਿੰਘ ਤੇ ਸ਼ਾਮ ਸਿੰਘ। ਇਨ੍ਹਾਂ ਦਾ ਬਿਆਨ ਹੈ ਕਿ ਜਿਸ ਦਿਨ ਅਸੀਂ ਗਏ ਸ਼ਾਮ ਹੋ ਗਈ ਸੀ। ਉਸ ਵੇਲੇ ਤਾਂ ਡਿਪਟੀ ਸਾਹਿਬ ਨੇ ਫ਼ਰਮਾਇਆ ਕਿ ਇਸ ਵੇਲੇ ਕੁਝ ਨਹੀਂ ਹੋ ਸਕਦਾ, ਤੁਹਾਨੂੰ ਕੱਲ੍ਹ ਨੂੰ ਬੁਲਾਵਾਂਗੇ। ਸਾਨੂੰ ਅਗਲੇ ਦਿਨ ਬੁਲਾਇਆ ਤੇ ਦਰਿਆਫ਼ਤ ਕੀਤਾ ਕਿ ਤੁਸੀਂ ਕੂਕਿਆਂ ਦੀ ਗ੍ਰਿਫ਼ਤਾਰੀ ਵਿੱਚ ਕੀ ਕੀ ਮਦਦ ਦਿੱਤੀ ? ਤੇ ਕਿਸ ਵੇਲੇ ਕੂਕੇ ਤੁਹਾਡੇ ਪਿੰਡ ਪੁੱਜੇ, ਤੁਸੀਂ ਉਨ੍ਹਾਂ ਦਾ ਡੇਰਾ ਕਿੱਥੇ ਕਰਵਾਇਆ ਤੇ ਕਿਸ ਕਦਰ ਜ਼ਿਆਦਾ ਦਲ ਆਇਆ ਹੋਵੇਗਾ। ਜਦੋਂ ਕੂਕੇ ਆਏ ਪਿੰਡ ਵਿੱਚ ਪਤਾ ਲੱਗਿਆ ਕਿ ਸੈਂਕੜੇ ਕੂਕੇ ਖ਼ੂਨ ਨਾਲ ਲੱਥ ਪੱਥ ਹਥਿਆਰਾਂ ਸਮੇਤ ਬਾਹਰ ਇੱਕਠੇ ਹਨ। ਇਹ ਖਬਰ ਸੁਣ ਕੇ ਇੱਕ ਜੀਅ ਵੀ ਪਿੰਡ ਵਿਚ ਨਾ ਰਿਹਾ।

ਅਸੀਂ ਆਪਣੀ ਚਿੱਠੀ ਲਿਖ ਕੇ ਤੇ ਆਦਮੀ ਨੂੰ ਘੋੜੇ ’ਤੇ ਚੜ੍ਹਾ ਕੇ ਖ਼ਬਰ ਦੇਣ ਵਾਸਤੇ ਸ਼ੇਰਪੁਰ ਭੇਜਿਆ। ਨਾਇਬ ਨਾਜ਼ਿਮ ਸਾਹਿਬ ਵੀ ਉੱਥੇ ਆਏ ਹੋਏ ਸਨ। ਉਹ ਤਿੰਨ ਚਾਰ ਸਵਾਰਾਂ ਸਮੇਤ ਫ਼ੌਰਨ ਮੌਕੇ ’ਤੇ ਪੁੱਜ ਗਏ। ਪਹਿਲਾਂ ਕੂਕਿਆਂ ਤੋਂ ਹਥਿਆਰ ਲੈ ਲਏ ਤੇ ਮਗਰੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਸ਼ੇਰਪੁਰ ਲੈ ਗਏ। ਨਾਇਬ ਸਾਹਿਬ ਦੀ ਕੂਕਿਆਂ ਨੂੰ ਲੈ ਕੇ ਆਉਣ ਦੀ ਖ਼ਬਰ ਸੁਣ ਕੇ ਅਸੀਂ ਵੀ ਉੱਥੇ ਪੁੱਜ ਗਏ। ਓਸ ਹਾਲ ਵਿੱਚ ਜਿਹੜੇ ਗੱਡੇ ਤੇ ਮੰਜੇ ਆਦਿ ਸਾਡੇ ਕੋਲੋਂ ਮੰਗੇ ਗਏ, ਅਸੀਂ ਉਪਲਭਦ ਕਰ ਦਿੱਤੇ। ਇਸ ’ਤੇ ਡਿਪਟੀ ਸਾਹਿਬ ਨੇ ਕਿਹਾ ਕਿ ਤੁਸੀਂ ਨਾਇਬ ਸਾਹਿਬ ਦੇ ਪੁੱਜਣ ਤੋਂ ਪਹਿਲਾਂ ਕੂਕਿਆਂ ਨੂੰ ਗ੍ਰਿਫ਼ਤਾਰ ਕਿਉਂ ਨਾ ਕੀਤਾ। ਇਸ ਬਾਰੇ ਅਸੀਂ ਇਹ ਕਿਹਾ ਕਿ ਦੋ ਰਿਆਸਤਾਂ ਤੋਂ ਤਾਂ ਇਹ ਗ੍ਰਿਫ਼ਤਾਰ ਨਾ ਕੀਤੇ ਗਏ ਅਸੀਂ ਗ਼ਰੀਬ ਜ਼ਿਮੀਂਦਾਰ ਇਨ੍ਹਾਂ ਨੂੰ ਕਿਵੇਂ ਗ੍ਰਿਫ਼ਤਾਰ ਕਰ ਸਕਦੇ ਸੀ। ਇਸ ਤੋਂ ਮਗਰੋਂ ਸਾਥੋਂ ਇਹ ਦਰਿਆਫ਼ਤ ਕੀਤਾ ਕਿ ਖ਼ੈਰ ਇਹ ਤਾਂ ਹੋਇਆ, ਹੁਣ ਤੁਸੀਂ ਇਹ ਬਿਆਨ ਕਰੋ ਕਿ ਕੂਕੇ ਇਹ ਕਿਹਾ ਕਰਦੇ ਸਨ ਕਿ “ਅਸੀਂ ਦਿੱਲੀ ਦਾ ਤਖ਼ਤ ਲਵਾਂਗੇ।” ਅਸੀਂ ਕਿਹਾ ਕਿ ਸਾਨੂੰ ਇਸ ਗੱਲ ਦਾ ਕੋਈ ਪਤਾ ਨਹੀਂ ਪਰ ਕੂਕਾ ਲੋਕਾਂ ਦੀ ਨੀਅਤ ਤਾਂ ਵਾਹੀਅਤ (ਫ਼ਜ਼ੂਲ) ਹੈ ਤੇ ਨੇੜ ਦ੍ਰਿਸ਼ਟ ਵਾਲੀਆਂ ਗੱਲਾਂ ਕਰਦੇ ਹਨ।

# ਲੁਕਿਆ ਸੱਚ

---

**ਫਿਰ ਪੁੱਛਿਆ ਕਿ ਤੁਹਾਡੇ ਪਿੰਡ ਵਿੱਚ ਕਿੰਨੇ ਕੂਕੇ ਹਨ ? ਅਸੀਂ ਕਿਹਾ ਕਿ ਸਾਡੇ ਪਿੰਡ ਦੇ ਚਾਰ ਪੰਜ ਲੁਹਾਰ ਕੂਕੇ ਹੋ ਗਏ ਸਨ ਜਿਹੜੇ ਕੋਟਲਾ ਵਿਖੇ ਤੋਪ ਨਾਲ ਉਡਾ ਦਿੱਤੇ ਗਏ। ਸਾਡੇ ਪਿੰਡ ਵਿੱਚ ਕੂਕਿਆਂ ਦਾ ਕੋਈ ਆਗੂ ਨਹੀਂ ਸੀ।** ਇਹ ਸੁਣ ਕੇ ਡਿਪਟੀ ਸਾਹਿਬ ਕੁਝ ਗੁੱਸੇ ਹੋਏ ਸਨ।

ਫਿਰ ਚੌਕੀਦਾਰ ਨੂੰ ਪੁੱਛਣ ਲੱਗੇ ਕਿ ਤੂੰ ਉਸ ਵੇਲੇ ਕਿੱਥੇ ਸੀ ? ਚੌਕੀਦਾਰ ਨੇ ਬਿਆਨ ਕਰ ਦਿੱਤਾ ਕਿ ਮੈਂ ਉਸ ਵੇਲੇ ਪਿੰਡ ਵਿੱਚ ਹੀ ਸੀ ਤੇ ਰਪਟ ਦੇਣ ਵਾਸਤੇ ਨੰਬਰਦਾਰ ਦਾ ਭਤੀਜਾ ਘੋੜੇ 'ਤੇ ਚੜ੍ਹ ਕੇ ਗਿਆ ਸੀ।

ਇਹ ਹਾਲ ਸੀ ਜਿਹੜਾ ਨੰਬਰਦਾਰਾਂ ਦੀ ਜ਼ਬਾਨੀ ਅਰਜ਼ ਕੀਤਾ ਗਿਆ। ਨੰਬਰਦਾਰਾਂ ਨੇ ਅਜਿਹਾ ਹੀ ਲਿਖਵਾਇਆ ਹੋਵੇਗਾ ਤੇ ਉਹ ਘੱਟ ਵੱਧ ਕੀ ਲਿਖਵਾਉਂਦੇ। ਅਸਲ ਵਿੱਚ ਨੰਬਰਦਾਰਾਂ ਨੇ ਕੂਕਿਆਂ ਦੇ ਫ਼ਸਾਦ ਦੀ ਖ਼ਬਰ ਸੁਣੀ ਹੋਈ ਸੀ ਤੇ ਇਸ ਦੇ ਵਿੱਚ ਸ਼ੱਕ ਵੀ ਨਹੀਂ ਕਿ **ਇਸ ਪਿੰਡ ਰੜ੍ਹ ਵਿੱਚ ਕੋਈ ਕੂਕਾ 'ਸੂਬਾ' ਜਾਂ 'ਜਥੇਦਾਰ' ਨਹੀਂ ਸੀ। ਤਿੰਨ ਚਾਰ ਲੁਹਾਰ ਕੂਕੇ ਸਨ, ਮਹਿਤਾਬ ਸਿੰਘ ਜ਼ਮੀਂਦਾਰ ਕੂਕਾ ਸੀ ਜਿਹੜੇ ਸਵਾਰਾਂ ਵਜੋਂ ਸਰਕਾਰ ਦੇ ਮੁਲਾਜ਼ਿਮ ਸਨ।**

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਟੱਪਣ ਸਮਾਨ ਹੈ,

ਹਜ਼ੂਰ ਨੂੰ ਇਹ ਪ੍ਰਤੱਖ ਹੋਵੇ ਕਿ ਇਹ ਨੰਬਰਦਾਰਾਂ ਦੀ ਜ਼ਬਾਨੀ ਦਰਿਆਫ਼ਤ ਕਰਨ ਮਗਰੋਂ ਲਿਖਿਆ ਗਿਆ ਹੈ। ਨੰਬਰਦਾਰ ਇਹ ਵੀ ਕਹਿੰਦੇ ਸਨ ਕਿ ਡਿਪਟੀ ਸਾਹਿਬ ਨੇ ਸਾਥੋਂ ਪੁੱਛਿਆ ਸੀ ਕਿ ਹੁਣ ਤੁਹਾਡੇ ਪਿੰਡ ਵਿੱਚ ਕਿੰਨੇ ਕੂਕੇ ਹਨ ਤੇ ਅਸੀਂ ਕਿਹਾ ਸੀ ਕਿ ਤਿੰਨ ਚਾਰ ਤੋਂ ਵੱਧ ਨਹੀਂ ਬਲਕਿ ਸਾਡੇ ਤਿੰਨ ਆਦਮੀ ਹਨ।

4 ਫਰਵਰੀ 1872.

ਨਾਜਿਮ ਅਨਾਹਤਗੜ੍ਹ।

------------------------------------------------------------

# 11 . ਮਲੇਰ ਕੋਟਲਾ ਸਾਕੇ ਮਗਰੋਂ ਬੇਲਾ ਸਿੰਘ ਕੂਕਾ ਅਨੁਸਾਰ ਕੂਕਿਆਂ ਦੀ ਪਲੈਨਿੰਗ

ਸ੍ਰੀ ਮਾਨ ਜੀ,

ਦਾਸ ਨੇ ਕੱਲ੍ਹ ਨਰਾਇਣ ਸਿੰਘ ਐਕਸਟਰਾ ਅਸਿਸਟੈਂਟ ਕਮਿਸ਼ਨਰ ਤੇ ਲਹਿਣਾ ਸਿੰਘ ਤਹਿਸੀਲਦਾਰ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨਾਲ ਜਿਹੜੀ ਗੁਫ਼ਤਗੂ ਹੋਈ ਉਹ ਇਸ ਤਰ੍ਹਾਂ ਹੈ :-

ਉਨ੍ਹਾਂ ਨੇ ਫ਼ਰਮਾਇਆ ਕਿ "ਸਾਨੂੰ ਆਪਣੀਆਂ ਜਾਨਾਂ ਦਾ ਹੱਦੋਂ ਵੱਧ ਡਰ ਪੈ ਰਿਹਾ ਹੈ ਕਿਉਂਕਿ ਜਾਨਾਂ ਦਾ ਬਚਣਾ ਅਤੀ ਕਠਿਨ ਹੈ।"

ਦਾਸ ਨੇ ਕਿਹਾ "ਤੁਸੀਂ ਬਿਆਨ ਤਾਂ ਕਰੋ ਕਿ ਹੋਇਆ ਕੀ ਹੈ?"ਉਸ ਵੇਲੇ ਦੋਹਾਂ ਸਾਹਿਬਾਨ ਨੇ ਬਿਆਨ ਕੀਤਾ ਕਿ "ਅਸੀਂ ਤਹਿਸੀਲ ਦੇ ਕਮਰੇ 'ਚ ਬੈਠੇ ਸੀ। ਉੱਥੇ ਬੇਲਾ ਸਿੰਘ ਕੂਕਾ ਨੰਬਰਦਾਰ ਪਿੰਡ ਮੁੰਡੀਆਂ ਇਲਾਕਾ ਲੁਧਿਆਣਾ ਆ ਗਿਆ। ਉਹ ਮੈਨੂੰ (ਯਾਨੀ ਲਹਿਣਾ ਸਿੰਘ ਤਹਿਸੀਲਦਾਰ ਨੂੰ) ਜਾਣਦਾ ਸੀ ਅਤੇ ਸਰਦਾਰ ਨਰਾਇਣ ਸਿੰਘ ਤੋਂ ਨਾ ਵਾਕਿਫ਼ ਸੀ। ਉਹ ਗੱਲਾਂ ਕਰਦਾ ਕਹਿਣ ਲੱਗਿਆ ਕਿ

"ਸਾਡੇ ਸਤਿਗੁਰੂ ਨੂੰ ਨਰਾਇਣ ਸਿੰਘ ਨੇ ਕੈਦ ਕਰਵਾਇਆ ਹੈ ਅਤੇ ਪਟਿਆਲੇ ਦੇ ਅਹਿਲਕਾਰਾਂ ਨੇ ਬਹੁਤੇ ਆਦਮੀਆਂ ਨੂੰ ਫ਼ਾਂਸੀ ਦਿਵਾਈ ਤੇ ਤੋਪ ਨਾਲ ਉਡਵਾਇਆ। ਹੁਣ ਤੁਸੀਂ ਦੋ ਤਿੰਨ ਦਿਨਾਂ 'ਚ ਵੇਖਣਾ ਕਿ ਨਰਾਇਣ ਸਿੰਘ ਦਾ ਸਿਰ ਧੜ ਨਾਲੋਂ ਜੁਦਾ ਹੋਵੇਗਾ, ਲਾਸ਼ ਇੱਥੇ ਹੀ ਪਈ ਰਹੇਗੀ ਤੇ ਸਿਰ ਦਾ ਪਤਾ ਨਹੀਂ ਲੱਗੇਗਾ। ਜਿੰਨ੍ਹੇ ਲੋਕ ਆਉਣਗੇ, ਉਹ ਮਰੇ ਮਾਰੇ ਬਿਨਾਂ ਲੁਧਿਆਣਿਓਂ ਨਹੀਂ ਜਾਣਗੇ। ਜਿੰਨ੍ਹੇ ਲੋਕਾਂ ਨੇ ਸਾਨੂੰ ਤਬਾਹ ਕਰਨ ਵਿੱਚ ਵਾਹ ਲਾਈ ਤੇ ਇਨਾਮ ਪ੍ਰਾਪਤ ਕੀਤੇ ਹਨ; ਉਨ੍ਹਾਂ ਸਾਰਿਆਂ ਨਾਲ ਇੱਕੋ ਦਿਨ ਜਿਹੜੀ ਹੋਵੇਗੀ ਤੁਸੀਂ ਵੇਖੋਗੇ। **ਅਸੀਂ ਮਾਲਵੇ ਭਾਵ ਹੰਢਿਆਇਆ ਆਦਿ ਦੇ ਆਲੇ ਦੁਆਲੇ ਦੇ ਤੇ ਅੰਮ੍ਰਿਤਸਰ ਦੇ ਇਲਾਕੇ ਦੇ, ਪਿੰਡ ਸੀਲੋਂਵਾਲੀ ਆਦਿ ਥਾਣਾ ਲੁਧਿਆਣਾ ਤੇ ਸਾਹਨੇਵਾਲ ਆਦਿ ਦੇ ਕੂਕੇ ਇੱਕਠੇ ਕਰਨ ਦੀ ਸਲਾਹ ਬਣਾ ਲਈ ਹੈ। ਉਨ੍ਹਾਂ ਸਾਰੇ ਥਾਵਾਂ 'ਤੇ ਇੱਕੋ ਸਮੇਂ ਵਾਰਦਾਤ ਹੋਵੇਗੀ ਜਿੱਥੇ ਜਿੱਥੇ ਸਾਡੇ ਦੁਸ਼ਮਣ ਹਨ ਅਤੇ ਅਸੀਂ ਪਹਿਲਾਂ ਵਾਂਗ ਕਿਸੇ ਦੇ ਹੱਥ ਨਾ ਲੱਗਾਂਗੇ ਕਿ ਖ਼ਾਹ ਮਖ਼ਾਹ ਕੈਦ ਹੋ ਕੇ ਫ਼ਾਂਸੀ ਲਟਕੀਏ ਜਾਂ ਤੋਪ ਦੇ ਸਾਹਮਣੇ ਉਡੀਏ।"**

ਸਰਦਾਰ ਨਰਾਇਣ ਸਿੰਘ ਨੇ ਬੇਲਾ ਸਿੰਘ ਦੀ ਜ਼ਬਾਨੀ ਇਹ ਹਾਲ ਸੁਣ ਕੇ, ਕੇਵਲ ਇੱਕ ਰਿਪੋਰਟ ਆਪਣੇ ਹਾਲ ਬਾਰੇ ਕਮਿਸ਼ਨਰ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਕਰਾਈ ਅਤੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਜ਼ਬਾਨੀ ਅਰਜ਼ ਕੀਤਾ ਕਿ ਅਸੀਂ ਆਪਣੀ ਜਾਨ ਦੀ ਹੱਦੋਂ ਵੱਧ ਰਾਖੀ ਕਰ ਰਹੇ ਹਾਂ।

ਸੋ ਇਤਲਾਹ ਵਜੋਂ ਬੇਨਤੀ ਹੈ ਕਿ ਇਸ ਬਿਨੈ-ਪੱਤਰ ਦੀ ਇੱਕ ਇੱਕ ਨਕਲ ਮੀਰ ਨਿਆਜ਼ ਅਲੀ ਸਾਹਿਬ ਆਦਿ ਅਹਿਲਕਾਰਾਂ, ਜਿਹੜੇ ਉਸ ਮੌਕੇ 'ਤੇ ਸਨ, ਨੂੰ ਭੇਜ ਦਿੱਤੀ ਜਾਵੇ ਕਿ ਉਹ ਆਪਣੀਆਂ ਜਾਨਾਂ ਦੀ ਹਿਫ਼ਾਜ਼ਤ ਰੱਖਣ।

ਬੇਲਾ ਸਿੰਘ ਇਹ ਵੀ ਕਹਿੰਦਾ ਸੀ ਕਿ " ਇਸ ਵਾਰ ਤਾਂ ਬਹੁਤ ਭਾਰੀ ਇੱਕਠ ਹੋ ਕੇ ਅਜਿਹਾ ਵੱਡਾ ਘੱਲੂਘਾਰਾ ਹੋਵੇਗਾ ਕਿ ਸਾਰੀ ਦੁਨੀਆਂ ਵੇਖੇਗੀ।"

* ਸਾਹਨੇਵਾਲ ਦਾ ਪਹਿਲਾ ਨਾਂ ਸਨੇਹਵਾਲ ਸੀ

## ਲੁਕਿਆ ਸੱਚ

---

ਹਜ਼ੂਰ ਨੂੰ ਇਹ ਗੱਲ ਪ੍ਰਤੱਖ ਹੋਵੇ ਕਿ ਇਹ ਕੂਕਾ ਲੋਕ ਨੇੜ-ਦ੍ਰਿਸ਼ਟ ਹਨ, ਮਰਨ ਤੋਂ ਨਹੀਂ ਡਰਦੇ ਤੇ ਆਪਣੀਆਂ ਜਾਨਾਂ ਨੂੰ ਪਿਆਰੀਆਂ ਨਹੀਂ ਸਮਝਦੇ ਹਨ। ਜਿਹੜੇ ਕੂਕੇ ਫ਼ਾਂਸੀ ਚੜ੍ਹੇ ਤੇ ਤੋਪ ਨਾਲ ਉਡਾਏ ਗਏ ਉਹ ਸਾਰੇ ਐਹੋ ਜਿਹੀਆਂ ਗੱਲਾਂ ਹੀ ਕਰਦੇ ਹੁੰਦੇ ਸਨ ਜਿਹੜੀਆਂ ਉਨ੍ਹਾਂ ਦੇ ਮਰਨ ਉਪ੍ਰੰਤ ਵਾਪਰੀਆਂ। ਬੇਗੁਨਾਹ ਗ਼ਰੀਬ ਲੋਕ ਉਨ੍ਹਾਂ ਦੇ ਹੱਥੋਂ ਮਾਰੇ ਗਏ। ਕੂਕੇ ਲੋਕ ਆਪਣੀ ਮੌਤ ਨੂੰ ਇੱਕ ਫ਼ਖ਼ਰ ਸਮਝਦੇ ਹਨ। ਹੁਣ ਵੀ ਉਨ੍ਹਾਂ ਤੋਂ ਉਹੋ ਉਮੀਦ ਹੈ ਜੋ ਉਹ ਕਹਿੰਦੇ ਹਨ। ਸਾਰੇ ਇਲਾਕਿਆਂ ਵਿੱਚ ਨਾਜ਼ਿਮਾਂ, ਨਾਇਬ ਨਾਜ਼ਿਮਾਂ, ਥਾਣੇਦਾਰਾਂ, ਨੰਬਰਦਾਰਾਂ ਤੇ ਪਟਵਾਰੀਆਂ ਰਾਹੀਂ ਉਨ੍ਹਾਂ ਦੀ ਹਾਜ਼ਿਰੀ ਦਾ ਹੱਦੋਂ ਵੱਧ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਕਿ ਉਹ ਲੋਕ ਆਪਣੇ ਆਪਣੇ ਪਿੰਡਾਂ ਵਿੱਚ ਹਾਜ਼ਿਰ ਰਹਿਣ ਤੇ ਗ਼ੈਰ ਹਾਜ਼ਿਰ ਨਾ ਹੋਣ। ਜਿਹੜੀ ਗੱਲ ਬੇਲਾ ਸਿੰਘ ਨੇ ਕਹੀ ਹੈ ਉਹ ਦਾ ਭੇਦ ਨਾ ਖੁੱਲੇ। ਦਾਸ ਨੇ ਭੁੱਲ ਕੇ ਉਪਰ ਲਿਖ ਦਿੱਤਾ ਹੈ ਕਿ ਬਿਨੈ-ਪੱਤਰ ਦੀ ਨਕਲ ਅਹਿਲਕਾਰਾਂ ਨੂੰ ਭੇਜੀ ਜਾਵੇ। ਇਸ ਦੀ ਨਕਲ ਕਮਿਸ਼ਨਰ ਸਾਹਿਬ ਤੇ ਗੌਰਮਿੰਟ ਨੂੰ ਜੇ ਭੇਜ ਦਿੱਤੀ ਜਾਵੇ ਤਾਂ ਕੋਈ ਹਰਜ ਨਹੀਂ ਹੈ ਪਰ ਪਟਿਆਲਾ ਰਿਆਸਤ ਦੇ ਅਧੀਨ ਹਾਕਿਮਾਂ ਕੋਲ ਸ੍ਰੀ ਹਜ਼ੂਰ ਮਹਾਰਾਜਾ ਸਾਹਿਬ ਵੱਲੋਂ ਖ਼ਾਸ ਹੁਕਮ ਇਸ ਤਾੜਨਾ ਨਾਲ ਜਾਰੀ ਹੋਵੇ ਕਿ ਉਹ ਕੂਕਿਆਂ ਦਾ ਬਹੁਤ ਚੰਗੀ ਤਰ੍ਹਾਂ ਇੰਤਜ਼ਾਮ ਕਰਨ ਪਰ ਉਸ ਲਿਖਤੀ ਹੁਕਮ ਵਿੱਚ ਇਸ ਦਾਸ ਦੇ ਬਿਨੈ-ਪੱਤਰ ਦਾ ਹਵਾਲਾ ਨਾ ਹੋਵੇ ਕਿਉਂਕਿ ਫਿਰ ਕੋਈ ਕੂਕਾ ਆਪਣਾ ਅਜਿਹਾ ਭੇਦ ਨਹੀਂ ਦੱਸੇਗਾ।

ਵਾਜਿਬ ਤੌਰ 'ਤੇ ਅਰਜ਼ ਕੀਤਾ। ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨਾ ਹੈ।

ਦਾਸ
ਪੁਰਾਣਾ ਨਮਕ ਪਰਵਰਦਾ,
ਅਹਿਮਦ ਹਸਨ ਵਕੀਲ ਲੁਧਿਆਣਾ,
8 ਮਾਰਚ 1872.

ਦੋਬਾਰਾ ਅਰਜ਼ ਇਹ ਹੈ ਕਿ ਮਹਿਕਮਾ ਮੁਨਸ਼ੀ ਖ਼ਾਨੇ ਤੋਂ ਬਿਨਾਂ ਜਿਸ ਥਾਂ ਇਸ ਦੀ ਨਕਲ ਜਾਵੇਗੀ ਇਹ ਭੇਦ ਲੁਕਿਆ ਨਹੀਂ ਰਹੇਗਾ। ਇਸ ਤੋਂ ਇਲਾਵਾ ਮਕਬੂਲ ਹੁਸੈਨ ਕੋਤਵਾਲ, ਮੁਹੰਮਦ ਹਸਨ ਤੇ ਅਲਾਉੱਦੀਨ ਥਾਣੇਦਾਰਾਨ, ਮੀਰ ਨਿਆਜ਼ ਅਲੀ ਨਾਜ਼ਿਮ ਤੇ ਉਨ੍ਹਾਂ ਦੇ ਸਾਥੀ ਆਦਿ ਮੁਲਾਜ਼ਿਮਾਂ ਜਿਹੜੇ ਕੋਟਲਾ ਦੇ ਫ਼ਸਾਦ 'ਚ ਸ਼ਾਮਿਲ ਸਨ, ਨੂੰ ਕੇਵਲ ਹਜ਼ੂਰ ਮਹਾਰਾਜਾ ਸਾਹਿਬ ਦੇ ਹੁਕਮ ਨਾਲ ਇੰਨ੍ਹੀ ਹੀ ਇਤਲਾਹ ਦਿੱਤੀ ਜਾਵੇ ਕਿ ਉਹ ਆਪਣੀਆਂ ਜਾਨਾਂ ਦੀ ਹਿਫ਼ਾਜ਼ਤ ਰੱਖਣ।

ਸੱਯਦ ਅਹਿਮਦ ਹਸਨ,
ਵਕੀਲ ਲੁਧਿਆਣਾ।

# ਲੁਕਿਆ ਸੱਚ

---

**ਪਹਿਲਾਂ ਬੇਲਾ ਸਿੰਘ ਪਿੰਡ ਮੁੰਡੀਆਂ ਬਾਰੇ ਵੇਰਵੇ ਸਹਿਤ ਹਾਲ ਦੱਸ ਚੁੱਕਾ ਹਾਂ ਅਤੇ ਅੱਜ ਦਾ ਹਾਲ ਇਸ ਤਰ੍ਹਾਂ ਹੈ:-**

ਉਪ੍ਰੋਕਤ ਬੇਲਾ ਸਿੰਘ ਨੂੰ ਸਰਦਾਰ ਨਰਾਇਣ ਸਿੰਘ ਤੇ ਲਹਿਣਾ ਸਿੰਘ ਤਹਿਸੀਲਦਾਰ ਨੇ ਸਵੇਰੇ ਹੀ ਆਪਣੇ ਮਕਾਨ 'ਤੇ ਬੁਲਾਇਆ। ਪਾਰਕਿਨਜ਼ ਸਾਹਿਬ ਡਿਪਟੀ ਕਮਿਸ਼ਨਰ ਨੂੰ ਪਰਦੇ ਨਾਲ ਇਤਲਾਹ ਦੇ ਦਿੱਤੀ। ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਉਨ੍ਹਾਂ ਦੇ ਮਕਾਨ ਦੇ ਇੱਕ ਕਮਰੇ 'ਚ ਦਰਵਾਜ਼ੇ ਦੇ ਤਖਤਿਆਂ ਦੇ ਨੇੜੇ ਬੈਠ ਗਏ। ਉਪ੍ਰੋਕਤ ਦੋਹਾਂ ਸਰਦਾਰਾਂ ਨੇ ਬੇਲਾ ਸਿੰਘ ਨਾਲ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਬੇਲਾ ਸਿੰਘ ਨੇ ਨਰਾਇਣ ਸਿੰਘ ਤੋਂ ਪੁੱਛਿਆ ਕਿ "ਤੁਸੀਂ ਸਿੰਘ ਸਾਹਿਬ ਕਿਸ ਥਾਂ ਤੋਂ ਹੋ ?"

ਨਰਾਇਣ ਸਿੰਘ ਨੇ ਜਵਾਬ ਦਿੱਤਾ ਕਿ " ਮੈਂ ਅਰਬ ਵੱਲੋਂ ਦੂਰ ਦਾ ਰਹਿਣ ਵਾਲਾ ਹਾਂ ਅਤੇ ਨਾਮ ਮੇਰਾ ਪੰਜਾਬ ਸਿੰਘ ਹੈ।"

ਇਸ 'ਤੇ ਉਸ ਦੀ ਤਸੱਲੀ ਹੋ ਗਈ। ਫਿਰ ਉਸ ਨੇ ਕੂਕਿਆਂ ਦਾ ਸਾਰਾ ਹਾਲ ਕਹਿਣਾ ਸ਼ੁਰੂ ਕਰ ਦਿੱਤਾ ਤੇ ਇਹ ਕਿਹਾ ਕਿ

"ਸਤਿਗੁਰੂ ਵੈਸਾਖ ਦੇ ਮਹੀਨੇ ਤਸ਼ਰੀਫ਼ ਲੈ ਆਉਣਗੇ ਭਾਵੇਂ ਅੰਗਰੇਜ਼ ਕਿੰਨਾਂ ਹੀ ਬੰਦੋਬਸਤ ਕਰ ਲੈਣ। ਵੈਸਾਖ ਵਿੱਚ ਅੰਗਰੇਜ਼ਾਂ ਅਤੇ ਰਾਜਿਆਂ ਦੇ ਰਾਜ ਨਹੀਂ ਰਹਿਣਗੇ। ਸਾਡੇ ਸਤਿਗੁਰੂ ਕੋਲ ਇੱਕ ਸੌ ਸਾਖੀ ਭਾਵ ਪੋਥੀ ਸੀ। ਸਤਿਗੁਰੂ ਨੇ ਉਨ੍ਹਾਂ ਵਿੱਚੋਂ ਇੱਕ ਲਹਿਣਾ ਸਿੰਘ ਨੂੰ, ਇੱਕ ਹੀਰਾ ਸਿੰਘ ਸਕਰੌਦੀ ਵਾਲੇ ਨੂੰ, ਇੱਕ ਨੰਦ ਸਿੰਘ ਹੰਢਿਆਏ ਵਾਲੇ ਨੂੰ ਤੇ ਇੱਕ ਦਰਬਾਰਾ ਸਿੰਘ ਤੇ ਈਸ਼ਰ ਸਿੰਘ ਰਾਏਪੁਰੀਏ ਨੂੰ ਦਿੱਤੀ ਸੀ। ਉਸ ਪੋਥੀ ਵਿੱਚ ਇਹ ਵੀ ਹਾਲ ਲਿਖਿਆ ਹੋਇਆ ਸੀ ਅਤੇ ਉਸੇ ਸਾਖੀ ਦੇ ਮੁਤਾਬਿਕ ਇਹ ਕਾਰਵਾਈ ਸ਼ੁਰੂ ਹੋ ਰਹੀ ਹੈ। ਹੁਣ ਕਿਸੇ ਤੋਂ ਉਸ ਕਾਰਵਾਈ ਦਾ ਇੰਤਜ਼ਾਮ ਨਹੀਂ ਹੋ ਸਕੇਗਾ। ਪਹਿਲਾਂ ਜਿਹੜੇ ਮਾਰੇ ਗਏ ਸੋ ਮਾਰੇ ਗਏ, ਹੁਣ ਅਸੀਂ ਬਹੁਤ ਬੰਦੋਬਸਤ ਨਾਲ ਕੰਮ ਕਰਾਂਗੇ। ਬਹੁਤ ਕੂਕੇ ਰਾਜਾ ਜੰਮੂ, ਮਹਾਰਾਜਾ ਪਟਿਆਲਾ, ਰਾਜਾ ਜੀਂਦ ਤੇ ਰਾਜਾ ਨਾਭਾ ਦੇ ਮੁਲਾਜ਼ਿਮ ਹਨ। ਜਿਸ ਦਿਨ ਰਾਜਿਆਂ ਨੇ ਪਹਿਲਾਂ ਹੀ ਉਨ੍ਹਾਂ ਨੂੰ ਨੌਕਰੀ ਤੋਂ ਹਟਾਉਣ ਦਾ ਹੁਕਮ ਜਾਰੀ ਕਰ ਦਿੱਤਾ ਉਸੇ ਦਿਨ ਤੋਂ ਉਹ ਪੁਲਿਸ ਆਦਿ ਵਾਲੇ ਮੁਲਾਜ਼ਿਮ ਬੰਦੂਕਾਂ ਤੇ ਹਥਿਆਰਾਂ ਸਮੇਤ ਸਾਡੇ ਕੋਲ ਪੁੱਜ ਜਾਣਗੇ ਕਿਉਂਕਿ ਉਨ੍ਹਾਂ ਸਾਰਿਆਂ ਨਾਲ ਸਾਡੀ ਗੰਢ ਤੁੱਪ ਹੋ ਚੁੱਕੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਸਾਡਾ ਬਹੁਤ ਭਾਰੀ ਇੱਕਠ ਦੇਖ ਕੇ ਹਿੰਦੂ ਲੋਕ ਸਾਡੇ ਨਾਲ ਸ਼ਾਮਿਲ ਹੋ ਜਾਣਗੇ ਨਹੀਂ ਤਾਂ ਅਸੀਂ ਉਨ੍ਹਾਂ ਨੂੰ ਵੀ ਗੁਰੂ ਤੋਂ ਸਜ਼ਾ ਦਿਵਾਵਾਂਗੇ। ਨਾਰਾਇਣ ਸਿੰਘ ਦਾ ਸਿਰ ਧੜ ਨਾਲੋਂ ਜੁਦਾ ਕਰਾਂਗੇ ਅਤੇ ਫਿਰ ਉਹ ਦੇ ਸਿਰ ਦਾ ਪਤਾ ਵੀ ਨਹੀਂ ਲੱਗੇਗਾ। ਅਸੀਂ ਇਹ ਵਾਰਦਾਤ ਵੈਸਾਖ 1929 ਵਿੱਚ ਕਰਾਂਗੇ। ਹੁਣ ਸਾਡੇ ਜਥੇਦਾਰ ਦਰਬਾਰਾ ਸਿੰਘ, ਈਸ਼ਰ ਸਿੰਘ, ਨੰਦ ਸਿੰਘ ਹੰਢਿਆਏ ਵਾਲਾ, ਗੋਪਾਲ ਸਿੰਘ, ਅਤੇ ਗੁਰੂ ਰਾਮ ਸਿੰਘ ਦਾ ਭਰਾ ਬੁੱਧ ਸਿੰਘ ਮੌਜੂਦ ਹਨ। ਕੀ ਹੋਇਆ ਜੇ ਸਤਿਗੁਰੂ ਤਸ਼ਰੀਫ਼ ਲੈ ਗਏ, ਸਾਰੇ ਆਪਣੇ ਆਪ ਤਸ਼ਰੀਫ਼ ਲੈ ਆਉਣਗੇ। ਉਸ ਦਿਨ ਇੱਕ ਲੱਖ ਕੂਕੇ ਇੱਕਠੇ ਹੋਣਗੇ।"

ਉਸ ਵੇਲੇ ਸਾਹਿਬ ਬਹਾਦੁਰ ਨੇ ਉਸ ਦੀ ਇਹ ਸਾਰੀ ਗੱਲਬਾਤ ਸੁਣੀ ਅਤੇ ਛੇਤੀ ਨਾਲ ਦੂਜੇ ਕਮਰੇ 'ਚ ਤਸ਼ਰੀਫ਼ ਲੈ ਗਏ ਜਿਸ ਵਿੱਚ ਤਹਿਸੀਲਦਾਰ ਤੇ ਨਰਾਇਣ ਸਿੰਘ ਤੇ ਬੇਲਾ ਸਿੰਘ ਮੌਜੂਦ ਸਨ। ਨਰਾਇਣ ਸਿੰਘ ਨੇ ਉਸੇ ਵੇਲੇ ਰੌਲਾ ਪਾ ਦਿੱਤਾ ਕਿ ਬਹੁਤ ਗਜ਼ਬ ਹੋਇਆ ਕਿ ਸਾਹਿਬ ਨੇ ਸਾਨੂੰ ਆ ਕੇ ਦੇਖ ਲਿਆ। ਸ਼ਾਇਦ ਸਾਡੀ ਕਿਸੇ ਨੇ ਮੁਖ਼ਬਰੀ ਕੀਤੀ ਹੈ ਅਤੇ ਬੇਲਾ ਸਿੰਘ ਨੂੰ ਕਿਹਾ ਕਿ ਤੈਨੂੰ ਸਾਹਿਬ ਨੇ ਗ੍ਰਿਫ਼ਤਾਰ ਕੀਤਾ, ਸ਼ਾਇਦ ਸਾਨੂੰ ਵੀ ਗ੍ਰਿਫ਼ਤਾਰ ਕਰ ਲੈਣ। ਸਾਹਿਬ ਬਹਾਦੁਰ ਨੇ ਉਸੇ ਵੇਲੇ ਬੇਲਾ ਸਿੰਘ ਨੂੰ ਆਪਣੀ ਹਿਫ਼ਾਜ਼ਤ 'ਚ ਕਰ ਲਿਆ।

ਇਹ ਦਾਸ ਉਸ ਵੇਲੇ ਕੋਠੀ ਤੋਂ ਵਾਪਸ ਆਇਆ ਸੀ ਕਿ ਇਸੇ ਦੌਰਾਨ ਫਿਰ ਇੱਕ ਆਦਮੀ ਦਾਸ ਨੂੰ ਲੈਣ ਆ ਗਿਆ। ਜਦੋਂ ਇਹ ਦਾਸ ਪੁੱਜਾ ਤਾਂ ਸਾਹਿਬ ਬਹਾਦੁਰ ਨੇ ਵੇਰਵੇ ਨਾਲ ਹਾਲ ਸੁਣਾਇਆ ਅਤੇ ਫ਼ਰਮਾਇਆ ਕਿ ਤੁਸੀਂ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਨੂੰ ਸਾਡਾ ਸਲਾਮ ਦਿਓ ਅਤੇ ਇਸ ਦਾ ਇੰਤਜ਼ਾਮ ਛੇਤੀ ਕਰਵਾ ਕੇ ਇਸ ਪਰਵਾਨੇ ਦੀ ਰਿਪੋਰਟ ਕਰੋ ਅਤੇ ਇਹ ਵੀ ਫ਼ਰਮਾਇਆ ਕਿ " ਪਤਾ ਨਹੀਂ ਇਹ ਕੂਕਾ ਲੋਕ ਕੀ ਆਫ਼ਤ ਲਿਆਉਣਗੇ। ਅਸੀਂ ਇਨ੍ਹਾਂ ਦਾ ਇੰਤਜ਼ਾਮ ਬਹੁਤ ਛੇਤੀ ਕਰਾਂਗੇ ਅਤੇ ਗੋਪਾਲ ਸਿੰਘ ਨੂੰ ਨਿਗਰਾਨੀ ਹੇਠ ਰਖਵਾ ਦਿਓ।"

# ਲੁਕਿਆ ਸੱਚ

---

ਦਾਸ ਨੇ ਬੇਨਤੀ ਕੀਤੀ ਕਿ ਗੋਪਾਲ ਸਿੰਘ ਨਿਗਰਾਨੀ ਹੇਠ ਹੈ ਅਤੇ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਫ਼ੌਜ ਵਿੱਚ ਕੋਈ ਕੂਕਾ ਨਹੀਂ ਹੈ। ਬਹੁਤ ਮੁੱਦਤ ਹੋਈ ਕਿ ਜਿੰਨੇ ਆਦਮੀ ਕੂਕੇ ਬਣੇ ਸਨ ਉਨ੍ਹਾਂ ਨੂੰ ਸਰਕਾਰੀ ਨੌਕਰੀ ਤੋਂ ਹਟਾ ਦਿੱਤਾ ਗਿਆ ਸੀ।

ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਬੇਲਾ ਸਿੰਘ ਕਹਿੰਦਾ ਹੈ ਕਿ ਕੂਕੇ ਲੁਕੇ ਹੋਏ ਹਨ।

ਦਾਸ ਨੇ ਅਰਜ਼ ਕੀਤਾ ਕਿ ਸਾਰੇ ਅਹੁਦੇਦਾਰ ਹਟਾ ਦਿੱਤੇ ਗਏ ਹਨ ਹੁਣ ਕੋਈ ਕੂਕਾ ਫ਼ੌਜ ਵਿੱਚ ਨਹੀਂ ਹੈ ਤੇ ਬੇਲਾ ਸਿੰਘ ਝੂਠ ਬੋਲਦਾ ਹੈ। ਉਹ ਸ਼ਾਇਦ ਇਸ ਦੁਸ਼ਮਣੀ ਨਾਲ ਕਹਿੰਦਾ ਹੋਵੇ ਕਿ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਅਹਿਲਕਾਰਾਂ ਨੇ ਸਾਰੇ ਕੂਕਿਆਂ ਦੀਆਂ ਜੜ੍ਹਾਂ ਪੁੱਟ ਸੁੱਟੀਆਂ ਹਨ।

ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ "ਨਿਰਸੰਦੇਹ ਇਹ ਆਦਮੀ ਸ਼ਰਾਰਤੀ ਹਨ, ਅਸੀਂ ਬਹੁਤ ਛੇਤੀ ਇਨ੍ਹਾਂ ਦਾ ਇੰਤਜ਼ਾਮ ਕਰਾਂਗੇ ਅਤੇ ਅਸੀਂ ਅੱਜ ਬਹੁਤ ਸਾਰੇ ਕੂਕਿਆਂ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕੀਤੇ ਹਨ, ਮਿਸਾਲ ਦੇ ਤੌਰ 'ਤੇ ਦਰਬਾਰਾ ਸਿੰਘ ਤੇ ਈਸ਼ਰ ਸਿੰਘ ਆਦਿ। ਅੱਜ ਰਾਤ ਦੀ ਰੇਲ ਗੱਡੀ 'ਚ ਇਹ ਕਾਗਜ਼ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਪਹੁੰਚਾ ਕੇ ਇਸ ਦਾ ਜਵਾਬ ਮੰਗਵਓ। ਹੁਸ਼ਿਆਰ ਤੇ ਈਮਾਨਦਾਰ ਅਹਿਲਕਾਰ ਰਾਹੀਂ ਇਸ ਦੀ ਛੇਤੀ ਤਾਮੀਲ ਕਰਵਾਓ। ਇਸ ਕੰਮ ਲਈ ਲਾਲਚੀ ਆਦਮੀ ਨਾ ਭੇਜਿਆ ਜਾਵੇ ਕਿਉਂਕਿ ਇਹ ਕੂਕੇ ਸ਼ਰਾਰਤੀ ਹਨ।

ਦਾਸ ਨੇ ਬਿਨੈ-ਪੱਤਰ ਵਿੱਚ ਲਿਖਿਆ ਹੈ ਕਿ ਮੈਂ ਸਵੇਰੇ ਇਹ ਹਾਲ ਅਰਜ਼ ਕਰਾਂਗਾ ਪਰੰਤੂ ਇਸ ਵੇਲੇ ਅਰਜ਼ ਕਰਨਾ ਮੁਨਾਸਿਬ ਸਮਝਿਆ। ਸੋ ਵੇਰਵੇ ਸਹਿਤ ਦੱਸਿਆ ਗਿਆ ਹੈ। ਮੇਰਾ ਬਿਨੈ-ਪੱਤਰ ਜਾਂ ਪਰਵਾਨੇ ਦੀ ਨਕਲ ਕਿਸੇ ਨਿਜ਼ਾਮਤ ਜਾਂ ਅਹਿਲਕਾਰ ਨੂੰ ਨਾ ਦਿੱਤੀ ਜਾਵੇ ਅਤੇ ਪਰਦੇ ਵਿੱਚ ਹੀ ਤਾਮੀਲ ਹੋ ਕੇ ਜਵਾਬ ਆ ਜਾਵੇ।

ਕੱਲ੍ਹ ਨੂੰ ਏਨਾਂ ਹੀ ਜਵਾਬ ਬਖਸ਼ਿਆ ਜਾਵੇ ਕਿ ਇੱਥੇ ਇਹ ਤਾਮੀਲ ਇਸ ਤਰ੍ਹਾਂ ਨਾਲ ਅਹਿਲਕਾਰਾਂ ਰਾਹੀਂ ਕਰਾਈ ਅਤੇ ਫ਼ਲਾਣਾ ਆਦਮੀ ਇਸ ਤਾਮੀਲ ਵਾਸਤੇ ਮੁਕੱਰਰ ਹੋਇਆ ਸੀ।

( ਵਕੀਲ ਲੁਧਿਆਣਾ)

# 12. ਫਿਰੋਜ਼ਪੁਰ ਵਿਖੇ ਸੁਰੱਖਿਆ ਦੇ ਇੰਤਜ਼ਾਮ ਅਤੇ ਤਾਰ ਤੋੜੇ ਜਾਣ ਦੀ ਅਫਵਾਹ

ਗ਼ਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

* ਕੱਲ ਤਾਰ ਰਾਹੀਂ ਜਨਾਬ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਕੋਲ ਖ਼ਬਰ ਆਈ ਕਿ ਕੂਕਿਆਂ ਦੇ ਮਜ਼ਹਬ ਦੇ ਆਦਮੀਆਂ ਨੇ ਇੱਕਠੇ ਹੋ ਕੇ ਮਲੌਂਦ 'ਚ ਦੰਗਾ ਫ਼ਸਾਦ ਕੀਤਾ। ਖ਼ਬਰ ਪੁੱਜਣ ਸਾਰ ਫ਼ੌਰਨ ਕਿਲਾ 'ਮੰਗਾ ਜ਼ਹੀ'ਦਾ ਬਹੁਤ ਚੰਗੀ ਤਰ੍ਹਾਂ ਪ੍ਰਬੰਧ ਕੀਤਾ ਗਿਆ ਅਰਥਾਤ ਹਰੇਕ ਬੁਰਜ 'ਤੇ ਇੱਕ ਇੱਕ ਤੋਪ ਲਾਈ ਗਈ ਹੈ। ਵਿਸ਼ੇਸ਼ ਤੌਰ 'ਤੇ ਫ਼ਿਰੋਜ਼ਪੁਰ ਵਾਲੇ ਪਾਸੇ ਵੱਡੀ ਤੋਪ ਲਾਈ ਗਈ ਹੈ। ਕਿਲ੍ਹੇ ਦੇ ਆਲੇ ਦੁਆਲੇ ਜਿਹੜਾ ਇੱਖ (ਕਮਾਦ) ਸੀ, ਉਹ ਸਾਰਾ ਵੱਢਾ ਦਿੱਤਾ ਗਿਆ ਹੈ ਅਤੇ ਇਰਦ-ਗਿਰਦ ਦੀ ਸਾਰੀ ਜ਼ਮੀਨ ਜਿੱਥੇ-ਜਿੱਥੇ ਉੱਚੀ ਨੀਵੀ ਸੀ ,ਪੱਧਰ ਕਰ ਦਿੱਤੀ ਗਈ ਹੈ। ਰਾਤ ਦਿਨ ਹਥਿਆਰਬੰਦ ਗੋਰਿਆਂ ਦਾ ਪਹਿਰਾ ਰਹਿੰਦਾ ਹੈ। ਮੁਕਦੀ ਗੱਲ ਹਰ ਪ੍ਰਕਾਰ ਦੀ ਦੇਖ-ਭਾਲ ਤੇ ਸੰਭਾਲ ਹੈ। ਇੱਥੋਂ ਤੱਕ ਕਿ ਬਾਹਰਲੀਆਂ ਦੀਵਾਰਾਂ 'ਤੇ ਅੰਦਰ ਦੀ ਨਿਸਬਤ ਚਾਰ ਗੁਣਾ ਪਹਿਰਾ ਹੈ।

ਕਿਲਾ 'ਮੰਗਾ ਜ਼ਹੀ' ਛਾਉਣੀ ਤੇ ਸ਼ਹਿਰ ਵਿੱਚ ਵੀ ਰਾਤ ਨੂੰ ਲਾਲਟੈਨ ਦੀ ਰੌਸ਼ਨੀ ਨਾਲ ਜੰਗੀ ਰਸਾਲੇ ਦੇ ਰੌਂਦ ਗਸ਼ਤ (ਚੱਕਰ ਲਾਉਣੇ) ਫਿਰਦੇ ਹਨ। ਜਿਹੜਾ ਕੂਕਾ ਮਿਲਦਾ ਹੈ ਉਸ ਨੂੰ ਹਵਾਲਾਤ ਵਿੱਚ ਡੱਕ ਦਿੰਦੇ ਹਨ। ਸੋ ਇਤਲਾਹ ਦੇ ਤੌਰ 'ਤੇ ਹਜ਼ੂਰ ਨੂੰ ਬੇਨਤੀ ਹੈ।

ਦਾਸ
ਅਹਿਮਦ ਹਸਨ ਵਕੀਲ ਫ਼ਿਰੋਜ਼ਪੁਰ
17 ਜਨਵਰੀ ਸੰਨ 1872
ਨੰ: 34 ਰਸੀਦ ਹੈ
(ਮੋਹਰ)

* ਕੂਕਿਆਂ ਦੀ ਇੰਨੀ ਦਹਿਸ਼ਤ ਫੈਲੀ ਹੋਈ ਸੀ ਕਿ ਸਰਕਾਰ ਨੇ ਸਾਰੇ ਪਾਸੇ ਸੁਰੱਖਿਆ ਦੇ ਇੰਤਜਾਮ ਕੀਤੇ ਹੋਏ ਸਨ।
ਫਿਰੋਜ਼ਪੁਰ ਲਾਗੇ ਜਿਹੜੀ ਤਾਰ ਮੀਂਹ , ਝੱਖੜ ਤੇ ਤੇਜ਼ ਹਵਾ ਨਾਲ ਟੁੱਟ ਗਈ ਸੀ, ਉਸ ਬਾਰੇ ਵੀ ਅਫਵਾਹ ਫੈਲ ਗਈ ਸੀ ਕਿ ਕੂਕਿਆਂ ਨੇ ਤੋੜੀ ਹੈ।
ਜਦੋਂ ਤੋਪਾਂ ਨਾਲ ਸਿੰਘ ਸ਼ਹੀਦ ਕੀਤੇ ਗਏ ਉਸ ਰਾਤ ਵੀ ਝੱਖੜ, ਮੀਂਹ ਆਇਆ ਸੀ।

---

## ਨਿਆਮਤਾਂ ਦੇ ਮਾਲਕ, ਵੱਡੇ ਉਪਨਾਮ ਵਾਲੇ ਜਨਾਬ ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਸਾਹਿਬ ਮੀਰ ਮੁਨਸ਼ੀ !

ਅਦਬ ਆਦਾਬ ਅਰਜ਼ ਕਰਨ ਮਗਰੋਂ ਬੇਨਤੀ ਹੈ ਕਿ ਕੱਲ ਤੁਹਾਡੇ ਖ਼ਤ ਮਿਲਣ ਸਦਕਾ ਇਸ ਦਾਸ ਦਾ ਸਤਿਕਾਰ ਵਧਿਆ। ਇਸ ਖ਼ਤ ਰਾਹੀਂ ਤੁਸੀਂ ਕਸਬਾ ਲਾਹੌਰ ਤੇ ਫਿਰੋਜ਼ਪੁਰ ਦਰਮਿਆਨ ਤਾਰ ਦੇ ਕਟ ਜਾਣ ਅਤੇ ਸੌ ਕੂਕਿਆਂ ਦੇ ਜ਼ੀਰਾ ਵਲੋਂ ਆ ਕੇ ਫਿਰੋਜ਼ਪੁਰ ਵਿਖੇ ਦਾਖਿਲ ਹੋਣ ਬਾਰੇ ਦਰਿਆਫ਼ਤ ਕੀਤਾ ਸੀ। ਇਸ ਦਾਸ ਨੇ ਉਸੇ ਸਮੇਂ ਤਾਰ ਬਾਬੂ ਤੋਂ ਪਤਾ ਕੀਤਾ। ਉਸ ਨੇ ਫ਼ਰਮਾਇਆ ਕਿ ਇਹ ਗੱਲ ਬਿਲਕੁਲ ਗਲਤ ਹੈ। ਭਾਵੇਂ ਮੈਨੂੰ ਇਹ ਗੱਲ ਪਹਿਲਾਂ ਤੋਂ ਹੀ ਗਲਤ ਪ੍ਰਤੀਤ ਹੁੰਦੀ ਸੀ। ਜੇ ਇਸ ਤਰ੍ਹਾਂ ਦੀ ਗੱਲ ਹੁੰਦੀ ਤਾਂ ਫ਼ੌਰਨ ਹਰ ਪ੍ਰਕਾਰ ਦਾ ਬੰਦੋਬਸਤ ਹੋ ਕੇ ਖ਼ਬਰ ਖ਼ਤਮ ਹੋ ਜਾਂਦੀ। ਫਿਰ ਵੀ ਮੈਂ ਹੁਕਮ ਦੀ ਪਾਲਣਾ ਕਰਨ ਹਿਤ ਤਾਰ ਘਰ ਆਦਿ ਤੋਂ ਪੁੱਛਿਆ। ਇਹ ਸਾਬਿਤ ਹੋਇਆ ਕਿ ਇਹ ਗੱਲ ਕਦੰਤ ਨਹੀਂ ਹੋਈ।

ਤੁਸੀਂ ਗ਼ੌਰ ਫ਼ਰਮਾਓ ਕਿ ਜੇ ਇਹ ਫ਼ਸਾਦ ਹੁੰਦਾ ਤਾਂ ਪਹਿਲਾਂ ਵਾਂਗ ਸਾਰਾ ਤਸੱਲੀ ਬਖ਼ਸ਼ ਪ੍ਰਬੰਧ ਕਰਿਆ ਹੁੰਦਾ ਜਿਹੋ ਜਿਹਾ ਕਿ ਮਲੌਦ ਤੇ ਕੋਟਲਾ ਦੇ ਫ਼ਸਾਦ ਸਮੇਂ ਹੋਇਆ ਸੀ।

ਇਸ ਦਾਸ ਨੇ ਉਸ ਸਮੇਂ ਇੱਥੋਂ ਦਾ ਵੇਰਵੇ ਸਹਿਤ ਹਾਲ ਬਿਨੈ-ਪੱਤਰ ਰਾਹੀਂ ਹਜ਼ੂਰ ਨੂੰ ਬਿਆਨ ਕਰ ਦਿੱਤਾ ਸੀ। ਇਹ ਕਦੋਂ ਹੋ ਸਕਦਾ ਹੈ ਕਿ ਇੱਥੇ ਅਜਿਹਾ ਲੜਾਈ ਝਗੜਾ ਹੋਇਆ ਹੋਵੇ ਤੇ ਇਹ ਦਾਸ ਹਜ਼ੂਰ ਦੀ ਸੇਵਾ ਵਿੱਚ ਇਤਲਾਹ ਨਾ ਦੇਵੇ ? ਦਰਅਸਲ ਉਹ ਲਾਹੌਰ ਤੋਂ ਇੱਥੇ ਨੂੰ ਕਸਬਾ ਲੁਧਿਆਣਾ ਹੋ ਕੇ ਆਉਂਦੇ ਹਨ। ਦਿਨੀਂ ਦਿਨੀਂ ਤਹਿਸੀਲਦਾਰ ਜ਼ੀਰਾ ਵੀ ਫਿਰੋਜ਼ਪੁਰ ਠਹਿਰੇ ਹੋਏ ਹਨ। ਜੇ ਕੂਕੇ ਜ਼ੀਰੇ ਤੋਂ ਆਉਂਦੇ ਤਾਂ ਉਹ ਤਹਿਸੀਲ ਨੂੰ ਫ਼ੌਰਨ ਰਵਾਨਾ ਹੁੰਦੇ।

ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਅਮਰਗੜ੍ਹ ਦੇ ਹੱਥੋਂ ਗ੍ਰਿਫ਼ਤਾਰ ਹੋਏ ਕੂਕਿਆਂ ਨੂੰ ਤੋਪਾਂ ਨਾਲ ਉਡਾਏ ਜਾਣ ਦੀ ਖ਼ਬਰ ਆਉਣ ਮਗਰੋਂ ਇੱਥੇ ਕੁਝ ਚਰਚਾ ਹੀ ਹੋਈ ਸੀ। ਇੱਥੇ ਹਰ ਹਾਲਤ ਵਿੱਚ ਅਮਨ ਹੈ। ਪਿੱਛੇ ਜਿਹੇ ਹੀ ਜੇਲ੍ਹ ਖ਼ਾਨਾ ਤੇ ਹਵਾਲਾਤ ’ਤੇ ਚਾਰ ਗੁਣਾ ਪਹਿਰਾ ਜ਼ਿਆਦਾ ਕਰ ਦਿੱਤਾ ਹੈ। ਰਾਤ ਦੇ ਵੇਲੇ ਜੰਗੀ ਸਵਾਰ ਤੇ ਅਹੁਦੇਦਾਰ ਸਮੇਤ ਸਾਹਿਬ ਬਹਾਦੁਰ ਲਾਲਟੈਣ ਦੀ ਰੌਸ਼ਨੀ ਵਿੱਚ ਸ਼ਹਿਰ ਤੇ ਛਾਉਣੀ ਵਿੱਚ ਹਥਿਆਰ ਬੰਦ ਹੋ ਕੇ ਰੌਂਦ (ਗਸ਼ਤ) ਕਰਦੇ ਹਨ। **ਕਿਲੇ ’ਤੇ ਚਾਰੇ ਪਾਸੀਂ ਤੋਪਾਂ ਖੜ੍ਹੀਆਂ ਕਰਕੇ ਥਾਂ ਪਰ ਥਾਂ ਪਹਿਰਾ ਕਾਇਮ ਹੋ ਗਿਆ ਹੈ। ਹੋਰ ਕਚਹਿਰੀ ਵਿੱਚ ਵੀ ਸਾਹਿਬ ਬਹਾਦੁਰ ਦੇ ਸਾਰੇ ਅਰਦਲੀ ਹਥਿਆਰ ਬੰਦ** ਰਹਿੰਦੇ ਹਨ। ਜਿਸ ਦਿਨ ਤੋਂ ਤੋਪ ਨਾਲ ਕੂਕਿਆਂ ਨੂੰ ਉਡਾਉਣ ਦੀ ਖ਼ਬਰ ਆਈ ਹੈ ਇਹ ਇੰਤਜ਼ਾਮ ਹੀ ਰਿਹਾ ਜਿਹੜਾ ਪਹਿਲਾਂ ਸੀ। ਪਰ ਹੁਣ ਫਿਰ ਪਹਿਲਾਂ ਵਾਲਾ ਹੀ ਹੋ ਗਿਆ ਹੈ ਭਾਵ ਹੁਣ ਨਾ ਤਾਂ ਇਸ ਕਦਰ ਰੌਂਦ ਹੁੰਦੇ ਹਨ ਅਤੇ ਨਾ ਜੇਲ੍ਹ ਖ਼ਾਨੇ ਤੇ ਮੈਗਜ਼ੀਨ (ਅਸਲਾ ਖ਼ਾਨਾ) ’ਤੇ ਵਧਾਇਆ ਗਿਆ ਪਹਿਰਾ ਹੈ ਅਤੇ ਕਮਰਿਆਂ ’ਚ ਹਥਿਆਰ ਬੰਦ ਸਿਪਾਹੀ ਹਨ। ਮੁਕਦੀ ਗੱਲ ਹਰ ਪ੍ਰਕਾਰ ਦਾ ਆਰਾਮ ਹੈ ਤੇ ਕੋਈ ਡਰ ਬਾਕੀ ਨਹੀਂ ਰਿਹਾ।

ਸੋ ਜਿਹੜਾ ਹਾਲ ਸੀ ਅਰਜ਼ ਕਰ ਦਿੱਤਾ ਗਿਆ ਹੈ। ਅੱਗੋਂ ਵਾਸਤੇ ਦਾਸ ਦੇ ਲਾਇਕ ਕੋਈ ਸੇਵਾ ਹੋਵੇ ਤਾਂ ਦੱਸ ਕੇ ਮਾਣ ਬਖਸ਼ਦੇ ਰਹਿਣਾ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਉਲੰਘਣ ਵਾਂਗ ਹੈ।

ਦਾਸ

27 ਜਨਵਰੀ ਸੰਨ 1872 ਈ:

ਅਹਿਮਦ ਅਲੀ ਵਕੀਲ

ਫਿਰੋਜ਼ਪੁਰ।

ਮੁਹਰ

---

## ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ ਦੀ ਤਜਵੀਜ਼ ਨਾਲ ਮਹਿਕਮਾ ਫ਼ੌਜਦਾਰੀ ਮੁਨਸ਼ੀ ਖ਼ਾਨਾ ਦੀ ਰੋਬਕਾਰ।

ਮਿਤੀ 27 ਜਨਵਰੀ ਸੰਨ 1872 ਈ:

ਜਿਹੜੀ ਗੱਲ ਅਫ਼ਵਾਹ ਦੇ ਤੌਰ 'ਤੇ ਸੁਣੀ ਗਈ ਸੀ ਕਿ ਕੋਈ 300 ਕੂਕੇ ਇਲਾਕਾ ਜ਼ੀਰਾ ਵਲੋਂ, ਜਿਹੜਾ ਫਿਰੋਜ਼ਪੁਰ ਤੇ ਲੁਧਿਆਣਾ ਵਿਚਕਾਰ ਸਥਿਤ ਹੈ, ਮਾੜੇ ਇਰਾਦੇ ਨਾਲ ਫਿਰੋਜ਼ਪੁਰ ਵੱਲ ਨੂੰ ਆ ਰਹੇ ਹਨ ਅਤੇ ਜਿਹੜੀ ਤਾਰ (ਟੈਲੀਗ੍ਰਾਫ) ਫਿਰੋਜ਼ਪੁਰ ਲਾਗੇ ਟੁੱਟ ਗਈ ਸੀ , ਉਸ ਦੇ ਟੁੱਟਣ ਬਾਰੇ ਵੀ ਇਹ ਧੁੰਮੀ ਹੋਈ ਖ਼ਬਰ ਸੁਣੀ ਕਿ ਸ਼ਾਇਦ ਇਹ ਹਰਕਤ ਇਸੇ ਫ਼ਿਰਕੇ ਦੀ ਹੋਵੇ। **ਹੁਣ ਤਹਿਕੀਕਾਤ ਤੋਂ ਇਹ ਗੱਲ ਬਿਲਕੁਲ ਗਲਤ ਸਾਬਿਤ ਹੋਈ। ਤਾਰ ਤਾਂ ਬਾਰਿਸ਼ ਤੇ ਝੱਖੜ ਕਾਰਨ ਗਿਰ ਗਈ ਸੀ ਤੇ ਉਸ ਵੇਲੇ ਠੀਕ ਕਰਕੇ ਚਾਲੂ ਹੋ ਗਈ ਸੀ। 300 ਕੂਕਿਆਂ ਦੀ ਥਾਂ ਉੱਥੇ ਇੱਕ ਵੀ ਕੂਕਾ ਨਹੀਂ ਸੀ।**

ਸੋ ਇਹ ਇਤਲਾਹ ਸਾਰੇ ਨਾਜ਼ਿਮਾਂ ਤੇ ਵਕੀਲਾਂ ਨੂੰ ਦੇਣੀ ਵਾਜਿਬ ਹੈ।

ਸੋ ਹੁਕਮ ਹੋਇਆ ਕਿ ਇਸ ਰੋਬਕਾਰ ਦੀ ਨਕਲ ਨਾਜ਼ਿਮ ਸਾਹਿਬਾਨ ਤੇ ਵਕੀਲਾਂ ਨੂੰ ਭੇਜ ਕੇ ਇਸ ਹਾਲ ਦੀ ਇਤਲਾਹ ਦਿੱਤੀ ਜਾਵੇ।

## ਸ਼ਾਹੀ ਮੁਨਸ਼ੀ ਖ਼ਾਨੇ ਦੇ ਫ਼ੌਜਦਾਰੀ ਮਹਿਕਮੇਂ ਦੀ ਰੋਬਕਾਰ ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਸਾਹਿਬ ਮੀਰ ਮੁਨਸ਼ੀ ਦੀ ਤਜਵੀਜ਼ ਅਨੁਸਾਰ।

**27 ਜਨਵਰੀ ਸੰਨ 1872 ਈ:**

ਜੋ ਕਿ ਅਫ਼ਵਾਹ ਦੇ ਮੁਤਾਬਿਕ ਇਹ ਸੁਣਿਆ ਗਿਆ ਹੈ ਕਿ ਲੱਗਭੱਗ ਤਿੰਨ ਸੌ ਕੂਕੇ ਜ਼ੀਰੇ ਦੇ ਇਲਾਕੇ ਵਲੋਂ ਮਾੜੀ ਨੀਅਤ ਨਾਲ ਫ਼ਿਰੋਜ਼ਪੁਰ ਵੱਲ ਗਏ ਹਨ ਅਤੇ ਜਿਹੜੀ ਫ਼ੀਰੋਜ਼ਪੁਰ ਦੇ ਲਾਗੇ ਤਾਰ (Telegraph) ਤੋੜੀ ਹੈ, ਉਹ ਇਸ ਫ਼ਿਰਕੇ ਦੀ ਹਰਕਤ ਹੈ ਪਰ ਤਹਿਕੀਕਾਤ ਤੋਂ ਇਹ ਗੱਲ ਬਿਲਕੁਲ ਗ਼ਲਤ ਮਾਲੂਮ ਹੋਈ ਬਲਕਿ ਤਾਰ ਤਾਂ ਕੇਵਲ ਮੀਂਹ ਤੇ ਝੱਖੜ ਨਾਲ ਗਿਰ ਪਈ ਸੀ ਅਤੇ ਇਸ ਵੇਲੇ ਠੀਕ ਕਰਕੇ ਮੁੜ ਚਾਲੂ ਹੋ ਗਈ ਹੈ ਤੇ ਤਿੰਨ ਸੌ ਦੀ ਥਾਂ ਉੱਥੇ ਤਾਂ ਇੱਕ ਵੀ ਕੂਕਾ ਨਹੀਂ ਸੀ।

ਇਸ ਇਤਲਾਹ ਦੇ ਮੁਤਾਬਿਕ ਜ਼ਿਲਿਆ ਦੇ ਸਾਰੇ ਨਾਜ਼ਿਮਾਂ ਤੇ ਵਕੀਲਾਂ ਨੂੰ ਸੂਚਿਤ ਕਰ ਦਿੱਤਾ ਜਾਵੇ।

### ਹੁਕਮ ਹੋਇਆ ਕਿ

ਇਸ ਰੋਬਕਾਰ ਦੀ ਨਕਲ ਭੇਜਕੇ ਨਾਜ਼ਿਮਾਂ ਤੇ ਵਕੀਲਾਂ ਨੂੰ ਇਸ ਹਾਲ ਤੋਂ ਸੂਚਿਤ ਕਰਾ ਦਿੱਤਾ ਜਾਵੇ।

---

## ਮਹਾਰਾਜਾ ਪਟਿਆਲਾ ਨੂੰ ਲਿਖੀ ਗਈ ਚਿੱਠੀ

ਗਰੀਬ ਪਰਵਰ! ਸਲਾਮਤ!

ਸ੍ਰੀ ਮਾਨ ਜੀ,

ਸ਼ਾਹੀ ਮੁਨਸ਼ੀ ਖ਼ਾਨੇ ਦੇ ਮਹਿਕਮੇ ਦੀ ਰੋਬਕਾਰ ਮਿਤੀ 27 ਜਨਵਰੀ ਸੰਨ 1872 ਈ: ਇਸ ਦਾਸ ਕੋਲ ਪੁੱਜੀ ਜਿਸ ਰਾਹੀਂ ਇਲਾਕਾ **ਜ਼ੀਰਾ ਦੇ ਕੂਕਿਆਂ ਦਾ ਫ਼ਸਾਦ ਪਾਉਣ ਦੇ ਇਰਾਦੇ ਨਾਲ ਲੁਧਿਆਣਾ ਤੋਂ ਫਿਰੋਜ਼ਪੁਰ ਵਿਚਕਾਰ ਇੱਕਠੇ ਹੋਣ ਦੀ ਖ਼ਬਰ ਧੁੰਮੀ ਸੀ ਤੇ ਉਸ ਖ਼ਬਰ ਦੇ ਬਿਲਕੁਲ ਗਲਤ ਹੋਣ ਤੇ ਉੱਥੇ ਇੱਕ ਵੀ ਕੂਕਾ ਨਾ ਹੋਣ ਬਾਰੇ ਸੂਚਿਤ ਕੀਤਾ ਗਿਆ ਸੀ।**

ਦਾਸ ਨੇ ਸਾਹਿਬ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਪੁੱਜ ਕੇ ਵੇਰਵੇ ਸਹਿਤ ਹਾਲ ਬਿਆਨ ਕੀਤਾ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਦਰਅਸਲ ਇਹ ਖ਼ਬਰ ਬਿਲਕੁਲ ਝੂਠੀ ਹੈ ਅਤੇ ਸਾਡੇ ਕੋਲ ਉਸੇ ਦਿਨ ਤਾਰ ਰਾਹੀਂ ਇਹ ਖ਼ਬਰ ਆ ਗਈ ਸੀ ਕਿ ਇਹ ਖ਼ਬਰ ਧੰਮੀ ਜ਼ਰੂਰ ਸੀ।

ਸੋ ਇਹ ਬਿਨੈ-ਪੱਤਰ ਜਵਾਬ ਦੇ ਤੌਰ 'ਤੇ ਸੂਚਨਾ ਦੇ ਹਿਤ ਸਖ਼ੀ ਹਜ਼ੂਰ ਕੋਲ ਭੇਜੀ ਜਾ ਰਹੀ ਹੈ। ਵਾਜਿਬ ਸਮਝ ਕੇ ਬੇਨਤੀ ਕੀਤੀ ਹੈ।

ਐ ਅਲਾਹ ! ਹਕੂਮਤ ਦੀ ਸੂਰਜ ਚਮਕਦਾ ਰਵ੍ਹੇ !

ਪੁਰਾਣਾ ਨਮਕ ਪਰਵਰਦਾ ਦਾਸ
ਨਿਸਾਰ ਅਲੀ ਵਕੀਲ ਸਰਕਾਰ,
ਮਹਿਕਮਾ ਕਮਿਸ਼ਨਰੀ 'ਚ ਹਾਜ਼ਿਰ ਰਹਿਣ ਵਾਲਾ।
1 ਫਰਵਰੀ ਸੰਨ 1872 ਈ:

**ਸੱਯਦ ਮੁਹੰਮਦ ਹੁਸੈਨ ਕਾਇਮ ਮੁਕਾਮ ਨਾਜ਼ਿਮ ਦੀ ਤਜਵੀਜ਼ ਨਾਲ ਜ਼ਿਲ੍ਹਾ ਅਮਰਗੜ੍ਹ ਦੀ ਨਿਜ਼ਾਮਤ ਦੇ ਫ਼ੌਜਦਾਰੀ ਮਹਿਕਮੇ ਦੀ ਰੋਬਕਾਰ।**

ਫ਼ਿਰਕਾ ਕੂਕਿਆਂ ਦੇ ਫ਼ਸਾਦ ਦੇ ਮੁਕੱਦਮੇ ਸੰਬੰਧੀ

ਸ਼ਾਹੀ ਮੁਨਸ਼ੀ ਖ਼ਾਨੇ ਦੀ ਰੋਬਕਾਰ ਇਸ ਗੱਲ ਦੀ ਸੂਚਨਾ ਦੇ ਤੌਰ 'ਤੇ ਆਈ ਕਿ ਜਿਹੜੀ ਅਫ਼ਵਾਹ **ਇਲਾਕਾ ਜ਼ੀਰਾ ਦੇ ਫਿਰੋਜ਼ਪੁਰ ਵਿੱਚ ਤਿੰਨ ਸੌ ਕੂਕਿਆਂ ਦੇ ਇੱਕਠੇ ਹੋਣ ਅਤੇ ਲੁਧਿਆਣਾ ਤੇ ਫਿਰੋਜ਼ਪੁਰ ਕੋਲ ਫ਼ਸਾਦੀ ਕੂਕਿਆਂ ਦੇ ਫ਼ਿਰਕੇ ਦੀ ਹਰਕਤ ਨਾਲ ਤਾਰ ਤੋੜਨ ਦੀ ਫੈਲੀ ਸੀ ਉਹ ਬਿਲਕੁਲ ਗ਼ਲਤ ਹੈ। ਤਿੰਨ ਸੌ ਕੂਕਿਆਂ ਦੀ ਥਾਂ ਉੱਥੇ ਇੱਕ ਕੂਕਾ ਵੀ ਨਹੀਂ ਸੀ ਅਤੇ ਤਾਰ ਹਵਾ ਨੇ ਡੇਗੀ।**

ਇਹ ਇਤਲਾਹ ਇਸ ਮਹਿਕਮੇਂ 'ਚ ਹੁਣ ਮਿਲੀ ਹੈ।

# ਲੁਕਿਆ ਸੱਚ

---

**ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਵਾਲੀ-ਏ-ਪਟਿਆਲਾ ਦੇ ਨਜ਼ਦੀਕੀ ਸਾਥੀ ਬਾਬੂ ਅਬਨਾਸ਼ ਚੰਦਰ ਬਾਨਵਰ ਜੀ ਦੇ ਨਾਮ ਲਿਖੀ ਚਿੱਠੀ ਦਾ ਤਰਜਮਾ**

ਮਿਤੀ 6 ਫਰਵਰੀ 1872,
ਪਟਿਆਲਾ ਵਿਖੇ।

ਮੇਰੇ ਸਾਹਿਬ,

ਬੀਤੀ ਰਾਤ ਮੈਂ ਆਪਣੀ ਚਿੱਠੀ ਨਾਲ ਤੁਹਾਡੇ ਕੋਲ ਕੂਕਿਆਂ ਦੇ ਫ਼ਸਾਦ ਸੰਬੰਧੀ ਕਾਗਜ਼ ਭੇਜੇ ਸਨ ਅਤੇ ਬਾਕੀਆਂ ਬਾਰੇ ਮੈਂ ਵਾਅਦਾ ਕੀਤਾ ਸੀ ਕਿ ਇੱਕ ਜਾਂ ਦੋ ਦਿਨਾਂ ਮਗਰੋਂ ਭੇਜ ਦਿਆਂਗਾ। ਮੈਂ ਤਿੰਨ ਗੱਲਾਂ, ਜਿਹੜੀਆਂ ਉਨ੍ਹਾਂ ਕਾਗਜ਼ਾਂ 'ਚ ਦਰਜ ਕਰਨੀਆਂ ਜ਼ਰੂਰੀ ਸਨ, ਲਿਖਣੀਆਂ ਭੁੱਲ ਗਿਆ ਸੀ ਭਾਵ ਪਹਿਲੀ ਇਹ ਕਿ ਕੂਕਿਆਂ ਨੂੰ ਪੂਰਾ ਯਕੀਨ ਸੀ ਕਿ "ਅਸੀਂ ਸਾਰੇ ਮੁਲਕ ਉੱਤੇ ਹਕੂਮਤ ਕਰਾਂਗੇ" ਅਤੇ ਇਸ ਗੱਲ ਦੀ ਤਸਦੀਕ ਇਹ ਹੈ ਕਿ ਉਹ ਆਪਸ ਵਿੱਚ ਆਮ ਧਮਾਉਂਦੇ ਸਨ ਕਿ "ਯਕੀਨੀ ਤੌਰ 'ਤੇ ਦੁਨੀਆ ਤੇ ਸਰਦਾਰੀ ਕਾਇਮ ਕਰ ਲਵਾਂਗੇ। ਜਿਹੜਾ ਵਿਅਕਤੀ ਸਾਡੇ ਨਾਲ ਹੁਣ ਸ਼ਾਮਿਲ ਹੋ ਜਾਵੇਗਾ ਉਹ ਬਹੁਤ ਇੱਜ਼ਤ ਤੇ ਤਾਕਤ ਪ੍ਰਾਪਤ ਕਰੇਗਾ। " ਇਸ ਖ਼ਾਹਿਸ ਸਦਕਾ ਬਹੁਤ ਸਾਰੇ ਲੋਕ ਉਨ੍ਹਾਂ ਵਿੱਚ ਸ਼ਾਮਿਲ ਹੋ ਗਏ।

ਦੂਜੀ ਗੱਲ ਇਹ ਹੈ ਕਿ ਉਹ ਜ਼ਿਲਿਆਂ ਦੇ ਵਿੱਚੋਂ ਵਿੱਚੀ ਬਹੁਤ ਸਾਰੇ ਪਿੰਡਾਂ ਨੂੰ ਖ਼ੁਫ਼ੀਆਂ ਡਾਕ ਰਾਹੀਂ ਆਪਣੇ ਸੰਦੇਸ਼ ਆਪਣੇ ਫ਼ਿਰਕੇ ਦੇ ਲੋਕਾਂ ਕੋਲ ਭੇਜਦੇ ਸਨ। ਇਹ ਸੰਦੇਸ਼ ਧਾਰਮਿਕ ਵੀ ਤੇ ਹੋਰ ਮਾਮਲਿਆਂ ਬਾਰੇ ਵੀ ਹੁੰਦੇ ਸਨ।

ਤੀਜੀ ਗੱਲ ਇਹ ਕਿ ਪਹਿਲੇ ਸਮੇਂ (ਗੁਰੂ) ਰਾਮ ਸਿੰਘ ਆਪਣੇ ਚੇਲਿਆਂ ਤੋਂ ਕਿਸੇ ਪ੍ਰਕਾਰ ਦੀ ਨਜ਼ਰ ਨਿਆਜ਼ ਨਹੀ ਸੀ ਲੈਂਦਾ। ਪਰ ਹੁਣ ਉਸ ਨੇ ਹਿੰਦੋਸਤਾਨ ਦੇ ਦੂਜੇ ਰਈਸਾਂ ਵਾਂਗ ਚੋਬਦਾਰ ਆਦਿ ਅਮਲਾ ਫ਼ੈਲਾ ਨੌਕਰ ਰੱਖ ਲਿਆ ਸੀ। ਸਿਰਫ਼ ਇਹੋ ਇੱਕ ਵਸੀਲਾ ਸੀ ਜਿਸ ਸਦਕਾ ਉਸ ਨੇ ਏਨੀ ਧਨ ਦੌਲਤ ਇੱਕਠੀ ਕਰ ਲਈ ਸੀ। ਇਨ੍ਹਾਂ ਦਲੀਲਾਂ ਨਾਲ ਸਾਫ਼ ਜ਼ਾਹਿਰ ਹੈ ਕਿ ਉਸ ਦੇ ਦਿਮਾਗ ਵਿੱਚ ਮੁਲਕ ਨੂੰ ਕਬਜ਼ੇ 'ਚ ਕਰਨ ਦਾ ਖਿਆਲ ਸੀ।

ਮੈਂ ਉਮੀਦ ਕਰਦਾ ਹਾਂ ਕਿ ਇਹ ਮਜ਼ਮੂਨ ਵੀ ਤੁਸੀਂ ਮੇਰੇ ਪਹਿਲੇ ਮਜ਼ਮੂਨ ਨਾਲ ਸ਼ਾਮਿਲ ਕਰ ਦਿਉਗੇ।

ਆਪ ਦਾ ਸੱਚਾ ਮਿੱਤਰ,
(ਦਸਤਖ਼ਤ)
ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ
ਮੀਰ ਮੁਨਸ਼ੀ ਜਾਂ ਫ਼ਾਰਨ ਮਨਿਸਟਰ
ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ,
ਵਾਲੀ-ਏ-ਪਟਿਆਲਾ

ਤਰਜਮਾਂ ਸਹੀ ਹੈ।

ਦਸਤਖ਼ਤ
ਮਾਸਟਰ ਮੁਹੰਮਦ ਖ਼ੁਦਾ,
ਬਖ਼ਸ਼ ਖ਼ਾਨ

---

# 13. ਸ਼ੇਰਪੁਰ ਦੇ ਥਾਣੇਦਾਰ ਨੂੰ ਕਤਲ ਕਰਨ ਦੇ ਇਰਾਦੇ ਦੀ ਅਫਵਾਹ ਬਾਰੇ

**ਤਰਜਮਾ ਤਾਰ ਖ਼ਬਰ ਅੰਗਰੇਜ਼ੀ।**

**ਵੱਲੋਂ** :- ਕਲੰਦਰ ਬਖ਼ਸ਼ ਮੁਹੱਰਿਰ ਵਕਾਲਤ ਫਿਰੋਜ਼ਪੁਰ।

**ਵੱਲ** :- ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ ਪਟਿਆਲਾ।

ਸਾਹਿਬ ਡਿਪਟੀ ਕਮਿਸ਼ਨਰ ਜ਼ਿਲ੍ਹਾ ਫਿਰੋਜ਼ਪੁਰ ਤੁਹਾਨੂੰ ਇਤਲਾਹ ਦਿੰਦੇ ਹਨ ਕਿ ਕੋਈ 50 ਕੂਕੇ, ਭਗਵਾਨ ਸਿੰਘ ਤੇ ਮਸਤਾਨ ਸਿੰਘ ਕੂਕਿਆਂ ਦੀ ਦੋਰਾਹਾ ਵਿਖੇ ਨਹਿਰ ਕੰਢੇ 'ਤੇ ਸਥਿਤ ਦੁਕਾਨ 'ਤੇ ਇੱਕਠੇ ਹੋ ਗਏ ਹਨ। ਇਨ੍ਹਾਂ ਲੋਕਾਂ ਨੇ ਇਹ ਤਜਵੀਜ਼ ਬਣਾਈ ਹੈ ਕਿ ਇੱਕ ਭਿਆਨਕ ਹਮਲਾ ਕਰਕੇ ਥਾਣੇਦਾਰ ਸ਼ੇਰਪੁਰ ਨੂੰ ਮਾਰ ਸੁਟੀਏ , ਜਿਸ ਨੇ ਪਿਛਲੇ ਸਮੇਂ ਵਿੱਚ ਕੂਕਿਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ 'ਚ ਮਦਦ ਕੀਤੀ ਸੀ।

**ਸਾਹਿਬ ਕਮਿਸ਼ਨਰ ਬਹਾਦੁਰ ਅੰਬਾਲਾ ਦੇ ਦਰਬਾਰ ਵੱਲੋਂ** -

ਉੱਚੇ ਦਰਜੇ ਵਾਲੇ ਸੱਯਦ ਨਿਸਾਰ ਅਲੀ,
ਵਕੀਲ ਪਟਿਆਲਾ।

ਸਾਹਿਬ ਇੰਨਸਪੈਕਟਰ ਜਨਰਲ ਪੁਲਿਸ ਦੀ ਅੰਗਰੇਜ਼ੀ 'ਚ ਲਿਖੀ ਚਿੱਠੀ ਅਨੁਸਾਰ ਦਰਿਆਫ਼ਤ ਹੋਇਆ ਕਿ ਮਸਤਾਨ ਸਿੰਘ ਵਾਸੀ ਮਰਾਜ ਤੇ ਭਗਵਾਨ ਸਿੰਘ ਸੋਗਾ ਕੂਕਿਆਂ ਨੇ, ਜਿਹੜੇ ਨਹਿਰ 'ਤੇ ਦੁਕਾਨ ਕਰਦੇ ਹਨ, ਆਪਸ ਵਿੱਚ ਥਾਣੇਦਾਰ ਸ਼ੇਰਪੁਰ ਇਲਾਕਾ ਮਹਾਰਾਜਾ ਸਾਹਿਬ ਬਹਾਦੁਰ ਪਟਿਆਲਾ ਨੂੰ ਕਤਲ ਕਰਨ ਦਾ ਇਰਾਦਾ ਬਣਾਇਆ ਹੈ। ਇਸ ਹਾਲਤ ਦੀ ਮਹਾਰਾਜਾ ਸਾਹਿਬ ਬਹਾਦੁਰ ਦੀ ਸੇਵਾ ਵਿਚ ਇਤਲਾਹ ਦੇਣ ਨੂੰ ਮੱਦੇ ਨਜ਼ਰ ਰੱਖਦੇ ਹੋਏ ਤੁਹਾਨੂੰ ਲਿਖਿਆ ਜਾਂਦਾ ਹੈ ਕਿ ਤੁਸੀਂ ਇਸ ਗੱਲ ਦੀ ਇਤਲਾਹ ਮਹਾਰਾਜਾ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਪਹੁੰਚਾ ਦਿਓ। *

ਇਹ ਵੀ ਸੁਣਿਆ ਗਿਆ ਹੈ ਕਿ 50 ਕੂਕੇ ਨਹਿਰ 'ਤੇ ਕੰਮ ਕਰਦੇ ਹਨ ਅਤੇ ਫ਼ਸਾਦ ਪਾਉਣ ਦਾ ਇਰਾਦਾ ਰੱਖਦੇ ਹਨ। ਹੋ ਸਕਦਾ ਹੈ ਇਹ ਉਹੋ ਕੂਕੇ ਹੋਣ ਜਿਨ੍ਹਾਂ ਦੀ ਮਹਾਰਾਜਾ ਸਾਹਿਬ ਬਹਾਦੁਰ ਵੱਲੋਂ ਇਤਲਾਹ ਪਹੁੰਚੀ ਸੀ।

11 ਅਪ੍ਰੈਲ 1872.

* ਕੂਕਿਆਂ ਦੀ ਏਨੀ ਦਹਿਸ਼ਤ ਫੈਲੀ ਹੋਈ ਹੈ ਕਿ ਕੂਕਿਆਂ ਵੱਲੋਂ ਥਾਣੇਦਾਰ ਨੂੰ ਕਤਲ ਕਰਨ ਦਾ ਇਰਾਦਾ ਰੱਖਣ ਦੀ ਅਫਵਾਹ ਫੈਲ ਗਈ ਸੀ।

---

# ਮਹਾਰਾਜਾ ਪਟਿਆਲਾ ਨੂੰ ਲਿਖੀ ਗਈ ਚਿੱਠੀ

ਗਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਅੱਜ ਦੀ ਤਰੀਕ ਵਿੱਚ ਮਹਿਕਮਾ ਕਮਿਸ਼ਨਰੀ ਦਾ ਪਰਵਾਨਾ ਦਾਸ ਕੋਲ ਪੁੱਜਾ ਜਿਸ ਵਿੱਚ ਦਰਜ ਹੈ ਕਿ ਸਤਿਲੁਜ ਨਹਿਰ 'ਤੇ ਮੌਜੂਦ ਨਿਹਾਲ ਸਿੰਘ ਆਦਿ ਕੂਕੇ ਥਾਣੇਦਾਰ ਸ਼ੇਰਪੁਰ ਨੂੰ ਕਤਲ ਕਰਨ ਦਾ ਇਰਾਦਾ ਰੱਖਦੇ ਹਨ ਅਤੇ ਫ਼ਸਾਦ ਪਾਉਣਾ ਚਾਹੁੰਦੇ ਹਨ।

ਸੋ ਮੈਂ ਇਸ ਬਿਨੈ-ਪੱਤਰ ਰਾਹੀਂ ਅਸਲ ਕਾਗਜ਼ (ਪਰਵਾਨਾ) ਸਫ਼ੀ ਹਜ਼ੂਰ ਕੋਲ ਭੇਜ ਰਿਹਾ ਹਾਂ।
ਵਾਜਿਬ ਜਾਣ ਕੇ ਅਰਜ਼ ਕੀਤਾ।
ਐ ਖ਼ੁਦਾ ! ਹਕੂਮਤ ਦਾ ਸੂਰਜ ਚਮਕਦਾ ਰਵ੍ਹੇ !

ਦਾਸ
ਪੁਰਾਣਾ ਨਮਕ ਪਰਵਰਦਾ,
ਨਿਸਾਰ ਅਲੀ ਵਕੀਲ ਸਰਕਾਰ,
ਮਹਿਕਮਾ ਕਮਿਸ਼ਨਰੀ 'ਚ ਹਾਜ਼ਿਰ ਰਹਿਣ ਵਾਲਾ।
11 ਅਪ੍ਰੈਲ 1872.

**ਹੁਕਮ ਹੋਇਆ ਕਿ :-**

ਭਾਵੇਂ ਇਹ ਗੱਲ ਭਰੋਸੇਯੋਗ ਖਿਆਲ ਨਹੀਂ ਕੀਤੀ ਜਾਂਦੀ ਪਰ ਇਹਤਿਆਤ ਵਜੋਂ ਥਾਣੇਦਾਰ ਸ਼ੇਰਪੁਰ ਕੋਲ ਇਸ ਦੀ ਨਕਲ ਭੇਜ ਦਿੱਤੀ ਜਾਵੇ। ਇਹ ਬਿਨੈ-ਪੱਤਰ ਨਹਿਰ ਦੇ ਕੰਢੇ ਮੌਜੂਦ ਕੂਕਿਆਂ ਨਾਲ ਸੰਬੰਧਤ ਕਾਗਜ਼ਾਂ ਨਾਲ ਪੇਸ਼ ਕੀਤੇ ਜਾਣ।

ਗ਼ਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

**ਵਿਸ਼ਾ :-** ਸ਼ੇਰਪੁਰ ਦੇ ਥਾਣੇਦਾਰ ਦੇ ਕਤਲ ਲਈ ਮਸਤਾਨ ਸਿੰਘ ਕੂਕੇ ਦੇ ਇਰਾਦੇ ਦਾ ਮਾਮਲਾ।

ਇਸ ਮੁਕੱਦਮੇ ਸੰਬੰਧੀ ਅੱਜ ਦੀ ਤਰੀਕ ਵਿੱਚ ਜ਼ਰੂਰੀ ਤੌਰ 'ਤੇ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨੇ ਦੇ ਪਰਵਾਨੇ ਪਿੱਛੇ ਲਿਖੀ ਵੇਰਵੇ ਸਹਿਤ ਰਿਪੋਰਟ ਮਿਤੀ 12 ਅਪ੍ਰੈਲ 1872 ਹਜ਼ੂਰ ਕੋਲ ਭੇਜ ਚੁੱਕਿਆ ਹਾਂ। ਹੁਣ ਇਸ ਸਮੇਂ 7 ਵਜੇ ਸ਼ਾਮ ਦੇ ਸਾਹਿਬ ਕਮਿਸ਼ਨਰ ਬਹਾਦੁਰ ਨੇ ਇੱਕ ਅੰਗਰੇਜ਼ੀ 'ਚ ਲਿਖੀ ਚਿੱਠੀ ਬਿਨਾਂ ਲਿਫ਼ਾਫ਼ੇ ਦੇ ਹੀ ਦਾਸ ਕੋਲ ਭੇਜੀ।

ਸੋ ਮੈਂ ਇਸ ਬਿਨੈ-ਪੱਤਰ ਰਾਹੀਂ ਅਸਲ ਚਿੱਠੀ ਸਖ਼ਾਵਤ ਦੇ ਖ਼ਜ਼ਾਨੇ ਹਜ਼ੂਰ ਕੋਲ ਭੇਜ ਰਿਹਾ ਹਾਂ।
ਵਾਜਿਬ ਜਾਣ ਕੇ ਅਰਜ਼ ਕੀਤਾ।
ਹਕੂਮਤ ਦਾ ਸੂਰਜ ਚਮਕਦਾ ਰਵ੍ਹੇ !

ਦਾਸ
ਪੁਰਾਣਾ ਨਮਕ ਪਰਵਰਦਾ,
ਨਿਸਾਰ ਅਲੀ ਵਕੀਲ ਕਮਿਸ਼ਨਰੀ
13 ਅਪ੍ਰੈਲ 1872.

---

## ਉਸ ਖ਼ਬਰ ਦਾ ਤਰਜਮਾ ਜਿਹੜੀ ਡਿਸਟਰਿਕਟ ਸੁਪਰਡੈਂਟ ਫਿਰੋਜ਼ਪੁਰ ਦੀ ਭੇਦ ਭਰੀ ਰਿਪੋਰਟ ਵਿੱਚੋਂ ਲਈ ਗਈ ਹੈ *

3 ਅਪ੍ਰੈਲ

ਅੱਜ ਇੱਕ ਸ਼ਖਸ ਚੜ੍ਹਤ ਸਿੰਘ, ਜਿਹੜਾ ਮੁਕਤਸਰ ਦੇ ਲਾਗੇ ਪਿੰਡ ਸੋਬਾ ਵਾਲਾ ਦਾ ਹੈ, ਉਸ ਥਾਣੇ 'ਚ ਆਇਆ ਅਤੇ ਖ਼ਬਰ ਦਿੱਤੀ ਕਿ " ਅੰਬਾਲਾ ਵਿਖੇ ਨਹਿਰ ਰੋਪੜ ਦੇ ਲਾਗੇ ਮੈਂ ਦੋ ਕੂਕਿਆਂ ਨੂੰ ਜਿਨ੍ਹਾਂ ਵਿੱਚੋਂ ਇੱਕ ਮਸਤਾਨ ਸਿੰਘ ਮਰਾਜ ਵਾਲਾ ਤੇ ਦੂਜਾ ਭਗਵਾਨ ਸਿੰਘ ਸੋਗਾ ਵਾਲਾ ਹੈ, ਤੇ ਦੋਵੇਂ ਥਾਣਾ ਮੁਕਤਸਰ ਦੇ ਰਹਿਣ ਵਾਲੇ ਹਨ, ਅਤੇ ਨਹਿਰ ਸਰਹਿੰਦ 'ਤੇ ਆਟਾ ਦਾਲ ਵੇਚਣ ਦੀਆਂ ਦੁਕਾਨਾਂ ਕਰਦੇ ਹਨ, ਆਪਸ ਵਿੱਚ ਗੱਲਾਂ ਕਰਦੇ ਤੇ ਇਸ ਗੱਲ ਦੀਆਂ ਕਸਮਾਂ ਖਾਂਦੇ ਹੋਏ ਸੁਣੇ ਗਏ ਕਿ ਅਸੀਂ ਥਾਣੇਦਾਰ ਸ਼ੇਰਪੁਰ ਇਲਾਕਾ ਪਟਿਆਲਾ ਨੂੰ ਕਤਲ ਕਰਾਂਗੇ।"

ਉਪ੍ਰੋਕਤ ਨਕਲ ਦੀ ਤਸਦੀਕ ਈ. ਐਚ ਬਾਨ ਫ਼ੀਲਡ ਸਾਹਿਬ ਡਿਪਟੀ ਇੰਸਪੈਕਟਰ ਜਨਰਲ ਦੇ ਦਸਤਖ਼ਤਾਂ ਨਾਲ ਹੋਈ।

ਮੁਕਾਮ ਅੰਬਾਲਾ,
13 ਅਪ੍ਰੈਲ 1872.

* (ਡਿਪਟੀ ਇੰਸਪੈਕਟਰ ਜਨਰਲ ਅੰਬਾਲਾ ਵੱਲੋਂ ਭੇਜੀ ਗਈ ਇਹ ਰਿਪੋਰਟ ਨਿਸਾਰ ਅਲੀ ਵਕੀਲ ਕਮਿਸ਼ਨਰੀ ਨੇ ਮਹਾਰਾਜਾ ਪਟਿਆਲਾ ਨੂੰ ਭੇਜੀ।)

**Extract from Confidential Report from District Superintendent of Ferozpur.**
**3 April.**

One Charat Singh of Soba near Muktar came to that thana and reported that at Ambala near Ropar canal he had heard two Kookas (Mastan Singh of Meraj wala and Bhagwan Singh of Soga, Both of Muktsar Thana) who have shops at the canal for selling atta & dal talking & swearing that they will kill the Thanadar of Sherpur in Patiala.

True extract
-Sd-
Deputy Inspecter General,
Ambala.
13th April 1872.

# ਲੁਕਿਆ ਸੱਚ

---

**ਨਿਆਮਤਾਂ ਦੇ ਮਾਲਿਕ ਜਨਾਬ ਮੀਰ ਮੁਹੰਮਦ ਹੁਸੈਨ ਸਾਹਿਬ, ਮੀਰ ਮੁਨਸ਼ੀ,**

ਅਦਬ ਆਦਾਬ ਅਰਜ਼ ਕਰਨ ਮਗਰੋਂ ਹਾਲ ਇਹ ਹੈ ਕਿ ਮਹਿਕਮਾ ਕਮਿਸ਼ਨਰੀ ਦੇ ਪਰਵਾਨੇ ਦੇ ਹਵਾਲੇ ਨਾਲ ਵਕੀਲ ਕਮਿਸ਼ਨਰੀ ਦੇ ਬਿਨੈ-ਪੱਤਰ ਦੀ ਨਕਲ, ਜਿਸ ਉੱਤੇ ਸ਼ਾਹੀ ਮੁਨਸ਼ੀ ਖ਼ਾਨੇ ਦਾ ਹੁਕਮ ਲਿਖਿਆ ਹੋਇਆ ਹੈ, ਪ੍ਰਾਪਤ ਹੋਈ। ਇਸ ਬਿਨੈ-ਪੱਤਰ ਵਿੱਚ ਦਰਜ ਹੈ ਕਿ ਕੂਕੇ ਥਾਣੇਦਾਰ ਸ਼ੇਰਪੁਰ ਨੂੰ ਕਤਲ ਕਰਨਾ ਚਾਹੁੰਦੇ ਹਨ। ਮਸਤਾਨ ਸਿੰਘ ਵਾਸੀ ਮਰਾਜ ਤੇ ਭਗਵਾਨ ਸਿੰਘ ਵਾਸੀ ਸੋਗਾ ਆਦਿ 50 ਕੂਕੇ ਨਹਿਰ ਸਤਿਲੁਜ ਤੇ ਮੌਜੂਦ ਹਨ। ਉਨ੍ਹਾਂ ਵਿੱਚੋਂ ਮਸਤਾਨ ਸਿੰਘ ਨਾਮੀ ਕੂਕਾ ਤੇ ਭਗਵਾਨ ਸਿੰਘ ਨਾਮੀ ਕੂਕਾ ਇਸ ਇਲਾਕੇ ਦੇ ਵਾਸੀ ਹਨ, ਜਿਨ੍ਹਾਂ ਦਾ ਹਵਾਲਾ ਬਿਨੈ-ਪੱਤਰ ਵਿੱਚ ਹੈ ਪਰ ਮਸਤਾਨ ਸਿੰਘ ਨਾਮ ਦੇ ਕੁਝ ਕੂਕੇ ਪਿੰਡ ਬੇਗੋਵਾਲ, ਕੁੱਬਾ ਤੇ ਲੱਲਾਂ ਵਿੱਚ ਜ਼ਰੂਰ ਹਨ ਭਾਵੇਂ ਕਿਸੇ ਤਰ੍ਹਾਂ ਦੇ ਇੰਤਜ਼ਾਮ ਵਾਸਤੇ ਹੁਕਮ ਦਰਜ ਨਹੀ ਸੀ ਪਰ ਦਾਸ ਨੇ ਭਗਵਾਨ ਸਿੰਘ ਤੇ ਮਸਤਾਨ ਸਿੰਘ ਨਾਮ ਮੁਸ਼ਤਬਹ (ਜਿਨ੍ਹਾਂ ਉੱਤੇ ਸ਼ੱਕ ਹੋਵੇ) ਕੂਕਿਆਂ ਨੂੰ ਬੁਲਾਇਆ ਹੈ ਅਤੇ ਮੈਂ ਇਸ ਗੱਲ ਦੀ ਖ਼ੁਫ਼ੀਆਂ ਤਹਿਕੀਕਾਤ ਕਰਨ ਵਿੱਚ ਰੁੱਝਿਆ ਹੋਇਆ ਹਾਂ। ਇਹਤਿਆਤ ਦੇ ਤੌਰ 'ਤੇ ਇਸ ਨਾਮ ਦੇ ਕੂਕਿਆਂ, ਨੰਬਰਦਾਰਾਂ ਤੇ ਕੂਕਿਆਂ ਦੇ ਆਗੂਆਂ ਦੁਕਾਨਦਾਰਾਂ, ਜਿਹੜੇ ਨਹਿਰ 'ਤੇ ਮੌਜੂਦ ਹਨ, ਨੂੰ ਹਦਾਇਤ ਆਦਿ ਕੀਤੀ ਜਾਵੇਗੀ। ਨੰਬਰਦਾਰਾਂ ਤੇ ਚੌਕੀਦਾਰਾਂ ਨੂੰ ਸਮਝਾਇਆ ਜਾਵੇਗਾ ਕਿ ਉਹ ਦਿਨ ਰਾਤ ਇਨ੍ਹਾਂ ਨਾਮਾਂ ਦੇ ਕੂਕਿਆਂ ਦੀ ਨਿਗਰਾਨੀ ਰੱਖਣ।

ਹੁਕਮ ਦੀ ਤਾਮੀਲ ਤੇ ਦਰਿਆਫ਼ਤ ਕਰਨ ਉਪ੍ਰੰਤ ਵੇਰਵੇ ਸਹਿਤ ਰਿਪੋਰਟ ਕੀਤੀ ਜਾਵੇਗੀ।

ਇਸ ਬਿਨੈ-ਪੱਤਰ ਰਾਹੀਂ ਇਤਲਾਹ ਅਰਜ਼ ਕੀਤੀ ਗਈ ਹੈ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨਾ ਹੈ।

13 ਅਪ੍ਰੈਲ 1872.

ਦਾਸ
ਸੱਯਦ ਸਾਦਿਕ ਅਲੀ,
ਥਾਣੇਦਾਰ ਸਾਹਿਬਗੜ੍ਹ,

**ਹੁਕਮ ਹੋਇਆ ਕਿ**

ਇਸ ਦੀ ਨਕਲ ਵਕੀਲ ਕਮਿਸ਼ਨਰੀ ਕੋਲ ਭੇਜ ਦਿੱਤੀ ਜਾਵੇ।

17 ਅਪ੍ਰੈਲ 1872.

-Sd-
ਸੱਯਦ ਮੁਹੰਮਦ ਹੁਸੈਨ,
ਮੀਰ ਮੁਨਸ਼ੀ,

# ਲੁਕਿਆ ਸੱਚ

---

ਸ੍ਰੀ ਮਾਨ ਜੀ,

ਇਸ ਵੇਲੇ ਦਿਨ ਦੇ 2 ਵਜੇ ਕਲਾਰਕ ਸਾਰਜੈਂਟ ਮੁਕਤਸਰ ਦੇ ਬਿਨੈ-ਪੱਤਰ ਦੀ ਨਕਲ ਜਿਸ ਉੱਤੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦਾ ਹੁਕਮ ਲਿਖਿਆ ਹੋਇਆ ਸੀ, ਦਾਸ ਕੋਲ ਪੁੱਜੀ। ਉਸ ਨੂੰ ਵਾਚਣ ਤੋਂ ਪਤਾ ਚੱਲਿਆ ਕਿ ਉਪ੍ਰੋਕਤ ਸਾਰਜੈਂਟ ਕੋਲ ਚੜ੍ਹਤ ਸਿੰਘ ਵਾਸੀ ਸੋਗਾ ਨੇ ਰਪਟ ਦਿੱਤੀ ਕਿ " ਮੈਂ ਆਪਣੇ ਭਤੀਜਿਆਂ, ਜਿਹੜੇ ਮਿਹਨਤ ਮਜ਼ਦੂਰੀ ਕਰਨ ਵਾਸਤੇ ਨਹਿਰ 'ਤੇ ਗਏ ਹਨ, ਦਾ ਪਤਾ ਸਤਾ ਲੈਣ ਲਈ ਉਨ੍ਹਾਂ ਕੋਲ ਗਿਆ ਸੀ। ਇਸ ਤੋਂ ਪਹਿਲਾਂ ਮੇਰਾ ਮਜ਼ਹਬ ਕੂਕਾ ਸੀ ਜਿਸ ਸਦਕਾ ਅਕਸਰ ਕੂਕਾ ਲੋਕਾਂ ਨਾਲ ਮੁਲਾਕਾਤ ਹੁੰਦੀ ਰਹੀ। ਮਸਤਾਨ ਸਿੰਘ ਪਿੰਡ ਮਰਾਜ ਵਾਲਾ ਤੇ ਭਗਵਾਨ ਸਿੰਘ ਪਿੰਡ ਸੋਗਾ ਵਾਲਾ ਨੇ ਪਿੰਡ ਰਾਮਪੁਰ ਇਲਾਕਾ ਪਟਿਆਲਾ ਵਿਖੇ ਦੋਰਾਹਾ ਨਹਿਰ 'ਤੇ ਆਟੇ ਦਾਲ ਆਦਿ ਦੀ ਦੁਕਾਨ ਕਰ ਰੱਖੀ ਹੈ। ਜਿਹੜਾ ਕੂਕਾ ਉਨ੍ਹਾਂ ਕੋਲ ਆਉਂਦਾ ਹੈ ਉਹ ਉਸ ਨੂੰ ਹਦਾਇਤ ਕਰਦੇ ਹਨ ਕਿ ਸਤਿਗੁਰੂ ਦਾ ਹੁਕਮ ਹੈ ਕਿ ਥਾਣੇਦਾਰ ਸ਼ੇਰਪੁਰ ਇਲਾਕਾ ਪਟਿਆਲਾ, ਜਿਸ ਨੇ ਕੂਕਾ ਲੋਕਾਂ ਨੂੰ ਫੜ ਕੇ ਤੋਪ ਨਾਲ ਉਡਵਾਏ ਹਨ, ਉੱਤੇ ਹਮਲਾ ਕਰਕੇ ਕਤਲ ਕਰਨਾ ਚਾਹੀਦਾ ਹੈ। ਬਲਕਿ ਉਹ ਸੌਂਹਾਂ ਸੁਗੰਧਾ ਖੁਆ ਕੇ ਤਿਆਰ ਕਰਦੇ ਸਨ। ਕੂਕਾ ਲੋਕ ਵੀ ਇਹ ਗੱਲ ਪ੍ਰਵਾਨ ਕਰਦੇ ਸਨ। ਉਹ ਬੁੱਕਣ ਸਿੰਘ ਕੂਕਾ ਵਾਸੀ ਪਿੰਡ ਸੋਹਣਾ ਦੀ ਉਡੀਕ ਕਰ ਰਹੇ ਸਨ। ਸੋ ਉਹ ਵੀ ਮੈਨੂੰ ਰਾਹ 'ਚ ਜਾਂਦਾ ਹੋਇਆ ਮਿਲਿਆ ਸੀ।

ਮੈਨੂੰ ਯਕੀਨ ਹੈ ਕਿ ਉਹ ਅੱਜ ਕੱਲ੍ਹ ਕੁਝ ਫ਼ਸਾਦ ਕਰਨਗੇ। ਇਸ ਵੇਲੇ ਨਹਿਰ 'ਤੇ ਕੋਈ ਪੰਜਾਹ ਕੂਕੇ ਮੌਜੂਦ ਹਨ। ਉਹ ਇਹ ਵੀ ਜ਼ਿਕਰ ਕਰਦੇ ਸਨ ਕਿ ਬੁੱਕਣ ਸਿੰਘ ਕੇਵਲ ਦੋ ਤਲਵਾਰਾਂ ਦੇ ਕੇ ਫਿਰ ਨਹੀਂ ਆਇਆ। ਮਸਤਾਨ ਸਿੰਘ ਨੇ ਇੱਕ ਕੂਕੇ ਨੂੰ ਕਿਹਾ ਸੀ ਕਿ ਆਪਣਾ ਸਾਮਾਨ ਵੇਖ ਲਿਆ ਕਰੋ ਅਜਿਹਾ ਨਾ ਹੋਵੇ ਕਿ ਖ਼ਰਾਬ ਹੋ ਜਾਵੇ। ਉਹ ਇੱਕ ਕਾਗਜ਼ ਵੀ ਇਸ ਤਰ੍ਹਾਂ ਲਿਖਦੇ ਰਹੇ ਕਿ ਹਰੇਕ ਕੂਕੇ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਤੈਨੂੰ ਆਪਣਾ ਸੀਸ ਦੇਣਾ ਹੋਵੇਗਾ। ਸਾਰੇ ਕੂਕਾ ਲੋਕ ਇੱਕ ਥਾਂ ਖਾਣਾ ਖਾਂਦੇ ਹਨ। ਇੱਕ ਕੂਕੇ ਨੇ ਆਪਣੀ ਔਰਤ ਸਮੇਤ ਫ਼ਸਾਦ ਕਰਨ ਤੋਂ ਇਨਕਾਰ ਕੀਤਾ ਤਾਂ ਉਸ ਨੂੰ ਉਸ ਰਾਤ ਲੰਗਰ 'ਤੋਂ ਰੋਟੀ ਨਹੀਂ ਮਿਲੀ ਹੈ ਪਰ ਮੈਂ ਇਸ ਗੱਲ ਨੂੰ ਸਬੂਤ ਨਹੀਂ ਕਰਾ ਸਕਦਾ ਹਾਂ। ਇਤਲਾਹ ਵਜੋਂ ਰਪਟ ਦੇ ਦਿੱਤੀ ਹੈ।"

ਸੋ ਇਹ ਖ਼ਬਰ ਦਾਸ ਨੇ ਉਸੇ ਵੇਲੇ ਤਾਰ ਰਾਹੀਂ ਹਜ਼ੂਰ ਕੋਲ ਘੱਲੀ ਹੈ। ਉਮੀਦ ਹੈ ਕਿ ਇਸ ਦਾ ਤਸੱਲੀ ਬਖ਼ਸ਼ ਇੰਤਜ਼ਾਮ ਫ਼ਰਮਾਇਆ ਜਾਵੇਗਾ।

ਵਾਜਿਬ ਜਾਣ ਕੇ ਅਰਜ਼ ਕੀਤਾ।

ਐ ਖ਼ੁਦਾ ! ਜ਼ੁਲਮ ਸੀਮਤ ਰਹੇ ! 16 ਅਪ੍ਰੈਲ 1872.

ਸਮਾਂ3 ਵਜ੍ਹੇ ਦਿਨ ਦੇ

ਦੋਬਾਰਾ ਅਰਜ਼ ਇਹ ਹੈ ਕਿ ਥਾਣੇਦਾਰ ਸਾਹਿਬਗੜ੍ਹ ਅਤੇ ਥਾਣੇਦਾਰ ਸ਼ੇਰਗੜ੍ਹ ਨੂੰ ਵੀ ਇਤਲਾਹ ਦੇ ਦਿੱਤੀ ਹੈ।

ਦਾਸ

ਕਲੰਦਰ ਬਖ਼ਸ਼ ਮੁਹੱਰਿਰ ਵਕਾਲਤ ਫਿਰੋਜ਼ਪੁਰ,

ਵਜ਼ੀਰ ਸਾਹਿਬ ਦੇ ਮੁਲਾਹਿਜ਼ਾ ਹੋਣ ਉਪ੍ਰੰਤ ਹੁਕਮ ਹੋਇਆ ਕਿ ਇਸ ਦੀ ਨਕਲ ਲੁਧਿਆਣਾ, ਅੰਬਾਲਾ ਤੇ ਕਮਿਸ਼ਨਰੀ ਦੇ ਵਕੀਲਾਂ ਕੋਲ ਭੇਜ ਦਿੱਤੀ ਜਾਵੇ ਅਤੇ ਇਹ ਵੀ ਲਿਖਿਆ ਜਾਵੇ ਕਿ ਇਹ ਉਹੋ ਖ਼ਬਰ ਹੈ ਜਿਸ ਦਾ ਕੁਝ ਵੀ ਅਸਰ ਨਹੀਂ ਹੈ ਪਰ ਨਹਿਰ ਕੰਢੇ ਇੱਕਠ ਦਾ ਹੋਣਾ ਗ਼ੌਰ ਤਲਬ ਹੈ। ਇਹ ਸਾਰੇ ਲੋਕ ਅੰਗਰੇਜ਼ੀ ਸਰਕਾਰ ਦੇ ਇਲਾਕੇ ਦੇ ਵਾਸੀ ਹਨ।

# ਲੁਕਿਆ ਸੱਚ

-----------------------------------------------------------

ਗ਼ਰੀਬ ਪਰਵਰ! ਸਲਾਮਤ!

ਸ੍ਰੀ ਮਾਨ ਜੀ,

13 ਅਪ੍ਰੈਲ 1872 ਨੂੰ ਵਕੀਲ ਕਮਿਸ਼ਨਰੀ ਦੇ ਬਿਨੈ-ਪੱਤਰ ਦੀ ਨਕਲ ਜਿਸ ਉੱਤੇ ਸ਼ਾਹੀ ਮੁਨਸ਼ੀ ਖ਼ਾਨੇ ਦਾ ਹੁਕਮ ਇਸ ਮਜ਼ਮੂਨ 'ਤੇ ਅਧਾਰਿਤ ਕਿ ਮਸਤਾਨ ਸਿੰਘ ਵਾਸੀ ਮਰ੍ਹਾਜ ਤੇ ਭਗਵਾਨ ਸਿੰਘ ਵਾਸੀ ਸੋਂਗਾ ਕੌਮ ਕੂਕਾ ਜਿਹੜੇ ਨਹਿਰ ਸਤਿਲੁਜ 'ਤੇ ਮੌਜੂਦ ਹਨ, ਥਾਣੇਦਾਰ ਸ਼ੇਰਪੁਰ ਨੂੰ ਕਤਲ ਕਰਨ ਦਾ ਇਰਾਦਾ ਰੱਖਦੇ ਹਨ ਤੇ ਫ਼ਸਾਦ ਪਾਉਣਾ ਚਾਹੁੰਦੇ ਹਨ, ਦਰਜ ਸੀ ਇਸ ਥਾਣੇ ਵਿੱਚ ਇਤਲਾਹ ਵਜੋਂ ਪ੍ਰਾਪਤ ਹੋਈ ਸੀ।

ਸੋ ਦਾਸ ਨੇ ਸਾਰੇ ਕੂਕਿਆਂ ਨੂੰ, ਜਿਹੜੇ ਨਹਿਰ 'ਤੇ ਮੌਜੂਦ ਸਨ, ਤੇ ਨਹਿਰ ਦੇ ਕੰਢੇ 'ਤੇ ਸਥਿਤ ਪਿੰਡਾਂ ਦੇ ਵਾਸੀ ਸਨ, ਇੱਕਠੇ ਕਰਕੇ ਚੰਗੀ ਤਰ੍ਹਾਂ ਦਰਿਆਫ਼ਤ ਕੀਤਾ ਅਤੇ ਇਸ ਥਾਣੇ ਵਿੱਚ ਮੌਜੂਦ ਕੂਕਿਆਂ ਦੀ ਸੂਚੀ ਨੂੰ ਵੇਖਿਆ ਤਾਂ ਮਸਤਾਨ ਸਿੰਘ ਤੇ ਭਗਵਾਨ ਸਿੰਘ ਦੇ ਨਾਮਾਂ ਦੇ ਕੂਕੇ ਮਰ੍ਹਾਜ ਤੇ ਸੋਂਗਾ ਦੇ ਰਹਿਣ ਵਾਲੇ ਇੱਥੇ ਮੌਜੂਦ ਨਾ ਪਾਏ ਅਤੇ ਖ਼ੁਫ਼ੀਆਂ ਤੌਰ 'ਤੇ ਵੀ ਚੰਗੀ ਤਰ੍ਹਾਂ ਤਹਿਕੀਕਾਤ ਕੀਤੀ ਪਰ ਕੁਝ ਵੀ ਹੱਥ ਨਾ ਲੱਗਿਆ। ਇਨ੍ਹਾਂ ਮਸਤਾਨ ਸਿੰਘ ਤੇ ਭਗਵਾਨ ਸਿੰਘ ਨਾਮਾਂ ਦੇ ਸਤਲੁਜ ਨਹਿਰ 'ਤੇ ਠਹਿਰੇ ਹੋਏ ਕੂਕੇ ਹੋਰ ਥਾਣਾਂ ਦੇ ਵਾਸੀ ਤਾਂ ਕਈ ਕੂਕੇ ਮੌਜੂਦ ਹਨ, ਉਨ੍ਹਾਂ ਸਾਰਿਆਂ ਨੂੰ ਇਸ ਇਰਾਦੇ ਦਾ ਗਿਆਨ ਨਹੀਂ ਹੈ।

ਅੱਜ ਦੀ ਤਰੀਕ ਵਿੱਚ ਕਲਾਰਕ ਸਾਰਜੈਂਟ ਥਾਣਾ ਮੁਕਤਸਰ ਦੇ ਬਿਨੈ-ਪੱਤਰ ਦੇ ਹਵਾਲੇ ਨਾਲ ਕਲੰਦਰ ਬੁਖ਼ਸ਼ ਮੁਹੱਰਿਰ ਵਕਾਲਤ ਫਿਰੋਜ਼ਪੁਰ ਦਾ ਇੱਕ ਖ਼ਤ ਇਸ ਮੁਕੱਦਮੇਂ ਸੰਬੰਧੀ ਚੜ੍ਹਤ ਸਿੰਘ ਦੀ ਰਪਟ ਅਨੁਸਾਰ ਇੱਥੇ ਪੁੱਜਾ। ਉਸ ਵਿੱਚ ਇਹ ਵੀ ਲਿਖਿਆ ਹੈ ਕਿ ਇਹ ਦੋਨੋਂ ਸ਼ਖਸ ਪਿੰਡ ਰਾਮਪੁਰ ਦੀ ਹੱਦ 'ਤੇ ਦੋਰਾਹਾ ਨਹਿਰ ਉੱਤੇ ਆਟੇ ਦਾਲ ਦੀ ਦੁਕਾਨ ਕਰਦੇ ਹਨ। ਜਿਹੜਾ ਕੂਕਾ ਉਨ੍ਹਾਂ ਕੋਲ ਆਉਂਦਾ ਜਾਂਦਾ ਹੈ ਉਸ ਨੂੰ ਹਦਾਇਤ ਕਰਦੇ ਹਨ ਕਿ ਸਤਿਗੁਰੂ ਦਾ ਹੁਕਮ ਹੈ ਕਿ ਥਾਣੇਦਾਰ ਸ਼ੇਰਪੁਰ ਨੂੰ ਕਤਲ ਕਰੋ ਅਤੇ ਇਹ ਬੁੱਕਣ ਸਿੰਘ ਵਾਸੀ ਪਿੰਡ ਸੋਹਣਾ, ਨੂੰ ਉਡੀਕ ਰਹੇ ਹਨ। ਬੁੱਕਣ ਸਿੰਘ ਵੀ, ਜਿਹੜਾ ਰਪਟ ਦੇਣ ਵਾਲੇ ਚੜ੍ਹਤ ਸਿੰਘ ਨੂੰ ਰਾਹ ਵਿੱਚ ਮਿਲਿਆ ਸੀ, ਉੱਥੇ ਆ ਪੁੱਜਾ ਸੀ।

ਦਾਸ ਇਸ ਵੇਲੇ ਦੋਬਾਰਾ ਦਰਿਆਫ਼ਤ ਕਰਨ ਵਾਸਤੇ ਨਹਿਰ ਦੇ ਕੰਢੇ ਵੱਲ ਸਵਾਰ ਹੋ ਰਿਹਾ ਹੈ ਪਰ ਬੇਨਤੀ ਇਹ ਹੈ ਕਿ ਏਨੇ ਕੂਕਿਆਂ ਦਾ ਇੱਕ ਥਾਂ ਨਹਿਰ 'ਤੇ ਇੱਕਠੇ ਹੋਣਾ ਅਤੇ ਅਜਿਹੀਆਂ ਅਜਿਹੀਆਂ ਗੱਲਾਂ ਦੀ ਸ਼ੁਹਰਤ ਹੋਣਾ ਬਿਲਕੁਲ ਸ਼ੱਕ ਪੈਦਾ ਕਰਦਾ ਹੈ। ਇਸ ਵਾਸਤੇ ਪਹਿਲਾਂ ਵੀ ਇਨ੍ਹਾਂ ਕੂਕਿਆਂ ਦਾ ਇੰਤਜ਼ਾਮ ਕਰਨ ਵਾਸਤੇ ਹਜ਼ੂਰ ਕੋਲ ਵੇਰਵੇ ਸਹਿਤ ਰਿਪੋਰਟ ਭੇਜੀ ਸੀ ਪਰ ਫਿਰ ਵੀ ਇੰਤਜ਼ਾਮ ਦੀ ਕੋਈ ਸੂਰਤ ਬਣ ਕੇ ਦਾਸ ਨੂੰ ਇਤਲਾਹ ਨਹੀਂ ਬਖ਼ਸ਼ੀ ਗਈ। ਇਸ ਮਸਤਾਨ ਸਿੰਘ ਤੇ ਭਗਵਾਨ ਸਿੰਘ ਦਾ, ਅਸਲੀ ਮੁਖਬਰ ਦੇ ਹਾਜ਼ਿਰ ਆਏ ਬਿਨਾਂ ਪਤਾ ਮਿਲਣਾ ਅਤਿਅੰਤ ਕਠਿਨ ਹੈ। ਇਨ੍ਹਾਂ ਲੋਕਾਂ ਵਿੱਚ ਬਾਅਜ਼ੇ ਬਾਅਜ਼ੇ ਸ਼ਖਸ ਆਪਣੇ ਨਾਮ ਤੇ ਪੱਕੀ ਰਿਹਾਇਸ਼ ਦਾ ਪਤਾ ਛੁਪਾਈ ਰੱਖਦੇ ਹਨ ਕਿਉਂਕਿ ਇਨ੍ਹਾਂ ਲੋਕਾਂ ਕੋਲ ਇਨ੍ਹਾਂ ਦੇ ਪਿੰਡਾਂ ਦੇ ਨੰਬਰਦਾਰਾਂ, ਥਾਣੇ ਤੇ ਅਦਾਲਤ ਤਹਿਸੀਲ ਦੀ ਤਸਦੀਕ ਇਨ੍ਹਾਂ ਦੀ ਮੌਜੂਦਗੀ ਦੀ ਨਹੀਂ ਹੈ ਇਸ ਲਈ ਇਨ੍ਹਾਂ ਦੇ ਕਹਿਣ ਦਾ ਕਦੰਤ ਇਤਬਾਰ ਨਹੀਂ ਹੁੰਦਾ। ਦੂਸਰੀ ਗੱਲ ਇਹ ਹੈ ਕਿ ਅਕਸਰ ਇਨ੍ਹਾਂ ਲੋਕਾਂ ਕੋਲ ਕੂਕਿਆਂ ਦਾ ਆਉਣਾ ਜਾਣਾ ਰਹਿੰਦਾ ਹੈ ਪਰ ਪੁਲਿਸ ਦੇ ਕਰਮਚਾਰੀਆਂ ਵੱਲੋਂ ਦਰਿਆਫ਼ਤ ਕਰਨ ਸਮੇਂ ਆਉਣ ਜਾਣ ਵਾਲੇ ਲੋਕ ਛੁਪ ਜਾਂਦੇ ਹਨ ਅਤੇ ਇੱਕ ਦੋ ਦਿਨ ਠਹਿਰ ਕੇ ਤੇ ਮਿਲ ਗਿਲ ਕੇ ਚਲੇ ਜਾਂਦੇ ਹਨ।

ਸੋ ਇਸ ਬਿਨੈ-ਪੱਤਰ ਨਾਲ ਮੁਹੱਰਿਰ ਵਕਾਲਤ ਫਿਰੋਜ਼ਪੁਰ ਦੇ ਖ਼ਤ ਦੀ ਨਕਲ ਭੇਜ ਕੇ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਲੋਕਾਂ ਦਾ ਛੇਤੀ ਨਾਲ ਇੰਤਜ਼ਾਮ ਕੀਤਾ ਜਾਵੇ ਨਹੀਂ ਤਾਂ ਇਨ੍ਹਾਂ ਲੋਕਾਂ ਦੀ ਕਥਨੀ ਤੇ ਕਰਨੀ ਦਾ ਕੋਈ ਇਤਬਾਰ ਨਹੀਂ ਹੈ।

ਦਾਸ

10 ਵੈਸਾਖ 1929. ਸੱਯਦ ਸਾਦਿਕ ਅਲੀ,

20 ਅਪਰੈਲ 1928 ਥਾਣੇਦਾਰ ਤਾਆਲੁੱਕਾ ਸਾਹਿਬਗੜ੍ਹ।

# ਲੁਕਿਆ ਸੱਚ

---

ਵਜ਼ੀਰ ਸਾਹਿਬ ਦੇ ਮੁਲਾਹਿਜ਼ਾ ਹੋਣ ਉਪ੍ਰੰਤ ਹੁਕਮ ਹੋਇਆ ਕਿ ਇਸ ਦੀ ਨਕਲ ਵਕੀਲ ਲੁਧਿਆਣਾ ਤੇ ਵਕੀਲ ਕਮਿਸ਼ਨਰੀ ਅੰਬਾਲਾ ਕੋਲ ਵੇਰਵੇ ਸਹਿਤ ਹਾਲ ਦੱਸਣ ਵਜੋਂ ਭੇਜ ਦਿੱਤੀ ਜਾਵੇ।

21 ਅਪ੍ਰੈਲ 1872.
11 ਵੈਸਾਖ 1929. ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ,

ਗਰੀਬ ਪਰਵਰ ਸਲਾਮਤ

ਸ੍ਰੀ ਮਾਨ ਜੀ,

ਅੱਜ ਕਲੰਦਰ ਬਖ਼ਸ਼ ਮੁਹੱਰਿਰ ਵਕਾਲਤ ਫਿਰੋਜ਼ਪੁਰ ਦਾ ਖ਼ਤ ਮਿਤੀ 16 ਅਪ੍ਰੈਲ 1872 ਇਸ ਮਜ਼ਮੂਨ 'ਤੇ ਆਧਾਰਿਤ ਇਸ ਥਾਣੇ 'ਚ ਪੁੱਜਾ ਕਿ ਕਲਾਰਕ ਸਾਰਜੈਂਟ ਮੁਕਤਸਰ ਦੇ ਬਿਨੈ-ਪੱਤਰ ਦੀ ਨਕਲ ਪ੍ਰਾਪਤ ਹੋਣ 'ਤੇ ਪਤਾ ਲੱਗਿਆ ਕਿ ਚੜ੍ਹਤ ਸਿੰਘ ਨੇ ਥਾਣਾ ਮੁਕਤਸਰ 'ਚ ਰਪਟ ਦਿੱਤੀ ਹੈ ਕਿ " ਮਸਤਾਨ ਸਿੰਘ ਵਾਸੀ ਮਰ੍ਹਾਜ ਤੇ ਭਗਵਾਨ ਸਿੰਘ ਵਾਸੀ ਸੋਗਾ ਨੇ ਪਿੰਡ ਰਾਮਪੁਰ ਦੀ ਜੂਹ ਵਿੱਚ ਨਹਿਰ ਦੇ ਕਿਨਾਰੇ ਪਰਚੂਨ ਦੀ ਦੁਕਾਨ ਕਰ ਰੱਖੀ ਹੈ। ਕੂਕਾ ਮਜ਼ਹਬ ਦਾ ਜਿਹੜਾ ਆਦਮੀ ਉਨ੍ਹਾਂ ਦੀ ਦੁਕਾਨ 'ਤੇ ਆਉਂਦਾ ਹੈ ਉਹ ਉਸ ਨੂੰ ਹਦਾਇਤ ਕਰਦੇ ਹਨ ਕਿ ਸਤਿਗੁਰੂ ਦਾ ਹੁਕਮ ਹੈ ਕਿ ਥਾਣੇਦਾਰ ਸ਼ੇਰਪੁਰ ਨੂੰ ਕਤਲ ਕਰਨਾ ਚਾਹੀਦਾ ਹੈ। ਉਹ ਬੁਕਣ ਸਿੰਘ ਸੋਹਣਾ ਵਾਲਾ ਦੀ ਉਡੀਕ ਕਰ ਰਹੇ ਸਨ। ਬੁੱਕਣ ਸਿੰਘ ਮੈਨੂੰ ਰਾਹ ਵਿੱਚ ਮਿਲਿਆ ਸੀ। ਨਹਿਰ 'ਤੇ ਪੰਜਾਹ ਕੂਕੇ ਮੌਜੂਦ ਹਨ ਅਤੇ ਤੁਸੀਂ ਆਪਣਾ ਬੰਦੋਬਸਤ ਰੱਖੋ।"

ਇਸ ਤੋਂ ਪਹਿਲਾਂ ਇਸ ਬਾਰੇ ਸਰਕਾਰ ਦੇ ਵਕੀਲ ਦੇ ਨਾਮ ਸਾਹਿਬ ਕਮਿਸ਼ਨਰ ਬਹਾਦੁਰ ਦਾ ਹੁਕਮ ਜਾਰੀ ਹੋਇਆ ਸੀ ਤੇ ਵਕੀਲ ਨੇ ਆਪਣਾ ਬਿਨੈ-ਪੱਤਰ ਸ਼ਾਹੀ ਮੁਨਸ਼ੀ ਖ਼ਾਨੇ ਨੂੰ ਭੇਜਿਆ ਸੀ ਅਤੇ ਮੁਨਸ਼ੀ ਖ਼ਾਨੇ ਵੱਲੋਂ ਜ਼ਰੂਰੀ ਤੌਰ 'ਤੇ ਹੁਕਮ ਜਾਰੀ ਹੋਇਆ ਸੀ। ਉਸ ਵਿੱਚ ਵੀ ਇਨ੍ਹਾਂ ਮਸਤਾਨ ਸਿੰਘ ਤੇ ਭਗਵਾਨ ਸਿੰਘ ਦੇ ਨਾਮ ਦਰਜ ਸਨ। ਸ੍ਰੀ ਮਾਨ ਜੀ, ਭਾਵੇਂ ਮਾਲਿਕਾਂ ਦੇ ਤੇਜ ਪਰਤਾਪ ਸਦਕਾ ਦਾਸ ਨੂੰ ਕਿਸੇ ਤਰ੍ਹਾਂ ਦਾ ਕੁਝ ਡਰ ਨਹੀਂ ਹੈ ਅਤੇ ਕਿਸੇ ਦੀ ਮਜਾਲ ਨਹੀਂ ਜੋ ਇਸ ਜ਼ੁਰਮ ਦਾ ਭਾਗੀ ਬਣੇ ਪਰ ਤਾਂ ਵੀ ਵਧੇਰੇ ਇਹਤਿਆਤ ਨੂੰ ਮੁੱਖ ਰੱਖਦੇ ਹੋਏ ਬੇਨਤੀ ਕਰਦਾ ਹਾਂ ਕਿ ਇਸ ਥਾਣੇ ਵਿੱਚ ਕੁੱਲ ਨੌਂ ਸਿਪਾਹੀ ਨਿਯੁਕਤ ਹਨ ਜਿਹੜੇ ਇਲਾਕੇ ਦੀਆਂ ਅਸਾਮੀਆਂ ਨੂੰ ਬੁਲਾਉਣ ਜੋਗੇ ਹੀ ਹੋ ਸਕਦੇ ਹਨ, ਜਿਸ ਕਰਕੇ ਥਾਣੇ ਵਿੱਚ ਪਹਿਰੇ ਦਾ ਇੰਤਜ਼ਾਮ ਨਹੀਂ ਹੋ ਸਕਦਾ।

ਸੋ ਵਕਾਲਤ ਦੇ ਮੁਹੱਰਿਰ ਦੇ ਖ਼ਤ ਦੀ ਨਕਲ ਭੇਜ ਕੇ ਉਮੀਦ ਕਰਦਾ ਹਾਂ ਕਿ ਜੇ ਉੱਚੀ ਪਦਵੀ ਵਾਲੀ ਸਰਕਾਰ ਦੇ ਅਹਿਲਕਾਰ ਮੁਨਾਸਿਬ ਸਮਝਣ ਤਾਂ ਇਸ ਥਾਣੇ ਵਿੱਚ ਇੱਕ ਪਹਿਰਾ ਪਲਟਣ ਦਾ ਨਿਯੁਕਤ ਕੀਤਾ ਜਾਵੇ ਜੀ। ਵਾਜਿਬ ਤੌਰ 'ਤੇ ਅਰਜ਼ ਕੀਤਾ।

ਹਕੂਮਤ ਦਾ ਸੂਰਜ ਚਮਕਦਾ ਦਮਕਦਾ ਰਵ੍ਹੇ !

22ਅਪਰੈਲ 1872 ਦਾਸ
12 ਵੈਸਾਖ 1928. ਥਾਣੇਦਾਰ ਸ਼ੇਰਪੁਰ,

ਇਸ ਬਾਰੇ ਜਿਹੜਾ ਹੁਕਮ ਵਜ਼ੀਰ ਸਾਹਿਬ ਬਹਾਦੁਰ ਦੇ ਦਰਬਾਰ ਵਿੱਚੋਂ ਸਿਪਾਹੀਆਂ ਦੀ ਨਿਯੁਕਤੀ ਵਾਸਤੇ ਪਹਿਲਾਂ ਹੋ ਚੁੱਕਿਆ ਹੈ ਉਸ ਹੁਕਮ ਦੀ ਪਾਲਣਾ ਕੀਤੀ ਜਾਵੇ।

30 ਅਪ੍ਰੈਲ 1872.
-Sd-
ਮੀਰ ਮੁਨਸ਼ੀ

# ਲੁਕਿਆ ਸੱਚ

---

**ਵਿਸ਼ਾ :- ਥਾਣੇਦਾਰ ਸ਼ੇਰਪੁਰ ਨੂੰ ਕਤਲ ਦੇ ਇਰਾਦੇ ਦੀ ਤਹਿਕੀਕਾਤ। ਚੜ੍ਹਤ ਸਿੰਘ ਵਾਸੀ ਸਿਉਣਾ ਦੀ ਰਿਪੋਰਟ ਅਨੁਸਾਰ ਕਿ ਮਸਤਾਨ ਸਿੰਘ ਵਾਸੀ ਮਰ੍ਹਾਜ ਤੇ ਭਗਵਾਨ ਸਿੰਘ ਵਾਸੀ ਸੋਗਾ ਕੌਮ ਕੂਕਾ, ਜਿਹੜੇ ਨਹਿਰ ਸਤਿਲੁਜ 'ਤੇ ਮੌਜੂਦ ਹਨ, ਥਾਣੇਦਾਰ ਸ਼ੇਰਪੁਰ ਨੂੰ ਕਤਲ ਕਰਨ ਦਾ ਇਰਾਦਾ ਰੱਖਦੇ ਹਨ**

ਗ਼ਰੀਬ ਪਰਵਰ ! ਸਲਾਮ

ਸ੍ਰੀ ਮਾਨ ਜੀ,

ਇਹ ਮੁਕੱਦਮੇਂ 'ਚ ਪਹਿਲਾਂ ਬਿਨੈ-ਪੱਤਰ ਵਿੱਚ ਦੱਸਿਆ ਗਿਆ ਸੀ, ਹੁਣ ਦਾਸ ਨੇ ਤਹਿਕੀਕਾਤ ਕੀਤੀ ਹੈ ਕਿ ਇਹ ਚੜ੍ਹਤ ਸਿੰਘ ਮੁਖ਼ਤਾਰ ਪਿੰਡ ਸਿਉਣਾ ਦਾ ਵਸਨੀਕ ਹੈ। 25 ਦਿਨ ਹੋਏ ਉਹ ਕੂਕਿਆਂ ਦੀ ਦੁਕਾਨਾਂ 'ਤੇ ਆਇਆ ਸੀ। ਦੁਕਾਨ 'ਤੇ ਮੌਜੂਦ ਕੂਕੇ ਬਿਆਨ ਕਰਦੇ ਹਨ ਕਿ ਇਸ ਚੜ੍ਹਤ ਸਿੰਘ ਨੂੰ ਅਸੀਂ ਦੁਕਾਨ 'ਚ ਵੜਨ ਨਹੀਂ ਦਿੱਤਾ ਤੇ ਨਾ ਉਸ ਨੂੰ ਰੋਟੀ ਖਵਾਈ, ਇਸ ਵਾਸਤੇ ਉਸ ਨੇ ਇਹ ਮੁਖ਼ਬਰੀ ਕੀਤੀ ਹੈ। ਬੁੱਕਣ ਸਿੰਘ ਵਾਸੀ ਸੋਹਣਾ ਦਾ ਵੀ ਇਸ ਫ਼ਿਰਕੇ ਦੇ ਬਾਨੀ ਗੁਰੂ ਰਾਮ ਸਿੰਘ ਦੀ ਦੁਕਾਨ 'ਤੇ ਊਠ ਲੈ ਕੇ ਆਉਣਾ ਸਾਬਿਤ ਹੈ। ਚੜ੍ਹਤ ਸਿੰਘ ਨਾਲ ਬੁੱਕਣ ਸਿੰਘ ਦੀ ਇੱਕ ਮੁਕੱਦਮੇਂ ਸੰਬੰਧੀ ਦੁਸ਼ਮਣੀ ਬਿਆਨ ਕਰਦੇ ਹਨ ਇਸ ਕਰਕੇ ਚੜ੍ਹਤ ਸਿੰਘ ਉਸ ਦਾ ਨਾਮ ਲੈਂਦਾ ਹੈ ਪਰ ਇਨ੍ਹਾਂ ਕੂਕਿਆਂ ਵਿੱਚ ਮਸਤਾਨ ਸਿੰਘ ਵਾਸੀ ਮਰ੍ਹਾਜ ਕੋਈ ਨਹੀ। ਸੁੰਦਰ ਸਿੰਘ ਮਰ੍ਹਾਜ ਦਾ ਰਹਿਣ ਵਾਲਾ ਜ਼ਰੂਰ ਹੈ। ਭਗਵਾਨ ਸਿੰਘ ਦੋ ਮੌਜੂਦ ਹਨ। ਇੱਕ ਪਿੰਡ ਜੰਡ ਵਾਲਾ ਦੇ ਦੂਜਾ ਪਿੰਡ ਸਮਾਕਾ ਦਾ ਰਹਿਣ ਵਾਲਾ ਹੈ ਇਹ ਸਾਰੇ ਲੋਕ ਕਤਲ ਕਰਨ ਦੇ ਇਰਾਦੇ ਬਾਰੇ ਇਨਕਾਰੀ ਹਨ।

ਸੋ ਥਾਣੇ ਵੱਲੋਂ ਕੀਤੀ ਇਹ ਤਹਿਕੀਕਾਤ ਦੀ ਲਿਖਤ ਮੁਲਾਹਿਜ਼ਾ ਕਰਨ ਵਾਸਤੇ ਹਜ਼ੂਰ ਕੋਲ ਭੇਜੀ ਜਾਂਦੀ ਹੈ ਅਤੇ ਬੇਨਤੀ ਇਹ ਹੈ ਕਿ ਜਦੋਂ ਤੱਕ ਇਸ ਮੁਕੱਦਮੇਂ ਦਾ ਮੁਖ਼ਬਰ ਚੜ੍ਹਤ ਸਿੰਘ ਹਾਜ਼ਿਰ ਆ ਕੇ ਸਬੂਤ ਪੇਸ਼ ਨਹੀਂ ਕਰਦਾ ਉਦੋਂ ਤੱਕ ਤਸੱਲੀ ਦਾ ਹੋਣਾ ਕਠਿਨ ਹੈ। ਜੇ ਉਸ ਨੇ ਕੇਵਲ ਵਿਰੋਧਤਾ ਕਰਕੇ ਮੁਖ਼ਬਰੀ ਕੀਤੀ ਹੈ ਤਾਂ ਨਿਰਸੰਦੇਹ ਸਜ਼ਾ ਦੇ ਕਾਬਿਲ ਹੈ। ਜੋ ਹੁਕਮ ਹੋਵੇ ਦਾਸ ਨੂੰ ਇਤਲਾਹ ਬਖ਼ਸ਼ੀ ਜਾਵੇ ਤਾਂ ਕਿ ਉਸ ਦੇ ਮੁਤਾਬਿਕ ਅਮਲ ਕੀਤਾ ਜਾਵੇ।

ਇਤਲਾਹ ਵਜੋਂ ਅਰਜ਼ ਕੀਤਾ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨ ਸਮਾਨ ਹੈ।

ਸਰਕਾਰ ਦੀ ਹਕੂਮਤ ਤੇ ਤੇਜ ਪਰਤਾਪ ਦਾ ਸੂਰਜ ਚਮਕਦਾ ਰਵ੍ਹੇ !

18 ਵੈਸਾਖ 1929.

28 ਅਪਰੈਲ 1872

ਦਾਸ

ਸੱਯਦ ਸਾਦਿਕ ਅਲੀ,

ਥਾਣੇਦਾਰ ਸਾਹਿਬਗੜ੍ਹ।

**ਹੁਕਮ ਹੋਇਆ**

ਇਸ ਦੀ ਇੱਕ ਨਕਲ ਇਤਲਾਹ ਵਜੋਂ ਵਕੀਲ ਕਮਿਸ਼ਨਰੀ ਕੋਲ ਭੇਜ ਦਿੱਤੀ ਜਾਵੇ।

21 ਵੈਸਾਖ 1929.

1 ਮਈ 1872

# ਲੁਕਿਆ ਸੱਚ

---

**ਸੱਯਦ ਸਾਦਿਕ ਅਲੀ ਥਾਣੇਦਾਰ ਸਾਹਿਬਗੜ੍ਹ ਦੇ ਸਾਹਮਣੇ।**
**1 ਵੈਸਾਖ 1929.**

<u>ਸਵਾਲ ਜ਼ਾਬਿਤਾ</u>

ਜਵਾਬ :–ਨਾਮ ਮੇਰਾ ਭਗਵਾਨ ਸਿੰਘ ਤੇ ਬਾਪ ਦਾ ਨਾਮ ਭੂਰ ਸਿੰਘ, ਜ਼ਾਤ ਜ਼ਿਮੀਂਦਾਰ, ਵਾਸੀ ਸਮਾਕਾ ਇਲਾਕਾ ਫਿਰੋਜ਼ਪੁਰ, ਤਹਿਸੀਲ ਤੇ ਥਾਣਾ ਮੁਕਤਸਰ, ਉਮਰ 24 ਸਾਲ, ਪੇਸ਼ਾ ਰੋਟੀ ਪਕਾਉਣ ਦਾ।

ਜਿਹੜੀ ਚੜ੍ਹਤ ਸਿੰਘ ਨੇ ਮੁਖ਼ਬਰੀ ਕੀਤੀ ਕਿ ਮਸਤਾਨ ਸਿੰਘ ਤੇ ਮੈਂ ਥਾਣੇਦਾਰ ਸ਼ੇਰਪੁਰ ਨੂੰ ਕਤਲ ਕਰਨ ਦਾ ਇਰਾਦਾ ਰੱਖਦੇ ਹਨ ਤੇ ਬੁੱਕਣ ਸਿੰਘ ਦੀ ਇੰਤਜ਼ਾਰ ਹੈ ਉਸ ਦਾ ਹਾਲ ਹੈ ਕਿ ਪੱਚੀ ਦਿਨ ਹੋਏ ਇਹ ਚੜ੍ਹਤ ਸਿੰਘ ਸਾਡੇ ਡੇਰੇ 'ਚ ਆਇਆ ਸੀ ਤੇ ਠਹਿਰਨਾ ਚਾਹੁੰਦਾ ਸੀ। ਸਾਨੂੰ ਸਰਕਾਰ ਵੱਲੋਂ ਮਨਾਹੀ ਸੀ ਅਤੇ ਹੁਕਮ ਸੀ ਕਿ ਕਿਸੇ ਨੂੰ ਮੱਤ ਰਹਿਣ ਦਿਉ। ਇਸ ਵਾਸਤੇ ਮੈਂ ਤੇ ਸਮੁੰਦ ਸਿੰਘ ਮਰ੍ਹਾਜ ਵਾਲੇ ਨੇ ਉਸ ਨੂੰ ਕਿਹਾ ਕਿ ਅਸੀਂ ਤੈਨੂੰ ਰੋਟੀ ਤੱਕ ਨਹੀਂ ਦੇਵਾਂਗੇ।

ਉਹ ਚਲਿਆ ਗਿਆ ਬੁੱਕਣ ਸਿੰਘ ਸੋਹਣਾ ਵਾਲਾ ਊਂਠ ਲੈ ਕੇ ਆਇਆ ਸੀ। ਉਸ ਨੂੰ ਚੜ੍ਹਤ ਸਿੰਘ ਰਸਤੇ 'ਚ ਮਿਲਿਆ। ਬੁੱਕਣ ਸਿੰਘ ਪਿੰਡ ਦੇ ਨੰਬਰਦਾਰ ਦਾ ਭਾਈ ਹੈ। ਨੰਬਰਦਾਰ ਨੇ ਚੜ੍ਹਤ ਸਿੰਘ ਦੇ ਬੇਟੇ ਨੂੰ ਬੱਕਰੀ ਦੀ ਚੋਰੀ ਦੇ ਮੁਕੱਦਮੇਂ 'ਚ ਗ੍ਰਿਫ਼ਤਾਰ ਕਰਾ ਕੇ 10 ਰੁਪਏ ਜੁਰਮਾਨਾ ਕਰਵਾਇਆ। ਉਸ ਨੇ ਜਾ ਕੇ ਜਦੋਂ ਸੁਣਿਆਂ ਤਾਂ ਉਹ ਇਹ ਬਿਆਨ ਕਰਾ ਗਿਆ ਹੈ। ਦਰਅਸਲ ਸਾਡਾ ਇਰਾਦਾ ਬਿਲਕੁਲ ਭੈੜਾ ਨਹੀਂ ਅਤੇ ਨਾ ਅਸੀਂ ਤਫ਼ਸਾਦ ਚਾਹੁੰਦੇ ਹਾਂ। ਸਿਰਫ਼ ਮਜ਼ਦੂਰੀ ਕਰਕੇ ਵਕਤ ਕਟੀ ਕਰਦੇ ਹਾਂ। ਹੁਣ ਬੁੱਕਣ ਸਿੰਘ ਆਪਣੇ ਪਿੰਡ ਮੁਕਤਸਰ ਵਿੱਚ ਹਾਜ਼ਿਰ ਹੈ, ਸਰਕਾਰ ਦਰਿਆਫ਼ਤ ਕਰ ਲਵੇ। ਜੇ ਸਾਡਾ ਇਰਾਦਾ ਭੈੜਾ ਸਾਬਿਤ ਹੋ ਜਾਵੇ ਤਾਂ ਹਾਕਿਮਾਂ ਨੂੰ ਇਖ਼ਤਿਆਰ ਹੈ। ਚੜ੍ਹਤ ਸਿੰਘ ਦੁਸ਼ਮਨੀ ਨਾਲ ਮੁਖ਼ਬਰੀ ਕਰਦਾ ਹੈ। ਦਰਿਆਫ਼ਤ ਕੀਤਾ ਜਾਵੇ। ਸਮੁੰਦ ਸਿੰਘ ਨਾਲ ਚੜ੍ਹਤ ਸਿੰਘ ਕੁਝ ਨਹੀਂ ਬੋਲਿਆ। ਮੈਂ ਤਾਂ ਕੇਵਲ ਲਾਂਗਰੀ ਹਾਂ। ਭਗਵਾਨ ਸਿੰਘ ਵਾਸੀ ਸਮੁੰਦ ਵਾਲਾ ਦੁਕਾਨ ਦਾ ਮੁਖ਼ਤਾਰ ਹੈ। ਸਾਡੇ ਨਾਲ ਨਾ ਬੈਠੇ ਉਠੇ ਅਤੇ ਨਾ ਠਹਿਰੇ ਵੈਸੇ ਡੇਰੇ 'ਚ ਤਕਰਾਰ ਹੋਇਆ ਸੀ। ਇਸੇ ਕਾਰਨ ਵਿਰੋਧਤਾ 'ਚ ਮੁਖ਼ਬਰੀ ਕੀਤੀ ਹੈ।

ਭਗਵਾਨ ਸਿੰਘ,

<u>ਗਵਾਹ ਸ਼ੁਦ</u> <u>ਗਵਾਹ ਸ਼ੁਦ</u>
------ -------

ਮੇਰੇ ਰੂਬਰੂ ਤਸਦੀਕ ਹੋਇਆ।
-Sd-
ਸਾਦਿਕ ਅਲੀ,
(ਥਾਣੇਦਾਰ ਸਾਹਿਬਗੜ੍ਹ)

---

**ਸੱਯਦ ਸਾਦਿਕ ਅਲੀ ਥਾਣੇਦਾਰ ਤਆਲੁੱਕਾ ਸਾਹਿਬਗੜ੍ਹ ਦੇ ਰੂਬਰੂ**
**ਮਿਤੀ 1 ਵੈਸਾਖ 1929.**
**(ਮਿਤੀ 11 ਅਪਰੈਲ 1872)**
**ਸਵਾਲ ਜ਼ਾਬਿਤਾ**

**ਜਵਾਬ :–** ਨਾਮ ਮੇਰਾ ਭਗਵਾਨ ਸਿੰਘ ਪੁਤਰ ਬਹਾਲ ਸਿੰਘ, ਜ਼ਾਤ ਜ਼ਿਮੀਂਦਾਰ ਵਾਸੀ ਜੰਡ ਵਾਲਾ ਜ਼ਿਲ੍ਹਾ ਸਿਰਸਾ ਤਹਿਸੀਲ ਨੰਗਲਾ, ਥਾਣਾ ਮਲੌਟ, ਉਮਰ 36 ਸਾਲ, ਪੇਸ਼ਾ ਸਾਬਿਕਾ ਖੇਤੀਬਾੜੀ ਤੇ ਪੇਸ਼ਾ ਹਾਲ ਦੁਕਾਨਦਾਰੀ।

ਮੈਥੋਂ ਜੋ ਬਾਬਤ ਚੜ੍ਹਤ ਸਿੰਘ ਜ਼ਮੀਂਦਾਰ ਬਾਰੇ ਪੁੱਛਿਆ ਗਿਆ ਕਿ ਜਿਸ ਨੇ ਕਲਾਰਕ ਸਾਰਜੈਂਟ ਜ਼ਿਲ੍ਹਾ ਮੁਕਤਸਰ ਕੋਲ ਇਹ ਰਪਟ ਦਿੱਤੀ ਸੀ ਕਿ ਮਸਤਾਨ ਸਿੰਘ ਵਾਸੀ ਮਰ੍ਹਾਜ ਤੇ ਭਗਵਾਨ ਸਿੰਘ ਵਾਸੀ ਸੋਗਾ ਥਾਣੇਦਾਰ ਸ਼ੇਰਪੁਰ ਨੂੰ ਕਤਲ ਕਰਨ ਦਾ ਇਰਾਦਾ ਰੱਖਦੇ ਹਨ; ਉਸ ਬਾਰੇ ਹਾਲ ਇਹ ਹੈ ਕਿ ਸਾਡੇ ਵਿੱਚ ਮਸਤਾਨ ਸਿੰਘ ਨਾਮੀ ਮਰ੍ਹਾਜ ਦਾ ਕੋਈ ਵਸਨੀਕ ਨਹੀਂ ਹੈ। ਸਾਡੇ ਕੋਲ ਇੱਕ ਸਮੁੰਦ ਸਿੰਘ ਮਰ੍ਹਾਜ ਦਾ ਰਹਿਣ ਵਾਲਾ ਜ਼ਰੂਰ ਹੈ। ਭਗਵਾਨ ਸਿੰਘ ਪਿੰਡ ਸੋਗਾ ਦਾ ਕੋਈ ਨਹੀਂ। ਮੈਂ ਭਗਵਾਨ ਸਿੰਘ ਵਾਸੀ ਜੰਡਵਾਲਾ ਹਾਂ ਅਤੇ ਇੱਕ ਭਗਵਾਨ ਸਿੰਘ ਵਸਨੀਕ ਸਮਾਕਾ ਮੌਜੂਦ ਹੈ। ਇਸ ਮੁਖ਼ਬਰੀ ਦਾ ਹਾਲ ਇਹ ਹੈ ਕਿ ਚੜ੍ਹਤ ਸਿੰਘ ਵਾਸੀ ਸੋਹਣਾ ਪਹਿਲਾਂ ਸਾਡੇ ਗੁਰੂ ਦਾ ਸਿੱਖ ਤੇ ਸਾਡੇ ਮਜ਼ਹਬ ਦਾ ਕੂਕਾ ਸੀ। ਉਸ ਨੇ ਕੁਝ ਸਮੇਂ ਤੋਂ ਸਾਡਾ ਪੰਥ ਛੱਡ ਦਿੱਤਾ। ਹੁਣ ਉਹ ਪੱਚੀ ਦਿਨ ਹੋਏ ਸਾਡੀ ਦੁਕਾਨ 'ਤੇ ਆਇਆ ਸੀ। ਪਹਿਲੀ ਗੱਲ ਤਾਂ ਇਹ ਹੈ ਕਿ ਸਰਕਾਰ ਵੱਲੋਂ ਗ਼ੈਰ ਆਦਮੀ ਦੇ ਆਉਣ ਜਾਣ ਦਾ ਹੁਕਮ ਨਹੀਂ ਸੀ, ਦੂਜੀ ਇਹ ਕਿ ਉਹ ਸਾਡੇ ਪੰਥ ਦਾ ਨਹੀਂ ਸੀ। ਇਸ ਵਾਸਤੇ ਅਸੀਂ ਉਸ ਨੂੰ ਆਪਣੇ ਡੇਰੇ 'ਚ ਠਹਿਰਨ ਨਹੀਂ ਦਿੱਤਾ ਤੇ ਨਾ ਰੋਟੀ ਖਵਾਈ। ਉਸ ਨੇ ਇਸੇ ਦੁਸ਼ਮਣੀ ਕਰਕੇ ਮੁਖ਼ਬਰੀ ਕੀਤੀ ਹੈ।

ਜਿਹੜਾ ਬੁੱਕਣ ਸਿੰਘ ਦਾ ਨਾਮ ਲਿਖਵਾਇਆ ਹੈ ਉਸ ਦਾ ਹਾਲ ਇਹ ਹੈ ਕਿ ਬੁੱਕਣ ਸਿੰਘ ਨੰਬਰਦਾਰ ਦਾ ਭਰਾ ਹੈ। ਉਸ ਨੇ ਚੜ੍ਹਤ ਸਿੰਘ ਮੁਖ਼ਬਰ ਦੇ ਪੁੱਤਰ ਨੂੰ ਪਿੰਡ ਸੋਹਣਾ ਵਿਖੇ ਇੱਕ ਬੱਕਰੀ ਨੂੰ ਝਟਕਣ (ਵੱਡਣ) ਦੇ ਮੁਕੱਦਮੇਂ 'ਚ ਦਸ ਰੁਪਏ ਜੁਰਮਾਨਾ ਕਰਵਾਇਆ ਹੈ। ਇਸੇ ਦੁਸ਼ਮਣੀ ਕਰਕੇ ਬੁੱਕਣ ਸਿੰਘ ਦਾ ਨਾਮ ਲਿਖਵਾਇਆ। ਬੁੱਕਣ ਸਿੰਘ ਸਤਿਗੁਰੂ ਦੇ ਊਂਠ ਲੈ ਕੇ **ਸਤਿਗੁਰੂ ਰਾਮ ਸਿੰਘ ਦੀ ਦੁਕਾਨ 'ਤੇ ਆਇਆ ਸੀ ਕਿਉਂਕਿ ਸਤਿਗੁਰੂ ਦੇ ਇਹ ਊਂਠ ਚਰਾਈ ਵਾਸਤੇ ਉਸ ਦੇ ਸਪੁਰਦ ਸਨ। ਬੁੱਕਣ ਸਿੰਘ ਚਾਰ ਪੰਜ ਦਿਨ ਰਹਿ ਕੇ ਵਾਪਸ ਚਲਾ ਗਿਆ।** ਜੇ ਕੋਈ ਮਸਤਾਨ ਸਿੰਘ ਸਾਡੀ ਦੁਕਾਨ 'ਚ ਸਾਬਿਤ ਹੋਵੇ ਤਾਂ ਮੈਂ ਕਸੂਰਵਾਰ ਹੋਵਾਂਗਾ। ਸਾਡਾ ਕੋਈ ਮਾੜਾ ਇਰਾਦਾ ਨਹੀਂ ਹੈ।

ਦਾਸ
ਭਗਵਾਨ ਸਿੰਘ,

ਗਵਾਹ ਸ਼ੁਦ
ਨਾਮਵਰ ਖ਼ਾਨ,
ਨੰਬਰਦਾਰ ਦੋਰਾਹਾ

ਗਵਾਹ ਸ਼ੁਦ
ਨਬੀ ਬਖ਼ਸ਼,
ਨੰਬਰਦਾਰ ਦੋਰਾਹਾ

ਮੇਰੇ ਰੂਬਰੂ ਤਸਦੀਕ ਹੋਇਆ।
ਸਾਦਿਕ ਅਲੀ,
ਥਾਣੇਦਾਰ ਸਾਹਿਬਗੜ੍ਹ,

# ਲੁਕਿਆ ਸੱਚ

---

**ਸੱਯਦ ਸਾਦਿਕ ਅਲੀ ਥਾਣੇਦਾਰ ਤਾਅਲੁੱਕਾ ਸਾਹਿਬਗੜ੍ਹ ਦੇ ਰੂਬਰੂ**
**ਮਿਤੀ 1 ਵੈਸਾਖ 1929.**

<u>ਸਵਾਲ ਜ਼ਾਬਿਤਾ</u>

**ਜਵਾਬ :–** ਮੇਰਾ ਨਾਮ ਸਮੁੰਦ ਸਿੰਘ, ਬਾਪ ਦਾ ਨਾਮ ਕਰਮ ਸਿੰਘ, ਜ਼ਾਤ ਜ਼ਮੀਂਦਾਰ, ਪਿੰਡ ਮਰ੍ਹਾਜ ਵਾਲਾ, ਉਮਰ 30 ਸਾਲ, ਪੇਸ਼ਾ ਮਜ਼ਦੂਰੀ।

ਮੈਥੋਂ ਜਿਹੜਾ ਚੜ੍ਹਤ ਸਿੰਘ ਸੋਹਣਾ ਵਾਲਾ ਬਾਰੇ ਹਾਲ ਪੁੱਛਿਆ ਹੈ, ਉਸ ਦਾ ਹਾਲ ਇਹ ਹੈ ਕਿ ਮੈਂ ਤਾਂ ਨਹਿਰ ’ਤੇ ਮਜ਼ਦੂਰੀ ਕਰਦਾ ਹਾਂ ਅਤੇ ਮਜ਼ਦੂਰੀ ਕਰਕੇ ਦਿਨ ਕਟੀ ਕਰ ਰਿਹਾ ਹਾਂ। ਮੈਨੂੰ ਪਤਾ ਨਹੀਂ ਕਿ ਇਸ ਨੇ ਕਿਉਂ ਮੁਖ਼ਬਰੀ ਕੀਤੀ ਹੈ। ਸੋ ਮਾੜਾ ਇਰਾਦਾ ਨਹੀਂ ਹੈ। ਜੇ ਸਾਬਿਤ ਹੋ ਜਾਵੇ ਤਾਂ ਸਰਕਾਰ ਦਾ ਮੁਜ਼ਰਿਮ ਹੋਵਾਂਗਾ।

ਦਾਸ
ਸਮੁੰਦ ਸਿੰਘ

<u>ਗਵਾਹ ਸ਼ੁਦ</u>
ਹਾਕਿਮ ਨੰਬਰਦਾਰ
ਸਾਹਿਬਗੜ੍ਹ।

<u>ਗਵਾਹ ਸ਼ੁਦ</u>
ਸ਼ਾਹੂ ਖ਼ਾਨ
ਨੰਬਰਦਾਰ ਦੋਰਾਹਾਂ

ਮੇਰੇ ਰੂਬਰੂ ਤਸਦੀਕ ਹੋਇਆ।
-Sd-
ਸਾਦਿਕ ਅਲੀ
ਥਾਣੇਦਾਰ ਸਾਹਿਬਗੜ੍ਹ,

# ਲੁਕਿਆ ਸੱਚ

---

**ਸੱਯਦ ਸਾਦਿਕ ਅਲੀ ਥਾਣੇਦਾਰ ਤਆਲੁੱਕਾ ਸਾਹਿਬਗੜ੍ਹ ਦੇ ਰੂਬਰੂ**

**ਮਿਤੀ 1 ਵੈਸਾਖ 1929.**

<u>ਸਵਾਲ ਜ਼ਾਬਿਤਾ</u>

**ਜਵਾਬ :-** ਨਾਮ ਮੇਰਾ ਗੁਲਾਬ ਸਿੰਘ, ਬਾਪ ਦਾ ਨਾਮ ਮਹਿਰ, ਉਮਰ 36 ਸਾਲ, ਪੇਸ਼ਾ ਦੋਕਾਨਦਾਰੀ, ਜ਼ਾਤ ਖ਼ਤਰੀ, ਵਾਸੀ ਨੌਸ਼ਹਿਰਾ ਪੰਨੂਆਂ, ਇਲਾਕਾ ਸਰਹਾਲੀ, ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ।

ਮੈਥੋਂ ਜੋ ਬਾਬਤ ਬੁੱਕਣ ਸਿੰਘ ਸੋਹਣਾ ਵਾਲਾ ਦਰਿਆਫ਼ਤ ਹੈ ਉਸ ਦਾ ਹਾਲ ਇਹ ਹੈ ਕਿ ਪੱਚੀ ਦਿਨ ਹੋਏ ਉਪ੍ਰੋਕਤ ਬੁੱਕਣ ਸਿੰਘ ਥਾਣਾ ਮੁਕਤਸਰ ਸਤਿਗੁਰੂ ਦੇ ਊਂਠ ਲੈ ਕੇ ਇੱਥੇ ਆਇਆ ਕਿਉਂਕਿ ਸਤਿਗੁਰੂ ਦੇ ਊਂਠ ਚਰਾਉਣ ਵਾਸਤੇ ਉਸ ਦੇ ਸਪੁਰਦ ਸਨ। ਉਹ ਚਾਰ ਪੰਜ ਦਿਨ ਇੱਥੇ ਰਹਿ ਕੇ ਚਲਿਆ ਗਿਆ ਜਿਸ ਦੀ ਥਾਣਾ ਮੁਕਤਸਰ ਵਿੱਚ ਇਤਲਾਹ ਕੀਤੀ ਸੀ। ਹੁਣ ਉਹ ਆਪਣੇ ਪਿੰਡ ਮੁਕਤਸਰ ਵਿਖੇ ਹਾਜ਼ਿਰ ਹੈ। ਸਰਕਾਰ ਦਰਿਆਫ਼ਤ ਕਰ ਲਵੇ। ਉਸ ਦਾ ਕਿਸੇ ਪ੍ਰਕਾਰ ਦਾ ਭੈੜਾ ਇਰਾਦਾ ਨਹੀਂ ਸੀ। ਜੇ ਮਾੜਾ ਇਰਾਦਾ, ਸਾਬਿਤ ਹੋ ਜਾਵੇ ਤਾਂ ਮੇਰੀ ਜ਼ਿੰਮੇਵਾਰੀ ਹੈ।

ਦਾਸ
-Sd-
ਗੁਲਾਬ ਸਿੰਘ,

| <u>ਗਵਾਹ ਸ਼ੁਦ</u> | <u>ਗਵਾਹ ਸ਼ੁਦ</u> |
|---|---|
| -Sd- | -Sd- |
| ਸ਼ਾਹੂ ਖ਼ਾਨ ਨੰਬਰਦਾਰ | ਸ੍ਰੀ ਚੰਦ ਨੰਬਰਦਾਰ |

ਦੋਰਾਹਾ

ਮੇਰੇ ਰੂਬਰੂ ਤਸਦੀਕ ਹੋ ਕੇ ਤਜਵੀਜ਼ ਹੋਇਆ ਕਿ ਇਸ ਬਿਨੈ-ਪੱਤਰ ਰਾਹੀਂ ਇਹ ਕਾਗਜ਼ਾਤ ਮੁਲਾਹਿਜ਼ਾ ਕਰਨ ਵਾਸਤੇ ਸ਼ਾਹੀ ਮੁਨਸ਼ੀ ਖ਼ਾਨੇ ਦੇ ਹਾਕਿਮਾਂ ਦੀ ਸੇਵਾ ਵਿੱਚ ਭੇਜ ਕੇ ਬੇਨਤੀ ਕੀਤੀ ਜਾਵੇ ਕਿ ਜਦੋਂ ਤੱਕ ਚੜ੍ਹਤ ਸਿੰਘ ਹਾਜ਼ਿਰ ਨਹੀਂ ਆਉਂਦਾ ਉਦੋਂ ਤੱਕ ਇਸ ਮੁਕੱਦਮੇਂ ਦੀ ਵੇਰਵੇ ਸਹਿਤ ਛਾਣ ਬੀਣ ਹੋਣੀ ਕਠਿਨ ਹੈ।

12 ਵੈਸਾਖ 1929.

ਸੱਯਦ ਸਾਦਿਕ ਅਲੀ,
ਥਾਣੇਦਾਰ ਸਾਹਿਬਗੜ੍ਹ।

---

**ਥਾਣੇਦਾਰ ਸ਼ੇਰਪੁਰ ਦੇ ਕਤਲ ਲਈ ਮਸਤਾਨ ਸਿੰਘ ਕੂਕੇ ਦੇ ਇਰਾਦੇ ਦੇ ਮੁਕੱਦਮੇ ਬਾਰੇ।**

ਗ਼ਰੀਬ ਪਰਵਰ! ਸਲਾਮਤ!

ਸ੍ਰੀ ਮਾਨ ਜੀ,

ਉਪ੍ਰੋਕਤ ਮੁਕੱਦਮੇਂ ਬਾਰੇ ਕਲੰਦਰ ਬਖ਼ਸ਼ ਮੁਹੱਰਿਰ ਵਕਾਲਤ ਫਿਰੋਜ਼ਪੁਰ ਦੇ ਬਿਨੈ-ਪੱਤਰ ਦੀ ਨਕਲ, ਜਿਸ ਉੱਤੇ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨੇ ਦਾ ਹੁਕਮ ਮਿਤੀ 21 ਅਪ੍ਰੈਲ 1872 ਲਿਖਿਆ ਹੋਇਆ ਸੀ, ਇਸ ਦਾਸ ਕੋਲ ਪੁੱਜੀ। ਦਾਸ ਨੇ ਸਾਹਿਬ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਵੇਰਵੇ ਸਹਿਤ ਹਾਲ ਅਰਜ਼ ਕੀਤਾ ਤਾਂ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਇਹ ਉਹੋ ਖ਼ਬਰ ਹੈ ਜਿਹੜੀ ਅਸੀਂ ਪਹਿਲਾਂ ਤੁਹਾਨੂੰ ਦਿੱਤੀ ਸੀ ਕਿ ਜਿਸ ਦਾ ਕੋਈ ਸਬੂਤ ਨਹੀਂ ਅਤੇ ਜਦੋਂ ਸਬੂਤ ਨਹੀਂ ਤਾਂ ਫਿਰ ਕੀ ਕੀਤਾ ਜਾਵੇ ਪਰ ਹਰ ਹਾਲਤ ਵਿੱਚ ਦੂਰ ਦ੍ਰਿਸ਼ਟੀ ਨਾਲ ਆਪਣਾ ਇੰਤਜ਼ਾਮ ਰੱਖਣਾ ਚਾਹੀਦਾ ਹੈ।

ਸੋ ਇਹ ਰਿਪੋਰਟ ਜਵਾਬ ਦੇ ਤੌਰ ’ਤੇ ਹਜ਼ੂਰ ਕੋਲ ਭੇਜੀ ਜਾਂਦੀ ਹੈ।

ਵਾਜਿਬ ਜਾਣ ਕੇ ਅਰਜ਼ ਕੀਤਾ।

ਹਕੂਮਤ ਦਾ ਸੂਰਜ ਚਮਕਦਾ ਰਵ੍ਹੇ !

ਦਾਸ

2 ਮਈ 1872

ਪੁਰਾਣਾ ਨਮਕ ਪਰਵਰਦਾ,
ਨਿਸਾਰ ਅਲੀ ਵਕੀਲ ਸਰਕਾਰ,
ਮਹਿਕਮਾ ਕਮਿਸ਼ਨਰੀ ’ਚ ਹਾਜ਼ਿਰ ਰਹਿਣ ਵਾਲਾ।

# 14 . ਨਹਿਰ ਕੰਢੇ ਰਹਿੰਦੇ ਨਾਮਧਾਰੀਆਂ ਬਾਰੇ ਰਿਪੋਰਟਾਂ ਅਤੇ ਫੈਸਲਾ

ਗ਼ਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਕੂਕਾ ਮਜ਼ਹਬ ਦੇ ਪੰਜਾਹ ਆਦਮੀਆਂ ਦੇ ਕਰੀਬ ਪਿੰਡ ਕੁੱਬਾ ਤੇ ਕਟਾਣੇ ਦੀ ਹੱਦ 'ਤੇ ਨਹਿਰ ਦੇ ਕੰਢੇ ਦੁਕਾਨਾਂ ਤੇ ਮਜ਼ਦੂਰੀ ਕਰਦੇ ਹਨ। ਏਨੇ ਕੁ ਕੂਕੇ ਤਾਂ ਉੱਚੀ ਸ਼ਾਨ ਵਾਲੀ ਸਰਕਾਰ (ਪਟਿਆਲਾ) ਦੇ ਇਲਾਕੇ 'ਚ ਨਹਿਰ ਦੇ ਕੰਢੇ ਚੌਵੀ ਘੰਟੇ ਮੌਜੂਦ ਰਹਿੰਦੇ ਹਨ। ਏਨੇ ਕੁ ਬਲਕਿ ਇਸ ਤੋਂ ਜ਼ਿਆਦਾ ਅੰਗਰੇਜ਼ੀ ਸਰਕਾਰ ਦੇ ਇਲਾਕੇ ਦੇ ਹੋਰ ਪਿੰਡਾਂ ਦੀਆਂ ਹੱਦਾਂ 'ਤੇ ਰਹਿੰਦੇ ਹਨ ਅਤੇ ਆਮ ਤੌਰ 'ਤੇ ਇਹ ਲੋਕ ਕਦੇ ਕਦੇ ਇੱਕ ਥਾਂ ਇੱਕਠੇ ਵੀ ਹੁੰਦੇ ਹਨ ਅਤੇ ਇਹ ਇੱਕਠੇ ਹੋਣ ਵਾਲੇ ਸਾਰੇ ਲੋਕ ਅੰਗਰੇਜ਼ੀ ਇਲਾਕੇ ਦੇ ਹਨ। ਇਨ੍ਹਾਂ ਵਿੱਚੋਂ ਕੋਈ ਕੂਕਾ ਉੱਚੀ ਸ਼ਾਨ ਵਾਲੀ ਸਰਕਾਰ ਦੇ ਇਲਾਕੇ ਦਾ ਨਹੀਂ ਹੈ।

ਇਹ ਸਾਰੇ ਲੋਕ ਤਹਿਸੀਲ ਮੁਕਤਸਰ ਜ਼ਿਲ੍ਹਾ ਫਿਰੋਜ਼ਪੁਰ ਵਾਲੇ ਪਾਸੇ ਦੇ ਰਹਿਣ ਵਾਲੇ ਹਨ। ਇਨ੍ਹਾਂ ਕੋਲ ਦੂਜੀਆਂ ਥਾਵਾਂ ਤੋਂ ਵੀ ਕੂਕੇ ਇੱਕ ਇੱਕ ਦੋ ਦੋ ਕਰਕੇ ਅਕਸਰ ਆਉਂਦੇ ਜਾਂਦੇ ਰਹਿੰਦੇ ਹਨ। ਇਹ ਸਾਰੇ ਲੋਕ ਇਸ ਕਿਸਮ ਦੇ ਹਨ ਕਿ ਹਰ ਵੇਲੇ ਤੇ ਹਰ ਘੜੀ ਆਪਣੇ ਸਤਿਗੁਰੂ ਰਾਮ ਸਿੰਘ ਕੋਲ ਹਾਜ਼ਿਰ ਰਹਿਣ ਵਾਲੇ ਹਨ ਅਤੇ ਬੜੇ ਪਿਆਰ ਤੇ ਸ਼ਰਧਾ ਨਾਲ ਉਸ ਦੀ ਖ਼ੈਰ ਖ਼ਾਹੀ (ਸ਼ੁਭਚਿੰਤਕਤਾ) 'ਚ ਪੈਰ ਧਰਦੇ ਹਨ। ਇਹ ਜਿਹੜੇ ਜਿਹੜੇ ਦੁਕਾਨਾਂ ਕਰਦੇ ਹਨ ਉਹ ਇਸ ਕੰਮ ਦੇ ਲਾਲਚੀ ਵੀ ਮਾਲੂਮ ਨਹੀਂ ਹੁੰਦੇ। ਮਜ਼ਦੂਰ ਕੂਕਿਆਂ ਦਾ ਅੱਧਾ ਦਿਨ ਤਾਂ ਪੰਜ ਛੇ ਵਾਰ ਇਸ਼ਨਾਨ ਕਰਨ ਵਿੱਚ ਹੀ ਲੰਘ ਜਾਂਦਾ ਹੈ ਅਤੇ ਬਹੁਤ ਦੇਰ ਤੱਕ ਭਜਨ ਆਦਿ ਕਰਦੇ ਰਹਿੰਦੇ ਹਨ ਤਾਂ ਮਜ਼ਦੂਰੀ ਕਰਨ ਦਾ ਕਿਹੜਾ ਸਮਾਂ ਰਹਿ ਜਾਂਦਾ ਹੈ। ਫਿਰ ਇਸ ਥੋੜ੍ਹੇ ਜਿਹੇ ਸਮੇਂ 'ਚ ਮਜ਼ਦੂਰੀ ਕਰਨ ਨਾਲ ਕੀ ਕਮਾਉਂਦੇ ਹਨ। ਇਹ ਲੋਕ ਤਾਂ ਕੇਵਲ ਆਪਣੇ ਸਤਿਗੁਰੂ ਕੋਲ ਰਹਿਣ ਵਾਲੇ ਹਨ। ਇਨ੍ਹਾਂ ਨੇ ਤਾਂ ਇਹ ਸਮਾਂ ਵੇਖ ਕੇ ਤੇ ਸੱਬਬ ਬਣਾ ਕੇ ਪਿੰਡ ਭੈਣੀ ਦੇ ਲਾਗੇ ਡੇਰੇ ਲਾਏ ਹੋਏ ਹਨ। ਇਨ੍ਹਾਂ ਨੇ ਆਪਣੇ ਘਰੀਂ ਜਾਣਾ ਮੰਨਜ਼ੂਰ ਨਹੀਂ ਕੀਤਾ। ਸੋ ਇਨ੍ਹਾਂ ਲੋਕਾਂ ਕੋਲ ਇੱਕਲੇ ਇੱਕਲੇ ਹੋ ਕੇ ਕੂਕਿਆਂ ਦਾ ਆਉਣਾ ਜਾਣਾ ਸ਼ੱਕ ਤੇ ਵਹਿਮ ਪੈਦਾ ਕਰਦਾ ਹੈ ਅਤੇ ਡਰ ਹੈ ਕਿ ਇਹ ਕਿਤੇ ਕਿਸੇ ਸ਼ਰਾਰਤ ਕਰਨ ਦੇ ਭਾਗੀ ਨਾ ਬਣ ਜਾਣ।

ਇਸ ਵਾਸਤੇ ਬੇਨਤੀ ਹੈ ਕਿ ਇਸ ਗੱਲ ਦਾ ਇੰਤਜ਼ਾਮ ਫ਼ਰਮਾਇਆ ਜਾਵੇ ਅਤੇ ਇਨ੍ਹਾਂ ਲੋਕਾਂ ਤੋਂ ਕੱਲੇ ਕੱਲੇ ਦੀ ਕਿਸੇ ਭਰੋਸੇਯੋਗ ਵਿਅਕਤੀ ਤੋਂ ਜ਼ਮਾਨਤ ਲਈ ਜਾਵੇ ਨਹੀਂ ਤਾਂ ਇਹ ਜਿੱਥੋਂ ਜਿੱਥੋਂ ਦੇ ਰਹਿਣ ਵਾਲੇ ਹਨ ਇਨ੍ਹਾਂ ਨੂੰ ਉੱਥੇ ਉੱਥੇ ਭੇਜ ਦਿੱਤਾ ਜਾਵੇ ਤਾਂ ਕਿ ਇਨ੍ਹਾਂ ਦਾ ਇੰਤਜ਼ਾਮ ਹੋਇਆ ਰਵ੍ਹੇ। ਅੱਗੋਂ ਹਾਕਿਮਾਂ ਦਾ ਇਖਤਿਆਰ ਹੈ।

ਇਤਲਾਹ ਵਜੋਂ ਅਰਜ਼ ਕੀਤਾ।

ਐ ਖ਼ੁਦਾ ! ਸਰਕਾਰ ਦੇ ਤੇਜ ਪਰਤਾਪ ਤੇ ਹਕੂਮਤ ਦਾ ਸੂਰਜ ਚਮਕਦਾ ਰਵ੍ਹੇ !

30 ਫੱਗਣ ਸੰਮਤ 1928.

11 ਮਾਰਚ 1872.

ਦਾਸ

ਸੱਯਦ ਸਾਦਿਕ ਅਲੀ

ਥਾਣੇਦਾਰ ਸਾਹਿਬਗੜ੍ਹ।

# ਲੁਕਿਆ ਸੱਚ

---

**ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ ਦੇ ਹੁਕਮ ਨਾਲ ਮਹਿਕਮਾ ਫ਼ੌਜਦਾਰੀ ਮੁਨਸ਼ੀ ਖ਼ਾਨੇ ਤੋਂ ਹੁਕਮ ਹੋਇਆ ਕਿ**

ਥਾਣੇਦਾਰ ਨੂੰ ਜਵਾਬ ਲਿਖਿਆ ਜਾਵੇ ਕਿ ਇਹ ਹਾਲ ਤੁਸੀਂ ਸੁਣਿਆ ਸੁਣਾਇਆ ਲਿਖਿਆ ਹੈ ਜਾਂ ਆਪਣੀਆਂ ਅੱਖਾਂ ਨਾਲ ਵੇਖ ਕੇ ? ਹੁਣ ਚਾਹੀਦਾ ਹੈ ਕਿ ਖੁਦ ਵੇਖ ਕੇ ਵੇਰਵੇ ਸਹਿਤ ਰਿਪੋਰਟ ਕਰੋ ਤੇ ਸਾਫ਼ ਸਾਫ਼ ਲਿਖੋ ਕਿ ਇਹ ਲੋਕ ਕਦੋਂ ਦੇ ਉੱਥੇ ਰਹਿੰਦੇ ਹਨ, ਕਿਸ ਤੇ ਅਧੀਨ ਕੰਮ ਕਰਦੇ ਹਨ, ਕੀ ਕੀ ਉਮਰ ਹੈ ਤੇ ਕਿੱਥੋਂ ਦੇ ਰਹਿਣ ਵਾਲੇ ਹਨ ?

ਇਸ ਦੀ ਇੱਕ ਇੱਕ ਨਕਲ ਨਿਜ਼ਾਮਤ ਅਮਰਗੜ੍ਹ ਤੇ ਨਿਜ਼ਾਮਤ ਨਹਿਰ ਨੂੰ ਭੇਜੀ ਜਾਵੇ। ਇੱਕ ਨਕਲ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੀ ਇਤਲਾਹ ਵਾਸਤੇ ਵਕੀਲ ਲੁਧਿਆਣਾ ਕੋਲ ਭੇਜੀ ਜਾਵੇ ਅਤੇ ਤਾਮੀਲ ਹੋਣ ਮਗਰੋਂ ਇਹ ਕਾਗਜ਼ ਸਾਡੇ ਸਾਹਮਣੇ ਪੇਸ਼ ਹੋਣ।

12 ਮਾਰਚ 1872
ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ

## ਲੁਕਿਆ ਸੱਚ

---------------------------------------------------

ਗ਼ਰੀਬ ਪਰਵਰ ! ਸਲਾਮਤ !

ਸ੍ਰੀ ਮਾਨ ਜੀ,

ਇਹ ਰਿਪੋਰਟ ਪਰਵਾਨਿਆਂ ਦੀਆਂ ਨਕਲਾਂ ਵਾਲੀ ਕਿਤਾਬ ਦੇ ਵਿੱਚ 1529 ਨੰਬਰ ’ਤੇ ਦਰਜ ਹੈ ਜਿਹੜੀ ਸ਼ੇਖ ਖ਼ੁਦਾ ਬਖ਼ਸ਼ ਬਰਖ਼ਾਸਤ ਕੀਤੇ ਗਏ ਥਾਣੇਦਾਰ ਨੇ ਦਰਜ ਕੀਤੀ ਸੀ ਅਤੇ ਮਿਤੀ 5 ਮਾਘ ਨੂੰ ਮਹਿਕਮਾਂ ਨਿਜ਼ਾਮਤ ਅਮਰਗੜ੍ਹ ਨੂੰ ਭੇਜੀ ਗਈ ਸੀ। ਇਸ ਰਿਪੋਰਟ ਤੋਂ ਸਾਫ਼ ਪਤਾ ਲੱਗਦਾ ਹੈ ਕਿ ਮਲੌਦ ਤੇ ਕਸਬਾ ਕੋਟਲਾ ਦੀ ਵਾਰਦਾਤ ਦੇ ਦਿਨਾਂ ਤੱਕ ਨਹਿਰ ਦੇ ਕੰਢੇ ਦਸ ਬਾਰਾਂ ਕੂਕੇ ਦੁਕਾਨਾਂ ਕਰਦੇ ਸਨ ਅਤੇ ਦਾਸ ਨੇ ਔਰਤਾਂ ਤੇ ਬੱਚਿਆਂ ਨੂੰ ਛੱਡ ਕੇ ਕੋਈ ਪੰਜਾਹ ਕੂਕੇ ਨਹਿਰ ਦੇ ਕੰਢੇ ’ਤੇ ਰਹਿੰਦੇ ਦੇਖ ਕੇ ਗਿਣੇ। ਇਹ ਸੁਣਿਆ ਗਿਆ ਕਿ ਇਹ ਲੋਕ ਕਦੇ ਕਦੇ ਇੱਕਠੇ ਹੁੰਦੇ ਹਨ ਅਤੇ ਅਕਸਰ ਇੱਕ ਇੱਕ, ਦੋ ਦੋ ਤੇ ਤਿੰਨ ਤਿੰਨ ਕੂਕੇ ਆਉਂਦੇ ਜਾਂਦੇ ਰਹਿੰਦੇ ਹਨ ਬਲਕਿ ਮੁੜ ਸੁਣਿਆ ਹੈ ਕਿ ਇਹ ਕੋਈ ਅੱਸੀ (80) ਜਣੇ ਦੁਕਾਨਾਂ ’ਤੇ ਇੱਕਠੇ ਹੁੰਦੇ ਰਹਿੰਦੇ ਹਨ। ਦਾਸ ਨੂੰ ਇਸ ਗੱਲ ਦਾ ਸ਼ੱਕ ਹੋਇਆ ਤੇ ਫ਼ੌਰਨ ਮਹਿਕਮਾ ਸ਼ਾਹੀ ਮੁਨਸ਼ੀ ਖਾਨੇ ਕੋਲ ਬਿਨੈ-ਪੱਤਰ ਭੇਜਿਆ।

ਹੁਣ ਇਸ ਦਾਸ ਨੇ ਹੁਕਮ ਦੀ ਪਾਲਣਾ ਕਰਦੇ ਹੋਏ ਇਨ੍ਹਾਂ ਲੋਕਾਂ ਦਾ ਹਾਲ ਦਰਿਆਫ਼ਤ ਕੀਤਾ ਤੇ ਚਾਰਟ (ਨਕਸ਼ਾ) ਬਣਾਇਆ ਤਾਂ ਇਹ ਲੋਕ ਦੋ ਡੇਰਿਆਂ ’ਚ ਠਹਿਰੇ ਹੋਏ ਗਿਣਤੀ ਵਿੱਚ 49 ਆਦਮੀ ਹੋਏ। ਇਨ੍ਹਾਂ ’ਚ ਵਾਧਾ ਉਸ ਦਿਨ ਤੋਂ ਹੋਇਆ ਕਿ ਜਦੋਂ ਬਦਮਾਸ਼ ਕੂਕਿਆਂ ਨੇ ਹਮਲਾ ਕੀਤਾ, ਨਹੀਂ ਤਾਂ ਇਹ ਲੋਕ ਪਹਿਲਾਂ ਆਪਣੇ ਸਤਿਗੁਰੂ ਦੀ ਸੇਵਾ ਵਿੱਚ ਭੈਣੀ ਵਿਖੇ ਮੌਜੂਦ ਰਹਿੰਦੇ ਸਨ ਅਤੇ ਆਪਣੀਆਂ ਔਰਤਾਂ ਤੇ ਬੱਚਿਆਂ ਸਮੇਤ ਉੱਥੇ ਆ ਕੇ ਰਹੇ ਸਨ। ਇਸ ਲਈ ਕੂਕਾ ਮਜ਼ਹਬ ਦੇ ਆਦਮੀਆਂ ਦਾ ਵੇਰਵੇ ਸਹਿਤ ਨਕਸ਼ਾ (ਸੂਚੀ) ਤਿਆਰ ਕਰਕੇ ਹਜ਼ੂਰ ਕੋਲ ਭੇਜ ਰਿਹਾ ਹਾਂ ਅਤੇ ਬੇਨਤੀ ਇਹ ਹੈ ਕਿ ਸੁਣਿਆ ਗਿਆ ਹੈ ਇਹ ਸਾਰੇ ਲੋਕ ਆਪਣੀਆਂ ਅੱਚਲ ਜਾਇਦਾਦਾਂ ਵੇਚ ਕੇ ਪਿੰਡ ਭੈਣੀ ਵਿਖੇ ਚਲੇ ਆਏ ਸਨ ਅਤੇ ਇਨ੍ਹਾਂ ਦੀ ਜ਼ਬਾਨੀ ਇਨ੍ਹਾਂ ਦੇ ਪਿੰਡਾਂ ਵਿੱਚ ਜਾਇਦਾਦ ਦਾ ਮੌਜੂਦ ਹੋਣਾ ਇਨ੍ਹਾਂ ਦੀਆਂ ਖੇਤੀਬਾੜੀ ਵਾਲੀਆਂ ਜ਼ਮੀਨਾਂ ਦੀ ਪ੍ਰਕਾਰ ਤੋਂ ਪਤਾ ਲਗਦਾ ਹੈ। ਸੋ ਇਸ ਗੱਲ ਦੀ ਤਹਿਕੀਕਾਤ ਹੋ ਸਕਦੀ ਹੈ। ਦਾਸ ਨੇ ਅਕਸਰ ਇਹ ਲੋਕ ਕੁਝ ਵਾਰੀ ਜ਼ਿਆਦਾਤਰ ਪਿਸਤੌਲ ਆਦਿ ਚੀਜ਼ਾਂ ਲੈਂਦੇ ਦੇਖੇ ਹਨ। ਇਹ ਅਨਾਜ ਦੀ ਸੌਦਾਗਰੀ ਬਹੁਤ ਕਰਦੇ ਹਨ। ਸੈਂਕੜੇ ਮਣ ਅਨਾਜ ਇਨ੍ਹਾਂ ਕੋਲ ਮੌਜੂਦ ਰਹਿੰਦਾ ਹੈ ਬਲਕਿ ਆਉਣ ਜਾਣ ਵਾਲਿਆਂ ਨੂੰ ਰੋਟੀ ਵੀ ਦਿੰਦੇ ਹਨ। ਜਿਹੜੀ ਦੁਕਾਨ ਰਾਮ ਸਿੰਘ ਸਤਿਗੁਰੂ ਦੀ ਹੈ ਉਸ ਵਿੱਚ ਸਰੋਦ (ਗਾਉਣ ਵਜਾਉਣ) ਆਦਿ ਦਾ ਸਾਮਾਨ ਵੀ ਰਹਿੰਦਾ ਹੈ। ਇਨ੍ਹਾਂ ਲੋਕਾਂ ਦੀ ਜ਼ਿਆਦਾਤਰ ਸ਼੍ਰੇਣੀ ਪਿੰਡ ਕਟਾਣੇ ਦੀ ਹੱਦ ’ਤੇ ਮੌਜੂਦ ਹੈ। ਤੁਹਾਨੂੰ ਇਹ ਸਾਰਾ ਵੇਰਵੇ ਸਹਿਤ ਹਾਲ ਦਾ ਨਕਸ਼ਾ (ਨਾਲ ਨੱਥੀ) ਵੇਖ ਕੇ ਚੰਗੀ ਤਰ੍ਹਾਂ ਪਤਾ ਲੱਗ ਜਾਵੇਗਾ।

ਇਤਲਾਹ ਵਜੋਂ ਅਰਜ਼ ਕੀਤਾ।
ਐ ਖ਼ੁਦਾ ਦੇ ਸਰਕਾਰ ਤੇ ਤੇਜ ਪਰਤਾਪ ਤੇ ਹਕੂਮਤ ਦਾ ਸੂਰਜ ਚਮਕਦਾ ਰਵ੍ਹੇ !

ਦਾਸ
ਸੱਯਦ ਸਾਦਿਕ ਅਲੀ,
ਥਾਣੇਦਾਰ ਸਾਹਿਬਗੜ੍ਹ,

---

**ਕੂਕੇ ਲੋਕਾਂ ਦਾ ਨਕਸ਼ਾ (ਚਾਰਟ) ਜਿਹੜੇ ਨਹਿਰ ਕੰਢੇ ਦੌਲਤਮਦਾਰ ਸਰਕਾਰ ਦੇ ਇਲਾਕੇ ਦੀ ਹੱਦ 'ਤੇ ਮਜ਼ਦੂਰੀ ਅਤੇ ਦੁਕਾਨਾਂ ਕਰਦੇ ਹਨ।** 4 ਚੇਤ 1928

| ਲੜੀ ਨੰ: | ਨਾਮ ਕੂਕਾ | ਰਿਹਾਇਸ਼ ਸਮੇਤ ਜ਼ਿਲ੍ਹਾ ਤੇ ਥਾਣਾ | ਸਾਬਿਕਾ ਪੇਸ਼ਾ | ਹੁਣ ਦਾ ਪੇਸ਼ਾ | ਉਮਰ | ਕਿਸ ਦੇ ਹੇਠਾਂ ਕੰਮ ਕਰਦਾ ਹੈ | ਕਦੋਂ ਤੋਂ ਇਸ ਇਲਾਕੇ 'ਚ ਆਇਆ ਹੈ | ਜਾਇਦਾਦ ਦਾ ਵੇਰਵਾ | ਕਦੋਂ ਤੋਂ ਕੂਕਾ ਬਣਿਆ ਹੈ | ਵੇਰਵਾ ਰਿਪੋਰਟ ਥਾਣੇਦਾਰ ਸਾਹਿਬਗੜ ਮਿਤੀ 16 ਮਾਰਚ 1872 |
|---|---|---|---|---|---|---|---|---|---|---|
| 1. | ਭਗਵਾਨ ਸਿੰਘ ਪੁੱਤਰ ਬਹਾਲ ਸਿੰਘ ਕੌਮ ਜੱਟ | ਪਿੰਡ ਜੰਡਵਾਲਾ ਤਹਿਸੀਲ ਨੰਗਲਾ ਜ਼ਿਲ੍ਹਾ ਸਿਰਸਾ | ਖੇਤੀਬਾੜੀ | ਦੁਕਾਨਦਾਰੀ | 37 ਸਾਲ | ਦੁਕਾਨਦਾਰੀ ਦੇ ਛੇਵੇਂ ਹਿਸੇ ਦੇ ਹਿੱਸੇਦਾਰ ਵਜੋਂ | ਕੱਤਕ 1928 ਤੋਂ ਦੁਕਾਨ ਕੀਤੀ। | 126 ਬਿਘੇ ਪੱਕੇ | 5 ਸਾਲਾਂ ਤੋਂ | ------------- |
| 2. | ਨਿਹਾਲ ਸਿੰਘ ਪੁੱਤਰ ਅਨੋਖ ਸਿੰਘ ਕੌਮ ਜੱਟ | ਪਿੰਡ ਮੰਡੀ ਤਹਿਸੀਲ ਮੁਕਤਸਰ ਜ਼ਿਲ੍ਹਾ ਫਿਰੋਜ਼ਪੁਰ | ਖੇਤੀਬਾੜੀ | ਦੁਕਾਨਦਾਰੀ | 35 ਸਾਲ | ਇਹ ਦੁਕਾਨ ਤਾਂ ਖੁਦ ਖਾਤਾ ਕੂਕਾ ਦੀ ਸਾਂਝੀ ਹੈ। | ਕੱਤਕ ਮਹੀਨੇ ਤੋਂ ਦੁਕਾਨ ਕੀਤੀ ਪਹਿਲਾਂ ਭੈਣੀ ਰਹਿੰਦਾ ਸੀ। | 80 ਘੁਮਾਂਉ | 5 ਸਾਲਾਂ ਤੋਂ | ------------- |
| 3. | ਪੰਜਾਬ ਸਿੰਘ ਪੁੱਤਰ ਨਿਹਾਲ ਸਿੰਘ ਕੌਮ ਜੱਟ | ਪਿੰਡ ਮੁਕਤਸਰ ਜ਼ਿਲ੍ਹਾ ਫਿਰੋਜ਼ਪੁਰ | ਖੇਤੀਬਾੜੀ | ਦੁਕਾਨਦਾਰੀ | 30 ਸਾਲ | ਇਹ ਦੁਕਾਨ ਤਾਂ ਖੁਦ ਖਾਤਾ ਕੂਕਾ ਦੀ ਸਾਂਝੀ ਹੈ। | ਕੱਤਕ ਮਹੀਨੇ ਤੋਂ ਦੁਕਾਨ ਕੀਤੀ ਪਹਿਲਾਂ ਭੈਣੀ ਰਹਿੰਦਾ ਸੀ। | 50 ਘੁਮਾਂਉ | 4 ਸਾਲਾਂ ਤੋਂ | ------------- |
| 4. | ਅਨੂਪ ਸਿੰਘ ਪੁੱਤਰ ਬੁੱਕਣ ਸਿੰਘ ਕੌਮ ਜ਼ਿਮੀਂਦਾਰ | ਪਿੰਡ ਭੋਲੇ ਵਾਲਾ ਤਹਿਸੀਲ ਮੁਕਤਸਰ ਤੇ ਜ਼ਿਲ੍ਹਾ ਫਿਰੋਜ਼ਪੁਰ | ਖੇਤੀਬਾੜੀ | ਦੁਕਾਨਦਾਰੀ | 35 ਸਾਲ | ਇਹ ਦੁਕਾਨ ਤਾਂ ਖੁਦ ਖਾਤਾ ਕੂਕਾ ਦੀ ਸਾਂਝੀ ਹੈ। | ਕੱਤਕ ਮਹੀਨੇ ਤੋਂ ਦੁਕਾਨ ਕੀਤੀ ਪਹਿਲਾਂ ਭੈਣੀ ਰਹਿੰਦਾ ਸੀ। | 60 ਘੁਮਾਂਉ | 4 ਸਾਲਾਂ ਤੋਂ | ------------- |
| 5. | ਪ੍ਰਧਾਨ ਸਿੰਘ ਪੁੱਤਰ ਉੱਤਮ ਸਿੰਘ ਕੌਮ ਜੱਟ | ਪਿੰਡ ਮਲੌਟ ਤਹਿਸੀਲ ਨੰਗਲਾ ਜ਼ਿਲ੍ਹਾ ਸਿਰਸਾ | ਖੇਤੀਬਾੜੀ | ਦੁਕਾਨਦਾਰੀ | 35 ਸਾਲ | ਇਹ ਦੁਕਾਨ ਤਾਂ ਖੁਦ ਖਾਤਾ ਕੂਕਾ ਦੀ ਸਾਂਝੀ ਹੈ। | ਕੱਤਕ ਮਹੀਨੇ ਤੋਂ ਦੁਕਾਨ ਕੀਤੀ ਪਹਿਲਾਂ ਭੈਣੀ ਰਹਿੰਦਾ ਸੀ। | 5 ਬਿਘੇ ਪੁਖਤਾ | 4 ਸਾਲਾਂ ਤੋਂ | ------------- |

----------------------------------------------------------------

| | | | | | | | | | | |
|---|---|---|---|---|---|---|---|---|---|---|
| 6. | ਨੰਦ ਸਿੰਘ ਪੁੱਤਰ ਸ਼ੇਰ ਸਿੰਘ ਜ਼ਿਮੀਂਦਾਰ | ਪਿੰਡ ਭੋਲੇ ਵਾਲਾ ਤਹਿਸੀਲ ਮੁਕਤਸਰ ਜ਼ਿਲ੍ਹਾ ਫਿਰੋਜ਼ਪੁਰ | ਖੇਤੀਬਾੜੀ | ਦੁਕਾਨਦਾਰੀ | 30 ਸਾਲ | ਇਹ ਦੁਕਾਨ ਸਭ ਦੀ ਸਾਂਝੀ ਹੈ। ਹਿੱਸੇ ਦੇ ਤੌਰ 'ਤੇ ਕੰਮ ਕਰਦਾ ਹੈ। | ਕੱਤਕ ਮਹੀਨੇ ਤੋਂ ਸੰਮਤ 1928 | 60 ਘੁਮਾਂਉ | ------ | ਇਹ ਸ਼ਖਸ ਅੱਜ ਨਹਿਰ 'ਤੇ ਮੌਜੂਦ ਨਹੀਂ ਹੈ। ਛੋਲੇ ਵੇਚਣ ਵਾਸਤੇ ਮਰ੍ਹਾਜ ਗਿਆ ਹੋਇਆ ਹੈ। |
| 7. | ਵਜ਼ੀਰ ਸਿੰਘ ਪੁੱਤਰ ਫ਼ਤਹ ਸਿੰਘ ਕੌਮ ਜੱਟ | ਪਿੰਡ ਰੁਪਾਣਾ ਜ਼ਿਲ੍ਹਾ ਫਿਰੋਜ਼ਪੁਰ | ਖੇਤੀਬਾੜੀ | ਮਜ਼ਦੂਰੀ ਤੇ ਦੁਕਾਨ | 51 ਸਾਲ | ਖੁਦ ਮਾਲਿਕ | ਮੱਘਰ ਮਹੀਨੇ ਤੋਂ | 211 ਘੁਮਾਉ | ਪੰਜ ਸਾਲਾਂ ਤੋਂ ਕੂਕਾ ਹੈ | ਇਹ ਸ਼ਖਸ ਗਿਆ ਹੋਇਆ ਸੀ। ਲਿਖਤ ਮਗਰੋਂ ਬੇਗੋਵਾਲ ਤੋਂ ਵਾਪਸ ਆ ਗਿਆ ਹੈ। |
| 8. | ਬੇਕਰਾਨ ਸਿੰਘ ਪੁੱਤਰ ਮੋਹਰ ਸਿੰਘ ਜ਼ਿਮੀਂਦਾਰ | ਪਿੰਡ ਸਮਾਗਾ ਤਹਿਸੀਲ ਤੇ ਥਾਣਾ ਮੁਕਤਸਰ | ਖੇਤੀਬਾੜੀ | ਲਾਂਗਰੀ | 24 ਸਾਲ | ਸ਼ਾਮਲਾਤ ਦੁਕਾਨ ਦਾ ਕੰਮ ਕਰਦਾ ਹੈ। | ਕੱਤਕ ਤੋਂ | 8 ਘੁਮਾਉ | ਚਾਰ ਸਾਲ ਤੋਂ ਕੂਕਾ ਹੈ | ------------- |
| 9. | ਸ਼ੇਰ ਸਿੰਘ ਪੁੱਤਰ ਬੁੱਕਣ ਸਿੰਘ ਜ਼ਿਮੀਂਦਾਰ | ਪਿੰਡ ਭੋਲੇਵਾਲਾ ਤਹਿਸੀਲ ਮੁਕਤਸਰ ਜ਼ਿਲ੍ਹਾ ਫਿਰੋਜ਼ਪੁਰ | ਖੇਤੀਬਾੜੀ | ਮਜ਼ਦੂਰੀ | 50 ਸਾਲ | ਮੁੱਖ ਸੜਕ 'ਦੇ ਬੰਗਲੇ 'ਚ | ਮੱਘਰ ਮਹੀਨੇ ਤੋਂ | 60 ਘੁਮਾਉਂ | ਪੰਜ ਸਾਲ ਤੋਂ ਕੂਕਾ ਹੈ | ਇਹ ਸ਼ਖਸ ਅੱਜ ਗੱਡਾ ਲੈ ਕੇ ਰੋਪੜ ਗਿਆ ਹੋਇਆ ਹੈ। ਇਹ ਵਾਪਸ ਆ ਗਿਆ ਬੇਗੋਵਾਲ ਰਹਿੰਦਾ ਹੈ। |
| 10. | ਸੁਰਮੁਖ ਸਿੰਘ ਪੁੱਤਰ ਅਨੂਪ ਸਿੰਘ ਜ਼ਿਮੀਂਦਾਰ | ਪਿੰਡ ਭੋਲੇਵਾਲਾ ਤਹਿਸੀਲ ਮੁਕਤਸਰ ਜ਼ਿਲ੍ਹਾ ਫਿਰੋਜ਼ਪੁਰ | ਖੇਤੀਬਾੜੀ | ਮਜ਼ਦੂਰੀ | 22 ਸਾਲ | ਮੁੱਖ ਸੜਕ 'ਦੇ ਬੰਗਲੇ 'ਚ | ਮੱਘਰ ਮਹੀਨੇ ਤੋਂ | 60 ਘੁਮਾਉਂ | ਪੰਜ ਸਾਲ ਤੋਂ ਕੂਕਾ ਹੈ | ਅੱਜ ਹਾਜ਼ਿਰ ਆ ਗਿਆ ਬੇਗੋਵਾਲ ਰਹਿੰਦਾ ਹੈ। |

---

| | | | | | | | | | | |
|---|---|---|---|---|---|---|---|---|---|---|
| 11. | ਬਬਲੀ ਸਿੰਘ ਪੁੱਤਰ ਮੱਖਣ ਸਿੰਘ ਜ਼ਿਮੀਂਦਾਰ | ਪਿੰਡ ਸੋਥਾ ਤਹਿਸੀਲ ਤੇ ਥਾਣਾ ਮੁਕਤਸਰ | ਖੇਤੀਬਾੜੀ | ਮਜ਼ਦੂਰੀ | 35 ਸਾਲ | ਮੁੱਖ ਸੜਕ 'ਦੇ ਬੰਗਲੇ 'ਚ | ਕੱਤਕ ਮਹੀਨੇ ਤੋਂ | 25 ਘੁਮਾਉਂ | ਚਾਰ ਸਾਲ ਤੋਂ ਕੂਕਾ ਹੈ | ------- ------ |
| 12. | ਬਹਾਲ ਸਿੰਘ ਪੁੱਤਰ ਭਾਨ ਸਿੰਘ ਜ਼ਿਮੀਂਦਾਰ | ਪਿੰਡ ਸੌਥਾ ਤਹਿਸੀਲ ਤੇ ਥਾਣਾ ਮੁਕਤਸਰ | ਖੇਤੀਬਾੜੀ | ਮਜ਼ਦੂਰੀ | 35 ਸਾਲ | ਮੁੱਖ ਸੜਕ 'ਦੇ ਬੰਗਲੇ 'ਚ | ਕੱਤਕ ਮਹੀਨੇ ਤੋਂ | 27ਘੁਮਾਉਂ | ਚਾਰ ਸਾਲ ਤੋਂ ਕੂਕਾ ਹੈ | ------- ------ |
| 13. | ਨਿਧਾਨ ਸਿੰਘ ਪੁੱਤਰ ਮੱਖਣ ਸਿੰਘ ਜ਼ਿਮੀਂਦਾਰ | ਪਿੰਡ ਸੌਥਾ ਤਹਿਸੀਲ ਤੇ ਥਾਣਾ ਮੁਕਤਸਰ | ਖੇਤੀਬਾੜੀ | ਕੂਕਿਆਂ ਦੇ ਊਠਾਂ ਦੀ ਚਰਾਈ | 18 ਸਾਲ | ਰਾਮ ਸਿੰਘ ਸਤਿਗੁਰੂ ਦੇ ਊਠ ਚਾਰਦਾ ਹੈ। | ਕੂਕਿਆਂ ਦੇ ਫ਼ਸਾਦ ਤੋਂ | 27ਘੁਮਾਉਂ | ਚਾਰ ਸਾਲ ਤੋਂ ਕੂਕਾ ਹੈ | ------- ------ |
| 14. | ਚੰਦਾ ਸਿੰਘ ਪੁੱਤਰ ਬੀਰ ਸਿੰਘ ਜ਼ਿਮੀਂਦਾਰ | ਪਿੰਡ ਸੌਥਾ ਤਹਿਸੀਲ ਤੇ ਥਾਣਾ ਮੁਕਤਸਰ | ਖੇਤੀਬਾੜੀ | ਮਜ਼ਦੂਰੀ | 30 ਸਾਲ | ਮੁੱਖ ਸੜਕ 'ਦੇ ਬੰਗਲੇ 'ਚ | ਕੱਤਕ ਦੇ ਮਹੀਨੇ ਤੋਂ ਏਥੋਂ ਪਹਿਲਾਂ ਭੈਣੀ ਰਹਿੰਦਾ ਸੀ | ------- | ਚਾਰ ਸਾਲ ਤੋਂ ਕੂਕਾ ਹੈ | ------- ------ |
| 15. | ਮਾਨ ਸਿੰਘ ਪੁੱਤਰ ਦੋਦਾ ਸਿੰਘ ਜ਼ਿਮੀਂਦਾਰ | ਪਿੰਡ ਸੋਥਾ ਤਹਿਸੀਲ ਤੇ ਥਾਣਾ ਮੁਕਤਸਰ | ਖੇਤੀਬਾੜੀ | ਮਜ਼ਦੂਰੀ | 45 ਸਾਲ | ਮੁੱਖ ਸੜਕ 'ਦੇ ਬੰਗਲੇ 'ਚ ਹੈ। | ਕੱਤਕ ਦੇ ਮਹੀਨੇ ਤੋਂ ਏਥੋਂ ਪਹਿਲਾਂ ਭੈਣੀ ਰਹਿੰਦਾ ਸੀ | 28 ਘੁਮਾਉ | ਪੰਜ ਸਾਲ ਤੋਂ ਕੂਕਾ ਹੈ | ------- ----- |
| 16. | ਹਮੀਰ ਸਿੰਘ ਪੁੱਤਰ ਬਘੇਲ ਸਿੰਘ ਜ਼ਿਮੀਂਦਾਰ | ਪਿੰਡ ਸੌਥਾ ਤਹਿਸੀਲ ਤੇ ਥਾਣਾ ਮੁਕਤਸਰ | ਖੇਤੀਬਾੜੀ | ਮਜ਼ਦੂਰੀ | 22 ਸਾਲ | ਮੁੱਖ ਸੜਕ 'ਦੇ ਬੰਗਲੇ 'ਚ | ਕੱਤਕ ਦੇ ਮਹੀਨੇ ਤੋਂ ਏਥੋਂ ਪਹਿਲਾਂ ਭੈਣੀ ਰਹਿੰਦਾ ਸੀ | ------- - | ਚਾਰ ਸਾਲ ਤੋਂ ਕੂਕਾ ਹੈ | ------- ----- |
| 17. | ਵਜ਼ੀਰ ਸਿੰਘ ਪੁੱਤਰ ਸੰਗਤ ਸਿੰਘ ਜ਼ਿਮੀਂਦਾਰ | ਪਿੰਡ ਸੌਥਾ ਤਹਿਸੀਲ ਤੇ ਥਾਣਾ ਜ਼ਿਲ੍ਹਾ ਮੁਕਤਸਰ | ਖੇਤੀਬਾੜੀ | ਮਜ਼ਦੂਰੀ | 30 ਸਾਲ | ਮੁੱਖ ਰੋਡ'ਦੇ ਬੰਗਲੇ 'ਚ | ਕੱਤਕ ਦੇ ਮਹੀਨੇ ਤੋਂ ਪਹਿਲਾਂ ਭੈਣੀ ਰਹਿੰਦਾ ਸੀ | ------- - | ਚਾਰ ਸਾਲ ਤੋਂ | ------- ---- |
| 18. | ਖਜ਼ਾਨ ਸਿੰਘ ਪੁੱਤਰ ਬਘੇਲ ਸਿੰਘ ਜ਼ਿਮੀਂਦਾਰ | ਪਿੰਡ ਸੌਥਾ ਤਹਿਸੀਲ ਤੇ ਥਾਣਾ ਮੁਕਤਸਰ | ਖੇਤੀਬਾੜੀ | ਮਜ਼ਦੂਰੀ | 25 ਸਾਲ | ਮੁੱਖ ਸੜਕ 'ਦੇ ਬੰਗਲੇ ਚ | ਕੱਤਕ ਦੇ ਮਹੀਨੇ ਤੋਂ ਪਹਿਲਾਂ ਭੈਣੀ ਰਹਿੰਦਾ ਸੀ | ------- - | ਚਾਰ ਸਾਲ ਤੋਂ | ------- ----- |
| 19. | ਜੈਮਲ ਸਿੰਘ ਪੁੱਤਰ ਧੌਕਲ ਸਿੰਘ ਜ਼ਿਮੀਂਦਾਰ | ਪਿੰਡ ਘੋਲਾ ਤਹਿਸੀਲ ਤੇ ਥਾਣਾ ਮੁਕਤਸਰ | ------- | ------- | ---- | -------- --- | -------- ----- | ------- - | ----- - | ਅੱਜ ਇਹ ਸ਼ਖਸ ਹਾਜ਼ਿਰ ਨਹੀਂ ਗੱਡਾ ਲੈ ਕੇ ਰੋਪੜ ਗਿਆ ਹੋਇਆ ਹੈ। |

---

| | | | | | | | | | | |
|---|---|---|---|---|---|---|---|---|---|---|
| 20. | ਜਾਗਰ ਸਿੰਘ ਪੀਸਰ ਬੁੱਧ ਸਿੰਘ ਜਿਮੀਂਦਾਰ | ਪਿੰਡ (ਫੋਟੋ ਸਟੈਂਟ ਨਹੀਂ ਹੋਇਆ) ਤਹਿਸੀਲ ਤੇ ਜਿਲ੍ਹਾ ਮੁਕਤਸਰ | ਖੇਤੀਬਾੜੀ | ਕੂਕਿਆਂ ਦੇ ਲੰਘਰ 'ਚ ਅੱਗ ਬਾਲਣੀ | 25 ਸਾਲ | ਕੂਕੇ ਦੁਕਾਨਦਾਰਾਂ ਹੇਠ ਕੰਮ ਕਰਦਾ ਹੈ | ਕੱਤਕ ਦੇ ਮਹੀਨੇ ਤੋਂ ਇੱਥੇ ਆਇਆ ਹੈ ਪਹਿਲਾਂ ਭੈਣੀ ਰਹਿੰਦਾ ਸੀ | 51 ਘੁਮਾਂਓ | ਚਾਰ ਸਾਲ ਤੋਂ ਕੂਕਾ ਹੈ | ------------ |
| 21. | ਦਿਆਲ ਸਿੰਘ ਪੁੱਤਰ ਰਤਨ ਸਿੰਘ ਜ਼ਿਮੀਂਦਾਰ | ਸੋਨਗੜ੍ਹ ਵਾਲਾ ਤਹਿਸੀਲ ਤੇ ਥਾਣਾ ਮੁਕਤਸਰ | ਖੇਤੀਬਾੜੀ | ਕੂਕਿਆਂ ਦਾ ਲਾਂਗਰੀ | 30 ਸਾਲ | ਕੂਕੇ ਦੁਕਾਨਦਾਰਾਂ ਹੇਠ ਕੰਮ ਕਰਦਾ ਹੈ | ਕੱਤਕ ਦੇ ਮਹੀਨੇ ਤੋਂ ਇੱਥੇ ਆਇਆ ਹੈ ਪਹਿਲਾਂ ਭੈਣੀ ਰਹਿੰਦਾ ਸੀ | 50 ਘੁਮਾਂਓ | ਪੰਜ ਸਾਲ ਤੋਂ | ਦੱਸ ਦਿਨ ਤੋਂ ਜ਼ਿਲ੍ਹਾ ਬੀਕਾਨੇਰ ਵੱਲ[illegible] ਗਿਆ ਹੋਇਆ ਹੈ। |
| 22. | ਖੜਕ ਸਿੰਘ ਪੁੱਤਰ ਸ਼ੇਰ ਸਿੰਘ ਜ਼ਿਮੀਂਦਾਰ | ਪਿੰਡ ਭੋਲੇਵਾਲਾ ਤਹਿਸੀਲ ਤੇ ਥਾਣਾ ਮੁਕਤਸਰ | ਖੇਤੀਬਾੜੀ | ਕੂਕਿਆਂ ਦਾ ਲਾਂਗਰੀ | 17 ਸਾਲ | ਕੂਕੇ ਦੁਕਾਨਦਾਰਾਂ ਹੇਠ ਕੰਮ ਕਰਦਾ ਹੈ | ਕੱਤਕ ਦੇ ਮਹੀਨੇ ਤੋਂ ਇੱਥੇ ਆਇਆ ਹੈ ਪਹਿਲਾਂ ਭੈਣੀ ਰਹਿੰਦਾ ਸੀ | 60 ਘੁਮਾਂਓ | ਚਾਰ ਸਾਲ ਤੋਂ | ਇਹ ਸ਼ਖਸ (ਗੁਰੂ) ਰਾਮ ਸਿੰਘ ਦੇ ਕੋਲ ਰਹਿੰਦਾ ਸੀ ਉੱਥੋਂ ਕੱਢੇ ਜਾਣ ਦੇ ਦਿਨ ਤੋਂ ਨਹਿਰ 'ਤੇ ਹੈ। |
| 23. | ਬੁੱਧ ਸਿੰਘ ਪੁੱਤਰ ਕੌੜਾ ਕੌਮ ਅਰੋੜਾ | ਜੰਡ ਵਾਲਾ ਤਹਿਸੀਲ ਨੰਗਲਾ ਜ਼ਿਲ੍ਹਾ ਸਿਰਸਾ | ਖੇਤੀਬਾੜੀ | ਮਜ਼ਦੂਰੀ | 35 ਸਾਲ | ਮੁੱਖ ਰੋਡ'ਦੇ ਬੰਗਲੇ 'ਚ | ਫ਼ਸਾਦ ਦੇ ਦਿਨਾਂ ਤੋਂ | -------- | ਪੰਜ ਸਾਲ ਤੋਂ | ਇਹ ਸ਼ਖਸ ਗੈਰ ਹਾਜ਼ਿਰ ਹੈ। ਇਸ ਦੇ ਸਾਥੀ ਕਹਿੰਦੇ ਹਨ ਕਿ ਹੋਰ ਦੋ ਮਹੀਨਿਆਂ ਨੂੰ ਆ ਜਾਵੇਗਾ ਪਰ ਇਹ ਨਹੀਂ ਦੱਸਿਆ ਕਿ ਕਿੱਥੇ ਗਿਆ ਹੋਇਆ ਹੈ |

---

| | | | | | | | | | | |
|---|---|---|---|---|---|---|---|---|---|---|
| 24. | ਅਨੋਖ ਸਿੰਘ ਪੁੱਤਰ ਦੌਲਤ ਅਰੋੜਾ | ਜੰਡ ਵਾਲਾ ਤਹਿਸੀਲ ਨੰਗਲਾ ਜ਼ਿਲ੍ਹਾ ਸਿਰਸਾ | ਖੇਤੀਬਾੜੀ ਤੇ ਦੁਕਾਨ | ਦੁਕਾਨ ਵਾਲਿਆਂ ਦਾ ਆਦਮੀ ਹੈ | 24 ਸਾਲ | ਦੁਕਾਨਦਾਰਾਂ ਹੇਠ ਰੋਟੀਆਂ ਪਕਾਉਣ ਦਾ ਕੰਮ ਕਰਦਾ ਹੈ | ਕੂਕਿਆਂ ਦੇ ਫ਼ਸਾਦ ਦੇ ਦਿਨਾਂ ਤੋਂ | -------- | ਚਾਰ ਸਾਲ ਤੋਂ ਕੂਕਾ ਹੈ | ------------- |
| 25. | ਕਾਨ੍ਹਾ ਸਿੰਘ ਪੁੱਤਰ ਚੰਨਨ ਸਿੰਘ ਕੌਮ ਜ਼ਿਮੀਂਦਾਰ | ਜੰਡ ਵਾਲਾ ਤਹਿਸੀਲ ਨੰਗਲਾ ਜ਼ਿਲ੍ਹਾ ਸਿਰਸਾ | ------- | -------- | ---- | ------------- | -------------- | -------- | ------ | ਇਹ ਸ਼ਖਸ ਦਸ ਦਿਨਾਂ ਤੋਂ ਬੀਕਾਨੇਰ ਵੱਲੋਂ ਗਿਆ ਹੋਇਆ ਹੈ ਇਸ ਵਾਸਤੇ ਖ਼ਾਨਾ ਪੂਰੀ ਨਹੀਂ ਹੋਈ। |
| 26. | ਧਿਆਨ ਸਿੰਘ ਪੁੱਤਰ ਸੋਭਾ ਸਿੰਘ ਜ਼ਿਮੀਂਦਾਰ | ਸ਼ੰਕਰ ਵਾਲੀ ਤਹਿਸੀਲ ਨੰਗਲਾ ਜ਼ਿਲ੍ਹਾ ਸਿਰਸਾ | ਖੇਤੀਬਾੜੀ | ਮਜ਼ਦੂਰੀ | 35 ਸਾਲ | ਮੁੱਖ ਸੜਕ ਦੇ ਬੰਗਲੇ 'ਚ | ਕੂਕਿਆਂ ਦੇ ਫ਼ਸਾਦ ਦੇ ਦਿਨਾਂ ਤੋਂ | 122 ਘੁਮਾਉਂ 40 ਬਿਘੇ ਸਿਵਾਏ | ਪੰਜ ਸਾਲ ਤੋਂ ਕੂਕਾ ਹੈ | ------------ |
| 27. | ਹੀਰਾ ਸਿੰਘ ਪੁੱਤਰ ਬੀਹਲਾ ਸਿੰਘ ਜ਼ਿਮੀਂਦਾਰ | ਪਿੰਡ ਖਰਾਜਵਾਲਾ ਤਹਿਸੀਲ ਨੰਗਲਾ ਜ਼ਿਲ੍ਹਾ ਸਿਰਸਾ | ਖੇਤੀਬਾੜੀ | ਕੂਕਿਆਂ ਦਾ ਲਾਂਗਰੀ | 17 ਸਾਲ | ਦੁਕਾਨਦਾਰਾਂ ਦੇ ਹੇਠਾਂ ਰੋਟੀਆਂ ਪਕਾਉਣ ਦਾ ਕੰਮ ਕਰਦਾ ਹੈ | ਫ਼ਸਾਦ ਦੇ ਦਿਨਾਂ ਤੋਂ | 20 ਘੁਮਾਂਓ | ਪੰਜ ਸਾਲ ਤੋਂ | ------------- |
| 28. | ਬੀਰ ਸਿੰਘ ਪੁੱਤਰ ਬੂਟਾ ਜ਼ਿਮੀਂਦਾਰ | ਪਿੰਡ ਕੁੱਟੀ ਤਹਿਸੀਲ ਮੁਕਤਸਰ/ ਜਿਲ੍ਹਾ ਫਿਰੋਜ਼ਪੁਰ | ਖੇਤੀਬਾੜੀ | ਮਜ਼ਦੂਰੀ | 25 ਸਾਲ | ਮੁੱਖ ਸੜਕ ਦੇ (ਬੁੰਗੇ) 'ਚ ਬੰਗਲੇ | ਫ਼ਸਾਦ ਦੇ ਦਿਨਾਂ ਤੋਂ | 15 ਘੁਮਾਂਓ | ਚਾਰ ਸਾਲ ਤੋਂ | ------------- |
| 29. | ਭਾਨ ਸਿੰਘ ਪੁੱਤਰ ਦੌਲਾ ਸਿੰਘ ਜ਼ਿਮੀਂਦਾਰ | ਪਿੰਡ ਸ਼ੰਕਰ ਵਾਲੀ ਤਹਿਸੀਲ ਨੰਗਲਾ ਜ਼ਿਲ੍ਹਾ ਸਿਰਸਾ | ਖੇਤੀਬਾੜੀ | ਕੂਕਿਆਂ ਦੇ ਡੇਰੇ ਦਾ ਪਹਿਰੇਦਾਰ | 80 ਸਾਲ | ਕੂਕੇ ਦੁਕਾਨਦਾਰਾਂ ਹੇਠ | ਫ਼ਸਾਦ ਦੇ ਦਿਨਾਂ ਤੋਂ | 70 ਘੁਮਾਂਓ | ਚਾਰ ਸਾਲ ਤੋਂ | ------------- |
| 30. | ਗੰਡਾ ਸਿੰਘ ਪੁੱਤਰ ਨੰਦ ਸਿੰਘ ਜ਼ਿਮੀਂਦਾਰ | ਪਿੰਡ ਸ਼ੰਕਰ ਵਾਲੀ ਤਹਿਸੀਲ ਨੰਗਲਾ ਜ਼ਿਲ੍ਹਾ ਸਿਰਸਾ | ਖੇਤੀਬਾੜੀ | ਕੂਕਿਆਂ ਦਾ ਲਾਂਗਰੀ | 18 ਸਾਲ | ਕੂਕੇ ਦੁਕਾਨਦਾਰਾਂ ਹੇਠ | ਫ਼ਸਾਦ ਦੇ ਦਿਨਾਂ ਤੋਂ | 70 ਘੁਮਾਂਓ | ਚਾਰ ਸਾਲ ਤੋਂ | ------------- |

| | | | | | | | | | | |
|---|---|---|---|---|---|---|---|---|---|---|
| 31. | ਹਰਨਾਮ ਸਿੰਘ ਪੁੱਤਰ ਦੱਲ ਸਿੰਘ ਜ਼ਿਮੀਂਦਾਰ | ਪਿੰਡ ਰੋਖ ਤਹਿਸੀਲ ਨੰਗਲਾ ਜ਼ਿਲ੍ਹਾ ਸਿਰਸਾ | ਖੇਤੀਬਾੜੀ | ਮਜ਼ਦੂਰੀ | 35 ਸਾਲ | ਮੁੱਖ ਸੜਕ ਦੇ ਬੁੰਗੇ 'ਚ | ਫ਼ਸਾਦ ਦੇ ਦਿਨਾਂ ਤੋਂ | 30 ਘੁਮਾਂਓ | ਚਾਰ ਸਾਲ ਤੋਂ | ------------- |
| 32. | ਸੁਹੇਲ ਸਿੰਘ ਪੁੱਤਰ ਦੱਲ ਸਿੰਘ ਜ਼ਿਮੀਂਦਾਰ | ਪਿੰਡ ਸ਼ੰਕਰ ਵਾਲੀ ਤਹਿਸੀਲ ਨੰਗਲਾ ਜ਼ਿਲ੍ਹਾ ਸਿਰਸਾ | ਖੇਤੀਬਾੜੀ | ਮਜ਼ਦੂਰੀ | 30 ਸਾਲ | ਮੁੱਖ ਸੜਕ ਦੇ ਬੁੰਗੇ 'ਚ | ਫ਼ਸਾਦ ਦੇ ਦਿਨਾਂ ਤੋਂ | 7 ਘੁਮਾਂਓ | ਚਾਰ ਸਾਲ ਤੋਂ | ------------- |
| 33. | ਰਤਨ ਸਿੰਘ ਪੁੱਤਰ ਨਿਹਾਲ ਸਿੰਘ ਜ਼ਿਮੀਂਦਾਰ | ਪਿੰਡ ਕਰੀਰ ਵਾਲੀ ਤਹਿਸੀਲ ਤੇ ਥਾਣਾ ਚਨੌਂ ਇਲਾਕਾ ਪਟਿਆਲਾ | ਖੇਤੀਬਾੜੀ | ਮਜ਼ਦੂਰੀ | 35 ਸਾਲ | ਮੁੱਖ ਸੜਕ ਦੇ ਬੁੰਗੇ 'ਚ | ਫ਼ਸਾਦ ਦੇ ਦਿਨਾਂ ਤੋਂ | 25 ਘੁਮਾਂਓ | ਚਾਰ ਸਾਲ ਤੋਂ | ------------- |
| 34. | ਕਾਨ੍ਹਾ ਸਿੰਘ ਪੁੱਤਰ ਜਵਾਹਰ ਸਿੰਘ ਜ਼ਿਮੀਂਦਾਰ | ਪਿੰਡ ਰੂਪਾਣਾ ਤਹਿਸੀਲ ਮੁਕਤਸਰ ਜ਼ਿਲ੍ਹਾ ਫਿਰੋਜ਼ਪੁਰ | ਖੇਤੀਬਾੜੀ | -------- | 25 ਸਾਲ | ------------ | ਫ਼ਸਾਦ ਦੇ ਦਿਨਾਂ ਤੋਂ | 200 ਘੁਮਾਂਓ | ------ | ਅੱਜ ਇਹ ਸ਼ਖਸ ਘਰ 'ਤੇ ਮੌਜੂਦ ਨਹੀਂ। ਕਹਿੰਦੇ ਹਨ ਕਿ ਗੱਡਾ ਲੈ ਕੇ ਰੋਪੜ ਗਿਆ ਹੈ ਇਸ ਵਾਸਤੇ ਖਾਨਾ ਪੂਰੀ ਨਹੀਂ ਹੋਈ। |
| 35. | ਭੋਲਾ ਸਿੰਘ ਪੁੱਤਰ ਬੇਲਾ ਸਿੰਘ ਜ਼ਿਮੀਂਦਾਰ | ਪਿੰਡ ਨਿਰਮਲਾਖਾ ਥਾਣਾ ਮਲੋਟ ਜ਼ਿਲ੍ਹਾ ਸਿਰਸਾ | ਖੇਤੀਬਾੜੀ | ਮਜ਼ਦੂਰੀ | 36 ਸਾਲ | ਮੁੱਖ ਸੜਕ ਦੇ ਬੰਗਲੇ 'ਚ | ਫ਼ਸਾਦ ਦੇ ਦਿਨਾਂ ਤੋਂ | 20 ਘੁਮਾਂਓ | ਇਸੇ ਸਾਲ ਕੂਕਾ ਬਣਿਆ | ------------- |
| 36. | ਬੇਲਾ ਸਿੰਘ ਪੁੱਤਰ ਸਮੁੰਦ ਸਿੰਘ ਜ਼ਿਮੀਂਦਾਰ | ਪਿੰਡ ਥਰਾਜ ਤਹਿਸੀਲ ਨੰਗਲਾ ਜ਼ਿਲ੍ਹਾ ਸਿਰਸਾ | ਖੇਤੀਬਾੜੀ | ਮਜ਼ਦੂਰੀ | 45 ਸਾਲ | ਮੁੱਖ ਸੜਕ ਦੇ ਬੰਗਲੇ 'ਚ | ਫ਼ਸਾਦ ਦੇ ਦਿਨਾਂ ਤੋਂ | 160 ਘੁਮਾਂਓ | 4 ਸਾਲ ਤੋਂ | ------------- |
| 37. | ਸਮੁੰਦ ਸਿੰਘ ਪੁੱਤਰ ਕਰਮ ਸਿੰਘ | ਪਿੰਡ ਥਰਾਜ ਤਹਿਸੀਲਨੰਗਲਾ ਜ਼ਿਲ੍ਹਾ ਸਿਰਸਾ | ਖੇਤੀਬਾੜੀ | ਮਜ਼ਦੂਰੀ | 40 ਸਾਲ | ਮੁੱਖ ਸੜਕ ਦੇ ਬੰਗਲੇ 'ਚ | ਫ਼ਸਾਦ ਦੇ ਦਿਨਾਂ ਤੋਂ | 160 ਘੁਮਾਂਓ | 4 ਸਾਲ ਤੋਂ | ------------- |

| | | | | | | | | | |
|---|---|---|---|---|---|---|---|---|---|
| 38. | ਵਰਿਆਮ ਸਿੰਘ ਪੁੱਤਰ ਦਲੇਲ ਸਿੰਘ ਜ਼ਿਮੀਂਦਾਰ | ਅੱਛਰ ਵਾਲਾ ਥਾਣਾ ਰਾਏਕੋਟ ਜ਼ਿਲ੍ਹਾ ਅੰਬਾਲਾ | ਖੇਤੀਬਾੜੀ | -------- | 35 ਸਾਲ | -------- | -------- | 7 ਘੁਮਾਂਓ | 10 ਸਾਲ ਤੋਂ ਕੂਕਾ ਬਣਿਆ | ਇਹ ਸ਼ਖਸ ਬਿਆਨ ਕਰਦਾ ਹੈ ਕਿ ਮੁਸਾਫ਼ਿਰ ਵਜੋਂ ਅੱਜ ਇੱਥੇ ਆਇਆ ਹਾਂ। |
| 39. | ਗੁਲਾਬ ਸਿੰਘ ਪੁੱਤਰ ਮਨਸ਼ਾ ਸਿੰਘ ਖੱਤਰੀ | ਤੁਪਹਿਰਾ ਤਹਿਸੀਲ ਤਰਨਤਾਰਨ ਜ਼ਿਲ੍ਹਾ ਅੰਮ੍ਰਿਤਸਰ | ਦੁਕਾਨਦਾਰੀ | ਦੁਕਾਨਦਾਰੀ | 45 ਸਾਲ | ਰਾਮ ਸਿੰਘ ਸਤਿਗੁਰੂ ਵੱਲੋਂ ਮੁਖਤਾਰ ਕਾਰ ਹੈ | ਮਹੀਨਾ ਅੱਸੂ 1928 ਤੋਂ | ਮੈਂ ਆਪਣੀ ਸਾਰੀ ਜਾਇਦਾਦ ਭਰਾਵਾਂ ਦੇ ਨਾਮ ਕਰ ਚੁੱਕਿਆ ਹਾਂ। | 13 ਸਾਲ ਤੋਂ | ਅੱਜ ਇਹ ਸ਼ਖਸ ਅੰਬਾਲੇ ਗਿਆ ਹੋਇਆ ਹੈ |
| 40. | ਮੰਗਲ ਸਿੰਘ ਪੁੱਤਰ ਮਿਹਰ ਸਿੰਘ ਜ਼ਿਮੀਂਦਾਰ | ਥਿਹ ਤਆਲੁੱਕਾ ਗੋਬਿੰਦਗੜ੍ਹ | ਖੇਤੀਬਾੜੀ | ਦੁਕਾਨ ਦੀ ਨਿਗਰਾਨੀ | 22 ਸਾਲ | ਰਾਮ ਸਿੰਘ ਸਤਿਗੁਰੂ ਵੱਲੋਂ | ਮਹੀਨਾ ਅੱਸੂ 1928 ਤੋਂ | ਮੈਂ ਆਪਣੀ ਸਾਰੀ ਜਾਇਦਾਦ ਭਰਾਵਾਂ ਦੇ ਨਾਮ ਕਰ ਚੁੱਕਿਆ ਹਾਂ। | 9 ਸਾਲ ਤੋਂ ਕੂਕਾ ਹੈ | ਅੱਜ ਇਹ ਸ਼ਖਸ ਅੰਬਾਲੇ ਗਿਆ ਹੋਇਆ ਹੈ |
| 41. | ਸਾਹਿਬ ਸਿੰਘ ਪੁੱਤਰ ਭਿੱਖੂ ਸਿੰਘ ਜ਼ਿਮੀਂਦਾਰ | ਸਮਾਕ ਤਹਿਸੀਲ ਮੁਕਤਸਰ ਜ਼ਿਲ੍ਹਾ ਫਿਰੋਜ਼ਪੁਰ | ਖੇਤੀਬਾੜੀ | ਦੁਕਾਨਦਾਰੀ | 35 ਸਾਲ | ਗੁਲਾਬ ਸਿੰਘ ਹੇਠਾਂ | ਮਹੀਨਾ ਅੱਸੂ 1928 ਤੋਂ | 28 ਘੁਮਾਉ | ਸੱਤ ਸਾਲ ਤੋਂ | -------- |
| 42. | ਸ਼ਿਆਮ ਸਿੰਘ ਪੁੱਤਰ ਵਜ਼ੀਰਾਂ ਸਿੰਘ ਖੱਤਰੀ | ਮਲੇਰ ਕੋਟਲਾ | ਦੁਕਾਨਦਾਰੀ | ਦੁਕਾਨ | 25 ਸਾਲ | ਗੁਲਾਬ ਸਿੰਘ ਹੇਠਾਂ | ਮਹੀਨਾ ਅੱਸੂ 1928 ਤੋਂ | -------– | 11 ਸਾਲ ਤੋਂ | -------- |
| 43. | ਭਗਵਾਨ ਸਿੰਘ ਪੁੱਤਰ ਚੜ੍ਹਤ ਸਿੰਘ ਜ਼ਿਮੀਂਦਾਰ | ਸੋਥਾ ਤਹਿਸੀਲ ਮੁਕਤਸਰ ਜ਼ਿਲ੍ਹਾ ਫਿਰੋਜ਼ਪੁਰ | -------- | -------- | ---- | -------- | -------- | -------– | -----– | ਇਹ ਸ਼ਖਸ ਹਾਜ਼ਿਰ ਨਹੀਂ ਆਪਣੇ ਸਤਿਗੁਰੂ ਦੇ ਊਂਠ ਲੈ ਕੇ ਭੂਨਾ ਗਿਆ ਹੋਇਆ ਹੈ। |

---

| | | | | | | | | | |
|---|---|---|---|---|---|---|---|---|---|
| 44. | ਨਰਾਇਣ ਸਿੰਘ ਪੁੱਤਰ ਸੌਦਾਗਰ ਸਿੰਘ ਖੱਤਰੀ | ਲਸਾੜਾ ਤਾਆਲੁੱਕਾ ਡੇਹਲੋਂ ਜ਼ਿਲ੍ਹਾ ਲੁਧਿਆਣਾ | ਖੇਤੀਬਾੜੀ ਤੇ ਦੁਕਾਨ | ਦੁਕਾਨ ਦੀ ਰਖਵਾਲੀ | 22 ਸਾਲ | ਗੁਲਾਬ ਸਿੰਘ ਹੇਠਾਂ | ਮਹੀਨਾ ਅੱਸੂ 1928 ਤੋਂ | -------- | 7 ਸਾਲ ਤੋਂ ਕੂਕਾ ਬਣਿਆ | ------------- |
| 45. | ਦਸੌਦਾ ਸਿੰਘ ਪੁੱਤਰ ਠਾਕੁਰ ਸਿੰਘ ਜ਼ਿਮੀਂਦਾਰ | ਸਮਾਗਾ ਤਹਿਸੀਲ ਮੁਕਤਸਰ ਜ਼ਿਲ੍ਹਾ ਫਿਰੋਜ਼ਪੁਰ | ਖੇਤੀਬਾੜੀ | ਦੁਕਾਨ | 15 ਸਾਲ | ਗੁਲਾਬ ਸਿੰਘ ਹੇਠਾਂ | ਮਹੀਨਾ ਅੱਸੂ 1928 ਤੋਂ | 30 ਘੁਮਾਉ | ਚਾਰ ਪੰਜਸਾਲ ਤੋਂ ਕੂਕਾ ਹੈ | ------------- |
| 46. | ਸ਼ੇਰ ਸਿੰਘ ਪੁੱਤਰ ਚੰਨਣ ਸਿੰਘ ਜ਼ਿਮੀਂਦਾਰ | ਦੇਵੀਦਾਸ ਪੁਰਾ ਜ਼ਿਲ੍ਹਾ ਅੰਮ੍ਰਿਤਸਰ | ਖੇਤੀਬਾੜੀ | ਦੁਕਾਨ ਦੀ ਰਖਵਾਲੀ | 22 ਸਾਲ | ਗੁਲਾਬ ਸਿੰਘ ਹੇਠਾਂ | ਮਹੀਨਾ ਅੱਸੂ 1928 ਤੋਂ | 25 ਘੁਮਾਉ | 8 ਸਾਲ ਤੋਂ ਕੂਕਾ ਹੈ | ------------- |
| 47. | ਸੋਭਾ ਸਿੰਘ ਪੁੱਤਰ ਦੀਦਾਰ ਸਿੰਘ ਜ਼ਿਮੀਂਦਾਰ | ਸੌਥਾ ਤਹਿਸੀਲ ਮੁਕਤਸਰ ਜ਼ਿਲ੍ਹਾ ਫਿਰੋਜ਼ਪੁਰ | ਖੇਤੀਬਾੜੀ | ਪਾਠ ਪੂਜਾ | 36 ਸਾਲ | ------------ | ਫ਼ਸਾਦ ਦੇ ਦਿਨਾਂ ਤੋਂ | -------- | 7 ਸਾਲ ਤੋਂ ਕੂਕਾ ਹੈ | ------------- |
| 48. | ਜਮੀਅਤ ਸਿੰਘ ਪੁੱਤਰ ਹੇਮ ਸਿੰਘ ਜ਼ਿਮੀਂਦਾਰ | ਮੁੱਲਾਂ ਤਆਲੁੱਕਾ ਸਾਹਿਬਗੜ੍ਹ | ਖੇਤੀਬਾੜੀ | ਦੁਕਾਨਦਾਰੀ | 34 ਸਾਲ | (ਗੁਰੂ) ਰਾਮ ਸਿੰਘ ਦਾ ਮੁਖਤਾਰ ਗੁਲਾਬ ਸਿੰਘ ਹੇਠਾਂ | ਮਹੀਨਾ ਅੱਸੂ 1928 ਤੋਂ | -------- | 10 ਸਾਲ ਤੋਂ | ------------- |
| 49. | ਮੀਹਾਂ ਸਿੰਘ ਪੁੱਤਰ ਹੇਮ ਸਿੰਘ ਜ਼ਿਮੀਂਦਾਰ | ਮੁੱਲਾਂ ਤਾਆਲੁੱਕਾ ਸਾਹਿਬਗੜ੍ਹ | ਖੇਤੀਬਾੜੀ | | | (ਗੁਰੂ) ਰਾਮ ਸਿੰਘ ਦਾ ਮੁਖਤਾਰ ਗੁਲਾਬ ਸਿੰਘ ਹੇਠਾਂ | ਮਹੀਨਾ ਅੱਸੂ 1928 ਤੋਂ | -------- | 10 ਸਾਲ ਤੋਂ ਕੂਕਾ ਹੈ | ਇਹ ਸ਼ਖਸ ਸਿਤਾਰ ਤੇ ਢੋਲਕੀ ਵਜਾ ਕੇ ਕੂਕਿਆਂ ਨੂੰ ਮਸਤੀ ਦਿਵਾਉਂਦਾ ਹੈ। |

**ਦਾਸ, ਸੱਯਦ ਸਾਦਿਕ ਅਲੀ ਥਾਣੇਦਾਰ  ਸਾਹਿਬਗੜ੍ਹ ਪਾਇਲ)**

# ਲੁਕਿਆ ਸੱਚ

---

**ਹੁਕਮ ਹੋਇਆ ਕਿ**

ਰਿਪੋਰਟ ਦੀ ਤੇ ਨਕਸ਼ਿਆ ਦੀ ਨਕਲ ਅੱਜ ਹੀ ਵਕੀਲ ਲੁਧਿਆਣਾ ਕੋਲ ਭੇਜ ਦਿੱਤੀ ਜਾਵੇ। ਥਾਣੇਦਾਰ ਸਾਹਿਬ ਤੋਂ ਰਿਪੋਰਟ ਇਸ ਮਹਿਕਮੇਂ ਦੀ ਤਜਵੀਜ਼ ਅਨੁਸਾਰ ਮੰਗਵਾਈ ਗਈ ਸੀ ਸੋ ਨਕਸ਼ਿਆਂ ਨੂੰ ਮੁਲਾਹਿਜ਼ਾ ਕਰਨ ਉਪ੍ਰੰਤ ਪ੍ਰਤੱਖ ਹੈ ਕਿ ਕੁੱਲ ਦੋ ਕੂਕੇ ਉੱਚੀ ਸ਼ਾਨ ਵਾਲੀ ਸਰਕਾਰ (ਪਟਿਆਲਾ) ਦੇ ਇਲਾਕੇ ਦੇ ਰਹਿਣ ਵਾਲੇ ਹਨ ਬਾਕੀ ਸਾਰੇ ਲੋਕ ਅੰਗਰੇਜ਼ੀ ਸਰਕਾਰ ਦੇ ਇਲਾਕੇ ਦੇ ਵਾਸੀ ਹਨ। ਵਕੀਲ ਨੂੰ ਚਾਹੀਦਾ ਹੈ ਕਿ ਉਹ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਜ਼ਿਲ੍ਹਾ ਲੁਧਿਆਣਾ ਦੀ ਸੇਵਾ ਵਿੱਚ ਇਸ ਬਾਰੇ ਬੇਨਤੀ ਕਰਕੇ ਅਜਿਹਾ ਬੰਦੋਬਸਤ ਕਰਵਾਵੇ ਕਿ ਸਾਹਿਬ ਡਿਪਟੀ ਕਮਿਸ਼ਨਰ ਸਾਹਿਬ ਬਹਾਦੁਰ ਆਪਣੇ ਕਿਸੇ ਡਿਪਟੀ ਇੰਸਪੈਕਟਰ ਜਾਂ ਕਿਸੇ ਹੋਰ ਅਹੁਦੇਦਾਰ ਨੂੰ ਭੇਜ ਕੇ ਉਨ੍ਹਾਂ ਸਾਰੇ ਲੋਕਾਂ ਨੂੰ ਉਨ੍ਹਾਂ ਦੇ ਘਰੀਂ ਪਹੁੰਚਾਉਣ ਦਾ ਬੰਦੋਬਸਤ ਕਰਾ ਦੇਣ।

16 ਮਾਰਚ 1872

ਇੱਕ ਇੱਕ ਨਕਲ ਵਕੀਲ ਗੌਰਮਿੰਟ ਤੇ ਵਕੀਲ ਕਮਿਸ਼ਨਰੀ ਪਾਸ ਭੇਜੀ ਜਾਵੇ ਤਾਂ ਕਿ ਉਹ ਇਹ ਹਾਲ ਹਾਕਿਮਾਂ ਦੀ ਸੇਵਾ ਵਿੱਚ ਸਹੀ ਸਹੀ ਬਿਆਨ ਕਰ ਦੇਣ। ਤਾਮੀਲ ਹੋਣ ਮਗਰੋਂ ਇਹ ਕਾਗਜ਼ ਹਜ਼ੂਰ ਮਹਾਰਾਜਾ ਸਾਹਿਬ ਦੇ ਮੁਲਾਹਿਜ਼ੇ ਵਾਸਤੇ ਸਾਡੇ ਸਾਹਮਣੇ ਪੇਸ਼ ਹੋਣ। ਇਸ ਦੀ ਨਕਲ ਨਹਿਰ ਦੇ ਮਾਲਿਕਾਂ ਦੀ ਸੂਚਨਾ ਹਿਤ ਨਾਜ਼ਿਮ ਸਾਹਿਬ ਨਹਿਰ ਦੀ ਸੇਵਾ ਵਿੱਚ ਭੇਜੀ ਜਾਵੇ।

-Sd-

ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ ਸਰਕਾਰ

**ਨਿਜ਼ਾਮਤ ਨਹਿਰ ਵੱਲੋਂ ਹੁਕਮ ਹੋਇਆ ਕਿ**

ਇਸ ਬਿਨੈ-ਪੱਤਰ ਦੀ ਨਕਲ * ਅੱਜ ਦੀ ਡਾਕ ਵਿੱਚ ਆਸਾ ਰਾਮ ਵਕੀਲ ਕੋਲ ਭੇਜੀ ਜਾਵੇ ਤੇ ਲਿਖਿਆ ਜਾਵੇ ਕਿ ਮਹਿਕਮਾਂ ਮੁਨਸ਼ੀ ਖ਼ਾਨੇ ਦੇ ਹੁਕਮ ਵਿੱਚ ਜਿਹੜੀਆਂ ਗੱਲਾਂ ਦੀ ਸੂਚਨਾ ਥਾਣੇਦਾਰ ਤੋਂ ਮੰਗੀ ਗਈ ਹੈ ਉਸ ਦਾ ਹਾਲ ਤੁਸੀਂ ਵੀ ਸੱਚ ਸੱਚ ਲਿਖੋ ਕਿ ਦਰਅਸਲ ਇਹ ਕੀ ਹਾਲ ਹੈ ? ਇਹ ਕੂਕੇ ਲੋਕ ਕਦੋਂ ਦੇ ਨਹਿਰ ਕੰਢੇ 'ਤੇ ਦੁਕਾਨਾਂ ਅਤੇ ਮਜ਼ਦੂਰੀ ਕਰਦੇ ਹਨ ? ਨਹਿਰ ਦੇ ਅਫ਼ਸਰਾਂ ਵੱਲੋਂ ਉਨ੍ਹਾਂ ਨੂੰ ਕੋਈ ਰੁਕਾਵਟ ਪਾਈ ਗਈ ਜਾਂ ਨਹੀਂ? ਉਨ੍ਹਾਂ ਦੇ ਇੱਥੇ ਰਹਿਣ ਦੇ ਅਸਲ ਮਨੋਰਥ ਬਾਰੇ ਕੀ ਖਿਆਲ ਕੀਤਾ ਜਾਂਦਾ ਹੈ। ਥਾਣੇਦਾਰ ਦੇ ਕਥਨ ਅਨੁਸਾਰ ਜਿਸ ਹਾਲਤ ਵਿੱਚ ਇਨ੍ਹਾਂ ਲੋਕਾਂ ਦਾ ਅੱਧਾ ਦਿਨ ਇਸ਼ਨਾਨ ਪੂਜਾ ਵਿੱਚ ਬਤੀਤ ਜਾਂਦਾ ਹੈ ਤਾਂ ਇਨ੍ਹਾਂ ਨੂੰ ਪੂਰੇ ਦਿਨ ਦੀ ਮਜ਼ਦੂਰੀ ਕਿਵੇਂ ਮਿਲਦੀ ਹੈ। ਇਨ੍ਹਾਂ ਲੋਕਾਂ ਦਾ ਕਿੰਨਾ ਇੱਕਠ ਹੈ, ਕੀ ਸਾਮਾਨ ਤੇ ਕਿਸ ਕੌਮ ਦੇ ਹਨ। ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਇਨ੍ਹਾਂ ਗੱਲਾਂ ਦੀ ਆਪਣੇ ਤੌਰ 'ਤੇ ਛੁਪੇ ਢੰਗ ਨਾਲ ਤੇ ਅਜਿਹੇ ਉਪਾਉ ਨਾਲ ਤਹਿਕੀਕਾਤ ਕਰੋ ਕਿ ਦੂਜੇ ਕਿਸੇ ਆਦਮੀ ਨੂੰ ਪਤਾ ਨਾ ਲੱਗੇ ਕਿ ਤੁਸੀਂ ਉਸ ਤੋਂ ਇਹ ਗੱਲਾਂ ਕਿਉਂ ਪੁੱਛ ਰਹੇ ਹੋ, ਨਾਲੇ ਸਾਰਾ ਹਾਲ ਸਹੀ ਹੋਵੇ।

13 ਮਾਰਚ 1872.

ਮੁਕਾਮ ਪਟਿਆਲਾ।

* ਸੱਯਦ ਸਾਦਿਕ ਅਲੀ ਸਾਹਿਬਗੜ੍ਹ ਦੇ 11 ਮਾਰਚ 1872 ,30 ਫੱਗਣ 1928 ਨੂੰ ਭੇਜੇ ਗਏ ਬਿਨੈ ਪੱਤਰ ਦੀ ਨਕਲ

---

# ਰਿਪੋਰਟ ਆਸਾ ਰਾਮ ਵਕੀਲ

ਸ੍ਰੀ ਮਾਨ ਜੀ,

ਹਜ਼ੂਰ ਦੇ ਹੁਕਮ, ਜਿਹੜਾ ਥਾਣੇਦਾਰ ਤਾਅਲੁੱਕਾ ਸਾਹਿਬਗੜ੍ਹ ਦੇ ਬਿਨੈ-ਪੱਤਰ 'ਤੇ ਮਿਤੀ 30 ਫੱਗਣ ਸੰਮਤ 1928 ਨੂੰ ਜਾਰੀ ਹੋਇਆ, ਦੀ ਤਾਮੀਲ ਕਰਦੇ ਹੋਏ ਬੇਨਤੀ ਹੈ ਕਿ ਜਦੋਂ ਕੂਕੇ ਨਹਿਰ ਦੇ ਕੰਢੇ ਦੇਖੇ ਗਏ ਤਾਂ ਪਤਾ ਲੱਗਿਆ ਕਿ ਔਰਤਾਂ 'ਤੇ ਬੱਚਿਆਂ ਨੂੰ ਛੱਡ ਕੇ ਕੁਲ ਪੰਜਾਹ ਕੂਕੇ ਮੌਜੂਦ ਹਨ। ਇਨ੍ਹਾਂ ਦੀ ਪੇਸ਼ਾ ਦੁਕਾਨਦਾਰੀ ਤੇ ਸਹੂਲਤ ਅਨੁਸਾਰ ਨਹਿਰ ਦੀ ਪੁਟਾਈ ਲਈ ਮਜ਼ਦੂਰੀ ਕਰਨਾ ਹੈ। ਵੇਰਵਾ ਹੇਠ ਲਿਖੇ ਅਨੁਸਾਰ ਹੈ :-

ਇਨ੍ਹਾਂ ਵਿੱਚੋਂ ਬਾਰਾਂ ਕੂਕੇ ਪਿੰਡ ਕੁੱਬੇ ਤਾਅਲੁੱਕਾ ਸਾਹਿਬਗੜ੍ਹ ਦੀ ਹੱਦ 'ਤੇ ਆਪਣੇ ਸਤਿਗੁਰੂ ਰਾਮ ਸਿੰਘ ਵੱਲੋਂ ਬਤੌਰ ਗੁਮਾਸ਼ਤਿਆਂ ਤੇ ਮੁਲਾਜ਼ਿਮਾਂ ਵਜੋਂ ਹਾੜ ਸੰਮਤ 1928 ਦੇ ਸ਼ੁਰੂ ਤੋਂ ਭਾਵ ਨੌਂ ਮਹੀਨਿਆਂ ਤੋਂ ਨਹਿਰ ਦੇ ਕੰਢੇ 'ਤੇ ਅਨਾਜ ਵੇਚਣ ਦਾ ਕੰਮ ਕਰਦੇ ਹਨ। ਇਨ੍ਹਾਂ ਵਿੱਚੋਂ ਕੋਈ ਕੋਈ ਆਪਣੇ ਬੀਵੀ ਬੱਚਿਆਂ ਸਮੇਤ ਕਿਸੇ ਹੋਰ ਥਾਂ ਰਹਿੰਦੇ ਹਨ। ਅਕਸਰ ਇੱਕਲਾ ਇੱਕਲਾ ਆਪਣੀ ਦੁਕਾਨ 'ਤੇ ਰਹਿੰਦਾ ਹੈ। ਇਹ ਅਨਾਜ ਨਹਿਰ ਪੁੱਟਣ ਵਾਲੇ ਮਜ਼ਦੂਰਾਂ ਤੇ ਠੇਕੇਦਾਰਾਂ ਨੂੰ ਵਿਕਦਾ ਹੈ। ਇਨ੍ਹਾਂ ਵਿੱਚੋਂ ਕਿਸੇ ਕੂਕੇ ਦੀ ਹੁਣ ਦੀ ਉਮਰ 40 ਸਾਲ ਕਿਸੇ ਦੀ 35, 25, ਤੇ 20 ਸਾਲ ਦੀ ਹੈ। ਇਨ੍ਹਾਂ ਵਿੱਚੋਂ ਦੋ ਆਦ ਖੱਤਰੀ ਕੌਮ ਦੇ ਹਨ ਤੇ ਬਾਕੀ ਦੇ ਜੱਟ ਜ਼ਿਮੀਂਦਾਰ ਹਨ। ਦੁਕਾਨ ਦਾ ਮਾਲਿਕ ਗੁਰੂ ਰਾਮ ਸਿੰਘ ਹੈ ਤੇ ਇਸ ਦਾ ਕਾਰ ਮੁਖ਼ਤਾਰ ਇਨ੍ਹਾਂ ਕੂਕਿਆਂ ਵਿੱਚੋਂ ਹੀ ਇੱਕ ਗੁਲਾਬ ਸਿੰਘ ਪੁੱਤਰ ਮੀਹਾਂ ਸਿੰਘ ਨਾਮੀ ਕੂਕਾ ਹੈ ਜਿਸ ਦੀ ਕੌਮ ਖੱਤਰੀ ਹੈ ਤੇ ਪਿੰਡ ਨੌਸ਼ਹਿਰਾ ਤਹਿਸੀਲ ਤਰਨਤਾਰਨ ਜ਼ਿਲ੍ਹਾ ਅੰਮ੍ਰਿਤਸਰ ਦਾ ਵਸਨੀਕ ਹੈ। ਇਸ ਦੀ ਦੁਕਾਨ 'ਤੇ ਗਾਉਣ ਵਜਾਉਣ ਦਾ ਸਾਮਾਨ ਵੀ ਮੌਜੂਦ ਪਾਇਆ ਗਿਆ।

ਬਾਕੀ ਦੇ 38 ਕੂਕੇ ਪਿੰਡ ਕਟਾਣਾ ਤਾਅਲੁੱਕਾ ਸਾਹਿਬਗੜ੍ਹ ਦੀ ਹੱਦ 'ਤੇ ਗੁਰੂ ਰਾਮ ਸਿੰਘ ਦੀ ਦੁਕਾਨ ਤੋਂ ਦੋ ਮੀਲ ਦੇ ਫ਼ਾਸਿਲੇ 'ਤੇ ਨਹਿਰ ਦੇ ਕੰਢੇ 'ਤੇ ਕੱਤਕ ਸੰਮਤ 1928 ਦੇ ਸ਼ੁਰੂ ਤੋਂ ਭਾਵ ਪੰਜ ਮਹੀਨਿਆਂ ਤੋਂ ਠਹਿਰੇ ਹੋਏ ਹਨ। ਇਨ੍ਹਾਂ ਵਿੱਚੋਂ 15 ਕੂਕੇ ਚੰਦੂ ਨਾਮੀ ਠੇਕੇਦਾਰ ਕੌਮ ਓਡ ਦੇ ਠੇਕੇ ਵਿੱਚ ਤਿੰਨ ਤੇ ਦੋ ਹਿੱਸਿਆਂ ਦੀ ਨਿਸਬਤ ਨਾਲ ਕੰਮ ਕਰਦੇ ਹਨ। ਇਹ ਕੂਕੇ ਪਿੰਡ ਕਟਾਣਾ ਤਾਅਲੁੱਕਾ ਸਾਹਿਬਗੜ੍ਹ ਤੇ ਲਾਗੇ ਨਹਿਰ ਸਰਹਿੰਦ ਦੀ ਪੁਟਾਈ ਕਰਦੇ ਹਨ। ਬਾਕੀ ਦੇ ਨਹਿਰ ਦੇ ਕੰਢੇ ਆਪਣੇ ਤੌਰ 'ਤੇ ਅਤੇ ਆਪਣੀ ਲਾਗਤ ਨਾਲ ਅਨਾਜ ਵੇਚਣ ਦੀ ਦੁਕਾਨ ਕਰਦੇ ਹਨ ਪਰ ਇਹ ਲੋਕ ਆਪਣਾ ਕਾਰੋਬਾਰ ਕਰਨ ਉਪ੍ਰੰਤ ਰਾਤ ਨੂੰ ਉਸੇ ਦੁਕਾਨ 'ਤੇ ਉਠਦੇ ਬੈਠਦੇ ਹਨ ਅਤੇ ਉਸ ਥਾਂ ਆਪਣੀ ਰੋਟੀ ਪਕਾਉਂਦੇ ਹਨ। ਇਨ੍ਹਾਂ ਵਿੱਚੋਂ ਬਹੁਤੇ ਬੀਵੀ ਬੱਚਿਆਂ ਸਮੇਤ ਇੱਥੇ ਰਹਿੰਦੇ ਹਨ ਤੇ ਬਾਅਜ਼ੇ ਇੱਕਲੇ ਰਹਿੰਦੇ ਹਨ। ਕਿਸੇ ਕੂਕੇ ਦੀ ਉਮਰ 50 ਸਾਲ ਦੀ, ਕਿਸੇ ਦੀ 40, 37, 35, 25, 24, 22, ਤੇ ਕਿਸੇ ਦੀ 18 ਸਾਲ ਹੈ। ਇਨ੍ਹਾਂ ਵਿੱਚੋਂ ਜ਼ਿਆਦਾ ਇਲਾਕਾ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡਾਂ ਦੇ ਹਨ ਤੇ ਬਾਅਜ਼ੇ ਬਾਅਜ਼ੇ ਇਲਾਕਾ ਤਹਿਸੀਲ ਨੰਗਲਾ ਜ਼ਿਲ੍ਹਾ ਸਿਰਸਾ ਦੇ ਪਿੰਡਾਂ ਦੇ ਰਹਿਣ ਵਾਲੇ ਹਨ। ਇਨ੍ਹਾਂ ਵਿੱਚੋਂ ਇੱਕ ਆਦਮੀ ਰਤਨ ਸਿੰਘ ਪੁੱਤਰ ਨਿਹਾਲ ਸਿੰਘ ਕੌਮ ਜੱਟ ਉਮਰ 40 ਸਾਲ ਵਾਸੀ ਪਿੰਡ ਕਰੀਰ ਵਾਲਾ ਥਾਣਾ ਤੇ ਤਹਿਸੀਲ ਜੈਤੋਂ ਇਲਾਕਾ ਸਰਕਾਰ ਨਾਭਾ ਦੇ ਰਹਿਣ ਵਾਲਾ ਹੈ। ਇਹ ਸਾਰੇ ਕੂਕੇ ਲੋਕ ਕੌਮ ਦੇ ਜੱਟ ਤੇ ਜ਼ਿਮੀਂਦਾਰ ਹਨ।

ਨਹਿਰ ਦੇ ਅਫ਼ਸਰਾਂ ਵੱਲੋਂ ਇਨ੍ਹਾਂ ਕੂਕਾ ਲੋਕਾਂ ਨੂੰ ਕੋਈ ਰੁਕਾਵਟ ਨਹੀਂ ਪਾਈ ਗਈ ਹੈ। ਪ੍ਰਗਟ ਤੌਰ 'ਤੇ ਇਨ੍ਹਾਂ ਲੋਕਾਂ ਦਾ ਮਨੋਰਥ ਇਹ ਖਿਆਲ ਕੀਤਾ ਜਾਂਦਾ ਹੈ ਕਿ ਜ਼ਿਲ੍ਹਾ ਫਿਰੋਜ਼ਪੁਰ ਤੇ ਜ਼ਿਲ੍ਹਾ ਸਿਰਸਾ ਦੇ ਇਲਾਕਿਆਂ ਵਿੱਚ ਅਕਸਰ ਇੰਨ੍ਹੀ ਦਿਨੀਂ ਜਿਹੜਾ ਕਾਲ ਪੈ ਗਿਆ ਹੈ , ਇਹ ਲੋਕ ਨਹਿਰ ਦਾ ਕਾਰੋਬਾਰ ਸੁਣ ਕੇ ਦੋ-ਦੋ, ਚਾਰ-ਚਾਰ, ਪੰਜ-ਪੰਜ ਕੋਹ 'ਤੇ ਪੈਂਦੇ ਪਿੰਡਾਂ ਤੋਂ ਜੰਗਲ ਦੇ ਇਲਾਕੇ ਦੇ ਚੂਹੜੇ ਤੇ ਪਚਾਦੇ ਆਦਿ ਨਹਿਰ 'ਤੇ ਦੂਜੇ ਲੋਕਾਂ ਵਾਂਗ ਮਜ਼ਦੂਰੀ ਅਤੇ ਦੁਕਾਨਦਾਰੀ ਕਰਕੇ ਆਪਣੀ ਦਿਨ ਕਟੀ ਕਰਦੇ ਹਨ।

ਅੱਗੋਂ ਹਾਕਿਮਾਂ ਦਾ ਇਖਤਿਆਰ ਹੈ।

---

ਇਤਲਾਹ ਵਜੋਂ ਤੇ ਤਾਮੀਲ ਕਰਨ ਦੇ ਤੌਰ 'ਤੇ ਅਰਜ਼ ਹੈ।

ਦਾਸ

16 ਮਾਰਚ 1872, ਆਸਾ ਰਾਮ ਵਕੀਲ,

ਦਿਨ ਸ਼ਨਿਚਰਵਾਰ ਨਹਿਰ ਸਰਹਿੰਦ ਦੇ ਡਵੀਜਨ ਨੰ: 2 ਦੇ ਮਹਿਕਮੇ

ਦੇ ਸਾਹਿਬਾਨ ਕੋਲ ਹਾਜ਼ਿਰ ਰਹਿਣ ਵਾਲਾ

ਮਹਿਕਮਾ ਨਿਜ਼ਾਮਤ ਨਹਿਰ ਵੱਲੋਂ ਹੁਕਮ ਹੋਇਆ ਕਿ

ਇਸ ਰਿਪੋਰਟ ਦੀ ਨਕਲ ਮੁਤਾਬਿਕ ਅਸਲ ਕਰਕੇ ਵੇਰਵੇ ਸਹਿਤ ਹਾਲ ਪ੍ਰਗਟ ਕਰਨ ਵਾਸਤੇ ਮਹਿਕਮਾ ਮੁਨਸ਼ੀ ਖਾਨਾ ਵਿੱਚ ਪੇਸ਼ ਹੋਵੇ।

17 ਮਾਰਚ 1872 ਈ:

ਮੁਕਾਮ ਪਟਿਆਲਾ।

ਮੁਨਸ਼ੀ ਖ਼ਾਨੇ ਵੱਲੋਂ ਹੁਕਮ ਹੋਇਆ ਕਿ

ਇਸ ਦੀ ਨਕਲ ਵਕੀਲ ਲੁਧਿਆਣਾ, ਵਕੀਲ ਕਮਿਸ਼ਨਰੀ ਤੇ ਵਕੀਲ ਗੌਰਮਿੰਟ ਕੋਲ ਭੇਜੀ ਜਾਵੇ ਅਤੇ ਤਾਮੀਲ ਹੋਣ ਮਗਰੋਂ ਇਤਲਾਹ ਵਾਸਤੇ ਨੂਰਾਨੀ ਹਜ਼ੂਰ ਮਹਾਰਾਜਾ ਸਾਹਿਬ ਦੀ ਸੇਵਾ ਵਿੱਚ ਪੇਸ਼ ਹੋਵੇ।

ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ,

18 ਮਾਰਚ 1872.

---

**ਸੇਵਾ ਯੋਗ ਤੇ ਸਤਿਕਾਰ ਯੋਗ ਜਨਾਬ ਮੀਰ ਮੁਨਸ਼ੀ ਸਾਹਿਬ,**

ਆਦਾਬ ਅਰਜ਼ ਹੈ

ਕੱਲ੍ਹ ਜਿਹੜੀ ਰਿਪੋਰਟ ਜ਼ਰੂਰੀ ਤੌਰ ’ਤੇ ਨਹਿਰ ਦੇ ਕੰਢੇ ਮੌਜੂਦ ਪੰਜਾਹ ਕੂਕਿਆਂ ਬਾਰੇ ਪਹੁੰਚੀ ਸੀ, ਦਾਸ ਨੇ ਉਸੇ ਵੇਲੇ ਖੁਦ ਹਾਜ਼ਿਰ ਹੋ ਕੇ ਸਾਰੇ ਹਾਲ ਤੋਂ ਸਰਦਾਰ ਨਰਾਇਣ ਸਿੰਘ ਐਕਸਟਰਾ ਅਸਿਸਟੈਂਟ ਕਮਿਸ਼ਨਰ ਤੇ ਤਹਿਸੀਲਦਾਰ ਸਾਹਿਬ, ਜਿਹੜੇ ਕੂਕਿਆਂ ਦੇ ਇਸ ਇੰਤਜ਼ਾਮ ਵਿੱਚ ਖ਼ਾਸ ਰੁੱਝੇ ਰਹਿੰਦੇ ਹਨ, ਨੂੰ ਸੂਚਿਤ ਕੀਤਾ। ਉਨ੍ਹਾਂ ਨੇ ਹਾਲਾਤ ਸੁਣਨ ਮਗਰੋਂ ਫ਼ਰਮਾਇਆ ਕਿ ਨਿਰਸੰਦੇਹ ਇਹ ਹਾਲਾਤ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਗੁਜ਼ਾਰਿਸ਼ ਕਰਨ ਯੋਗ ਹਨ ਪਰ ਸਾਡੀ ਤੇ ਤੁਹਾਡੀ ਮੌਜੂਦਗੀ ਹੋਣ ਕਰਕੇ ਇਨ੍ਹਾਂ ਹਾਲਾਤ ਦਾ ਪੇਸ਼ ਹੋਣਾ ਵਾਜਿਬ ਹੈ। ਸੋ ਇਨ੍ਹਾਂ ਦੇ ਹੁਕਮ ਮੁਤਾਬਿਕ ਦਾਸ ਉਸੇ ਸਮੇਂ ਭਾਵ ਦਿਨ ਦੇ 10 ਵਜੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਹਾਜ਼ਿਰ ਹੋਇਆ ਅਤੇ ਨਿਜ਼ਾਮਤ ਅਨਾਹਦਗੜ੍ਹ ਦੇ 13 ਕੂਕਿਆਂ ਤੇ ਨਹਿਰ ਦੇ ਕੰਢੇ ਠਹਿਰੇ ਹੋਏ 50 ਕੂਕਿਆਂ, ਜਿਹੜੇ ਦੁਕਾਨਾਂ ਤੇ ਮਜ਼ਦੂਰੀ ਕਰਦੇ ਹਨ, ਦਾ ਸਾਰਾ ਹਾਲ ਇਤਲਾਹ ਵਜੋਂ ਪੇਸ਼ ਕੀਤਾ ਤਾਂ ਸਾਹਿਬ ਬਹਾਦੁਰ ਨੇ ਪੁੱਛਿਆ ਕਿ ਇਸ ਬਾਰੇ ਜਿਹੜੀ ਕਾਰਵਾਈ ਪਹਿਲਾਂ ਹੋ ਚੁੱਕੀ ਹੈ ਤੇ ਹੋ ਰਹੀ ਹੈ ਕੀ ਉਸ ਦੀ ਮਹਿਕਮਾ ਲੈਫ਼ਟੀਨੈਂਟੀ ਵਿੱਚ ਵੀ ਇਤਲਾਹ ਹੋਈ ਹੈ ਜਾਂ ਨਹੀਂ ? ਦਾਸ ਨੇ ਅਰਜ਼ ਕੀਤਾ ਕਿ ਇਸ ਤੋਂ ਪਹਿਲਾਂ ਜਿਹੜੀ ਜ਼ਰੂਰੀ ਤੇ ਦੱਸਣ ਯੋਗ ਘਟਨਾ ਵਾਪਰਦੀ ਰਹੀ ਹੈ ਉਸ ਬਾਰੇ ਇਤਲਾਹ ਮਹਿਕਮਾ ਲੈਫ਼ਟੀਨੈਂਟੀ ਨੂੰ ਲਗਾਤਾਰ ਹੁੰਦੀ ਰਹੀ ਹੈ ਅਤੇ ਇਸ ਤੋਂ ਵਧੇਰੇ ਇਹ ਕਿ ਹੁਣ ਤੇ ਅੱਗੋਂ ਨੂੰ ਜਿਹੜੀ ਗੱਲ ਹਜ਼ੂਰ ਦੇ ਮੁਤਾਬਿਕ ਵਾਜਿਬ ਤੇ ਮੁਨਾਸਿਬ ਪ੍ਰਤੀਤ ਹੋਵੇ ਉਸ ਬਾਰੇ ਹਜ਼ੂਰ ਇਸ਼ਾਰਾ ਕਰ ਦਿਆ ਕਰੋ ਤਾਂ ਉਸ ਦੀ ਫ਼ੌਰਨ ਇਤਲਾਹ ਹੁੰਦੀ ਰਹੇਗੀ। ਸਾਹਿਬ ਬਹਾਦੁਰ ਨੇ ਇਸ ਗੱਲ ’ਤੇ ਧਿਆਨ ਦੇ ਕੇ ਫ਼ਰਮਾਇਆ ਕਿ “ ਅੱਛਾ ! ਜਦੋਂ ਅਸੀਂ ਹਾਜ਼ਿਰੀ ਆਦਿ ਤੋਂ ਵਿਹਲੇ ਹੋ ਜਾਵਾਂਗੇ ਉਸ ਵੇਲੇ ਤੁਹਾਨੂੰ ਦਿਨ ਦੇ 12 ਵਜੇ ਬੁਲਾ ਕੇ ਜਿਹੜੀਆਂ ਜਿਹੜੀਆਂ ਗੱਲਾਂ ਮੁਨਾਸਿਬ ਹਨ, ਉਹ ਲਿਖਾਂ ਦੇਵਾਂਗੇ। ਫਿਰ ਤੁਸੀਂ ਉਸੇ ਤਰ੍ਹਾਂ ਇਤਲਾਹ ਦੇ ਦੇਣੀ।” ਸੋ ਐ ਉੱਚੇ ਰੁਤਬੇ ਵਾਲੀ ਸਰਕਾਰ ! ਇਹ ਦਾਸ ਹੁਣ ਫਿਰ 12 ਵਜੇ ਹਾਜ਼ਿਰ ਹੋਵੇਗਾ, ਸਾਹਿਬ ਬਹਾਦੁਰ ਜੋ ਕੁਝ ਹੁਕਮ ਦੇਣਗੇ ਫ਼ੌਰਨ ਸੇਵਾ ਵਿੱਚ ਅਰਜ਼ ਕਰਾਂਗਾ ਤੇ ਜੇ ਕੋਈ ਗੱਲ ਜ਼ਰੂਰੀ ਹੋਈ ਤਾਂ ਜ਼ਰੂਰੀ ਤੌਰ ’ਤੇ ਅਰਜ਼ ਕੀਤਾ ਜਾਵੇਗਾ। ਅੱਜ ਜਨਾਬ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਤੋਂ ਇਹ ਵੀ ਪਤਾ ਲੱਗਿਆ ਕਿ ਸਾਹਿਬ ਬਹਾਦੁਰ ਪੱਕੇ ਤੌਰ ’ਤੇ ਡਿਪਟੀ ਕਮਿਸ਼ਨਰ ਜ਼ਿਲ੍ਹਾ ਲੁਧਿਆਣਾ ਮੁੱਕਰਰ ਹੋ ਗਏ ਹਨ। ਸਾਹਿਬ ਬਹਾਦੁਰ ਨੂੰ ਇਸ ਹਾਲ ਦਾ ਮਹਿਕਮਾ ਲੈਫ਼ਟੀਨੈਂਟੀ ਦੀ ਚਿੱਠੀ ਆਉਣ ’ਤੇ ਪਤਾ ਲੱਗਿਆ ਹੈ। ਮਿਸਟਰ ਕਾਵਨ ਸਾਹਿਬ ਬਹਾਦੁਰ ਸੰਬੰਧੀ ਅਜੇ ਤੱਕ ਕੋਈ ਚਿੱਠੀ ਜਾਂ ਹੁਕਮ ਨਹੀਂ ਆਇਆ ਜਿਸ ਸਦਕਾ ਸਾਹਿਬ ਬਹਾਦੁਰ ਬਹੁਤ ਉਡੀਕਵਾਨ ਹਨ ਪਰ ਹੋਰ ਖ਼ਬਰਾਂ ਤੋਂ ਸਾਹਿਬ ਬਹਾਦੁਰ ਨੂੰ ਆਪਣੇ ਨਾ ਜਾਣ ਬਾਰੇ ਪੂਰਾ ਯਕੀਨ ਹੋ ਚੁੱਕਾ ਹੈ। ਇਹ ਵੀ ਇਤਲਾਹ ਵਜੋਂ ਅਰਜ਼ ਹੈ ਕਿ ਕੱਲ੍ਹ ਇਸ ਜ਼ਿਲ੍ਹੇ ਤੋਂ ਜਿਹੜੇ ਚਾਰ ਕੂਕੇ ਰਿਹਾ ਹੋਏ ਹਨ ਉਨ੍ਹਾਂ ਤੋਂ ਆਲ੍ਹਾ ਦਰਜੇ ਦੀ ਜ਼ਮਾਨਤ ਇੱਕ ਹਜ਼ਾਰ ਰੁਪਿਆ ਮਿਆਦੀ ਇੱਕ ਸਾਲ ਅਤੇ ਛੋਟੇ ਦਰਜੇ ਦੀ ਜ਼ਮਾਨਤ ਪੰਜ ਸੌ ਰੁਪਿਆ ਮਿਆਦੀ ਇੱਕ ਸਾਲ ਬਾਅਦ ਤਸਦੀਕ ਜ਼ਾਬਿਤਾ ਦਾਖਿਲ ਕਰਵਾਈਆਂ ਗਈਆਂ ਹਨ ਅਤੇ ਇਹ ਜ਼ਮਾਨਤ ਚੈਪਟਰ 18 ਐਕਟ 25 ਦੇ ਮਨਸ਼ੇ ਮੁਤਾਬਿਕ ਲਈਆਂ ਗਈਆਂ ਹਨ ਜਿਸ ਵਿੱਚ ਦਫ਼ਾ 280 ਰਾਹੀਂ ਇਸ ਜੁਰਮ ਦਾ ਵੇਰਵਾ ਤਫ਼ਸੀਲ ਨਾਲ ਦਰਜ ਹੈ। ਬਾਕੀ ਹਜ਼ੂਰ ਦੀ ਮਿਹਰ ਨਾਲ ਸਭ ਸੁਖ ਸਾਂਦ ਹੈ। ਕੁਝ ਜ਼ਰੂਰੀ ਹਾਲਾਤ ਜਿਹੜੇ ਜ਼ਬਾਨੀ ਅਰਜ਼ ਕਰਨ ਯੋਗ ਹਨ ਉਹ ਲਿਖਤ ਰਾਹੀਂ ਮੈਂ ਅਰਜ਼ ਨਹੀਂ ਕਰ ਸਕਦਾ।

ਮਿਤੀ 14 ਮਾਰਚ 1872.

ਦਾਸ

---

ਸੱਯਦ ਕਰਾਮਤ ਅਲੀ,ਵਕੀਲ ਲੁਧਿਆਣਾ।

**ਦਾਸ ਦੇ ਸੇਵਾ ਯੋਗ ਤੇ ਸਤਿਕਾਰ ਯੋਗ ਜਨਾਬ ਮੁਨਸ਼ੀ ਸਾਹਿਬ ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਸਾਹਿਬ ਮੀਰ ਮੁਨਸ਼ੀ,**

ਸਲਾਮਤ !

ਆਦਾਬ ਅਰਜ਼ ਕਰਨ ਮਗਰੋਂ ਹਾਲ ਇਹ ਹੈ ਕਿ ਨਹਿਰ ਦੇ ਕੰਢੇ ’ਤੇ ਕੂਕਿਆਂ ਦੇ ਇੱਕਠੇ ਹੋਣ ਦੇ ਮੁਕੱਦਮੇਂ ਸੰਬੰਧੀ ਆਸਾ ਰਾਮ ਵਕੀਲ ਨਹਿਰ ਦੀ ਰਿਪੋਰਟ ਮਹਿਕਮਾ ਖ਼ਾਰਿਜ ਦੇ ਪਰਚੇ ਰਾਹੀਂ ਮੇਰੇ ਕੋਲ ਪੁੱਜੀ। ਅਸਲ ਰਿਪੋਰਟ ਪੜ੍ਹਨ ਮਗਰੋਂ ਵਾਪਸ ਭੇਜਦਾ ਹਾਂ। ਮੈਂ ਡਵੀਜ਼ਨ ਨੰ: 2 ਦੇ ਐਗਜ਼ੈਕਟਿਵ ਇੰਜਨੀਅਰ ਮਿਸਟਰ ਜੇ. ਡੀ. ਸਾਹਿਬ ਬਹਾਦੁਰ ਨੂੰ ਚਿੱਠੀ ਲਿਖ ਦਿੱਤੀ ਹੈ ਕਿ ਜੇ ਆਪ ਦਾ ਮਨਸ਼ਾ ਹੋਵੇ ਤਾਂ ਮੇਰੇ ਮੁਤਾਬਿਕ ਕੂਕਿਆਂ ਨੂੰ ਉਨ੍ਹਾਂ ਦੇ ਘਰੀਂ ਭਿਜਵਾ ਦਿੱਤਾ ਜਾਣਾ ਹੀ ਠੀਕ ਹੈ। ਸੋ ਜੋ ਜਵਾਬ ਆਵੇਗਾ ਇਤਲਾਹ ਦਿਆਂਗਾ।

16 ਮਾਰਚ 1872

ਮੁਕਾਮ ਪਟਿਆਲਾ

ਮਾਸਟਰ ਮੁਹੰਮਦ ਖ਼ੁਦਾ ਬਖ਼ਸ਼ ਖਾਂ

ਨਾਜ਼ਿਮ ਨਹਿਰ।

ਸ੍ਰੀ ਮਾਨ ਜੀ,

ਮਿਸਟਰ ਜੇ. ਡੀ. ਡੇਰੀ ਸਾਹਿਬ ਬਹਾਦੁਰ ਇੰਜਨੀਅਰ ਡਵੀਜ਼ਨ ਨੰ: 2 ਨਹਿਰ ਸਰਹਿੰਦ ਦੇ ਨਾਮ ਲਿਖੀ ਮਹਿਕਮਾ ਅਰਧ ਸਰਕਾਰੀ ਦੀ ਚਿੱਠੀ ਦਾ ਤਰਜਮਾ ਤੇ ਜਵਾਬੀ ਚਿੱਠੀ ਦਾ ਤਰਜਮਾ ਜਿਸ ਉੱਤੇ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨੇ ਦਾ ਮਿਤੀ 7 ਅਪ੍ਰੈਲ 1872 ਦਾ ਹੁਕਮ ਦਰਜ ਸੀ, ਨਹਿਰ ਸਰਹਿੰਦ ਕੰਢੇ ਕੂਕਿਆਂ ਦੀ ਮੌਜੂਦਗੀ ਬਾਰੇ ਦਾਸ ਕੋਲ ਪੁੱਜਾ ਤੇ ਵੇਰਵੇ ਸਹਿਤ ਹਾਲ ਤੋਂ ਜਾਣੂ ਹੋਣ ਦਾ ਮਾਣ ਪ੍ਰਾਪਤ ਹੋਇਆ। ਇਹ ਹਾਲ ਗੱਲ ਬਾਤ ਰਾਹੀਂ ਸਾਹਿਬ ਕਮਿਸ਼ਨਰ ਬਹਾਦੁਰ ਦੀ ਸੇਵਾ ਵਿੱਚ ਦੱਸਿਆ ਗਿਆ।

ਸੋ ਇਹ ਬਿਨੈ-ਪੱਤਰ ਜਵਾਬ ਵਜੋਂ ਤੇ ਰਸੀਦ ਦੇ ਤੌਰ ’ਤੇ ਸਖ਼ੀ ਹਜ਼ੂਰ ਕੋਲ ਭੇਜਿਆ ਜਾ ਰਿਹਾ ਹੈ।

ਵਾਜਿਬ ਜਾਣ ਕੇ ਅਰਜ਼ ਕੀਤਾ।
ਹਕੂਮਤ ਦਾ ਸੂਰਜ ਚਮਕਦਾ ਰਵ੍ਹੇ !

ਦਾਸ
ਪੁਰਾਣਾ ਨਮਕ ਪਰਵਰਦਾ,
ਨਿਸਾਰ ਅਲੀ ਵਕੀਲ ਸਰਕਾਰ,
ਮਹਿਕਮਾ ਕਮਿਸ਼ਨਰੀ ’ਚ ਹਾਜ਼ਿਰ ਰਹਿਣ ਵਾਲਾ।
11 ਅਪ੍ਰੈਲ 1872.

# ਲੁਕਿਆ ਸੱਚ

---

**ਮਿਸਟਰ ਜੇ. ਡੀ. ਡੇਰੀ ਸਾਹਿਬ ਬਹਾਦੁਰ ਕਾਰਜਕਾਰੀ ਇੰਜਨੀਆਰ ਡਵੀਜ਼ਨ ਨੰ: 2 ਨਹਿਰ ਸਰਹਿੰਦ ਦੇ ਨਾਮ ਲਿਖੀ ਅਰਧ-ਸਰਕਾਰੀ ਚਿੱਠੀ ਮਿਤੀ 27 ਮਾਰਚ ਸੰਨ 1872 ਈ: ਦਾ ਤਰਜਮਾਂ**
**ਮੁਕਾਮ ਪਟਿਆਲਾ ਤੋਂ ਗੜ੍ਹੀ ਤਖਾਣ ਨੂੰ।**

ਮੇਰੇ ਪਿਆਰੇ ਸਾਹਿਬ,

ਮਾਲੂਮ ਹੁੰਦਾ ਹੈ ਕਿ ਔਰਤਾਂ ਤੇ ਬੱਚਿਆਂ ਤੋਂ ਬਿਨ੍ਹਾਂ ਕੋਈ ਪੰਜਾਹ (50) ਕੂਕੇ ਮੌਜੂਦ ਹਨ ਜਿਹੜੇ ਦੁਕਾਨਾਂ ਆਦਿ ਕਰਦੇ ਹਨ। ਇਨ੍ਹਾਂ ਵਿੱਚੋਂ ਬਾਅਜ਼ੇ ਨਹਿਰ ਸਰਹਿੰਦ ਦੇ ਸਬ ਡਵੀਜ਼ਨ ਨੰ: 4, ਡਵੀਜ਼ਨ ਨੰ: 2 ਵਿੱਚ ਮਜ਼ਦੂਰੀ ਕਰਦੇ ਹਨ। ਕਹਿੰਦੇ ਹਨ ਕਿ ਇਨ੍ਹਾਂ ਵਿੱਚੋਂ ਕੇਵਲ ਇੱਕ ਆਦਮੀ ਇਲਾਕਾ ਪਟਿਆਲਾ, ਅਤੇ ਦੋ ਜਣੇ ਨਾਭਾ ਤੇ ਜੀਂਦ ਦੇ ਇਲਾਕਿਆਂ ਦੇ ਰਹਿਣ ਵਾਲੇ ਹਨ। ਬਾਕੀ ਰਹਿੰਦੇ ਸਾਰੇ ਦੇ ਸਾਰੇ ਫ਼ਿਰੋਜ਼ਪੁਰ ਤੇ ਮੁਕਤਸਰ ਦੇ ਲਾਗੇ ਦੇ ਅੰਗਰੇਜ਼ੀ ਇਲਾਕੇ ਦੇ ਰਹਿਣ ਵਾਲੇ ਹਨ। ਵੇਖਣ ਨੂੰ ਲੱਗਦਾ ਹੈ ਕਿ ਇਹ ਲੋਕ ਉਸ ਪਾਸੇ ਵੱਲੋਂ ਪਿਛਲੇ ਸਾਲ ਪਏ ਕਾਲ ਕਾਰਨ ਨਹਿਰ ਉੱਤੇ ਆ ਰਹੇ ਹਨ ਅਤੇ ਉੱਥੇ ਦੁਕਾਨਾਂ ਤੇ ਮਜ਼ਦੂਰੀ ਆਦਿ ਕਰਦੇ ਹਨ। ਇਸ ਗੱਲ ਦੀ ਗੌਰਮਿੰਟ ਅੰਗਰੇਜ਼ੀ ਨੂੰ ਇਤਲਾਹ ਉਨ੍ਹਾਂ ਵਕੀਲਾਂ ਰਾਹੀਂ ਦਿੱਤੀ ਗਈ ਹੈ ਜਿਹੜੇ ਮਹਿਕਮਾ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਲੁਧਿਆਣਾ, ਸਾਹਿਬ ਕਮਿਸ਼ਨਰ ਬਹਾਦੁਰ ਅੰਬਾਲਾ ਤੇ ਮਹਿਕਮਾ ਆਲੀਆ ਗੌਰਮਿੰਟ ਪੰਜਾਬ ਵਿੱਚ ਹਾਜ਼ਿਰ ਰਹਿੰਦੇ ਹਨ। ਭਾਵੇਂ ਪ੍ਰਗਟ ਤੌਰ 'ਤੇ ਇਨ੍ਹਾਂ ਲੋਕਾਂ ਵਿੱਚ ਸ਼ਰਾਰਤ ਦਾ ਕਾਰਨ ਨਹੀਂ ਪਾਇਆ ਜਾਂਦਾ ਪਰ ਤਾਂ ਵੀ ਅਸੀਂ ਇਨ੍ਹਾਂ ਲੋਕਾਂ ਨੂੰ ਆਮ ਤੌਰ 'ਤੇ ਗੁਸੈਲੇ ਤੇ ਕੱਟੜ ਪੰਥੀ ਖਿਆਲ ਕਰਦੇ ਹਾਂ।

ਸੋ ਜੇ ਮੁਨਾਸਿਬ ਸਮਝੋਂ ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਘਰੀਂ ਭਿਜਵਾ ਦਿੱਤਾ ਜਾਵੇ ਅਤੇ ਇਹ ਗੱਲ ਉਸ ਨਾਲੋਂ ਬਿਹਤਰ ਲੱਗਦੀ ਹੈ ਕਿ ਉਨ੍ਹਾਂ ਨੂੰ ਅੱਗੋਂ ਵਾਸਤੇ ਆਪਣੇ ਚਾਲ ਚਲਣ ਦੀ ਜ਼ਮਾਨਤ ਦੇਣ ਲਈ ਮਜਬੂਰ ਕੀਤਾ ਜਾਵੇ।

ਮੈਂ ਇਸ ਚਿੱਠੀ ਦੇ ਆਪ ਵੱਲੋਂ ਜਵਾਬ ਦਾ ਉਡੀਕਵਾਨ ਹਾਂ ਕਿ ਇਸ ਮਾਮਲੇ ਸੰਬੰਧੀ ਤੁਹਾਡੀ ਕੀ ਰਾਏ ਹੈ।

ਮੈਂ ਹਾਂ ਆਪ ਦਾ ਅਤਿਅੰਤ ਵਫ਼ਾਦਾਰ ਦੋਸਤ,

-Sd-
ਖ਼ੁਦਾ ਬਖ਼ਸ਼ ਏਜੈਂਟ ਨਹਿਰ,
ਗੌਰਮਿੰਟ ਪਟਿਆਲਾ।

# ਲੁਕਿਆ ਸੱਚ

---

**ਮਿਸਟਰ ਜੇ. ਡੀ. ਡੇਰੀ ਸਾਹਿਬ ਬਹਾਦੁਰ ਕਾਰਜਕਾਰੀ ਇੰਜਨੀਆਰ, ਡਵੀਜ਼ਨ ਨੰ: 2, ਨਹਿਰ ਸਰਹਿੰਦ ਵੱਲੋਂ ਮੁਕਾਮ ਗੜ੍ਹੀ ਤਖਾਣ ਤੋਂ ਲਿਖੀ ਜਵਾਬੀ ਚਿੱਠੀ ਮਿਤੀ 28 ਮਾਰਚ ਸੰਨ 1872 ਈ: ਦਾ ਤਰਜਮਾ।**

ਖ਼ੁਦਾ ਬਖ਼ਸ਼ ਖ਼ਾਨ ਸਾਹਿਬ
ਏਜੈਂਟ ਨਹਿਰ,
ਗੌਰਮਿੰਟ ਪਟਿਆਲਾ,
ਪਟਿਆਲਾ।

ਮੇਰੇ ਪਿਆਰੇ ਸਾਹਿਬ ! ਜਿੱਥੋਂ ਤੱਕ ਨਹਿਰ ਦੇ ਕਾਰੋਬਾਰ ਦਾ ਸੰਬੰਧ ਹੈ ਅਤੇ ਖ਼ਾਸ ਮੇਰੀ ਜ਼ਾਤ (ਸ਼ਖਸੀਅਤ) ਨਾਲ ਜੋ ਕੁਝ ਤਾਅਲੁੱਕ ਰੱਖਦਾ ਹੈ ( ਅਤੇ ਮੈਂ ਖਿਆਲ ਕਰਦਾ ਹਾਂ ਕਿ ਜਿਹੜੇ ਸਾਹਿਬਾਨ ਨਹਿਰ 'ਤੇ ਮੇਰੇ ਡਵੀਜ਼ਨ ਵਿੱਚ ਕੰਮ ਕਰਦੇ ਹਨ, ਉਨ੍ਹਾਂ ਵੱਲੋਂ ਇਹ ਵੀ ਜੁਰਅਤ ਨਾਲ ਕਹਿ ਸਕਦਾ ਹਾਂ ) ਮੈਂ ਇਹ ਕਹਿੰਦਾ ਹਾਂ ਕਿ ਜੇ ਇਹ ਲੋਕ ਅਸਲੀਅਤ ਵਿੱਚ ਰੋਜ਼ੀ ਰੋਟੀ ਕਮਾਉਣ ਵਾਸਤੇ, ਜਿਵੇਂ ਕਿ ਆਪ ਦਾ ਖਿਆਲ ਹੈ, ਆਏ ਹਨ ਤਾਂ ਉਨ੍ਹਾਂ ਨੂੰ ਰਹਿਣ ਦੇਣਾ ਚਾਹੀਦਾ ਹੈ। ਮੈਂ ਖਿਆਲ ਕਰਦਾ ਹਾਂ ਕਿ ਇਹ ਬੇਰਹਿਮੀ ਦੀ ਗੱਲ ਹੋਵੇਗੀ ਜੇ ਇਸ ਕੌਮ ਦੇ ਬਾਅਜ਼ੇ ਬੇਵਕੂਫ਼ ਲੋਕਾਂ ਵੱਲੋਂ ਆਪਣੀ ਬੇਵਕੂਫ਼ੀ ਨਾਲ ਫ਼ਸਾਦ ਖੜਾ ਕਰਨ ਸਦਕਾ ਇਨ੍ਹਾਂ ਭੁੱਖੇ ਮਰਦੇ ਲੋਕਾਂ ਨੂੰ ਰੋਜ਼ੀ ਰੋਟੀ ਪ੍ਰਾਪਤ ਕਰਨ ਦੇ ਸਾਧਨਾ ਤੋਂ ਵਾਂਝਾ ਕਰ ਦਿੱਤਾ ਜਾਵੇ। ਬਲਕਿ ਅਜਿਹੀ ਹਾਲਤ ਵਿੱਚ ਇਸ ਗੱਲ ਦਾ ਜ਼ਿਆਦਾ ਸ਼ੱਕ ਹੋ ਸਕਦਾ ਹੈ ਕਿ ਇਹ ਲੋਕ ਭੁੱਖਾ ਮਰਨ ਕਾਰਨ ਅੱਗੋਂ ਨੂੰ ਪੈਣ ਵਾਲੇ ਫ਼ਸਾਦ ਵਿੱਚ ਸ਼ਾਮਿਲ ਹੋ ਕੇ ਮਦਦਗਾਰ ਬਣਨ। ਜਦੋਂ ਮੈਂ ਅਗਲੀ ਵਾਰ ਸਬ-ਡਵੀਜ਼ਨ ਨੰ: 4 ਵਿੱਚ ਜਾਵਾਂਗਾ, ਉਨ੍ਹਾਂ ਲੋਕਾਂ ਵਿੱਚੋਂ ਬੜੇ ਬੜੇ ਆਗੂਆ ਨੂੰ ਬੁਲਾ ਕੇ ਉਨ੍ਹਾਂ ਨੂੰ ਇਹ ਕਹਾਂਗਾ ਕਿ ਜਦੋਂ ਤੱਕ ਤੁਸੀਂ ਲੋਕ ਆਪਣੇ ਕੰਮ ਨਾਲ ਮਤਲਬ ਰੱਖੋਗੇ ਤੇ ਕੰਮ ਕਰਨਾ ਚਾਹੋਗੇ ਉਨ੍ਹਾਂ ਚਿਰ ਮੇਰੇ ਅਧੀਨ ਕੰਮ ਕਰਦੇ ਰਹੋ । ਜਿੱਥੋਂ ਤੱਕ ਮੇਰੇ ਨਾਲ ਕੰਮ ਕਰਨ ਦਾ ਸੰਬੰਧ ਹੈ ਪਰ ਇਸ ਵਿੱਚ ਸ਼ੱਕ ਨਹੀਂ ਜੇ ਫ਼ੌਜਦਾਰੀ ਅਫ਼ਸਰ ਇਸ ਗੱਲ 'ਤੇ ਵਿਚਾਰ ਕਰਨ ਲਈ ਕੋਈ ਵਧੀਆ ਦਲੀਲ ਪਾਉਣਗੇ ਕਿ ਤੁਸੀਂ ਲੋਕ ਏਥੇ ਬਦਨੀਅਤੀ ਨਾਲ ਇੱਕਠੇ ਹੋਏ ਹੋਇਉਂ ਤਾਂ ਨਿਰਸੰਦੇਹ ਤੁਹਾਨੂੰ ਤਿੱਤਰ ਬਿੱਤਰ ਕੀਤਾ ਜਾਵੇਗਾ।

ਮੈਂ ਇਹ ਗੱਲ ਦੋਬਾਰਾ ਬਿਆਨ ਕਰਦਾ ਹਾਂ ਕਿ ਮੈਂ ਸਮਝਦਾ ਹਾਂ ਕਿ ਇਨ੍ਹਾਂ ਲੋਕਾਂ ਨੂੰ ਕੇਵਲ ਇਸ ਹੁਣ ਦੀ ਇਤਲਾਹ 'ਤੇ ਨਹਿਰ ਦੇ ਰੋਬਕਾਰ ਤੋਂ ਵਾਂਝਾ ਰੱਖਣ ਵਿੱਚ ਬੇਰਹਿਮੀ ਤੇ ਨਾ ਮੁਨਾਸਿਬ ਤਜਵੀਜ਼ ਪਾਈ ਜਾਂਦੀ ਹੈ।

ਮੈਂ ਹਾਂ ਐ ਮੇਰੇ ਪਿਆਰੇ ਸਾਹਿਬ ! ਤੁਹਾਡਾ ਵਫ਼ਾਦਾਰ ਦੋਸਤ,

-Sd-
ਜੇ. ਡੀ. ਡੇਰੀ ਕਾਰਜਕਾਰੀ ਇੰਜਨੀਆਰ,
ਡਵੀਜ਼ਨ ਨੰ: 2, ਨਹਿਰ ਸਰਹਿੰਦ

ਤਰਜਮੇ ਸਹੀ ਹਨ।

ਦਸਤਖ਼ਤ
ਮਾਸਟਰ ਖ਼ੁਦਾ ਬਖ਼ਸ਼ ਖ਼ਾਨ
ਨਾਜ਼ਿਮ ਨਹਿਰ।

# ਲੁਕਿਆ ਸੱਚ

---

ਮੁਕਾਬਿਲਾ ਕੀਤਾ ਗਿਆ ਰਾਮਪ੍ਰਸ਼ਾਦ ਨਾਲ ਮਿਲ ਕੇ ਅਤੇ ਬਾਬੂ ਕੇਵਲ ਕਿਸ਼ਨ ਸਰੂਰ ਨੇ ਸੁਣਿਆ
**ਚਿੱਠੀਆਂ ਦੇ ਇਹ ਅਨੁਵਾਦ**

1. ਮਿਸਟਰ ਜੇ. ਡੀ. ਡੇਰੀ ਸਾਹਿਬ ਬਹਾਦੁਰ ਕਾਰਜਕਾਰੀ ਇੰਜਨੀਅਰ ਨਹਿਰ ਦੇ ਨਾਮ ਮਹਿਕਮਾ ਮੁਨਸ਼ੀ ਖ਼ਾਨਾ ਦੀ ਹਦਾਇਤ ਅਨੁਸਾਰ ਨਹਿਰ ਦੀ ਲਾਈਨ ਦੇ ਕੋਲ ਠਹਿਰੇ ਹੋਏ ਕੂਕਿਆਂ ਦੇ ਹਾਲ ਦਾ ਵੇਰਵਾ ਦੱਸਣ ਲਈ ਲਿਖੀ ਗਈ ਚਿੱਠੀ।
2. ਉਪ੍ਰੋਕਤ ਸਾਹਿਬ ਵੱਲੋ ਇਸ ਮਹਿਕਮੇ ਦੇ ਨਾਮ ਜਵਾਬੀ ਚਿੱਠੀ।

**ਵਾਚ ਕੇ ਹੁਕਮ ਹੋਇਆ ਕਿ**

ਇਹ ਦੋਵੇਂ ਤਰਜਮੇਂ ਜਵਾਬ ਵਜੋਂ ਹਾਲਾਤ ਨੂੰ ਖੋਲ੍ਹ ਕੇ ਬਿਆਨ ਕਰਨ ਦੇ ਮਕਸਦ ਨਾਲ ਮਹਿਕਮਾ ਮੁਨਸ਼ੀ ਖ਼ਾਨੇ ਵਿੱਚ ਭੇਜੇ ਜਾਣ।

1 ਅਪ੍ਰੈਲ 1872.

**ਹੁਕਮ ਹੋਇਆ ਕਿ**

ਇਹ ਅਨੁਵਾਦ ਤਾਮੀਲ ਕਰਨ ਮਗਰੋਂ ਇਤਲਾਹ ਵਜੋਂ ਖ਼ਾਸ ਤੌਰ 'ਤੇ ਵਜ਼ੀਰ ਸਾਹਿਬ ਬਹਾਦੁਰ ਦੀ ਸੇਵਾ ਵਿੱਚ ਪੇਸ਼ ਹੋਣ। ਇਸ ਦੀ ਇੱਕ ਇੱਕ ਨਕਲ ਵਕੀਲ ਲੁਧਿਆਣਾ, ਵਕੀਲ ਕਮਿਸ਼ਨਰੀ ਤੇ ਵਕੀਲ ਗੌਰਮਿੰਟ ਕੋਲ ਭੇਜੀ ਜਾਵੇ।

7 ਅਪ੍ਰੈਲ 1872.

Sd-
ਸੱਯਦ ਮੁਹੰਮਦ ਹੁਸੈਨ,
ਮੀਰ ਮੁਨਸ਼ੀ ਸਰਕਾਰ,

# 15. ਦਮਦਮਾ ਸਾਹਿਬ ਅਤੇ ਮਾਈਸਰਖਾਨਾ ਵਾਲੇ ਮੇਲਿਆਂ ’ਤੇ ਨਿਗਰਾਨੀ ਰੱਖਣ ਸਬੰਧੀ

**ਖ਼ਤ ਮਿਤੀ 9 ਅਪ੍ਰੈਲ 1872 ਸਮਾਂ 2 ਵਜੇ ਦਿਨ ਦੇ**

ਵੱਲੋਂ :–ਗੋਬਿੰਦ ਜਸ ਮੁਹੱਰਿਰ ਵਕਾਲਤ ਗੌਰਮਿੰਟ

ਵੱਲ :–ਮੀਰ ਮੁਹੰਮਦ ਖ਼ਾਨ ਸਾਹਿਬ ਵਕੀਲ ਗੌਰਮਿੰਟ

ਇਸ ਕਾਗਜ਼ ਦਾ ਹਾਲ ਇਹ ਹੈ ਕਿ ਦਾਸ ਜਿਸ ਵੇਲੇ ਉੱਪਰ ਦਰਜ ਬੇਨਤੀ ਕਰ ਹੀ ਰਿਹਾ ਸੀ ਕਿ ਏਨੇ ਵਿੱਚ ਡਾਕ ਆ ਗਈ। ਸਾਰੇ ਕਾਗਜ਼ ਵੇਖ ਕੇ ਇਹ ਲਿਫ਼ਾਫ਼ਾ ਖੋਲ੍ਹਿਆ ਜਿਸ ਦੀ ਨਕਲ ਭੇਜ ਰਿਹਾ ਹਾਂ। ਸਾਹਿਬ ਬਹਾਦੁਰ ਨੇ ਅਸਲ ਲਿਫ਼ਾਫ਼ਾ ਦਾਸ ਨੂੰ ਦੇ ਕੇ ਹੁਕਮ ਦਿੱਤਾ ਕਿ “ ਤੁਸੀਂ ਇਹ ਲਿਫ਼ਾਫ਼ਾ ਦਫ਼ਤਰ ਵਿੱਚ ਟਰਾਟਰ ਸਾਹਿਬ ਕੋਲ ਲੈ ਜਾਓ ਅਤੇ ਉਸ ਵੇਲੇ ਇਸ ਦੀ ਨਕਲ ਕਰਾ ਕੇ ਪਟਿਆਲੇ ਭੇਜ ਦਿਓ। ਭਾਵੇਂ ਕੁਝ ਡਰ ਤੇ ਫ਼ਿਕਰ ਦੀ ਗੱਲ ਨਹੀਂ ਪਰ ਫਿਰ ਵੀ ਇਸ ਦੀ ਇਤਲਾਹ ਦੇਣੀ ਵਾਜਿਬ ਹੈ।” ਦਾਸ ਨੇ ਬੇਨਤੀ ਕੀਤੀ ਕਿ “ ਬਹੁਤ ਬਿਹਤਰ”। ਫਿਰ ਥੋੜ੍ਹੀ ਦੇਰ ਮਗਰੋਂ ਖ਼ੁਦ ਹੀ ਫ਼ਰਮਾਇਆ ਕਿ “ ਇਸ ਵਿੱਚ ਲਿਖਿਆ ਹੈ ਕਿ ਦਮਦਮਾ ਸਾਹਿਬ ਵਿਖੇ ਕੂਕੇ ਇੱਕਠੇ ਹੋਣਗੇ। ਪਤਾ ਲੱਗਾ ਹੈ ਕਿ ਇਹ ਇੱਕਠ 11 ਤੇ 12 ਮਾਰਚ 1872 ਈ: ਨੂੰ ਹੋਵੇਗਾ। ਤੁਸੀਂ ਇਸ ਕਾਗਜ਼ ਨੂੰ ਛੇਤੀ ਭੇਜ ਦਿਓ।”

ਸੋ ਦਾਸ ਉਹ ਬੰਦ ਲਿਫ਼ਾਫ਼ਾ ਲੈ ਕੇ ਟਰਾਟਰ ਸਾਹਿਬ ਦੀ ਸੇਵਾ ਵਿੱਚ ਜਾ ਹਾਜ਼ਿਰ ਹੋਇਆ। ਉਹ ਕਿਤੇ ਗਏ ਹੋਏ ਸਨ। ਫਿਰ ਸਾਹਿਬ ਸੈਕਟਰੀ ਬਹਾਦੁਰ ਦੀ ਇਜਾਜ਼ਤ ਅਨੁਸਾਰ ਜਨਾਬ ਪੰਡਤ ਜੀਉ ਸਾਹਿਬ ਤੋਂ ਨਕਲ ਕਰਾ ਕੇ ਹਜ਼ੂਰ ਦੀ ਸੇਵਾ ਵਿੱਚ ਭੇਜ ਰਿਹਾ ਹਾਂ। ਜੇ ਇਸ ਦਾ ਕੁਝ ਜਵਾਬ ਸਾਹਿਬ ਸੈਕਟਰੀ ਬਹਾਦੁਰ ਦੀ ਸੇਵਾ ਵਿੱਚ ਅਰਜ਼ ਕਰਨਾ ਹੋਵੇ ਤਾ ਵੇਰਵੇ ਸਹਿਤ ਇਤਲਾਹ ਬਖਸ਼ਿਓ। ਇਸ ਕਾਗਜ਼ ਦਾ ਤਰਜਮਾ ਵੀ ਸਹੂਲਤ ਵਾਸਤੇ ਭੇਜ ਦਿਓ।

–ਬਸ–

---

**ਅੱਜ ਇਹ ਖ਼ਤ, ਜਿਸ ਵਿੱਚੋਂ ਇਹ ਛਾਂਟੀ ਹੋਈ ਇਬਾਰਤ ਹੈ, ਇੱਕ ਅੰਗਰੇਜ਼ੀ 'ਚ ਲਿਖੇ ਕਾਗਜ਼ ਸਮੇਤ, ਜਿਸ ਦਾ ਤਰਜਮਾ ਲਿਫ਼ਾਫ਼ੇ 'ਚ ਹੈ, ਲਾਹੌਰ ਤੋਂ ਪੁੱਜਾ**

**ਹੁਕਮ ਹੋਇਆ ਕਿ**

ਇਸ ਤਰਜਮੇਂ ਦੀ ਨਕਲ ਤੇ ਇਸ ਦੀ ਚੋਣ ਕੀਤੀ ਇਬਾਰਤ ਦੀ ਨਕਲ ਇਸੇ ਵੇਲੇ ਨਾਜ਼ਿਮ ਸਾਹਿਬ ਅਨਾਹਦਗੜ੍ਹ ਦੀ ਸੇਵਾ ਵਿੱਚ ਭੇਜ ਕੇ ਲਿਖਿਆ ਜਾਵੇ ਕਿ ਤਰਜਮੇਂ ਵਿੱਚ ਦਰਜ ਹਾਲਾਤ ਸਿਵਾਏ ਭਰੋਸੇਯੋਗ ਨਾਇਬ ਨਾਜ਼ਿਮਾਂ ਦੇ ਹੋਰ ਕਿਸੇ ਆਮ ਮੁਲਾਜ਼ਿਮਾਂ ਨੂੰ ਦੱਸਣ ਦੀ ਲੋੜ ਨਹੀਂ ਹੈ ਕਿਉਂਕਿ ਇਹ ਰਿਪੋਰਟ ਭੇਦ ਭਰੀ ਹੈ ਅਤੇ ਲਿਖਿਆ ਜਾਵੇ ਕਿ ਉਨ੍ਹਾਂ ਨੂੰ ਹਰ ਤਰ੍ਹਾਂ ਨਾਲ ਚੌਕਸੀ ਤੇ ਖ਼ਬਰਦਾਰੀ ਰੱਖਣੀ ਚਾਹੀਦੀ ਹੈ। ਨੇੜੇ ਤੇੜੇ ਦੇ ਥਾਣੇਦਾਰਾਂ ਨੂੰ ਦੋਨੋਂ ਮੇਲਿਆਂ 'ਤੇ ਭੇਜ ਦੇਣਾ ਚਾਹੀਦਾ ਹੈ ਤਾਂ ਕਿ ਉਹ ਨਿਗਰਾਨੀ ਰੱਖਣ। ਉਨ੍ਹਾਂ ਨੂੰ ਗੈਰ ਸਰਕਾਰੀ ਤੌਰ 'ਤੇ ਏਨਾ ਲਿਖਣ 'ਚ ਕੋਈ ਹਰਜ ਨਹੀਂ ਬਲਕਿ ਮੁਨਾਸਿਬ ਹੈ ਕਿ ਲੋਹੜੀ ਦੇ ਮੇਲੇ 'ਤੇ ਕੂਕਾ ਲੋਕ ਫ਼ਸਾਦ ਕਰ ਚੁੱਕੇ ਹਨ ਇਸ ਲਈ ਉਹ ਇਨ੍ਹਾਂ ਮੇਲਿਆਂ 'ਤੇ ਇਸ ਗੱਲ ਦਾ ਖਿਆਲ ਰੱਖਣ। ਇਹ ਨੰਗਲਾ ਵਾਲੀ ਉਹੋ ਗੱਲ ਹੈ ਜਿਸ ਦੀ ਇਤਲਾਹ ਗੋਬਿੰਦ ਸਹਾਏ ਥਾਣੇਦਾਰ ਬੋਹਾ ਨੇ ਗ਼ੈਰ ਸਰਕਾਰੀ ਤੌਰ 'ਤੇ ਲਿਖੀ ਸੀ ਅਤੇ ਜਿਸ ਦੀ ਬਾਬਤ ਨਾਜ਼ਿਮ ਸਾਹਿਬ ਨੂੰ ਨਿਗਰਾਨੀ ਰੱਖਣ ਵਾਸਤੇ ਲਿਖਿਆ ਗਿਆ ਸੀ। ਨਾਜ਼ਿਮ ਸਾਹਿਬ ਇਨ੍ਹਾਂ ਮੇਲਿਆਂ ਦੀ ਸਮਾਪਤੀ ਉਪ੍ਰੰਤ ਸਰਕਾਰੀ ਤੌਰ 'ਤੇ ਇਤਲਾਹ ਦੇਣ ਕਿ ਇਹ ਮੇਲੇ ਸੁੱਖ ਸਾਂਦ ਨਾਲ ਸਮਾਪਤ ਹੋ ਗਏ ਹਨ। ਦੋਹਾਂ ਮੇਲਿਆਂ 'ਤੇ ਕੋਈ ਕੂਕਾ ਆਇਆ ਸੀ ਜਾਂ ਨਹੀਂ ? ਜੇ ਆਇਆ ਸੀ ਤਾਂ ਕਿਸ ਲਿਬਾਸ ਵਿੱਚ। ਬਲਕਿ ਮੁਨਾਸਿਬ ਹੈ ਕਿ ਜੇ ਹੋ ਸਕੇ ਤਾਂ ਮਾਈਸਰ ਖ਼ਾਨੇ ਵਿਖੇ ਲੱਗਣ ਵਾਲੇ ਮੇਲੇ 'ਤੇ ਕਿਸੇ ਨਾਇਬ ਨਾਜ਼ਿਮ ਨੂੰ ਭੇਜ ਦੇਣ। ਇਹ ਵੀ ਇਤਲਾਹ ਦੇਣ ਕਿ ਪਿੰਡ ਮਾਈਸਰ ਖ਼ਾਨਾ ਵਿਖੇ ਇਹ ਮੇਲਾ ਕਿਸ ਸੰਬੰਧ 'ਚ ਲੱਗਦਾ ਹੈ।

10 ਅਪ੍ਰੈਲ 1872.

ਇਹ ਪਰਵਾਨਾ ਇਹਤਿਆਤ ਦੇ ਤੌਰ 'ਤੇ ਸਿੱਧਾ ਵੀ ਥਾਣੇਦਾਰ ਗੋਬਿੰਦਗੜ੍ਹ ਦੇ ਨਾਮ ਛੇਤੀ ਭੇਜ ਦਿਓ।

ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ ਸਰਕਾਰ (ਪਟਿਆਲਾ)

---

**ਮਹਿਕਮਾ ਪੁਲਿਸ ਜ਼ਿਲ੍ਹਾ ਸਿਰਸਾ ਦੀ ਭੇਦ ਭਰੀ ਰਿਪੋਰਟ ਮਿਤੀ 4 ਅਪ੍ਰੈਲ 1872 ਦੀ ਨਕਲ ਦਾ ਤਰਜਮਾ**

ਹੇਠ ਲਿਖੀ ਇਤਲਾਹ ਕਰਮ ਸਿੰਘ ਕੂਕਾ ਵਾਸੀ ਪਿੰਡ 'ਖਾਨੇ ' ਇਲਾਕਾ ਰਿਆਸਤ ਪਟਿਆਲਾ ਤੋਂ ਪ੍ਰਾਪਤ ਹੋਈ ਕਿ :–

"ਮੈਂ ਥੋੜ੍ਹਾ ਸਮਾਂ ਹੋਇਆ, ਗੁਰੂ ਰਾਮ ਸਿੰਘ ਕੋਲੋਂ ਆਇਆ ਹਾਂ ਜਿਸ ਨੇ ਮੈਨੂੰ ਇੱਕ ਸ਼ਖਸ ਰੋਪੜ ਵਾਸੀ ਦੇ ਨਾਮ ਚਿੱਠੀ ਦਿੱਤੀ (ਨਾਮ ਨਹੀਂ ਦੱਸਿਆ)। ਉੱਥੋਂ ਮੈਂ ਗੁਰੂ ਦੇ ਪੰਜ ਊਂਠ ਆਪਣੀ ਸਪੁਰਦਗੀ 'ਚ ਲੈ ਕੇ ਉਨ੍ਹਾਂ ਨੂੰ ਪਿੰਡ ਸੋਥੇ ਲੈ ਗਿਆ (ਇਲਾਕਾ ਤਹਿਸੀਲ ਮੁਕਤਸਰ ਜ਼ਿਲ੍ਹਾ ਫਿਰੋਜ਼ਪੁਰ ਵਿੱਚ)। ਉਨ੍ਹਾਂ ਊਂਠਾਂ ਨੂੰ ਗੁਰੂ ਦੇ ਹੋਰ ਤੀਹ ਊਂਠਾਂ ਨਾਲ ਉਸ ਪਿੰਡ ਵਿੱਚ ਛੱਡ ਆਇਆ ਹਾਂ। 10 ਅਪ੍ਰੈਲ 1872 ਨੂੰ ਪਿੰਡ ਸੋਥੇ ਵਿਖੇ ਕੂਕਾ ਇੱਕਠੇ ਹੋਣਗੇ। ਕੂਕਾ ਲੋਕ ਦਮਦਮਾ ਸਾਹਿਬ ਦੇ ਮੇਲੇ ਨੂੰ ਜਾਣਗੇ ਜਿਹੜਾ 11 ਅਤੇ 12 ਅਪ੍ਰੈਲ 1872 ਨੂੰ ਲੱਗ ਰਿਹਾ ਹੈ ਪਰ ਉਨ੍ਹਾਂ ਦੇ ਕੱਪੜੇ ਹੋਰ ਪੇਂਡੂਆਂ ਵਾਂਗ ਆਮ ਹੋਣਗੇ। ਦਮਦਮਾ ਸਾਹਿਬ ਦੇ ਮੇਲੇ 'ਤੇ ਗੁਰੂ ਦੀਆਂ ਭਵਿੱਖ ਬਾਣੀਆਂ ਪੂਰੀਆਂ ਹੋਣਗੀਆਂ। ਇਸ ਮੇਲੇ ਤੋਂ ਤਿੰਨ ਦਿਨ ਮਗਰੋਂ ਇੱਕ ਮੇਲਾ ਪਿੰਡ ਮਾਈਸਰ ਖ਼ਾਨੇ ਇਲਾਕਾ ਰਿਆਸਤ ਪਟਿਆਲਾ ਵਿਖੇ ਹੋਵੇਗਾ ਜਿੱਥੇ ਬਹੁਤ ਸਾਰੇ ਕੂਕੇ ਇੱਕਠੇ ਹੋਣਗੇ।" ਰਤਨ ਸਿੰਘ ਕੂਕਾ (ਗੁਰਦਿੱਤ ਸਿੰਘ 'ਸੂਬਾ' ਦਾ ਭਤੀਜਾ ਜਿਹੜਾ ਇਸ ਵੇਲੇ ਪਟਿਆਲੇ ਕੈਦ ਹੈ) ਬਿਆਨ ਕਰਦਾ ਹੈ ਕਿ " ਰਾਮ ਸਿੰਘ ਗੁਰੂ ਨੇ ਦਰਿਆਫ਼ਤ ਕਰਕੇ, ਕਿ ਫਿਰੋਜ਼ਪੁਰ ਵਿੱਚ ਕੋਈ ਕੰਮ ਦੀ ਫ਼ੌਜ ਮੌਜੂਦ ਨਹੀਂ ਸੀ ਤੇ ਲੁਧਿਆਣੇ ਵਿੱਚ ਕੁਝ ਬਿਲਕੁਲ ਵੀ ਨਹੀਂ ਸੀ, ਆਪਣੇ ਚੇਲਿਆਂ ਨੂੰ ਹੁਕਮ ਦਿੱਤਾ ਸੀ ਕਿ ਮਲੌਦ ਤੇ ਮਾਲੇਰ ਕੋਟਲਾ ਵਿਖੇ ਜਾ ਕੇ ਹਥਿਆਰ ਖੋਹ ਲਵੋ ਅਤੇ ਫਿਰ ਫਿਰੋਜ਼ਪੁਰ ਨੂੰ ਆਪਣੇ ਕਬਜ਼ੇ 'ਚ ਕਰ ਲਵੋ ਜਿੱਥੇ ਸਾਰੇ ਕੂਕੇ ਇੱਕਠੇ ਹੋ ਜਾਣਗੇ ਤੇ ਅੰਗਰੇਜ਼ੀ ਸਰਕਾਰ ਨਾਲ ਲੜਨਗੇ। ਉਨ੍ਹਾਂ ਨੇ ਇਹ ਉਮੀਦ ਨਹੀਂ ਕੀਤੀ ਸੀ ਕਿ ਅੰਗਰੇਜ਼ੀ ਸਰਕਾਰ ਹਿੰਦੋਸਤਾਨੀ ਰਿਆਸਤਾਂ ਦੀ ਮਦਦ ਕਰੇਗੀ। ਜਦੋਂ ਕੂਕਾ ਲੋਕ ਮਲੌਦ ਤੋਂ ਕੂਚ ਕਰ ਗਏ ਉਸ ਵੇਲੇ ਗੁਰੂ ਨੇ ਲੁਧਿਆਣੇ ਨੂੰ ਇੱਕ 'ਸੂਬਾ' ਖ਼ਬਰ ਦੇਣ ਭੇਜਿਆ। ਚੇਲਿਆਂ ਦਾ ਇਸ ਗੱਲ 'ਤੇ ਯਕੀਨ ਹੈ ਕਿ ਅੰਗਰੇਜ਼ੀ ਸਰਕਾਰ ਗੁਰੂ ਵੱਲੋਂ ਖ਼ਬਰ ਭੇਜਣ ਸਦਕਾ ਥੋੜ੍ਹੇ ਸਮੇਂ ਮਗਰੋਂ ਉਸ ਨੂੰ ਛੱਡ ਦੇਵੇਗੀ।"

ਗੁਰੂ ਰਾਮ ਸਿੰਘ ਸਿੱਖ ਫ਼ਕੀਰ ਪਿੰਡ ਨੰਗਲਾ ਇਲਾਕਾ ਰਿਆਸਤ ਪਟਿਆਲਾ ਤੋਂ ਇਹ ਅਜੀਬ ਹਾਲ ਮਾਲੂਮ ਹੋਇਆ ਹੈ ਜਿਹੜਾ ਉੱਪਰ ਪ੍ਰਗਟ ਕੀਤੇ ਗਏ ਮਤਲਬ ਤੋਂ ਬਿਲਕੁਲ ਕੁਝ ਹੋਰ ਹੀ ਅਰਥ ਰੱਖਦਾ ਹੈ।

" ਦੋ ਮਹੀਨੇ ਹੋਏ ਮੈਂ ਰਾਤ ਨੂੰ ਆਪਣੇ ਖੇਤਾਂ ਦੀ ਰਾਖੀ ਕਰ ਰਿਹਾ ਸੀ। ਉੱਥੇ ਪੂਰੇ ਹਥਿਆਰਬੰਦ ਪੰਜ ਸਿੱਖ ਆਏ। ਉਨ੍ਹਾਂ ਨੇ ਬਹੁਤ ਸਾਰੀਆਂ ਗਊਆਂ ਮੇਰੇ ਖੇਤਾਂ 'ਚ ਚਰਨ ਲਈ ਛੱਡ ਦਿੱਤੀਆਂ। ਮੈਂ ਉਨ੍ਹਾਂ ਦੀ ਇਸ ਕਾਰਵਾਈ ਦੇ ਵਿਰੁੱਧ ਉਨ੍ਹਾਂ ਨਾਲ ਬਹਿਸ ਕੀਤੀ ਅਤੇ ਚਾਹਿਆ ਕਿ ਗਊਆਂ ਨੂੰ ਹੱਕ ਕੇ ਖੇਤਾਂ 'ਚੋਂ ਬਾਹਰ ਕੱਢ ਦਿਆਂ ਪਰ ਉਨ੍ਹਾਂ ਸਿੱਖਾਂ ਨੇ ਕਿਹਾ ਕਿ ਕਿਸੇ ਦੀ ਮਜਾਲ ਨਹੀਂ ਕਿ ਸਾਡੀਆਂ ਗਊਆਂ ਨੂੰ ਤੰਗ ਕਰੇ ਅਤੇ ਇਹ ਕਿਹਾ ਕਿ ਅੱਗੋਂ ਨੂੰ ਸਾਡੀਆਂ ਗਊਆਂ ਜਿੱਥੇ ਚਾਹੁਣਗੀਆਂ ਚਰਨਗੀਆਂ, ਉਨ੍ਹਾਂ ਨੂੰ ਕੋਈ ਰੋਕ ਨਹੀਂ ਸਕੇਗਾ। ਉਨ੍ਹਾ ਨੇ ਮੈਨੂੰ ਹੁਕਮ ਦਿੱਤਾ ਕਿ ਮੈਂ ਮੰਜੇ 'ਤੇ ਨਾ ਸੌਂਵਾਂ ਤੇ ਇਹ ਕਿਹਾ ਕਿ ਉਹ ਮੈਨੂੰ ਹਰੇਕ ਮਹੀਨੇ ਦੀ ਦਸ ਤਰੀਕ ਦੀ ਰਾਤ ਨੂੰ ਮਿਲਿਆ ਕਰਨਗੇ। ਪਿਛਲੇ ਮਹੀਨੇ ਦੀ ਦਸ ਤਰੀਕ ਨੂੰ ਉਹੋ ਪੰਜੇ ਸਿੱਖ ਮੇਰੇ ਕੋਲ ਆਏ ਅਤੇ ਮੇਰੇ ਮੰਜੇ ਨੂੰ ਵੇਖ ਕੇ ਉਨ੍ਹਾਂ ਨੇ ਮੰਜੇ ਦੇ ਟੁਕੜੇ ਟੁਕੜੇ ਕਰ ਦਿੱਤੇ ਤੇ ਚਲੇ ਗਏ।"ਉਪ੍ਰੋਕਤ ਸਾਰੀ ਇਤਲਾਹ ਨੌਰੰਗ ਸਿੰਘ ਸਾਰਜੰਟ ਪਿਆਦਾ ਦਰਜਾ ਅੱਵਲ ਲਿਆਇਆ ਹੈ। ਹੁਕਮ ਅਨੁਸਾਰ ਇਸ ਦੀ ਨਕਲ ਰਿਆਸਤ ਪਟਿਆਲਾ ਦੇ ਭਰੋਸੇਯੋਗ ਅਹਿਲਕਾਰ ਕੋਲ ਭੇਜੀ ਗਈ।

9 ਅਪ੍ਰੈਲ 1872.

ਦਸਤਖ਼ਤ

ਚੁਨੀ ਲਾਲ ਮੀਰ ਮੁਨਸ਼ੀ (ਲਾਹੌਰ)

ਤਰਜਮਾ ਸਹੀ ਹੈ।

-Sd-

ਮਾਸਟਰ ਮੁਹੰਮਦ ਖ਼ੁਦਾ ਬਖ਼ਸ਼ ਖ਼ਾਨ

**Copy of Confidential Report for 4th April 1872**
**Police Deptt., Sirsa District.**

From Karam Singh Kooka of village (Maisar) Khanay in the Patiala Territory, The following information obtained "That he has lately returned from gooroo Ram Singh, who gave him a chit to someone (name not given) in Ropar, he received charge of 5 camals belonging to gooroo and took them to village Sothay (in Mookatsar Tehsil Frozepur District) and left them with 30 other camals of the gooro there are in that village. On the 18th April a gathering of Kookas will take place at Sothay.

Kookas will go to the Dam Dama fair which take place on the 11th & 12th April, but with dresses like ordinary villagers. The gooroos predictions will he fulfilled at the Dam Dama fair. Three days after this fair one will be held at village (Maisar) Khanay in Patiala Territory where a number of Kookas will assemble."

Rattan Singh Kooka (nephew of Gordit Singh Soobah at present under restraint in Patiala) of Kussainwana in Patiala, States "that Ram Singh Gooroo having ascertained that Ferozepur has no available force and also said that Ludhiana has totally no force, hence he ordered his disciples to go to Malaud & Maler Kotla & capture horses & arms etc. from Mallaud & after that Capture Farreed Kote where all the Kookas will assemble and fight the Government. They did not expect govt. would have aided the nature states. After the Kookas had started from Mullaud the Gooroo sent a Soobah to Ludhiana to give information. The disciples believe that in consideration of the information given by Gooroo, the Govt. will after some time release him."

From Ram Singh Sikh Fukeer of Nangla village, the Patiala territory the following extra ordinary statement has been obtained which appears something quite different to what above expressed.

Two months ago, while I was watching my field at night, 5 Sikhs fully armed came and turned a great numbers of cows to graze in my field I remonstrated against the proceeding and wished to beat the cattle out of the field, but was told by the sikhs that no one dared molest their cows and they would for the future graze where ever they felt inclined and no one could prevent them. They ordered me not to sleep on a charpay and that they would meet me on the 10th of each month at night. On the 10th of last month the same five Sikhs appeared to me and seeing my charpay they smashed into pieces and departed."

The whole of this information was brought by Naurang Singh foot Sergeant 1st class.
A copy of this report was sent to Patiala State.

by order
-Sd-
Chuni Lal,
Meer Munshi, 9-4-72

---

**ਮਹਿਕਮਾ ਮੁਨਸ਼ੀ ਖ਼ਾਨੇ ਵੱਲੋਂ**

ਬਹਾਦੁਰ ਥਾਣੇਦਾਰ ਗੁਰਮੁਖ ਸਿੰਘ,

ਇਨ੍ਹਾਂ ਦਿਨਾਂ ਵਿੱਚ ਪਿੰਡ ਖ਼ਾਨਾ (ਮਾਈਸਰ ਖ਼ਾਨਾ) ਤੇ ਦਮਦਮਾ ਸਾਹਿਬ ਭਾਵ ਤਲਵੰਡੀ ਵਿਖੇ ਦੋ ਮੇਲੇ ਹੋਣ ਵਾਲੇ ਹਨ ਅਤੇ ਉੱਥੇ ਕੂਕਾ ਲੋਕ ਇੱਕਠੇ ਹੋਣਗੇ।

ਸੋ ਤੁਹਾਨੂੰ ਹੁਕਮ ਦਿੱਤਾ ਜਾਂਦਾ ਹੈ ਕਿ ਤੁਸੀਂ ਨਿੱਜੀ ਤੌਰ 'ਤੇ ਉੱਥੇ ਪੁੱਜ ਕੇ ਜ਼ਾਬਿਤੇ ਅਨੁਸਾਰ ਚੰਗੀ ਤਰ੍ਹਾਂ ਨਿਗਰਾਨੀ ਤੇ ਇੰਤਜ਼ਾਮ ਰੱਖੋ ਅਤੇ ਮੇਲਿਆਂ ਦੇ ਦਿਨਾਂ ਉਪ੍ਰੰਤ ਇਤਲਾਹ ਵਜੋਂ ਰਿਪੋਰਟ ਪੇਸ਼ ਕਰੋ।

10 ਅਪ੍ਰੈਲ 1872.
ਮੁਤਾਬਿਕ 30 ਚੇਤ 1928।

**ਉਪਰੋਕਤ ਹੁਕਮ 2 ਵੈਸਾਖ 1929 ਨੂੰ ਸੂਰਜ ਚੜ੍ਹਨ ਵੇਲੇ 'ਤੇ ਪੁੱਜਾ।**

ਸ੍ਰੀ ਮਾਨ ਜੀ,

ਸਰਕਾਰ ਦਾ ਹੁਕਮ ਪ੍ਰਾਪਤ ਕਰਕੇ ਸਨਮਾਨਿਤ ਹੋਇਆ ਅਤੇ ਬੇਨਤੀ ਕਰਦਾ ਹਾਂ ਕਿ ਸਿਰਸਾ ਜ਼ਿਲ੍ਹੇ 'ਚ ਹਾਜ਼ਿਰ ਰਹਿਣ ਵਾਲੇ ਵਕੀਲ ਦੀ ਲਿਖਤ ਅਨੁਸਾਰ ਇਹ ਦਾਸ ਮੇਲਾ ਤਲਵੰਡੀ ਤੇ ਖਾਨਾ (ਮਾਈਸਰ ਖ਼ਾਨਾ) 'ਤੇ ਪੁੱਜਾ। ਤਲਵੰਡੀ ਦੇ ਮੇਲੇ 'ਤੇ ਕਨਾਨ ਸਾਹਿਬ, ਅਜਟਨ ਸਾਹਿਬ ਅਤੇ ਡਿਪਟੀ ਇੰਸਪੈਕਟਰ ਰੋੜੀ ਕੋਈ 50 ਸਵਾਰਾਂ ਤੇ ਸਿਪਾਹੀਆਂ ਸਮੇਤ ਮੇਲਾ ਤਲਵੰਡੀ ਦਰਬਾਰ ਦਮਦਮਾ ਸਾਹਿਬ ਦਾ ਪ੍ਰਬੰਧ ਕਰਨ ਲਈ ਤਸ਼ਰੀਫ਼ ਲੈ ਆਏ। ਮੇਲੇ ਦਾ ਤਸੱਲੀ ਬਖ਼ਸ਼ ਪ੍ਰਬੰਧ ਹੋਇਆ। ਜ਼ਾਬਿਤੇ ਅਨੁਸਾਰ ਸਾਹਿਬਾਨ ਦੀ ਪ੍ਰਾਹੁਣਚਾਰੀ ਕੀਤੀ ਗਈ। ਤਲਵੰਡੀ ਦੇ ਮੇਲੇ 'ਤੇ ਛੇ ਹਜ਼ਾਰ ਆਦਮੀਆਂ ਦਾ ਇੱਕਠ ਸੀ ਅਤੇ ਉਸ ਮੇਲੇ 'ਤੇ ਕੋਈ ਕੂਕਾ ਨਹੀਂ ਆਇਆ। ਬਥੇਰੀ ਤਫ਼ਤੀਸ਼ ਤੇ ਤਲਾਸ਼ ਕੀਤੀ ਗਈ ਪਰ ਕੂਕਿਆਂ 'ਚੋਂ ਕੋਈ ਕੂਕਾ ਕੂਕਿਆਂ ਦੀ ਆਮ ਸੂਰਤ ਵਿੱਚ ਮੇਲੇ 'ਚ ਨਹੀਂ ਮਿਲਿਆ। ਕੂਕੇ ਸ਼ਾਇਦ ਕਿਸੇ ਹੋਰ ਲਿਬਾਸ ਵਿੱਚ ਮੇਲੇ 'ਚ ਆਏ ਹੋਣ ਤਾਂ ਕਹਿ ਨਹੀਂ ਸਕਦੇ। ਮਾਈਸਰ ਖ਼ਾਨਾ ਦੇ ਮੇਲੇ 'ਤੇ 2500 ਆਦਮੀ ਇੱਕਠੇ ਹੋਏ ਸਨ। ਮੇਲੇ ਦਾ ਇੰਤਜ਼ਾਮ ਚੰਗੀ ਤਰ੍ਹਾਂ ਕੀਤਾ ਗਿਆ। ਮਾਈਸਰ ਖ਼ਾਨੇ ਦੇ ਮੇਲੇ 'ਚ ਵੀ ਕੋਈ ਕੂਕਾ ਨਹੀਂ ਆਇਆ। ਮਾਲਿਕਾਂ ਦੇ ਤੇਜ ਪਰਤਾਪ ਸਦਕਾ ਦੋਹਾਂ ਮੇਲਿਆਂ 'ਤੇ ਸੁੱਖ ਸਾਂਦ ਰਹੀ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਲੰਘਣ ਸਮਾਨ ਹੈ।

6 ਵੈਸਾਖ 1929.
ਦਾਸ
ਗੁਰਮੁਖ ਸਿੰਘ ਥਾਣੇਦਾਰ ਗੋਬਿੰਦਗੜ੍ਹ,

**ਹੁਕਮ ਹੋਇਆ ਕਿ**

ਇਸ ਦੀ ਨਕਲ ਇਤਲਾਹ ਵਜੋਂ ਵਕੀਲ ਕਮਿਸ਼ਨਰੀ, ਵਕੀਲ ਲੁਧਿਅਣਾ ਤੇ ਵਕੀਲ ਅੰਬਾਲਾ ਕੋਲ ਭੇਜ ਦਿੱਤੀ ਜਾਵੇ।

9 ਵੈਸਾਖ 1929
ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ,

---

**ਮੁਹੰਮਦ ਨਾਮਦਾਰ ਖ਼ਾਨ ਦੀ ਤਜਵੀਜ਼ ਨਾਲ ਅਦਾਲਤ ਫ਼ੌਜਦਾਰੀ ਨਿਜ਼ਾਮਤ ਅਨਾਹਦਗੜ੍ਹ ਦੀ ਰੋਬਕਾਰ ਮਿਤੀ 7 ਵੈਸਾਖ 1929 ਮੁਤਾਬਿਕ 17 ਅਪ੍ਰੈਲ 1872.**

ਮੀਰ ਮੁਹੰਮਦ ਅਲੀ ਸਾਹਿਬ ਵਕੀਲ ਗੌਰਮਿੰਟ ਪੰਜਾਬ ਦੇ ਨਾਮ ਲਿਖੇ ਗੋਬਿੰਦ ਜਸ ਮੁਹੱਰਿਰ ਵਕਾਲਤ ਗੌਰਮਿੰਟ ਦੇ ਖ਼ਤ ਮਿਤੀ 9 ਅਪ੍ਰੈਲ 1872 ਦੀ ਨਕਲ, ਜਿਸ ਉੱਤੇ ਮੁਨਸ਼ੀ ਖ਼ਾਨੇ ਦਾ ਹੁਕਮ ਮਿਤੀ 10 ਅਪ੍ਰੈਲ 1872 ਲਿਖਿਆ ਹੋਇਆ ਸੀ, ਤਲਵੰਡੀ ਤੇ ਪਿੰਡ ਖ਼ਾਨਾ (ਮਾਈਸਰ ਖ਼ਾਨਾ) ਦੇ ਮੇਲਿਆਂ ਦੇ ਪ੍ਰਬੰਧ ਕਰਨ ਬਾਰੇ ਇਸ ਮਹਿਕਮੇਂ 'ਚ ਪ੍ਰਾਪਤ ਹੋਇਆ।

ਉਸੇ ਵੇਲੇ ਥਾਣੇਦਾਰ ਗੋਬਿੰਦਗੜ੍ਹ ਦੇ ਨਾਮ ਪਰਵਾਨਾ ਅਤੇ ਇਸ ਮਹਿਕਮੇਂ ਦਾ ਗ਼ੈਰ-ਸਰਕਾਰੀ ਪਰਚਾ ਦੂਜੇ ਥਾਣੇਦਾਰਾਂ ਦੇ ਨਾਮ ਜ਼ਰੂਰੀ ਡਾਕ ਰਾਹੀਂ ਭੇਜਿਆ ਗਿਆ। ਲਾਲਾ ਬਿਸ਼ੰਭਰ ਦਾਸ ਨਾਇਬ ਨਾਜ਼ਿਮ ਨੂੰ ਵੀ ਮਾਈਸਰ ਖ਼ਾਨਾ ਦੇ ਮੇਲੇ 'ਤੇ ਭੇਜਿਆ ਗਿਆ। ਅੱਜ ਗੋਬਿੰਦਗੜ੍ਹ ਦੇ ਥਾਣੇਦਾਰ ਦੀ ਰਿਪੋਰਟ ਪੁੱਜੀ ਜਿਸ ਵਿੱਚ ਉਸ ਨੇ ਲਿਖਿਆ ਹੈ ਕਿ ਤਲਵੰਡੀ ਦੇ ਮੇਲੇ 'ਤੇ ਕਨਾਨ ਸਾਹਿਬ, ਅਜਦਨ ਸਾਹਿਬ ਤੇ ਡਿਪਟੀ ਇੰਸਪੈਕਟਰ ਥਾਣਾ ਰੋੜੀ ਕੋਈ ਜ਼ਿਲ੍ਹਾ ਸਿਰਸਾ ਦੇ ਪੰਜਾਹ ਸਵਾਰਾਂ ਤੇ ਸਿਪਾਹੀਆਂ ਦੇ ਲਾਉ ਲਸ਼ਕਰ ਨਾਲ ਤਲਵੰਡੀ ਦਰਬਾਰ ਦਮਦਮਾ ਸਾਹਿਬ ਦੇ ਮੇਲੇ ਦਾ ਪ੍ਰਬੰਧ ਕਰਨ ਲਈ ਪੁੱਜੇ ਗਏ। ਮੇਲੇ ਦਾ ਪ੍ਰਬੰਧ ਤਸੱਲੀ ਬਖ਼ਸ਼ ਹੋਇਆ। ਇਸ ਮੇਲੇ 'ਤੇ ਕੋਈ ਛੇ ਹਜ਼ਾਰ ਆਦਮੀਆਂ ਦਾ ਇੱਕਠ ਸੀ। ਕੂਕਿਆਂ ਵਿੱਚੋਂ ਕੋਈ ਆਦਮੀ ਇਸ ਮੇਲੇ 'ਚ ਨਹੀਂ ਆਇਆ। ਮੇਲਾ ਮਾਈਸਰ ਖ਼ਾਨਾ 'ਤੇ ਢਾਈ ਹਜ਼ਾਰ ਆਦਮੀ ਇੱਕਠੇ ਹੋਏ ਸਨ। ਇੰਤਜ਼ਾਮ ਅੱਛਾ ਰਿਹਾ। ਮੁਕਦੀ ਗੱਲ ਦੋਨਾਂ ਮੇਲਿਆਂ 'ਤੇ ਤਸੱਲੀ ਬਖ਼ਸ਼ ਪ੍ਰਬੰਧ ਰਿਹਾ ਕੂਕਾ ਕੋਈ ਨਹੀਂ ਆਇਆ।

ਉਪ੍ਰੋਕਤ ਰਿਪੋਰਟ ਦਾ ਨਿਰੀਖਣ ਕੀਤਾ ਗਿਆ। ਭਾਵੇਂ ਇਨ੍ਹਾਂ ਦੋਹਾਂ ਮੇਲਿਆਂ ਦੀ ਇਤਲਾਹ ਥਾਣੇਦਾਰ ਗੋਬਿੰਦਗੜ੍ਹ ਨੂੰ ਆਪਣੀ ਰਿਪੋਰਟ ਰਾਹੀਂ ਸਿੱਧੀ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨੇ ਨੂੰ ਭੇਜ ਦਿੱਤੀ ਹੋਵੇਗੀ ਪਰ ਇਸ ਮਹਿਕਮੇਂ ਵੱਲੋਂ ਵੀ ਜਵਾਬੀ ਰੋਬਕਾਰ ਰਾਹੀਂ ਇਤਲਾਹ ਦਿੱਤੀ ਜਾਣੀ ਚਾਹੀਦੀ ਹੈ।

**ਸੋ ਹੁਕਮ ਹੋਇਆ ਕਿ** ਦੋਹਾਂ ਮੇਲਿਆਂ 'ਤੇ ਇੱਕਠੇ ਹੋਏ ਆਦਮੀਆਂ ਦੀ ਗਿਣਤੀ ਥਾਣੇਦਾਰ ਦੀ ਰਿਪੋਰਟ ਵਿੱਚ ਦਰਜ ਹੈ ਉਸ ਬਾਰੇ ਮੁਨਸ਼ੀ ਖ਼ਾਨੇ ਵਾਲਿਆਂ ਦੀ ਸੇਵਾ ਵਿੱਚ ਇਤਲਾਹ ਭੇਜਦੇ ਹੋਏ ਬੇਨਤੀ ਕੀਤੀ ਜਾਵੇ ਕਿ ਇਸ ਮਹਿਕਮੇਂ ਵੱਲੋਂ ਲਾਲਾ ਬਿਸ਼ੰਭਰ ਦਾਸ ਨਾਇਬ ਨਾਜ਼ਿਮ ਨੂੰ ਵੀ ਮਾਈਸਰ ਖ਼ਾਨੇ ਦੇ ਮੇਲੇ 'ਤੇ ਭੇਜਿਆ ਗਿਆ ਸੀ। ਮੇਲਾ ਖਤਮ ਹੋਣ ਉਪ੍ਰੰਤ ਨਾਇਬ ਸਾਹਿਬ ਵਾਪਸ ਆ ਗਏ। ਪ੍ਰਗਟ ਤੌਰ 'ਤੇ ਦੋਹਾਂ ਮੇਲਿਆਂ 'ਤੇ ਕੋਈ ਕੂਕਾ ਨਹੀਂ ਆਇਆ।

ਇਸ ਮਾਇਸਰ ਖ਼ਾਨਾ ਵਿੱਚ ਦੇਵੀ ਦਾ ਇੱਕ ਮੱਠ ਹੈ। ਦੇਵੀ ਦੇ ਮੱਠ ਕਰਕੇ ਇਥੇ ਚੇਤ ਸ਼ੁਦੀ ਛਠ (6) ਤੇ ਸੱਤੇਂ (7) ਨੂੰ ਮੇਲਾ ਲੱਗਦਾ ਹੈ। ਇਸ ਮੇਲੇ 'ਚ ਜ਼ਿਆਦਾਤਰ ਹਿੰਦੂ ਕੌਮ ਦੇ ਬਾਣੀਏ, ਖ਼ੱਤਰੀ ਤੇ ਬ੍ਰਹਮਣ ਲੋਕ ਇੱਕਠੇ ਹੁੰਦੇ ਹਨ। ਜ਼ਮੀਂਦਾਰ ਲੋਕ, ਜਿਹੜੇ ਢੱਡ ਸਾਰੰਗੀ ਵਜਾਉਂਣ ਵਾਲੇ ਹੁੰਦੇ, ਉਹ ਵੀ ਦੇਵੀ ਦੀ ਦਯਾ ਦ੍ਰਿਸ਼ਟੀ ਵਾਸਤੇ ਇੱਕਠੇ ਹੋ ਜਾਂਦੇ ਹਨ।

(ਨੰਗਲਾ ਵਾਲੇ ਹਾਲ ਦਾ ਮੈਂ ਬੁੱਧ ਸਿੰਘ 'ਸੂਬਾ' ਜਿਹੜਾ ਹਵਾਲਾਤ ਵਿੱਚ ਬੰਦ ਹੈ, ਤੋਂ ਪਤਾ ਕੀਤਾ ਤਾਂ ਉਸ ਨੇ ਬਿਆਨ ਕੀਤਾ ਕਿ ਗੁਰੂ ਰਾਮ ਸਿੰਘ ਨਾਮੀ ਕੋਈ ਫ਼ਸਾਦੀ ਨੰਗਲਾ ਵਿੱਚ ਨਹੀਂ ਪਰੰਤੂ ਗੁਰੂ ਰਾਮ ਸਿੰਘ ਜੱਟ ਜ਼ਰੂਰ ਹੈ, ਉਸ ਤੋਂ ਇਹ ਗੱਲ, ਜਿਹੜੀ ਤੁਸੀਂ ਦਰਿਆਫ਼ਤ ਕਰਦੇ ਹੋ ਉਸ ਨੇ ਆਪਣੇ ਸੁਪਨੇ ਦੀ ਬਿਆਨ ਕੀਤੀ ਸੀ ਅਤੇ ਇਹ ਗੱਲ ਉਸ ਦੇ ਜਾਗਦੇ ਹੋਏ ਦੀ ਨਹੀਂ, ਉਹ ਅਜੇ ਤੱਕ ਵੀ ਸੁੱਤਾ ਹੋਇਆ ਸੀ। ਸਵੇਰ ਨੂੰ ਉਸ ਤੋਂ ਸੁਣਕੇ ਇਹ ਲਿਖਿਆ ਸੀ।)

**ਹੁਕਮ ਹੋਇਆ ਕਿ**
ਇਤਲਾਹ ਹੋਈ।
23 ਅਪ੍ਰੈਲ 1872.

# 16. ਕੂਕਾ ਮੂਵਮੈਂਟ ਬਾਰੇ ਚਿੱਠੀਆਂ ਅਤੇ ਅਖਬਾਰਾਂ ਵਿੱਚ ਛਪੇ ਲੇਖ

**ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਵਾਲੀ-ਏ-ਪਟਿਆਲਾ ਦੇ ਨਜ਼ਦੀਕੀ ਸਾਥੀ ਬਾਬੂ ਅਬਨਾਸ਼ ਚੰਦਰ ਬਾਨਵਰ ਜੀ ਦੇ ਨਾਮ ਲਿਖੀ ਚਿੱਠੀ ਦਾ ਤਰਜਮਾ।**

ਮਿਤੀ 6 ਫਰਵਰੀ 1872,
ਪਟਿਆਲਾ ਵਿਖੇ।

ਮੇਰੇ ਸਾਹਿਬ,

ਬੀਤੀ ਰਾਤ ਮੈਂ ਆਪਣੀ ਚਿੱਠੀ ਨਾਲ ਤੁਹਾਡੇ ਕੋਲ ਕੂਕਿਆਂ ਦੇ ਫ਼ਸਾਦ ਸੰਬੰਧੀ ਕਾਗਜ਼ ਭੇਜੇ ਸਨ ਅਤੇ ਬਾਕੀਆਂ ਬਾਰੇ ਮੈਂ ਵਾਅਦਾ ਕੀਤਾ ਸੀ ਕਿ ਇੱਕ ਜਾਂ ਦੋ ਦਿਨਾਂ ਮਗਰੋਂ ਭੇਜ ਦਿਆਂਗਾ। ਮੈਂ ਤਿੰਨ ਗੱਲਾਂ, ਜਿਹੜੀਆਂ ਉਨ੍ਹਾਂ ਕਾਗਜ਼ਾਂ 'ਚ ਦਰਜ ਕਰਨੀਆਂ ਜ਼ਰੂਰੀ ਸਨ, ਲਿਖਣੀਆਂ ਭੁੱਲ ਗਿਆ ਸੀ ਭਾਵ ਪਹਿਲੀ ਇਹ ਕਿ ਕੂਕਿਆਂ ਨੂੰ ਪੂਰਾ ਯਕੀਨ ਸੀ ਕਿ " ਅਸੀਂ ਸਾਰੇ ਮੁਲਕ ਉੱਤੇ ਹਕੂਮਤ ਕਰਾਂਗੇ" ਅਤੇ ਇਸ ਗੱਲ ਦੀ ਤਸਦੀਕ ਇਹ ਹੈ ਕਿ ਉਹ ਆਪਸ ਵਿੱਚ ਆਮ ਧਮਾਉਂਦੇ ਸਨ ਕਿ "ਯਕੀਨੀ ਤੌਰ 'ਤੇ ਦੁਨੀਆ 'ਤੇ ਸਰਦਾਰੀ ਕਾਇਮ ਕਰ ਲਵਾਂਗੇ। ਜਿਹੜਾ ਵਿਅਕਤੀ ਸਾਡੇ ਨਾਲ ਹੁਣ ਸ਼ਾਮਿਲ ਹੋ ਜਾਵੇਗਾ ਉਹ ਬਹੁਤ ਇੱਜ਼ਤ ਤੇ ਤਾਕਤ ਪ੍ਰਾਪਤ ਕਰੇਗਾ। " ਇਸ ਖ਼ਾਹਿਸ਼ ਸਦਕਾ ਬਹੁਤ ਸਾਰੇ ਲੋਕ ਉਨ੍ਹਾਂ ਵਿੱਚ ਸ਼ਾਮਿਲ ਹੋ ਗਏ।

ਦੂਜੀ ਗੱਲ ਇਹ ਹੈ ਕਿ ਉਹ ਜ਼ਿਲ੍ਹਿਆਂ ਦੇ ਵਿੱਚੋਂ ਵਿੱਚੀ ਬਹੁਤ ਸਾਰੇ ਪਿੰਡਾਂ ਨੂੰ ਖ਼ੁਫ਼ੀਆ ਡਾਕ ਰਾਹੀਂ ਆਪਣੇ ਸੰਦੇਸ਼ ਆਪਣੇ ਫ਼ਿਰਕੇ ਦੇ ਲੋਕਾਂ ਕੋਲ ਭੇਜਦੇ ਸਨ। ਇਹ ਸੰਦੇਸ਼ ਧਾਰਮਿਕ ਵੀ ਤੇ ਹੋਰ ਮਾਮਲਿਆਂ ਬਾਰੇ ਵੀ ਹੁੰਦੇ ਸਨ।

ਤੀਜੀ ਗੱਲ ਇਹ ਕਿ ਪਹਿਲੇ ਸਮੇਂ ਗੁਰੂ ਰਾਮ ਸਿੰਘ ਆਪਣੇ ਚੇਲਿਆਂ ਤੋਂ ਕਿਸੇ ਪ੍ਰਕਾਰ ਦੀ ਨਜ਼ਰ ਨਿਆਜ਼ ਨਹੀਂ ਸੀ ਪਰ ਹੁਣ ਉਸ ਨੇ ਹਿੰਦੋਸਤਾਨ ਦੇ ਦੂਜੇ ਰਈਸਾਂ ਵਾਂਗ ਚੋਬਦਾਰ ਆਦਿ ਅਮਲਾ ਫ਼ੈਲਾ ਨੌਕਰ ਰੱਖ ਲਿਆ ਸੀ। ਸਿਰਫ਼ ਇਹੋ ਇੱਕ ਵਸੀਲਾ ਸੀ ਜਿਸ ਸਦਕਾ ਉਸ ਨੇ ਏਨੀ ਧਨ ਦੌਲਤ ਇੱਕਠੀ ਕਰ ਲਈ ਸੀ। ਇਨ੍ਹਾਂ ਦਲੀਲਾਂ ਨਾਲ ਸਾਫ਼ ਜ਼ਾਹਿਰ ਹੈ ਕਿ ਉਸ ਦੇ ਦਿਮਾਗ ਵਿੱਚ ਮੁਲਕ ਨੂੰ ਕਬਜ਼ੇ 'ਚ ਕਰਨ ਦਾ ਖਿਆਲ ਸੀ।

ਮੈਂ ਉਮੀਦ ਕਰਦਾ ਹਾਂ ਕਿ ਇਹ ਮਜ਼ਮੂਨ ਵੀ ਤੁਸੀਂ ਮੇਰੇ ਪਹਿਲੇ ਮਜ਼ਮੂਨ ਨਾਲ ਸ਼ਾਮਿਲ ਕਰ ਦਿਉਗੇ।

ਆਪ ਦਾ ਸੱਚਾ ਮਿੱਤਰ,
(ਦਸਤਖ਼ਤ)
ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ
ਮੀਰ ਮੁਨਸ਼ੀ ਜਾਂ ਫ਼ਾਰਨ ਮਨਿਸਟਰ
ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ,
ਵਾਲੀ-ਏ-ਪਟਿਆਲਾ,

ਤਰਜਮਾਂ ਸਹੀ ਹੈ।
ਦਸਤਖ਼ਤ
ਮਾਸਟਰ ਮੁਹੰਮਦ ਖ਼ੁਦਾ,
ਬਖ਼ਸ਼ ਖ਼ਾਨ,

Febrary 17, 1872

---

**Confidential**

My dear Friend,

I have to acknowledge the receipt of your letter conveying your opinion on the present state of affairs and on the point of the Lieutenant Governor to express his thanks for the same.

Your views are generally shared by His Honour, who attaches great weight to your opinion and has confidentially sent a copy of your letter to the Govt. of India.

Yours sincere friend.
-Sd-
Secretary to Govt. Punjab.

His Highness
Maharaja of Patiala.

ਸੈਕਟਰੀ ਗੌਰਮਿੰਟ ਪੰਜਾਬ ਵੱਲੋਂ ਚਿੱਠੀ ਮਿਤੀ 17-2-1872 ਬਨਾਮ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਪਟਿਆਲਾ।

**ਖ਼ੁਫ਼ੀਆਂ ਚਿੱਠੀ ਮਿਤੀ 17 ਫਰਵਰੀ 1872 ਦਾ ਤਰਜਮਾ।**

ਵੱਲੋਂ :- ਸੈਕਟਰੀ ਗੌਰਮਿੰਟ ਪੰਜਾਬ
ਵੱਲ :- ਹਜ਼ੂਰ ਮਹਾਰਾਜਾ ਸਾਹਿਬ ਪਟਿਆਲਾ
ਮੁਕਾਮ ਓਗਾਣਾ।

**ਖ਼ੁਫ਼ੀਆ**

ਮੇਰੇ ਪਿਆਰੇ ਦੋਸਤ,

ਮੈਨੂੰ ਆਪ ਦੀ ਚਿੱਠੀ ਮਿਲੀ ਜਿਸ ਵਿੱਚ ਤੁਸੀਂ ਮੌਜੂਦਾ ਹਾਲਾਤ ਸੰਬੰਧੀ ਆਪਣੀ ਰਾਏ ਲਿਖੀ ਸੀ ਮੈਂ ਜਨਾਬ ਲੈਫ਼ਟੀਨੈਂਟ ਗਵਰਨਰ ਸਾਹਿਬ ਵੱਲੋਂ ਉਸ ਦਾ ਸ਼ੁਕਰੀਆਂ ਪ੍ਰਗਟ ਕਰਦਾ ਹਾਂ।

ਆਪ ਦੀ ਰਾਏ ਨਾਲ ਆਮ ਤੌਰ 'ਤੇ ਨੌਕਰ ਚਾਕਰਾਂ ਵਾਲੇ ਜਨਾਬ ਲੈਫ਼ਟੀਨੈਂਟ ਗਵਰਨਰ ਸਾਹਿਬ ਦੀ ਰਾਏ ਮਿਲਦੀ ਹੈ ਅਤੇ ਉਹ ਆਪ ਦੀ ਰਾਏ ਨੂੰ ਬਹੁਤ ਪੱਕੀ ਸਮਝਦੇ ਹਨ। ਉਨ੍ਹਾਂ ਨੇ ਖ਼ੁਫ਼ੀਆ ਤੌਰ 'ਤੇ ਆਪ ਦੀ ਚਿੱਠੀ ਦੀ ਨਕਲ ਗੌਰਮਿੰਟ ਹਿੰਦ ਨੂੰ ਭੇਜੀ ਹੈ।

ਆਪ ਦਾ ਸੱਚਾ ਪਿਆਰਾ ਦੋਸਤ

(ਦਸਤਖ਼ਤ)
ਐਲ. ਗ੍ਰਿਫ਼ਨ,

# ਲੁਕਿਆ ਸੱਚ

---

**19 ਫਰਵਰੀ 1872 ਦਿਨ ਸੋਮਵਾਰ ਨੂੰ ਛਪੇ "ਪਟਿਆਲਾ ਅਖ਼ਬਾਰ" ਨੰ: 8 ਵਿੱਚੋਂ ਨਕਲ ਕੀਤੀ ਗਈ ਇਬਾਦਤ।**
**ਵਿਸ਼ਾ :- ਕੂਕਿਆਂ ਦੇ ਹਾਲਾਤ ਤੇ ਖ਼ਿਆਲਾਤ।**

ਅਸੀਂ ਆਪਣੇ ਉਸ ਅਖ਼ਬਾਰ ਵਿੱਚ, ਜਿਸ 'ਚ ਮਲੌਂਦ ਤੇ ਕੋਟਲੇ ਦੇ ਹਮਲੇ ਦਾ ਵੇਰਵੇ ਸਹਿਤ ਜ਼ਿਕਰ ਸੀ, ਆਪਣੇ ਅਖ਼ਬਾਰ ਪੜ੍ਹਨ ਵਾਲਿਆਂ ਨਾਲ ਇਹ ਵਾਅਦਾ ਕੀਤਾ ਸੀ ਕਿ ਅਸੀਂ ਅਗਲੇ ਹਫ਼ਤੇ ਇਸ ਫ਼ਸਾਦ ਬਾਰੇ ਆਮ ਲੋਕਾਂ ਦੇ ਖ਼ਿਆਲ ਤੇ ਆਪਣੇ ਯਕੀਨ ਲਿਖਾਂਗੇ ਪਰ ਅਸੀਂ ਮੁਆਫ਼ੀ ਚਾਹੁੰਦੇ ਹਾਂ ਕਿ ਸਾਨੂੰ ਉਸ ਤੋਂ ਮਗਰੋਂ ਇਨ੍ਹਾਂ ਗੱਲਾਂ ਦੇ ਲਿਖਣ ਦਾ ਮੌਕਾ ਨਹੀਂ ਮਿਲਿਆ। ਹੁਣ ਅਸੀਂ ਆਪਣੇ ਵਾਅਦੇ ਨੂੰ ਪੂਰਾ ਕਰਦੇ ਹਾਂ ਅਤੇ ਸਮੇਂ ਦੀ ਮੰਗ ਅਨੁਸਾਰ ਇਸ ਫ਼ਿਰਕੇ ਦੇ ਕੁਝ ਇਤਿਹਾਸਕ ਹਾਲਾਤ ਵੀ ਲਿਖਦੇ ਹਾਂ। ਇਬਾਰਤ ਦਾ ਸਿਲਸਿਲਾ ਕਾਇਮ ਰੱਖਣ ਕਾਰਨ ਪਾਠਕ ਪਿਛਲੇ ਹਾਲ ਨੂੰ ਦੋਬਾਰਾ ਬਿਆਨ ਕਰਨ ਨੂੰ ਚੰਗਾ ਸਮਝਣਗੇ।

ਇਸ ਫ਼ਿਰਕੇ ਦੀ ਅਸਲ ਜੜ੍ਹ ਇਸ ਤਰ੍ਹਾਂ ਬਿਆਨ ਕੀਤੀ ਗਈ ਹੈ ਕਿ ਸਿੱਖ ਕੌਮ ਦਾ ਇੱਕ ਗੁਰੂ ਬਾਲਕ ਸਿੰਘ ਨਾਮੀ ਆਦਮੀ, ਜਿਹੜਾ ਕਿਲ੍ਹਾ ਅਟਕ ਦੇ ਲਾਗੇ ਦਰਿਆ ਸਿੰਧ ਦੇ ਕੰਢੇ 'ਤੇ ਸਥਿਤ ਪਿੰਡ ਹਜ਼ੂਰੋਂ ਜ਼ਿਲ੍ਹਾ ਰਾਵਲ ਪਿੰਡੀ ਦਾ ਰਹਿਣ ਵਾਲਾ ਸੀ, ਉਸ ਨੇ ਇਸ ਫ਼ਿਰਕੇ ਨੂੰ ਅਸਲੀ ਸਿੱਖ ਮਜ਼ਹਬ ਦੇ ਸੁਧਰੇ ਹੋਏ ਫ਼ਿਰਕੇ ਦੇ ਤੌਰ 'ਤੇ 1847 ਈ: ਵਿੱਚ ਈਜ਼ਾਦ ਕੀਤਾ।* ਗੁਰ ਬਾਲਕ ਸਿੰਘ ਦੇ ਬਹੁਤ ਸਾਰੇ ਚੇਲੇ ਬਣੇ ਅਤੇ ਉਹ ਸੰਨ 1863 ਈ: ਵਿੱਚ ਚਲਾਣਾ ਕਰ ਗਿਆ।*

ਉਸ ਤੋਂ ਮਗਰੋਂ ਗੁਰੂ ਰਾਮ ਸਿੰਘ ਕੌਮ ਤਖਾਣ ਵਾਸੀ ਪਿੰਡ ਭੈਣੀ ਜ਼ਿਲ੍ਹਾ ਲੁਧਿਆਣਾ, ਜਿਹੜਾ ਥਾਣਾ ਸਾਹਨੇਵਾਲ ਦੇ ਲਾਗੇ ਪੂਰਬ ਵੱਲੋਂ ਸਥਿੱਤ ਹੈ, ਗੁਰੂ ਬਾਲਕ ਸਿੰਘ ਦੇ ਉਤਰਾਧਿਕਾਰੀ ਦੇ ਤੌਰ 'ਤੇ ਕੂਕਿਆਂ ਦੇ ਫ਼ਿਰਕੇ ਦਾ ਗੁਰੂ ਮੁੱਕਰਰ ਹੋਇਆ। ਗੁਰੂ ਬਾਲਕ ਸਿੰਘ ਦੇ ਜ਼ਮਾਨੇ ਵਿੱਚ ਇਸ ਫ਼ਿਰਕੇ ਦੇ ਲੋਕਾਂ ਤੋਂ ਕਿਸੇ ਝਗੜੇ ਫ਼ਸਾਦ ਦਾ ਹੋਣਾ ਮਾਲੂਮ ਨਹੀਂ ਹੁੰਦਾ ਅਤੇ ਨਾ ਉਸ ਦੇ ਜ਼ਮਾਨੇ 'ਚ ਇਸ ਫ਼ਿਰਕੇ ਦੀ ਗਿਣਤੀ ਏਨਾਂ ਧਿਆਨ ਦੇਣਯੋਗ ਸੀ ਪਰ ਜਦੋਂ ਤੋਂ ਗੁਰੂ ਰਾਮ ਸਿੰਘ ਗੁਰੂ ਬਣਿਆ ਇਸ ਫ਼ਿਰਕੇ ਦੀ ਗਿਣਤੀ ਵਧਣੀ ਸ਼ੁਰੂ ਹੋਈ। ਇਹ ਵੀ ਬਿਆਨ ਕੀਤਾ ਗਿਆ ਹੈ ਕਿ ਗੁਰੂ ਰਾਮ ਸਿੰਘ ਸਰਕਾਰ ਲਾਹੌਰ ਤੇ ਅੰਗਰੇਜ਼ੀ ਸਰਕਾਰ ਦੀ ਸਿੱਖ ਪਲਟਣ ਵਿੱਚ ਮੁਲਾਜ਼ਿਮ ਵੀ ਰਿਹਾ ਹੈ।

ਇਸ ਫ਼ਿਰਕੇ ਵਿੱਚ ਹੌਲੀ ਹੌਲੀ ਉਹ ਬੇਸ਼ੁਮਾਰ ਆਦਮੀ ਦਾਖਿਲ ਹੋ ਗਏ ਜਿਹੜੇ ਪੰਜਾਬ ਵਿੱਚ ਘਟੀਆ ਜ਼ਾਤਾਂ ਸਮਝੇ ਜਾਂਦੇ ਹਨ ਜਿਵੇਂ ਕਿ ਤਰਖਾਣ, ਲੁਹਾਰ, ਚੂਹੜੇ, ਚਮਾਰ, ਨਾਈ ਤੇ ਝਿਉਰ ਆਦਿ। ਭਾਵੇਂ ਗੁਰੂ ਰਾਮ ਸਿੰਘ ਨੇ ਇਸ ਮਜ਼ਹਬ ਨੂੰ ਅਜਿਹੀ ਖੁੱਲ ਡੁੱਲ ਦੇ ਰੱਖੀ ਸੀ ਕਿ ਇਸ ਵਿੱਚ ਸਾਰੇ ਹਿੰਦੂ ਬਲਕਿ ਮੁਸਲਮਾਨ ਵੀ ਦਾਖਿਲ ਹੋ ਸਕਦੇ ਹਨ ਪਰ ਉੱਚੀਆਂ ਜਾਤਾਂ ਦੇ ਹਿੰਦੂ ਜਾਂ ਮੁਸਲਮਾਨਾਂ ਵਿੱਚੋਂ ਕੋਈ ਘੱਟ ਹੀ ਦਾਖਿਲ ਹੋਇਆ ਹੋਵੇਗਾ। ਇਸ ਦੇ ਚੇਲੇ ਉਹੀ ਲੋਕ ਹਨ ਜਿਨ੍ਹਾਂ ਵਿੱਚੋਂ ਸ਼ਾਇਦ ਇੱਕ ਆਦਮੀ ਵੀ, ਸਿੱਖ ਕੌਮ ਦੀ ਪਵਿੱਤਰ ਕਿਤਾਬ ਗਰੰਥ ਸਾਹਿਬ ਪੜ੍ਹਨ ਤੇ ਥੋੜ੍ਹੀ ਬਹੁਤ ਗੁਰਮੁੱਖੀ ਲਿਖਣ ਤੋਂ ਇਲਾਵਾ, ਕਿਸੇ ਪ੍ਰਕਾਰ ਦੀ ਵਿਦਿਅਕ ਯੋਗਤਾ ਰੱਖਦਾ ਹੋਵੇ।

ਗੁਰੂ ਰਾਮ ਸਿੰਘ ਨੇ ਇਸ ਫ਼ਿਰਕੇ ਦੇ ਲੋਕਾਂ ਦੇ ਪ੍ਰਗਟਾਵੇ ਦੀਆਂ ਇਹ ਨਿਸ਼ਾਨੀਆਂ ਮੁਕੱਰਰ ਕੀਤੀਆਂ ਸਨ ਕਿ ਉੱਨ ਦੀ ਇੱਕ ਮਾਲਾ ਹੱਥ ਜਾਂ ਗਲ ਵਿੱਚ ਰਹਿੰਦੀ ਸੀ ਅਤੇ ਉਹ ਕੂਕਾ ਲੋਕ ਸਿਰ 'ਤੇ ਇੱਕ ਖ਼ਾਸ ਪ੍ਰਕਾਰ ਦੀ ਪਗੜੀ ਬੰਨਦੇ ਸਨ ਜਿਹੜੀ ਪੇਚਦਾਰ ਨਹੀਂ ਹੁੰਦੀ ਸੀ ਤੇ ਆਮ ਲੰਬਾਈ ਤੋਂ ਬਹੁਤ ਬੜੀ ਹੁੰਦੀ ਸੀ ਤੇ ਮੱਥੇ 'ਤੇ ਸਿਰ ਵਾਲੇ ਪਾਸੇ ਖ਼ਾਸ ਕਰ ਜ਼ਿਆਦਾ

ਨੋਟ – * ਗੁਰੂ ਬਾਲਕ ਸਿੰਘ ਨੇ ਕੋਈ ਵੱਖਰਾ ਮਤ ਨਹੀਂ ਸੀ ਚਲਾਇਆ ਬਲਕਿ ਉਹ ਗੁਰਮਤ ਦਾ ਪ੍ਰਚਾਰ ਸੰਨ 1874 ਤ' ਬਹੁਤ ਸਮਾਂ ਪਹਿਲੋਂ ਤੋਂ ਹੀ ਗਰ ਰਹੇ ਸਨ।

* ਗੁਰੂ ਬਾਲਕ ਸਿੰਘ ਦਾ ਦੇਹਾਂਤ ਸੰਨ 1862 ਈ ਨੂੰ ਹਇਆ ਸੀ।

ਲਪੇਟਦੇ ਸਨ ਤੇ ਉਸ ਪਗੜੀ ਦੇ ਪੇਚ ਇੱਕ ਕੰਨ ਤੋਂ ਸ਼ੁਰੂ ਹੋ ਕੇ ਦੂਜੇ ਕੰਨ ’ਤੇ ਜਾ ਕੇ ਖ਼ਤਮ ਹੋ ਜਾਂਦੇ ਸਨ। ਉਹ ਟਾਕੂਆ ਭਾਵ ਛੋਟੀ ਜਿਹੀ ਕੁਹਾੜੀ ਹੱਥ ਵਿੱਚ ਰੱਖਦੇ ਸਨ, ਜ਼ਿਆਦਾ ਤੌਰ ’ਤੇ ਸਫ਼ੈਦ ਕੱਪੜੇ ਪਹਿਨਦੇ ਸਨ ਅਤੇ ਨੀਲਾ ਤੇ ਕਾਲਾ ਕੱਪੜਾ ਪਾਉਣਾਂ ਵਰਜਿਤ ਸੀ। ਇਉਂ ਲਗਦਾ ਹੈ ਕਿ ਇਹ ਲਿਬਾਸ ਜਿਹੜਾ ਉਨ੍ਹਾਂ ਦੇ ਗੁਰੂ ਨੇ ਤਜਵੀਜ਼ ਕੀਤਾ ਸੀ ਇੱਕ ਵਰਦੀ ਦਾ ਨਿਆਈਂ ਸੀ ਅਤੇ ਸ਼ਾਇਦ ਇਸ ਦਾ ਕਾਰਨ ਇਹ ਸੀ ਕਿ ਗੁਰੂ ਰਾਮ ਸਿੰਘ ਦੇ ਕਾਫ਼ੀ ਸਮਾਂ ਫ਼ੌਜ ਵਿੱਚ ਰਹਿਣ ਕਰਕੇ ਉਸ ਦੇ ਦਿਲ ਵਿੱਚ ਵਰਦੀ ਦਾ ਸ਼ੌਕ ਤੇ ਵਰਦੀ ਦੀ ਖ਼ੂਬੀ ਦਾ ਖਿਆਲ ਪੈਦਾ ਹੋ ਗਿਆ ਸੀ। ਕਿਉਂਕਿ ਉਹ ਆਪਣੇ ਚੇਲਿਆਂ ਨੂੰ ਹਥਿਆਰ ਨਹੀਂ ਦੇ ਸਕਦਾ ਸੀ ਇਸ ਲਈ ਉਸ ਨੇ ਅਸਲੇ ਦੇ ਤੌਰ ’ਤੇ ਟਾਕੂਆ ਰੱਖਣ ਦੀ ਪਿਰਤ ਪਾਈ।

ਕਿਉਂਕਿ ਇਸ ਫ਼ਿਰਕੇ ਦੇ ਮਰਦ ਔਰਤਾਂ ਇੱਕ ਥਾਂ ਇੱਕਠੇ ਹੋ ਕੇ ਭਜਨ ਕਰਨ ਮਗਰੋਂ ਅਕਸਰ ਵਜਦ ਦੀ ਹਾਲਤ ਵਿੱਚ ਨੱਚਦੇ, ਟੱਪਦੇ, ਰੋਂਦੇ ਤੇ ਚੀਕਾਂ ਮਾਰਦੇ ਸਨ, ਇੱਥੋਂ ਤੱਕ ਕੀ ਬਾਅਜ਼ੇ ਸਮੇਂ ਉਨ੍ਹਾਂ ਦੇ ਸਿਰਾਂ ਤੋਂ ਪਗੜੀਆਂ ਲਹਿ ਜਾਂਦੀਆਂ ਸਨ, ਇਸ ਲਈ ਲੋਕਾਂ ਨੇ ਆਮ ਤੌਰ ’ਤੇ ਇਸ ਫ਼ਿਰਕੇ ਨੂੰ ‘ਕੂਕਾ’ ਕਹਿਣਾ ਸ਼ੁਰੂ ਕਰ ਦਿੱਤਾ ਇਸ ਲਈ ਕਿ ਪੰਜਾਬ ਵਿੱਚ ਚੀਕਾਂ ਮਾਰ ਕੇ ਰੋਣ ਦੀ ਅਵਾਜ਼ ਨੂੰ ‘ਕੂਕ’ ਕਹਿੰਦੇ ਹਨ। ਭਾਵੇਂ ਸ਼ੁਰੂ ਵਿੱਚ ਇਸ ਫ਼ਿਰਕੇ ਦੇ ਲੋਕ ਇਸ ‘ਕੂਕਾ’ ਉਪਨਾਮ ਤੋਂ ਨਾਰਾਜ਼ ਹੁੰਦੇ ਸਨ ਪਰ ਫਿਰ ਹੌਲੀ ਹੌਲੀ ਜਦੋਂ ਉਨ੍ਹਾਂ ਦੇ ਗੁਰੂ ਨੇ ਇਸ ਉਪਨਾਮ ਨੂੰ ਇਖ਼ਤਿਆਰ ਕਰਨ ਦੀ ਇਜ਼ਾਜਤ ਦੇ ਦਿੱਤੀ ਸੀ ਤਾਂ ਹੁਣ ਇਹ ਹਾਲ ਸੀ ਕਿ ਉਹ ਲੋਕ ਖ਼ੁਦ ਆਪਣੇ ਆਪ ਨੂੰ ‘ਕੂਕਾ’ ਸਦਵਾਉਂਦੇ ਸਨ। ਹੁਣ ਇਸ ਫ਼ਿਰਕੇ ਵਿੱਚ ਗੁਰੂ ਰਾਮ ਸਿੰਘ ਦਾ ਸਤਿਕਾਰ ਇਸ ਉੱਚੇ ਦਰਜੇ ਤੱਕ ਪੁੱਜ ਗਿਆ ਸੀ ਕਿ ਸਾਰੇ ਕੂਕੇ ਗੁਰੂ ਰਾਮ ਸਿੰਘ ਨੂੰ ਸਤਿਗੁਰੂ ਕਹਿੰਦੇ ਸਨ ਹਾਲਾਂਕਿ ‘ਸਤਿਗੁਰੂ’ ਦੀ ਉਪਾਧੀ ਗੁਰੂ ਗੋਬਿੰਦ ਸਿੰਘ ਤੋਂ ਮਗਰੋਂ ਸਿੱਖ ਧਰਮ ਦੇ ਕਿਸੇ ਧਾਰਮਿਕ ਆਗੂ ਨੂੰ ਪ੍ਰਾਪਤ ਨਹੀਂ ਹੋਈ ਸੀ। ਕੂਕੇ ਗੁਰੂ ਰਾਮ ਸਿੰਘ ਨੂੰ ਸਿੱਖਾਂ ਦੀ ਮੁਰਾਦੀ ਬੋਲੀ ਦੇ ਮੁਤਾਬਿਕ ਬਾਰਵੀਂ ਪਾਤਸ਼ਾਹੀ ਭਾਵ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਜਾਣਦੇ ਸਨ ਅਤੇ ਉਸ ਦੇ ਰਿਹਾਇਸ਼ੀ ਪਿੰਡ ਭੈਣੀ ਨੂੰ ਸਤਿਕਾਰ ਵਜੋਂ ਭੈਣੀ ਸਾਹਿਬ ਕਹਿੰਦੇ ਸਨ ਜਿਵੇਂ ਕਿ ਸਿੱਖ ਕੌਮ ਵਿੱਚ ਦਸਤੂਰ ਹੈ ਕਿ ਉਨ੍ਹਾਂ ਪਵਿੱਤਰ ਅਸਥਾਨਾਂ ਜਾਂ ਮਕਾਨਾਂ ਨੂੰ, ਜਿਨ੍ਹਾਂ ਨਾਲ ਸਿੱਖ ਕੌਮ ਦੇ ਦਸ ਗੁਰੂ ਸਾਹਿਬਾਨ ਵਿੱਚੋਂ ਕਿਸੇ ਗੁਰੂ ਦਾ ਸੰਬੰਧ ਸੀ, ਸ਼ਬਦ ‘ਸਾਹਿਬ’ ਤੋਂ ਬਿਨਾਂ ਨਹੀਂ ਬੋਲਦੇ ਸਨ ਜਿਵੇਂ ਦਰਬਾਰ ਸਾਹਿਬ ਤੇ ਆਨੰਦਪੁਰ ਸਾਹਿਬ। ਭਾਵੇਂ ਗੁਰੂ ਰਾਮ ਸਿੰਘ ਤੇ ਉਸ ਦੇ ਪੈਰੋਕਾਰ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਉਨ੍ਹਾਂ ਦਾ ਮਜ਼ਹਬ ਕੇਵਲ ਨੇਕੀ ਸਿਖਾਉਣ ਵਾਲਾ ਤੇ ਗੁਨਾਹਾਂ ਤੋਂ ਬਚਾਉਣ ਵਾਲਾ ਹੈ। ਵਿਸ਼ੇਸ਼ ਤੌਰ ’ਤੇ ਸੱਚ ਬੋਲਣ ਤੇ ਤਬੀਅਤ ਦੇ ਭੜਕਣ ਸਮੇਂ ਸ਼ਾਂਤ ਰਹਿਣ ਦਾ ਉਹ ਬਹੁਤ ਦਾਅਵਾ ਕਰਦੇ ਸਨ ।

**“ ਇੱਕ ਸਮੇਂ ਅਜਿਹਾ ਖਿਆਲ ਕੀਤਾ ਜਾਂਦਾ ਸੀ ਅਤੇ ਹੁਣ ਵੀ ਕੀਤਾ ਜਾਂਦਾ ਹੈ ਕਿ ਗੁਰੂ ਰਾਮ ਸਿੰਘ ਤੇ ਉਸ ਦੇ ਪੰਥ ਦੇ ਆਦਮੀਆਂ ਦਾ ਮਨਸ਼ਾ ਕੇਵਲ ਧਾਰਮਿਕ ਨਹੀਂ ਹੈ ਅਤੇ ਮਜ਼ਹਬ ਤੇ ਅਖਲਾਕ ਦੇ ਮਸਲਿਆਂ ਦੇ ਸੁਧਾਰਕ ਦੇ ਲਿਬਾਸ ਵਿੱਚ ਉਸ ਦੀ ਨੀਅਤ ਹਕੂਮਤ ਦੇ ਕੰਮਾਂ ਨਾਲ ਸੰਬੰਧ ਰੱਖਦੀ ਹੈ। ਇਹ ਅਫ਼ਵਾਹ ਰਹੀ ਹੈ ਕਿ ਉਸ ਦੇ ਪੰਥ ਦੇ ਆਦਮੀ ਅੱਧੀ ਰਾਤ ਨੂੰ ਜੰਗੀ ਕਵਾਇਦ ਕਰਦੇ ਰਹੇ ਹਨ ਤੇ ਭੈਣੀ ਵਿਖੇ ਜੰਗੀ ਸਾਮਾਨ ਛੁਪੇ ਤੌਰ ’ਤੇ ਇੱਕਠਾ ਕੀਤਾ ਹੋਇਆ ਹੈ। ਇਸ ਪੰਥ ਦੇ ਆਦਮੀ ਅਜਿਹੀਆਂ ਗੱਲਾਂ ਕਰਦੇ ਹਨ ਕਿ ਜਿਹੜੀ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਹੋਣ। ਅਜਿਹੀਆਂ ਅਫ਼ਵਾਹਾਂ ਦੇ ਕਾਰਨ ਹੀ ਗੁਰੂ ਰਾਮ ਸਿੰਘ ਨੂੰ ਉਸ ਦੇ ਪਿੰਡ ਭੈਣੀ ਵਿਖੇ ਕਈ ਸਾਲਾਂ ਤੋਂ ਨਜ਼ਰਬੰਦ ਰੱਖਿਆ ਹੋਇਆ ਹੈ ਪਰੰਤੂ ਚਾਰ ਸਾਲਾਂ ਦੀ ਤਹਿਕੀਕਾਤ ਮਗਰੋ ਗੁਰੂ ਰਾਮ ਸਿੰਘ ਜਾਂ ਉਸ ਦੇ ਪੰਥ ਦੇ ਫ਼ਸਾਦੀ ਆਦਮੀਆਂ ਬਾਰੇ ਕੋਈ ਗੱਲ ਹੱਥ ਨਹੀਂ ਲੱਗੀ।** ਇਸ ਹਾਲਤ ਵਿੱਚ ਨਵਾਬ ਲੈਫ਼ਟੀਨੈਂਟ ਗਵਰਨਰ ਨੇ ਗੁਰੂ ਰਾਮ ਸਿੰਘ ਨੂੰ ਨਜ਼ਰਬੰਦੀ ਤੋਂ ਰਿਹਾ ਕਰ ਦਿੱਤਾ ਭਾਵੇਂ ਇਸ ਪੰਥ ਦੇ ਆਦਮੀਆਂ ਦਾ ਖਿਆਲ ਰੱਖਣ ਤੇ ਉਨ੍ਹਾਂ ਦੀ ਕਾਰਵਾਈ ਦੀ ਨਿਗਰਾਨੀ ਕਰਨ ਵਿੱਚ ਕੋਈ ਫ਼ਰਕ ਨਹੀਂ ਆਵੇਗਾ। ਅੰਗਰੇਜ਼ੀ ਸਰਕਾਰ ਦੀ ਹਕੂਮਤ ਵਿੱਚ ਜਿਸ ਤਰ੍ਹਾਂ ਦੀ ਆਜ਼ਾਦੀ ਵਧੀਆ ਢੰਗ ਚਾਲੇ ਵਾਲੇ ਧਰਮਾਂ ਦੇ ਆਗੂਆਂ ਨੂੰ ਹਾਸਿਲ ਹੈ ਉਸੇ ਤਰ੍ਹਾਂ ਗੁਰੂ ਰਾਮ ਸਿੰਘ ਵਾਸਤੇ ਜਾਇਜ਼ ਕਰਾਈ ਗਈ।”

ਸੰਨ 1867 ਈ: ਦੇ ਆਰੰਭ ਵਿੱਚ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਪੰਜਾਬ ਨੇ ਗੁਰੂ ਰਾਮ ਸਿੰਘ ਨੂੰ ਲੁਧਿਆਣਾ ਵਿਖੇ ਬੁਲਾ ਕੇ ਨਿੱਜੀ ਤੌਰ ’ਤੇ ਸਰਕਾਰ ਦੇ ਇਸ ਮਨਸ਼ੇ ਤੋਂ ਜਾਣੂ ਕਰਾਇਆ ਸੀ।

ਗੁਰੂ ਰਾਮ ਸਿੰਘ ਦੀ ਇਸ ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ੀ ਜ਼ਿਲ੍ਹਿਆਂ ਵਿੱਚ ਵਿਸ਼ੇਸ਼ ਤੌਰ ’ਤੇ ਲੁਧਿਆਣਾ ਵਿੱਚ ਇਸ ਫ਼ਿਰਕੇ ਵੱਲੋਂ ਕੁਝ ਮਜ਼ਹਬੀ ਨਵੀਆਂ ਗੱਲਾਂ ਹੋਈਆਂ ਸਨ। ਭਾਵੇਂ ਉਹ ਮਜ਼ਹਬੀ ਨਵੀਆਂ ਗੱਲਾਂ ਵੇਖਣ ਨੂੰ ਘੱਟ ਲੱਗਦੀਆਂ ਸਨ ਪਰ ਇਸ ਢੰਗ ਦੀਆਂ ਸਨ ਕਿ ਜਿਨ੍ਹਾਂ ਤੋਂ ਸਾਬਿਤ ਹੁੰਦਾ ਹੈ ਕਿ ਉਹ ਲੋਕ ਗੌਰਮਿੰਟ ਦੀ ਸਜ਼ਾ ਦੇ ਡਰ ਤੇ ਬੰਦਸ਼ ਦਾ ਖਿਆਲ ਨਾ ਕਰਦੇ ਹੋਏ ਲੋਕਾਂ ਤੋਂ ਜ਼ਬਰਦਸਤੀ ਆਪਣੇ ਅਕੀਦਿਆਂ ਦੀ ਤਾਮੀਲ ਕਰਾਉਣਾ ਚਾਹੁੰਦੇ ਸਨ। ਸੋ ਉਹ ਕਿਤੇ ਕਿਤੇ ਲੋਕਾਂ ਦਾ ਹੁੱਕਾ ਤੋੜ ਸੁੱਟਦੇ ਅਤੇ ਬਾਅਜ਼ੀਆਂ ਕਬਰਾਂ, ਪੀਰ ਖ਼ਾਨਾ ਤੇ ਮੱਠ ਆਦਿ ਹਿੰਦੂਆਂ ਤੇ ਮੁਸਲਮਾਨਾਂ ਦੇ ਪਵਿੱਤਰ ਭਵਨ ਢਾਹੁਣ ਕਰਕੇ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ।

ਆਜ਼ਾਦੀ ਤੋਂ ਥੋੜ੍ਹਾ ਹੀ ਸਮਾਂ ਪਹਿਲਾਂ ਗੁਰੂ ਰਾਮ ਸਿੰਘ ਦੇ ਇਸ ਫ਼ਿਰਕੇ ਦੇ ਕਈ ਸ਼ਖ਼ਸਾਂ ਵੱਲੋਂ ਰਿਆਸਤ ਪਟਿਆਲਾ ਦੇ ਇਲਾਕੇ ਵਿੱਚ ਇਕ ਅਜਿਹੀ ਹਰਕਤ ਕੀਤੀ ਗਈ ਸੀ ਜਿਸ ਤੋਂ ਇਹ ਸਮਝਿਆ ਗਿਆ ਸੀ ਕਿ ਉਨ੍ਹਾਂ ਦੇ ਦਿਲਾਂ ਵਿੱਚ ਅਜਿਹਾ ਖਿਆਲ ਬਿਠਾਅ ਦਿੱਤਾ ਹੈ ਕਿ ਇਹ ਲੋਕ ਕੇਵਲ ਆਪ ਨੂੰ ਹੀ ਮੁਲਕ ਦਾ ਮਾਲਿਕ ਤੇ ਮੁਲਕ ਦੀ ਹਕੂਮਤ ਦਾ ਹੱਕਦਾਰ ਸਮਝਦੇ ਹਨ। ਇਹ ਗੱਲ ਇਸ ਤਰ੍ਹਾਂ ਸਾਬਿਤ ਹੋਈ ਕਿ ਰਿਆਸਤ ਪਟਿਆਲਾ ਦਾ ਇੱਕ ਚਪੜਾਸੀ ਸਰਕਾਰੀ ਕੰਮ ਵਾਸਤੇ ਇੱਕ ਪਿੰਡ ’ਚ ਗਿਆ ਸੀ ਜਿੱਥੇ ਕੁਝ ਕੂਕੇ ਰਹਿੰਦੇ ਸਨ ਅਤੇ ਉਸ ਪਿੰਡ ਦੇ ਲਾਗੇ ਇੱਕ ਧਾਰਮਿਕ ਮੇਲੇ ਕਾਰਨ ਕੁਝ ਕੂਕੇ ਇੱਕਠੇ ਹੋਏ ਸਨ। ਕੂਕਿਆਂ ਨੇ ਅਵੱਗਿਆ ਕਰਦੇ ਹੋਏ ਤੇ ਸਰਕਾਰੀ ਹੁਕਮ ਦੀ ਤਾਮੀਲ ਕਰਨ ਤੋਂ ਇਨਕਾਰ ਕਰਦੇ ਹੋਏ ਚਪੜਾਸੀ ਦੀ ਚਪੜਾਸ (ਪਟਾ) ਖੋਹ ਲਈ ਅਤੇ ਕਿਹਾ ਕਿ ਇੱਥੋਂ ਚਲੇ ਜਾਓ। ਕੂਕੇ ਉਸ ਵਿਅਕਤੀ ਕੋਲ ਪੁੱਜ ਗਏ ਜਿਸ ਦੇ ਨਾਮ ਸਰਕਾਰੀ ਹੁਕਮ ਸੀ। **ਰਤਨ ਸਿੰਘ ‘ਸੂਬਾ’ ਉਰਫ਼ ਗਿਆਨੀ ਸਿੰਘ, ਜਿਸ ਨੂੰ ਗੁਰੂ ਸਾਹਿਬ ਨੇ ਇੱਜ਼ਤ ਤੇ ਸਤਿਕਾਰ ਵਜੋਂ ‘ਬ੍ਰਹਮ ਗਿਆਨੀ’ ਦੀ ਉਪਾਧੀ ਦਿੱਤੀ ਸੀ, ਉਸ ਮੇਲੇ ’ਚ ਮੌਜੂਦ ਸੀ।** ਜਦੋਂ ਸਰਕਾਰ ਪਟਿਆਲਾ ਦੇ ਪੁਲਿਸ ਵਾਲੇ ਕਰਮਚਾਰੀ ਬਾਗ਼ੀਆਂ ਨੂੰ ਸਜ਼ਾ ਦੇਣ ਲਈ ਉੱਥੇ ਪੁੱਜੇ ਤਾਂ ਉਨ੍ਹਾਂ ਲੋਕਾਂ ਨੇ ਮੁਕਾਬਲਾ ਕੀਤਾ। ਗਿਆਨੀ ਸਿੰਘ ਨੇ ਇਸ ਮੁਕਾਬਲੇ ਦੀ ਹਾਲਤ ਵਿੱਚ ਮੁਜ਼ਰਿਮਾਂ ਨੂੰ ਇਹ ਕਹਾ ਭੇਜਿਆ ਕਿ ਤੁਸੀਂ ਸਤਿਗੁਰੂ (ਭਾਵ ਗੁਰੂ ਰਾਮ ਸਿੰਘ ) ਕੋਲ ਚਲੇ ਜਾਓ, ਮੈਂ ਇਨ੍ਹਾਂ (ਪਟਿਆਲਾ ਪੁਲਿਸ ਵਾਲਿਆਂ) ਨਾਲ ਸਮਝ ਲਵਾਂਗਾ। ਸੋ ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਇਸ ਕੌਮ ਦੇ ਸਿਰਾਂ ਵਿੱਚ ਮੁਲਕ ਨੂੰ ਕਬਜ਼ੇ ’ਚ ਕਰਨ ਦੀ ਲਾਲਸਾ ਤੇ ਉਨ੍ਹਾਂ ਦੇ ਦਿਮਾਗਾਂ ’ਚ ਹਕੂਮਤ ਕਰਨ ਦਾ ਖਿਆਲ ਸੀ। ਇਸ ਜੁਰਮ ਵਿੱਚ ਉਨ੍ਹਾਂ ਕੂਕਿਆਂ ਨੂੰ, ਜਿਹੜੇ ਇਸ ਮੁਕੱਦਮੇਂ ਨਾਲ ਸੰਬੰਧਤ ਸਨ, ਭਾਵ ਗਿਆਨੀ ਸਿੰਘ ਨੂੰ ਪਟਿਆਲਾ ਦੀ ਅਦਾਲਤ ਵਜੋਂ ਸਖ਼ਤ ਸਜ਼ਾ ਦਿੱਤੀ ਗਈ। ਇਹ **ਗਿਆਨੀ ਸਿੰਘ ਉਹੋ ਆਦਮੀ ਹੈ ਜਿਹੜਾ ਰਾਏਕੋਟ ਦੇ ਕਸਾਈਆਂ ਨੂੰ ਕਤਲ ਕਰਨ ਲਈ ਉਭਾਰਨ ਦੇ ਜੁਰਮ ਵਿੱਚ, ਅਜੇ ਥੋੜ੍ਹਾ ਅਰਸਾ ਹੋਇਆ, ਲੁਧਿਆਣਾ ਵਿਖੇ ਫਾਹੇ ਲਾਇਆ ਗਿਆ।**

ਸਥਾਨਕ ਗੌਰਮਿੰਟ ਨੇ ਗੁਰੂ ਰਾਮ ਸਿੰਘ ਨੂੰ ਆਜ਼ਾਦ ਕੀਤਾ ਸੀ ਜਿਸ ਨਾਲ ਸਥਾਨਕ ਗੌਰਮਿੰਟ ਦੀ ਨੇਕ ਨੀਅਤੀ ਸਾਬਿਤ ਹੈ ਅਤੇ ਇਹ ਕਾਰਵਾਈ ਹਕੂਮਤ ਦੇ ਉਸ ਉਪਾਓ ਦੇ ਮੁਤਾਬਿਕ ਸੀ ਜਿਸ ਅਨੁਸਾਰ ਅੰਗਰੇਜ਼ੀ ਸਰਕਾਰ ਹਿੰਦੋਸਤਾਨ ਵਿੱਚ ਹੋਰਾਂ ਧਰਮਾਂ ਬਾਬਤ ਕਰਦੀ ਹੈ ਤੇ ਕਰਦੀ ਰਹੇਗੀ ਪਰ ਸ਼ਾਇਦ ਇਹ ਕਹਿਣਾ ਕੁਝ ਨਾ ਮੁਨਾਸਿਬ ਹੋਵੇਗਾ ਕਿ ਇਸ ਉਪਾਓ ਦੇ ਅਮਲ ਵਿੱਚ ਸਥਾਨਕ ਅਫ਼ਸਰਾਂ ਨੇ ਧੋਖਾ ਖਾਧਾ ਭਾਵ ਗੁਰੂ ਰਾਮ ਸਿੰਘ ਤੇ ਉਸ ਦਾ ਫ਼ਿਰਕਾ ਜਿਸ ਤਸੱਲੀ ਤੇ ਭਰੋਸੇ ਦੇ ਲਾਇਕ ਨਹੀਂ ਸੀ ਉਸ ਭਰੋਸੇ ਦਾ ਹੱਕਦਾਰ ਸਮਝਿਆ ਗਿਆ। ਕੇਵਲ ਇਸੇ ਗੱਲ ’ਤੇ ਬੱਸ ਨਹੀ ਹੋਈ ਬਲਕਿ ਉਸ ਤੋਂ ਮਗਰੋਂ ਇੱਥੋਂ ਤੱਕ ਰਿਆਇਤ ਦਿੱਤੀ ਗਈ ਕਿ ਸਿੱਖ ਧਰਮ ਦੇ ਆਗੂ ਤੇ ਸਿੱਖ ਧਰਮ ਦੇ ਧਾਰਮਿਕ ਅਸਥਾਨਾਂ ਦੇ ਪ੍ਰਬੰਧਕ ਇਸ ਨਵੇਂ ਬਣੇ ਫ਼ਿਰਕੇ ਨੂੰ ਧਰਮ ਵਿੱਚ ਨਵੀਆਂ ਗੱਲਾਂ ਪੈਦਾ ਕਰਨ ਵਾਲਾ ਫ਼ਿਰਕਾ ਸਮਝ ਕੇ ਧਾਰਮਿਕ ਇੱਕਠਾਂ ਸਮੇਂ ਆਪਣੇ ਪਵਿੱਤਰ

ਧਾਰਮਿਕ ਅਸਥਾਨਾਂ ਵਿਚ ਵੜਨ ਨਹੀਂ ਦਿੰਦੇ ਸਨ ਤਾਂ ਪੁਲਿਸ ਦੇ ਵੱਡੇ ਅਫ਼ਸਰਾਂ ਨੇ ਗੁਰੂ ਰਾਮ ਸਿੰਘ ਦੇ ਨਾਲ ਜਾ ਕੇ ਅੰਮ੍ਰਿਤਸਰ ਆਦਿ ਧਾਰਮਿਕ ਅਸਥਾਨਾਂ ਤੇ ਤੀਰਥਾਂ 'ਚ ਪ੍ਰਵੇਸ਼ ਕਰਵਾਇਆ। ਅਜਿਹੇ ਮੌਕਿਆਂ 'ਤੇ ਗੁਰੂ ਰਾਮ ਸਿੰਘ ਸਿਰਫ਼ ਇੱਕਲਾ ਨਹੀਂ ਸੀ ਬਲਕਿ ਉਸ ਦੇ ਨਾਲ ਉਸ ਦੇ ਸੈਂਕੜੇ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਪੈਰੋਕਾਰ ਸਨ। ਉਸ ਸਮੇਂ ਪੰਜਾਬ ਦੇ ਹਾਕਿਮ ਇਸ ਨਵੇਂ ਫ਼ਿਰਕੇ ਨੂੰ ਬਹੁਤ ਨਾ ਚੁਭਣ ਵਾਲਾ, ਸੱਭਿਆ ਤੇ ਸੱਚਾ ਸੁੱਚਾ ਫ਼ਿਰਕਾ ਸਮਝਣ ਲੱਗ ਪਏ ਸਨ। ਆਮ ਲੋਕਾਂ ਦੇ ਦਿਲਾਂ ਵਿੱਚ ਜਿਹੜਾ ਇਹ ਡਰ ਸੀ ਕਿ ਅੰਗਰੇਜ਼ੀ ਸਰਕਾਰ ਇਸ ਫ਼ਿਰਕੇ ਨੂੰ ਪਸੰਦ ਨਹੀਂ ਕਰਦੀ ਤੇ ਇਸੇ ਕਾਰਨ ਲੋਕ ਇਸ ਵਿੱਚ ਦਾਖਿਲ ਹੋਣ ਤੋਂ ਰੁਕਦੇ ਸਨ, ਉਹ ਡਰ ਬਿਲਕੁਲ ਜਾਂਦਾ ਰਿਹਾ। ਇਸ ਅਜ਼ਾਦੀ ਦਾ ਇਹ ਨਤੀਜਾ ਹੋਇਆ ਕਿ ਇਨ੍ਹਾਂ ਕੁਝ ਸਾਲਾਂ ਵਿੱਚ ਗੁਰੂ ਰਾਮ ਸਿੰਘ ਨੇ ਬਹੁਤ ਸਾਰੇ ਆਦਮੀਆਂ ਨੂੰ ਵਜ਼ੀਰ, ਸੂਬਾ ਤੇ ਨਾਇਬ ਸੂਬਾ ਦੇ ਖਿਤਾਬ ਬਖ਼ਸ਼ ਕੇ ਥਾਂ ਪਰ ਥਾਂ ਮੁਕੱਰਰ ਕੀਤਾ। ਇਸ ਉਪਾਓ ਦਾ ਦੂਜਾ ਫ਼ਾਇਦਾ ਗੁਰੂ ਰਾਮ ਸਿੰਘ ਨੂੰ ਇਹ ਹਾਸਿਲ ਹੋਇਆ ਕਿ ਹਜ਼ਾਰਾਂ ਆਦਮੀ ਉਸ ਦੇ ਫ਼ਿਰਕੇ 'ਚ ਸ਼ਾਮਿਲ ਹੋ ਗਏ। ਉਸ ਦੇ ਸੂਬਿਆਂ ਨੇ ਦੂਰ ਦੂਰ ਤੱਕ ਉਸ ਦੀ ਵਡਿਆਈ ਦਾ ਪ੍ਰਚਾਰ ਕੀਤਾ। ਇੱਥੋਂ ਤੱਕ ਕਿ ਉਸ ਦੇ ਇੱਕ ਸੂਬੇ ਨੇ ਪਿਛਲੇ ਸਾਲ 'ਚ ਨਿਪਾਲ ਤੱਕ ਸਫ਼ਰ ਕੀਤਾ ਜਿਹੜਾ ਪੰਜਾਬ ਤੋਂ ਬਹੁਤ ਫ਼ਾਸਿਲੇ 'ਤੇ ਸਥਿੱਤ ਹੈ। ਉਸ ਨੇ ਉੱਥੋਂ ਕੁਝ ਤੁਹਫ਼ਿਆਂ ਸਮੇਤ ਵਾਪਸ ਆ ਕੇ ਇਹ ਗੱਲ ਧੁਮਾ ਦਿੱਤੀ ਕਿ ਨਿਪਾਲ ਵਿੱਚ ਵੀ ਕੂਕਾ ਮਜ਼ਹਬ ਪ੍ਰਵੇਸ਼ ਕਰ ਚੁੱਕਾ ਹੈ। ਭਾਵੇਂ ਉਹ ਤੁਹਫ਼ੇ ਉਸ ਨੂੰ ਕਿਸੇ ਤਰ੍ਹਾਂ ਵੀ ਪ੍ਰਾਪਤ ਹੋਏ ਹੋਣ ਪਰ ਉਸ ਨੇ ਉਨ੍ਹਾਂ ਤੁਹਫ਼ਿਆਂ ਦੀ ਪ੍ਰਾਪਤੀ ਬਾਰੇ ਆਮ ਲੋਕਾਂ ਵਿੱਚ ਇਸ ਤਰ੍ਹਾਂ ਮਸ਼ਹੂਰ ਕੀਤਾ ਜਿਸ ਨਾਲ ਉਸ ਮੁਲਕ ਵਿੱਚ ਵੀ ਗੁਰੂ ਰਾਮ ਸਿੰਘ ਦੇ ਅਦਬ ਸਤਿਕਾਰ ਦਾ ਹੋਣਾ ਸਾਬਿਤ ਹੋਵੇ।

ਹੁਣ ਇਸ ਆਜ਼ਾਦੀ ਸਦਕਾ ਉਸ ਦੇ ਸੂਬਿਆਂ ਤੇ ਨਾਇਬ ਨਾਜ਼ਿਮ ਸੂਬਿਆਂ ਨੂੰ ਇਹ ਮੌਕਾ ਮਿਲ ਗਿਆ ਸੀ ਕਿ ਉਹ ਬਆਜ਼ੇ ਬਆਜ਼ੇ ਧਾਰਮਿਕ, ਗੈਰ ਧਾਰਮਿਕ ਜਾਂ ਆਪਣੇ ਤੌਰ 'ਤੇ ਚਾਲੂ ਕੀਤੇ ਸਮਾਗਮਾਂ ਦੇ ਪੱਜ ਨਾਲ ਮੁਲਕ ਵਿੱਚ ਥਾਂ ਪਰ ਥਾਂ ਆਪਣੇ ਫ਼ਿਰਕੇ ਦੇ ਲੋਕਾਂ ਨੂੰ ਇੱਕਠੇ ਕਰਨ ਲੱਗੇ ਸਨ ਅਤੇ ਇਸ ਤਰ੍ਹਾਂ ਆਪਣੇ ਫ਼ਿਰਕੇ ਦਾ ਆਮ ਮੇਲ ਜੋਲ ਵਧਾਉਂਦੇ ਸਨ ਤੇ ਆਮ ਲੋਕਾਂ ਨੂੰ ਇਸ ਢੰਗ ਨਾਲ ਆਪਣੀ ਸ਼ਾਨੋ ਸ਼ੌਕਤ ਵਿਖਾਉਂਦੇ ਸਨ। ਇਸ ਉਪਾਓ ਨਾਲ ਬਹੁਤ ਸਾਰੇ ਨਵੇਂ ਆਦਮੀ ਇਸ ਧਰਮ ਵਿੱਚ ਦਾਖਿਲ ਹੁੰਦੇ ਜਾਂਦੇ ਸਨ। ਇੱਥੋਂ ਤੱਕ ਕਿ **ਪਿਛਲੇ ਵਰ੍ਹੇ ਵਿੱਚ ਇਨ੍ਹਾਂ ਸੂਬਿਆਂ ਤੇ ਕੂਕਿਆਂ ਦਾ ਡੰਕੇ ਦੀ ਚੋਟ ਨਾਲ ਇਹ ਬਿਆਨ ਸੀ ਕਿ ਸਾਡੇ ਮਜ਼ਹਬ ਦੇ ਸੱਤ ਲੱਖ ਆਦਮੀ ਹੋ ਗਏ ਹਨ** , ਹਰ ਹਾਲਤ ਵਿੱਚ ਉਨ੍ਹਾਂ ਦੇ ਇਹ ਬਿਆਨ ਧਿਆਨ ਦੇਣ ਯੋਗ ਹੈ। ਇਹ ਗੱਲ ਅਤਿਅੰਤ ਪੱਕੇ ਤੌਰ 'ਤੇ ਬਿਆਨ ਕੀਤੀ ਗਈ ਹੈ ਕਿ ਉਹ ਆਪਸ ਵਿੱਚ ਇਹ ਗੱਲ ਧਮਾਉਂਦੇ ਸਨ ਕਿ "ਅਸੀਂ ਯਕੀਨੀ ਤੌਰ 'ਤੇ ਦੁਨੀਆਂ ਵਿੱਚ ਸਰਦਾਰੀ ਪ੍ਰਾਪਤ ਕਰਾਂਗੇ। ਸੋ ਜਿਹੜੇ ਲੋਕ ਸਾਡੇ ਵਿੱਚ ਸ਼ਾਮਿਲ ਹੋਣਗੇ ਉਹ ਅੱਗੋਂ ਨੂੰ ਬੜੀ ਇੱਜ਼ਤ ਤੇ ਹੈਸੀਅਤ ਦੇ ਹੱਕਦਾਰ ਹੋਣਗੇ।" ਸੋ ਇਸ ਖ਼ਾਹਿਸ਼ ਨਾਲ ਹੌਲੀ ਹੌਲੀ ਉਨ੍ਹਾਂ ਵਿੱਚ ਇਸ ਕਦਰ ਭਾਰੀ ਇੱਕਠ ਸ਼ਾਮਿਲ ਹੋ ਗਿਆ ਕਿ ਇਹ ਲੋਕ ਜ਼ਿਲ੍ਹਿਆਂ ਦੇ ਦਰਮਿਆਨ ਆਪਣੇ ਫ਼ਿਰਕੇ ਦੇ ਲੋਕਾਂ ਕੋਲ ਧਾਰਮਿਕ ਜਾਂ ਦੂਜੇ ਮਾਮਲੇ ਇੱਕ ਪਿੰਡ ਤੋਂ ਦੂਜੇ ਪਿੰਡ ਡਾਕ ਦੇ ਤੌਰ 'ਤੇ ਖ਼ੁਫ਼ੀਆ ਸੰਦੇਸ਼ ਭੇਜਦੇ ਸਨ।

ਇਨ੍ਹਾਂ ਦਲੀਲਾਂ ਤੋਂ ਸਾਫ਼ ਪ੍ਰਗਟ ਹੈ ਕਿ ਉਹ ਕੀ ਸੋਚਦਾ ਸੀ ਤੇ ਉਸ ਦੇ ਦਿਮਾਗ ਵਿੱਚ ਕਿਹੜੀ ਸੁਗੰਧੀ ਸੀ ? **ਭਰੋਸੇਯੋਗ ਵਸੀਲਿਆਂ ਤੋਂ ਪਤਾ ਲੱਗਿਆ ਹੈ ਕਿ ਜਦੋਂ ਅੰਮ੍ਰਿਤਸਰ ਵਿੱਚ ਕਸਾਈਆਂ ਦੇ ਕਤਲ ਦੀ ਘਟਨਾ ਵਾਪਰੀ ਤੇ ਹਾਲੇ ਮੁਜ਼ਰਿਮਾਂ ਦਾ ਕੁਝ ਪਤਾ ਨਹੀਂ ਲੱਗਿਆ ਸੀ ਤੇ ਰਾਏਕੋਟ ਦੇ ਕਸਾਈਆਂ ਦੀ ਘਟਨਾ ਵਾਪਰੀ ਨਹੀਂ ਸੀ ਤਾਂ ਉਪ੍ਰੋਕਤ ਗਿਆਨੀ** ਸਿੰਘ ਨੇ ਅੰਮ੍ਰਿਤਸਰ ਦੀ ਵਾਰਦਾਤ ਤੇ ਇਸ ਵਾਰਦਾਤ ਦੇ ਸਬੂਤ ਨਾ ਮਿਲਣ ਬਾਰੇ ਗੱਲਬਾਤ ਕਰਦੇ ਹੋਏ ਇੱਕ ਭਰੋਸੇਯੋਗ ਵਿਅਕਤੀ ਦੇ ਸਾਹਮਣੇ ਆਪਣੀ ਬੋਲੀ ਵਿੱਚ ਇਹ ਬਿਆਨ ਕੀਤਾ ਸੀ ਕਿ " ਇੱਥੇ ਹੀ ਕੀ ਬੱਸ ਹੈ, ਗੁਰੂ ਦੇ ਭਾਣੇ ਬਹੁਤ ਸਾਰੀਆਂ ਥਾਵਾਂ 'ਤੇ ਇਸੇ ਤਰ੍ਹਾਂ ਵਰਤਣਗੇ।" ਭਾਵ ਇਸ ਪ੍ਰਕਾਰ ਦੀਆਂ ਬਹੁਤ ਸਾਰੀਆਂ ਵਾਰਦਾਤਾਂ ਹੋਣਗੀਆਂ। ਉਸੇ ਮੌਕੇ 'ਤੇ ਇਹ ਵੀ ਕਿਹਾ ਸੀ ਕਿ "ਅਜੇ ਸਾਨੂੰ ਮਾਲਾ ਫੜਨ ਦਾ ਹੁਕਮ ਹੈ, ਥੋੜ੍ਹੇ ਸਮੇਂ 'ਚ ਤਲਵਾਰ ਫੜਨ ਦਾ ਹੁਕਮ ਹੋਵੇਗਾ।" ਜਿਸ ਤੋਂ ਸਾਫ਼ ਜ਼ਾਹਿਰ ਹੈ ਕਿ ਉਹ ਕਿਸੇ ਖ਼ਾਸ ਸਮੇਂ ਜਾਂ ਖ਼ਾਸ ਉਪਾਓ ਦੇ ਉਡੀਕਵਾਨ ਸਨ। ਸੋ ਉਸ ਤੋਂ ਮਗਰੋਂ ਰਾਏਕੋਟ ਦੇ ਕਸਾਈਆਂ ਦੀ ਵਾਰਦਾਤ ਹੋਈ। ਜੇ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਵਾਲੀ-ਏ-ਪਟਿਆਲਾ ਦੀ ਆਲ੍ਹਾ ਦਰਜੇ ਦੀ ਕੋਸ਼ਿਸ਼ ਨਾਲ ਅੰਮ੍ਰਿਤਸਰ ਤੇ ਰਾਏਕੋਟ ਦੀਆਂ ਵਾਰਦਾਤਾਂ ਕਰਨ ਵਾਲੇ ਗ੍ਰਿਫ਼ਤਾਰ ਨਾ ਹੁੰਦੇ ਤਾਂ ਨਿਰਸੰਦੇਹ ਗਿਆਨੀ ਸਿੰਘ ਦੀ ਉਹ ਰਮਜ਼ ਹਰ ਜਗ੍ਹਾ ਸਾਫ਼ ਸਾਫ਼ ਪ੍ਰਗਟ ਹੋ ਜਾਂਦੀ ਭਾਵ ਥਾਂ ਪੁਰ ਥਾਂ ਉਹੋ ਜਿਹੀਆਂ ਵਾਰਦਾਤਾਂ ਹੁੰਦੀਆਂ ਤੇ ਖ਼ੁਦਾ ਨ ਖ਼ਾਸਤਾ (ਰੱਬ ਨੇ ਨਾ ਚਾਹਿਆ) ਮੁਲਕ ਵਿੱਚ ਇੱਕ ਗ਼ਦਰ ਤੇ ਬਦ ਇੰਤਜ਼ਾਮੀ ਫ਼ੈਲ ਜਾਂਦੀ। ਉਸ ਸਮੇਂ ਪੰਜਾਬ ਦੇ ਹਾਕਿਮਾਂ 'ਤੇ ਇਹ ਡਰ ਭਾਰੂ ਸੀ ਕਿ ਸਿਰਸਾ ਵਿਖੇ ਵੀ

ਇੱਕ ਅਜਿਹੀ ਹੀ ਵਾਰਦਾਤ ਹੋਣ ਵਾਲੀ ਹੈ ਪਰ ਕੂਕਿਆਂ ਦੀ ਗ੍ਰਿਫ਼ਤਾਰੀ ਤੇ ਉਨ੍ਹਾਂ ਤੋਂ ਬਦਲਾ ਲੈਣ ਦੀ ਖ਼ਬਰ ਲੱਗਣ ਨਾਲ ਇਹ ਵਾਰਦਾਤ ਨਹੀ ਵਾਪਰੀ।

ਕਹਿੰਦੇ ਹਨ ਕਿ ਅੰਮ੍ਰਿਤਸਰ ਦੀ ਵਾਰਦਾਤ ਹੋਣ ਤੋਂ ਪਹਿਲਾਂ ਇੱਕ ਮਾਮਲਾ ਇਹ ਹੋਇਆ ਕਿ ਹੀਰਾ ਸਿੰਘ ਕੂਕਾ ਵਾਸੀ ਪਿੰਡ ਸਕਰੌਦੀ ਇਲਾਕਾ ਰਿਆਸਤ ਪਟਿਆਲਾ ਨੇ ਕੁਝ ਕੂਕਿਆਂ ਸਮੇਤ ਆਪਣੇ ਘਰ ਪੁੱਜ ਕੇ ਆਪਣੀ ਮਾਤਾ ਤੇ ਪਤਨੀ ਨੂੰ ਤਾਕੀਦ ਕੀਤੀ ਕਿ " ਤੁਸੀਂ ਵੀ ਕੱਛਿਹਰਾ ਪਾਇਆ ਕਰੋ ਤੇ ਨੀਲਾ ਕੱਪੜਾ ਪਹਿਨਣਾ ਛੱਡ ਦਿਓ।" ਜਦੋਂ ਉਨ੍ਹਾਂ ਇਨਕਾਰ ਕੀਤਾ ਤੇ ਕਿਹਾ ਕਿ " ਅਸੀਂ ਆਪਣੀ ਕੌਮ ਤੇ ਆਪਣੇ ਮੁਲਕ ਦੀ ਰਸਮ ਦੇ ਉਲਟ ਨਹੀਂ ਜਾ ਸਕਦੀਆਂ।" ਤਾਂ ਉਸ ਨੇ ਆਪਣੀ ਮਾਤਾ ਨੂੰ ਹਰ ਕਿਸਮ ਦੀ ਸਖ਼ਤੀ ਤੋਂ ਬਖ਼ਸ਼ ਦਿੱਤਾ ਪਰ ਆਪਣੀ ਪਤਨੀ ਦਾ ਚੂੰਡਾ (ਗੁੱਤ) ਇਸ ਬੇਇੱਜ਼ਤੀ ਨਾਲ ਕੱਟਿਆ ਕਿ ਕੁਝ ਕੂਕਿਆਂ ਨੇ ਉਸ ਔਰਤ ਦੇ ਹੱਥ ਫ਼ੜ ਲਏ ਅਤੇ ਹੀਰਾ ਸਿੰਘ ਨੇ ਉਸ ਦੀ ਚੋਟੀ ਇੱਕ ਲੱਕੜੀ 'ਤੇ ਰੱਖ ਕੇ ਬਸੋਲੀ ਨਾਲ ਕੱਟ ਸੁੱਟੀ ਅਤੇ ਇੱਕ ਬਾਂਸ ਨਾਲ ਲਟਕਾ ਕੇ ਇੱਕ ਅਜਿਹੀ ਥਾਂ, ਜਿੱਥੇ ਗੁਰੂ ਰਾਮ ਸਿੰਘ, ਉਸ ਦੇ ਕੁਝ ਸੂਬੇ ਅਕਸਰ ਕੂਕੇ ਕਿਸੇ ਸਮਾਗਮ 'ਚ ਮੇਲੇ ਵਾਂਗ ਇੱਕਠੇ ਸਨ, ਉਹ ਚੋਟੀ ਆਮ ਲੋਕਾਂ ਨੂੰ ਐਲਾਨੀਆਂ ਇਸ ਹੈਸੀਅਤ ਨਾਲ ਵਿਖਾ ਕੇ ਬਿਆਨ ਕੀਤਾ ਕਿ " ਜਿਹੜਾ ਵਿਅਕਤੀ ਸਤਿਗੁਰੂ ਦੇ ਹੁਕਮ ਤੇ ਇਸ ਧਰਮ ਦੀਆਂ ਰਹੁ ਰੀਤਾਂ ਅਪਨਾਉਣ ਤੋਂ ਮੂੰਹ ਮੋੜੇਗਾ, ਉਸ ਨੂੰ ਇਹੋ ਜਿਹੀ ਹੀ ਸਜ਼ਾ ਦਿੱਤੀ ਜਾਵੇਗੀ। ਇਸ ਮੌਕੇ 'ਤੇ ਇਸ ਕਾਰਵਾਈ ਦੇ ਧਾਰਮਿਕ ਤੌਰ 'ਤੇ ਅਨੁਕੂਲ ਹੋਣ ਸੰਬੰਧੀ ਆਪਸ ਵਿੱਚ ਸਖ਼ਤ ਇਖ਼ਤਲਾਫ਼ ਪੈਦਾ ਹੋਇਆ ਤੇ ਇਹ ਕਾਰਵਾਈ ਆਪਸੀ ਫ਼ਸਾਦ ਦੀ ਜੜ੍ਹ ਬਣ ਗਈ। ਆਖਿਰਕਾਰ ਫ਼ਤਵਾ ਹਾਸਿਲ ਕਰਨ ਵਾਸਤੇ ਇਹ ਮਸਲਾ ਗੁਰੂ ਰਾਮ ਸਿੰਘ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਸ ਨੇ ਸਿਆਣਪ ਨਾਲ ਉਨ੍ਹਾਂ ਨੂੰ ਸਮਝਾ ਕੇ ਝਗੜਾ ਮੁਕਾ ਦਿੱਤਾ ਤੇ ਹਦਾਇਤ ਕੀਤੀ ਕਿ "ਤੁਸੀਂ ਆਪਸ ਵਿੱਚ ਕਿਉਂ ਲੜਦੇ ਹੋ, ਜੇ ਏਹੋ ਜਿਹੇ ਹੀ ਲੜਨ ਵਾਲੇ ਹੋ ਤਾਂ ਗਊਆਂ ਨੂੰ ਕਤਲ ਕਰਨ ਵਾਲਿਆਂ ਨਾਲ ਲੜੋ। "

ਜ਼ਾਹਿਰ ਹੈ ਕਿ ਉਸ ਵੇਲੇ ਗੁਰੂ ਰਾਮ ਸਿੰਘ ਨੂੰ ਆਪਣੀ ਸ਼੍ਰੇਣੀ ਦੀ ਅਸਲੀਅਤ ਦਾ ਪੱਕਾ ਯਕੀਨ ਹੋ ਗਿਆ ਸੀ। ਸੋ ਗਊਕੁਸ਼ੀ ਦਾ ਮਾਮਲਾ, ਜਿਹੜਾ ਆਮ ਤੌਰ 'ਤੇ ਹਿੰਦੋਸਤਾਨੀਆਂ ਅਨੁਸਾਰ ਧਾਰਮਿਕ ਪੱਖੋਂ ਘਿਰਣਾਯੋਗ ਹੈ, ਆਪਣੇ ਕੱਟੜ ਪੰਥੀ ਪੈਰੋਕਾਰਾਂ ਦੇ ਗੁੱਸੇ ਦੀ ਭੜਕਾਹਟ ਤੇ ਹਿੰਦੋਸਤਾਨੀ ਕੌਮਾਂ ਦੀ ਆਮ ਤਹਿਰੀਕ (Movement) ਦਾ ਕਾਰਨ ਸਮਝਕੇ ਆਪਣੀ ਆਜ਼ਾਦੀ ਨੂੰ ਨੇਪਰੇ ਚਾੜ੍ਹਨ ਦਾ ਹੀਲਾ ਕਰਾਰ ਦਿੱਤਾ। ਆਪਣੇ ਪੈਰੋਕਾਰਾਂ ਨੂੰ ਅਜਿਹੇ ਮਹਾਨ ਕੰਮ ਕਰਨ ਲਈ ਉਭਾਰਿਆ ਅਰਥਾਤ ਗਿਆਨੀ ਸਿੰਘ ਦੇ ਕਥਨ ਅਨੁਸਾਰ ਜਦੋਂ ਵੱਡੀ ਗਿਣਤੀ 'ਚ ਜਮਾਤ, ਜਿਸ ਦੀ ਉਹ ਉਡੀਕ ਕਰਦਾ ਸੀ, ਚੰਗੀ ਤਰ੍ਹਾਂ ਆਪਣੇ ਹੁਕਮ ਅਧੀਨ ਹੋਈ ਦੇਖ ਲਈ ਤਾਂ ਉਨ੍ਹਾਂ ਨੂੰ ਤਲਵਾਰ ਫੜਨ ਦਾ ਹੁਕਮ ਦਿੱਤਾ।

ਇਸ ਵਾਰਦਾਤ ਤੋਂ ਮਗਰੋਂ ਅੰਮ੍ਰਿਤਸਰ ਦੀ ਵਾਰਦਾਤ ਵਾਪਰੀ। ਸੋ ਇਹ ਖੁੱਲ੍ਹੀ ਹੋਈ ਗੱਲ ਹੈ ਕਿ ਗੁਰੂ ਰਾਮ ਸਿੰਘ ਦਾ ਮਨੋਰਥ ਇਹ ਸੀ ਕਿ ਇੱਕ ਧਾਰਮਿਕ ਹੀਲੇ ਨਾਲ ਮੁਲਕ ਵਿੱਚ ਸ਼ੋਰ ਸ਼ਰਾਬਾ ਪੈਦਾ ਹੋਵੇ ਤੇ ਇਸ ਉਪਾਓ ਨਾਲ ਸਾਰੇ ਹਿੰਦੋਸਤਾਨ ਦੀਆਂ ਹਿੰਦੂ ਕੌਮਾਂ ਤੇ ਉਨ੍ਹਾਂ ਦੇ ਆਗੂ ਉਸ ਨਾਲ ਆ ਮਿਲਣ ਤੇ ਉਹ ਸਾਰਿਆਂ ਦਾ ਰਹਿਨੁਮਾ ਬਣ ਕੇ ਮੁਲਕ 'ਤੇ ਕਬਜ਼ਾ ਕਰ ਲਵੇ। ਜੇ ਗੁਰੂ ਰਾਮ ਸਿੰਘ ਤੇ ਉਸ ਦੇ ਖ਼ਾਸ ਖ਼ਾਸ ਸੂਬਿਆਂ ਦੀ ਨੀਅਤ ਮੁਲਕੀ ਮਨੋਰਥ ਨਾਲ ਸੰਬੰਧਤ ਨਾ ਹੁੰਦੀ, ਤੇ ਉਨ੍ਹਾਂ ਨੂੰ ਜਮਾਤ ਦੀ ਭਾਰੀ ਗਿਣਤੀ ਦਾ ਇੰਤਜ਼ਾਰ ਨਾ ਹੁੰਦਾ ਅਤੇ ਦੀਨੀ ਨੇਕੀ ਦੇ ਫ਼ਲ ਦੀ ਪ੍ਰਾਪਤੀ ਹੀ ਮਨੋਰਥ ਹੁੰਦਾ ਤਾਂ ਅਜਿਹੀਆਂ ਵਾਰਦਾਤਾਂ ਇਸ ਫ਼ਿਰਕੇ ਤੋਂ ਸ਼ੁਰੂ ਵਿੱਚ ਹੀ ਹੋਈਆਂ ਹੁੰਦੀਆਂ ਕਿਉਂਕਿ ਮਜ਼ਹਬੀ ਤੇ ਦੀਨੀ ਨੇਕੀ ਪ੍ਰਾਪਤ ਕਰਨ ਵਾਸਤੇ ਬਹੁਤ ਵੱਡੀ ਜਮਾਤ ਦਾ ਹੋਣਾ ਜ਼ਰੂਰੀ ਨਹੀਂ ਸੀ। ਜਦੋਂ ਕਿ ਇਹ ਗੱਲ ਪ੍ਰਗਟ ਹੈ ਕਿ ਇਹ ਲੋਕ ਕੋਈ ਕੰਮ ਆਪਣੇ ਸਤਿਗੁਰੂ ਦੀ ਮਰਜ਼ੀ ਤੇ ਹੁਕਮ ਦੇ ਵਿਰੁੱਧ ਨਹੀਂ ਕਰਦੇ ਸਨ ਤਾਂ ਅਜਿਹੀ ਹਾਲਤ ਵਿੱਚ ਅਸੰਭਵ ਹੈ ਕਿ ਅਜਿਹੇ ਫ਼ਸਾਦ ਉਸ ਦੀ ਮਰਜ਼ੀ ਦੇ ਉਲਟ ਹੋਣ ਜਾਂ ਉਸ ਦੇ ਉਭਾਰਨ ਤੋਂ ਬਿਨਾ ਹੋਣ ਜਦੋਂ ਕਿ ਗੁਰੂ ਰਾਮ ਸਿੰਘ ਆਪਣੇ ਆਪ ਨੂੰ ਅਤਿਅੰਤ ਦਰਜ਼ੇ ਦਾ ਦੀਨਦਾਰ ਤੇ ਨੇਕ ਕਿਰਦਾਰ ਵਾਲਾ ਪ੍ਰਗਟ ਕਰਦਾ ਸੀ। ਤਾਂ ਵਾਜਿਬ ਸੀ ਕਿ ਉਹ ਸਭ ਤੋਂ ਪਹਿਲਾਂ ਤਲਵਾਰ ਫੜਕੇ ਗਊਕੁਸ਼ੀ ਦੇ

ਕੰਮ ਨੂੰ ਰੋਕਣ ਵਾਲਾ ਬਣਦਾ। ਕਮਾਲ ਦਾ ਦੀਨਦਾਰ ਤੇ ਧਾਰਮਿਕ ਹੋਣ ਦਾ ਪ੍ਰਗਟਾਵਾ ਕਰਨ ਦੇ ਬਾਵਜੂਦ ਉਸਦਾ ਜ਼ਾਤੀ ਤੌਰ ’ਤੇ ਵੱਢ ਟੁੱਕ ਕਰਨ ਦਾ ਭਾਗੀ ਨਾ ਬਣਨਾ ਇਸ ਗੱਲ ਦੀ ਸਾਫ਼ ਦਲੀਲ ਹੈ ਕਿ ਉਸ ਨੇ ਪ੍ਰੀਖਿਆ ਲੈਣ ਦੇ ਤੌਰ ’ਤੇ ਇਨ੍ਹਾਂ ਕੁਝ ਬੇਸਮਝ ਆਦਮੀਆਂ ਨੂੰ ਇਸ ਗੱਲ ਲਈ ਭੜਕਾਇਆ ਸੀ ਅਤੇ ਆਪ ਆਮ ਤਹਿਕੀਕਾਤ ਦੇ ਨਤੀਜੇ ਦਾ ਉਡੀਕਵਾਨ ਸੀ। ਇਨ੍ਹਾਂ ਸਾਰੀਆਂ ਦਲੀਲਾਂ ਨਾਲ ਤੇ ਇਸ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਬਾਹਰਲੀਆਂ ਗਵਾਹੀਆਂ ਨਾਲ ਇਹ ਗੱਲ ਸਾਬਿਤ ਹੈ ਕਿ ਗੁਰੂ ਰਾਮ ਸਿੰਘ ਤੇ ਉਸ ਦੇ ਸਾਰੇ ਫ਼ਿਰਕੇ ਦੇ ਦਿਮਾਗ ਵਿੱਚ ਮੁਲਕ ਨੂੰ ਕਬਜੇ ’ਚ ਕਰਨ ਦੀ ਧੁੰਨ ਸੀ। ਉਸ ਦੇ ਇਹ ਪੈਰੋਕਾਰ ਯਕੀਨ ਨਾਲ ਸਮਝਦੇ ਸੀ ਕਿ ਨੇੜ ਭਵਿੱਖ ਵਿੱਚ ਇਸ ਮੁਲਕ ’ਤੇ ਸਾਡਾ ਹੀ ਰਾਜ ਹੋਣ ਵਾਲਾ ਹੈ।

ਅੰਮ੍ਰਿਤਸਰ ਦੀ ਵਾਰਦਾਤ ਤੋਂ ਮਗਰੋਂ ਮੁਨਸ਼ੀ ਜੈਸੀ ਰਾਮ ਦਾ ਕਤਲ, ਥਾਣਾ ਮੌਰਿੰਡਾ ਜ਼ਿਲ੍ਹਾ ਅੰਬਾਲਾ ਵਿੱਚ ਇੱਕ ਚੌਕੀਦਾਰ ਨੂੰ ਜਾਨੋਂ ਮਾਰਨਾ, ਪੁਲਿਸ ਦੇ ਦੋ ਸਿਪਾਹੀਆਂ ਨੂੰ ਜ਼ਖ਼ਮੀ ਕਰਨਾ, ਫਿਰ ਜ਼ਿਲ੍ਹਾ ਲੁਧਿਆਣਾ ਵਿੱਚ ਇੱਕ ਬ੍ਰਹਮਣ ਨੂੰ ਜ਼ਖ਼ਮੀ ਕਰਨਾ, ਇੱਕ ਕੂਕੇ ਦੀ ਗ੍ਰਿਫ਼ਤਾਰੀ ਸਮੇਂ ਥਾਣੇਦਾਰ ਡੇਹਲੋਂ ਜ਼ਿਲ੍ਹਾ ਲੁਧਿਆਣਾ ’ਤੇ ਹਮਲਾ ਕਰਕੇ ਰੁਕਾਵਟ ਪਾਉਣੀ, ਹੁਸ਼ਿਆਰਪੁਰ ਵਿੱਚ ਇੱਕ ਜ਼ਮੀਂਦਾਰ ’ਤੇ ਬੇਬਜਾ ਹਿੰਸਾ ਨਾਲ ਹਮਲਾ ਕਰਨਾ, ਰਾਏਕੋਟ ਵਿੱਚ ਕਸਾਈਆਂ ਨੂੰ ਔਰਤ ਤੇ ਬੇਟੇ ਸਮੇਤ ਜਾਨੋਂ ਮਾਰ ਸੁਟਣਾ ਅਤੇ ਹੁਣ ਮਲੌਦ ਤੇ ਕੋਟਲਾ ਦੀ ਵਾਰਦਾਤ ਤੋਂ ਪਹਿਲਾਂ ਬੀਕਾਨੇਰ ਦੇ ਇਲਾਕੇ ਵਿੱਚ ਕੂਕਿਆਂ ਦੇ ਹੱਥੋਂ ਇੱਕ ਸ਼ਖਸ ਦਾ ਕਤਲ ਹੋਣਾ ਆਦਿ ਇਹ ਸਾਰੀਆਂ ਗੱਲਾਂ ਇਸ ਗੱਲ ਦੀ ਦਲੀਲ ਹਨ ਕਿ ਇਨ੍ਹਾਂ ਦਾ ਮਤਲਬ ਇਹ ਸੀ ਕਿ ਆਮ ਲੋਕਾਂ ਦੇ ਦਿਲਾਂ ਵਿੱਚੋਂ ਅੰਗਰੇਜ਼ੀ ਸਰਕਾਰ ਦਾ ਡਰ ਜਾਂਦਾ ਰਵ੍ਹੇ, ਹਿੰਦੋਸਤਾਨੀ ਲੋਕ ਧਾਰਮਿਕ ਖਿਆਲਾਂ ਦੇ ਜੋਸ਼ ਨਾਲ ਸਾਡੇ ’ਚ ਸ਼ਾਮਿਲ ਹੋ ਜਾਣ, ਆਮ ਲੋਕੀ ਸਾਡੇ ਗੁਰੂ ਦੀ ਵੱਡਤਣ, ਸਾਡੀ ਕੌਮ ਦੀ ਤਾਕਤ ਤੇ ਗ਼ਲਬੇ ਨੂੰ ਮੰਨ ਕੇ ਸਾਰੇ ਹਿੰਦੂ ਤੇ ਮੁਸਲਮਾਨ ਹਾਕਿਮ ਬਣਨ ਦੀ ਚਾਹ ਨਾਲ ਗੁਰੂ ਰਾਮ ਸਿੰਘ ਦੇ ਅਧੀਨ ਜਾਂ ਉਸ ਦੇ ਇਰਾਦਿਆਂ ਦੀ ਪ੍ਰੋੜਤਾ ਕਰਨ ਵਾਲੇ ਬਣ ਜਾਣ। ਸ਼ਹਿਨਸ਼ੀਲਤਾ, ਸੱਚ ਬੋਲਣਾ, ਨੇਕੀ ਤੇ ਮਾਨ ਦੀ ਸਵੱਛਤਾ ਦੇ ਦਾਅਵੇ, ਜਿਹੜੇ ਧਰਮ ਦੇ ਅਸੂਲਾਂ ਵਜੋਂ ਪ੍ਰਗਟ ਕੀਤੇ ਗਏ ਸਨ, ਸਾਰੇ ਗੁਮਰਾਹ ਕਰਦੇ ਸਨ। ਇਸ ਵਿੱਚ ਕੁਝ ਸ਼ੱਕ ਹੈ? ਕਿ ਗੁਰੂ ਰਾਮ ਸਿੰਘ ਨੇ ਆਪਣੀ ਵੱਡਤਣ ਨੂੰ ਆਮ ਲੋਕਾਂ ਦੇ ਦਿਲਾਂ ’ਚ ਬੈਠਾ ਕੇ ਇੱਕ ਬਹੁਤ ਵੱਡੀ ਜਮਾਤ ਨੂੰ ਅਤਿਅੰਤ ਖ਼ੂਬਸੂਰਤੀ ਨਾਲ ਆਪਣੇ ਅਧੀਨ ਕਰ ਲਿਆ ਅਤੇ ਆਪਣੇ ਮਨੋਰਥ ਵਿੱਚ ਸਫ਼ਲ ਹੋਣ ਵਾਸਤੇ ਇੱਕ ਅਜਿਹਾ ਧਾਰਮਿਕ ਹੀਲਾ ਈਜਾਦ ਕੀਤਾ ਜਿਹੜਾ ਗ਼ਦਰ ਸੰਨ 1857 ਈ: ਦੇ ਕਾਰਤੂਸਾਂ ਦੀ ਕਹਾਣੀ ਵਾਂਗ ਬਹੁਤ ਛੇਤੀ ਅਸਰ ਕਰਨ ਵਾਲਾ ਨੁਸਖ਼ਾ ਸੀ।

ਸ਼ਾਇਦ ਗੁਰੂ ਰਾਮ ਸਿੰਘ ਦੇ ਦਿਲ ਵਿੱਚ ਇਹ ਖਿਆਲ ਘਰ ਕਰ ਗਿਆ ਸੀ ਕਿ ਜਿਵੇਂ ਮੁਗ਼ਲਾਂ ਦੀ ਸਨਤਨਤ ਵਿੱਚ ਸਿੱਖਾਂ ਦਾ ਫ਼ਿਰਕਾ ਪਹਿਲਾਂ ਇੱਕ ਧਾਰਮਿਕ ਫ਼ਿਰਕਾ ਸੀ ਅਤੇ ਅੰਤ ਵਿੱਚ ਉਹ ਫ਼ਿਰਕਾ ਤਲਵਾਰ ਦਾ ਧਨੀ ਅਤੇ ਮੁਲਕ ਤੇ ਸਲਤਨਤ ਦਾ ਮਾਲਿਕ ਬਣ ਗਿਆ। ਇਸ ਤਰ੍ਹਾਂ ਮੈਂ ਵੀ ਕੂਕਿਆਂ ਦੇ ਫ਼ਿਰਕੇ ਦੀ ਜਮਾਤ ਨਾਲ ਪੰਜਾਬ ਵਿੱਚ ਇੱਕ ਨਵੀਂ ਹਕੂਮਤ ਕਾਇਮ ਕਰ ਲਵਾਂਗਾ ਪਰ ਦੁਨੀਆਂ ਦੀ ਲਾਲਸਾ ਤੇ ਮੁਲਕ ਨੂੰ ਕਬਜੇ ’ਚ ਕਰਨ ਦੇ ਖਿਆਲ ਦੇ ਜੋਸ਼ ਨੇ ਉਸ ਦੀਆਂ ਅੱਖਾਂ ’ਤੇ ਅਜਿਹਾ ਪੜਦਾ ਪਾ ਦਿੱਤਾ ਕਿ ਉਸ ਦੀ ਨਜ਼ਰ ਇਸ ਪੱਖ ’ਤੇ ਕਦੰਤ ਨਹੀਂ ਪਈ ਕਿ ਉਸ ਵੇਲੇ ਜ਼ਮਾਨੇ ਦਾ ਕੀ ਰੰਗ ਸੀ ਤੇ ਹੁਣ ਕੀ ਰੰਗ ਹੈ। ਪ੍ਰਗਟ ਹੈ ਕਿ ਉਸ ਵੇਲੇ ਮੁਗ਼ਲੀਆਂ ਸਲਤਨਤ ਕਮਜ਼ੋਰੀ ਤੇ ਪਤਨ ਦੀ ਹਾਲਤ ਵਿੱਚ ਸੀ ਤੇ ਸਾਰਾ ਮੁਲਕ ਦੰਗੇ ਫ਼ਸਾਦਾਂ ਨਾਲ ਭਰਿਆ ਪਿਆ ਸੀ। ਹੁਣ ਤਾਂ ਖ਼ੁਦਾ ਦੀ ਕ੍ਰਿਪਾ ਸਦਕਾ ਅੰਗਰੇਜ਼ੀ ਸਲਤਨਤ ਐਨ ਚੜ੍ਹਦੀ ਕਲਾ ਤੇ ਤਰੱਕੀ ਦੀ ਹਾਲਤ ਵਿੱਚ ਹੈ, ਝਗੜੇ ਫ਼ਸਾਦ ਦਾ ਨਾਮ ਨਹੀਂ ਹੈ, ਰੇਲਵੇ ਤੇ ਤਾਰ ਨੇ ਕੁੱਲ ਫ਼ੌਜ ਤੇ ਸਾਮਾਨ ਬਲਕਿ ਸਾਰੇ ਹਿੰਦੋਸਤਾਨ ਨੂੰ ਇੱਕ ਕਰ ਰੱਖਿਆ ਹੈ। ਅਸਲੇ ਦੇ ਕਾਨੂੰਨ ਨੇ ਝਗੜਾਲੂ ਆਦਮੀਆਂ ਨੂੰ ਮਜ਼ਬੂਰ ਕਰ ਛੱਡਿਆ ਹੈ, ਮੁਲਕ ਦੇ ਅਫ਼ਸਰ ਬਹੁਤ ਚੁਸਤ ਤੇ ਸੁਚੇਤ ਹਨ, ਫ਼ੌਜ ਤੇ ਅਸਲੇ ਦੇ ਭੰਡਾਰ ਭਰਪੂਰ ਹਨ, ਹਿੰਦੋਸਤਾਨ ਦੇ ਰਈਸ ਵਿਸ਼ੇਸ਼ ਕਰਕੇ ਪੰਜਾਬ ਦੇ

---

ਰਈਸ, ਸਿੱਖ ਕੌਮ ਦੇ ਸਰਤਾਜ ਭਾਵ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਵਾਲੀ-ਏ-ਪਟਿਆਲਾ, ਅੰਗਰੇਜ਼ੀ ਸਰਕਾਰ ਦੇ ਬੇਹੱਦ ਮਦਦਗਾਰ ਹਨ ਪਰ ਇਹ ਸਭ ਕੁਝ ਹੁੰਦੇ ਹੋਏ ਇਸ ਫ਼ਿਰਕੇ ਵੱਲੋਂ ਅਜਿਹੀ ਪਾਗਲਾਂ ਵਰਗੀ ਜੁਰੱਅਤ ਵਿਖਾਈ ਗਈ। ਇਹ ਨੁਕਤਾ ਸਭ ਨਾਲੋਂ ਵੱਧ ਧਿਆਨ ਦੇਣ ਯੋਗ ਹੈ ਕਿ ਇਨ੍ਹਾਂ ਦੇ ਗੁਰੂ ਨੇ ਇਸ ਟੋਲੇ ਦੇ ਕੰਨ ਵਿੱਚ ਅਜਿਹੀ ਫੂਕ ਮਾਰੀ ਸੀ ਕਿ ਉਹ ਅਜਿਹੇ ਜੰਗਲੀ ਜਾਨਵਰਾਂ ਵਾਲੇ ਕੰਮ ਕਰਨ ਦੇ ਭਾਗੀ ਬਣਨ ਸਮੇਂ ਕਿਸੇ ਚੀਜ਼ ਨੇ ਉਨ੍ਹਾਂ ਦੇ ਦਿਲਾਂ 'ਤੇ ਕੋਈ ਅਸਰ ਨਹੀਂ ਕੀਤਾ ਜਾਣੀ ਉਨ੍ਹਾਂ ਦੇ ਕੱਚ ਘਰੜ ਖਿਆਲ ਵਿੱਚ ਅੰਗਰੇਜ਼ੀ ਗੌਰਮਿੰਟ ਦੀ ਤਾਕਤ ਦੀ ਹਾਲਤ ਕੇਵਲ ਖ਼ਤਮ ਤੇ ਨਾ ਹੋਇਆ ਬਰਾਬਰ ਸੀ। ਹੁਣ ਅਸੀਂ ਇਸ ਫ਼ਿਰਕੇ ਦੀਆਂ ਉਨ੍ਹਾਂ ਤਾਜ਼ਾਂ ਸ਼ਰਾਰਤਾਂ ਦਾ ਜ਼ਿਕਰ ਕਰਦੇ ਹਾਂ ਜਿਹੜੀਆਂ ਮਲੌਦ ਜ਼ਿਲ੍ਹਾ ਲੁਧਿਆਣਾ ਤੇ ਕੋਟਲਾ ਵਿਖੇ ਕੀਤੀਆਂ ਗਈਆਂ।

ਸਿੱਖ ਕੌਮ ਵਿੱਚ ਆਮ ਦਸਤੂਰ ਹੈ ਕਿ ਉਹ ਮੌਸਮ ਬਹਾਰ ਭਾਵ ਬਸੰਤ ਰੁੱਤ ਦੇ ਆਉਣ 'ਤੇ ਇੱਕ ਮਜ਼ਹਬੀ ਖ਼ੁਸ਼ੀ ਵਜੋਂ ਸਮਾਗਮ ਕਰਦੇ ਹਨ ਜਿਹੜਾ ਆਮ ਤੌਰ 'ਤੇ ਹਿੰਦੂ ਲੋਕ ਮਾਘ ਸੁਦੀ ਪੰਚਮੀ ਨੂੰ ਕਰਦੇ ਹਨ। ਇਸ ਤਿਉਹਾਰ ਨੂੰ ਪੰਜਾਬ ਦੀਆਂ ਹੋਰ ਕੌਮਾਂ ਲੋਹੜੀ ਤੇ ਸਿੱਖ ਲੋਕ ਮਾਘੀ ਬੋਲਦੇ ਹਨ। ਗੱਲ ਕਰਨ ਦਾ ਮਤਲਬ ਇਹ ਹੈ ਕਿ 12 ਜਨਵਰੀ ਨੂੰ ਇਸ ਤਿਉਹਾਰ ਦੇ ਸਮਾਗਮ ਸਮੇਂ ਗੁਰੂ ਰਾਮ ਸਿੰਘ ਦੇ ਰਿਹਾਇਸ਼ੀ ਪਿੰਡ ਭੈਣੀ ਜ਼ਿਲ੍ਹਾ ਲੁਧਿਆਣਾ ਵਿਖੇ ਤਕਰੀਬਨ ਦੋ ਹਜ਼ਾਰ ਕੂਕੇ ਇੱਕਠੇ ਹੋਏ ਅਤੇ ਇਹ ਤਿਉਹਾਰ ਮਨਾਕੇ ਭੈਣੀ ਤੋਂ ਰਵਾਨਾ ਹੋਏ ਅਤੇ 14 ਜਨਵਰੀ ਦੀ ਰਾਤ ਨੂੰ ਕੋਈ ਦੋ ਸੌ ਕੂਕਿਆਂ ਦੇ ਸਰਦਾਰ ਮਿੱਤ ਸਿੰਘ ਜਾਗੀਰਦਾਰ ਮੈਜਿਸਟਰੇਟ ਦੀ ਰਾਜਧਾਨੀ ਮਲੌਦ ਵਿਖੇ ਜਾ ਕੇ ਹੀਰਾ ਸਿੰਘ ਤੇ ਲਹਿਣਾ ਸਿੰਘ ਦੀ ਕਮਾਨ ਹੇਠ ਹਥਿਆਰ ਤੇ ਘੋੜੇ ਪ੍ਰਾਪਤ ਕਰਨ ਦੇ ਮਨੋਰਥ ਨਾਲ ਸਰਦਾਰ ਮਿੱਤ ਸਿੰਘ ਦੇ ਖ਼ਾਸ ਰਿਹਾਇਸ਼ੀ ਕਿਲੇ 'ਤੇ ਹਮਲਾ ਕੀਤਾ। ਜਿਸ ਵੇਲੇ ਇਹ ਲੋਕ ਕਿਲੇ ਵੱਲ ਜਾਂਦੇ ਸਨ ਤਾਂ ਧੋਖੇ ਵਜੋਂ ਕਹਿੰਦੇ ਜਾਂਦੇ ਸਨ ਕਿ "ਰਸਤਾ ਦਿਓ ਰਸਤਾ, ਸਤਿਗੁਰੂ ਰਾਮ ਸਿੰਘ ਆ ਰਿਹਾ ਹੈ।" ਜਦੋਂ ਇਸ ਉਪਾਓ ਨਾਲ ਕਿਲੇ ਦੇ ਦਰਵਾਜ਼ੇ 'ਤੇ ਪੁੱਜੇ ਤਾਂ ਦਰਵਾਜ਼ਾ ਬੰਦ ਸੀ। ਕੂਕਿਆਂ ਨੇ ਬਥੇਰਾ ਧਮਕਾਇਆ ਕਿ " ਦਰਵਾਜ਼ਾ ਖੋਲ੍ਹੋ।" ਪਰ ਦਰਵਾਜ਼ਾ ਕਿਸੇ ਨਾ ਖੋਲ੍ਹਿਆ। ਆਖਿਰ ਨੂੰ ਕੂਕੇ ਗੰਡਾਸੇ ਤੇ ਕੁਹਾੜੀ ਨਾਲ ਖਿੜਕੀ ਤੋੜ ਕੇ ਜ਼ਬਰਦਸਤੀ ਕਿਲੇ 'ਚ ਜਾ ਦਾਖਿਲ ਹੋਏ। ਉੱਥੇ ਹਥਿਆਰ ਤੇ ਘੋੜਿਆਂ ਦੀ ਪੁੱਛ ਪੁਛਾਈ ਤੇ ਤਲਾਸ਼ ਸਮੇਂ ਮੁਕਾਬਿਲਾ ਹੋਇਆ। ਮਲੌਦ ਵਾਲੇ ਸਰਦਾਰ ਦੇ ਦੋ ਆਦਮੀ ਕਤਲ ਹੋ ਗਏ ਤੇ ਕੁਝ ਜ਼ਖਮੀ ਹੋਏ ਅਤੇ ਕੂਕਿਆਂ ਦੇ ਦੋ ਤਿੰਨ ਆਦਮੀ ਕਤਲ ਤੇ ਤਿੰਨ ਜ਼ਖ਼ਮੀ ਹੋਏ। ਸਰਦਾਰ ਮਿੱਤ ਸਿੰਘ ਦਾ ਬੇਟਾ ਸਰਦਾਰ ਬਦਨ ਸਿੰਘ ਵੀ ਥੋੜ੍ਹਾ ਜ਼ਖ਼ਮੀ ਹੋ ਗਿਆ।

ਇਸ ਵੱਢ ਟੁੱਕ ਦੇ ਕਾਰਨ ਕੇਵਲ ਤਿੰਨ ਘੋੜੀਆਂ ਕੂਕਿਆਂ ਦੇ ਹੱਥ ਲੱਗੀਆਂ। ਉੱਥੋਂ ਇਹ ਲੋਕ ਕੋਟਲੇ ਵੱਲ ਤੁਰ ਪਏ। ਇਸ ਥਾਂ ਇਹ ਬਿਆਨ ਕਰਨਾ ਵਾਜਿਬ ਹੈ ਕਿ ਮਲੌਦ ਦੇ ਹਮਲੇ ਦਾ ਕਸਾਈਆਂ ਦੇ ਕਿੱਸੇ ਨਾਲ ਕੁਝ ਸੰਬੰਧ ਨਹੀਂ ਸੀ। ਮਤਲਬ ਕੇਵਲ ਇਹ ਸੀ ਕਿ ਹਥਿਆਰ ਤੇ ਘੋੜੀਆਂ ਹੱਥ ਆਉਣ। ਕਿਉਂਕਿ ਮਿਸਟਰ ਕਾਵਨ ਸਾਹਿਬ ਬਹਾਦੁਰ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਕੋਟਲਾ ਵਾਲਿਆਂ ਨੂੰ ਪਹਿਲਾਂ ਹੀ ਇਤਲਾਹ ਦਿੱਤੀ ਸੀ ਕਿ ਸ਼ਾਇਦ ਕੂਕੇ ਫ਼ਸਾਦ ਪਾਉਣ ਦੇ ਇਰਾਦੇ ਨਾਲ ਕੋਟਲੇ ਨੂੰ ਜਾਣ ਵਾਲੇ ਹਨ, ਇਸ ਲਈ ਕੋਟਲੇ ਦੀ ਚਾਰ ਦੀਵਾਰੀ ਵਾਲੇ ਦਰਵਾਜ਼ੇ ਪਹਿਲਾਂ ਤੋਂ ਹੀ ਬੰਦ ਕੀਤੇ ਗਏ ਸਨ ਪਰ ਇਨ੍ਹਾਂ ਲੋਕਾਂ ਨੂੰ ਸ਼ਹਿਰ ਦੀ ਚਾਰ ਦੀਵਾਰੀ 'ਤੇ ਕੋਈ ਅਜਿਹਾ ਮੌਕਾ ਮਿਲ ਗਿਆ ਕਿ ਉਹ ਸ਼ਹਿਰ 'ਚ ਦਾਖਿਲ ਹੋ ਗਏ ਤੇ ਸਿੱਧੇ ਕੋਟਲੇ ਦੇ ਰਈਸ ਸਵਰਗਵਾਸੀ ਨਵਾਬ ਸਿਕੰਦਰ ਅਲੀ ਖ਼ਾਨ ਦੇ ਮਕਾਨ 'ਤੇ ਜਾ ਕੇ ਪਹਿਲਾਂ ਉਨ੍ਹਾਂ ਦੇ ਘੋੜ-ਖ਼ਾਨੇ (ਅਸਤਬਲ) ਤੇ ਮਗਰੋਂ ਉਨ੍ਹਾਂ ਦੇ ਹਥਿਆਰ ਆਦਿ ਰੱਖਣ ਵਾਲੀ ਥਾਂ 'ਤੇ ਗਏ। ਦਰਿਆਫ਼ਤ ਹੋਇਆ ਹੈ ਕਿ ਇੱਕ ਵਾਕਿਫ਼ ਕਾਰ ਕੂਕਾ ਤੇ ਕੋਟਲੇ ਦੇ ਇਲਾਕੇ ਦੇ ਰਹਿਣ ਵਾਲੇ ਕੂਕੇ ਇਸ ਗਰੋਹ ਦੇ ਰਹਿਨੁਮਾ ਸਨ ਪਰ ਆਪਸੀ ਮੁਕਾਬਿਲੇ ਵਿੱਚ ਸ਼ਹਿਰ ਕੋਟਲਾ ਦਾ ਕੋਤਵਾਲ ਤੇ ਇੱਕ ਅਸਤਬਲ ਦਾ ਦਾਰੋਗਾ ਸਮੇਤ ਹੋਰ ਕੁਝ ਲੋਕਾਂ ਦੇ, ਮਾਰੇ ਗਏ। ਅੱਠ ਕੂਕੇ ਵੀ ਕਤਲ ਹੋਏ। ਇਸ ਖੋਹ

ਖਿੱਚ ਵਿੱਚ ਇੱਕ ਘੋੜੀ, ਸੋਲਾਂ ਤਲਵਾਰਾਂ, ਕੁਝ ਹੋਰ ਅਸਲਾ ਤੇ ਜੰਗੀ ਹਥਿਆਰ ਇਸ ਗਰੋਹ ਦੇ ਹੱਥ ਲੱਗੇ। ਇਸ ਅਫ਼ਰਾ ਤਫ਼ਰੀ (ਹੱਫ਼ੜਾ-ਦਫ਼ੜੀ) ਦੀ ਹਾਲਤ ਵਿੱਚ ਜਿਹੜੇ ਹਥਿਆਰ ਆਪਸ ਵਿੱਚ ਵੰਡੇ ਜਾ ਸਕੇ ਵੰਡ ਲਏ ਗਏ ਤੇ ਬਾਕੀ ਦੇ ਇਸ ਡਰੋਂ ਖੂਹ ਵਿੱਚ ਸੁੱਟ ਦਿੱਤੇ ਗਏ ਕਿ ਜੇ ਇਹ ਹਥਿਆਰ ਕੋਟਲਾ ਵਾਲਿਆਂ ਦੇ ਹੱਥ ਲੱਗ ਗਏ ਤਾਂ ਉਹ ਲੋਕ ਸਾਡੇ ਨਾਲ ਮੁਕਾਬਿਲਾ ਕਰਨਗੇ। ਬਾਹਰਲੀਆਂ ਗਵਾਹੀਆਂ ਤੋਂ ਇਹ ਗੱਲ ਸਾਬਿਤ ਹੈ ਕਿ ਇਹ ਹਮਲਾ ਪਹਿਲਾਂ ਤੋਂ ਹੀ ਇਰਾਦਾ ਕਰਕੇ ਕੀਤਾ ਗਿਆ ਸੀ। ਜ਼ਾਹਿਰ ਹੈ ਕਿ ਅਸਤਬਲ ਤੇ ਅਸਲੇ ਵਾਲੀ ਥਾਂ ਇੱਕ ਦਮ ਪਹੁੰਚ ਜਾਣਾ ਇਸ ਗੱਲ ਦੀ ਤਸਦੀਕ ਕਰਦਾ ਹੈ ਜਿਵੇਂ ਕਿ ਉੱਪਰ ਬਿਆਨ ਕੀਤਾ ਗਿਆ ਹੈ ਕਿ ਇੱਕ ਕੂਕਾ ਕੋਟਲੇ ਦੇ ਇਲਾਕੇ 'ਚ ਰਹਿਣ ਵਾਲਾ ਉਨ੍ਹਾਂ ਦਾ ਰਹਿਨੁਮਾ ਸੀ। ਜਦੋਂ ਇਹ ਇੰਤਜ਼ਾਮ ਸਾਬਿਤ ਹੋਇਆ ਤਾਂ ਹੋਰਾਂ ਗਵਾਹੀਆਂ ਨੂੰ ਅੱਖੋਂ ਪ੍ਰੋਖੇ ਕਰਕੇ ਕੇਵਲ ਇਹੋ ਦਲੀਲ ਕਾਫ਼ੀ ਹੈ ਕਿ ਹਮਲੇ ਦਾ ਇਰਾਦਾ ਪਹਿਲਾਂ ਤੋਂ ਹੀ ਕੀਤਾ ਗਿਆ ਸੀ। ਇਸ ਟੋਲੇ ਨੇ ਖ਼ਿਆਲ ਕੀਤਾ ਸੀ ਕਿ ਅਜੇ ਕੋਟਲੇ ਵਿਚ ਸਰਕਾਰ ਅੰਗਰੇਜ਼ੀ ਵੱਲੋਂ ਕਤਈ ਤੌਰ 'ਤੇ ਕੋਈ ਪੱਕਾ ਰਈਸ ਤਜਵੀਜ਼ ਨਹੀਂ ਹੋਇਆ ਹੈ। ਸੋ ਜੇ ਇਹ ਖ਼ਾਲੀ ਮੈਦਾਨ ਹੱਥ ਲੱਗ ਜਾਵੇ ਤਾਂ ਸਾਨੂੰ ਆਪਣੀ ਕੌਮ ਇੱਕਠੀ ਕਰਨ, ਆਪਣੀ ਸਫ਼ਲਤਾ ਦਾ ਸਾਮਾਨ ਉਪਲਭਦ ਕਰਨ ਤੇ ਆਪਣੇ ਇਰਾਦੇ 'ਚ ਕਾਮਯਾਬ ਹੋਣ ਦਾ ਇੱਕ ਵਧੀਆ ਮੌਕਾ ਮਿਲ ਜਾਵੇਗਾ ਅਤੇ ਯਕੀਨ ਸੀ ਕਿ ਜਦੋਂ ਹਥਿਆਰ ਹੱਥ ਲੱਗ ਜਾਣਗੇ ਤਾਂ ਅਸੀਂ ਆਪਣੀ ਕੌਮ ਦੇ ਡਰ ਤੇ ਆਪਣੀ ਜਮਾਤ ਦੀ ਬਹੁਤਾਤ ਸਦਕਾ ਬਿਨਾ ਰੋਕ ਟੋਕ ਇੱਥੇ ਕਾਬਿਜ਼ ਹੋ ਜਾਵਾਂਗੇ ਪਰ ਅਜਿਹੇ ਪਾਗਲਪਣ ਦਾ ਜਿਹੜਾ ਨਤੀਜਾ ਹੋਇਆ ਕਰਦਾ ਹੈ ਪ੍ਰਗਟ ਹੋ ਗਿਆ ਕਿ ਇਹ ਲੋਕ ਮੁਕਾਬਿਲੇ ਮਗਰੋਂ ਆਖਿਰ ਨੂੰ ਉੱਥੋਂ ਭੱਜ ਕੇ ਪਿੰਡ ਰੜ ਪਰਗਣਾ ਸ਼ੇਰਪੁਰ ਇਲਾਕਾ ਰਿਆਸਤ ਪਟਿਆਲਾ ਵਿਖੇ ਚਲੇ ਗਏ ਜਿੱਥੇ ਕੁਝ ਕੂਕੇ ਰਹਿੰਦੇ ਸਨ। ਇਸ ਮੁਕਾਬਿਲਾ ਕਰਨ ਤੇ ਕੂਕਿਆਂ ਨੂੰ ਭਜਾਉਣ ਵਿੱਚ ਰਿਆਸਤ ਕੋਟਲਾ ਦੇ ਮੁਲਾਜ਼ਿਮਾਂ ਨਾਲੋਂ ਸ਼ਹਿਰ ਦੇ ਆਮ ਲੋਕਾਂ ਨੇ ਵਧੀਆ ਕੰਮ ਕੀਤਾ ਕਿ ਉਨ੍ਹਾਂ ਨੇ ਇਨ੍ਹਾਂ ਕੂਕਿਆਂ ਦੇ ਬਰਾਬਰ ਹੋ ਕੇ ਆਪਣੇ ਕੋਠਿਆਂ ਤੋਂ ਇੱਟਾਂ ਮਾਰ ਮਾਰ ਅਜਿਹਾ ਤੰਗ ਕੀਤਾ ਕਿ ਇਹ ਲੋਕ ਬਹੁਤ ਛੇਤੀ ਮਜ਼ਬੂਰ ਹੋ ਕੇ ਉੱਥੋਂ ਨਿਕਲ ਗਏ ਨਹੀਂ ਤਾਂ ਕੂਕੇ ਇੱਥੇ ਬਹੁਤ ਜ਼ਿਆਦਾ ਫ਼ਸਾਦ ਕਰਦੇ।

ਸ਼ੇਰਪੁਰ ਵਿੱਚ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਪਟਿਆਲਾ ਦੇ ਇੱਕ ਲਾਇਕ ਤੇ ਦਲੇਰ ਅਫ਼ਸਰ ਸੱਯਦ ਨਿਆਜ਼ ਅਲੀ ਸਾਹਿਬ ਨਾਇਬ ਨਾਜ਼ਿਮ ਨੇ ਰੜ ਪਿੰਡ ਦੇ ਇੱਕ ਜ਼ਮੀਂਦਾਰ ਤੋਂ ਖ਼ਬਰ ਸੁਣ ਕੇ ਐਨ ਵਰ੍ਹਦੇ ਮੀਂਹ ਤੇ ਸਖ਼ਤ ਸਰਦੀ ਵਿੱਚ ਅਤਿਅੰਤ ਥੋੜ੍ਹੇ ਜਿਹੇ ਬੰਦਿਆਂ ਨਾਲ 15 ਜਨਵਰੀ ਨੂੰ 11 ਵਜੇ ਕਮਾਲ ਦੀ ਦਲੇਰੀ ਨਾਲ ਉਸ ਗਰੋਹ ਨੂੰ ਸਮਝਾ ਬੁਝਾ ਕੇ ਉਨ੍ਹਾਂ ਤੋਂ ਹਥਿਆਰ ਖੋਹ ਲਏ ਅਤੇ ਉਨ੍ਹਾਂ ਨੂੰ ਕੈਦ ਕਰਕੇ ਰਾਤ ਦੇ 11 ਵਜੇ ਉਸੇ ਵਰ੍ਹਦੇ ਮੀਂਹ 'ਚ ਸ਼ੇਰਪੁਰ ਵਿਖੇ ਲੈ ਆਇਆ। ਸੋ ਉਨ੍ਹਾਂ ਲੋਕਾਂ ਨੂੰ 17 ਅਤੇ 18 ਜਨਵਰੀ ਨੂੰ ਕੋਟਲਾ ਵਿਖੇ ਪਹਿਲਾਂ 49 ਤੇ ਫਿਰ ਅਗਲੇ ਦਿਨ 16 ਸਿੱਖਾਂ ਨੂੰ ਮਿਸਟਰ ਕਾਵਨ ਸਾਹਿਬ ਬਹਾਦੁਰ ਡਿਪਟੀ ਕਮਿਸ਼ਨਰ ਲੁਧਿਆਣਾ ਦੇ ਹੁਕਮ ਨਾਲ ਤੋਪ ਨਾਲ ਉਡਾ ਦਿੱਤਾ ਗਿਆ ਜਿਸ ਦੇ ਕਾਰਨ ਹੀ ਕੂਕਿਆਂ ਦੇ ਭਿੰਨ-ਭਿੰਨ ਟੋਲੇ, ਜਿਹੜੇ ਕੋਟਲੇ ਵੱਲ ਆਉਣ ਵਾਲੇ ਸਨ, ਖਿੰਡ ਪੁੰਡ ਗਏ ਤੇ ਆਮ ਲੋਕਾਂ ਦੀਆਂ ਬੇਭਰੋਸਗੀਆਂ ਖ਼ਤਮ ਹੋ ਗਈਆਂ। ਕੋਟਲਾ ਵਿਖੇ ਇਹ ਕਿੱਸਾ ਵੀ ਨਤੀਜਾ ਰਹਿਤ ਨਹੀਂ ਹੈ ਕਿ ਜਿਸ ਵੇਲੇ ਮਿਸਟਰ ਕਾਵਨ ਸਾਹਿਬ ਬਹਾਦੁਰ ਗ੍ਰਿਫ਼ਤਾਰ ਕੀਤੇ ਹੋਏ ਬਾਗ਼ੀਆਂ ਤੋਂ ਉਨ੍ਹਾਂ ਦਾ ਹਾਲ ਪੁੱਛ ਰਹੇ ਸਨ ਤਾਂ ਇੱਕ ਕੂਕਾ ਹਮਲਾ ਕਰਕੇ ਕਾਵਨ ਸਾਹਿਬ ਡਿਪਟੀ ਕਮਿਸ਼ਨਰ ਨੂੰ ਚਿੰਬੜ ਗਿਆ। ਜੇ ਉੱਤਮ ਸਿੰਘ ਥਾਣੇਦਾਰ ਪਟਿਆਲਾ ਤੇ ਸ਼ੈਖ਼ ਬਰਕਤ ਅਲੀ ਤਹਿਸੀਲਦਾਰ ਸ਼ੇਰਪੁਰ ਇਲਾਕਾ ਪਟਿਆਲਾ ਉਸ ਨੂੰ ਨਾ ਫੜਦੇ ਤਾਂ ਉਹ ਆਪਣਾ ਹਮਲਾ ਪੂਰਾ ਕਰ ਚੁੱਕਿਆ ਸੀ। ਉਸ ਤੋਂ ਸਾਬਿਤ ਹੈ ਕਿ ਇਹ ਲੋਕ ਅੰਗਰੇਜ਼ਾਂ ਦੇ ਕਿੰਨੇ ਦੁਸ਼ਮਣ ਤੇ ਕਿੰਨੇ ਦ੍ਰਿੜ ਇਰਾਦੇ ਵਾਲੇ ਸਨ ਅਤੇ ਨਤੀਜਾ ਵੀ ਨਿਕਲਦਾ ਹੈ ਕਿ ਜੇ ਇਹ ਲੋਕ ਤੋਪਾਂ ਨਾਲ ਤੁਰੰਤ ਨਾ ਉਡਾਏ ਜਾਂਦੇ ਤਾਂ ਪਤਾ ਨਹੀ ਕਿੰਨਾ ਕੁ ਫ਼ਸਾਦ ਪਾਉਂਦੇ। ਕੋਈ ਸੂਝਵਾਨ ਵਿਅਕਤੀ ਮੰਨ ਨਹੀਂ ਸਕਦਾ ਕਿ ਗੁਰੂ ਰਾਮ ਸਿੰਘ ਨੂੰ ਇਸ ਹਮਲੇ ਦਾ ਪਤਾ ਨਹੀਂ ਸੀ ਤੇ ਉਸ ਦੀ ਮਰਜ਼ੀ ਤੋਂ ਬਿਨਾ ਇਹ ਹਮਲਾ ਕੀਤਾ ਗਿਆ ਸੀ। ਜਦੋਂ ਲੁਧਿਆਣਾ ਦੇ ਪੁਲਿਸ ਅਫ਼ਸਰ

---

ਨੂੰ ਇਸ ਖ਼ਬਰ ਦਾ ਪਤਾ ਲੱਗਿਆ ਕਿ ਕੂਕਿਆਂ ਦਾ ਇੱਕ ਗਰੋਹ ਭੈਣੀ ਤੋਂ ਫ਼ਸਾਦ ਪਾਉਣ ਦੇ ਇਰਾਦੇ ਨਾਲ ਰਵਾਨਾ ਹੋਇਆ ਹੈ ਤਾਂ ਉਸ ਪੁਲਿਸ ਅਫ਼ਸਰ ਨੇ ਗੁਰੂ ਰਾਮ ਸਿੰਘ ਤੋਂ ਦਰਿਆਫ਼ਤ ਕੀਤਾ। ਗੁਰੂ ਰਾਮ ਸਿੰਘ ਨੇ ਬਿਆਨ ਕੀਤਾ ਕਿ "ਇਹ ਲੋਕ ਹਮਲੇ ਦੇ ਇਰਾਦੇ ਨਾਲ ਰਵਾਨਾ ਹੋਏ ਹਨ ਅਤੇ ਹੁਣ ਮੇਰੇ ਹੁਕਮ 'ਚ ਨਹੀਂ ਹਨ।" ਉਸ ਦਾ ਹਮਲੇ ਤੋਂ ਸੂਚਿਤ ਹੋਣਾ ਖ਼ੁਦ ਉਸ ਦੇ ਬਿਆਨ ਤੋਂ ਸਾਬਿਤ ਹੈ। ਇਹ ਉਸ ਦੀ ਚਾਲਾਕੀ ਹੈ ਕਿ ਉਹ ਬਿਆਨ ਕਰਦਾ ਹੈ ਕਿ ਇਹ ਲੋਕ ਹੁਣ ਮੇਰੇ ਕਹਿਣੇ 'ਚ ਨਹੀਂ ਹਨ। ਫ਼ਰਜ਼ ਕਰੋ ਇਹ ਗੱਲ ਠੀਕ ਹੋਵੇ ਤਾਂ "ਇੰਡੀਅਨ ਪਬਲਿਕ ਉਪੀਨੀਅਨ" ਦੇ ਮਾਲਿਕ ਦੇ ਕਥਨ ਅਨੁਸਾਰ ਗੁਰੂ ਰਾਮ ਸਿੰਘ ਨੂੰ ਵਾਜਿਬ ਸੀ ਕਿ ਉਹ ਘਟਨਾ ਘਟਨ ਤੋਂ ਪਹਿਲਾਂ ਪੁਲਿਸ ਨੂੰ ਉਸ ਗਰੋਹ ਦੇ ਇਰਾਦੇ ਤੋਂ ਸੂਚਿਤ ਕਰਦਾ। ਪਹਿਲੀ ਗੱਲ ਤਾਂ ਇਹ ਸਾਫ਼ ਜ਼ਾਹਿਰ ਹੈ ਕਿ ਜਿਹੜੀ ਕੌਮ ਆਪਣੇ ਗੁਰੂ ਜਾਂ ਮੁਖੀ ਨੂੰ ਆਪਣਾ ਧਾਰਮਿਕ ਆਗੂ ਸਮਝ ਕੇ ਉਸ ਦੇ ਏਨੀ ਅਧੀਨ ਹੋਵੇ ਅਤੇ ਉਸ ਦੇ ਹੁਕਮ ਤੇ ਮਰਜ਼ੀ ਨੂੰ ਲੋਕ ਪ੍ਰਲੋਕ ਦੇ ਲਾਭਾਂ ਦਾ ਵਸੀਲਾ ਸਮਝਦੀ ਹੋਵੇ ਉਹ ਕੌਮ ਕਿਵੇਂ ਡੰਕੇ ਦੀ ਚੋਟ ਨਾਲ ਉਸ ਦੇ ਹੁਕਮ ਤੋਂ ਮੂੰਹ ਮੋੜ ਸਕਦੀ ਹੈ। ਮੂੰਹ ਮੋੜਨਾ ਦਾ ਮਤਲਬ ਖ਼ੁਦ ਉਸ ਤੋਂ ਬਾਗ਼ੀ ਹੋਣਾ ਹੈ ਅਤੇ ਇਹ ਗੱਲ ਉਸਦੀ ਮੰਨੀ ਨਹੀ ਜਾ ਸਕਦੀ ਜਦੋਂ ਤੱਕ ਐਲਾਨੀਆਂ ਤੌਰ 'ਤੇ ਕੋਈ ਕੰਮ ਕੂਕਾ ਕੌਮ ਦੇ ਕਮਜ਼ੋਰ ਅਕੀਦੇ ਸੰਬੰਧੀ ਪ੍ਰਗਟ ਨਾ ਹੋਵੇ। ਜੇ ਇਹ ਕੰਮ ਜਾਂ ਇਸ ਤਰ੍ਹਾਂ ਦੇ ਹੋਰ ਪਹਿਲਾਂ ਦੇ ਕੰਮ ਗੁਰੂ ਰਾਮ ਸਿੰਘ ਦੀ ਮਰਜ਼ੀ ਦੇ ਵਿਰੁੱਧ ਤੇ ਜ਼ਬਰਦਸਤੀ ਹੋਏ ਸਨ ਤਾਂ ਗੁਰੂ ਰਾਮ ਸਿੰਘ ਨੂੰ, ਇਸ ਗੱਲ ਨੂੰ ਵੀ ਅੱਖੋਂ ਪ੍ਰੋਖੇ ਕਰ ਦਈਏ ਕਿ ਉਹ ਕਦੇ ਪੁਲਿਸ ਨੂੰ ਉਨ੍ਹਾਂ ਦੇ ਇਰਾਦੇ ਤੋਂ ਸੂਚਿਤ ਕਰਦਾ, ਇਹ ਵੀ ਵਾਜਿਬ ਸੀ ਕਿ ਉਹ ਅਜਿਹੇ ਲੋਕਾਂ ਨਾਲ ਮੁੜ ਕੇ ਮਿਲਦਾ ਨਾ ਤੇ ਉਨ੍ਹਾਂ ਨਾਲੋਂ ਸੰਬੰਧ ਤੋੜ ਲੈਂਦਾ। ਹੁਣ ਇਹ ਸਵਾਲ ਬਾਕੀ ਹੈ ਕਿ ਜੇ ਗੁਰੂ ਰਾਮ ਸਿੰਘ ਪਾਕ ਸਾਫ਼ ਨਾ ਹੁੰਦਾ ਤਾਂ ਉਹ ਪੁੱਛ ਗਿੱਛ ਸਮੇਂ ਕੂਕਿਆਂ ਦੇ ਗਰੋਹ ਦੇ ਇਰਾਦੇ ਤੋਂ ਆਪਣੀ ਨਾ ਜਾਣਕਾਰੀ (ਨਾ ਵਾਕਫ਼ੀ) ਬਿਆਨ ਕਰਦਾ। ਸਾਡੇ ਰਾਏ ਵਿੱਚ ਤੇ ਆਮ ਲੋਕਾਂ ਦੇ ਯਕੀਨ ਅਨੁਸਾਰ ਇਹ ਸਾਫ਼ ਤੇ ਸਿੱਧੀ ਗੱਲ ਹੈ ਕਿ ਗੁਰੂ ਰਾਮ ਸਿੰਘ ਨੇ ਪੁਲਿਸ ਅਫ਼ਸਰ ਨੂੰ ਆਪਣੀ ਪੈਂਠ (ਇੱਜ਼ਤ) ਲਈ ਉਹੋ ਜਿਹਾ ਹੀ ਧੋਖਾ ਦਿੱਤਾ ਸੀ ਜਿਹੋ ਜਿਹਾ ਉਹ ਹਮੇਸ਼ਾ ਤੋਂ ਆਪਣੀ ਵੱਡਤਣ ਤੇ ਉਸਤਾਦੀ ਦਾ ਦਾਅਵਾ ਕਰਦਾ ਹੁੰਦਾ ਹੈ।

ਹੁਣ ਅਸੀਂ ਇਹ ਬਿਆਨ ਕਰਦੇ ਹਾਂ ਕਿ ਇਸ ਵਾਰਦਾਤ ਨਾਲ ਆਮ ਲੋਕਾਂ ਵਿੱਚ ਕੀ ਕੀ ਬੇਭਰੋਸਗੀਆਂ ਪੈਦਾ ਹੋ ਗਈਆਂ ਸਨ, ਮੁਲਕ ਵਿੱਚ ਕਿੰਨੀ ਬੇਚੈਨੀ ਤੇ ਪ੍ਰੇਸ਼ਾਨੀ ਫ਼ੈਲ ਗਈ ਸੀ ਤੇ ਅੰਗਰੇਜ਼ੀ ਗੌਰਮਿੰਟ ਨੂੰ ਕੀ ਕੀ ਸ਼ੱਕ ਤੇ ਡਰ ਹੋ ਗਏ ਸਨ। ਇਸ ਵਿੱਚ ਸ਼ੱਕ ਨਹੀਂ ਹੈ ਕਿ ਪੰਜਾਬ ਵਾਸਤੇ ਇੱਕ ਐਸਾ ਨਾਜ਼ੁਕ ਸਮਾਂ ਆਇਆ ਸੀ ਕਿ ਜੇ ਉਸ ਨੂੰ ਖਦੇੜਨ ਵਿੱਚ ਥੋੜ੍ਹੀ ਜਿਹੀ ਵੀ ਦੇਰ ਹੋ ਜਾਂਦੀ ਤਾਂ ਖ਼ੁਦਾ ਨਾ ਕਰੇ! ਇਹ ਨਤੀਜਾ ਨਿਕਲਦਾ ਕਿ ਅੰਗਰੇਜ਼ੀ ਗੌਰਮਿੰਟ ਨੂੰ ਉਸ ਨੂੰ ਖਦੇੜਨ ਵਾਸਤੇ ਬਹੁਤ ਸਾਰਾ ਖ਼ਜ਼ਾਨਾ ਖਰਚਣਾ ਪੈਂਦਾਂ ਤੇ ਬੇਸ਼ੁਮਾਰ ਫ਼ੌਜ ਲਾਉਣੀ ਪੈਂਦੀ ਜਿਸ ਦੇ ਕਾਰਨ ਦਸ ਵੀਹ ਹਜ਼ਾਰ ਰੱਬ ਦੇ ਬੰਦਿਆਂ ਦਾ ਖ਼ੂਨ ਹੋ ਜਾਂਦਾ। ਜੇ ਸਰਕਾਰ ਪਟਿਆਲਾ ਵਲੋਂ ਏਨੀ ਛੇਤੀ ਕੋਸ਼ਿਸ਼ ਨਾ ਕੀਤੀ ਜਾਂਦੀ ਤਾਂ ਆਮ ਜਨਤਾ ਦੇ ਸਾਰੇ ਖ਼ਿਆਲਾਤ ਘਟਨਾਵਾਂ 'ਤੇ ਕੇਂਦਰਿਤ ਹੋ ਜਾਂਦੇ।

ਇਹ ਇੱਕ ਅਨੋਖਾ ਸਮਾਂ ਸੀ ਕਿ ਆਸ ਪਾਸ ਦੀਆਂ ਸਾਰੀਆਂ ਫ਼ੌਜਾਂ ਅਕਸਰ ਹਾਕਿਮ ਅਤੇ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਵਾਲੀ-ਏ-ਪਟਿਆਲਾ, ਜਿਹੜੇ ਇਸ ਪਾਸੇ ਦੇ ਮਹਾਨ ਰਈਸ ਹਨ ਅਤੇ ਸਰਕਾਰ ਅੰਗਰੇਜ਼ੀ ਦੇ ਬਹੁਤ ਵੱਡੇ ਦੋਸਤ ਗਿਣੇ ਜਾਂਦੇ ਹਨ, ਦਿੱਲੀ ਵਿੱਚ ਸਨ, ਜੋ ਇਸ ਅਸਥਾਨ ਤੋਂ ਬਹੁਤ ਫ਼ਾਸਿਲੇ 'ਤੇ ਸਥਿਤ ਹੈ। ਨਾਭੇ ਬਾਰੇ ਇਹ ਖ਼ਿਆਲ ਸੀ ਕਿ ਸਾਬਿਕ ਰਈਸ ਦੇ ਜ਼ਮਾਨੇ 'ਚ ਉੱਥੇ ਕਾਫ਼ੀ ਸਮੇਂ ਤੋਂ ਬੇਇੰਤਜ਼ਾਮੀ (ਗੜਬੜ) ਸੀ ਤੇ ਹੁਣ ਜਿਹੜਾ ਉੱਥੋਂ ਦਾ ਰਈਸ ਹੈ ਅਜੇ ਹੁਣੇ ਹੁਣੇ ਗੱਦੀ 'ਤੇ ਬੈਠਾ ਹੈ। ਕੋਟਲਾ, ਪੱਕਾ ਰਈਸ ਨਾ ਹੋਣ ਦੇ ਕਾਰਨ, ਕਮਜ਼ੋਰੀ ਦੀ ਹਾਲਤ ਵਿੱਚ ਹੈ। ਸੋ ਪ੍ਰਗਟ ਹੈ ਕਿ ਜਦੋਂ ਅਜਿਹਾ ਮੈਦਾਨ ਖ਼ਾਲੀ ਹੋਵੇ ਤਾਂ ਫ਼ਸਾਦੀਆਂ ਦੀ ਜੁਰਅਤ ਅਤੇ ਆਮ ਲੋਕਾਂ ਦੀ ਬੇਭਰੋਸਗੀ ਤੇ ਬੇਚੈਨੀ ਦਾ ਕੀ ਅੰਦਾਜ਼ਾ ਹੋਵੇਗਾ

? ਫਿਰੋਜ਼ਪੁਰ ਵਿੱਚ ਜਿੱਥੇ ਪੰਜਾਬ ਦਾ ਸਭ ਨਾਲੋਂ ਵੱਡਾ ਅਸਲਾ ਖ਼ਾਨਾ ਹੈ, ਹਾਕਿਮਾਂ ਨੇ ਇਹ ਪ੍ਰਬੰਧ ਕੀਤਾ ਸੀ ਕਿ ਚਪੜਾਸੀਆਂ ਤੱਕ ਨੂੰ ਹਥਿਆਰ ਦਿੱਤੇ ਸਨ। ਮੈਗਜ਼ੀਨ (ਬਾਰੂਦ ਖ਼ਾਨਾ– ਅਸਲਾ ਖ਼ਾਨਾ) ਵਾਲੇ ਕਿਲੇ ’ਤੇ ਥਾਂ ਪੁਰ ਥਾਂ ਜੰਗੀ ਹਿਫ਼ਾਜ਼ਤ ਕੀਤੀ ਗਈ ਸੀ। ਜੇਲ ਖ਼ਾਨੇ ’ਤੇ ਗਾਰਡਾਂ ਦੇ ਪਹਿਰੇ ਵਧਾਏ ਗਏ ਸਨ। ਸ਼ਹਿਰ ਤੇ ਛਾਉਣੀ ਵਿੱਚ ਸਾਰੀ ਰਾਤ ਅਤਿਅੰਤ ਇਹਤਿਆਤ ਤੇ ਚੌਕਸੀ ਨਾਲ ਰੌਂਦ ਗਸ਼ਤ ਹੁੰਦੀ ਸੀ ਕਿ ਪਤਾ ਨਹੀਂ ਬਾਗ਼ੀ ਕਿਸ ਵੇਲੇ ਆ ਪੈਂਣਗੇ। ਜੀਂਦ, ਨਾਭਾ ਤੇ ਕੋਟਲਾ ਆਪਣੀ ਆਪਣੀ ਹਿਫ਼ਾਜ਼ਤ ਤੇ ਇੰਤਜ਼ਾਮ ਦੇ ਫ਼ਿਕਰ ’ਚ ਸਨ।

ਮਿਸਟਰ ਆਰ. ਰੌ. ਸਾਹਿਬ ਬਹਾਦੁਰ ਡਿਪਟੀ ਕਮਿਸ਼ਨਰ ਲੁਧਿਆਣਾ ਦੇ ਜਾਣ ਮਗਰੋਂ ਉਸ ਵੇਲੇ ਇਸ ਅਸਥਾਨ ਦੇ ਆਲ੍ਹਾ ਅਫ਼ਸਰ ਸਮਝੇ ਜਾਂਦੇ ਸਨ, ਝੱਜਰ ਦੇ ਸੁਰਗਵਾਸੀ ਰਈਸ ਦੇ ਚਾਚੇ ਨਵਾਬ ਅਲੀ ਮੁਹੰਮਦ ਖ਼ਾਨ ਸਾਹਿਬ ਬਹਾਦੁਰ ਦੇ ਬੇਟੇ ਫ਼ੈਜ਼ ਉੱਦੀਨ ਖ਼ਾਨ ਸਾਹਿਬ ਨੂੰ ਖ਼ਲੀਫ਼ਾ ਸੱਯਦ ਮੁਹੰਮਦ ਕਾਜ਼ਿਮ ਸਾਹਿਬ ਦੇ ਨਾਮ ਚਿੱਠੀ ਦੇ ਕੇ ਪਟਿਆਲੇ ਨੂੰ ਭੇਜਿਆ ਜਿਹੜੀ ਪ੍ਰਧਾਨ ਮੰਤਰੀ ਪਟਿਆਲਾ ਨੂੰ ਦੇਣੀ ਸੀ ਅਤੇ ਸੂਚਿਤ ਕੀਤਾ ਕਿ ਕੂਕਿਆਂ ਦੇ ਇਸ ਇਰਾਦੇ ਦਾ ਪਤਾ ਲੱਗਦਾ ਹੈ ਕਿ ਉਹ ਜੀਂਦ ਤੇ ਮਾਲੇਰ ਕੋਟਲਾ ਆਦਿ ਉੱਤੇ ਹਮਲਾ ਕਰਨਗੇ। ਇਸੇ ਇਤਲਾਹ ਦੀ ਇੱਕ ਚਿੱਠੀ ਜੀਂਦ ਵਾਲੇ ਰਾਜਾ ਸਾਹਿਬ ਬਹਾਦੁਰ ਦੇ ਨਾਮ ਸੀ ਜਿਹੜੀ ਪਟਿਆਲਾ ਤੋਂ ਬਹੁਤ ਛੇਤੀ ਨਾਲ ਰਿਆਸਤ ਜੀਂਦ ਦੀ ਰਾਜਧਾਨੀ ਸੰਗਰੂਰ ਵਿਖੇ ਰਾਜਾ ਸਾਹਿਬ ਕੋਲ ਭੇਜੀ ਗਈ। ਪਤਾ ਲੱਗਿਆ ਕਿ ਜਿਸ ਵੇਲੇ ਫ਼ੈਜ਼ ਉੱਦੀਨ ਖ਼ਾਨ ਇਹ ਦੋਵੇਂ ਚਿੱਠੀਆਂ ਲੈ ਕੇ ਲੁਧਿਆਣਾ ਤੋਂ ਚੱਲੇ ਸਨ ਤਾਂ ਰੇਲ ਦਾ ਵੇਲਾ ਬਾਕੀ ਨਹੀਂ ਸੀ ਇਸ ਲਈ ਮਿਸਟਰ ਆਰ. ਰੌ ਸਾਹਿਬ ਬਹਾਦੁਰ ਨੇ ਉਨ੍ਹਾਂ ਨੂੰ ਮਾਲ ਗੱਡੀ ਵਿੱਚ ਰਵਾਨਾ ਕੀਤਾ। ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਵਾਲੀ–ਏ–ਪਟਿਆਲਾ ਇਹ ਖ਼ਬਰ ਸੁਣਦੇ ਸਾਰ ਨਾਰਨੌਲ ਦਾ ਦੌਰਾ ਅੱਗੇ ਪਾ ਕੇ ਦਿੱਲੀ ਤੋਂ ਵਾਪਸ ਚੱਲ ਪਏ। ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਨੂੰ ਆਪਣਾ ਦੌਰਾ ਅੱਗੇ ਪਾ ਕੇ ਦਿੱਲੀ ਵਿੱਚ ਇਸ ਵਾਰਦਾਤ ਦੇ ਨਤੀਜੇ ਦਾ ਇੰਤਜ਼ਾਰ ਕਰਨਾ ਪਿਆ। ਜੇ ਇਹ ਖ਼ਬਰ ਦਿੱਲੀ ਵਿੱਚ ਇੱਕ ਦਿਨ ਮਗਰੋਂ ਪੁੱਜਦੀ ਤਾਂ ਪੱਕੀ ਗੱਲ ਸੀ ਕਿ ਨਵਾਬ ਲੈਫ਼ਟੀਨੈਂਟ ਗਵਰਨਰ ਪੰਜਾਬ ਤੇ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਵਾਲੀ–ਏ–ਪਟਿਆਲਾ ਦੌਰੇ ’ਤੇ ਦਿੱਲੀ ਤੋਂ ਕੂਚ ਕਰ ਚੁੱਕੇ ਹੁੰਦੇ। ਜਲੰਧਰ ਛਾਉਣੀ ਤੋਂ ਜਿੰਨੀ ਫ਼ੌਜ ਦਾ ਖੜ੍ਹੇ ਪੈਰ (ਫ਼ੌਰਨ) ਭੇਜਣਾ ਸੰਭਵ ਸੀ ਉਹ ਲੁਧਿਆਣੇ ਦੇ ਹਾਕਮਾਂ ਦੀ ਇਤਲਾਹ ਦੇ ਮੁਤਾਬਕ ਫ਼ੌਰਨ ਭੇਜੀ ਗਈ। ਜਲੰਧਰ ਵਿੱਚ ਵੀ ਹਰ ਪ੍ਰਕਾਰ ਦੀ ਚੌਕਸੀ ਵਰਤੀ ਗਈ। ਦਿੱਲੀ ਤੋਂ ਸਾਧਾਰਨ ਟਰੇਨਾਂ ਤੇ ਸਪੈਸ਼ਲ ਟਰੇਨਾਂ ਰਾਹੀਂ, ਜਨਾਬ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਤੇ ਜਨਾਬ ਕਮਾਂਡਰ–ਇਨ–ਚੀਫ਼ (ਸੈਨਾ–ਪਤੀ) ਬਹਾਦੁਰ ਦੇ ਮਸ਼ਵਰੇ ਅਨੁਸਾਰ, ਤੋਪਖ਼ਾਨਾ ਖੱਚਰ ਬਾਟਰੀ, ਅੱਧੀਆਂ ਲੰਡਰ ਪਲਟਨਾ, ਹਿੰਦੋਸਤਾਨੀ ਰਿਸਾਲਾ ਨੰ: 12 ਤੇ ਗੋਰਖਾ ਪਲਟਣ ਸਮੇਂ ਸਮੇਂ ਸਿਰ ਅਤਿਅੰਤ ਚੁਸਤੀ ਤੇ ਚੌਕਸੀ ਨਾਲ ਰਵਾਨਾ ਹੋ ਕੇ ਖੰਨਾ ਵਿਖੇ ਇੱਕਠੀਆਂ ਕੀਤੀਆਂ ਗਈਆਂ ਕਿਉਂਕਿ ਖੰਨਾ, ਅੰਬਾਲੇ ਤੇ ਕੋਟਲੇ ਦੇ ਵਿਚਕਾਰ ਲੁਧਿਆਣਾ ਦੇ ਬਹੁਤ ਜ਼ਿਆਦਾ ਨੇੜੇ ਸਥਿਤ ਹੈ। ਛਾਉਣੀ ਤੇ ਸ਼ਹਿਰ ਅੰਬਾਲਾ, ਮੇਰਠ ਤੇ ਲੁਧਿਆਣਾ ਦੀ ਹਿਫ਼ਾਜ਼ਤ ਵਾਸਤੇ ਲੋੜੀਂਦੀ ਯੂਰਪੀ ਤੇ ਹਿੰਦੋਸਤਾਨੀ ਫ਼ੌਜ ਦਿੱਲੀ ਤੋਂ ਮੰਗਵਾ ਕੇ ਥਾਂ ਪੁਰ ਥਾਂ ਨਿਯੁਕਤ ਕੀਤੀ ਗਈ। ਜਿਹੜੀਆਂ ਇਹਤਿਆਤਾਂ ਤੇ ਹਿਫ਼ਾਜ਼ਤਾਂ ਅਜਿਹੇ ਹਨੇਰ ਗਰਦੀ ਦੇ ਸਮੇਂ ਵਾਸਤੇ ਕਰਨੀਆਂ ਵਾਜਿਬ ਸਨ ਉਹ ਅੰਗਰੇਜ਼ੀ ਹਾਕਿਮਾਂ ਵੱਲੋਂ ਅਤਿਅੰਤ ਚੌਕਸੀ ਨਾਲ ਕੀਤੀਆਂ ਗਈਆਂ। ਜਿਨ੍ਹਾਂ ਸਪੈਸ਼ਲ ਟਰੇਨਾਂ ਵਿੱਚ ਲਗਾਤਾਰ ਦਿੱਲੀ ਤੋਂ ਫ਼ੌਜਾਂ ਆਉਂਦੀਆਂ ਸਨ ਉਨ੍ਹਾਂ ਨੂੰ ਸਾਹਿਬ ਕਮਾਂਡਰ–ਇਨ–ਚੀਫ਼ ਦੇ ਹੁਕਮ ਅਨੁਸਾਰ ਇਸ ਕਿਸਮ ਦਾ ਇੰਜਣ ਲਾਇਆ ਗਿਆ ਸੀ ਜਿਹੋ ਜਿਹਾ ਜੰਗ ਦੇ ਮੌਕੇ ਲਾਇਆ ਜਾਂਦਾ ਹੈ।

ਹੁਣ ਅਸੀਂ ਬਿਆਨ ਕਰਦੇ ਹਾਂ ਕਿ ਖ਼ਾਸ ਗੁਰੂ ਰਾਮ ਸਿੰਘ ਬਾਰੇ ਜਿਹੜਾ ਉਪਾਓ ਕੀਤਾ ਗਿਆ ਹੈ ਉਹ ਕਿਹੋ ਜਿਹਾ ਹੈ ਤੇ ਉਸ ਦਾ ਅਸਰ ਕੀ ਹੈ ? ਆਮ ਜਨਤਾ ਨੂੰ ਪਤਾ ਹੈ ਕਿ ਮਲੌਂਦ ਤੇ ਕੋਟਲਾ ਦੇ ਹਮਲੇ ਮਗਰੋਂ ਗੁਰੂ ਰਾਮ ਸਿੰਘ ਪੁਲਿਸ ਦੀ ਰਾਖੀ

---

ਵਿੱਚ ਅਲਾਹਾਬਾਦ ਨੂੰ ਭੇਜਿਆ ਗਿਆ ਤੇ ਉਸ ਦੇ ਕੁਝ 'ਸੂਬੇ' ਵੀ ਉਸ ਦੇ ਨਾਲ ਭੇਜੇ ਗਏ ਸਨ। ਕੁਝ ਸ਼ਰਾਰਤੀ, ਜਾਂਚ ਪੜਤਾਲ ਕਰਨ ਉਪ੍ਰੰਤ ਉੱਥੇ ਹੀ ਭੇਜੇ ਗਏ। ਇਹ ਸਾਰੇ ਉੱਥੇ ਕੈਦ ਹਨ। ਗੁਰੂ ਰਾਮ ਸਿੰਘ ਨੂੰ ਇਸ ਇਲਾਕੇ 'ਚੋਂ ਬਾਹਰ ਤਬਦੀਲ ਕਰਕੇ ਕੈਦ ਕਰਨਾ ਵੈਸੇ ਹੀ ਕੋਟਲਾ ਵਿਖੇ ਉਸ ਦੇ ਪੈਰੋਕਾਰਾਂ ਨੂੰ ਸਜ਼ਾ ਦੇਣ ਨਾਲੋਂ ਵਧੀਆ ਉਪਾਓ ਸੀ ਅਤੇ ਉਸ ਸਜ਼ਾ ਦੇ ਅਸਰ ਵਿੱਚ ਇਸ ਉਪਾਓ ਨੇ ਅਜਿਹੀ ਮਦਦ ਕੀਤੀ ਜਿਵੇਂ ਇੱਕ ਨੁਸਖੇ ਵਿੱਚ ਘੱਟ ਅਸਰ ਵਾਲੀ ਦਵਾ ਕਿਸੇ ਤਕੜੇ ਅਸਰ ਵਾਲੀ ਦਵਾਈ ਦੀ ਮਦਦ ਕਰਦੀ ਹੈ। **ਜੇ ਗੁਰੂ ਰਾਮ ਸਿੰਘ ਆਪਣੀ ਜਗ੍ਹਾ 'ਤੇ ਆਜ਼ਾਦ ਤੌਰ 'ਤੇ ਰਹਿੰਦਾ ਹੁੰਦਾ ਤਾਂ ਇਸ ਵਿੱਚ ਕੋਈ ਸ਼ੱਕ ਨਹੀਂ ਸੀ ਕਿ ਕੂਕਿਆਂ ਦਾ ਫ਼ਿਰਕਾ ਇਸ ਤਰ੍ਹਾਂ ਤਕੜਾ ਰਹਿੰਦਾ ਜਿਸ ਤਰ੍ਹਾਂ ਕੋਈ ਫ਼ੌਜ ਆਪਣੇ ਕਮਾਂਡਰ ਨਾਲ ਤਕੜੀ ਰਹਿੰਦੀ ਹੈ। ਇਸ ਹਾਲਤ ਵਿੱਚ ਯਕੀਨ ਸੀ ਕਿ ਉਹ ਲੋਕ ਮੁੜ ਕਿਸੇ ਮੌਕੇ 'ਤੇ ਆਪਣੇ ਦਿਲੀ ਇਰਾਦੇ ਪ੍ਰਗਟ ਕਰਦੇ।**

**ਸਾਡੀ ਸਮਝ ਵਿੱਚ ਬਾਗੀਆਂ ਨੂੰ ਤੋਪ** ਨਾਲ ਉਡਾਇਆ ਜਾਣਾ **ਅਤੇ ਉਨ੍ਹਾਂ ਦੇ ਆਗੂ ਭਾਵ ਗੁਰੂ ਰਾਮ ਸਿੰਘ ਨੂੰ ਉਸ ਦੇ ਠਿਕਾਣੇ ਤੋਂ ਤਬਦੀਲ ਕਰਕੇ ਕੈਦ ਰੱਖਣਾ ਦੋਵੇਂ ਇੱਕੋ ਹੀ ਕਿਸਮ ਦੇ ਮੁਲਕੀ ਉਪਾਓ ਹਨ ਪਰ ਫ਼ਰਕ ਏਨਾਂ ਹੈ ਕਿ ਉਹ ਖ਼ਰਾਬ ਇਰਾਦੇ ਦੇ ਹੱਕ ਵਿੱਚ ਜੁਲਾਬ ਦੇਣ ਸਮਾਨ ਹੈ ਅਤੇ ਇਹ ਜੁਲਾਬ ਦੇ ਮਗਰੋਂ ਗਰਮੀ ਨੂੰ ਦੂਰ ਕਰਨ ਵਾਲੀ ਠੰਢੀ ਹਵਾ ਸਮਾਨ ਹੈ। ਅਜੇ ਤੱਕ ਸਾਨੂੰ ਦਰਿਆਫ਼ਤ ਨਹੀਂ ਹੋਇਆ ਹੈ ਕਿ ਉਸ ਬਾਰੇ ਅੱਗੋਂ ਨੂੰ ਅੰਗਰੇਜ਼ੀ ਗੌਰਮਿੰਟ ਦੀ ਕੀ ਤਜਵੀਜ਼ ਹੈ ਪਰ ਸਾਡੀ ਰਾਏ ਇਹ ਹੈ ਕਿ ਗੁਰੂ ਰਾਮ ਸਿੰਘ ਦਾ ਹਮੇਸ਼ਾ ਵਾਸਤੇ ਨਜ਼ਰਬੰਦ ਰਹਿਣਾ ਮੁਨਾਸਿਬ ਹੈ।**

ਅਸੀਂ ਇਹ ਮਜ਼ਮੂਨ ਇਸ ਕਰਕੇ ਲਿਖਿਆ ਹੈ ਕਿ ਅੰਗਰੇਜ਼ੀ ਗੌਰਮਿੰਟ ਨੂੰ ਇਨ੍ਹਾਂ ਫ਼ਸਾਦਾਂ ਦੇ ਅਸਲੀ ਕਾਰਨ ਦਾ ਪਤਾ ਲੱਗ ਜਾਵੇ ਤਾਂ ਕਿ ਮੁਲਕੀ ਭਲਾਈ ਦੇ ਲਿਹਾਜ਼ ਨਾਲ ਜਿਹੜੇ ਉਪਾਓ ਇਸ ਮਾਮਲੇ ਵਿੱਚ ਮੁਨਾਸਿਬ ਹੋਣ ਉਨ੍ਹਾਂ ਨਾਲ ਸਾਡੀ ਗੌਰਮਿੰਟ ਨੂੰ ਸਾਡੇ ਸ਼ੁਭ ਚਿੰਤਕਾਂ ਦੀ ਤਹਿਕੀਕਾਤ ਤੇ ਖ਼ਿਆਲਾਂ ਤੋਂ ਮਦਦ ਮਿਲੇ।

ਅੰਤ ਵਿੱਚ ਅਸੀਂ ਆਮ ਲੋਕਾਂ ਨੂੰ ਪੂਰੀ ਤਸੱਲੀ ਦਿਵਾਉਂਦੇ ਹਾਂ ਕਿ ਹੁਣ ਕੂਕਿਆਂ ਦੇ ਫ਼ਿਰਕੇ ਦਾ ਅਜਿਹਾ ਸਿਰ ਕੁੱਟਿਆ ਗਿਆ ਹੈ ਤੇ ਉਹ ਹੇਠਾਂ ਲਾ ਦਿੱਤਾ ਗਿਆ ਹੈ ਕਿ ਉਸ ਵਿੱਚ ਸਿਰ ਚੁੱਕਣ ਦੀ ਤਾਕਤ ਨਹੀਂ ਰਹੀ। ਸੋ ਅਜਿਹੇ ਫ਼ਸਾਦ ਤਾਂ ਇੱਕ ਪਾਸੇ, ਮਾੜੇ ਮੋਟੇ ਫ਼ਸਾਦ, ਜਿਹੜੇ ਇਸ ਫ਼ਿਰਕੇ ਵੱਲੋਂ ਕਦੇਂ ਕਦੇਂ ਹੁੰਦੇ ਆਉਂਦੇ ਸਨ, ਵੀ ਸ਼ਾਇਦ ਇਹ ਹੁਣ ਨਹੀਂ ਕਰ ਸਕਣਗੇ।

–ਬਸ–

# ਐਡੀਟਰ ਅਖ਼ਬਾਰ "ਲੰਡਨ ਟਾਈਮਜ਼" ਦੇ ਨਾਮ ਕੂਕਿਆਂ ਦੀ 'ਜਾਨ ਦੇ ਬਦਲੇ ਜਾਨ' ਬਾਰੇ ਟੂਕ

(ਕੂਕਿਆਂ ਦਾ ਬਦਲਾ ਲੈਣ ਸਬੰਧੀ 20 ਮਾਰਚ 1872 ਦੇ ਛਪੇ ਅਖਬਾਰ "ਲੰਡਨ ਟਾਇਮਜ " ਵਿਚ ਦਰਜ ਟੂਕ ਦਾ ਸਾਰ)

ਵੱਲੋਂ :- ਥਾਰਨਟਨ ਸਾਹਿਬ ਸੈਕਟਰੀ ਪੰਜਾਬ (ਰੁਖ਼ਸਤੀ)

ਵੱਲ :-ਸਾਹਿਬ ਐਡੀਟਰ " ਟਾਈਮਜ਼ ਆਫ਼ ਇੰਡੀਆ" ਦੇ ਨਾਮ।

ਮੇਰੇ ਸਾਹਿਬ,

ਮੈਂ ਉਨ੍ਹਾਂ ਲੋਕਾਂ ਦੇ ਹੱਕ 'ਚ ਵਾਜਿਬ ਜਾਣ ਕੇ, ਜਿਹੜੇ ਕੂਕਿਆਂ ਤੋਂ ਬਦਲਾ ਲੈਣ ਨਾਲ ਸੰਬੰਧਤ ਸਨ, ਆਪ ਦੇ ਅਖ਼ਬਾਰ 'ਚ ਛਪਣ ਵਾਸਤੇ ਮਹਾਰਾਜਾ ਸਾਹਿਬ ਬਹਾਦੁਰ ਪਟਿਆਲਾ ਵੱਲੋਂ ਅੱਜ ਪ੍ਰਾਪਤ ਹੋਈ ਚਿੱਠੀ ਦਾ ਸਾਰ ਆਪ ਦੀ ਸੇਵਾ ਵਿੱਚ ਭੇਜ ਰਿਹਾ ਹਾਂ।

ਮਹਾਰਾਜਾ ਸਾਹਿਬ ਪੰਜਾਬ ਦੀਆਂ ਸਿੱਖ ਰਿਆਸਤਾਂ ਵਿੱਚੋਂ ਇੱਕ ਉੱਚੇ ਰੁਤਬੇ ਵਾਲੀ ਰਿਆਸਤ ਦੇ ਹੁਕਮਰਾਨ ਹਨ। ਉਨ੍ਹਾਂ ਦਾ ਮੁਲਕ ਮਾਲੇਰ ਕੋਟਲਾ ਦੇ ਨਾਲ ਲੱਗਦਾ ਹੈ ਜਿੱਥੇ ਕੱਟੜ ਪੰਥੀ ਕੂਕਿਆਂ ਨੇ ਇੱਕ ਭਾਰੀ ਹਮਲਾ ਕੀਤਾ ਸੀ। ਮਹਾਰਾਜਾ ਸਾਹਿਬ ਇੱਕ ਨੌਜਵਾਨ, ਸੂਝਵਾਨ ਤੇ ਨੇਕ ਵਿਅਕਤੀ ਹਨ। ਮੈਂ ਯਕੀਨ ਕਰਦਾ ਹਾਂ ਕਿ ਉਨ੍ਹਾਂ ਤੋਂ ਅਤਿਅੰਤ ਦੂਰ ਦੀ ਗੱਲ ਹੈ ਕਿ ਉਹ ਇਨਸਾਨੀ ਜਾਨਾਂ ਨੂੰ ਫ਼ਜ਼ੂਲ ਖ਼ਤਮ ਕਰਨ ਦੀ ਪ੍ਰੋੜਤਾ ਕਰਨ। ਇਨ੍ਹਾਂ ਹਾਲਤਾਂ ਵਿੱਚ ਉਨ੍ਹਾਂ ਦੀ 'ਜ਼ਰੂਰੀ ਕਤਲ' ਬਾਰੇ ਰਾਏ ਭਰੋਸੇਯੋਗ ਖ਼ਿਆਲ ਕੀਤੀ ਜਾਂਦੀ ਹੈ।

ਵੱਲੋਂ
ਥਾਰਨਟਨ ਸਾਹਿਬ ਸੈਕਟਰੀ ਪੰਜਾਬ (ਰੁਖ਼ਸਤੀ)
ਈਸਟ ਇੰਡੀਆ ਯੂਨਾਈਟਿਡ ਸਰਵਿਸ ਕੱਲਬ
18 ਮਾਰਚ 1872.

**ਮਹਾਰਾਜਾ ਸਾਹਿਬ ਪਟਿਆਲਾ ਦੀ ਚਿੱਠੀ ਦਾ ਸਾਰ**

ਤੁਸੀਂ ਸੁਣਿਆ ਹੋਵੇਗਾ ਕਿ ਕੂਕਾ ਮਜ਼ਹਬ ਦੇ ਜਹਾਦੀਆਂ ਨੇ ਮਲੌਦ ਤੇ ਮਾਲੇਰ ਕੋਟਲਾ 'ਤੇ ਇੱਕ ਲਖ਼ਤ ਹਮਲਾ ਕੀਤਾ ਸੀ। ਜਿਹੜੇ ਚੁਸਤ ਤੇ ਮੁਨਾਸਿਬ ਉਪਾਓ ਉਸ ਵੇਲੇ ਕੀਤੇ ਗਏ ਉਨ੍ਹਾਂ ਸਦਕਾ ਸਾਰਾ ਫ਼ਸਾਦ ਛੇਤੀ ਹੀ ਖ਼ਤਮ ਹੋ ਗਿਆ।

ਮੈਨੂੰ ਯਕੀਨ ਹੈ ਕਿ ਜੇ ਉਨ੍ਹਾਂ ਲੋਕਾਂ ਨੂੰ ਉਸੇ ਵੇਲੇ ਗ੍ਰਿਫ਼ਤਾਰ ਨਾ ਕੀਤਾ ਜਾਂਦਾ ਤੇ ਉਨ੍ਹਾਂ ਨੂੰ ਸਜ਼ਾ ਨਾ ਦਿੱਤੀ ਜਾਂਦੀ ਤਾਂ ਨਤੀਜੇ ਅਤਿਅੰਤ ਮੁਸੀਬਤ ਵਾਲੇ ਹੁੰਦੇ।

# ਮੂਲ ਅੰਗਰੇਜੀ ਚਿੱਠੀ
# The Kookas Executions

To The Editor.

Sir,

I feel it due to those concerned in the late Kookas execution to forward for publication in your columns the subjoined extract from a letter received by me this day from his Highness the Maharaja of Patiala.

The Maharaja is ruler of the most important of the sikh states of the Punjab and his territories adjoin those of Maler Kotla, where the fanatics made their principal attack. He is a young man of enlightened views and generous disposition, and I believe the last person in the world to **adrocate** unnecessarily the destruction of human life. Under these circumstances his opinion of the necessity for the execution appears entitled to considerable weight.

I am, Sir, your most obedient servent,
T.H. Thornton, Secretary to the Punjab Govt., on furlough.
East India United Services Club March 18

you will have heard of the sudden attack on Malaud & Kotla by the fanatics of the Kuka creed, and the prompt measures taken, which extinguished the disturbance immediately. I am sure, had not the men been captured and dealt with at once, as they have been, the consequences would have been disastrous.

---

**ਸਾਹਿਬ ਕਮਿਸ਼ਨਰ ਬਹਾਦੁਰ ਅੰਬਾਲਾ ਡਵੀਜਨ ਦੀ ਚਿੱਠੀ ਮਿਤੀ 15 ਅਪ੍ਰੈਲ 1872 ਦਾ ਤਰਜਮਾ, ਜਿਹੜੀ ਉੱਚੇ ਰੁਤਬੇ ਵਾਲੇ ਜਨਾਬ ਮਹਾਰਾਜਾ ਸਾਹਿਬ ਬਹਾਦੁਰ ਪਟਿਆਲਾ ਨੂੰ ਲਿਖੀ ਗਈ**

ਮੇਰੇ ਪਿਆਰੇ ਦੋਸਤ,

**ਵਾਕ ਨੰ: 1** :- ਅਖ਼ਬਾਰ " ਲੰਡਨ ਟਾਈਮਜ਼" ਦੀ ਇੱਕ ਟੂਕ (ਇਬਾਰਤ ਦਾ ਟੁਕੜਾ) ਆਪ ਦੇ ਮੁਲਾਹਿਜ਼ੇ ਵਾਸਤੇ ਆਪ ਦੀ ਸੇਵਾ ਵਿੱਚ ਭੇਜ ਰਿਹਾ ਹਾਂ। ਮੈਨੂੰ ਯਕੀਨ ਹੈ ਕਿ ਆਪ ਇਸ ਨੂੰ ਸ਼ੌਕ ਨਾਲ ਪੜ੍ਹੋਂਗੇ।

**ਵਾਕ ਨੰ: 2** :- ਆਪ ਦੀ ਰਾਏ ਦਾ ਪ੍ਰਗਟਾਵਾ ਇੰਗਲਿਸਤਾਨ ਦੇ ਲੋਕਾਂ ਵਾਸਤੇ ਬਹੁਤ ਲਾਭਦਾਇਕ ਤੇ ਵਜ਼ਨਦਾਰ ਖਿਆਲ ਕੀਤਾ ਜਾਵੇਗਾ ਅਤੇ ਮੈਂ ਬਿਲਕੁਲ ਸੱਚ ਜਾਣਦਾ ਹਾਂ ਕਿ ਮਿਸਟਰ ਕਾਵਨ ਸਾਹਿਬ ਦੇ ਕੇਸ ਵਿੱਚ ਬਹੁਤ ਪ੍ਰੋੜਤਾ ਕਰਨ ਵਾਲਾ ਹੋਵੇਗਾ।

ਸ਼ੁਭ ਇਛਾਵਾਂ ਨਾਲ ਮੈਂ ਹਾਂ ਆਪ ਦਾ ਸੱਚਾ ਮਿੱਤਰ,

ਟੀ. ਡੀ. ਫ਼ੌਰਸਾਇਥ,

## ਮੂਲ ਅੰਗਰੇਜੀ ਚਿੱਠੀ

Umbala,
15th April 1872.

My dear Friend,

The accompanying extract from the ' Times London' will interest your Highness. The expression of your opinion will have great and beneficial weight with the people in England and will, I fell, have much keep Mr. Cowan's cause.

With best wishes.

I am, Your Highness, Sincere friend.

T. D. Forsyth.

To
His Highness
The Maharaja of
Patiala.

---

ਜਲੰਧਰ ਦੇ ਅਸਥਾਨ ਤੋਂ।
ਮਿਤੀ 14 ਅਪ੍ਰੈਲ 1872

**ਤਰਜਮਾ ਚਿੱਠੀ**

ਵੱਲੋਂ :- ਐਡਵਰਡ ਈ. ਬਰਸਥ ਸਾਹਿਬ

ਵੱਲ :-ਜਨਾਬ ਮਹਾਰਾਜਾ ਸਾਹਿਬ ਬਹਾਦੁਰ ਵਾਲੀ-ਏ-ਪਟਿਆਲਾ।

ਮੇਰੇ ਪਿਆਰੇ ਦੋਸਤ,

ਮੈਨੂੰ ਇੱਕ ਮਸ਼ਹੂਰ ਅੰਗਰੇਜ਼ੀ ਅਖ਼ਬਾਰ "ਟਾਈਮਜ਼" ਪੜ੍ਹਦੇ ਪੜ੍ਹਦੇ ਨੂੰ ਇੱਕ ਟੂਕ (extract) ਵੇਖਣ ਨੂੰ ਮਿਲੀ ਜਿਸ ਬਾਰੇ ਮੈਨੂੰ ਯਕੀਨ ਹੈ ਕਿ ਆਪ ਵੀ ਵੇਖ ਕੇ ਪ੍ਰਸੰਨ-ਚਿਤ ਹੋਵੋਗੇ ਕਿ ਉਹ ਇੰਗਲਿਸਤਾਨ ਵਿੱਚ ਘੁੰਮਿਆ ਹੈ। ਮੈਂ ਇਸੇ ਵਾਸਤੇ ਉਹ ਟੂਕ ਲਿਫ਼ਾਫ਼ੇ 'ਚ ਬੰਦ ਕਰਕੇ ਤੁਹਾਡੇ ਮੁਲਾਹਿਜ਼ਾ ਕਰਨ ਲਈ ਭੇਜ ਕੇ ਗੌਰਵ ਮਹਿਸੂਸ ਕਰਦਾ ਹੋਇਆ ਆਪ ਨੂੰ ਲਿਖਦਾ ਹਾਂ ਜਿਵੇਂ ਕਿ ਇਸ ਮੌਕੇ 'ਤੇ ਇੱਕ ਅੰਗਰੇਜ਼ ਜਾਂ ਇੰਗਲਿਸਤਾਨ ਵਾਸੀ ਨੂੰ ਫ਼ਖ਼ਰ ਹੋਣਾ ਵਾਜਿਬ ਹੈ। ਆਪ ਦੀ ਥਾਰਨਟਨ ਸਾਹਿਬ ਦੇ ਨਾਮ ਲਿਖੀ ਇਹ ਚਿੱਠੀ ਬਹੁਤ ਮੌਕੇ ਸਿਰ ਪੁੱਜੀ ਹੋਵੇਗੀ। ਸਾਡੇ ਮੁਲਕ ਦੇ ਵਸਨੀਕਾਂ ਨੂੰ ਇਹ ਪੱਕਾ ਯਕੀਨ ਹੋਵੇਗਾ ਕਿ ਜੋ ਕੁਝ ਲੁਧਿਆਣੇ 'ਚ ਹੋ ਚੁੱਕਿਆ ਹੈ ਉਹ ਮੁਲਕ ਦੇ ਪ੍ਰਬੰਧ ਦੇ ਅਸੂਲ ਅਨੁਸਾਰ ਵਾਜਿਬ ਸੀ। ਜਿਹੜੀ ਰਾਏ ਆਪ ਨੇ ਦਿੱਤੀ ਹੈ ਬਹੁਤ ਵਜ਼ਨਦਾਰ ਤੇ ਅਸਰਦਾਰ ਖ਼ਿਆਲ ਕੀਤੀ ਜਾਵੇਗੀ। ਜਦੋਂ ਮੈਂ ਸੁਣਿਆ ਖੁਸ਼ ਹੋਇਆ ਹਾਂ ਕਿ ਉਹ ਅਜਿਹੀ ਹੈਸੀਅਤ ਨਾਲ ਇੰਗਲਿਸਤਾਨ ਵਿੱਚ ਪ੍ਰਸਿੱਧ ਹੋ ਚੁੱਕੇ ਹਨ।

ਮੈਂ ਇਸ ਮੌਕੇ 'ਤੇ ਇਹ ਵੀ ਅਰਜ਼ ਕਰਦਾ ਹਾਂ ਕਿ ਪਟਿਆਲਾ ਵਿਖੇ ਤੁਹਾਡੀ ਬਹੁਤ ਸ਼ਾਨਦਾਰ ਖਾਣੇ ਦੀ ਪਾਰਟੀ (ਦਾਅਵਤ) ਅਤਿਅੰਤ ਚੰਗੀ ਤਰ੍ਹਾਂ ਹੋਈ। ਉਹ ਹਰੇਕ ਆਦਮੀ, ਜਿਸ ਨੂੰ ਤੁਸੀਂ ਕ੍ਰਿਪਾ ਕਰਦੇ ਹੋਏ ਪਾਰਟੀ 'ਤੇ ਬੁਲਾਇਆ ਸੀ, ਤੁਹਾਡੀ ਵਫ਼ਾਦਾਰੀ ਤੇ ਉਸ ਸਫ਼ਲ ਢੰਗ ਦੀ ਪ੍ਰਸ਼ੰਸਾ ਕਰਦਾ ਹੈ ਜਿਹੜਾ ਤੁਸੀਂ ਉਸ ਵਫ਼ਾਦਾਰੀ ਦੇ ਉਸ ਮੌਕੇ 'ਤੇ ਪ੍ਰਗਟਾਵਾ ਕੀਤਾ ਸੀ। ਤੁਹਾਡਾ ਸਾਰਾ ਪ੍ਰਬੰਧ ਪ੍ਰਸ਼ੰਸਾ ਯੋਗ ਸੀ ਅਤੇ ਕਿਉਂਕਿ ਤੁਹਾਡੇ ਅਫ਼ਸਰਾਂ ਨੇ ਸਾਰਾ ਇੰਤਜ਼ਾਮ ਕੀਤਾ ਸੀ ਇਸ ਲਈ ਮੈਂ ਤੁਹਾਡੀ ਆਗਿਆ ਨਾਲ ਉਨ੍ਹਾਂ ਅਫ਼ਸਰਾਂ ਦੇ ਨਾਮ ਪੇਸ਼ ਕਰਨ ਦੀ ਜੁਰਅਤ ਕਰਦਾ ਹਾਂ ਜਿਨ੍ਹਾਂ ਨੇ ਪ੍ਰਤੱਖ ਤੱਤਪਰਤਾ ਨਾਲ ਉਸ ਮੌਕੇ ਕੰਮ ਦਿੱਤਾ ਤੇ ਜਿਹੜੇ ਮੈਨੂੰ ਖ਼ਾਸ ਪ੍ਰਸ਼ੰਸਾ ਦੇ ਹੱਕਦਾਰ ਪ੍ਰਤੀਤ ਹੋਏ। ਮੈਂ ਉਨ੍ਹਾਂ ਅਫ਼ਸਰਾਂ ਦੇ ਨਾਮਾਂ ਦੀ ਅੱਡ ਲਿਸਟ ਲਿਫ਼ਾਫ਼ੇ 'ਚ ਭੇਜ ਰਿਹਾ ਹਾਂ ਤੇ ਉਸ ਉਮੀਦ ਦੀ ਜੁਰਅਤ ਕਰਦਾ ਹਾਂ ਤੇ ਜਿਸ ਤਰ੍ਹਾਂ ਆਪ ਮੁਨਾਸਿਬ ਖ਼ਿਆਲ ਕਰੋ ਕਿ ਉਨ੍ਹਾਂ ਅਫ਼ਸਰਾਂ ਵੱਲੋਂ ਨਿਭਾਈਆਂ ਚੰਗੀਆਂ ਸੇਵਾਵਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਹਜ਼ੂਰ ਉਨ੍ਹਾਂ ਦਾ ਖਿਆਲ ਕਰੋਗੇ ਜਿਨ੍ਹਾਂ ਨੂੰ ਹਜ਼ੂਰ ਦੇ ਧੰਨਵਾਦੀ ਅੰਗਰੇਜ਼ ਮਹਿਮਾਨਾਂ ਦੀ ਸੇਵਾ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ। ਮੈਨੂੰ ਭਰੋਸਾ ਹੈ ਕਿ ਤੁਸੀਂ ਮੇਰੇ ਨਾਲ ਪੱਤਰ ਵਿਹਾਰ ਕਰਨ ਦਾ ਆਪਣਾ ਵਾਅਦਾ ਪੂਰਾ ਕਰੋਗੇ। ਜੇ ਮੇਰੇ ਲਾਇਕ ਕੋਈ ਕੰਮ ਹੋਇਆ ਅਤੇ ਮੈਂ ਤੁਹਾਡੀ ਮਦਦ ਕਰ ਸਕਾਂ ਤਾਂ ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਉਹ ਮਦਦ ਮੰਗਣ ਵਿੱਚ ਝਿਜਕ ਨਾ ਵਿਖਾਵੋਗੇ।

ਉਹ ਗੱਲ ਜਿਹੜੀ ਮੈਂ ਗੱਡੀ 'ਚ ਬੈਠੇ ਹੋਏ ਸਰਸਰੀ ਤੌਰ 'ਤੇ ਬਿਆਨ ਕੀਤੀ ਸੀ, ਭਾਵ ਇਸ ਮੁਲਕ ਦੀ, ਆਬ ਪਾਸ਼ੀ ਦੇ ਉਨ੍ਹਾਂ ਵਸੀਲੀਆਂ ਰਾਹੀਂ, ਆਮਦਨੀ ਵਧਾਉਣ ਬਾਰੇ ਗੱਲ ਕੀਤੀ ਸੀ ਜਿਹੜੇ ਆਪ ਦੇ ਮੁਲਕ ਵਿੱਚ ਇਸ ਵੇਲੇ ਉਪਲਭਦ ਹਨ। ਮੇਰੀ ਹੁਣ ਵੀ ਇਹ ਰਾਏ ਹੈ ਕਿ ਬਹੁਤ ਕੁਝ ਹੋ ਸਕਦਾ ਹੈ ਜੇ ਮੁਨਾਸਿਬ ਉਪਾਓ ਕੀਤੇ ਜਾਣ। ਜੇ ਹਜ਼ੂਰ ਉਸ ਤਜਵੀਜ਼ ਦੀ

# ਲੁਕਿਆ ਸੱਚ

---

ਇਮਤਿਹਾਨ ਦੇ ਤੌਰ ’ਤੇ, ਪੈਰਵੀ ਕਰਨੀ ਪਸੰਦ ਕਰਨ ਤਾਂ ਮੈਂ ਤੁਹਾਡੇ ਕਿਸੇ ਸੁਚੇਤ ਅਫ਼ਸਰ ਨੂੰ ਬਿਆਨ ਕਰ ਸਕਦਾ ਹਾਂ ਪਰ ਪਹਿਲਾਂ ਜਿਹੜਾ ਉਪਾਓ ਹੋਣਾ ਚਾਹੀਦਾ ਹੈ ਉਹ ਇਹ ਹੈ ਕਿ ਇੱਕ ਠੀਕ ਤੇ ਦਰੁਸਤ ਨਕਸ਼ਾ ਤਿਆਰ ਕੀਤਾ ਜਾਵੇ ਜਿਸ ਨਾਲ ਆਬਪਾਸ਼ੀ ਦੇ ਮੌਜੂਦਾ ਵਸੀਲੀਆਂ ’ਚ ਵਾਧੇ ਦਾ ਵੇਰਵੇ ਸਹਿਤ ਹਾਲ ਮਾਲੂਮ ਹੋ ਸਕੇ। ਮੇਰੀ ਜ਼ਬਰਦਸਤ ਰਾਏ ਇਹ ਹੈ ਕਿ ਇਸ ਗੱਲ ਦੇ ਵੇਖਣ ਵਿੱਚ ਬੜੀ ਸੁਚੇਤਤਾ ਤੋਂ ਕੰਮ ਲੈਣਾ ਚਾਹੀਦਾ ਹੈ ਕਿ ਨਹਿਰਾਂ ਦੀਆਂ ਲਾਈਨਾਂ ਇਸ ਤਰ੍ਹਾਂ ਕੱਢੀਆਂ ਜਾਣ ਕਿ ਪਹਿਲਾਂ ਪਾਣੀ ਅਜਿਹੇ ਅਸਥਾਨਾ ’ਤੇ ਪਹੁੰਚਾਇਆ ਜਾਵੇ ਜਿੱਥੇ ਕਿਸੇ ਤਰ੍ਹਾਂ ਨਾਲ ਆਬਪਾਸ਼ੀ ਸੰਭਵ ਨਹੀਂ ਅਤੇ ਇਸ ਹਾਲ ਦਾ ਆਪ ਦੇ ਨਾਜ਼ਿਮਾਂ ਰਾਹੀਂ ਚੰਗੀ ਤਰ੍ਹਾਂ ਪਤਾ ਲੱਗ ਸਕਦਾ ਹੈ। ਮੈਂ ਬਹੁਤ ਚਾਹੁੰਦਾ ਹਾਂ ਕਿ ਹਜ਼ੂਰ ਉਨ੍ਹਾਂ ਉਪਾਵਾਂ ਦੇ ਮੁਨਾਸਿਬ ਹੋਣ ਬਾਰੇ ਆਪਣੀ ਰਾਏ ਪ੍ਰਗਟ ਕਰਨ ਜਿਹੜੇ ਮੈਂ ਪੇਸ਼ ਕਰਨ ਵਾਸਤੇ ਤਿਆਰ ਹਾਂ ਅਤੇ ਇਹ ਗੱਲ ਹਜ਼ੂਰ ਦੇ ਬਹੁਤ ਛੇਤੀ ਤੇ ਤਤਪਰ ਧਿਆਨ ਦੇਣ ਯੋਗ ਹੈ, ਖ਼ਾਸ ਕਰਕੇ ਜਦੋਂ ਇਹ ਯਕੀਨ ਹੋਵੇ ਕਿ ਰਿਆਸਤ ਦੀ ਆਮਦਨੀ ਜ਼ਿਆਦਾ ਹੋ ਸਕਦੀ ਹੈ।

ਮੈਂ ਹੁਣ ਧਰਮਸ਼ਾਲਾ ਨੂੰ ਜਾ ਰਿਹਾ ਹਾਂ ਅਤੇ ਉਮੀਦ ਹੈ 18 ਅਪ੍ਰੈਲ 1872 ਤੱਕ ਪਹੁੰਚ ਜਾਵਾਂਗਾ। ਜਿਹੜੀ ਚਿੱਠੀ ਤੁਸੀਂ ਹੁਣ ਉੱਥੇ ਮੇਰੇ ਨਾਮ ਭੇਜੋਗੇ, ਉਸ ਦਾ ਮੇਰੇ ਵੱਲੋਂ ਜਵਾਬ ਦਿੱਤਾ ਜਾਵੇਗਾ ਕਿਉਂਕਿ ਮੈਂ ਉਸ ਦੋਸਤੀ ਤੇ ਮਿਹਰਬਾਨੀ ਦਾ ਹੱਕ ਅਦਾ ਕਰਨ ਦਾ ਚਾਹਵਾਨ ਹਾਂ ਜਿਹੜੀ ਪਟਿਆਲਾ ਵਿਖੇ ਇੱਕ ਬੜੇ ਮੌਕੇ ’ਤੇ, ਜਿਹੜਾ ਯਕੀਨੀ ਤੌਰ ’ਤੇ ਕੁਲ ਕੌਮ ਨਾਲ ਸੰਬੰਧਤ ਸੀ, ਤੁਹਾਡੇ ਵੱਲੋਂ ਵਿਖਾਈ ਗਈ ਸੀ।

ਆਪ ਦੀਆਂ ਅਤਿਅੰਤ ਖ਼ੂਬੀਆਂ ’ਤੇ ਭਰੋਸਾ ਕਰਨ ਵਾਲਾ ਆਪਦਾ ਸੱਚਾ ਦੋਸਤ,

ਐਡਵਰਡ. ਈ. ਬਰਸਥ ।

**ਦਾਸਾਂ ਨੂੰ ਫ਼ਾਇਦਾ ਦੇਣ ਵਾਲੇ, ਨਿਆਮਤਾਂ ਦੇ ਮਾਲਿਕ ਦੇ ਗ਼ਰੀਬ ਨਵਾਜ਼ ਤੇ ਸਖ਼ੀ ਸਰਕਾਰ ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ।**

ਤੁਹਾਡਾ ਤੇਜ ਪਰਤਾਪ ਹਮੇਸ਼ਾ ਕਾਇਮ ਰਵ੍ਹੇ !

ਦਾਸਾਂ ਦੀ ਬੇਨਤੀ ਹੈ ਕਿ ਕੱਲ ਇਹ ਦਾਸ ਮੇਜਰ ਬਰਨ ਸਾਹਿਬ ਬਹਾਦੁਰ ਪ੍ਰਾਈਵੇਟ ਸੈਕਟਰੀ ਦੀ ਸੇਵਾ ਵਿੱਚ ਹਾਜ਼ਿਰ ਹੋਏ। ਅਦਬ ਆਦਾਬ ਦੀਆਂ ਆਮ ਪ੍ਰਚੱਲਤ ਰਸਮਾਂ ਅਦਾ ਕਰਨ ਅਤੇ ਰਸਮੀ ਗੱਲਬਾਤ ਕਰਨ ਉਪ੍ਰੰਤ ਦਾਸ ਸੱਯਦ ਮੁਹੰਮਦ ਅਲੀ ਨੇ ਬੇਨਤੀ ਕੀਤੀ ਕਿ ਹਜ਼ੂਰ ਨੂੰ ਯਾਦ ਹੋਵੇਗਾ ਕਿ ਮੈਂ ਸ਼ਿਮਲਾ ਵਿਖੇ ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੀ ਸਲਾਮੀ ਦੀਆਂ ਤੋਪਾਂ ਵਿੱਚ ਵਾਧਾ ਕਰਨ ਬਾਰੇ ਅਰਜ਼ ਕੀਤਾ ਸੀ ਤਾਂ ਉਸ ਵੇਲੇ ਹਜ਼ੂਰ ਨੇ ਫ਼ਰਮਾਇਆ ਸੀ ਕਿ ਜੇ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਪੰਜਾਬ ਸਿਫ਼ਾਰਿਸ਼ ਕਰਨ ਤਾਂ ਇਹ ਗੱਲ ਸੰਭਵ ਹੋ ਸਕਦੀ ਹੈ। ਦਾਸ ਨੇ ਕਿਹਾ ਕਿ ਹੁਣ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਪੰਜਾਬ ਨੇ ਇਸ ਮਾਮਲੇ ਬਾਰੇ ਲਿਖ ਭੇਜਿਆ ਹੈ ਅਤੇ ਇੱਥੇ ਆਪ ਦੀ ਮਿਹਰਬਾਨੀ ਨਾਲ ਹੀ ਇਸ ਮਾਮਲੇ 'ਚ ਸੋਧ ਦੀ ਆਸ ਹੈ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਕਿਸ ਦੇ ਪਾਸ ਚਿੱਠੀ ਆਈ ਹੈ ? ਦਾਸਾਂ ਨੇ ਅਰਜ਼ ਕੀਤਾ ਕਿ ਮਿਸਟਰ ਐਚਨਸ ਸਾਹਿਬ ਬਹਾਦੁਰ ਫ਼ਾਰਨ ਸੈਕਟਰੀ ਦੇ ਨਾਮ ਚਿੱਠੀ ਆਈ ਹੈ ਤੇ ਸ਼ਾਇਦ ਨਿੱਜੀ ਤੇ ਅਰਧ ਸਰਕਾਰੀ ਤੌਰ 'ਤੇ ਆਈ ਹੈ ਅਤੇ ਹਜ਼ੂਰ ਦੀ ਜ਼ਾਤ ਤੋਂ ਬਿਨਾਂ ਸਾਨੂੰ ਹੋਰ ਕਿਸੇ ਸਾਹਿਬ ਤੋਂ ਮਦਦ ਦੀ ਆਸ ਨਹੀਂ ਕਿਉਂਕਿ ਹਜ਼ੂਰ, ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਦੇ ਦਿਲੀ ਦੋਸਤ ਹਨ, ਹੋਰ ਕੋਈ ਸਾਹਿਬ ਅਜਿਹਾ ਦੋਸਤ ਤੇ ਸਾਥੀ ਨਹੀਂ ਤੇ ਹੋਰ ਜਗ੍ਹਾਂ ਕੇਵਲ ਮਹਿਕਮੇਂ ਦੀਆਂ ਮਾਮੂਲੀ ਗੱਲਾਂ ਹਨ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਤੁਸੀਂ ਮਿਸਟਰ ਐਚਸਨ ਸਾਹਿਬ ਨੂੰ ਮਿਲੇ ਹੋ ਤੇ ਇਸ ਮਾਮਲੇ ਬਾਰੇ ਕੋਈ ਗੱਲਬਾਤ ਹੋਈ ? ਦਾਸਾਂ ਨੇ ਅਰਜ਼ ਕੀਤਾ ਕਿ ਦਾਸਾਂ ਨੂੰ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਨੇ ਦਰਅਸਲ ਸਿਰਫ਼ ਆਪ ਦੀ ਸੇਵਾ ਵਿੱਚ ਭੇਜਿਆ ਹੈ। ਦਾਸਾਂ ਦਾ ਨਵੇਂ ਲਾਰਡ ਸਾਹਿਬ ਬਹਾਦੁਰ ਨੂੰ ਕਲਕੱਤਾ ਵਿਖੇ ਸਲਾਮ ਕਰਨਾ ਤੇ ਹਾਜ਼ਿਰੀ ਭਰਨਾ ਏਨੀ ਜ਼ਰੂਰੀ ਗੱਲ ਨਹੀਂ ਸੀ। ਸਾਡੀ ਹਾਜ਼ਿਰੀ ਦਾ ਖ਼ਾਸ ਮਤਲਬ ਕੇਵਲ ਇਹੋ ਗੱਲ ਹੈ ਕਿ ਜੇ ਤੁਹਾਡੀ ਮਦਦ ਤੇ ਮਿਹਰਬਾਨੀ ਨਾਲ ਇਹ ਮਾਮਲਾ ਠੀਕ ਹੋ ਜਾਵੇ ਤਾਂ ਹਮੇਸ਼ਾ ਵਾਸਤੇ ਆਪ ਦੀ ਯਾਦਗਾਰ ਬਣੀ ਰਹੇਗੀ। ਬਜਾਏ ਇਸ ਦੇ ਕਿ ਅਸੀਂ ਐਚਨਸ ਸਾਹਿਬ ਬਹਾਦੁਰ ਕੋਲ ਅਰਜ਼ ਕਰੀਏ, ਆਪ ਦਾ ਉਨ੍ਹਾਂ ਨਾਲ ਗੱਲਬਾਤ ਕਰਨਾ ਜ਼ਿਆਦਾ ਮੁਨਾਸਿਬ ਹੋਵੇਗਾ ਕਿਉਂਕਿ ਇਸ ਮਾਮਲੇ ਦੀ ਦਰੁਸਤੀ ਦਾ ਦਾਰੋਮਦਾਰ ਕੇਵਲ ਆਪ ਦੀ ਜ਼ਾਤ 'ਤੇ ਹੀ ਹੈ। ਨਿਆਮਤਾਂ ਦੇ ਮਾਲਿਕ ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਨੇ ਕਿਹਾ ਹੋਇਆ ਹੈ ਕਿ ਆਪ ਜਿਸ ਢੰਗ ਨਾਲ ਮੁਨਾਸਿਬ ਸਮਝੋ ਐਚਨਸ ਸਾਹਿਬ ਨਾਲ ਗੱਲਬਾਤ ਕਰੋ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਬਹੁਤ ਅੱਛਾ, ਅਸੀਂ ਐਚਨਸ ਸਾਹਿਬ ਬਹਾਦੁਰ ਨਾਲ ਇਸ ਮਾਮਲੇ ਬਾਰੇ ਗੱਲ ਕਰਾਂਗੇ ਤੇ ਉਸ ਤੋਂ ਮਗਰੋਂ ਤੁਹਾਨੂੰ ਇਤਲਾਹ ਦਿਆਂਗੇ। ਦਾਸਾਂ ਨੇ ਬੇਨਤੀ ਕੀਤੀ ਕਿ ਅਸੀਂ ਮੁੜ ਕਦ ਹਾਜ਼ਿਰ ਹੋਈਏ ਤਾਂ ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਸਾਨੂੰ ਇਸ ਹਫ਼ਤੇ ਤਾਂ ਬਹੁਤ ਕੰਮ ਹੈ ਇਸ ਲਈ ਤੁਸੀਂ ਅਗਲੇ ਹਫ਼ਤੇ ਹਾਜ਼ਿਰ ਹੋਣਾ।

ਸੋ ਇਹ ਦਾਸ ਅਗਲੇ ਹਫ਼ਤੇ ਉਸਤਤ ਯੋਗ ਸਾਹਿਬ ਦੀ ਸੇਵਾ ਵਿੱਚ ਹਾਜ਼ਿਰ ਹੋਣਗੇ ਤੇ ਉਸ ਤੋਂ ਮਗਰੋਂ ਜੋ ਹਾਲ ਹੋਵੇਗਾ ਉਸ ਬਾਰੇ ਇਤਲਾਹ ਵਜੋਂ ਅਰਜ਼ ਕਰਾਂਗੇ। ਸ੍ਰੀ ਮਾਨ ਜੀ, ਮੇਜਰ ਬਰਨ ਸਾਹਿਬ ਬਹਾਦੁਰ, ਲਾਰਡ ਮੇਅਰ ਸਾਹਿਬ ਬਹਾਦੁਰ ਦੇ ਕਤਲ ਦੀ ਦੁਰਘਟਨਾ ਸਦਕਾ ਅਤਿਅੰਤ ਗ਼ਮਗੀਨ ਤੇ ਪ੍ਰੇਸ਼ਾਨ ਹਾਲ ਹੋ ਰਹੇ ਹਨ, ਬਾਰ ਬਾਰ ਉਸਤਤ ਯੋਗ ਲਾਰਡ ਸਾਹਿਬ ਦਾ ਅਫ਼ਸੋਸ ਕਰਦੇ ਸਨ ਤੇ ਫ਼ਰਮਾਉਂਦੇ ਸਨ ਕਿ ਦੇਖ ਲੈਣਾ ਏਨਾਂ ਚੰਗਾ ਲਾਰਡ ਸਾਹਿਬ ਕਦੇ ਨਹੀਂ ਆਵੇਗਾ। ਮੇਜਰ ਬਰਨ ਸਾਹਿਬ ਬਹਾਦੁਰ, ਨੀਅਰ ਸਾਹਿਬ ਬਹਾਦੁਰ ਨਾਲ ਇੱਥੋਂ ਬੰਬਈ ਨੂੰ ਰਵਾਨਾ ਹੋਣਗੇ। ਇਸੇ ਅਹੁਦੇ 'ਤੇ ਬੇਅਰੰਗ ਸਾਹਿਬ

ਬਹਾਦੁਰ, ਜਿਹੜੇ ਜਨਾਬ ਲਾਰਡ ਬਰਨ ਸਾਹਿਬ ਬਹਾਦੁਰ ਦੇ ਭਤੀਜੇ ਹਨ ਅਤੇ ਕਪਤਾਨ ਬੇਅਰੰਗ ਸਾਹਿਬ ਬਹਾਦੁਰ, ਲਾਰਡ ਕਨਿੱਘ ਸਾਹਿਬ ਬਹਾਦੁਰ ਦੇ ਭਾਈ ਹਨ, ਆਉਣਗੇ।

ਮੇਜਰ ਬਰਨ ਸਾਹਿਬ ਬਹਾਦੁਰ ਇਸ ਹਾਲ ਦੇ ਬਿਆਨ ਮਗਰੋਂ ਫ਼ਰਮਾਉਂਦੇ ਸਨ ਕਿ ਅਸੀਂ ਸੁਣਿਆ ਹੈ ਕਿ ਬੇਅਰੰਗ ਸਾਹਿਬ ਵੀ ਬਹੁਤ ਅੱਛਾ ਆਦਮੀ ਹੈ।

ਉਸ ਤੋਂ ਮਗਰੋਂ ਦਾਸਾਂ ਨੇ ਕਰਨਲ ਬਰਨ ਸਾਹਿਬ ਬਹਾਦੁਰ ਤੋਂ ਸੈਕਟਰੀ ਗੌਰਮਿੰਟ ਹਿੰਦ ਦੇ ਨਾਮ ਇੱਕ ਜਾਣ ਪਛਾਣ ਕਰਵਾਉਣ ਵਾਲੀ ਚਿੱਠੀ ਮੰਗੀ। ਸੋ ਸਾਹਿਬ ਬਹਾਦੁਰ ਨੇ ਉਸੇ ਵੇਲੇ ਚਿੱਠੀ ਲਿਖ ਕੇ ਸਾਨੂੰ ਬਖ਼ਸ਼ ਦਿੱਤੀ ਤੇ ਉਸ ਤੋਂ ਬਾਅਦ ਬਹੁਤ ਦਿਲੀ ਸਨੇਹ ਨਾਲ ਹੱਥ ਮਿਲਾ ਕੇ ਸਾਨੂੰ ਵਿਦਾ ਕੀਤਾ।

ਵਾਜਿਬ ਜਾਣ ਕੇ ਅਰਜ਼ ਕੀਤਾ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਉਲੰਘਣਾ ਹੈ।

25 ਅਪ੍ਰੈਲ 1872.
ਮੁਕਾਮ ਕਲਕੱਤਾ।

ਦਾਸਾਨ
ਨਮਕ ਖ਼ੋਰ (ਖਾਣ ਵਾਲੇ)
ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ
ਤੇ ਸੱਯਦ ਮੁਹੰਮਦ ਅਲੀ,
ਸਰਕਾਰ ਦੇ ਭਰੋਸੇਯੋਗ ਵਿਅਕਤੀ।

---

<u>ਮਹਿਕਮਾ ਫ਼ਾਰਨ</u>

ਸ੍ਰੀ ਮਾਨ ਜੀ,

ਕੱਲ੍ਹ ਨਵੇਂ ਵਾਇਸ ਰਾਏ ਦੇ ਸਵਾਗਤ ਕਰਨ ਸਮੇਂ ਆਗ਼ਾ ਹਸਨ ਖ਼ਾਨ ਦੀ ਜ਼ਬਾਨੀ, ਜਿਹੜਾ ਕੋਈ ਇੱਕ ਮਹੀਨੇ ਤੋਂ ਇੱਥੇ ਆਇਆ ਹੋਇਆ ਸੀ ਤੇ ਸਪੈਨਸਰ ਹੋਟਲ 'ਚ ਠਹਿਰਿਆ ਹੋਇਆ ਸੀ, ਪਤਾ ਲੱਗਿਆ ਸੀ ਕਿ ਕੂਕਿਆਂ ਦੇ ਕੇਸ ਵਿੱਚ ਮਿਸਟਰ ਕਾਵਨ ਸਾਹਿਬ ਬਾਰੇ ਇਹ ਹੁਕਮ ਹੋਇਆ ਹੈ ਕਿ ਉਹ ਆਪਣੇ ਅਹੁਦੇ ਤੋਂ ਬਿਲਕੁਲ ਬਰਖ਼ਾਸਤ ਹੋਣ ਅਤੇ ਮਿਸਟਰ ਫ਼ੌਰਸਾਇਥ ਸੰਬੰਧੀ ਹੁਕਮ ਹੋਇਆ ਹੈ ਕਿ ਉਨ੍ਹਾਂ ਨੂੰ ਕਿਸੇ ਅਜਿਹੀ ਕਮਿਸ਼ਨਰੀ ਵਿੱਚ ਤਬਦੀਲ ਕਰ ਦਿੱਤਾ ਜਾਵੇ ਜਿਸ ਨਾਲ ਕੋਈ ਹਿੰਦੋਸਤਾਨੀ ਰਿਆਸਤ ਸੰਬੰਧਤ ਨਾ ਹੋਵੇ। ਇਨ੍ਹਾਂ ਦਾਸਾਂ ਨੇ ਉਸ ਤੋਂ ਦਰਿਆਫ਼ਤ ਕੀਤਾ ਸੀ ਕਿ "ਤੁਸੀਂ ਇਹ ਜ਼ਿਕਰ ਕਿੱਥੋਂ ਸੁਣਿਆ ਹੈ ਤਾਂ ਉਸ ਨੇ ਨਾਮ ਨਹੀਂ ਦੱਸਿਆ, ਕੇਵਲ ਏਨਾ ਕਿਹਾ ਕਿ "ਮੈਂ ਇੱਕ ਅੰਗਰੇਜ਼ ਤੋਂ ਇਹ ਗੱਲ ਸੁਣੀ ਹੈ ਤੇ ਪੱਕੀ ਹੈ" ਅਤੇ ਇਹ ਵੀ ਕਿਹਾ ਕਿ "ਮੈਂ ਇੱਕ ਦਿਨ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਅੰਬਾਲਾ ਨੂੰ ਮਿਲਣ ਗਿਆ ਸੀ। ਉਨ੍ਹਾਂ ਕੋਲ ਵਿਲਾਇਤ ਤੋਂ ਇੱਕ ਚਿੱਠੀ ਆਈ ਸੀ। ਮੇਰੇ ਸਾਹਮਣੇ ਇੱਕ ਅੰਗਰੇਜ਼ ਸਾਹਿਬ ਉਨ੍ਹਾਂ ਨੂੰ ਮਿਲਣ ਆਏ ਸਨ। ਉਨ੍ਹਾਂ ਨੇ ਕੂਕਿਆਂ ਦੇ ਮਾਮਲੇ ਦਾ ਜ਼ਿਕਰ ਕੀਤਾ ਤੇ ਉਨ੍ਹਾਂ ਚਿੱਠੀ ਮੰਗੀ। ਨਵਾਬ ਲੈਫ਼ਟੀਨੈਂਟ ਗਵਰਨਰ ਨੇ ਉਹ ਚਿੱਠੀ ਉਨ੍ਹਾਂ ਨੂੰ ਵੇਖਣ ਵਾਸਤੇ ਦੇ ਦਿੱਤੀ। ਭਾਵੇਂ ਮੈਨੂੰ ਉਸ ਚਿੱਠੀ ਦੇ ਹਾਲ ਤੇ ਮਜ਼ਮੂਨ ਦਾ ਕੁਝ ਪਤਾ ਨਹੀਂ ਪਰ ਮੈਂ ਜਾਣਦਾ ਹਾਂ ਕਿ ਉਹ ਕੂਕਿਆਂ ਦੇ ਕੇਸ ਨਾਲ ਸੰਬੰਧਤ ਸੀ ਕਿਉਂਕਿ ਮਗਰੋ ਲੁਧਿਆਣਾ ਸੰਬੰਧੀ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਮੈਥੋਂ ਕੂਕਿਆਂ ਬਾਰੇ ਪੁੱਛਦੇ ਰਹੇ ਅਤੇ ਕਾਵਨ ਸਾਹਿਬ ਤੇ ਫ਼ੌਰਸਾਇਥ ਸਾਹਿਬ ਦੀ ਕਾਰਵਾਈ ਬਾਰੇ ਇਤਰਾਜ਼ ਵਾਲੀਆਂ ਗੱਲਾਂ ਕਰਦੇ ਰਹੇ। ਇਸੇ ਖ਼ਿਆਲ ਨਾਲ ਸਰ ਰਿਚਰਡ ਟੈਂਪਲ ਸਾਹਿਬ ਬਹਾਦੁਰ ਨੇ ਵੀ ਆ ਕੇ ਮੈਥੋਂ ਲੁਧਿਆਣੇ ਦੇ ਕੂਕਿਆਂ ਦਾ ਹਾਲ ਪੁੱਛਿਆ ਸੀ। ਉਹ ਵੀ ਕਾਵਨ ਸਾਹਿਬ ਅਤੇ ਫ਼ੌਰਸਾਇਥ ਸਾਹਿਬ ਬਾਰੇ ਇਤਰਾਜ਼ ਵਾਲੀ ਗੁਫ਼ਤਗੂ ਹੀ ਕਰਦੇ ਸਨ।"

ਇਹ ਹਾਲ ਤਾਂ ਆਗ਼ਾ ਹਸਨ ਖ਼ਾਨ ਦੀ ਜ਼ਬਾਨੀ ਹੈ।

ਅੱਜ ਅਖ਼ਬਾਰ " ਇੰਡੀਅਨ ਡੇਲੀ ਨਿਊਜ਼" ਅਤੇ "ਇੰਗਲਿਸ਼ ਮੈਨ" ਵਿੱਚ ਛਪੀ ਇਸ ਖ਼ਬਰ ਦੀ ਤਸਦੀਕ ਹੋਈ ਬਲਕਿ "ਇੰਗਲਿਸ਼ ਮੈਨ" ਵਿੱਚ ਨਾਲ ਦੇ ਨਾਲ ਹੀ ਇਹ ਵੀ ਲਿਖਿਆ ਹੈ ਕਿ ਕਾਵਨ ਸਾਹਿਬ ਦੇ ਹੱਕ ਵਿੱਚ ਅਨਿਆ ਹੋਇਆ ਹੈ। ਉਸ ਮਜ਼ਮੂਨ ਦਾ ਸਾਰ ਇਹ ਹੈ ਕਿ ਜੇ ਕਾਵਨ ਸਾਹਿਬ ਦੀ ਪਦਵੀ ਘਟਾ ਦਿੱਤੀ ਜਾਂਦੀ ਤਾਂ ਕੋਈ ਹਰਜ ਨਹੀਂ ਸੀ ਪਰ ਨੌਕਰੀ ਤੋਂ ਹਟਾਉਣ ਦੀ ਸਜ਼ਾ ਬਹੁਤ ਸਖ਼ਤ ਹੈ।

ਭਾਵੇਂ ਉਮੀਦ ਹੈ ਕਿ ਇਨ੍ਹਾਂ ਬਿਨੈ-ਪੱਤਰਾਂ ਦੇ ਪੁੱਜਣ ਤੱਕ ਇਹ ਖ਼ਬਰ ਉੱਥੋਂ ਵੀ ਹਜ਼ੂਰ ਕੋਲ ਪੁੱਜ ਜਾਵੇਗੀ ਪਰ ਜਿਹੜਾ ਹਾਲ ਇੱਥੇ ਸੁਣਿਆ ਉਸ ਨੂੰ ਮੁਨਾਸਿਬ ਸਮਝ ਕੇ ਇਤਲਾਹ ਵਜੋਂ ਅਰਜ਼ ਕੀਤਾ ਗਿਆ। ਇਹ ਗੱਲ ਦਰਿਆਫ਼ਤ ਕਰਨ ਯੋਗ ਹੈ ਕਿ ਫ਼ੌਰਸਾਇਥ ਸਾਹਿਬ ਬਾਰੇ ਇਸ ਹੁਕਮ ਦਾ ਕੀ ਕਾਰਨ ਹੈ ਕਿ ਉਨ੍ਹਾਂ ਨੂੰ ਅਜਿਹੀ ਕਮਿਸ਼ਨਰੀ 'ਚ ਭੇਜਿਆ ਜਾਵੇ ਜਿਸ ਨਾਲ ਕੋਈ ਹਿੰਦੋਸਤਾਨੀ ਰਿਆਸਤ ਸੰਬੰਧਤ ਨਾ ਹੋਵੇ। ਇਸ ਦਾ ਕਾਰਨ ਜੇ ਕੁਝ ਦਰਿਆਫ਼ਤ ਹੋ ਸਕਿਆ ਤਾਂ ਦਰਿਆਫ਼ਤ ਕਰਨ ਉਪ੍ਰੰਤ ਅਰਜ਼ ਕੀਤਾ ਜਾਵੇਗਾ।

ਭਾਵੇਂ ਇਹ ਮਾਮਲਾ ਹਾਕਿਮਾਂ ਦਾ ਆਪਣਾ ਅੰਦਰੂਨੀ ਮਾਮਲਾ ਹੈ ਤੇ ਅਸੀਂ ਇਸ ਬਾਰੇ ਕੀ ਬਹਿਸ ਕਰਨੀ ਹੈ ਕਿ ਇਹ ਹੁਕਮ ਮੁਨਾਸਿਬ ਹੈ ਜਾਂ ਨਾ ਮੁਨਾਸਿਬ ਪਰ ਇਨ੍ਹਾਂ ਦੋਹਾਂ ਅਫ਼ਸਰਾਂ ਦੀ ਇਸ ਕਾਰਵਾਈ ਬਾਰੇ ਬਹਿਸ ਛਿੜ ਜਾਣ ਨਾਲ ਇਹ ਇੱਕ ਬੜੀ ਖ਼ਰਾਬੀ ਹੋਈ ਕਿ ਜਿਸ ਰਿਆਸਤ ਜਾਂ ਜਿਸ ਰਿਆਸਤ ਦੇ ਸੰਬੰਧਤ ਅਫ਼ਸਰਾਂ ਨੇ ਕੂਕਿਆਂ ਦੀ ਗ੍ਰਿਫ਼ਤਾਰੀ ਆਦਿ

---

ਵਿੱਚ ਚੰਗੀ ਤਰ੍ਹਾਂ ਮਦਦ ਦਿੱਤੀ ਸੀ ਉਨ੍ਹਾਂ ਦੀਆਂ ਸੇਵਾਵਾਂ ਵੱਲ ਗੌਰਮਿੰਟ ਅੰਗਰੇਜ਼ੀ ਦੇ ਹਾਕਿਮਾਂ ਦਾ ਧਿਆਨ ਘਟ ਗਿਆ ਹੈ। ਪਹਿਲੀ ਗੱਲ ਤਾਂ ਇਹ ਕਿ ਇਸ ਵਜ੍ਹਾਂ ਨਾਲ ਕੂਕਿਆਂ ਦੀ ਗ੍ਰਿਫ਼ਤਾਰੀ ਲਈ ਖ਼ਾਸ ਧਿਆਨ ਦੇ ਹੱਕਦਾਰਾਂ ਵੱਲ ਕੋਈ ਧਿਆਨ ਨਾ ਰਿਹਾ। ਦੂਜੀ ਇਹ ਕਿ ਉਨ੍ਹਾਂ ਹੀ ਅਫ਼ਸਰਾਂ ਨੇ ਉਨ੍ਹਾਂ ਸੇਵਾਵਾਂ ਦੀ ਤਸਦੀਕ ਕੀਤੀ ਸੀ ਜਿਹੜੇ ਹੁਣ ਸਰਕਾਰ ਅੰਗਰੇਜ਼ੀ ਦੇ ਗੁੱਸੇ ਦੇ ਸ਼ਿਕਾਰ ਤੇ ਬੇਵਕੂਫ਼ ਖ਼ਿਆਲ ਕੀਤੇ ਗਏ ਤੇ ਉਨ੍ਹਾਂ ਦੀ ਲਿਖਤ ਤੇ ਉਨ੍ਹਾਂ ਦੇ ਬਿਆਨ ਬੇ ਅਸਰ ਹੋ ਗਏ।

ਇਨ੍ਹਾਂ ਖ਼ਿਆਲਾਤ ਨਾਲ ਦਾਸਾਂ ਨੂੰ ਇਹ ਭਾਰੀ ਡਰ ਹੈ ਕਿ ਅੰਗਰੇਜ਼ ਹਾਕਿਮ ਸਰਕਾਰ ਹਜ਼ੂਰ ਦੀ ਸਲਾਮੀ ਦੀਆਂ ਤੋਪਾਂ ਦੇ ਵਾਧੇ ਦੇ ਮਾਮਲੇ ਵੱਲ ਘਟ ਧਿਆਨ ਦੇਣਗੇ। ਖ਼ੈਰ ਜੋ ਹੋਵੇਗਾ ਵੇਖਿਆ ਜਾਵੇਗਾ।

ਮੇਜਰ ਬਰਨ ਸਾਹਿਬ ਬਹਾਦੁਰ ਆਪਣੇ ਅਹੁਦੇ ਦੀ ਤਬਦੀਲੀ, ਵਿਲਾਇਤ ਦੇ ਸਫ਼ਰ ਦੀ ਵਾਪਸੀ, ਅਵਾਜ਼ਾਰੀ, ਕੰਮ ਸੌਂਪੇ ਜਾਣ ਕਰਕੇ ਘੱਟ ਵਿਹਲ ਮਿਲਣ ਤੇ ਲਾਰਡ ਮੇਅਰ ਸਾਹਿਬ ਬਹਾਦੁਰ ਦੀ ਮੌਤ ਦੀ ਦੁਰਘਟਨਾ ਵਾਪਰਨ ਦੇ ਕਾਰਨ ਬਹੁਤ ਟੁੱਟੇ ਦਿਲ ਵਾਲੇ ਤੇ ਹੈਰਾਨ ਪ੍ਰੇਸ਼ਾਨ ਦਿਖਾਈ ਦਿੰਦੇ ਹਨ।

ਦਾਸਾਂ ਦਾ ਇਸ ਮਾਮਲੇ ਬਾਰੇ ਮਿਸਟਰ ਐਚਨਸ ਸਾਹਿਬ ਨਾਲ ਵੀ ਗੱਲਬਾਤ ਕਰਨ ਦਾ ਇਰਾਦਾ ਹੈ। ਉਨ੍ਹਾਂ ਨਾਲ ਗੱਲ ਬਾਤ ਕਰਨ ਮਗਰੋਂ ਜੋ ਕੁਝ ਹਾਲ ਹੋਵੇਗਾ ਉਹ ਅਰਜ਼ ਕੀਤਾ ਜਾਵੇਗਾ।

ਅਪਰੈਲ 1872

ਦਾਸਾਨ
ਸੱਯਦ ਮੁਹੰਮਦ ਹੁਸੈਨ ਤੇ ਸੱਯਦ ਮੁਹੰਮਦ ਅਲੀ,
ਸਰਕਾਰ ਦੇ ਭਰੋਸੇਯੋਗ ਵਿਅਕਤੀ,

---

**ਮਹਿਕਮਾ ਫ਼ਾਰਨ**

ਸ੍ਰੀ ਮਾਨ ਜੀ,

ਦਾਸ ਨੇ ਆਪਣੇ ਇਸ ਬਿਨੈ-ਪੱਤਰ ਵਿੱਚ ਮੇਜਰ ਬਰਨ ਸਾਹਿਬ ਦੀਆਂ ਬਹੁਤ ਸਾਰੀਆਂ ਗੱਲਾਂ ਦਾ ਸਾਰ ਅਰਜ਼ ਕੀਤਾ ਹੈ। ਹਜ਼ੂਰ ਦੇ ਤੇਜ ਪਰਤਾਪ ਸਦਕਾ ਮੇਜਰ ਬਰਨ ਸਾਹਿਬ ਦੀ ਸੇਵਾ ਵਿੱਚ ਪਹਿਲਾਂ ਤੋਂ ਹੀ ਇਹ ਗੱਲ ਕੀਤੀ ਹੋਈ ਸੀ ਤੇ ਉਨ੍ਹਾਂ ਨੇ ਵਾਅਦਾ ਵੀ ਕੀਤਾ ਹੋਇਆ ਸੀ ਜਿਸ ਕਰਕੇ ਉਨ੍ਹਾਂ ਨੂੰ ਹਰ ਤਰ੍ਹਾਂ ਨਾਲ ਸਾਡਾ ਖ਼ਿਆਲ ਹੈ। ਯਕੀਨ ਹੈ ਕਿ ਜੋ ਕੁਝ ਉਨ੍ਹਾਂ ਤੋਂ ਮਦਦ ਸੰਭਵ ਹੋਵੇਗੀ ਉਹ ਕਰਨ ਵਿੱਚ ਢਿਲ ਮੱਠ ਨਹੀਂ ਕਰਨਗੇ ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਮੇਜਰ ਬਰਨ ਸਾਹਿਬ ਛੇਤੀ ਹੀ ਜਾਣ ਵਾਲੇ ਹਨ ਅਤੇ ਲਾਰਡ ਮਿਊ ਸਾਹਿਬ ਬਹਾਦੁਰ ਦੀ ਮੌਤ ਦੀ ਦੁਰਘਟਨਾ ਸਦਕਾ ਬਹੁਤ ਪ੍ਰੇਸ਼ਾਨ ਹਨ ਅਤੇ ਪਹਿਲਾਂ ਨਾਲੋਂ ਅਤਿਅੰਤ ਕਮਜ਼ੋਰ ਹੋ ਗਏ ਹਨ। ਉਹ ਖ਼ੁਦ ਵੀ ਇਹੋ ਕਹਿੰਦੇ ਸਨ ਕਿ ਜੇ ਇਸ ਮਾਮਲੇ ਸੰਬੰਧੀ ਲਾਰਡ ਮਿਊ ਸਾਹਿਬ ਦੇ ਜਿਉਂਦੇ ਜੀਅ ਚਿੱਠੀ ਆਈ ਹੁੰਦੀ ਤਾਂ ਸਾਨੂੰ ਕੋਸ਼ਿਸ਼ ਕਰਨੀ ਬਹੁਤ ਆਸਾਨ ਸੀ ਤੇ ਇਸ ਮਾਮਲੇ 'ਚ ਕੋਈ ਦਿੱਕਤ ਪੇਸ਼ ਨਾ ਆਉਂਦੀ ਅਤੇ ਹੁਣ ਵੀ ਜੋ ਕੁਝ ਹੋ ਸਕੇਗਾ ਸਾਡੇ ਵੱਲੋਂ ਢਿੱਲ ਨਹੀਂ ਵਿਖਾਈ ਜਾਵੇਗੀ।

ਮੇਜਰ ਬਰਨ ਸਾਹਿਬ ਬਹਾਦੁਰ ਅਜੇ ਇੱਥੇ ਹੀ ਹਨ। ਦਾਸਾਂ ਨੇ ਉਨ੍ਹਾਂ ਦੀ ਸੇਵਾ ਵਿੱਚ ਵੀ ਇਤਲਾਹ ਕਰਾਈ ਸੀ। ਪਹਿਲੇ ਦਿਨ ਮੇਜਰ ਬਰਨ ਸਾਹਿਬ ਬਹਾਦੁਰ ਤਾਂ ਬੀਮਾਰ ਸਨ ਤਾਂ ਮੇਜਰ ਬਰਨ ਸਾਹਿਬ ਬਹਾਦੁਰ ਨੇ ਕਹਿ ਦਿੱਤਾ ਸੀ ਕਿ ਇਸ ਵੇਲੇ ਅਸੀਂ ਬਾਹਰ ਜਾ ਰਹੇ ਹਾਂ, ਕੱਲ੍ਹ ਆਵਾਂਗੇ। ਇਹ ਜਦੋਂ ਦੂਸਰੇ ਦਿਨ ਹਾਜ਼ਿਰ ਹੋਏ ਤਾਂ ਸਾਹਿਬ ਦੇ ਕੋਲ ਕੋਈ ਦੋ ਭਾਸ਼ੀਆ (ਅਨੁਵਾਦਕ) ਨਹੀਂ ਸੀ ਇਸ ਲਈ ਉਸਤਤ ਯੋਗ ਸਾਹਿਬ ਨੇ ਸਾਨੂੰ ਦੋ ਢਾਈ ਘੰਟੇ ਬੈਠਾਈ ਰੱਖਿਆ। ਆਖਿਰਕਾਰ ਜਦੋਂ ਕੋਈ ਅਨੁਵਾਦਕ ਨਾ ਮਿਲਿਆ ਤਾਂ ਦਾਸ ਮਜਬੂਰ ਹੋ ਕੇ ਚਲੇ ਆਏ ਤੇ ਕਿਸੇ ਹੋਰ ਸਮੇਂ ਮੁੜ ਉਸਤਤ ਯੋਗ ਸਾਹਿਬ ਦੀ ਸੇਵਾ ਵਿੱਚ ਹਾਜ਼ਿਰ ਹੋਵਾਂਗੇ। ਇਸ ਅਰਸੇ 'ਚ ਜੇ ਨੂਰਾਨੀ ਸਰਕਾਰ ਵੱਲੋਂ ਕੋਈ ਸ਼ੌਕੀਆ ਚਿੱਠੀ ਉਸਤਤ ਯੋਗ ਸਾਹਿਬ ਦੇ ਨਾਮ ਆ ਜਾਵੇ ਤਾਂ ਬਿਹਤਰ ਹੈ। ਉਸਤਤ ਯੋਗ ਸਾਹਿਬ (ਮੇਜਰ ਬਰਨ ਸਾਹਿਬ) ਲਾਰਡ ਮਿਊ ਸਾਹਿਬ ਬਹਾਦੁਰ ਦੇ ਵੇਚੇ ਹੋਏ ਸਾਮਾਨ ਦੇ ਹਿਸਾਬ ਕਿਤਾਬ ਤੇ ਫ਼ੈਸਲਾ ਕਰਨ 'ਚ ਲੱਗੇ ਹੋਏ ਹਨ। ਇਸ ਗੱਲ ਦੀ ਵੀ ਹੈਰਾਨੀ ਨਹੀਂ ਕਿ ਜੇ ਨਵੇਂ ਲਾਰਡ ਸਾਹਿਬ ਨੇ ਉਨ੍ਹਾਂ ਨੂੰ ਰੱਖ ਲਿਆ ਤਾਂ ਉਹ ਇੱਥੇ ਹੀ ਰਹਿ ਜਾਣ ਕਿਉਂਕਿ ਮੇਜਰ ਟੇਲਰ ਸਾਹਿਬ ਇਹ ਕਹਿੰਦੇ ਸਨ ਕਿ ਬਰਨ ਸਾਹਿਬ ਨੇ ਬਹਾਦੁਰੀ ਕੀਤੀ ਜਿਸ ਸਦਕਾ ਪੈਰ 'ਚ ਜ਼ੰਜੀਰ ਪੈ ਗਈ। ਜ਼ਿਆਦਾ ਰੁਪਿਆ ਪਾਸ ਨਹੀਂ, ਵਿਲਾਇਤ 'ਚ ਰਹਿਣਾ ਮੁਸ਼ਕਿਲ ਤੇ ਇੱਥੇ ਵੀ ਫ਼ੌਜ ਵਿੱਚ ਰਹਿਣਾ ਮੁਸ਼ਕਿਲ ਹੈ ਕਿਉਂਕਿ ਉਹ ਹਿੰਦੋਸਤਾਨ ਦੀ ਫ਼ੌਜ ਦਾ ਸਾਡੇ ਵਾਂਗ ਮੁਲਾਜ਼ਿਮ ਨਹੀਂ। ਰੱਬ ਜਾਣੇ ਕੀ ਹੋਵੇਗਾ ਮੇਜਰ ਟੇਲਰ ਸਾਹਿਬ, ਕਿਆਨ ਦਰਡੇਕ ਸਾਹਿਬ ਤੇ ਕਰੀਕਰਕ ਸਾਹਿਬ ਸਾਰੇ ਸਾਥੀ ਲੋਕ ਇੱਥੇ ਮੌਜੂਦ ਹਨ ਪਰ ਮੇਜਰ ਟੇਲਰ ਸਾਹਿਬ ਕਹਿੰਦੇ ਸਨ ਕਿ ਅਜੇ ਸਾਨੂੰ ਪਤਾ ਨਹੀਂ ਕਿ ਸਾਡੇ ਵਿੱਚੋਂ ਕਿਸ ਨੂੰ ਇਹ ਜਗ੍ਹਾ ਖ਼ਾਲੀ ਕਰਨੀ ਪਊਗੀ ਕਿਉਂਕਿ ਨਵੇਂ ਲਾਰਡ ਸਾਹਿਬ ਦੇ ਨਾਲ ਕੁਝ ਅੰਗਰੇਜ਼ ਲੋਕ ਆਏ ਹਨ। ਜਿਸ ਜਿਸ ਨੂੰ ਨਵਾਂ ਲਾਰਡ ਸਾਹਿਬ ਰੱਖੇਗਾ ਉਹ ਰਹੇਗਾ ਤੇ ਬਾਕੀ ਦੇ ਜਗ੍ਹਾ ਖ਼ਾਲੀ ਕਰਨਗੇ। ਉਸਤਤ ਯੋਗ ਸਾਹਿਬ ਬਹੁਤ ਦੇਰ ਤੱਕ ਪਿਆਰ ਮੁਹੱਬਤ ਦੀਆਂ ਗੱਲਾਂ ਕਰਦੇ ਰਹੇ, ਹਜ਼ੂਰ ਮਹਾਰਾਜਾ ਸਾਹਿਬ ਦੀ ਸੁੱਖ ਸਾਂਦ ਦਰਿਆਫ਼ਤ ਕਰਕੇ ਖ਼ੁਸ਼ ਹੁੰਦੇ ਰਹੇ ਤੇ ਲਾਰਡ ਮਿਊ ਸਾਹਿਬ ਬਹਾਦੁਰ ਦੇ ਗੁਣ ਬਿਆਨ ਕਰ ਕਰਕੇ ਅਫ਼ਸੋਸ ਕਰਦੇ ਰਹੇ।

ਸਲਾਮੀ ਦੇ ਮਾਮਲੇ ਬਾਰੇ ਤੇ ਇਸ ਨਾਲ ਸੰਬੰਧਤ ਹਾਲਾਤ ਦਰਿਆਫ਼ਤ ਕਰਨੇ ਹਨ ਅਤੇ ਇਸ ਬਾਰੇ ਹੋਰ ਵੀ ਕੁਝ ਉਪਾਉ ਕੀਤੇ ਗਏ ਹਨ। ਜਦੋਂ ਕੋਈ ਗੱਲ ਹੋਈ ਤਾਂ ਅਰਜ਼ ਕੀਤਾ ਜਾਵੇਗਾ।

ਇਤਲਾਹ ਵਜੋਂ ਅਰਜ਼ ਕੀਤਾ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨ ਸਮਾਨ ਹੈ।

# ਲੁਕਿਆ ਸੱਚ

---

**ਦਾਸਾਂ ਦਾ ਭਲਾ ਕਰਨ ਵਾਲੇ, ਨਿਆਮਤਾਂ ਦੇ ਮਾਲਿਕ ਦੇ ਗ਼ਰੀਬ ਪਰਵਰ ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ**

ਤੇਜ ਪਰਤਾਪ ਹਮੇਸ਼ਾ ਕਾਇਮ ਰਹੇ !

ਆਦਾਬ ਅਰਜ਼ ਕਰਨ ਉਪ੍ਰੰਤ ਦਾਸਾਂ ਦੀ ਬੇਨਤੀ ਹੈ ਕਿ ਦਾਸ ਪਰਸੋਂ ਮੇਜਰ ਬਰਨ ਸਾਹਿਬ ਬਹਾਦੁਰ ਨਾਲ ਮੁਲਾਕਾਤ ਕਰਨ ਵਾਸਤੇ ਗੌਰਮਿੰਟ ਹਾਊਸ ਗਏ ਸੀ। ਕਿਉਂਕਿ ਉਸਤਤ ਯੋਗ ਸਾਹਿਬ ਨੂੰ ਵਿਹਲ ਨਹੀਂ ਸੀ ਇਸ ਲਈ ਮੁਲਾਕਾਤ ਨਹੀਂ ਹੋ ਸਕੀ ਸੀ।

ਕੱਲ੍ਹ ਸ਼ਾਮ ਸਮੇਂ ਨਵਾਬ ਲਾਰਡ ਨਾਰਥ ਬਰੋਕ ਸਾਹਿਬ ਬਹਾਦੁਰ ਹਿੰਦੋਸਤਾਨ ਦੇ ਨਵੇਂ ਗਵਰਨਰ ਜਨਰਲ ਦੇ ਸਵਾਗਤੀ ਸਮਾਗਮ ਸੰਬੰਧੀ ਦਾਸ ਗੌਰਮਿੰਟ ਹਾਊਸ ਵਿੱਚ ਹਾਜ਼ਿਰ ਸਨ। ਉੱਥੇ ਚਲਦੇ ਫਿਰਦੇ ਹੀ ਮੇਜਰ ਬਰਨ ਸਾਹਿਬ ਬਹਾਦੁਰ ਨਾਲ ਮੁਲਾਕਾਤ ਹੋਈ। ਸਾਡੇ ਪੁੱਛਣ ’ਤੇ ਉਸਤਤ ਯੋਗ ਸਾਹਿਬ ਨੇ ਫ਼ਰਮਾਇਆ ਕਿ ਉਹ ਅਜੇ ਮਿਸਟਰ ਸਾਹਿਬ ਬਹਾਦੁਰ ਤੋਂ ਉਨ੍ਹਾਂ ਦੇ ਵਿਹਲ ਬਾਰੇ ਦਰਿਆਫ਼ਤ ਨਹੀਂ ਕਰ ਸਕਦੇ। ਦਾਸਾਂ ਦੇ ਫਿਰ ਪੁੱਛਣ ’ਤੇ ਏਨਾਂ ਹੀ ਬਿਆਨ ਕੀਤਾ ਕਿ ਅਸੀਂ ਇੱਥੋਂ ਲਾਰਡ ਨੀਅਰ ਸਾਹਿਬ ਬਹਾਦੁਰ ਕਾਇਮ ਮੁਕਾਮ ਵਾਇਸ ਰਾਏ ਗਵਰਨਰ ਜਨਰਲ ਨਾਲ ਸੱਤ ਮਈ ਨੂੰ ਰਵਾਨਾ ਹੋਵਾਂਗੇ।

ਕਿਉਂਕਿ ਇਸ ਗੱਲ ਦੀ ਸਰਕਾਰ ਹਜ਼ੂਰ ਨੂੰ ਇਤਲਾਹ ਦੇਣੀ ਵਾਜਿਬ ਸੀ ਇਸ ਲਈ ਇਤਲਾਹ ਵਜੋਂ ਅਰਜ਼ ਕੀਤਾ। ਇਸ ਤੋਂ ਜੋ ਕੁਝ ਹਾਲਾਤ ਵਾਪਰਨਗੇ ਉਹ ਅਰਜ਼ ਕੀਤੇ ਜਾਣਗੇ।

4 ਮਈ 1872.
ਮੁਕਾਮ ਕਲਕੱਤਾ।

ਦਾਸਾਨ ਨਮਕ ਖ਼ਾਹ
ਸੱਯਦ ਮੁਹੰਮਦ ਹੁਸੈਨ ਤੇ ਸੱਯਦ ਮੁਹੰਮਦ ਅਲੀ,
ਸਰਕਾਰ ਦੇ ਭਰੋਸੇਯੋਗ ਵਿਅਕਤੀ

------------------------------------------------------------

**ਪਰਚਾ ਅਲਹਿਦਾ**

ਕਾਵਨ ਸਾਹਿਬ ਦੀ ਬਰਖ਼ਾਸਤਗੀ (ਨੌਕਰੀ ਤੋਂ ਹਟਾ ਦੇਣਾ) ਤੇ ਮਿਸਟਰ ਫ਼ੌਰ ਸਾਇਥ ਸਾਹਿਬ ਦੇ ਤਬਾਦਲੇ ਦਾ ਹਾਲ ਪਹਿਲਾਂ ਲਿਖਿਆ ਗਿਆ ਹੈ। "ਗਜ਼ਟ ਆਫ਼ ਇੰਡੀਆ" ਦੇ ਮੁਲਾਹਿਜ਼ਾ ਕਰਨ ਤੇ ਹਾਕਿਮਾਂ ਦੀ ਜ਼ਬਾਨੀ ਪਤਾ ਲੱਗਿਆ ਹੈ ਕਿ ਇਹ ਹੁਕਮ ਲਾਰਡ ਨੀਅਰ ਸਾਹਿਬ ਕਾਇਮ ਮੁਕਾਮ ਵਾਇਸ ਰਾਏ ਨੇ ਦਿੱਤੇ ਸਨ ਅਤੇ ਸਾਰਾ ਵੇਰਵੇ ਸਹਿਤ ਹਾਲ ਗਜ਼ਟ 'ਚ ਛਪਿਆ ਹੈ। ਜਿਹੜੀ ਬੇਲੇ ਸਾਹਿਬ ਸੈਕਟਰੀ ਹੋਮ ਡੀਪਾਰਟਮੈਂਟ ਦੀ 30 ਅਪ੍ਰੈਲ ਦੀ ਚਿੱਠੀ ਛਪੀ ਹੈ ਉਸ ਤੋਂ ਸਾਫ਼ ਪ੍ਰਗਟ ਹੋ ਸਕਦਾ ਹੈ। ਗੌਰਮਿੰਟ ਦੇ ਇਤਰਾਜ਼ਾਂ ਦੇ ਜਵਾਬ ਵਿੱਚ ਜਿਹੜੇ ਜਿਹੜੇ ਕਾਰਨ ਕਾਵਨ ਸਾਹਿਬ ਤੇ ਫ਼ੌਰ ਸਾਇਥ ਸਾਹਿਬ ਨੇ ਪੇਸ਼ ਕੀਤੇ ਸਨ ਉਹ ਵੀ ਪਿੱਛੋਂ ਛਾਪੇ ਗਏ ਹਨ।

ਮਿਸਟਰ ਐਚਨਸ ਸਾਹਿਬ ਬਹਾਦੁਰ ਨੇ ਸਾਨੂੰ ਖ਼ੁਦ ਬੁਲਾਕੇ ਇਸ ਮਾਮਲੇ ਬਾਰੇ 6 ਮਈ ਨੂੰ ਬਹੁਤ ਦੇਰ ਤੱਕ ਗੱਲ ਬਾਤ ਕੀਤੀ ਸੀ। ਇਸ ਗੱਲਬਾਤ ਦਾ ਵੇਰਵੇ ਸਹਿਤ ਹਾਲ ਸਰਕਾਰ ਕੋਲ ਪੁੱਜ ਕੇ ਅਰਜ਼ ਕੀਤਾ ਜਾਵੇਗਾ। ਨਵੇਂ ਵਾਇਸ ਰਾਏ ਸਾਹਿਬ ਬਹਾਦੁਰ, ਨੂਰਾਨੀ ਸਰਕਾਰ ਮਹਾਰਾਜਾ ਸਾਹਿਬ 'ਤੇ ਬਹੁਤ ਮਿਹਰਬਾਨ ਹੋਏ ਲੱਗਦੇ ਹਨ ਕਿਉਂਕਿ ਲਾਰਡ ਨੀਅਰ ਸਾਹਿਬ ਬਹਾਦੁਰ ਦੀ ਵਿਦਾਇਗੀ ਪਾਰਟੀ ਦੇ ਇੱਕਠ ਵਿੱਚ ਜਨਾਬ ਵਾਇਸ ਰਾਏ ਸਾਹਿਬ ਬਹਾਦੁਰ ਨੇ ਜਿੰਨੀ ਮਿਹਰਬਾਨੀ ਦਾ ਪ੍ਰਗਟਾਵਾ ਸਾਡੇ 'ਤੇ ਕੀਤਾ ਹੈ, ਸਾਡੀ ਸਮਝ ਵਿੱਚ ਕਦੇ ਵਾਇਸ ਰਾਏ ਸਾਹਿਬ ਕਿਸੇ ਅਹਿਲਕਾਰ ਨਾਲ ਏਨੀ ਮਿਹਰਬਾਨੀ ਨਾਲ ਪੇਸ਼ ਨਹੀਂ ਆਏ ਹੋਣਗੇ। ਸੋ ਇਹ ਸਾਰਾ ਨਤੀਜਾ ਹਜ਼ੂਰ ਸਰਕਾਰ ਦੇ ਚੰਗੇ ਨਸੀਬੇ ਦਾ ਹੈ।

ਵੇਰਵੇ ਸਹਿਤ ਹਾਲ ਸਰਕਾਰ ਕੋਲ ਹਾਜ਼ਿਰ ਹੋ ਕੇ ਅਰਜ਼ ਕੀਤਾ ਜਾਵੇਗਾ।

ਲਿਫ਼ਾਫ਼ੇ 'ਚ ਬੰਦ ਬਿਨੈ-ਪੱਤਰ ਸਰਕਾਰ ਨੂੰ ਮੁਲਾਹਿਜ਼ਾ ਕਰਵਾ ਕੇ ਪਿਛਲੇ ਕਾਗਜ਼ਾਂ ਨਾਲ ਅਲਹਿਦਾ ਰੱਖ ਛਡੋ।

**ਜ਼ਮਾਨੇ ਦੇ ਸਖ਼ੀ, ਨਿਆਮਤਾਂ ਦੇ ਮਾਲਿਕ ਦੇ ਗ਼ਰੀਬ ਪਰਵਰ ਤੇ ਬਖ਼ਸ਼ਿਸ਼ ਦੇ ਖ਼ਜ਼ਾਨੇ ਹਜ਼ੂਰ ਸ੍ਰੀ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ।**

ਤੁਹਾਡਾ ਤੇਜ ਪਰਤਾਪ ਹਮੇਸ਼ਾ ਕਾਇਮ ਰਹੇ !

ਦਾਸਾਂ ਵੱਲੋਂ ਆਦਾਬ ਅਰਜ਼ ਕਰਨ ਉਪ੍ਰੰਤ ਬੇਨਤੀ ਹੈ ਕਿ ਇਸ ਤੋਂ ਪਹਿਲਾਂ ਮੇਜਰ ਬਰਨ ਸਾਹਿਬ ਬਹਾਦੁਰ ਦੇ ਮਿਤੀ 7 ਮਈ ਨੂੰ ਵਿਲਾਇਤ ਵੱਲ ਤਸ਼ਰੀਫ਼ ਲੈ ਜਾਣ ਬਾਰੇ ਤਾਰ ਰਾਹੀਂ ਹਜ਼ੂਰ ਨੂੰ ਇਤਲਾਹ ਦਿੱਤੀ ਗਈ ਹੈ। ਸਲਾਮੀ ਦੇ ਮਾਮਲੇ ਬਾਰੇ ਗੱਲ ਇਹ ਹੈ ਕਿ ਇਹ ਮਾਮਲਾ ਅਜੇ ਤੱਕ ਵਿਚਾਰ ਅਧੀਨ ਹੈ ਤੇ ਅਜੇ ਕੋਈ ਹੁਕਮ ਨਹੀਂ ਹੋਇਆ। ਦਾਸਾਂ ਦੀ ਇਸ ਮਾਮਲੇ ਬਾਰੇ ਜਿਹੜੀ ਜਿਹੜੀ ਗੱਲਬਾਤ ਮੇਜਰ ਬਰਨ ਸਾਹਿਬ ਬਹਾਦੁਰ ਤੇ ਉੱਚੀ ਸ਼ਾਨ ਵਾਲੇ ਸਾਹਿਬ ਮਿਸਟਰ ਐਚਨਸ ਸਾਹਿਬ ਬਹਾਦੁਰ ਫ਼ਾਰਨ ਸੈਕਟਰੀ ਨਾਲ ਹੋਈ ਹੈ ਤੇ ਜਿਹੜੇ ਜਿਹੜੇ ਹਾਲਾਤ ਦਾ ਪਤਾ ਲੱਗਿਆ ਹੈ ਉਸ ਬਾਰੇ ਛੇਤੀ ਹੀ ਦਾਸ ਹਜ਼ੂਰ ਦੀ ਸੇਵਾ ਵਿੱਚ ਹਾਜ਼ਿਰ ਹੋ ਕੇ ਹੂ-ਬਹੂ ਵੇਰਵੇ ਸਹਿਤ ਬਿਆਨ ਕਰਨਗੇ।

ਵਾਜਿਬ ਜਾਣ ਕੇ ਅਰਜ਼ ਕੀਤਾ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨ ਸਮਾਨ ਹੈ।

9 ਮਈ 1872.
ਮੁਕਾਮ ਕਲਕੱਤਾ।

ਦਾਸਾਨ
ਨਮਕ ਖ਼ੋਰ,
ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ
ਤੇ ਸੱਯਦ ਮੁਹੰਮਦ ਅਲੀ,
ਸਰਕਾਰ ਦੇ ਭਰੋਸੇਯੋਗ ਵਿਅਕਤੀ।

---

**ਮਿਸਟਰ ਐਲ. ਗ੍ਰਿਫ਼ਨ ਸਾਹਿਬ ਬਹਾਦੁਰ ਸੈਕਟਰੀ ਗੌਰਮਿੰਟ ਪੰਜਾਬ ਦੀ ਚਿੱਠੀ ਮਿਤੀ 16 ਮਈ 1872 ਜਿਹੜੀ ਸ੍ਰੀ ਮਹਾਰਾਜਾ ਸਾਹਿਬ ਪਟਿਆਲਾ ਦੇ ਨਾਮ ਅੰਬਾਲੇ ਤੋਂ ਲਿਖੀ ਗਈ ਦਾ ਤਰਜਮਾ**

ਮੇਰੇ ਪਿਆਰੇ ਦੋਸਤ,

ਮੈਨੂੰ ਬਹੁਤ ਅਫ਼ਸੋਸ ਹੈ ਕਿ ਪਿੰਜੌਰ ਦੇ ਇਲਾਕੇ 'ਚ ਹੈਜ਼ੇ ਦੀ ਬੀਮਾਰੀ ਫ਼ੈਲਣ ਨਾਲ ਆਪ ਨਾਲ ਮੁਲਾਕਾਤ ਕਰਨ ਦੀ ਮੇਰੀ ਖੁਸ਼ੀ ਪੂਰੀ ਨਾ ਹੋ ਸਕੀ ਜਿਸ ਦਾ ਮੈਂ ਬੇਹੱਦ ਚਾਹਵਾਨ ਸੀ। ਇਸ ਤੋਂ ਇਲਾਵਾ ਮੈਂ ਆਪ ਦੇ ਪਿੰਜੌਰ ਵਾਲੇ ਬਾਗ਼, ਜਿਨ੍ਹਾਂ ਦੀ ਪ੍ਰਸਿੱਧੀ ਬਹੁਤ ਹੈ, ਵੀ ਨਹੀਂ ਵੇਖੇ ਸਨ। ਫਿਰ ਵੀ ਮੈਨੂੰ ਉਮੀਦ ਹੈ ਅਸੀਂ ਇਸ ਗਰਮੀ ਦੇ ਮੌਸਮ ਵਿੱਚ ਕੁਝ ਸਮੇਂ ਬਾਅਦ ਸ਼ਿਮਲਾ ਵਿਖੇ ਮਿਲਾਂਗੇ।

ਮਿਸਟਰ ਕਾਵਨ ਸਾਹਿਬ ਦੇ ਮਾਮਲੇ ਵਿੱਚ ਗੌਰਮਿੰਟ ਹਿੰਦੋਸਤਾਨ ਦੇ ਫ਼ੈਸਲੇ ਬਾਰੇ ਤੁਹਾਡਾ ਕੀ ਵਿਚਾਰ ਹੈ? ਅਖ਼ਬਾਰ ਵੀ ਬਿਆਨ ਕਰਦੇ ਹਨ ਪਰ ਅਖ਼ਬਾਰਾਂ 'ਤੇ ਕਦੇ ਭਰੋਸਾ ਨਹੀਂ ਕੀਤਾ ਜਾ ਸਕਦਾ। ਆਪ ਜੋ ਇਸ ਫ਼ੈਸਲੇ ਤੋਂ ਬਹੁਤ ਨਾਰਾਜ਼ ਹੋ ਅਤੇ ਮਿਸਟਰ ਕਾਵਨ ਸਾਹਿਬ ਦੀ ਸਜ਼ਾ ਨੂੰ ਕਿਸੇ ਹੱਦ ਤੱਕ ਖ਼ੁਦ ਆਪਣੀ ਬੇਇੱਜ਼ਤੀ ਸਮਝਦੇ ਹੋ ਪਰ ਇਹ ਗੱਲ ਕਦੰਤ ਨਹੀਂ ਹੈ। ਹੁਣ ਤਾਂ ਇਹ ਲੱਗਦਾ ਹੈ ਕਿ ਤੁਹਾਡੀ ਫ਼ੌਜ ਤੇ ਅਹਿਲਕਾਰ ਫ਼ਸਾਦੀਆਂ ਨੂੰ ਤਿੱਤਰ ਬਿੱਤਰ ਕਰਨ ਸਦਕਾ ਬਹੁਤ ਭਰੋਸੇ ਯੋਗ ਤੇ ਵਿਸ਼ਸ਼ੇਤਾ ਪ੍ਰਾਪਤ ਕਰਦੇ ਜਾਂਦੇ ਹਨ। ਪਟਿਆਲਾ ਦਾ ਰੁਤਬਾ ਪਹਿਲਾਂ ਨਾਲੋਂ ਬਹੁਤ ਸਤਿਕਾਰ ਯੋਗ ਬਣ ਗਿਆ ਹੈ। ਮੈਂ ਇਸ ਨੂੰ ਸੱਚ ਨਹੀਂ ਸਮਝਦਾ ਕਿ ਆਪ ਆਪਣੀ ਰਿਆਸਤ ਵੱਲੋਂ ਗੌਰਮਿੰਟ ਦੇ ਹੁਕਮ ਤੋਂ ਕਿਸੇ ਤਰ੍ਹਾਂ ਨਾਰਾਜ਼ ਹੋ। ਭਾਵੇਂ ਮੇਰਾ ਤੇ ਤੁਹਾਡਾ ਦੋਹਾਂ ਦਾ ਇਹ ਖ਼ਿਆਲ ਸੀ ਕਿ ਗੌਰਮਿੰਟ ਵਾਸਤੇ ਮਿਸਟਰ ਕਾਵਨ ਸਾਹਿਬ ਦੀ ਕਾਰਵਾਈ ਦੀ ਪ੍ਰੋੜਤਾ ਕਰਨੀ ਲਾਜ਼ਿਮੀ ਸੀ ਪਰ ਮੈਨੂੰ ਅਫ਼ਸੋਸ ਹੈ ਕਿ ਇਸ ਮਾਮਲੇ ਵਿੱਚ ਗਵਰਨਰ ਜਨਰਲ ਸਾਹਿਬ ਬਹਾਦੁਰ ਨੇ ਆਪਣੀ ਵੱਖਰੀ ਰਾਏ ਦਿੱਤੀ। ਸੂਬਾ ਪੰਜਾਬ ਵਿੱਚ ਕਿਸੇ ਕਾਰਵਾਈ ਦੇ ਢੰਗ ਬਾਰੇ ਉਨ੍ਹਾਂ ਚਿਰ ਇਤਰਾਜ਼ ਨਹੀਂ ਕੀਤਾ ਜਾਂਦਾ ਜਿਨ੍ਹਾਂ ਚਿਰ ਉਸ ਕਾਰਵਾਈ ਦਾ ਵਧੀਆ ਸ਼ੁਭ ਅਸਰ ਪਵੇ ਜਿਹੋ ਜਿਹਾ ਦਰਅਸਲ ਮਾਲੇਰ ਕੋਟਲਾ ਵਿਖੇ ਮੁਜ਼ਰਿਮਾਂ ਦੇ ਕਤਲ ਕਰਨ ਨਾਲ ਨਤੀਜਾ ਨਿਕਲਿਆ। ਪਰ ਕਿਉਂਕਿ ਇਸ ਬਾਰੇ ਹਿੰਦੋਸਤਾਨੀ ਗੌਰਮਿੰਟ ਦੀ ਰਾਏ ਭਿੰਨ ਹੈ ਅਤੇ ਵਾਕੱਈ ਬਹੁਤ ਸਹੀ ਤੇ ਸਿੱਧੀ ਹੈ ਭਾਵੇਂ ਅਸੀਂ ਦੋਵੇਂ ਉਸ ਨਾਲ ਸਹਿਮਤ ਨਹੀਂ ਹਾਂ। ਅਸੀਂ ਕਹਿ ਚੁੱਕੇ ਹਾਂ ਕਿ ਨਿਆਂ ਪਾਲਕ ਸਰਕਾਰ ਕੇਵਲ ਪੱਕੇ ਨਿਆਂ ਅਨੁਸਾਰ ਕਾਰਵਾਈ ਕਰੇਗੀ। ਸੂਝਵਾਨ ਲੋਕਾਂ ਦਾ ਅਜਿਹੀ ਸਹੀ ਤੇ ਸਿੱਧੀ ਤੇ ਮੁਲਕੀ ਭਲਾਈ ਵਾਲੀ ਰਾਏ ਨਾਲ ਸਹਿਮਤ ਹੋਣਾ ਬੇਫ਼ਾਇਦਾ ਹੈ ਭਾਵੇਂ ਇਹ ਭਲਾਈ ਵਾਲੀ ਰਾਏ, ਜਿਹੋ ਜਿਹੀ ਚਾਹੀਦੀ ਹੈ, ਪੰਜਾਬ ਵਾਸਤੇ ਮੁਨਾਸਿਬ ਨਹੀਂ ਪਰ ਸਭ ਪਾਸਿਉਂ ਇਤਰਾਜ਼ ਭਰੀ ਹੈ।

ਸੋ ਮੇਰੇ ਦੋਸਤ, ਮੈਂ ਆਪ ਨੂੰ ਦੋਸਤਾਨਾ ਤੌਰ 'ਤੇ ਲਿਖਦਾ ਹਾਂ, ਨਾ ਕਿ ਸੈਕਟਰੀ ਗੌਰਮਿੰਟ ਦੇ ਤੌਰ 'ਤੇ, ਕਿ ਆਪ ਪਟਿਆਲੇ ਦੇ ਰੁਤਬੇ ਨੂੰ, ਮਾਲੇਰ ਕੋਟਲਾ ਦੇ ਹੱਕ ਵਿੱਚ ਬਹੁਤ ਭਾਰੀ ਹਮਾਇਤ ਕਰਨ ਨਾਲ, ਘੱਟ ਖ਼ਿਆਲ ਨਾ ਕਰੋ। ਰਿਆਸਤ ਪਟਿਆਲਾ ਨੇ ਜਿਹੜਾ ਉਸੇ ਵੇਲੇ ਕੰਮ ਕੀਤਾ ਉਹ ਸਾਰਾ ਠੀਕ ਸੀ ਤੇ ਗੌਰਮਿੰਟ ਉਸ ਨੂੰ ਯਾਦ ਰੱਖੇਗੀ। ਮੇਰੀ ਤੇ ਤੁਹਾਡੀ ਮਿਸਟਰ ਕਾਵਨ ਸਾਹਿਬ ਦੇ ਮਾਮਲੇ ਬਾਰੇ ਏਨੀ ਗ਼ੌਰਤਲਬ ਗੱਲ ਨਹੀਂ ਸੀ। ਅੱਧੇ ਲੋਕਾਂ ਨੇ ਡਰ ਕੇ ਬਿਆਨ ਕੀਤਾ ਤੇ ਅੱਧਿਆਂ ਨੇ ਕੇਵਲ ਫੋਕੇ ਅਭਿਮਾਨ ਸਦਕਾ।

ਮੈਨੂੰ ਛੇਤੀ ਜਵਾਬ ਲਿਖਣਾ ਅਤੇ ਮੈਨੂੰ ਹਮੇਸ਼ਾ ਆਪਣਾ ਸੱਚਾ ਦੋਸਤ ਸਮਝਦੇ ਰਹਿਣਾ।

ਤੁਹਾਡਾ ਦੋਸਤ
ਐਲ ਗ੍ਰਿਫਨ

---

## ਮੂਲ ਅੰਗਰੇਜੀ ਚਿੱਠੀ

Ambala .
16-5-72

My dear friend,

I am exceedingly sorry that the occurance of cholera in the neighbourhood of Pinjor has prevented my having the the pleasure of meeting you, which I had been quite looking forward to. I had, besides, never seen your gardens at Pinjor the fame of which is so great. I still hope that we may meet at Simla later in the season.

What do you think of the Resolution of the Government of India in the matter of Mr. Cowan. The news-papers make out, but they are never to be relied upon that you are very much annoyed at the result and consider the punishment of Mr. Cowan as in some measure a reproach to yourself. This it of course is not and your troops and official seem now to come in for the chief part of the credit of having dispersed the rioters and the Patiala Position is more honourable than before. So, I do not suppose that it is true that you are in any way annoyed on account of your state with the win of Govt. through we both have always considered that Mr. Cowan should have been supported by Government in what he had done. I very much regret that the Governor Genernal has taken another view of the question. In the Punjab the manner of doing a thing does not much matter. So, why as the effect produced in good as was certainly the case with the execution at Maler Kotla. But as the Govt. of India have taken a different view and certainly a very excellent one, though we neither agree with it and have that strict justice is the only consideration upon which right Government can proceed. There is no use in wise people pretending to deny sentiment to virtuous or a policy, which if it does not quite suit the Punjab, is at any rate, above criticism. So, do not, my friend, and it is as a friend and not as a Secretary to Govt. that I write, make the position of Patiala up excellent by too vigorous a defence of the Maler Kotla executions. Every thing done by Patiala at the time was done well and the Govt. will remember it. Between you and me, there was not much to be proud of in Mr. Cowan 's exploit. Half dictated by fright and half by warmly.

write to me soon and always believe me.

Your sincere friend,
L. Griffen.

# ਲੁਕਿਆ ਸੱਚ

---

**ਸ੍ਰੀ ਮਹਾਰਾਜਾ ਸਾਹਿਬ ਬਹਾਦੁਰ ਪਟਿਆਲਾ ਵੱਲੋਂ ਮਿਸਟਰ ਗ੍ਰਿਫ਼ਨ ਸਾਹਿਬ ਬਹਾਦੁਰ ਸੈਕਟਰੀ ਗੌਰਮਿੰਟ ਪੰਜਾਬ ਦੇ ਨਾਮ ਲਿਖੀ ਚਿੱਠੀ ਦਾ ਤਰਜਮਾ**

ਮੇਰੇ ਪਿਆਰੇ ਮਿਸਟਰ ਗ੍ਰਿਫ਼ਨ ਸਾਹਿਬ,

ਮੈਂ ਬੜੀ ਖ਼ੁਸ਼ੀ ਨਾਲ ਆਪ ਦੀ ਚਿੱਠੀ ਮਿਤੀ 16 ਮਈ 1872, ਜਿਹੜੀ ਆਪ ਨੇ ਅੰਬਾਲੇ ਤੋਂ ਲਿਖੀ ਸੀ, ਨੂੰ ਵਸੂਲ ਕਰਦਾ ਹਾਂ। ਮੈਂ ਉਸ ਦੋਸਤਾਨਾ ਢੰਗ ਦਾ ਸ਼ੁਕਰੀਆਂ ਅਦਾ ਕਰਦਾ ਹਾਂ ਜਿਸ ਢੰਗ ਨਾਲ ਆਪ ਨੇ ਮੈਨੂੰ ਲਿਖਿਆ ਹੈ। ਮੈਂ ਲੈਫ਼ਟੀਨੈਂਟ ਗਵਰਨਰ ਸਾਹਿਬ ਬਾਰੇ ਕਾਫ਼ੀ ਦੇਰ ਬਾਅਦ ਸੁਣਿਆ ਹੈ ਅਤੇ ਮੈਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਕਿ ਤੁਸੀਂ ਸਾਰੇ ਪੂਰੀ ਸੁੱਖ ਸਾਂਦ ਨਾਲ ਸ਼ਿਮਲੇ ਪੁੱਜ ਗਏ ਹੋ।

ਕੂਕਿਆਂ ਦੇ ਕਤਲ ਸੰਬੰਧੀ ਹਿੰਦੋਸਤਾਨ ਗੌਰਮਿੰਟ ਦੇ ਮਤੇ ਬਾਰੇ ਮੈਨੂੰ ਪਤਾ ਲੱਗਿਆ ਤਾਂ ਮੈਨੂੰ ਅਫ਼ਸੋਸ ਹੋਇਆ ਕਿ ਇੱਕ ਐਂਗਲੋ-ਇੰਡੀਅਨ ਰਿਸਾਲੇ ਨੇ ਮੇਰੇ ਬਾਰੇ ਅਜਿਹੀ ਗ਼ੈਰ ਪ੍ਰਮਾਣੀਕ ਖ਼ਬਰ ਛਾਪੀ ਹੈ ਅਤੇ ਕਈ ਅਖਬਾਰਾਂ ਰਿਸਾਲਿਆਂ ਨੇ ਇਸ ਦੀ ਨਕਲ ਕੀਤੀ ਹੈ। ਮੈਂ 14 ਮਈ 1872 ਦਾ ਅਖਬਾਰ " ਪਬਲਿਕ ਅਪੀਨੀਅਨ" ਬਹੁਤ ਅਸਰਚਰਜਤਾ ਨਾਲ ਪੜ੍ਹਿਆ। ਮੈਨੂੰ ਬੜੀ ਹੈਰਾਨੀ ਹੋਈ ਕਿ ਉਸ ਨੇ ਅਜਿਹੀ ਗੱਲ ਕਿਵੇਂ ਛਾਪੀ ਜਿਹੜੀ ਉੱਕਾ ਹੀ ਸੱਚਾਈ 'ਤੇ ਆਧਾਰਤ ਨਹੀਂ ਹੈ। ਮੈਂ ਕਦੇ ਵੀ ਹਿੰਦੋਸਤਾਨੀ ਗੌਰਮਿੰਟ ਦੇ ਫ਼ੈਸਲੇ ਬਾਰੇ ਇਹ ਨਹੀ ਸੋਚਿਆ ਕਿ ਇਸ ਫੈਸਲੇ ਨਾਲ ਮੈਨੂੰ ਬਦਨਾਮ ਕੀਤਾ ਗਿਆ ਹੈ ਅਤੇ ਨਾ ਹੁਣ ਸਮਝਣ ਦੀ ਮੈਨੂੰ ਕੋਈ ਵਜ੍ਹਾ ਪ੍ਰਤੀਤ ਹੁੰਦੀ ਹੈ। ਸੋ ਮੇਰਾ ਇਸ ਫ਼ੈਸਲੇ ਨਾਲ ਕੋਈ ਲੈਣਾ ਦੇਣਾ ਨਹੀਂ ਹੈ। **ਅੰਗਰੇਜ਼ੀ ਸਰਕਾਰ ਦਾ ਇੱਕ ਦੋਸਤ ਤੇ ਇਸ ਦੀ ਵੱਡਤਣ ਦੀ ਪੁਸ਼ਟੀ ਕਰਨ ਵਾਲੇ ਦੇ ਤੌਰ 'ਤੇ ਮੈਂ ਗੌਰਮਿੰਟ ਨੂੰ ਲੋੜ ਤੇ ਸੰਕਟ ਸਮੇਂ ਮਦਦ ਦੇਣ ਨੂੰ ਆਪਣਾ ਪਰਮ ਫ਼ਰਜ਼ ਸਮਝਿਆ। ਮੇਰੀ ਇਹ ਡਿਊਟੀ ਖਤਮ ਹੋ ਜਾਂਦੀ ਹੈ ਜਦੋਂ ਬਾਗ਼ੀ ਫੜੇ ਗਏ ਤੇ ਅੰਗਰੇਜ਼ੀ ਅਧਿਕਾਰੀਆਂ ਦੇ ਸਪੁਰਦ ਕਰ ਦਿੱਤੇ ਗਏ। ਸਥਾਨਕ ਅੰਗਰੇਜ਼ੀ ਅਫ਼ਸਰਾਂ ਵੱਲੋਂ ਕਾਨੂੰਨੀ ਜਾਂ ਗੈਰ ਕਾਨੂੰਨੀ ਢੰਗ ਨਾਲ ਉਨ੍ਹਾਂ 'ਤੇ ਮੁਕੱਦਮਾ ਚਲਾਉਣਾ ਅਤੇ ਸੁਪਰੀਮ ਗੌਰਮਿੰਟ ਵੱਲੋਂ ਇਤਰਾਜ਼ ਕਰਨਾ ਇੱਕ ਅਜਿਹਾ ਮਾਮਲਾ ਹੈ ਜਿਸ ਦਾ ਮੇਰੇ ਨਾਲ ਉੱਕਾ ਹੀ ਸਬੰਧ ਨਹੀ।** ਸੋ "ਪੁਬਲਿਕ ਅਪੀਨੀਅਨ" ਨੇ ਜੋ ਕੁਝ ਮੇਰੇ ਬਾਰੇ ਆਪਣੇ 14 ਮਈ ਦੇ ਅੰਕ ਵਿੱਚ ਛਾਪਿਆ ਹੈ ਬਿਲਕੁਲ ਬੇਹੂਦਾ ਤੇ ਝੂਠਾ ਹੈ। ਤੁਸੀਂ ਛੇਤੀ ਹੀ ਇਸ ਗੱਲ ਦਾ ਖੰਡਨ (ਤਰਦੀਦ) ਇਸ ਦੇ ਅਗਲੇ ਅੰਕ ਵਿੱਚ ਪੜ੍ਹੋਗੇ। ਮੈਂ ਮੁੜ ਇੱਕ ਵਫ਼ਾਦਾਰ ਦੋਸਤ ਦੇ ਤੌਰ 'ਤੇ ਤੁਹਾਡੇ ਉਸ ਵਧੀਆ ਢੰਗ ਦਾ ਧੰਨਵਾਦ ਕਰਦਾ ਹਾਂ ਜਿਸ ਹਮਦਰਦਾਨਾ ਢੰਗ ਨਾਲ ਤੁਸੀਂ ਮੈਨੂੰ ਲਿਖਿਆ ਹੈ।
ਮੈਂ ਧੰਨਵਾਦੀ ਹੋ ਕੇ ਬਿਆਨ ਕਰਦਾ ਹਾਂ ਕਿ ਮੈਨੂੰ ਸਰਵ ਸ਼ਕਤੀਮਾਨ ਪ੍ਰਮਾਤਮਾ ਨੇ ਆਪਣੀ ਅਪਾਰ ਕ੍ਰਿਪਾ ਕਰਦੇ ਹੋਏ ਇੱਕ ਹੋਰ ਪੁੱਤਰ ਦੀ ਦਾਤ ਨਾਲ ਨਿਵਾਜ਼ਿਆ ਹੈ ਜਿਹੜਾ 25 ਮਈ ਨੂੰ ਰਾਤ ਦੇ 10 ਵਜੇ ਪੈਦਾ ਹੋਇਆ।

ਮੈਨੂੰ ਯਕੀਨ ਹੈ ਕਿ ਤੁਸੀਂ ਤੇ ਨਵਾਬ ਲੈਫ਼ਟੀਨੈਂਟ ਗਵਰਨਰ ਸਾਹਿਬ ਬਹਾਦੁਰ ਸ਼ਿਮਲੇ ਦੇ ਮਨਭਾਉਂਦੇ ਪਉਣ-ਪਾਣੀ ਵਿੱਚ ਚੰਗੀ ਸਿਹਤ ਦਾ ਅਨੰਦ ਮਾਣ ਰਹੇ ਹੋਵੋਗੇ। ਸੋ ਮੈਨੂੰ ਉਮੀਦ ਹੈ ਕਿ ਮੈਂ ਛੇਤੀ ਹੀ ਤੁਹਾਨੂੰ ਮਿਲਣ ਦੀ ਖ਼ੁਸ਼ੀ ਪ੍ਰਾਪਤ ਕਰਾਂਗਾ।

ਮੈਂ ਹਾਂ
ਤੁਹਾਡਾ ਸੱਚਾ ਮਿੱਤਰ,

---

## ਮੂਲ ਅੰਗਰੇਜੀ ਚਿੱਠੀ

My dear Mr. Griffin,

I beg to acknowledge with great pleasure your kind letter of the 16th instant written from Umbala and offer my best thanks to you for the friendly way you have written me. I have heard of very late from H.H. the Lieutenant Governor and I am happy to learn that all of you have reached Simla quite safe and sound.

Regarding the resolution of the Govt. of India on the Kooka Executions, I am sorry to find that one of the Anglo-Indian journals has published such unauthenticatecd news about me, and that some of them have copied him. I have read with great surprise the "Public Opinion" of the 14th instant me I am at a loss to find how could he publish a thing which is not based on truth at all. I have never considered the decision of Govt. as a reproach to me nor to I see there is any reason of my considering. So, I have nothing to do with this decision. As a friend of British Govt. and an advocate of its supremacy, I thought its my duty to render assistance to Govt. in time of need and emergency and my this duty ends when the rebels were captured and delivered to the British authorities. The legal or illegal manner of their prosecution by the British local officers and the objection of the Supreme Govt. thereto is a thing which does not bear any least concern with me. and hence what the "Public Opinion" has published regarding me in its issue of the 14th instant is quite absurd and false. You will shortly read a contradiction of the same in its next issue and I beg to offer again my most sincere thanks to you for the kindly manner you have written me.

I am thanksful to say that Almight father has been pleased to bless me with another son who is born at 10' o' clock might of the 25th instant. Trusting His Honour enjoys good health as well yourself in the fineing climate of Simla, Where I hope, I shall have shortly the pleasure of meeting you.

I believe your
Very Truly.

# ਲੁਕਿਆ ਸੱਚ

---

24 ਮਈ ਸੰਨ 1872.
ਮੁਤਾਬਿਕ 13 ਜੇਠ ਸੰਮਤ 1929

**ਐਡੀਟਰ " ਇੰਡੀਅਨ ਪਬਲਿਕ ਅਪੀਨੀਅਨ" ਦੇ ਨਾਮ।**

ਆਪ ਦੇ 14 ਮਈ ਦੇ ਛਪੇ ਅਖ਼ਬਾਰ ਵਿੱਚ ਪੜ੍ਹ ਕੇ ਮੈਂ ਹੈਰਾਨ ਹੋਇਆ ਤੇ ਤੁਹਾਨੂੰ ਇਤਲਾਹ ਦਿੰਦਾ ਹਾਂ ਕਿ ਹਜ਼ੂਰ ਮਹਾਰਾਜਾ ਸਾਹਿਬ ਬਹਾਦੁਰ ਗੌਰਮਿੰਟ ਦੇ ਉਸ ਮਤੇ ਨਾਲ ਸਹਿਮਤ ਨਹੀਂ ਹਨ ਜਿਹੜਾ ਮਾਲੇਰ ਕੋਟਲਾ ਵਿਖੇ ਕੂਕਿਆਂ ਦੇ ਕਤਲ ਕੀਤੇ ਜਾਣ ਬਾਰੇ ਪਾਸ ਹੋਇਆ ਹੈ। ਮਹਾਰਾਜਾ ਸਾਹਿਬ ਬਹਾਦੁਰ ਦੇ ਅੰਗਰੇਜ਼ ਗੌਰਮਿੰਟ ਨਾਲ ਉਹ ਪੁਰਾਣੇ ਤੇ ਪੱਕੇ ਤਅੱਲੁਕਾਤ ਹੋਣ ਸਦਕਾ ਉਨ੍ਹਾਂ ਦਾ ਇਹ ਫ਼ਰਜ਼ ਸੀ ਕਿ ਉਹ ਕੂਕਿਆਂ ਦੇ ਇਸ ਫ਼ਸਾਦ ਨੂੰ ਦਬਾਉਣ ਦੀ ਕੋਸ਼ਿਸ਼ ਕਰਦੇ। ਸੋ ਜੋ ਕੁਝ ਉਨ੍ਹਾਂ ਨੇ ਇਸ ਬਾਰੇ ਕੀਤਾ ਤੇ ਉਸ ਵਿੱਚ ਕਾਮਯਾਬ ਵੀ ਹੋਏ, ਉਹ ਸਭ ਨੂੰ ਪਤਾ ਹੈ। ਬ੍ਰਿਟਿਸ਼ ਗੌਰਮਿੰਟ ਦੇ ਅਹੁਦੇਦਾਰਾਂ ਦਾ ਕੂਕਿਆਂ ਨੂੰ ਕਾਨੂੰਨ ਦੇ ਵਿਰੁੱਧ ਸਜ਼ਾ ਦੇਣਾ ਤੇ ਗੌਰਮਿੰਟ ਦਾ ਉਨ੍ਹਾਂ ਦੀ ਕਾਰਵਾਈ 'ਤੇ ਇਤਰਾਜ਼ ਕਰਨਾ ਇੱਕ ਅਜਿਹੀ ਗੱਲ ਹੈ ਜਿਹੜੀ ਮਹਾਰਾਜਾ ਸਾਹਿਬ ਬਹਾਦੁਰ ਦਾ ਗੌਰਮਿੰਟ ਦੇ ਇਸ ਹੁਕਮ ਨੂੰ ਆਪਣੀ ਬੇਇੱਜ਼ਤੀ ਸਮਝਣਾ ਇੱਕ ਅਲੱਗ ਗੱਲ ਹੈ ਜਿਸ ਵਿੱਚ ਭੋਰਾ ਭਰ ਵੀ ਸੱਚਾਈ ਨਹੀਂ ਹੈ।

ਆਪ ਦਾ ਅਖ਼ਬਾਰ ਹੈ, ਇੱਜ਼ਤ ਵਾਲਾ ਅਖ਼ਬਾਰ ਹੈ, ਇਸ ਲਈ ਅਜਿਹੀਆਂ ਝੂਠੀਆਂ ਖ਼ਬਰਾਂ ਦਾ ਉਸ ਵਿੱਚ ਛਪਣਾ ਨਾ ਮੁਨਾਸਿਬ ਹੈ। ਮੈਂ ਬੇਨਤੀ ਕਰਦਾ ਹਾਂ ਕਿ ਆਪ ਉਸ ਖ਼ਬਰ ਦੀ ਤਰਦੀਦ ਛਾਪ ਦਿਓ।

ਜਿਸ ਇਬਾਦਤ ਉੱਤੇ ਮੈਂ ਲੀਕ ਮਾਰੀ ਹੈ, ਉਸ ਦੇ ਕੀ ਇਹ ਅਰਥ ਨਹੀਂ ਕਿ ਪਟਿਆਲੇ ਦੇ ਲੋਕ ਝੂਠ ਹਨ, ਉਨ੍ਹਾਂ ਦਾ ਮਾਲਿਕ ਕੁਝ ਲਿਖਦਾ ਹੈ ਤੇ ਉਹ ਕੁਝ ਕਹਿੰਦੇ ਹਨ। ਜਾਂ ਕੁਝ ਹੋਰ ਅਰਥ ਹੈ। ਜੇ ਇਹੋ ਮਤਲਬ ਹੈ ਜਿਹੜਾ ਮੈਂ ਸਮਝਦਾ ਹਾਂ ਤਾਂ ਇਹ ਵੀ ਤਰਦੀਦ ਲਿਖਣ ਦੇ ਕਾਬਿਲ ਹੈ।

**ਜਨਾਬ ਸਤਿਕਾਰ ਯੋਗ ਲਾਲਾ ਗਿਰਧਾਰੀ ਲਾਲ ਜੀ,**

ਵਜ਼ੀਰ ਸਾਹਿਬ ਦੀ ਲਿਖਤ ਅਨੁਸਾਰ ਇਸ ਪਰਚੇ 'ਚ ਦਰਜ ਅਖ਼ਬਾਰ ਦੀ ਚੁਣੀ ਹੋਈ ਟੂਕ ਸਮੇਤ ਉਸ ਨਾਲ ਸੰਬੰਧਤ ਸਹੀ ਤਰਜਮੇਂ ਵਾਲੇ ਕਾਗਜ਼ਾਂ 'ਤੇ ਨਿਸ਼ਾਨ ਲਾ ਕੇ ਤੁਹਾਡੀ ਸੇਵਾ ਵਿੱਚ ਭੇਜ ਰਿਹਾ ਹਾਂ। ਮੇਰੀ ਸਮਝ ਵਿੱਚ ਅਖ਼ਬਾਰ ਵਾਲੇ ਦੇ ਮਤਲਬ ਤੇ ਤਰਜਮੇਂ ਵਿੱਚ ਕੋਈ ਫ਼ਰਕ ਨਹੀਂ ਹੈ। ਇਸ ਦਾ ਜਵਾਬ ਅੱਜ ਹੀ ਲੋੜੀਂਦਾ ਹੈ।

ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ।

**ਮੇਰੇ ਜਨਾਬ ਮੁਨਸ਼ੀ ਰਿਜ਼ਵੀ ਸਾਹਿਬ,**

ਉਸ ਇਬਾਦਤ ਦਾ ਇਹ ਤਰਜਮਾਂ ਕੇਵਲ ਮੁਲਾਹਿਜ਼ਾ ਕਰਨ ਵਾਸਤੇ ਭੇਜ ਰਿਹਾ ਹਾਂ ਜਿਹੜੀ ਐਡੀਟਰ "ਇੰਡੀਅਨ ਪਬਲਿਕ ਅਪੀਨੀਅਨ" ਨੇ ਭੂਮਕਾ ਦੇ ਤੌਰ 'ਤੇ ਹਜ਼ੂਰ ਮਹਾਰਾਜਾ ਸਾਹਿਬ ਦੀ ਚਿੱਠੀ ਨਾਲ ਛਾਪੀ ਹੈ। ਮੁਲਾਹਿਜ਼ਾ ਕਰਨ ਉਪ੍ਰੰਤ ਇਸ ਨੂੰ ਫ਼ਾੜ ਸੁਟੋ।

ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ।

# ਲੁਕਿਆ ਸੱਚ

---

**ਗੋਬਿੰਦ ਦਾਸ ਮੁਹੱਰਿਰ ਵਕਾਲਤ ਗੌਰਮਿੰਟ ਪੰਜਾਬ ਦਾ ਭੇਜਿਆ ਪਰਚਾ।**

ਅੱਜ ਦਾਸ ਨੂੰ ਮਿਸਟਰ ਫ਼ੌਰ ਸਾਇਥ ਸਾਹਿਬ ਬਹਾਦੁਰ ਨੇ ਬੁਲਾਇਆ। ਅੱਗੇ ਰਸਤੇ ਵਿੱਚ ਕਪੂਰਥਲਾ ਸਰਕਾਰ ਦੇ ਭਰੋਸੇਯੋਗ ਵਿਅਕਤੀ ਲਾਲਾ ਈਸ਼ਰ ਦਾਸ ਸਾਹਿਬ ਮਿਲ ਗਏ ਕਿਉਂਕਿ ਉਨ੍ਹਾਂ ਨੂੰ ਵੀ ਬੁਲਵਾਇਆ ਸੀ।

ਸੋ ਦਾਸ ਹਾਜ਼ਿਰ ਹੋਇਆ। ਪਹਿਲਾਂ ਤਾਂ ਸਾਹਿਬ ਬਹਾਦੁਰ ਨੇ ਨੂਰਾਨੀ ਸਰਕਾਰ ਮਹਾਰਾਜਾ ਸਾਹਿਬ ਦਾ ਹਾਲ ਚਾਲ ਪੁੱਛਿਆ ਤੇ ਮਗਰੋਂ ਫ਼ਰਮਾਇਆ ਕਿ “ ਅੱਜ ਗਵਰਨਰ ਜਨਰਲ ਸਾਹਿਬ ਬਹਾਦੁਰ ਦੇ ਦਰਬਾਰ ਵਿੱਚ ਕੌਂਸਲ ਹੋਈ ਸੀ। ਅਸੀਂ ਸਾਰੇ ਕੌਂਸਲ ਵਿੱਚ ਗਏ ਸਾਂ। ਉੱਥੇ 50 ਕੂਕਿਆਂ ਦੇ ਕਤਲ ਦੀ ਗੱਲ ਬਾਤ ਹੋਈ ਸੀ। ਅਸੀਂ ਜਵਾਬ, ਜਿਹੜੇ ਉਸ ਵੇਲੇ ਮੁਨਾਸਿਬ ਸਨ, ਪੇਸ਼ ਕੀਤੇ। ਸੋਚ ਵਿਚਾਰ ਮਗਰੋਂ ਸਭ ਕੌਂਸਲ ਵਾਲੇ ਇਸੇ ਤਜਵੀਜ਼ ’ਤੇ ਸਹਿਮਤ ਹੋਏ ਕਿ ਜੇ ਇਹੋ ਜਿਹਾ ਦਸਤੂਰ ਹਿੰਦੋਸਤਾਨੀ ਰਿਆਸਤਾਂ ਵਿੱਚ ਹੋ ਜਾਵੇ ਤੇ ਇਸ ਕਿਸਮ ਦੇ ਫ਼ਸਾਦੀ ਤੇ ਸਰਕਾਰ ਦੇ ਅਸ਼ੁਭਚਿੰਤਕ ਤੋਪ ਨਾਲ ਉਡਾਏ ਜਾਣ ਤਾਂ ਉਸ ਹਾਲਤ ਵਿੱਚ ਇਨ੍ਹਾਂ ਸਾਰੇ ਕੂਕਿਆਂ ਦਾ ਕਤਲ ਜਾਇਜ਼ ਖ਼ਿਆਲ ਕਰਦੇ ਹੋਏ ਆਪ ਦੀ ਕਾਰਵਾਈ ਮੁਨਾਸਿਬ ਸਮਝੀ ਜਾਵੇਗੀ।” ਫਿਰ ਲਾਲਾ ਈਸ਼ਰ ਦਾਸ ਸਾਹਿਬ ਨੂੰ ਕਿਹਾ ਕਿ “ ਤੁਸੀਂ ਵੀ ਆਪਣੀ ਸਰਕਾਰ (ਕਪੂਰਥਲਾ) ਨੂੰ ਲਿਖ ਦਿਓ ਤੇ ਇੱਕ ਚਿੱਠੀ ਅਸੀਂ ਵੀ ਰਾਜਾ ਸਾਹਿਬ ਦੇ ਨਾਮ ਦਿੰਦੇ ਹਾਂ। ਇਹ ਚਿੱਠੀ ਭੇਜ ਕੇ ਇਸ ਕਾਰਵਾਈ ਬਾਰੇ ਦਰਿਆਫ਼ਤ ਕਰੋ। ਨਾਲੇ ਦੀਵਾਨ ਮਥਰਾ ਦਾਸ ਨੂੰ ਲਿਖ ਦਿਉ ਕਿ ਉਹ ਆਪਣੀ ਤਜਵੀਜ਼ ਰਾਹੀਂ ਦੀਵਾਨ ਕ੍ਰਿਪਾ ਰਾਮ ਤੋਂ ਰਿਆਸਤ ਜੰਮੂ ਦੀ ਕਾਰਵਾਈ ਬਾਰੇ ਦਰਿਆਫ਼ਤ ਕਰਨ।”

ਉਸ ਤੋਂ ਮਗਰੋਂ ਸਾਹਿਬ ਬਹਾਦੁਰ ਨੇ ਇੱਕ ਚਿੱਠੀ ਰਾਜਾ ਸਾਹਿਬ ਬਹਾਦੁਰ ਕਪੂਰਥਲਾ ਦੇ ਨਾਮ ਲਿਖ ਕੇ ਲਾਲਾ ਈਸ਼ਰ ਦਾਸ ਸਾਹਿਬ ਨੂੰ ਦਿੱਤੀ ਅਤੇ ਇੱਕ ਚਿੱਠੀ, ਜਿਹੜੀ ਇਸ ਬਿਨੈ-ਪੱਤਰ ਰਾਹੀਂ ਭੇਜੀ ਜਾ ਰਹੀ ਹੈ, ਦਾਸ ਨੂੰ ਦਿੱਤੀ।

ਮੇਰੇ ਜਨਾਬ ! ਅੱਜ ਇਸ ਤਰ੍ਹਾਂ ਨਾਲ ਕੌਂਸਲ ਹੋਈ ਸੀ। ਇੱਕ ਹੋਰ ਕੌਂਸਲ ਇਸੇ ਬਾਰੇ ਹੋਰ ਹੋਵੇਗੀ।

ਸੋ ਇਤਲਾਹ ਵਜੋਂ ਅਰਜ਼ ਕੀਤਾ ਗਿਆ।

13 ਜੂਨ 1872.
ਮੁਕਾਮ ਸ਼ਿਮਲਾ।

---

### ਚਿੱਠੀ ਦਾ ਤਰਜਮਾ ਮਿਤੀ 13 ਜੂਨ 1872

ਵੱਲੋਂ :- ਟੀ. ਡੀ. ਫ਼ੌਰ ਸਾਇਥ ਸਾਹਿਬ ਬਹਾਦੁਰ, ਮੁਕਾਮ ਸ਼ਿਮਲਾ।

ਵੱਲ :- ਜਨਾਬ ਮਹਾਰਾਜਾ ਸਾਹਿਬ ਬਹਾਦੁਰ ਪਟਿਆਲਾ।

ਮੇਰੇ ਪਿਆਰੇ ਦੋਸਤ,

ਮੈਨੂੰ ਆਪ ਦੇ ਵਕੀਲ ਦੀ ਜ਼ਬਾਨੀ ਉਹ ਕਾਰਨ ਸੁਣ ਕੇ ਬਹੁਤ ਅਫ਼ਸੋਸ ਹੋਇਆ ਜਿਸ ਕਰਕੇ ਹਜ਼ੂਰ ਅਜੇ ਇੱਥੇ ਤਸ਼ਰੀਫ਼ ਨਹੀਂ ਲਿਆ ਸਕੇ ਪਰ ਮੈਨੂੰ ਉਮੀਦ ਹੈ ਕਿ ਮੈਂ ਜ਼ਿਆਦਾ ਅਰਸਾ ਬੀਤਣ ਤੋਂ ਪਹਿਲਾਂ ਹੀ ਆਪ ਨਾਲ ਮੁਲਾਕਾਤ ਕਰਾਂਗਾ। ਮੈਂ ਆਪ ਦਾ ਬਹੁਤ ਧੰਨਵਾਦੀ ਹੋਵਾਂਗਾ ਜੇ ਆਪ ਇਸ ਮਾਮਲੇ 'ਚ ਮੇਰੀ ਮਦਦ ਕਰੋ। ਹਿੰਦੋਸਤਾਨ ਦੀ ਗੌਰਮਿੰਟ ਇਹ ਦਰਿਆਫ਼ਤ ਕਰਨਾ ਚਾਹੁੰਦੀ ਹੈ ਕਿ ਕੂਕਿਆਂ ਨੂੰ ਤੋਪ ਨਾਲ ਉਡਾ ਕੇ ਉਨ੍ਹਾਂ ਤੋਂ ਬਦਲਾ ਲੈਣਾ ਹਿੰਦੋਸਤਾਨੀ ਰਿਆਸਤਾਂ ਦੇ ਰਾਜਿਆਂ ਦੀ ਰਾਏ ਮੁਤਾਬਿਕ ਦਰੁਸਤ ਸੀ ਜਾਂ ਗਲਤ? ਅਤੇ ਸਜ਼ਾ ਦੇਣ ਦੇ ਇਸ ਤਰੀਕੇ ਨੂੰ ਰਿਆਸਤਾਂ ਦੇ ਰਾਜੇ ਖ਼ੁਦ ਵੀ ਆਪਣੀਆਂ ਰਿਆਸਤਾਂ ਵਿੱਚ ਇਖ਼ਤਿਆਰ ਕਰਦੇ ਹਨ?

ਜੇ ਤੁਸੀਂ ਮੈਨੂੰ ਮਦਦ ਦੇ ਸਕੋ ਤੇ ਇਸ ਮੁਕੱਦਮੇਂ 'ਚ ਮੇਰੀ ਪ੍ਰੋੜ੍ਹਤਾ ਕਰ ਸਕੋ ਤਾਂ ਮੈਂ ਬਹੁਤ ਧੰਨਵਾਦੀ ਹੋਵਾਂਗਾ। ਮੈਨੂੰ ਉਮੀਦ ਹੈ ਕਿ ਇਸ ਮੁਕੱਦਮੇਂ ਬਾਰੇ ਮਿਸਟਰ ਡੀ. ਮਕਲਾਡਜ਼ ਦੀ ਚਿੱਠੀ ਪਰਚਾ "ਟਾਇਮਜ਼" ਵਿੱਚ ਪੜ੍ਹੀ ਹੋਵੇਗੀ।

ਹਰੇਕ ਨੇਕ ਕਾਮਨਾ ਸਹਿਤ

ਮੈਂ ਹਾਂ ਆਪ ਦਾ ਦਿਲੀ ਦੋਸਤ,<br>
ਟੀ. ਡੀ. ਫ਼ੌਰ ਸਾਇਥ,

## ਮੂਲ ਅੰਗਰੇਜੀ ਚਿੱਠੀ

Simla,
13th June, 1872.

My dear Friend,

I am very sorry to hear from your Highness's Vakeel, the cause which prevents your coming to Simla at present. But, I hope, I shall see you here near timings.

I shall be very much obliged to you if you can help me in a matter.

The Govt. of India wish to know whether the execution of the Kukas in flaming away was correct according to the ideas of native chief stains and whether such mode of punishment is what would be resisted to by chief in their own states.

If you can give me any assistance and can support me in this matter, I shall be greatly obliged. I hope you have seen Mr. D. Maclads letter in the "Times" about the Kukas.

With kind wishes I am,

Your Sincere Friend,
T. D. Forsyth,

H. H. The Maharaja Patiala.

---

## ਪਰਚਾ ਅਲੈਹਿਦਾ

ਸ੍ਰੀ ਮਾਨ ਜੀ,

ਕੱਲ੍ਹ ਸਾਹਿਬ ਸੈਕਟਰੀ ਬਹਾਦੁਰ ਨੇ ਦਾਸ ਨੂੰ ਫ਼ਰਮਾਇਆ ਕਿ ਜਿਹੜੀ ਚਿੱਠੀ ਮਹਾਰਾਜਾ ਸਾਹਿਬ ਬਹਾਦੁਰ ਨੇ ਕੂਕਿਆਂ ਦੇ ਮਾਮਲੇ ਬਾਰੇ ਸਾਡੇ ਕੋਲ ਭੇਜੀ ਸੀ, ਉਸ ਚਿੱਠੀ ਦਾ ਐਨ ਉਹੀ ਮਜ਼ਮੂਨ ਅਖ਼ਬਾਰ "ਇੰਡੀਅਨ ਪਬਲਿਕ ਅਪੀਨੀਅਨ" ਵਿੱਚ ਛਪਿਆ ਹੈ। ਅਸੀਂ ਇਹ ਦਰਿਆਫ਼ਤ ਕਰਨਾ ਚਾਹੁੰਦੇ ਹਾਂ ਕਿ ਅਖ਼ਬਾਰ ਵਾਲਿਆਂ ਨੂੰ ਇਹ ਚਿੱਠੀ ਕਿੱਥੋਂ ਮਿਲੀ। ਕੀ ਮਹਾਰਾਜਾ ਸਾਹਿਬ ਬਹਾਦੁਰ ਨੇ ਇਸ ਚਿੱਠੀ ਨੂੰ ਛਾਪਣ ਦੀ ਇਜ਼ਾਜ਼ਤ ਦਿੱਤੀ ਜਾਂ ਸਾਡੇ ਦਫ਼ਤਰ 'ਚੋਂ ਉਨ੍ਹਾਂ ਨੂੰ ਮਿਲੀ ? ਪਰ ਸਾਨੂੰ ਯਕੀਨ ਹੈ ਕਿ ਸਾਡੇ ਦਫ਼ਤਰ ਤੋਂ ਚਿੱਠੀ ਨਹੀਂ ਮਿਲੀ ਕਿਉਂਕਿ ਟਰਾਟਰ ਸਾਹਿਬ ਤੇ ਵਿਲਵਸ ਸਾਹਿਬ ਤੋਂ ਇਲਾਵਾ ਹੋਰ ਕਿਸੇ ਦੇ ਹੱਥ ਵਿੱਚ ਉਹ ਚਿੱਠੀ ਨਹੀਂ ਗਈ ਤੇ ਉਹ ਦੋਵੇਂ ਅਜਿਹੇ ਆਦਮੀ ਨਹੀਂ ਹਨ। ਹਾਂ ਜੇ ਮਹਾਰਾਜਾ ਸਾਹਿਬ ਬਹਾਦੁਰ ਨੇ ਇਹ ਚਿੱਠੀ ਦੇ ਦਿੱਤੀ ਹੈ ਤਾਂ ਕੋਈ ਹਰਜ ਨਹੀਂ ਹੈ ਕਿਉਂਕਿ ਮਹਾਰਾਜਾ ਸਾਹਿਬ ਬਹਾਦੁਰ ਦੀ ਚਿੱਠੀ ਸੀ, ਉਨ੍ਹਾਂ ਨੂੰ ਇਖ਼ਤਿਆਰ ਹੈ। ਇਸ ਗੱਲ ਤੋਂ ਇਲਾਵਾ ਉਸ ਚਿੱਠੀ ਦਾ ਮਜ਼ਮੂਨ ਵੀ ਸਾਡੇ ਤੇ ਲਾਰਡ ਸਾਹਿਬ ਬਹਾਦੁਰ ਦੀ ਰਾਏ ਦੇ ਮੁਤਾਬਿਕ ਹੈ ਤੇ ਵਿਰੁੱਧ ਨਹੀਂ।

ਦਾਸ ਨੇ ਅਰਜ਼ ਕੀਤਾ ਕਿ ਮੈਨੂੰ ਯਕੀਨ ਨਹੀਂ ਹੈ ਕਿ ਮਹਾਰਾਜਾ ਸਾਹਿਬ ਬਹਾਦੁਰ ਨੇ ਚਿੱਠੀ ਛਾਪਣ ਦੀ ਆਗਿਆ ਦਿੱਤੀ ਹੋਵੇ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਇਹ ਤਾਂ ਸਾਨੂੰ ਵੀ ਆਸ ਹੈ ਕਿ ਨਹੀਂ ਦਿੱਤੀ ਹੋਵੇਗੀ ਪਰ ਸ਼ਾਇਦ ਉਨ੍ਹਾਂ ਦੇ ਦਫ਼ਤਰ ਵਿੱਚੋਂ ਉਸ ਚਿੱਠੀ ਦੀ ਨਕਲ ਕੀਤੀ ਗਈ ਹੋਵੇ, ਇਸ ਲਈ ਆਪ ਦਰਿਆਫ਼ਤ ਕਰੋ ਕਿਉਂਕਿ ਅਸੀਂ ਅੱਗੋਂ ਵਾਸਤੇ ਇਹਤਿਆਤ ਦੇ ਤੌਰ 'ਤੇ ਉਸ ਦਾ ਦਰਿਆਫ਼ਤ ਕਰਨਾ ਜ਼ਰੂਰੀ ਸਮਝਦੇ ਹਾਂ। ਫਿਰ ਦਾਸ ਨੇ ਅਰਜ਼ ਕੀਤਾ ਕਿ ਤੁਸੀਂ "ਇੰਡੀਅਨ ਪਬਲਿਕ ਅਪੀਨੀਅਨ" ਦੇ ਐਡੀਟਰ ਤੋਂ ਦਰਿਆਫ਼ਤ ਕਿਉਂ ਨਹੀਂ ਕਰ ਲੈਂਦੇ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਐਡੀਟਰਾਂ ਦਾ ਇਹ ਦਸਤੂਰ ਨਹੀਂ, ਉਨ੍ਹਾਂ ਦਾ ਇਕਰਾਰ ਕੀਤਾ ਹੋਇਆ ਹੈ ਕਿ ਉਹ ਕਿਸੇ ਦੀ ਗਵਾਹੀ ਦਾ ਪਤਾ ਨਹੀਂ ਦੱਸਦੇ। ਸਾਡੇ ਅਨੁਸਾਰ ਇਹ ਗੱਲ ਬਹੁਤ ਬੇਜਾ ਹੈ। ਅਸੀਂ ਨਹੀਂ ਚਾਹੁੰਦੇ ਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਅਜਿਹੀਆਂ ਖ਼ਬਰਾਂ ਦਿੱਤੀਆਂ ਜਾਣ ਕਿਉਂਕਿ ਗੌਰਮਿੰਟ ਇਸ ਬਾਰੇ ਉਨ੍ਹਾਂ ਦੇ ਕੰਮ 'ਚ ਕੋਈ ਦਖ਼ਲ ਨਹੀਂ ਦੇ ਸਕਦੀ। ਵੱਡੇ ਰੁਤਬੇ ਵਾਲੇ ਸਾਹਿਬ ਸੈਕਟਰੀ ਸਾਹਿਬ ਨੇ ਇਸ ਬਾਰੇ ਇਸ ਤਰ੍ਹਾਂ ਫ਼ਰਮਾਇਆ ਜਿਹੜਾ ਵੇਰਵੇ ਸਹਿਤ ਹਾਲ ਇਤਲਾਹ ਵਜੋਂ ਅਰਜ਼ ਕਰਦਾ ਹਾਂ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨ ਸਮਾਨ ਹੈ।

30 ਜੂਨ 1872.<br>
ਮੁਕਾਮ ਸ਼ਿਮਲਾ।

---

## ਪਰਚਾ ਅਲੈਹਿਦਾ

ਅੱਜ ਗੱਲਬਾਤ ਦੇ ਦੌਰਾਨ ਜਨਾਬ ਲੈਫ਼ਟੀਨੈਂਟ ਗਵਰਨਰ ਸਾਹਿਬ ਬਹਾਦੁਰ ਨੇ ਦਾਸ ਨੂੰ ਫ਼ਰਮਾਇਆ ਕਿ ਜਿਹੜੀ ਚਿੱਠੀ ਮਹਾਰਾਜਾ ਸਾਹਿਬ ਬਹਾਦੁਰ ਨੇ ਕੂਕਿਆਂ ਦੇ ਮਾਮਲੇ ਬਾਰੇ ਗੌਰਮਿੰਟ ਨੂੰ ਭੇਜੀ ਸੀ ਉਹ ਹੂਬਹੂ ਅਖ਼ਬਾਰ "ਇੰਡੀਅਨ ਪਬਲਿਕ ਅਪੀਨੀਅਨ" ਵਿੱਚ ਛਪੀ ਹੈ। ਉਹ ਚਿੱਠੀ ਅਖ਼ਬਾਰ ਵਾਲਿਆਂ ਨੂੰ ਕਿਵੇਂ ਮਿਲੀ ਤੇ ਕਿੱਥੋਂ ਮਿਲੀ ਜਾਂ ਕੀ ਮਹਾਰਾਜਾ ਸਾਹਿਬ ਨੇ ਇਜਾਜ਼ਤ ਦੇ ਦਿੱਤੀ। ਦਾਸ ਨੇ ਅਰਜ਼ ਕੀਤਾ ਕਿ ਮੈਨੂੰ ਯਕੀਨ ਨਹੀਂ ਹੈ ਕਿ ਮਹਾਰਾਜਾ ਸਾਹਿਬ ਬਹਾਦੁਰ ਨੇ ਇਹ ਚਿੱਠੀ ਛਾਪਣ ਦੀ ਆਗਿਆ ਦਿੱਤੀ ਹੋਵੇ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਕੁਝ ਡਰ ਦੀ ਗੱਲ ਨਹੀਂ ਹੈ ਕਿਉਂਕਿ ਉਸ ਚਿੱਠੀ ਵਿੱਚ ਕੋਈ ਗੱਲ ਸਾਡੇ ਰਾਏ ਦੇ ਵਿਰੁੱਧ ਦਰਜ ਨਹੀਂ ਸੀ ਪਰ ਅੱਗੋਂ ਦੀ ਇਹਤਿਆਤ ਵਾਸਤੇ ਦਰਿਆਫ਼ਤ ਹੋਣਾ ਚਾਹੀਦਾ ਹੈ ਕਿ ਛਾਪਣ ਵਾਲਿਆਂ ਨੂੰ ਉਸ ਦੀ ਨਕਲ ਕਿੱਥੋਂ ਮਿਲੀ। ਕੀ ਉਹ ਚਿੱਠੀ ਦਾ ਕਾਗਜ਼ ਬਹੁਤ ਲੋਕਾਂ ਦੇ ਹੱਥ 'ਚ ਰਿਹਾ ਸੀ।

ਦਾਸ ਨੇ ਅਰਜ਼ ਕੀਤਾ ਕਿ ਦਾਸ ਤੋਂ ਇਸ ਬਾਰੇ ਸਾਹਿਬ ਸੈਕਟਰੀ ਬਹਾਦੁਰ ਨੇ ਵੀ ਪੁੱਛਿਆ ਸੀ। ਸੋ ਮੈਂ ਲਿਖਿਆ ਹੈ, ਜੋ ਕੁਝ ਜਵਾਬ ਆਵੇਗਾ ਅਰਜ਼ ਕਰਾਂਗਾ। ਸਾਹਿਬ ਬਹਾਦੁਰ ਨੇ ਫ਼ਰਮਾਇਆ ਕਿ ਅਵੱਸ਼ ਲਿਖੋ। ਗ੍ਰਿਫ਼ਨ ਸਾਹਿਬ ਨੂੰ ਅਸੀਂ ਵੀ ਹੁਕਮ ਦਿੱਤਾ ਸੀ ਕਿ ਇਸ ਗੱਲ ਦਾ ਦਰਿਆਫ਼ਤ ਕਰਨਾ ਜ਼ਰੂਰੀ ਹੈ।

ਇਸ ਬਾਰੇ ਲਾਰਡ ਬਹਾਦੁਰ ਨੇ ਇਸ ਤਰ੍ਹਾਂ ਨਾਲ ਫ਼ਰਮਾਇਆ ਹੈ। ਸੋ ਇਤਲਾਹ ਵਜੋਂ ਅਰਜ਼ ਕਰਦਾ ਹਾਂ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਪਾਰ ਕਰਨ ਸਮਾਨ ਹੈ।

2 ਜੁਲਾਈ 1872.
ਮੁਕਾਮ ਸ਼ਿਮਲਾ।

# ਫਾਇਲ ਨੰ:5

## File No:- (H-67-G)

### ਇੰਤਜ਼ਾਮੀਆ ਸੰਮਤ 1930 ਸੰਬੰਧੀ
### ਕਾਗਜ਼ਾਤ

# ਲੁਕਿਆ ਸੱਚ

---

ਵਿਸ਼ਾ :- ਗੁਲਾਬ ਸਿੰਘ, ਲਾਲ ਸਿੰਘ, ਦਾਨ ਸਿੰਘ ਤੇ ਬਘੇਲ ਸਿੰਘ ਕੂਕਿਆਂ ਦੀ ਗ੍ਰਿਫ਼ਤਾਰੀ ਦੇ ਮਾਮਲੇ ਸੰਬੰਧੀ

ਦੋਸਤਾਂ ਤੇ ਮਿਹਰਬਾਨ ਤੇ ਪਿਆਰੇ
ਵਕੀਲ ਸਾਹਿਬ ਲੁਧਿਆਣਾ,

ਸਲਾਮਤ !

ਅਦਬ ਆਦਾਬ ਅਰਜ਼ ਕਰਨ ਉਪ੍ਰੰਤ ਕਾਰ ਸਰਕਾਰ ਦਾ ਮੁੱਦਾ ਇਹ ਹੈ ਕਿ ਉਪ੍ਰੋਕਤ ਮਾਮਲੇ ਸੰਬੰਧੀ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨੇ ਦੀ ਰੋਬਕਾਰ ਮਿਤੀ 16 ਭਾਦੋਂ ਸੰਮਤ 1930 ਮੁਤਾਬਿਕ 10 ਅਗਸਤ ਸੰਨ 1873 ਦੇ ਹੁਕਮ ਅਨੁਸਾਰ ਰਿਹਾਈ ਮਗਰੋਂ ਗ੍ਰਿਫ਼ਤਾਰ ਕੀਤੇ ਗਏ ਕੂਕਿਆਂ ਦੇ ਬਿਆਨਾਂ ਤੇ ਹੁਲੀਆਂ ਦੀ ਸੂਚੀ ਦੀ ਨਕਲ ਇਤਲਾਹ ਵਜੋਂ ਆਪ ਦੀ ਸੇਵਾ ਵਿੱਚ ਭੇਜ ਰਿਹਾ ਹਾਂ। ਕਾਗਜ਼ਾਤ ਦੇ ਮੁਲਾਹਿਜ਼ਾ ਕਰਨ ਉਪ੍ਰੰਤ ਸਾਰੇ ਹਾਲ ਦਾ ਤੁਹਾਨੂੰ ਪਤਾ ਲੱਗ ਜਾਵੇਗਾ।

ਅੱਗੋਂ ਨੂੰ ਜਵਾਬ ਭੇਜ ਕੇ ਸੂਚਿਤ ਕਰਦੇ ਰਿਹਾ ਕਰੋ।

ਮਿਤੀ 26 ਭਾਦੋਂ ਸੰਮਤ 1930 ਮੁਤਾਬਿਕ
20 ਅਗਸਤ 1873 ਈ:

ਲੇਖਕ
ਨਾਇਬ ਨਾਜ਼ਿਮ ਅਨਾਹਦਗੜ੍ਹ,

ਥਾਣਾ ਗੋਬਿੰਦਗੜ੍ਹ ਵਿੱਚ ਕੂਕਿਆਂ ਦੇ ਬਿਆਨਾਂ ਦੀ ਸੂਚੀ ਦੀ ਨਕਲ

ਮਿਤੀ 13 ਭਾਦੋਂ ਸੰਮਤ 1930.
7 ਅਗਸਤ ਸੰਨ 1873 ਈ:

ਅਸੀਂ ਸੋਲਾਂ ਸਤਾਰਾਂ ਦਿਨ ਹੋਏ ਭੈਣੀ ਤੋਂ ਰਵਾਨਾ ਹੋਏ। ਪਿੰਡ ਪੱਦੀ ਇਲਾਕਾ ਸਾਹਨੇਵਾਲ ਜ਼ਿਲ੍ਹਾ ਲੁਧਿਆਣਾ ਵਿਖੇ ਰਾਤ ਨੂੰ ਆਏ। ਉੱਥੋਂ ਚੱਲ ਕੇ ਪਿੰਡ ਪੱਖੋ ਥਾਣਾ ਰਾਏਕੋਟ ਜਿਲ੍ਹਾ ਲੁਧਿਆਣਾ ਵਿਖੇ ਸਿੱਖ ਦੇ ਡੇਰੇ ' ਆਏ। ਫਿਰ ਉੱਥੋਂ ਚੱਲ ਕੇ ਪਿੰਡ ਸ਼ਨਿਚਰਾ ਦੀ ਧਰਮਸ਼ਾਲਾ ਵਿੱਚ ਰਾਤ ਕੱਟੀ। ਫਿਰ ਪਿੰਡ ਮੌੜਾਂ ਵਿਖੇ ਸਾਧ ਦੇ ਡੇਰੇ 'ਤੇ ਆਏ। ਫਿਰ ਮੰਡੀ ਵਿਖੇ ਆਏ ਅਤੇ ਰਾਤ ਰਹਿ ਕੇ ਪਿੰਡ ਮਾਈਸਰ ਖ਼ਾਨਾ ਵਿਖੇ ਦੋ ਰਾਤਾਂ ਬਘੇਲ ਸਿੰਘ ਦੀ ਕੋਠੀ 'ਚ ਰਹੇ। ਫਿਰ ਅਗਲੇ ਦਿਨ ਪਿੰਡ ਮੌੜਾਂ ਵਿਖੇ ਚਲੇ ਗਏ ਅਤੇ ਰਾਤ ਨੂੰ ਕੋਟਲਾ ਜਾ ਰਹੇ। ਫਿਰ ਮੌੜਾਂ ਆ ਕੇ ਰਾਤ ਰਹੇ। ਫਿਰ ਮਾਈਸਰ ਖ਼ਾਨਾ ਵਿਖੇ ਵਾਪਸ ਆਏ ਤੇ ਫਿਰ ਊਠ ਲਿਆਉਣ ਦੀ ਖ਼ਾਹਿਸ਼ ਸਦਕਾ ਇਸ ਪਾਸੇ ਨੂੰ ਆਏ ਸੀ ਪਰ ਗ੍ਰਿਫ਼ਤਾਰ ਹੋ ਗਏ। ਅਸੀਂ ਕਿਸੇ ਲੜਾਈ ਦੇ ਮੌਕੇ 'ਤੇ ਰਾਏਕੋਟ ਜਾਂ ਮਲੌਦ ਜਾਂ ਕੋਟਲਾ 'ਚ ਸ਼ਾਮਿਲ ਨਹੀਂ ਹੋਏ ਸੀ। ਅਸੀਂ ਰਾਏਕੋਟ ਦੇ ਫ਼ਸਾਦ ਸਮੇਂ ਸਾਡੀ ਦੁਕਾਨ 'ਤੇ ਪਏ ਸੀ। ਗੁਲਾਬ ਸਿੰਘ ਦੁਕਾਨ ਕਰਦਾ ਸੀ ਤੇ ਬਾਕੀ ਅਸੀਂ ਭੈਣੀ ਵਿਖੇ ਸੀ। ਇਸੇ ਤਰ੍ਹਾਂ ਮਲੌਦ ਤੇ ਕੋਟਲਾ ਦੇ ਫ਼ਸਾਦ ਸਮੇਂ ਸੀ।

ਦਸਤਖ਼ਤ
ਦਾਨ ਸਿੰਘ, ਗੁਲਾਬ ਸਿੰਘ ਤੇ ਲਾਲ ਸਿੰਘ,

# ਲੁਕਿਆ ਸੱਚ

---

ਥਾਣਾ ਗੋਬਿੰਦਗੜ੍ਹ 'ਚ ਗ੍ਰਿਫ਼ਤਾਰ ਕੂਕਿਆਂ ਦੇ ਹੁਲੀਆਂ ਦੀ ਸੂਚੀ।

ਮਿਤੀ 13 ਭਾਦੋਂ ਸੰਮਤ 1930 (7 ਅਗਸਤ 1873)

| | | |
|---|---|---|
| 1. | ਗੁਲਾਬ ਸਿੰਘ ਪੁੱਤਰ ਮਨਸ਼ਾ ਕੌਮ ਖ਼ੱਤਰੀ ਵਾਸੀ ਪਿੰਡ ਨੌਸ਼ਹਿਰਾ, ਹਾਲ ਆਬਾਦ ਪਿੰਡ ਭੈਣੀ ਜ਼ਿਲ੍ਹਾ ਲੁਧਿਆਣਾ :- | ਕਣਕ ਵੰਨਾ ਰੰਗ, ਮੱਥਾ ਚੌੜਾ, ਨੱਕ ਉੱਚਾ, ਦੋਹਾਂ ਕੰਨਾਂ 'ਚ ਸੁਰਾਖ਼, ਬਿੱਲੀਆਂ ਅੱਖਾਂ, ਦਾੜ੍ਹੀ ਤੇ ਮੁੱਛਾਂ ਕਾਲੀਆਂ, ਸਿਰ 'ਤੇ ਕੇਸ, ਕੱਦ ਲੰਮਾ, ਉਮਰ 40 ਸਾਲ, ਪੇਸ਼ਾ ਦੁਕਾਨਦਾਰੀ। |
| 2. | ਦਾਨ ਸਿੰਘ ਪੁੱਤਰ ਧਰਮ ਸਿੰਘ ਜ਼ਾਤ ਜੱਟ, ਵਾਸੀ ਪੁਰਾਣਾ ਪਿੰਡ ਕਿੱਕਰਪੁਰ, ਇਲਾਕਾ ਸਰਕਾਰ, ਹਾਲ ਆਬਾਦ ਪਿੰਡ ਭੈਣੀ ਜ਼ਿਲ੍ਹਾ ਲੁਧਿਆਣਾ :- | ਰੰਗ ਕਾਲਾ, ਬਿੱਲੀਆਂ ਅੱਖਾਂ, ਨੱਕ ਉੱਚੀ, ਦੋਹਾਂ ਕੰਨਾਂ 'ਚ ਸੁਰਾਖ਼, ਲੰਮਾ ਕੱਦ, ਦਾੜ੍ਹੀ ਤੇ ਮੁੱਛਾਂ ਕਾਲੀਆਂ, ਸਿਰ 'ਤੇ ਕੇਸ, ਖੱਬੇ ਪੱਟ 'ਤੇ ਫੋੜੇ ਦਾ ਦਾਗ਼, ਦਰਬਾਰ ਸਾਹਿਬ ਭੈਣੀ 'ਚ, ਅਤੇ ਨਾਲੇ ਦਰਬਾਰ ਸਾਹਿਬ ਭੈਣੀ ਵੱਲੋਂ ਵਿਉਪਾਰ ਕਰਦਾ ਹੈ। ਉਮਰ 28 ਸਾਲ। |
| 3. | ਲਾਲ ਸਿੰਘ ਪੁੱਤਰ ਜਵਾਹਰ ਸਿੰਘ ਜ਼ਾਤ ਜੱਟ, ਵਾਸੀ ਪਿੰਡ ਜੱਸੜ, ਇਲਾਕਾ ਕੋਟ ਭਾਈ, ਹਾਲ ਆਬਾਦ ਦਰਬਾਰ ਸਾਹਿਬ ਭੈਣੀ ਜ਼ਿਲ੍ਹਾ ਲੁਧਿਆਣਾ, ਪੇਸ਼ਾ ਦਰਬਾਰ ਸਾਹਿਬ ਦੇ ਊਂਠਾ ਨੂੰ ਚਰਾਉਣਾ :- | ਰੰਗ ਗੋਰਾ, ਮੱਥਾ ਚੌੜਾ, ਨੱਕ ਉੱਚਾ, ਦੋਹਾਂ ਕੰਨਾਂ 'ਚ ਸੁਰਾਖ਼, ਦਾੜ੍ਹੀ ਤੇ ਮੁੱਛਾਂ ਕਾਲੀਆਂ, ਸਿਰ 'ਤੇ ਕੇਸ, ਕੱਦ ਦਰਮਿਆਨਾ, ਉਮਰ 30 ਸਾਲ। |

ਅਸੀਂ ਗੁਰੂ ਰਾਮ ਸਿੰਘ ਦੇ ਭਰਾ ਬੁੱਧ ਸਿੰਘ ਦੀ ਆਗਿਆ ਅਨੁਸਾਰ ਅਨਾਜ ਤੇ ਬਲਦ ਖਰੀਦਣ ਵਾਸਤੇ ਛੇ ਸੌ ਇੱਕੀ ਰੁਪਏ ਲੈ ਕੇ ਇਸ ਪਾਸੇ ਆਏ ਸੀ। ਕੀਮਤ ਹੇਠ ਲਿਖੇ ਅਨੁਸਾਰ ਹੈ।

| ਅਨਾਜ ਖ਼ਰੀਦਣ ਵਾਸਤੇ | ਬਲਦ ਖ਼ਰੀਦਣ ਵਾਸਤੇ |
|---|---|
| 100/- ਰੁਪਏ | 521/- ਰੁਪਏ |

| ਦਸਤਖ਼ਤ | ਦਸਤਖ਼ਤ |
|---|---|
| ਲਾਲ ਸਿੰਘ | ਦਾਨ ਸਿੰਘ |

---

ਐ ਮਿਹਰਬਾਨ !

ਇੱਥੇ ਕੋਈ ਜਮੀਅਤ ਸਿੰਘ ਕੂਕਾ ਨਹੀਂ ਆਇਆ। ਹਾਂ ਗੁਲਾਬ ਸਿੰਘ ਤੇ ਦਾਨ ਸਿੰਘ, ਜਿਹੜੇ ਇਸ ਥਾਣੇ 'ਚ ਗ੍ਰਿਫ਼ਤਾਰ ਸਨ, ਉਨ੍ਹਾਂ ਨੂੰ ਤਿੰਨ ਚਾਰ ਦਿਨਾਂ ਮਗਰੋਂ ਮਹਿਕਮਾ ਨਿਆਬਤ ਦੇ ਹੁਕਮ ਅਨੁਸਾਰ ਰਿਹਾਈ ਮਿਲ ਗਈ। ਸ਼ਾਇਦ ਜਮੀਅਤ ਸਿੰਘ ਇਲਾਕਾ ਅੰਗਰੇਜ਼ੀ 'ਚ ਊਂਠਾਂ ਦੀ ਤਲਾਸ਼ ਕਰਨ ਵਾਸਤੇ ਆਇਆ ਹੋਵੇ ਪਰ ਇਸ ਇਲਾਕੇ 'ਚ ਨਹੀਂ ਆਇਆ।

ਜ਼ਿਆਦਾ ਲਿਖਣਾ ਸਤਿਕਾਰ ਦੀ ਹੱਦ ਉਲੰਘਣਾ ਹੈ।

ਮਿਤੀ 23 ਅੱਸੂ ਸੰਮਤ 1930 ਮੁਤਾਬਿਕ
7 ਅਕਤੂਬਰ ਸੰਨ 1873

ਦਾਸ
ਮੁਹੰਮਦ ਹਮੀਦਉੱਦੀਨ ਖ਼ਾਨ,
ਥਾਣੇਦਾਰ ਗੋਬਿੰਦਗੜ੍ਹ,

ਦਾਸਾਂ ਦੇ ਪਿਆਰੇ ਤੇ ਮਿਹਰਬਾਨ
ਥਾਣੇਦਾਰ ਸਾਹਿਬ,
ਤਅੱਲੁਕਾ ਗੋਬਿੰਦਗੜ੍ਹ ! ਸਲਾਮਤ !

ਸਲਾਮ ਅਰਜ਼ ਕਰਨ ਮਗਰੋਂ ਮੁੱਦਾ ਇਹ ਹੈ ਕਿ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਲੁਧਿਆਣਾ ਦਾ ਪਰਵਾਨਾ ਆਉਣ ਤੋਂ ਪ੍ਰਤੱਖ ਹੋਇਆ ਕਿ ਜਮੀਅਤ ਸਿੰਘ ਕੂਕਾ ਭੈਣੀ ਤੋਂ ਦੋ ਊਂਠਣੀਆਂ ਦੀ ਤਲਾਸ਼ ਲਈ ਅਤੇ ਗੁਲਾਬ ਸਿੰਘ ਤੇ ਦਾਨ ਸਿੰਘ ਕੂਕਿਆਂ ਦਾ ਪਤਾ ਸਤਾ ਲੈਣ ਵਾਸਤੇ, ਜਿਹੜੇ ਥਾਣਾਂ ਗੋਬਿੰਦਗੜ੍ਹ ਵਿੱਚ ਗ੍ਰਿਫ਼ਤਾਰ ਸਨ, ਗਿਆ ਸੀ ਅਤੇ ਹੁਣ ਗੁਲਾਬ ਸਿੰਘ ਤੇ ਦਾਨ ਸਿੰਘ ਸਮੇਤ ਵਾਪਸ ਭੈਣੀ ਵਿਖੇ ਗਿਆ ਹੈ।

ਸੋ ਉਪ੍ਰੋਕਤ ਜਮੀਅਤ ਸਿੰਘ ਦੀ ਤਸਦੀਕ ਕਰਨੀ ਜ਼ਰੂਰੀ ਹੈ ਕਿ ਕੀ ਉਹ ਊਂਠਣੀਆਂ ਦੀ ਤਲਾਸ਼ ਕਰਨ ਤੇ ਉਪ੍ਰੋਕਤ ਗੁਲਾਬ ਸਿੰਘ ਤੇ ਦਾਨ ਸਿੰਘ ਦਾ ਪਤਾ ਲੈਣ ਵਾਸਤੇ ਗਿਆ ਸੀ ਜਾਂ ਨਹੀਂ ਗਿਆ। ਉਮੀਦ ਹੈ ਕਿ ਆਪ ਜਮੀਅਤ ਸਿੰਘ ਬਾਰੇ ਦਰਿਆਫ਼ਤ ਕਰਕੇ ਛੇਤੀ ਨਾਲ ਜਵਾਬ ਤੋਂ ਸੂਚਿਤ ਕਰੋਗੇ। ਇਸ ਗੱਲ ਵਿੱਚ ਦੇਰ ਨਾ ਕੀਤੀ ਜਾਵੇ।

ਮਿਤੀ 30 ਸਤੰਬਰ 1873 ਈ:

---

ਵੱਡੀ ਕਦਰ ਵਾਲੇ ਵਕੀਲ ਸਰਕਾਰ ਪਟਿਆਲਾ,

ਥਾਣਾ ਸਾਹਨੇਵਾਲ ਦੇ ਡਿਪਟੀ ਇਨਸਪੈਕਟਰ ਦੀ ਰਿਪੋਰਟ, ਜਿਸ ਦੇ ਪਿਛਲੇ ਪਾਸੇ ਸਾਹਿਬ ਡਿਸਟਰਿਕਟ ਸੁਪਰਡੈਂਟ ਬਹਾਦੁਰ ਪੁਲਿਸ ਦਾ ਹੁਕਮ ਇਸ ਬੇਨਤੀ 'ਤੇ ਆਧਾਰਿਤ ਲਿਖਿਆ ਹੋਇਆ ਹੈ, ਕਿ ਭੈਣੀ ਵਿਖੇ ਨਿਯੁਕਤ ਗਾਰਦ ਦੇ ਸਿਪਾਹੀ ਨੇ ਬਿਆਨ ਕੀਤਾ ਹੈ ਕਿ ਜਮੀਅਤ ਸਿੰਘ ਕੂਕਾ ਦੋ ਊਂਠਣੀਆਂ ਦੀ ਤਲਾਸ਼ ਕਰਨ ਤੇ ਗੁਲਾਬ ਸਿੰਘ ਤੇ ਦਾਨ ਸਿੰਘ ਕੂਕਿਆਂ ਦੀ ਖ਼ਬਰ ਸਾਰ ਲੈਣ ਵਾਸਤੇ ਗਿਆ ਸੀ। ਗੁਲਾਬ ਸਿੰਘ ਤੇ ਦਾਨ ਸਿੰਘ ਕੂਕੇ ਛੋਲੇ ਖਰੀਦਣ ਵਾਸਤੇ ਗਏ ਸਨ ਪਰ ਉਹ ਆਵਾਰਾਗਰਦੀ ਦੇ ਜੁਰਮ 'ਚ ਥਾਣਾ ਬਠਿੰਡਾ ਰਿਆਸਤ ਪਟਿਆਲਾ 'ਚ ਗ੍ਰਿਫ਼ਤਾਰ ਸਨ। ਹੁਣ ਸੁਣਿਆ ਹੈ ਕਿ ਜਮੀਅਤ ਸਿੰਘ, ਗੁਲਾਬ ਸਿੰਘ ਤੇ ਦਾਨ ਸਿੰਘ ਕੂਕਿਆਂ ਦੇ ਨਾਲ ਵਾਪਸ ਚਲਾ ਆਇਆ ਹੈ।

ਇਸ ਗੱਲ ਦੀ ਤਸਦੀਕ ਥਾਣਾ ਬਠਿੰਡਾ ਰਿਆਸਤ ਪਟਿਆਲਾ ਰਾਹੀਂ ਹੋਣੀ ਚਾਹੀਦੀ ਹੈ।

ਇਹ ਰਿਪੋਰਟ ਨਿਗ੍ਹਾ 'ਚੋਂ ਕੱਢ ਕੇ ਤੁਹਾਨੂੰ ਲਿਖਿਆ ਜਾਂਦਾ ਹੈ ਕਿ ਤੁਸੀਂ ਇਸ ਗੱਲ ਦੀ ਚੰਗੀ ਤਰ੍ਹਾਂ ਤਸਦੀਕ ਕਰਵਾ ਕੇ ਰਿਪੋਰਟ ਕਰੋਂ।

ਮਿਤੀ 26 ਸਤੰਬਰ ਸੰਨ 1873.

ਸ੍ਰੀ ਮਾਨ ਜੀ,

ਥਾਣਾ ਗੋਬਿੰਦਗੜ੍ਹ ਦੇ ਥਾਣੇਦਾਰ ਲਾਲ ਸਿੰਘ ਤੋਂ ਦਰਿਆਫ਼ਤ ਕੀਤਾ ਗਿਆ। ਪਤਾ ਲੱਗਿਆ ਕਿ ਬਠਿੰਡੇ ਨੂੰ ਜਮੀਅਤ ਸਿੰਘ ਨਾਮੀ ਕੂਕਾ ਨਹੀਂ ਗਿਆ ਪਰ ਗੁਲਾਬ ਸਿੰਘ ਤੇ ਦਾਨ ਸਿੰਘ ਜ਼ਰੂਰ ਥਾਣਾ ਬਠਿੰਡਾ 'ਚ ਗ੍ਰਿਫ਼ਤਾਰ ਸਨ। ਉਹ ਥੋੜ੍ਹੇ ਦਿਨਾਂ ਮਗਰੋਂ ਨਾਇਬ ਨਾਜ਼ਿਮ ਦੇ ਹੁਕਮ ਅਨੁਸਾਰ ਰਿਹਾ ਹੋ ਗਏ ਸਨ। ਜਮੀਅਤ ਸਿੰਘ ਸ਼ਾਇਦ ਊਂਠਣੀਆਂ ਦੀ ਤਲਾਸ਼ ਵਾਸਤੇ ਅੰਗਰੇਜ਼ੀ ਇਲਾਕੇ 'ਚ ਆਇਆ ਹੋਵੇ। ਇੱਥੇ ਬਠਿੰਡੇ 'ਚ ਨਹੀਂ ਆਇਆ।

ਸੋ ਇਹ ਰਿਪੋਰਟ ਇਤਲਾਹ ਵਜੋਂ ਭੇਜੀ ਜਾਂਦੀ ਹੈ

ਵਲੋਂ ਵਕੀਲ ਸਰਕਾਰ
ਮਿਤੀ12 ਅਕਤੂਬਰ 1873

ਥਾਣੇਦਾਰ ਗੋਬਿੰਦਗੜ੍ਹ ਦੇ ਨਾਮ ਲਿਖਿਆ ਜਾਵੇ ਕਿ ਉਹ ਜਮੀਅਤ ਸਿੰਘ ਭੈਣੀ ਵਾਲੇ ਬਾਰੇ ਇਹ ਦਰਿਆਫ਼ਤ ਕਰਕੇ ਛੇਤੀ ਜਵਾਬ ਭੇਜੇ ਕਿ ਕੀ ਉਹ ਗੁਲਾਬ ਸਿੰਘ ਤੇ ਬਘੇਲ ਸਿੰਘ ਦੀ ਖ਼ਬਰ ਸਾਰ ਲੈਣ ਵਾਸਤੇ ਆਇਆ ਸੀ ਜਿਹੜੇ ਥਾਣਾ ਗੋਬਿੰਦਗੜ੍ਹ 'ਚ ਗ੍ਰਿਫ਼ਤਾਰ ਸਨ।

ਅਹਿਮਦ ਹਸਨ ਨਾਇਬ ਨਾਜ਼ਿਮ ਦੀ ਤਜਵੀਜ਼ ਅਨੁਸਾਰ ਮਹਿਕਮਾ ਫ਼ੌਜਦਾਰੀ ਨਿਆਬਤ ਜ਼ਿਲ੍ਹਾ ਅਨਾਹਦਗੜ੍ਹ ਦੀ ਰੋਬਕਾਰ ਮਿਤੀ 26 ਭਾਦੋਂ ਸੰਮਤ 1930 (20 ਅਗਸਤ 1873)

## ਲੁਕਿਆ ਸੱਚ

---

*ਵਿਸ਼ਾ :- ਗੁਲਾਬ ਸਿੰਘ, ਲਾਲ ਸਿੰਘ, ਦਾਨ ਸਿੰਘ ਤੇ ਬਘੇਲ ਸਿੰਘ ਕੂਕਿਆਂ ਦੀ ਗ੍ਰਿਫ਼ਤਾਰੀ ਦਾ ਮੁਕੱਦਮਾ।*

ਮਿਸਲ ਵੇਖਣ ਤੋਂ ਸਾਫ਼ ਜ਼ਾਹਿਰ ਹੈ ਕਿ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨਾ ਦੇ ਹੁਕਮ ਅਨੁਸਾਰ ਥਾਣਾ ਗੋਬਿੰਦਗੜ੍ਹ 'ਚ ਗ੍ਰਿਫ਼ਤਾਰ ਕੂਕੇ ਰਿਹਾ ਕਰ ਦਿੱਤੇ ਗਏ। ਉਨ੍ਹਾਂ ਕੂਕਿਆਂ ਦੇ ਬਿਆਨਾਂ ਤੇ ਹੁਲੀਆਂ ਦੀ ਸੂਚੀ ਥਾਣੇਦਾਰ ਨੇ ਆਪਣੀ ਰਿਪੋਰਟ ਰਾਹੀਂ ਮਹਿਕਮੇਂ 'ਚ ਭੇਜੀ ਹੈ।

ਹੁਕਮ ਹੋਇਆ ਕਿ

ਗ੍ਰਿਫ਼ਤਾਰ ਕੂਕਿਆਂ ਦੇ ਬਿਆਨਾਂ ਤੇ ਹੁਲੀਆਂ ਦੀ ਸੂਚੀ * ਰੋਬਕਾਰ ਰਾਹੀਂ ਮਹਿਕਮਾ ਸ਼ਾਹੀ ਮੁਨਸ਼ੀ ਖ਼ਾਨੇ ਨੂੰ ਘੱਲੀ ਜਾਵੇ। ਬਿਆਨਾਂ ਤੇ ਹੁਲੀਆਂ ਦੀ ਫ਼ਰਦ ਦੀ ਇੱਕ ਨਕਲ ਖ਼ਤ ਜ਼ਾਬਿਤਾ ਰਾਹੀਂ ਵਕੀਲ ਲੁਧਿਆਣਾ ਕੋਲ ਭੇਜੀ ਜਾਵੇ ਅਤੇ ਇਹ ਮਿਸਲ ਦਾਖਿਲ ਦਫ਼ਤਰ ਹੋਵੇ।

ਖ਼ਲੀਫ਼ਾ ਸੱਯਦ ਮੁਹੰਮਦ ਹੁਸੈਨ ਮੀਰ ਮੁਨਸ਼ੀ ਦੀ ਤਜਵੀਜ਼ ਨਾਲ ਮਹਿਕਮਾ ਫ਼ੌਜਦਾਰੀ ਮੁਨਸ਼ੀ ਖ਼ਾਨਾ ਵੱਲੋਂ : -

ਇਨ੍ਹਾਂ ਕਾਗਜ਼ਾ ਦੀ ਨਕਲ ਇਤਲਾਹ ਵਜੋਂ ਵਕਾਲਤ ਲੁਧਿਆਣਾ ਨੂੰ ਭੇਜੀ ਜਾਵੇ ਅਤੇ ਇਹ ਕਾਗਜ਼ ਸ਼ਾਮਿਲ ਮਿਸਲ ਰਹਿਣ।

ਮਿਤੀ 7 ਅੱਸੂ ਸੰਮਤ 1930
21 ਸਤੰਬਰ 1873

* ਬਿਆਨਾਂ ਤੇ ਹੁਲੀਆ ਦੀ ਸੂਚੀ ਪਿੱਛੇ ਆ ਚੁੱਕੀ ਹੈ।

---

# ਫਾਇਲ ਨੰ:6

## History 9 R

## ਇਹ ਚਿੱਠੀਆਂ ਅੰਗ੍ਰੇਜ਼ ਸਰਕਾਰ ਦੁਆਰਾ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਦੇ ਵਿਦੇਸ਼ ਵਿਭਾਗ ਨੂੰ ਲਿਖੇ ਗਏ ਖਤ ਅਤੇ ਵਿਦੇਸ਼ ਵਿਭਾਗ ਵੱਲੋਂ ਲਿਖੇ ਗਏ ਜਵਾਬੀ ਪੱਤਰ ਹਨ

ਇਸ ਫਾਇਲ ਵਿਚ ਅੰਗ੍ਰੇਜ਼ਾਂ ਵੱਲੋਂ ਮਹਿਕਮਾ ਬਖਸ਼ੀਖਾਨਾ ਰਾਹੀਂ ਭੇਜੀਆਂ ਗਈਆਂ ਸੰਨ 1879 ਦੀਆਂ ਚਿੱਠੀਆਂ ਦਰਜ ਹਨ, ਜਿਨ੍ਹਾਂ ਅਨੁਸਾਰ ,ਮਹਾਰਾਜਾ ਪਟਿਆਲਾ ਦੇ ਵਿਦੇਸ਼ ਮੰਤਰੀ ਨੂੰ ਲਿਖਿਆ ਗਿਆ ਹੈ ਕਿ ਸਾਨੂੰ ਉਹ ਮਿਸਲ ਭੇਜੀ ਜਾਵੇ ,ਜਿਸ ਵਿਚ (ਸੰਮਤ 1928 ਸੰਨ 1872) ਨੂੰ ਮਲੇਰ ਕੋਟਲਾ ਸਾਕੇ ਸਮੇਂ ਕੂਕਿਆਂ ਦੀ ਗ੍ਰਿਫਤਾਰੀ ਤੇ ਮੀਰ ਨਿਆਜ਼ ਅਲੀ ਸਾਹਿਬ ਨੂੰ ਇਸ ਗ੍ਰਿਫਤਾਰੀ ਬਦਲੇ ਇਨਾਮ ਮਿਲਣ ਦਾ ਹਾਲ ਦਰਜ ਹੈ। ਮਹਾਰਾਜਾ ਪਟਿਆਲਾ ਵੱਲੋਂ ਵਿਦੇਸ਼ ਮੰਤਰੀ ਰਾਹੀਂ ਇਹ ਉੱਤਰ ਦਿੱਤਾ ਗਿਆ ਕਿ ਇਸ ਮਿਸਲ ਵਿਚ ਬਹੁਤ ਸਾਰੇ ਕਾਗਜ਼ ਸੰਭਾਲਣ ਯੋਗ ਅਤੇ ਭੇਦ ਭਰੇ ਹਨ, ਸੋ ਅਸੀਂ ਇਸ ਪ੍ਰਕਾਰ ਦੀ ਗੁਪਤ ਮਿਸਲ ਤੁਹਾਨੂੰ ਨਹੀਂ ਭੇਜ ਸਕਦੇ। ਤੁਸੀਂ ਜੋ ਕੁੱਝ ਜਾਨਣਾ ਚਾਹੁੰਦੇ ਹੋ ਉਸ ਬਾਰੇ ਦੱਸੋ , ਅਸੀਂ ਮਿਸਲ ਵੇਖ ਕੇ ਉਸ ਦਾ ਵੇਰਵੇ ਸਹਿਤ ਜਵਾਬ ਭੇਜ ਦਿਆਂਗੇ। ਇਸ ਉਪਰੰਤ ਅੰਗਰੇਜ਼ਾਂ ਦੇ ਬਖਸ਼ੀਖਾਨਾ ਵਿਭਾਗ ਵੱਲੋਂ ਜਵਾਬੀ ਚਿੱਠੀ ਲਿਖੀ ਗਈ ਕਿ ਕੂਕਿਆਂ ਨੂੰ ਗ੍ਰਿਫਤਾਰ ਕਰਨ ਵਾਸਤੇ ਉਸ ਵੇਲੇ, ਕਿਹੜੇ ਕਿਹੜੇ ਅਫਸਰ ਨਿਯੁਕਤ ਸਨ, ਬਾਰੇ ਸਾਨੂੰ ਸੂਚਿਤ ਕਰੋ। ਮਹਾਰਾਜਾ ਪਟਿਆਲਾ ਦੇ ਵਿਦੇਸ਼ ਵਿਭਾਗ ਵੱਲੋਂ ਜਵਾਬ ਵਿਚ ਅੰਗ੍ਰੇਜ਼ਾਂ ਦੇ ਮਹਿਕਮਾ ਬਖਸ਼ੀਖਾਨੇ ਨੂੰ ਰਿਪੋਰਟ ਭੇਜੀ ਗਈ।

----------------------------------------------------

## ਰੋਬਕਾਰ ਮਹਿਕਮਾ ਬਖ਼ਸ਼ੀ ਖ਼ਾਨਾ ਮਿਤੀ 10-01-1879

ਇਹ ਰੋਬਕਾਰ ਵਿਦੇਸ਼ ਮੰਤਰੀ (ਮਹਾਰਾਜਾ ਪਟਿਆਲਾ ਦਾ) ਦੀ ਸੇਵਾ ਵਿੱਚ ਭੇਜ ਕੇ ਖੇਚਲ ਦਿੱਤੀ ਜਾਵੇ ਕਿ ਅਸੀਂ ਉਸ ਮਿਸਲ ਨੂੰ ਵਾਚਣਾ ਚਾਹੁੰਦੇ ਹਾਂ ਜਿਸ ਵਿੱਚ ਸੰਮਤ 1928 (ਸੰਨ 1972) ਵਿੱਚ ਕੂਕਿਆਂ ਦੀ ਗ੍ਰਿਫ਼ਤਾਰੀ ਤੇ ਮੀਰ ਨਿਆਜ਼ ਅਲੀ ਸਾਹਿਬ ਨੂੰ ਇਸ ਗ੍ਰਿਫ਼ਤਾਰੀ ਬਦਲੇ ਇਨਾਮ ਮਿਲਣ ਦਾ ਹਾਲ ਦਰਜ ਹੈ, ਇਸ ਲਈ ਮਿਹਰਬਾਨੀ ਕਰਦੇ ਹੋਏ ਇਹ ਮਿਸਲ ਇਸ ਮਹਿਕਮੇ ਨੂੰ ,ਦਫ਼ਤਰ ਦੇ ਨਿਗਰਾਨ ਦੇ ਹੱਥ ਭੇਜੀ ਜਾਵੇ। ਇਹ ਮਿਸਲ ਮੁਲਾਹਿਜ਼ਾ ਕਰਨ ਉਪ੍ਰੰਤ ਵਾਪਸ ਕਰ ਦਿੱਤੀ ਜਾਵੇਗੀ

ਗੋਕਲ ਚੰਦ ਵਿਦੇਸ਼ ਮੰਤਰੀ ਦੀ ਤਜਵੀਜ਼ ਨਾਲ ਵਿਦੇਸ਼ ਵਿਭਾਗ ਪਟਿਆਲਾ ਗੌਰਮਿੰਟ ਦੀ ਰੋਬਕਾਰ

ਮਹਿਕਮਾ ਮੁੱਖ ਬਖ਼ਸ਼ੀ ਖ਼ਾਨਾ ਦੀ ਰੋਬਕਾਰ ਮਿਤੀ 10-1-79 ਪ੍ਰਾਪਤ ਹੋਈ ਜਿਸ ਰਾਹੀਂ ਮੀਰ ਨਿਆਜ਼ ਅਲੀ ਵੱਲੋਂ ਕੂਕਿਆਂ ਦੇ ਇੰਤਜ਼ਾਮ ਕਰਨ ਲਈ ਨਿਭਾਈਆਂ ਵਧੀਆ ਸੇਵਾਵਾਂ ਬਦਲੇ ਉਸ ਨੂੰ ਇਨਾਮ ਦਿੱਤੇ ਜਾਣ ਵਾਲੀ ਮਿਸਲ ਮੰਗੀ ਗਈ ਹੈ।

ਇਸ ਮਹਿਕਮੇ ਦੀ ਰੋਬਕਾਰ ਰਾਹੀਂ ਸੈਕਟਰੀ ਸਾਹਿਬ ਨੂੰ ਜਵਾਬ ਲਿਖਿਆ ਜਾਵੇ ਕਿ ਇਸ ਮਿਸਲ ਵਿੱਚ ਬਹੁਤ ਸਾਰੇ ਕਾਗਜ਼ ਇਹਤਿਆਤੀ ਤੇ ਭੇਦ ਭਰੇ ਹਨ ਜਿਸ ਸਦਕਾ ਇਸ ਪ੍ਰਕਾਰ ਦੀ ਸੰਭਾਲ ਕੇ ਰੱਖੀ ਮਿਸਲ ਦਾ ਭੇਜਿਆ ਜਾਣਾ ਮੁਨਾਸਿਬ ਨਹੀਂ ਹੈ ਅਤੇ ਆਪ ਜੋ ਕੁਝ ਮੁਲਾਹਿਜ਼ਾ ਕਰਨਾ ਚਾਹੁੰਦੇ ਹੋ ਉਸ ਬਾਰੇ ਸਾਨੂੰ ਸੂਚਿਤ ਕੀਤਾ ਜਾਵੇ, ਅਸੀਂ ਮਿਸਲ ਵੇਖ ਕੇ ਉਸ ਦਾ ਵੇਰਵੇ ਸਹਿਤ ਹਾਲ ਭੇਜ ਦਿਆਂਗੇ ।

ਮਿਤੀ 15-01-79

# ਲੁਕਿਆ ਸੱਚ

---

**ਬਖ਼ਸ਼ੀ ਖ਼ਾਨਾ ਵੱਲੋਂ**

ਇਹ ਰੋਬਕਾਰ ਵਿਦੇਸ਼ ਮੰਤਰੀ ਸਾਹਿਬ ਦੀ ਸੇਵਾ ਵਿੱਚ ਵਾਪਸ ਭੇਜ ਕੇ ਖੇਚਲ ਦਿੱਤੀ ਜਾਵੇ ਕਿ ਅਸੀਂ ਇਹ ਗੱਲ ਦਰਿਆਫ਼ਤ ਕਰਨਾ ਚਾਹੁੰਦੇ ਹਾਂ ਕਿ ਕੂਕਿਆਂ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਉਸ ਵੇਲੇ ਕਿਹੜੇ ਕਿਹੜੇ ਅਫ਼ਸਰ ਨਿਯੁਕਤ ਸਨ। ਜੇ ਉਸ ਮਿਸਲ ਵਿੱਚ ਇਸ ਬਾਰੇ ਕੋਈ ਪਤਾ ਲੱਗ ਸਕੇ ਤਾਂ ਕ੍ਰਿਪਾ ਕਰਕੇ ਸਾਨੂੰ ਸੂਚਿਤ ਕਰੋ।

ਮਿਤੀ 21-01-79

**ਵਿਦੇਸ਼ ਦਫ਼ਤਰ ਵੱਲੋਂ:**

ਸ਼੍ਰੀ ਮਾਨ ਜੀ,

ਹੁਕਮ ਦੇ ਮੁਤਾਬਿਕ ਸੰਬੰਧਤ ਮਿਸਲ ਪੇਸ਼ ਕਰਦਾ ਹਾਂ।

ਸੰਨ 1872 ਈ: ਦੇ ਸ਼ੁਰੂ ਵਿੱਚ ਸਿੱਖਾਂ ਦੇ ਇੱਕ ਧਾਰਮਿਕ ਫ਼ਿਰਕੇ ਨੇ, ਜਿਸ ਦਾ ਨਾਮ "ਕੂਕਾ" ਸੀ, ਬਗ਼ਾਵਤ ਕਰ ਦਿੱਤੀ ਸੀ ਜਿਸ ਬਾਰੇ ਵਕੀਲ ਲੁਧਿਆਣਾ ਵੱਲੋਂ ਇਹ ਇਤਲਾਹ ਦਿੱਤੀ ਗਈ ਕਿ "ਲਹਿਣਾ ਸਿੰਘ ਤੇ ਹੀਰਾ ਸਿੰਘ ਆਦਿ ਕੂਕੇ ਵਸਨੀਕ ਪਿੰਡ ਸਕਰੌਦੀ ਸੌ ਸਵਾ ਸੌ ਆਦਮੀਆਂ ਸਮੇਤ ਫ਼ਸਾਦ ਪਾਉਣ ਦੇ ਇਰਾਦੇ ਨਾਲ ਪਿੰਡ ਰਾਮਪੁਰ ਵੱਲ ਨੂੰ ਗਏ ਹਨ"। ਉਸ ਬਾਰੇ ਭਵਾਨੀਗੜ੍ਹ ਤੇ ਸਾਹਿਬਗੜ੍ਹ ਦੇ ਥਾਣੇਦਾਰਾਂ ਨੂੰ ਲਿਖਿਆ ਗਿਆ ਕਿ ਉਹ ਇਸ ਗਰੋਹ ਦੇ ਵੇਰਵੇ ਸਹਿਤ ਹਾਲਾਤ ਦੀ ਇਤਲਾਹ ਦੇਣ। ਇਹ ਪਤਾ ਲੱਗਿਆ ਕਿ ਫ਼ਸਾਦੀ ਕੂਕਿਆਂ ਨੇ ਮਲੌਦ ਦੇ ਸਰਦਾਰ ਸਾਹਿਬ ਨਾਲ ਦੰਗਾ ਕੀਤਾ ਅਤੇ ਉਨ੍ਹਾਂ ਦੇ ਦੋ ਚਾਰ ਆਦਮੀ ਕਤਲ ਕਰ ਦਿੱਤੇ, ਉਨ੍ਹਾਂ ਦੀਆਂ ਇੱਕ ਦੋ ਘੋੜੀਆਂ ਲੈ ਕੇ ਕੋਟਲਾ ਵਿਖੇ ਪੁੱਜ ਗਏ। ਉਨ੍ਹਾਂ ਕੋਟਲੇ 'ਚ ਜਾ ਕੇ ਅਤਿਅੰਤ ਦਰਜੇ ਦਾ ਜੰਗ ਕੀਤਾ। ਇਹ ਖ਼ਬਰਾਂ ਸੁਣ ਕੇ ਇਸ ਮਹਿਕਮੇ ਵੱਲੋਂ ਜ਼ਿਲਿਆਂ ਦੇ ਨਾਜ਼ਿਮ ਸਾਹਿਬਾਨ ਦੇ ਨਾਮ ਤਾਕੀਦੀ ਹੁਕਮ ਕੀਤੇ ਗਏ ਅਤੇ ਕੋਟਲਾ ਵਿਖੇ ਫ਼ੌਜ ਭੇਜੀ ਗਈ।

ਇਸੇ ਦੌਰਾਨ ਸੱਯਦ ਨਿਆਜ਼ ਅਲੀ ਸਾਹਿਬ ਨਾਇਬ ਨਾਜ਼ਿਮ ਅਮਰਗੜ੍ਹ ਨੇ ਸ਼ੇਰਪੁਰ ਤੋਂ ਇਹ ਰਿਪੋਰਟ ਭੇਜੀ ਕਿ " ਮੈਂ ਦੌਰੇ 'ਤੇ ਇੱਥੇ ਆਇਆ ਹੋਇਆ ਸੀ। ਮੈਨੂੰ ਕੂਕਿਆਂ ਬਾਰੇ ਪਤਾ ਲੱਗਿਆ ਕਿ ਉਹ ਮਲੌਦ ਤੇ ਕੋਟਲਾ ਵਿਖੇ ਦੰਗਾ ਕਰਕੇ ਪਿੰਡ ਰੜ੍ਹ ਲਾਗੇ ਠਹਿਰੇ ਹੋਏ ਹਨ। ਮੈਂ ਰਤਨ ਸਿੰਘ ਤੇ ਉੱਤਮ ਸਿੰਘ ਸਵਾਰਾਂ, ਕਿਲਾ ਸ਼ੇਰਪੁਰ ਦੇ ਜਮਾਂਦਾਰ ਤੇ ਮਸਤਾਨ ਅਲੀ ਮੁਹਰਿੱਰ ਫ਼ੌਜਦਾਰੀ ਸਮੇਤ ਉੱਥੇ ਪੁੱਜਾ। ਸੱਠ ਸੱਤਰ ਕੂਕੇ ਕੁਝ ਕੁਝ ਬਕ ਰਹੇ ਸਨ। ਭਾਵੇ ਮੇਰੇ ਕੋਲ ਲਾਓ ਲਸ਼ਕਰ ਬਹੁਤ ਘੱਟ ਸੀ ਪਰ ਮੈਂ ਦਲੇਰੀ ਨਾਲ ਉਨ੍ਹਾਂ ਨੂੰ ਕਿਹਾ ਕਿ "ਖਬਰਦਾਰ ਅੱਗੇ ਨਾ ਵਧਿਓ ਮੈਂ ਮਹਾਰਾਜਾ ਸਾਹਿਬ ਦਾ ਨਾਜ਼ਿਮ ਹਾਂ ਤੇ ਤੁਹਾਨੂੰ ਗ੍ਰਿਫ਼ਤਾਰ ਕਰਨ ਲਈ ਆਇਆ ਹਾਂ।" ਫ਼ਸਾਦੀਆਂ ਨੇ ਘੇਰਾ ਪਾ ਲਿਆ। ਅਸੀਂ ਵੀ ਮਜਬੂਰਨ ਹਥਿਆਰ ਸੰਭਾਲ ਕੇ ਖੜ੍ਹੇ ਗਏ। ਇਸੇ ਦੌਰਾਨ ਸਰਦਾਰ ਪੰਜਾਬ ਸਿੰਘ ਰਾਏਪੁਰੀਆ ਆਪਣੇ ਭਾਈ ਪਰਤਾਪ ਸਿੰਘ ਨਾਲ ਦੋ ਨਾਲੀ ਬੰਦੂਕਾਂ ਲੈ ਕੇ ਸਾਡੇ ਕੋਲ ਪੁੱਜ ਗਏ ਜਿਸ ਸਦਕਾ ਬਾਗ਼ੀਆਂ ਨੇ ਹਥਿਆਰ ਸੁੱਟ ਦਿੱਤੇ। 68 ਕੂਕੇ ਗ੍ਰਿਫ਼ਤਾਰ ਹੋਏ ਜਿਨ੍ਹਾਂ ਵਿੱਚੋਂ 29 ਜ਼ਖ਼ਮੀ ਸਨ। ਉਨ੍ਹਾਂ ਨੂੰ ਸ਼ੇਰਪੁਰ ਦੀ ਗੜ੍ਹੀ 'ਚ ਲੈ ਜਾ ਕੇ ਬਹੁਤ ਚੌਕਸੀ ਨਾਲ ਰੱਖਿਆ। ਅਗਲੇ ਦਿਨ ਨਿਜ਼ਾਮਤ ਅਨਾਹਦਗੜ੍ਹ ਤੋਂ ਕਿਸੇ ਕਦਰ ਮਦਦ ਤੇ ਬੇੜੀਆਂ ਆ ਗਈਆਂ ਜਿਹੜੀਆਂ ਉਨ੍ਹਾਂ ਕੂਕਿਆਂ ਦੇ ਲਾਈਆਂ ਗਈਆਂ"। ਇਸ ਤਰ੍ਹਾਂ ਇਹ ਫ਼ਸਾਦ ਬੰਦ ਹੋ ਗਿਆ।

---

## ਗੌਰਮਿੰਟ ਪੰਜਾਬ ਨੂੰ ਇਸ ਘਟਨਾ ਦੀ ਇਤਲਾਹ ਦਿੱਤੀ ਗਈ ਜਿੱਥੋਂ ਵਧੀਆ ਸੇਵਾਵਾਂ ਨਿਭਾਉਣ ਬਦਲੇ ਨਿਮਨ ਲਿਖਤ ਅਹਿਲਕਾਰਾਂ ਨੂੰ ਇਨਾਮ ਪ੍ਰਾਪਤ ਹੋਏ

| ਨਾਮ | ਇਨਾਮ |
|---|---|
| ਸੱਯਦ ਨਿਆਜ਼ ਅਲੀ ਸਾਹਿਬ | 1000/-ਰੁਪਏ |
| ਪੰਜਾਬ ਸਿੰਘ | 100/- ਰੁਪਏ |
| ਜੈਮਲ ਸਿੰਘ | 200/- ਰੁਪਏ |
| ਉੱਤਮ ਸਿੰਘ | 50/- ਰੁਪਏ |
| ਰਤਨ ਸਿੰਘ | 50/- ਰੁਪਏ |
| ਗੁਲਾਬ ਸਿੰਘ | 50/- ਰੁਪਏ |
| ਪੰਜਾਬ ਸਿੰਘ ਦਾ ਭਾਈ ਪਰਤਾਪ ਸਿੰਘ | 10/- ਰੁਪਏ ਤੇ ਦੋਸ਼ਾਲਾ |
| ਮਸਤਾਨ ਅਲੀ ਮੁਹਰਿੱਰ | ਥਾਣੇਦਾਰ ਵਜੋਂ ਤਰੱਕੀ ਪਾਈ। |
| ਫ਼ੈਜ਼ ਬਖ਼ਸ਼ | 30/- ਰੁਪਏ ਤੇ ਦੋਸ਼ਾਲਾ |
| ਰਤਨ ਸਿੰਘ ਸਵਾਰ | ਜਮਾਂਦਾਰ ਵਜੋਂ ਤੱਰਕੀ ਪਾਈ ਤੇ |
| ਉੱਤਮ ਸਿੰਘ ਸਵਾਰ | ਜਮਾਂਦਾਰ ਵਜੋਂ ਤੱਰਕੀ ਤੇ 50/- ਰੁਪਏ ਦਾ ਕੀਮਤੀ ਦੋਸ਼ਾਲਾ। |
| ਗੁਲਾਬ ਸਿੰਘ ਜਮਾਂਦਾਰ ਕਿਲਾ | ਤਨਖਾਹ ਦੁੱਗਣੀ ਕੀਤੀ ਗਈ ਅਤੇ 50/- ਰੁਪਏ ਦਾ ਕੀਮਤੀ ਦੋਸ਼ਾਲਾ। |
| ਨਾਜ਼ਿਮ ਅਲੀ ਨਿੱਜੀ ਮੁਲਾਜ਼ਿਮ ਸੱਯਦ ਨਿਆਜ਼ ਅਲੀ ਸਾਹਿਬ | ਸਵਾਰਾਂ ਵਿੱਚ ਨੌਕਰ ਰੱਖਿਆ ਗਿਆ |
| ਜਵਾਹਰ ਸਿੰਘ | 40/- ਰੁਪਏ ਦਾ ਕੀਮਤੀ ਦੋਸ਼ਾਲਾ, ਅਸਾਮੀ ਖ਼ਾਲੀ ਹੋਣ 'ਤੇ ਦਫ਼ੇਦਾਰ ਲਾਇਆ ਜਾਵੇ। |
| ਉਤੱਮ ਸਿੰਘ ਥਾਣੇਦਾਰ ਸ਼ੇਰਪੁਰ | 50/- ਰੁਪਏ ਦਾ ਕੀਮਤੀ ਦੋਸ਼ਾਲਾ ਦੂਜੀ ਰਜਮੈਂਟ ਦੇ ਮੈਨੇਜਰੀ 'ਤੇ ਲਾਇਆ ਜਾਵੇ। |
| ਲਾਹੀਆ ਗ਼ੈਰ ਮੁਲਾਜ਼ਿਮ | ਊਠ ਸਵਾਰਾਂ ਜਾਂ ਰਜਮੈਂਟ ਤੇ ਸਵਾਰਾਂ 'ਚ ਮੁਲਾਜ਼ਿਮ ਰੱਖਿਆ ਜਾਵੇ। |
| ਰਹੀਮ ਦਾਦ ਖ਼ਾਨ ਸਿਪਾਹੀ ਤੇ ਸੰਤੋਖ ਸਿੰਘ ਸਿਪਾਹੀ | ਹਰੇਕ ਨੂੰ 21/- ਰੁਪਏ ਨਕਦ ਅਤੇ ਸਾਰਜੈਂਟ ਲਾਏ ਜਾਣ। |

----------------------------------------------------------------

| | |
|---|---|
| ਫ਼ਤਹ ਸਿੰਘ ਸਿਪਾਹੀ ਪਲਟਣ | ਖੇਸ ਤੇ 21/- ਰੁਪਏ |
| ਜਵਾਹਰ ਸਿੰਘ ਤੇ ਧਨੀ ਚੰਦ ਸਿਪਾਹੀ ਕਿਲਾ ਸ਼ੇਰਪੁਰ | ਹਰੇਕ ਨੂੰ ਖੇਸ ਕੀਮਤੀ 21/- ਰੁਪਏ ਤੇ ਨਕਦ 20/- ਰੁਪਏ। |
| ਜੈਮਲ ਸਿੰਘ ਜਿਸ ਨੇ ਪਹਿਲਾਂ ਇਤਲਾਹ ਦਿੱਤੀ ਸੀ | ਦੋਸ਼ਾਲਾ ਕੀਮਤੀ 25/-ਰੁਪਏ |
| ਰੁਸਤਮ ਖ਼ਾਨ | ਨਕਦ 20/- ਰੁਪਏ |
| ਰੂੜਾ ਮਦਕੂਰੀ | ਨਕਦ 20/- ਰੁਪਏ |
| ਮਲਿਕ ਰਾਮ ਨਾਇਬ ਨਾਜ਼ਿਰ | ਮਸਤਾਨ ਅਲੀ ਦੀ ਥਾਂ ਤਰੱਕੀ ਪਾਵੇ। |
| ਅਤਰ ਸਿੰਘ, ਜਵਾਹਰ ਸਿੰਘ, ਭੂਪ ਸਿੰਘ, ਮਸਤਾਨ ਸਿੰਘ ਤੇ ਚੜ੍ਹਤ ਸਿੰਘ ਨੰਬਰਦਾਰ | ਹਰੇਕ ਨੂੰ 60/- ਰੁਪਏ |
| ਭੂਪ ਸਿੰਘ ਨੰਬਰਦਾਰ ਪਿੰਡ ਰੜ | ਦੋਸ਼ਾਲਾ ਤੇ 10/-ਰੁਪਏ |
| ਅਤਰ ਸਿੰਘ, ਸ਼ਾਮ ਸਿੰਘ ਤੇ ਉੱਤਮ ਸਿੰਘ ਨੰਬਰਦਾਰਾਨ | ਖੇਸ ਤੇ 10/- ਰੁਪਏ |
| ਖ਼ੁਸ਼ਹਾਲ ਸਿੰਘ ਤੇ ਪ੍ਰੇਮ ਸਿੰਘ ਨੰਬਰਦਾਰਾਨ ਪਿੰਡ ਕਾਤਰੋਂ | ਖੇਸ ਕੀਮਤੀ 10/-ਰੁਪਏ |

ਇਸ ਮੌਕੇ 'ਤੇ ਅਹੁਦੇਦਾਰਾਂ ਦੀ ਨਿਯੁਕਤੀ ਦਾ ਕੋਈ ਜ਼ਿਕਰ ਨਹੀਂ ਹੋਇਆ। ਫ਼ਸਾਦੀਆਂ ਦੀ ਗ੍ਰਿਫ਼ਤਾਰੀ ਤੇ ਪ੍ਰਬੰਧ ਕਰਨ ਵਾਸਤੇ ਕੇਵਲ ਨਾਜ਼ਿਮ ਸਾਹਿਬਾਨ ਨੂੰ ਲਿਖਿਆ ਜਾਂਦਾ ਰਿਹਾ।

ਮੀਰ ਨਿਆਜ਼ ਅਲੀ ਸਾਹਿਬ ਨੇ ਜਦੋਂ ਇਨ੍ਹਾਂ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਤਾਂ ਜਿਨ੍ਹਾਂ ਸਾਹਿਬਾਨ ਨੂੰ ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਇਨਾਮ ਬਖ਼ਸ਼ੇ ਗਏ ਉਨ੍ਹਾਂ ਦੀ ਸੂਚੀ ਉਪਰ ਦਿੱਤੀ ਗਈ ਹੈ।

# ਲੁਕਿਆ ਸੱਚ

---

ਪਹਿਲਾਂ ਵਕੀਲ ਲੁਧਿਆਣਾ ਵੱਲੋਂ ਇਤਲਾਹ ਆਉਣ ’ਤੇ ਥਾਣੇਦਾਰਾਂ ਦੇ ਨਾਮ ਹੁਕਮ ਜਾਰੀ ਕੀਤੇ ਗਏ। ਫਿਰ ਜ਼ਿਆਦਾ ਰੌਲਾ ਰੱਪਾ ਮਾਲੂਮ ਹੋਣ ’ਤੇ ਨਾਜ਼ਿਮ ਸਾਹਿਬਾਨ ਦੇ ਨਾਮ ਫ਼ਸਾਦ ਰੋਕਣ ਵਾਸਤੇ ਹੁਕਮ ਜਾਰੀ ਕੀਤੇ ਗਏ ਸਨ ਤੇ ਕੋਟਲਾ ਵਿਖੇ ਫ਼ੌਜ ਭੇਜੀ ਗਈ ਸੀ ਅਤੇ ਵਿਸ਼ੇਸ਼ ਤੌਰ ’ਤੇ ਕਿਸੇ ਅਫ਼ਸਰ ਦੀ ਨਿਯੁਕਤੀ ਨਹੀਂ ਹੋਈ ਸੀ।

ਮਿਤੀ 5 ਮਈ ਸੰਨ1879

ਪਿੰਡ ਮਾਈਸਰ ਖ਼ਾਨਾ ਵਿਖੇ ਇੱਕ ਜ਼ਿਮੀਂਦਾਰ ਦੀ ਬੇਟੀ * ਨੇ ਪ੍ਰਣ ਕੀਤਾ ਸੀ ਕਿ ਉਹ ਕੂਕਿਆਂ ਦੇ ਗੁਰੂ ਰਾਮ ਸਿੰਘ ਨਾਲ ਸ਼ਾਦੀ ਕਰੇਗੀ ਪਰ ਕਿਉਂਕਿ ਉਹ ਕੈਦ ਹੋ ਗਏ ਇਸ ਲਈ ਉਹ ਇਬਾਦਤ ਕਰਦੀ ਹੈ ਅਤੇ ਉਸ ਨੇ ਸੱਤ ਧਾਰਨ ਕੀਤਾ ਹੋਇਆ ਹੈ।

ਮੈਂ ਪਹਿਲਾਂ ਹੀ ਉਸ ਦੇ ਦਰਸ਼ਨ ਕੀਤੇ। ਖ਼ੁਦਾ ਦੀ ਕੁਦਰਤ ਹੈ ਕਿ ਇਨਸਾਨ, ਜਿਸ ਉੱਤੇ ਕਾਮਵਾਸਨਾਵਾਂ ਹਾਵੀ ਹਨ, ਦੀ ਨਸਲ ਵਿੱਚ ਅਜਿਹੇ ਅਜਿਹੇ ਲੋਕ ਵੀ ਹਨ।

ਮਾਲ ਅਫ਼ਸਰ ਜਸਵੰਤ ਰਾਏ,

* ਇਥੇ ਇਹ ਮਾਈ ਅਤਰ ਕੌਰ ਸੁਪੁੱਤਰੀ ਰਾਮ ਸਿੰਘ ਉਰਫ ਹਰਨਾਮ ਸਿੰਘ ਮਾਈਸਰ ਖਾਨਾ ਦੀ ਗੱਲ ਕਰ ਰਹੇ ਹਨ।

# ਫਇਲ ਨੰ:7

## ਹਸਤ ਲਿਖਤ ਫ਼ਾਇਲ

## ਹਿਸਟਰੀ ਆਫ਼ ਨਾਭਾ

## (History of Nabha)

## ਰਾਜਾ ਹੀਰਾ ਸਿੰਘ ਨਾਭਾ ਅਤੇ ਅੰਗਰੇਜ਼ ਸਰਕਾਰ ਦਰਮਿਆਨ ਚਿੱਠੀ-ਪੱਤਰ

## (Corresponding between Raja Hira Singh Nabha & English Govt. )

ਇਸ ਫਾਇਲ 'ਹਿਸਟਰੀ ਆਫ ਨਾਭਾ' ਵਿਚ ਅੰਗਰੇਜ਼ ਸਰਕਾਰ ਦੀਆਂ ਅੰਗਰੇਜੀ 'ਚ ਲਿਖੀਆਂ ਹੋਈਆਂ ਚਿੱਠੀਆਂ ਦਾ ਉਰਦੂ ਵਿਚ ਕੀਤਾ ਹੋਇਆ ਅਨੁਵਾਦ ਹੈ। ਇਨ੍ਹਾਂ ਚਿੱਠੀਆਂ ਵਿਚ ਮਲੇਰ ਕੋਟਲਾ ਸਾਕੇ ਸਮੇਂ ਅੰਗਰੇਜਾਂ ਦੁਆਰਾ ਰਾਜਾ ਹੀਰਾ ਸਿੰਘ ਨਾਭਾ ਤੋਂ ਮਦਦ ਮੰਗਣ ਅਤੇ ਇਸ ਸਾਕੇ ਮਗਰੋਂ ਮਦਦ ਭੇਜਣ ਅਤੇ ਸਹਿਯੋਗ ਦੇਣ ਲਈ ਰਾਜਾ ਸਾਹਿਬ ਦਾ ਧੰਨਵਾਦ ਕੀਤਾ ਗਿਆ ਹੈ।

**ਮਲੌਂਦ ਦੇ ਸਥਾਨ ਤੋਂ ਮਿਸਟਰ ਕਾਵਨ ਸਾਹਿਬ ਡਿਪਟੀ ਕਮਿਸ਼ਨਰ ਜ਼ਿਲ੍ਹਾ ਲੁਧਿਆਣਾ ਵੱਲੋਂ ਰਾਜਾ ਹੀਰਾ ਸਿੰਘ ਨਾਭਾ ਨੂੰ 15 ਜਨਵਰੀ ਸੰਨ 1872 ਨੂੰ ਸਹਿਯੋਗ ਅਤੇ ਸਹਾਇਤਾ ਮੰਗਣ ਲਈ ਲਿਖਿਆ ਹੋਇਆ ਪੱਤਰ–**

ਸੱਚੇ ਦੋਸਤਾਂ ਦੇ ਮਿਹਰਬਾਨ ਸੱਚੇ ਦੋਸਤ ਰਾਜਾ ਸਾਹਿਬ,

ਸਹੀ ਸਲਾਮਤ ਰਵ੍ਹੋ !

ਖੁਸ਼ੀ ਭਰਪੂਰ ਮੁਲਾਕਾਤ ਦਾ ਸ਼ੌਕ, ਜਿਹੜਾ ਹੱਦੋਂ ਵੱਧ ਕੇ ਹੈ, ਪ੍ਰਗਟ ਕਰਨ ਉਪ੍ਰੰਤ ਤੁਹਾਡੇ ਪਿਆਰ ਭਰੇ ਦਿਲ ’ਤੇ ਇਹ ਗੱਲ ਜ਼ਾਹਿਰ ਕੀਤੀ ਜਾਂਦੀ ਹੈ ਕਿ ਅੱਜ ਰਾਤ ਨੂੰ ਕੂਕਿਆਂ ਦੇ ਹੱਥੋਂ ਪਹਿਲਾਂ ਤਾਂ ਮਲੌਂਦ ਵਿਖੇ ਅਤੇ ਫਿਰ ਕੋਟਲਾ ਮਾਲੇਰ ਵਿਖੇ ਕਤਲੋ ਗ਼ਾਰਤ (ਮਾਰਧਾੜ) ਦੀ ਸਖਤ ਵਾਰਦਾਤ ਹੋਈ ਹੈ। ਹੁਣ ਕੋਈ ਦੋ ਸੌ ਜਾਂ ਦੋ ਸੌ ਤੋਂ ਕੁਝ ਜ਼ਿਆਦਾ ਕੂਕਿਆਂ ਦੇ ਇੱਕਠ ਨੂੰ ਰਿਆਸਤ ਕੋਟਲਾ ਦੇ ਮੁਲਾਜ਼ਿਮਾਂ ਨੇ ਹਿਰਾਸਤ ਵਿੱਚ ਲਿਆ ਹੋਇਆ ਹੈ ਪਰ ਮੁਲਾਜ਼ਿਮਾਂ ਦੀ ਇਹ ਗਿਣਤੀ ਘੱਟ ਹੈ। ਸੋ ਆਪ ਨੂੰ ਲਿਖਿਆ ਜਾਂਦਾ ਹੈ ਕਿ ਤੁਸੀਂ ਕ੍ਰਿਪਾ ਕਰਕੇ ਆਪਣੀ ਸਰਕਾਰ ’ਤੋਂ ਇੱਕ ਰਿਸਾਲਾ, ਪਿਆਦਾ ਫ਼ੌਜ ਦੀਆਂ ਦੋ ਕੰਪਨੀਆਂ ਤੇ ਇੱਕ ਤੋਪ, ਜਿੰਨੀ ਜਲਦੀ ਹੋ ਸਕੇ, ਮੁਜ਼ਰਿਮਾਂ ਨੂੰ ਗ੍ਰਿਫ਼ਤਾਰ ਕਰਨ ਤੇ ਉੱਥੋਂ ਦਾ ਪ੍ਰਬੰਧ ਕਰਨ ਵਾਸਤੇ ਕੋਟਲਾ ਨੂੰ ਰਵਾਨਾ ਕਰ ਦਿਓ। ਇਸ ਕੰਮ ਵਿੱਚ ਢਿੱਲ ਮੱਠ ਨਾ ਕੀਤੀ ਜਾਵੇ। ਸੋ ਲੋੜ ਸਮਝ ਕੇ ਇਹ ਚਿੱਠੀ ਲਿਖੀ ਗਈ।

ਮਿਤੀ 15 ਜਨਵਰੀ 1872 ਈ:

---

**ਰਾਜਾ ਹੀਰਾ ਸਿੰਘ ਨਾਭਾ ਨੂੰ ਕਾਵਨ ਸਾਹਿਬ ਡਿਪਟੀ ਕਮਿਸ਼ਨਰ ਜ਼ਿਲ੍ਹਾ ਲੁਧਿਆਣਾ ਤੋਂ ਪ੍ਰਾਪਤ ਹੋਏ ਮਿਤੀ 23 ਜਨਵਰੀ ਸੰਨ 1872 ਈ: ਦੇ ਖ਼ਤ ਦੀ ਨਕਲ**

ਸੱਚੇ ਦੋਸਤਾਂ ਦੇ ਮਿਹਰਬਾਨ, ਸੱਚੇ ਦੋਸਤ ਰਾਜਾ ਸਾਹਿਬ,

ਸਹੀ ਸਲਾਮਤ ਰਵ੍ਹੋ !

ਖੁਸ਼ੀ ਭਰਪੂਰ ਮੁਲਾਕਾਤ ਦੀ ਤਮੰਨਾ, ਜਿਹੜੀ ਹੱਦੋਂ ਵੱਧ ਹੈ, ਪ੍ਰਗਟ ਕਰਨ ਤੋਂ ਮਗਰੋਂ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੀ ਚਿੱਠੀ ਦੇ ਜਵਾਬ ਵਿੱਚ ਤੁਹਾਡਾ ਖ਼ਤ ਪ੍ਰਾਪਤ ਹੋਇਆ ਕਿ ਤੁਸੀਂ ਕੋਟਲਾ ਮਾਲੇਰ ਵਿਖੇ ਕੂਕਿਆਂ ਦੇ ਫ਼ਸਾਦ ਦਾ ਪ੍ਰਬੰਧ ਕਰਨ ਵਾਸਤੇ ਲੋੜੀਂਦੀਂ ਫ਼ੌਜ ਰਵਾਨਾ ਕਰ ਦਿੱਤੀ ਹੈ। ਫ਼ੌਜ ਬਖ਼ਸ਼ੀ ਸੱਯਦ ਵਜ਼ੀਰ ਅਲੀ ਤੇ ਲਾਲਾ ਰਾਮ ਨਰਾਇਣ ਵਕੀਲ ਸਮੇਤ ਸਾਡੇ ਕੋਲ ਪੁੱਜ ਗਈ ਹੈ। ਫ਼ੌਜ ਦਾ ਏਨੀ ਛੇਤੀ ਹਾਜ਼ਿਰ ਹੋ ਜਾਣਾ ਹਰ ਪੱਖੋਂ ਬਹੁਤ ਵਧੀਆ ਗੱਲ ਹੋਈ।

ਤੁਸੀਂ ਮਲੌਦ ਤੇ ਕੋਟਲਾ ਦੀ ਵਾਰਦਾਤ ਸਮੇਂ ਸਾਡੀ ਮਦਦ ਲਈ ਜਿਹੜੀ ਅਨੋਖੀ ਚੁਸਤੀ ਫ਼ੁਰਤੀ ਨਾਲ ਫ਼ੌਜ ਭੇਜੀ ਹੈ ਉਸ ਸੰਬੰਧੀ ਸਾਡੀ ਖ਼ਾਹਿਸ਼ ਹੈ ਕਿ ਉਸ ਦੇ ਬਦਲੇ 'ਚ ਅਸੀਂ ਤੁਹਾਡਾ ਬਹੁਤ ਬਹੁਤ ਸ਼ੁਕਰੀਆ ਅਦਾ ਕਰੀਏ। ਤੁਹਾਨੂੰ ਇਹ ਵੀ ਪ੍ਰਤੱਖ ਹੋਵੇ ਕਿ ਤੁਹਾਡੇ ਸਾਰੇ ਅਫ਼ਸਰਾਂ ਤੇ ਸਿਪਾਹੀਆਂ ਨੇ ਬਹੁਤ ਵਧੀਆ ਸੇਵਾ ਨਿਭਾਈ ਹੈ। ਨਿਰਸੰਦੇਹ ਪੰਜਾਬ ਗੌਰਮਿੰਟ ਵੀ ਇਨ੍ਹਾਂ ਸੇਵਾਵਾਂ ਬਦਲੇ ਤੁਹਾਡਾ ਸ਼ੁਕਰੀਆ ਅਦਾ ਕਰੇਗੀ।

ਲੋੜ ਪੂਰੀ ਹੋਣ ਉਪ੍ਰੰਤ ਫ਼ੌਜ ਨੂੰ ਵਾਪਸ ਵੀ ਭੇਜ ਦਿੱਤਾ ਗਿਆ। ਸੋ ਇਤਲਾਹ ਵਜੋਂ ਤੁਹਾਨੂੰ ਲਿਖਿਆ ਗਿਆ। ਜ਼ਿਆਦਾ ਕੀ ਲਿਖਾਂ !

23 ਜਨਵਰੀ ਸੰਨ 1872 ਈ:
ਮਿਸਟਰ ਕਾਵਨ ਸਾਹਿਬ, ਡਿਪਟੀ ਕਮਿਸ਼ਨਰ,
ਜ਼ਿਲ੍ਹਾ ਲੁਧਿਆਣਾ।

---

**ਫ਼ੌਰਸਾਇਥ ਸਾਹਿਬ ਕਮਿਸ਼ਨਰ ਅੰਬਾਲਾ ਦੀ ਰਾਜਾ ਹੀਰਾ ਸਿੰਘ ਨਾਭਾ ਨੂੰ 17 ਜਨਵਰੀ ਸੰਨ 1872 ਈ: ਲਿਖੀ ਗਈ ਚਿੱਠੀ।**

ਸੱਚੇ ਦੋਸਤਾਂ ਦੇ ਮਿਹਰਬਾਨ, ਸੱਚੇ ਮਿੱਤਰ ਰਾਜਾ ਸਾਹਿਬ,
ਸਹੀ ਸਲਾਮਤ ਰਵ੍ਹੋ !

ਖੁਸ਼ੀ ਭਰਪੂਰ ਮੁਲਾਕਾਤ ਦੀ ਚਾਹ, ਜਿਹੜਾ ਹੱਦੋਂ ਵੱਧ ਹੈ, ਪ੍ਰਗਟ ਕਰਨ ਤੋਂ ਬਾਅਦ ਤੁਹਾਡੇ ਸਵੱਛ ਹਿਰਦੇ ਨੂੰ ਜਾਣੂੰ ਕਰਵਾਇਆ ਜਾਂਦਾ ਹੈ ਕਿ ਕੂਕਾ ਕੌਮ ਦੀ ਇੱਕ ਪ੍ਰਕਾਰ ਦੀ ਗੜਬੜ ਨੂੰ ਵੇਖਦੇ ਹੋਏ ਤੁਹਾਨੂੰ ਅੰਗਰੇਜ਼ੀ 'ਚ ਲਿਖੀ ਚਿੱਠੀ ਰਾਹੀਂ ਤੇ ਜ਼ਬਾਨੀ ਤੌਰ 'ਤੇ ਵੀ ਇਸ਼ਾਰਾ ਕੀਤਾ ਗਿਆ ਸੀ ਕਿ ਤੁਸੀਂ ਮਹਾਨ ਅੰਗਰੇਜ਼ੀ ਸਰਕਾਰ ਦੀਆਂ ਜ਼ਬਰਦਸਤ ਫ਼ੌਜਾਂ ਵਾਸਤੇ ਰਸਦ, ਬਾਰਬਰਦਾਰੀ (ਢੋਆ ਢੁਆਈ) ਤੇ ਹੋਰ ਜ਼ਰੂਰੀ ਸਾਮਾਨ ਆਦਿ ਮੁਹੱਈਆ ਕਰਵਾਓ ਤੇ ਸਾਡੀ ਮਦਦ ਲਈ ਫ਼ੌਜ ਵੀ ਭੇਜੋ ਪਰ ਸ਼ਾਨੋ ਸ਼ੌਕਤ ਵਾਲੀ ਸਰਕਾਰ ਦੇ ਵੈਰੀ ਨੂੰ ਸੰਘਾਰਨ ਵਾਲੇ ਤੇਜ ਪਰਤਾਪ ਸਦਕਾ ਉਹ ਸਾਰੇ ਖ਼ਿਆਲਾਤ ਖਤਮ ਹੋ ਗਏ ਜਿਹੜੇ ਸਾਡੇ ਮਨ ਵਿੱਚ ਸਨ। ਆਪਣਾ ਅੰਤ ਨਾ ਸੋਚਣ ਵਾਲੇ, ਕੂਕਿਆਂ ਦਾ ਹਰ ਪੱਖੋਂ ਪ੍ਰਬੰਧ ਹੋ ਕੇ ਪੂਰਨ ਅਮਨ ਅਮਾਨ ਹੋ ਗਿਆ ਹੈ। ਤੁਹਾਡੀ ਸਰਕਾਰ ਵੱਲੋਂ ਐਨ ਨਿਸ਼ਚਤ ਮੌਕੇ ਤੇ ਸਮੇਂ ਸਿਰ ਫ਼ੌਜਾਂ ਭੇਜ ਕੇ ਜਿਹੋ ਜਿਹੀ ਵਧੀਆ ਮਦਦ ਹੋਣੀ ਚਾਹੀਦੀ ਸੀ, ਉਹ ਬਹੁਤ ਚੰਗੀ ਤਰ੍ਹਾਂ ਹੋਈ।

ਅਸੀਂ ਉਸ ਮਦਦ ਵਾਸਤੇ ਅੰਗਰੇਜ਼ੀ ਸਰਕਾਰ ਵਲੋਂ ਤੇ ਨਾਲੇ ਨਿੱਜੀ ਤੌਰ 'ਤੇ ਤੁਹਾਡਾ ਸ਼ੁਕਰੀਆ ਅਦਾ ਕਰਦੇ ਹੋਏ ਇਹ ਲਿਖਦੇ ਹਾਂ ਕਿ ਅੱਗੋਂ ਵਾਸਤੇ ਤੁਹਾਨੂੰ ਫ਼ੌਜਾਂ, ਰਸਦ ਜਾਂ ਬਾਰਬਰਦਾਰੀ ਭੇਜਣ ਦੀ ਕੋਈ ਲੋੜ ਨਹੀਂ ਤੇ ਤੁਸੀਂ ਕਿਸੇ ਪ੍ਰਕਾਰ ਦੀ ਤਕਲੀਫ਼ ਨਾ ਕਰਿਓ।

-ਬਸ-

ਉਮੀਦ ਹੈ ਕਿ ਤੁਸੀਂ ਹਮੇਸ਼ਾ ਖੁਸ਼ੀ ਭਰਪੂਰ ਖ਼ਤ ਲਿਖ ਕੇ ਸਾਨੂੰ ਪ੍ਰਸੰਨ ਕਰਦੇ ਰਹੋਗੇ।

17 ਜਨਵਰੀ ਸੰਨ 1872 ਈ:
ਸਥਾਨ ਲੁਧਿਆਣਾ ਤੋਂ ।

---

## ਕਮਿਸ਼ਨਰ ਫ਼ੌਰਸਾਇਥ ਸਾਹਿਬ ਕਮਿਸ਼ਨਰ ਵਲੋਂ ਰਾਜਾ ਹੀਰਾ ਸਿੰਘ ਨਾਭਾ ਨੂੰ 18 ਜਨਵਰੀ 1872 ਈ: ਨੂੰ ਲਿਖੀ ਗਈ ਚਿੱਠੀ

ਸੱਚੇ ਦੋਸਤਾਂ ਦੇ ਮਿਹਰਬਾਨ ਸੱਚੇ ਦੋਸਤ ਰਾਜਾ ਸਾਹਿਬ,

ਸਹੀ ਸਲਾਮਤ ਰਵੋ !

ਖੁਸ਼ੀ ਭਰਪੂਰ ਮੁਲਾਕਾਤ ਦਾ ਸ਼ੌਕ, ਜਿਹੜਾ ਹੱਦੋਂ ਵੱਧ ਹੈ, ਪ੍ਰਗਟ ਕਰਨ ਉਪ੍ਰੰਤ ਤੁਹਾਡੇ ਸਵੱਛ ਹਿਰਦੇ ਨੂੰ ਖੋਲ੍ਹ ਕੇ , ਦੱਸਿਆ ਜਾਂਦਾ ਹੈ ਕਿ ਇਸ ਵੇਲੇ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਜ਼ਿਲ੍ਹਾ ਲੁਧਿਆਣਾ ਦੀ ਰਿਪੋਰਟ ਵੇਖਣ ਤੋਂ ਪਤਾ ਚਲਿਆ ਕਿ ਜਿਸ ਵੇਲੇ ਡਕੈਤੀ ਦੇ ਮੁਜ਼ਰਿਮ, ਜਿਹੜੇ ਪਹਿਲਾਂ ਕੂਕਿਆਂ ਦੇ ਇੱਕਠ ਦੇ ਤੌਰ ’ਤੇ, ਰਿਆਸਤ ਕੋਟਲਾ ਦੀ ਵਾਰਦਾਤ ਕਰਨ ਆਏ ਸਨ ਬਾਰੇ, ਉਸ ਵੇਲੇ ਉਸਤਤ ਯੋਗ ਸਾਹਿਬ ਨੇ ਖ਼ਤ ਰਾਹੀਂ ਆਪ ਨੂੰ ਕੋਟਲਾ ਵਿਖੇ ਫ਼ੌਜਾਂ ਭੇਜਣ ਨੂੰ ਕਿਹਾ ਸੀ ਅਤੇ ਆਪ ਨੇ ਉਸੇ ਸਮੇਂ ਰਿਆਸਤ ਨਾਭਾ ਦੀਆਂ ਫ਼ੌਜਾਂ ਭੇਜ ਦਿੱਤੀਆਂ। ਜਿਸ ਤਰ੍ਹਾਂ ਮਦਦ ਦੇਣ ਦਾ ਹੱਕ ਅਦਾ ਕਰਨਾ ਸੀ ਆਪ ਨੇ ਉਸੇ ਤਰ੍ਹਾਂ ਕੀਤਾ।

ਇਸ ਸੰਬੰਧੀ ਰਿਆਸਤ ਕੋਟਲਾ ਤੇ ਅੰਗਰੇਜ਼ੀ ਸਰਕਾਰ ਤੁਹਾਡਾ ਸ਼ੁਕਰੀਆਂ ਅਦਾ ਕਰਦੀਆਂ ਹਨ। ਇਸ ਤੋਂ ਪਹਿਲਾਂ ਇਸ ਸੰਬੰਧੀ ਖ਼ਤ ਰਾਹੀਂ ਆਪ ਨੂੰ ਸੂਚਿਤ ਕੀਤਾ ਗਿਆ ਸੀ ਕਿ ਹੁਣ ਤੁਹਾਡੀ ਨਿਯੁਕਤ ਕੀਤੀ ਫ਼ੌਜ ਵਾਪਸ ਭੇਜੀ ਜਾਂਦੀ ਹੈ। ਉਮੀਦ ਹੈ ਕਿ ਤੁਸੀਂ ਹਮੇਸ਼ਾ ਖੁਸ਼ੀ ਭਰਪੂਰ ਖ਼ਤ ਲਿਖਕੇ ਸਾਨੂੰ ਪ੍ਰਸੰਨ ਚਿੱਤ ਕਰਦੇ ਰਵ੍ਹੋਗੇ।

18 ਜਨਵਰੀ ਸੰਨ 1872 ਈ:

## ਸੈਕਟਰੀ ਗੌਰਮਿੰਟ ਪੰਜਾਬ ਵਲੋਂ ਰਾਜਾ ਹੀਰਾ ਸਿੰਘ ਨਾਭਾ ਨੂੰ 20 ਜਨਵਰੀ ਸੰਨ 1872 ਈ: ਨੂੰ ਦਿੱਲੀ ਤੋਂ ਲਿਖੇ ਗਏ ਪੱਤਰ ਦੀ ਨਕਲ

ਸੱਚੇ ਦੋਸਤਾਂ ਦੇ ਬਹੁਤ ਮਿਹਰਬਾਨ, ਸੱਚੇ ਮਿੱਤਰ ਰਾਜਾ ਸਾਹਿਬ,

ਸਹੀ ਸਲਾਮਤ ਰਵ੍ਹੋ !

ਖੁਸ਼ੀ ਭਰਪੂਰ ਮੁਲਾਕਾਤ ਦਾ ਚਾਅ, ਜਿਹੜਾ ਹੱਦੋਂ ਵੱਧ ਹੈ, ਪ੍ਰਗਟ ਕਰਨ ਉਪ੍ਰੰਤ ਤੁਹਾਡੇ ਪ੍ਰੇਮ ਭਰੇ ਦਿਲ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਤੁਹਾਡੇ ਵੱਡੀ ਕਦਰ ਵਾਲੇ ਵਕੀਲ ਤੇ ਇਸ ਮਹਿਕਮੇਂ 'ਚ ਹਾਜ਼ਿਰ ਰਹਿਣ ਵਾਲੇ ਲਾਲਾ ਮੁਕੰਦ ਲਾਲ ਨੇ ਤੁਹਾਡੀ ਸਰਕਾਰ ਦੇ ਮੁਨਸ਼ੀ ਖ਼ਾਨੇ ਵੱਲੋਂ ਆਇਆ ਇੱਕ ਖ਼ਤ ਮਿਤੀ 16 ਜਨਵਰੀ ਸੰਨ 1872 ਈ: ਇਸ ਮਜ਼ਮੂਨ 'ਤੇ ਆਧਾਰਿਤ ਸਾਡੇ ਕੋਲ ਪੇਸ਼ ਕੀਤਾ ਕਿ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਲੁਧਿਆਣਾ ਦਾ ਇੱਕ ਪੱਤਰ ਪ੍ਰਾਪਤ ਹੋਇਆ ਜਿਸ ਰਾਹੀਂ ਇਤਲਾਹ ਦਿੱਤੀ ਗਈ ਸੀ ਕਿ ਕੂਕਿਆਂ ਨੇ ਪਹਿਲਾਂ ਤਾਂ ਮਲੌਦ ਤੇ ਫਿਰ ਕੋਟਲਾ ਮਾਲੇਰ ਵਿਖੇ ਕਤਲੋ ਗ਼ਾਰਤ ਦੀ ਵਾਰਦਾਤ ਕੀਤੀ ਅਤੇ ਇੱਕ ਦਸਤਾ ਸਵਾਰਾਂ, ਇੱਕ ਤੋਪ ਤੇ ਪਿਆਦਾ ਸਿਪਾਹੀਆਂ ਦੀਆਂ 2 ਕੰਪਨੀਆਂ ਕੋਟਲੇ ਭੇਜੀਆਂ ਜਾਣ। ਤੁਹਾਡੀ ਸਰਕਾਰ ਵੱਲੋਂ ਮੰਗਣ ਅਨੁਸਾਰ ਫ਼ੌਜ ਤੇ ਦੋ ਤੋਪਾਂ ਕੋਟਲਾ ਵਿਖੇ ਭੇਜੀਆਂ ਗਈਆਂ।

ਤੁਹਾਡਾ ਉਪ੍ਰੋਕਤ ਖ਼ਤ ਵੱਡੇ ਉਪਨਾਮ ਵਾਲੇ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਦੀ ਨਿਗਾਹ 'ਚੋਂ ਲੰਘਿਆ। ਸੋ ਤੁਹਾਨੂੰ ਲਿਖਿਆ ਜਾਂਦਾ ਹੈ ਕਿ ਵੱਡੀ ਸ਼ਾਨ ਵਾਲੇ ਨਵਾਬ ਲੈਫ਼ਟੀਨੈਂਟ ਗਵਰਨਰ ਬਹਾਦੁਰ ਤੁਹਾਡਾ ਸ਼ੁਕਰੀਆ ਅਦਾ ਕਰਦੇ ਹਨ ਕਿ ਤੁਸੀਂ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਵੱਲੋਂ ਮੰਗਦੇ ਸਾਰ ਫ਼ੌਜ ਭੇਜ ਕੇ ਮਦਦ ਕੀਤੀ ਅਤੇ ਫ਼ਰਮਾਉਂਦੇ ਹਨ ਕਿ ਹੁਣ ਹੋਰ ਕਾਰਵਾਈ ਦੀ ਲੋੜ ਨਹੀਂ ਪਵੇਗੀ ਕਿਉਂਕਿ ਹੁਣ ਫਿਰ ਚੰਗੀ ਤਰ੍ਹਾਂ ਅਮਨ ਅਮਾਨ ਹੋ ਗਿਆ ਹੈ।

ਉਮੀਦ ਹੈ ਕਿ ਤੁਸੀਂ ਸਾਡੀ ਸੱਚੀ ਹਮਦਰਦੀ ਨੂੰ ਹਮੇਸ਼ਾ ਆਪਣੀ ਸੁੱਖ ਸਾਂਦ ਦੀ ਇੱਛਕ ਖ਼ਿਆਲ ਕਰਦੇ ਹੋਏ ਆਪਣੀ ਰਾਜ਼ੀ ਖੁਸ਼ੀ ਦੇ ਖ਼ਤ ਲਿਖ ਕੇ ਸਾਨੂੰ ਪ੍ਰਸੰਨ-ਚਿੱਤ ਕਰਦੇ ਰਵ੍ਹੋਗੇ। ਦਾਸ ਜ਼ਿਆਦਾ ਕੀ ਲਿਖੇ !

20 ਜਨਵਰੀ ਸੰਨ 1872 ਈ:
ਅਸਥਾਨ ਦਿੱਲੀ।
ਲੇਖਕ :- ਗੁਰਦਿੱਤ ਸਿੰਘ ਨਾਇਬ ਮੀਰ ਮੁਨਸ਼ੀ,

---

# ਲੇਖਿਕਾ ਬਾਰੇ ਜਾਣਕਾਰੀ


ਨਾਂ : ਸੂਬਾ ਸੁਰਿੰਦਰ ਕੌਰ ਖਰਲ
ਪਿਤਾ ਦਾ ਨਾਂ : ਸ: ਗੁਰਚਰਨ ਸਿੰਘ ਖਰਲ
ਮਾਤਾ ਦਾ ਨਾਂ : ਬੀਬੀ ਗੁਰਦੇਵ ਕੌਰ
ਪਤੀ ਦਾ ਨਾਂ : ਸ:ਭਗਵੰਤ ਸਿੰਘ ਨਾਮਧਾਰੀ
ਵਰਤਮਾਨ ਪਤਾ : 338 B, ਮੁਹੱਲਾ ਨਾਮਧਾਰੀ ਰੋਪੜ-140001(ਪੰਜਾਬ)
ਟੈਲੀਫੋਨ ਨੰ : 98157-03588, 94173-76345, 94172-73345
ਜਨਮ ਤਾਰੀਖ : 19 ਜਨਵਰੀ 1952
ਜਨਮ ਸਥਾਨ : ਮੁੰਬਈ
ਵਿਦਿਅਕ ਯੋਗਤਾ : ਐਮ.ਏ.ਹਿਸਟਰੀ
ਕਿੱਤਾ : ਘਰੇਲੂ, ਲੇਖਣ ਕਾਰਜ
ਲਿਖਣ ਪ੍ਰੀਕਿਰਿਆ ਦਾ ਮੁੱਢ : ਸੰਨ 1966
ਸਾਹਿਤ ਰਚਨਾ : ਕਹਾਣੀ,ਕਵਿਤਾ, ਲੇਖ,ਜੀਵਨੀਆਂ,ਬਾਲ ਸਾਹਿਤ,ਸਫਰਨਾਮੇ,ਖੋਜ ਪੱਤਰ, ਬੰਸਾਵਲੀਆਂ, ਸ਼ਹੀਦਾਂ ਦੇ ਇਤਿਹਾਸ ਤੇ ਪਰਿਵਾਰਾਂ ਦੇ ਵੇਰਵੇ ਆਦਿਕ ਲਿਖੇ ਹਨ। ਰਚਨਾਵਾਂ ਸਮੇਂ-ਸਮੇਂ ਤੇ ਵੱਖ-ਵੱਖ ਪਤ੍ਰਿਕਾਵਾਂ ਤੇ ਅਖਬਾਰਾਂ ਵਿੱਚ ਛਪਦੀਆਂ ਰਹਿੰਦੀਆਂ ਹਨ।
Web site : WWW.subasurinderkaur.com
email : subakharal952@yahoo.com


### ਛਪੀਆਂ ਪੁਸਤਕਾਂ ਦਾ ਵੇਰਵਾ

| | | |
|---|---|---|
| 1) | ਤ੍ਰਿਸ਼ਨਾ (ਕਹਾਣੀਆਂ) | 1987 |
| 2) | ਰੂਹ ਪੰਜਾਬ ਦੀ (ਜੀਵਨੀ ਮਹਾਰਾਣੀ ਜ਼ਿੰਦ ਕੌਰ) | 1990 ਤੇ 2011 |
| 3) | ਮਹਾਂਬਲੀ ਰਣਜੀਤ ਸਿੰਘ (ਜੀਵਨੀ ਮਹਾਰਾਜਾ ਰਣਜੀਤ ਸਿੰਘ) | 1991 ਤੇ 2011 |
| 4) | ਵਡ-ਪ੍ਰਤਾਪੀ ਸਤਿਗੁਰੂ(ਜੀਵਨੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) | 1991 ਤੇ 2011 |
| 5) | ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਾਗਬਾਨੀ ਪ੍ਰਤੀ ਦੇਣ (ਖੋਜ-ਪੱਤਰ) | 1995 |
| 6) | ਬਖਸ਼ਿਸ਼ (ਕਵਿਤਾਵਾਂ) | 1996 |
| 7) | ਪ੍ਰਕਾਸ਼-ਪੁੰਜ ਭਾਗ ਪਹਿਲਾ(ਜੀਵਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) | 1997 |
| 8) | ਤੂੰ ਹੀ ਤੂੰ (ਕਵਿਤਾਵਾਂ) | 2000 |
| 9) | ਬੰਸਾਵਲੀ-ਸ੍ਰੀ ਸਤਿਗੁਰੂ ਰਾਮ ਸਿੰਘ ਜੀ | 2006 |
| 10) | ਕੂਕਾ ਅੰਦੋਲਨ ਦੇ ਮਹਾਨ ਸੁਤੰਤਰਤਾ ਸੰਗ੍ਰਾਮੀ ਨਾਮਧਾਰੀ ਸ਼ਹੀਦ | 2008 |
| 11) | ਗੋਪਾਲ ਰਤਨ | 2011 |
| 12) | ਪ੍ਰਕਾਸ਼-ਪੁੰਜ ਭਾਗ ਦੂਜਾ | 2011 |
| 13) | ਗੋਪਾਲ ਰਤਨ (ਹਿੰਦੀ) | 2012 |
| 14) | ਦੇਸ਼ ਦੇਸ਼ਾਂਤਰ | 2012 |

---

15) ਪ੍ਰਕਾਸ਼-ਪੁੰਜ(ਅੰਗ੍ਰੇਜ਼ੀ) Website 'ਤੇ 2012
16) ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਖਸ਼ਿਸ਼ ਦੇ ਪਾਤਰ-
ਸੰਤ ਕੇਹਰ ਸਿੰਘ, ਡੈਹਰ ਵਾਲੇ (ਜੀਵਨੀ ਤੇ ਪਰਿਵਾਰ) 2018
17) ਅੰਮ੍ਰਿਤਸਰ ਸਾਕੇ ਦੇ ਨਾਮਧਾਰੀ ਸ਼ਹੀਦ ( ਜੀਵਨੀ ਅਤੇ ਬੰਸਾਵਲੀਆਂ) 2018
18) ਕੂਕਾ ਅੰਦੋਲਨ ਦਾ ਲੁਕਿਆ ਸੱਚ (ਸਰਕਾਰੀ ਦਸਤਾਵੇਜ਼) (ਛਪ ਰਹੀ)
19) ਰਾਏਕੋਟ ਸਾਕੇ ਦੇ , ਰਾਏਕੋਟ ਅਤੇ ਲੁਧਿਆਣੇ ਵਿਖੇ ਹੋਏ ਨਾਮਧਾਰੀ ਸ਼ਹੀਦ (ਛਪ ਰਹੀ)
20) ਮਲੇਰਕੋਟਲਾ ਸਾਕੇ ਦੇ ਨਾਮਧਾਰੀ ਸ਼ਹੀਦ ( ਛਪ ਰਹੀ)
21) ਸ੍ਰੀ ਸਤਿਗੁਰੂ ਰਾਮ ਸਿੰਘ ਜੀ (ਬਾਲ ਸਾਹਿਤ) ਛਪ ਰਹੀ
22) ਪ੍ਰਕਾਸ਼ ਪੁੰਜ਼ ਭਾਗ ਤੀਜਾ (ਛਪ ਰਹੀ)
23) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ (ਬਾਲ ਸਾਹਿਤ) ਛਪ ਰਹੀ
24) ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ (ਬਾਲ ਸਾਹਿਤ) ਛਪ ਰਹੀ

## ਅਖਬਾਰਾਂ ਵਿੱਚ ਛਪੇ ਵਿਸ਼ੇਸ਼ ਲੇਖ

1) ਜਗ ਬਾਣੀ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਲੇਖ ਅਤੇ ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨ, 21ਮਈ 2001 ਤ੍ਹੋ 7 ਦਸੰਬਰ ਸੰਨ 2010 ਤੱਕ,ਲਗਾਤਾਰ ਲੜੀਵਾਰ ਹਰ ਹਫਤੇ ਧਰਮ ਅਤੇ ਸੱਭਿਆਚਾਰ ਅੰਕ ਵਿਚ ਛਪੇ ਹਨ।
2) ਅਜੀਤ ਅਖਬਾਰ ਵਿੱਚ 'ਰੂਹ ਪੰਜਾਬ ਦੀ'(ਜੀਵਨੀ ਮਹਾਰਾਣੀ ਜ਼ਿੰਦ ਕੌਰ) 18 ਅਗਸਤ 1991 ਤੋਂ 27 ਅਕਤੂਬਰ 1991 ਤੱਕ ਲੜੀਵਾਰ ਹਰ ਐਤਵਾਰ 10 ਕਿਸ਼ਤਾਂ ਵਿੱਚ ਛਪੀ।
3) ਪੰਜਾਬੀ ਟ੍ਰਿਬਿਊਨ ਵਿੱਚ 'ਬਰਮਾ ਦੀ ਯਾਤਰਾ' 5 ਮਈ 1996 ਤੋਂ 16 ਜੂਨ 1996 ਤੱਕ ਹਰ ਐਤਵਾਰ ਲੜੀਵਾਰ 7 ਕਿਸ਼ਤਾਂ ਵਿੱਚ ਛਪੀ।

## ਮਿਲੇ ਸਨਮਾਨਾਂ ਦਾ ਵੇਰਵਾ

- ਬਾਲ ਸਾਹਿਤ ਰਚੇਤਾ ਪੁਰਸਕਾਰ 02-01-1994 ਨੂੰ ਵੱਲੋਂ-ਲਿਖਾਰੀ ਸਭਾ ਬਰਨਾਲਾ
- ਨਾਮਧਾਰੀ ਸ਼ਹੀਦਾਂ ਦੀ ਖੋਜ ਕਰਨ ਲਈ ਸਨਮਾਨ 25-09-1995 ਨੂੰ ਅੰਮ੍ਰਿਤਸਰ ਵਿਖੇ ਹੋਏ ਵਿਸ਼ਵ ਸਿੱਖ ਸੰਮੇਲਨ ਸਮੇਂ -ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।
- ਖੇਡ ਮੇਲਾ 1999-ਵੱਲੋਂ ਸ਼ਹੀਦ ਰਤਨ ਸਿੰਘ ਸਪੋਰਟਸ ਕਲੱਬ ਮੰਡੀ ਕਲਾਂ(ਜਿਲ੍ਹਾ ਬਠਿੰਡਾ)
- ਸਪੈਸ਼ਲ ਸਨਮਾਨ- 2 ਜੁਲਾਈ 1999 ਨੂੰ ਵੱਲੋਂ ਇੰਟਰਫੇਥ ਗੁਰੱਪ ਵੂਲਵਰ ਹੈਂਪਟਨ (ਯੂ.ਕੇ.)
- ਸਪੈਸ਼ਲ ਸਨਮਾਨ - 23 ਅਪ੍ਰੈਲ 1999 ਨੂੰ ਚੰਡੀਗੜ੍ਹ ਵਿਖੇ ਪ੍ਰਗਤੀਸ਼ੀਲ ਲੇਖਕ ਸੰਘ ਦੀ 12 ਵੀਂ ਕਾਨਫਰੰਸ ਵਿੱਚ ਹੋਏ ਮੁਸ਼ਾਇਰੇ ਸਮੇਂ
- ਸਰਦਾਰਨੀ ਹਰਲਾਭ ਕੌਰ ਯਾਦਗਾਰੀ ਐਵਾਰਡ 26 ਮਈ 2002 ਨੂੰ -ਵੱਲੋਂ ਲਿਖਾਰੀ ਸਭਾ ਬਰਨਾਲਾ

---

- ਸ਼ਹੀਦ ਬਿਸ਼ਨ ਸਿੰਘ ਯਾਦਗਾਰੀ ਐਵਾਰਡ 27 ਅਪ੍ਰੈਲ 2002 ਨੂੰ- ਵਲੋਂ ਅਖਿਲ ਭਾਰਤੀ ਸੰਪਰਾਇਕ ਸਦਭਾਵਨਾ ਕਮੇਟੀ,ਨਵੀਂ ਦਿੱਲੀ।
- ਹਰਿ ਰੰਗ ਮਸਤ ਟਰੱਸਟ ਬਠਿੰਡਾ ਵੱਲੋਂ ਸਨਮਾਨ 19 ਸਤੰਬਰ 2003 ਤੇ 8 ਫਰਵਰੀ ਸੰਨ 2011
- ਮਾਸਟਰ ਨਿਹਾਲ ਸਿੰਘ ਯਾਦਗਾਰੀ ਪੁਰਸਕਾਰ 28 ਮਾਰਚ ਸੰਨ 2010 ਨੂੰ ਨਾਮਧਾਰੀ ਧਰਮਸ਼ਾਲਾ ਦਿੱਲੀ ਵਿਖੇ।
- ਸੰਸਕਾਰ ਭਾਰਤੀ ਰੋਪੜ ਵਲੋਂ ਸਨਮਾਨ-25 ਜੁਲਾਈ 2010 ਨੂੰ ਗੁਰੂ ਪੁਰਨਿਮਾ ਦੇ ਮੌਕੇ 'ਤੇ।
- ਹਰਿ ਰੰਗ ਮਸਤ ਟਰੱਸਟ ਬਠਿੰਡਾ ਵਲੋਂ ਸਨਮਾਨ 19 ਸਤੰਬਰ 2003 ਤੇ 8 ਫਰਵਰੀ ਸੰਨ 2011
- ਵਿਸ਼ੇਸ਼ ਸਨਮਾਨ ਮੋਮੈਟੋ ਅਤੇ ਸਨਮਾਨ ਪੱਤਰ-4 ਦਸੰਬਰ 2011 ਨੂੰ ਵਲੋਂ ਜ਼ਿਲ੍ਹਾ ਲਿਖਾਰੀ ਸਭਾ (ਰਜਿ.) ਰੂਪਨਗਰ
- ਮਹਿਲਾ ਦਿਵਸ ਦੇ ਮੌਕੇ ਤੇ ਸਨਮਾਨ 6 ਮਾਰਚ 2016 ਨੂੰ ਵਲੋਂ ਜ਼ਿਲ੍ਹਾ ਲਿਖਾਰੀ ਸਭਾ (ਰਜਿ.)
- ਰੂਪਨਗਰ ਮਾਈ ਖੇਮ ਕੌਰ ਤੇ ਬਾਬਾ ਬੇਲਾ ਸਿੰਘ ਪੁਰਸਕਾਰ 19 ਮਈ 2016 ਨੂੰ ਵਲੋਂ ਨਵ-ਲੇਖਕ ਮੰਚ ਕਰਮਸਰ ਅਤੇ ਵਿਸ਼ਵ ਪੰਜਾਬੀ ਸਹਿਤ ਵਿਚਾਰ ਮੰਚ

## ਹੋਰ ਜਾਣਕਾਰੀ

| | | |
|---|---|---|
| ਸੂਬਾ | : | ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪ੍ਰੈਲ 1994 ਤੋਂ ਨਾਮਧਾਰੀ ਪੰਥ ਵਿੱਚ ਸੂਬਾ ਥਾਪਿਆ |
| ਪ੍ਰਧਾਨ | : | ਸਰਬ ਹਿੰਦ ਨਾਮਧਾਰੀ ਵਿੱਦਿਅਕ ਜੱਥਾ (ਰਜਿ:) ਇਸਤਰੀ ਵਿੰਗ 1991-95 ਦੌਰਾਨ |
| ਟਰੱਸਟੀ | : | ਕੂਕਾ ਸ਼ਹੀਦ ਯਾਦਕਾਰੀ ਟਰੱਸਟ (ਰਜਿ:), ਸੰਨ 1992 ਤੋਂ ਪੰਜਾਬ ਸਰਕਾਰ ਵਲੋਂ ਬਣਾਇਆ ਗਿਆ ਬੋਰਡ |
| ਮੀਤ ਪ੍ਰਧਾਨ | : | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਸੰਨ 2017 ਤੋਂ 2019 ਤੱਕ |
| ਮੈਂਬਰ | : | ਜ਼ਿਲ੍ਹਾ ਲਿਖਾਰੀ ਸਭਾ (ਰਜਿ:), ਰੂਪਨਗਰ (ਰੋਪੜ) |
| ਮੀਤ ਪ੍ਰਧਾਨ | : | ਸੰਸਕਾਰ ਭਾਰਤੀ ਕਮੇਟੀ, ਰੂਪਨਗਰ |
| ਮੈਂਬਰ | : | ਪੰਜਾਬੀ ਭਾਸ਼ਾ ਤਰਮੀਮ ਐਕਟ ਦੀ ਜਿਲ੍ਹਾ ਪੱਧਰੀ ਕਮੇਟੀ (ਸੰਨ 2009-10) |

---

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ-ਕਮਲਾਂ ਤੋਂ ਮਿਲੇ ਵਿਸ਼ੇਸ਼ ਪੁਰਸਕਾਰਾਂ ਦਾ ਵੇਰਵਾ

- ਸੇਠਾਣੀ ਮਹਿੰਦਰ ਕੌਰ ਸਨਮਾਨ-16 ਅਕਤੂਬਰ 1997 ਨੂੰ, ਅੱਸੂ ਦੇ ਮੇਲੇ ਤੇ,ਸ੍ਰੀ ਭੈਣੀ ਸਾਹਿਬ ਵਿਖੇ।
- ਵਿਸ਼ੇਸ਼ ਪੁਰਸਕਾਰ ਵਿਦਿਅਕ ਜੱਥੇ ਦੀ ਸੇਵਾ ਲਈ-22 ਜੂਨ 1995 ਨੂੰ ਵਿਦਿਅਕ ਸੰਮੇਲਨ ਸ੍ਰੀ ਭੈਣੀ ਸਾਹਿਬ ਵਿਖੇ।
- ਵਿਸ਼ੇਸ਼ ਪੁਰਸਕਾਰ ਸ਼ਹੀਦਾਂ ਦੇ ਪਰਿਵਾਰਾਂ ਦੀ ਖੋਜ ਲਈ-13 ਫਰਵਰੀ 1997 ਨੂੰ ਪਿੰਡ ਸਕਰੌਦੀ ਸ਼ਹੀਦ ਯਾਦਗਾਰੀ ਮੇਲੇ 'ਤੇ।
- ਵਿਸ਼ੇਸ਼ ਪੁਰਸਕਾਰ ਸ਼ਹੀਦਾਂ ਦੇ ਪਰਿਵਾਰਾਂ ਦੀ ਖੋਜ ਲਈ-17 ਫਰਵਰੀ 1997 ਨੂੰ ਪਿੰਡ ਮੰਡੀ ਕਲਾਂ ਸ਼ਹੀਦ ਯਾਦਗਾਰੀ ਮੇਲੇ 'ਤੇ।
- ਆਸ਼ੀਰਵਾਦ ਪੁਰਸਕਾਰ ਵਿਦਿਅਕ ਜੱਥੇ ਵੱਲੋਂ-9 ਜੂਨ 1998 ਨੂੰ ਵਾਰਸ਼ਿਕ ਵਿੱਦਿਅਕ ਸੰਮੇਲਨ ਮੰਡੀ ਵਿਖੇ ਭਾਗ ਪਹਿਲਾ
- ਪੁਸਤਕਾਂ-ਵਡ ਪ੍ਰਤਾਪੀ ਸਤਿਗੁਰੂ (10 ਅਕਤੂਬਰ 1990), ਬਖਸ਼ਿਸ਼ (4 ਅਗਸਤ 1996),ਪ੍ਰਕਾਸ਼ ਪੁੰਜ 1 (18 ਅਕਤੂਬਰ 1997),ਤੂੰ ਹੀ ਤੂੰ (26 ਨਵੰਬਰ 2000), ਬੰਸਾਵਲੀ-ਸ੍ਰੀ ਸਤਿਗੁਰੂ ਰਾਮ ਸਿੰਘ ਜੀ (16 ਮਾਰਚ 2006),ਨਾਮਧਾਰੀ ਸ਼ਹੀਦ (ਸੰਨ 2008), ਗੋਪਾਲ ਰਤਨ-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ (17 ਜਨਵਰੀ 2011) **ਪ੍ਰਕਾਸ਼- ਪੁੰਜ ਭਾਗ ਦੂਜਾ ਅਤੇ ਦੇਸ਼-ਦੇਸ਼ਾਂਤਰ ਆਦਿ** ਰੀਲੀਜ਼ ਕੀਤੇ ਜਾਣ ਸਮੇਂ ਮਿਲੇ ਵਿਸ਼ੇਸ਼ ਪੁਰਸਕਾਰ।ਵਿੱਦਿਅਕ ਸੰਮੇਲਨਾਂ ਸਮੇਂ ਖੋਜ-ਪੱਤਰ ਪੜ੍ਹਨ ਅਤੇ ਜੱਜਮੈਂਟ ਕਰਨ ਤੋਂ ਇਲਾਵਾ ਸਮੇਂ-ਸਮੇਂ ਤੇ ਅਨੇਕ ਪੁਰਸਕਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ-ਕਮਲਾਂ ਤੋਂ ਬਖਸ਼ਿਸ਼ ਹੋਏ।

## ਵਿਦੇਸ਼ ਯਾਤਰਾਵਾਂ

| | |
|---|---|
| 1) ਥਾਈਲੈਂਡ ਦੀ ਯਾਤਰਾ | - 15 ਤੋਂ 25 ਮਾਰਚ 1993 |
| 2) ਥਾਈਲੈਂਡ ਦੀ ਯਾਤਰਾ | - 8 ਤੋਂ 10 ਮਾਰਚ 1994 |
| 3) ਬਰਮਾ ਦੀ ਯਾਤਰਾ | - 10 ਤੋਂ 20 ਮਾਰਚ 1994 |
| 4) ਥਾਈਲੈਂਡ ਦੀ ਯਾਤਰਾ | - 20 ਤੋ 24 ਮਾਰਚ 1994 |
| 5) ਅਫਰੀਕਾ (ਕੀਨੀਆ-ਤਨਜਾਨੀਆ) ਯਾਤਰਾ | - 21 ਮਈ ਤੋਂ 5 ਜੂਨ 1994 |
| 6) ਥਾਈਲੈਂਡ ਦੀ ਯਾਤਰਾ | - 28 ਨਵੰਬਰ ਤੋਂ 10 ਦਸੰਬਰ 1995 |
| 7) ਇੰਗਲੈਂਡ ਦੀ ਯਾਤਰਾ | - 15 ਮਈ ਤੋਂ 11 ਜੁਲਾਈ 1999 |
| 8) ਪਾਕਿਸਤਾਨ ਦੀ ਯਾਤਰਾ | - 18 ਜੁਲਾਈ ਤੋਂ 22 ਜੁਲਾਈ 2008 |